# ਅਸਤਿਤਵਵਾਦੀ ਆਲੋਚਨਾ

(ਸਿਧਾਂਤ ਅਤੇ ਵਿਹਾਰ)

ਇਸੇ ਕਲਮ ਤੋਂ:-

| | | |
|---|---|---|
| ਸਿੱਖਾਂ ਦੀ ਭਗਤਮਾਲਾ | (ਸੰਪਾਦਨ ਅਤੇ ਆਲੋਚਨਾ) | 1979 |
| ਸ਼ਮਸ਼ੇਰ ਸਿੰਘ ਅਸ਼ੋਕ | (ਜੀਵਨ ਤੇ ਰਚਨਾ) | 1995 |
| ਸਵੈ-ਜੀਵਨੀ ਸ਼ਾਸਤਰ | (ਆਲੋਚਨਾ) | 1999 |
| ਪੰਜਾਬੀ ਸਵੈ-ਜੀਵਨੀ ਨਿਕਟ ਅਧਿਐਨ | (ਆਲੋਚਨਾ) | 2000 |
| ਕਿਨ ਵੱਟੀਂ ਸਚੁ ਤੁਲੈ | (ਕਾਵਿ-ਸੰਗ੍ਰਹਿ) | 2010 |
| ਕਵਿਤਾ ਕਰਵਟ ਲੈਂਦੀ ਹੈ | (ਕਾਵਿ-ਸੰਗ੍ਰਹਿ) | 2013 |
| ਦਾਮਿਨੀ | (ਕਾਵਿ-ਸੰਗ੍ਰਹਿ) | 2013 |
| ਸੰਤ ਮਾਡੂ ਰਾਮ ਬਾਣੀ | (ਬ੍ਰਹਮ ਗਿਆਨ-ਵਿਚਾਰ)<br>ਸੰਪਾਦਨ ਅਪ੍ਰਕਾਸ਼ਿਤ | |
| ਅਸਤਿਤਵਾਦੀ ਆਲੋਚਨਾ | (ਸਿਧਾਂਤ ਅਤੇ ਵਿਹਾਰ) | 2014 |

# ਅਸਤਿਤਵਵਾਦੀ ਆਲੋਚਨਾ

(ਸਿਧਾਂਤ ਅਤੇ ਵਿਹਾਰ)

ਡਾ. ਧਰਮ ਚੰਦ ਵਾਤਿਸ਼

GRACIOUS

# ASTITAVVADI AALOCHNA

## (SIDHANT ATE VIHAR)

*EXISTENTIAL CRITICISM*

*(THEORY AND PRACTICE)*

*by*

Dr. Dharam Chand Vatish
M.A. Eng; Pbi Gold Medalist
M.A. (Edu) M.Phil, Ph.D
Ex- Head, Post Graduate Pbi. Deptt
Govt. College, MALERKOTLA
(496 Ajit Nagar Malerkotla)
Ph: 01675-251804, 098144-46007

ISBN : 978-93-80906-59-1
YEAR : 2014
PRICE : 400 (HB)
200 (PB)

Published By
Gracious Books
Office : LIG-13 Phase-1 Urban Estate, Patiala.
SCO : 23 Shalimar Plaza Opp. Punjabi University, Patiala.
Ph-91-175-5017642, 91-175-5007643
graciousbooks@yahoo.co.in
www.graciousbooks.in

Printed At : Anand Sons, New Delhi.

**ਸਮਰਪਣ**

ਉਹਨਾਂ ਸਾਰੇ ਪੰਜਾਬੀ ਵਿਦਵਾਨਾਂ ਅਤੇ ਆਲੋਚਕਾਂ

ਨੂੰ

ਜੋ ਪੰਜਾਬੀ ਭਾਸ਼ਾ, ਸਾਹਿਤ ਅਤੇ ਆਲੋਚਨਾ

ਨੂੰ

ਵਿਭਿੰਨ ਦ੍ਰਿਸ਼ਟੀਆਂ ਤੋਂ ਵਿਕਸਿਤ ਕਰਨ ਦੇ

ਕਾਰਜ ਨੂੰ ਸਮਰਪਿਤ ਹਨ

# ਤਤਕਰਾ

ਡਿਓਢੀ 9

*ਅਧਿਆਇ ਪਹਿਲਾ*- ਅਸਤਿਤਵਵਾਦ ਦੀ ਸਮਝ 13

*ਅਧਿਆਇ ਦੂਜਾ*- ਅਸਤਿਤਵਵਾਦੀ ਚਿੰਤਕ : ਮੁੱਖ ਸੰਕਲਪ 21

(ੳ) ਆਸਤਿਕ ਅਸਤਿਤਵਵਾਦੀ (ਅ) ਨਾਸਤਿਕ ਅਸਤਿਤਵਵਾਦੀ 54

*ਅਧਿਆਇ ਤੀਜਾ*- ਅਸਤਿਤਵਵਾਦੀ ਅਧਿਐਨ ਦਾ ਆਧਾਰ ਤੇ ਮਾਡਲ 88

*ਅਧਿਆਇ ਚੌਥਾ*- ਬਾਣੀ ਸ਼ੇਖ਼ ਫ਼ਰੀਦ (ਸੂਫ਼ੀ ਕਾਵਿ) 100

*ਅਧਿਆਇ ਪੰਜਵਾਂ*- ਜਪੁ ਜੀ ਸਾਹਿਬ (ਗੁਰਮਤਿ ਕਾਵਿ) 108

*ਅਧਿਆਇ ਛੇਵਾਂ*- ਹੀਰ ਵਾਰਿਸ (ਕਿੱਸਾ ਕਾਵਿ) 115

*ਅਧਿਆਇ ਸੱਤਵਾਂ*- ਸੱਸੀ ਹਾਸ਼ਮ (ਕਿੱਸਾ ਕਾਵਿ) 125

*ਅਧਿਆਇ ਅੱਠਵਾਂ*- ਜੰਗ-ਨਾਮਾ ਸ਼ਾਹ ਮੁਹੰਮਦ (ਵੀਰ ਕਾਵਿ) 133

*ਅਧਿਆਇ ਨੌਵਾਂ*- ਲੂਣਾ (ਮਹਾਂ-ਕਾਵਿ) 140

*ਅਧਿਆਇ ਦਸਵਾਂ*- ਖ਼ਾਨਾਬਦੋਸ਼ (ਸਵੈ ਜੀਵਨੀ) 149

*ਅਧਿਆਇ ਗਿਆਰ੍ਹਵਾਂ*- ਅਮਲ ਜਿ ਕੀਤੇ ਦੁਨੀ ਵਿਚਿ (ਸਵੈ ਜੀਵਨੀ) 160

*ਅਧਿਆਇ ਬਾਰ੍ਹਵਾਂ*- ਯੁੱਧ-ਨਾਦ (ਨਾਵਲ) 169

*ਅਧਿਆਇ ਤੇਰ੍ਹਵਾਂ*- ਟਾਵਾਂ ਟਾਵਾਂ ਤਾਰਾ (ਨਾਵਲ) 179

*ਅਧਿਆਇ ਚੌਦ੍ਹਵਾਂ*- ਮੁਸੱਲੀ (ਨਾਵਲ) 203

*ਅਧਿਆਇ ਪੰਦ੍ਹਰਵਾਂ*- ਬੁੱਤ ਸ਼ਿਕਨ (ਨਾਵਲ) 217

*ਅਧਿਆਇ ਸੋਲ੍ਹਵਾਂ*- ਬਿਰਖ ਅਰਜ਼ ਕਰੇ (ਆਧੁਨਿਕ ਕਵਿਤਾ) 226

*ਅਧਿਆਇ ਸਤਾਰ੍ਹਵਾਂ*- ਕਮੰਡਲ (ਆਧੁਨਿਕ ਕਵਿਤਾ) 237

*ਅਧਿਆਇ ਅਠਾਰ੍ਹਵਾਂ*- ਖ਼ੂਹ ਖਾਤੇ (ਕਹਾਣੀ) 248

ਹਵਾਲੇ ਅਤੇ ਟਿੱਪਣੀਆਂ 261

ਮੁਲਾਂਕਣ ਅਧੀਨ ਪੁਸਤਕਾਂ 280

Works Cited and Assimilated 281

*It has been interesting to watch existentialism run through what William James called "The classic stages of a theory's career." "Any new theory," said James, 'first, is attacked as absurd; Then it is admitted to be true, but obvious and insigniticant; finally it is seen to be so important that its adversaries claim that they themselves discovered it."*

***Quoted by Hazel. E. Barnes (Trans)***
***J.P. Sartre's Being and Nothing, Pocket Books, New York, Oct, 1972, P IX***

# ਧਨਵਾਦ

ਪ੍ਰੋ ਰਤਨ ਸਿੰਘ 'ਜੱਗੀ'
ਅਤੇ
ਪ੍ਰੋ. ਰਘਬੀਰ ਸਿੰਘ ਜੀ ਦਾ ਅਸ਼ੀਰਵਾਦ ਲਈ।
ਪ੍ਰਿੰ. (ਡਾ.) ਬਚਿੱਤਰ ਸਿੰਘ ਸੋਮਲ ਦਾ ਖਰੜਾ ਪੜ੍ਹਨ ਹਿਤ।
ਡਾ. ਵਰਿੰਦਰਜੀਤ, ਡਾ. ਨੀਲਮ ਸ਼ਰਮਾ, ਡਾ. ਅਮਨਦੀਪ
ਕੀਮਤੀ ਰਾਵਾਂ ਅਤੇ ਸੁਝਾਵਾਂ ਹਿਤ।
ਪ੍ਰਿੰ. ਚਰਨਜੀਤ ਦਾ ਉਤਸ਼ਾਹ ਪ੍ਰਦਾਨ ਹਿਤ।
ਕਾਂਤਾ ਵਾਤਿਸ਼ ਦਾ ਵਕਤ-ਸਹੂਲਤ ਹਿਤ।
ਪੁਨੀਤ ਵਾਤਿਸ਼ ਦਾ ਭੱਜ-ਨੱਠ ਹਿਤ।
ਯਗੇਸ਼ ਕੁਮਾਰ ਦਾ ਸੋਧ ਹਿਤ।
ਸਾਨੀਆ, ਰਿਸ਼ੀ, ਗੈਰੀ, ਲਾਡ ਅਰਾਮ ਹਿਤ।

# ਡਿਓਢੀ

ਮਰਹੂਮ ਡਾ. ਰਵਿੰਦਰ ਰਵੀ ਨੇ ਇੱਕ ਵਾਰੀ ਪੰਜਾਬੀ ਸਾਹਿਤ ਸੰਗਮ ਜੌੜੇਪੁਲ਼ ਦੇ ਵਾਰਸ਼ਿਕ ਸਾਹਿਤ ਸਮਾਰੋਹ ਵਿਖੇ ਪ੍ਰਧਾਨਗੀ ਭਾਸ਼ਣ ਕਰਦਿਆਂ ਆਖਿਆ ਸੀ ਕਿ ਕਿਸੇ ਵੀ 'ਵਾਦ' ਜਾਂ 'ਚਿੰਤਨ' ਨੂੰ ਪਰਵਾਨ ਜਾਂ ਰੱਦ, ਸਵੀਕਾਰ ਜਾਂ ਅਸਵੀਕਾਰ ਕਰਨ ਦਾ ਅਧਿਕਾਰ ਤਾਂ ਸਾਡੇ ਪਾਸ ਹੁੰਦਾ ਹੈ ਪਰ ਬਿਨਾਂ ਪੜ੍ਹੇ ਹੀ, ਹੋਰਾਂ ਦੀਆਂ ਗੱਲਾਂ ਸੁਣ-ਸੁਣਾਕੇ ਕੇ ਹੀ, ਸਵੀਕਾਰ ਜਾਂ ਰੱਦ ਕਰਨਾ ਠੀਕ ਨਹੀਂ ਹੁੰਦਾ। ਉਨ੍ਹਾਂ ਕਿਹਾ ਸੀ ਮਾਰਕਸਵਾਦ ਨੂੰ ਜਿਨ੍ਹਾਂ ਲੋਕਾਂ ਨੇ ਪੜ੍ਹਿਆ ਨਹੀਂ, ਜਿਨ੍ਹਾਂ ਨੂੰ ਇਸ ਵਾਦ ਦਾ ਊੜਾ, ਆੜਾ ਵੀ ਨਹੀਂ ਆਉਂਦਾ, ਉਹ ਜੇ ਇਸ ਵਾਦ ਨੂੰ ਰੱਦ ਕਰਨ ਤਾਂ ਅਜਿਹੇ ਲੋਕਾਂ ਦੀ ਸਮਝ ਤੇ ਹੈਰਾਨੀ ਹੁੰਦੀ ਹੈ ਤੇ ਜਿਨ੍ਹਾਂ ਇਸ ਦਾ ਡੂੰਘਾ ਅਧਿਐਨ ਕੀਤਾ ਹੋਵੇ ਉਨ੍ਹਾਂ ਨੂੰ ਅਜਿਹੇ ਬੰਦਿਆਂ ਤੇ ਸਖ਼ਤ ਗਿਲਾ ਵੀ ਹੋ ਸਕਦਾ ਹੈ। ਇਹੋ ਗੱਲ ਅੱਜ ਮੈਨੂੰ ਇਹ ਸ਼ਬਦ ਲਿਖਦਿਆਂ ਅਸਤਿਤਵਵਾਦ ਬਾਰੇ ਕਹਿਣੀ ਪੈ ਰਹੀ ਹੈ। ਇਸ ਵਾਦ ਦਾ ਡੂੰਘਾ ਅਧਿਐਨ ਕੀਤੇ ਬਿਨਾਂ ਹੀ ਇਸ ਨੂੰ 'ਅਬਸਰਡ' ਕਹੀ ਜਾਣਾ ਠੀਕ ਨਹੀਂ।

ਦਰਅਸਲ ਵੀਹਵੀਂ ਸਦੀ ਵਿੱਚ ਅਧਿਐਨ ਕਰਨ ਯੋਗ ਦੋ ਹੀ ਤਾਂ ਵਾਦ ਹਨ। ਦੋ ਹੀ ਤਾਂ ਦਰਸ਼ਨ ਹਨ, ਦੋ ਹੀ ਤਾਂ ਫ਼ਿਲਾਸਫ਼ੀਆਂ ਹਨ। ਇੱਕ ਮਾਰਕਸਵਾਦ ਅਤੇ ਦੂਜਾ ਅਸਤਿਤਵਵਾਦ। ਬਾਕੀ ਸਭ ਤਾਂ ਇਨ੍ਹਾਂ ਵਿੱਚੋਂ ਪੁੰਗਰੀਆਂ ਸ਼ਾਖ਼ਾਵਾਂ ਹੀ ਸਮਝਣੀਆਂ ਬਣਦੀਆਂ ਹਨ। ਅਸਤਿਤਵਵਾਦ ਨੂੰ ਪੱਛਮ ਵਾਲਿਆਂ ਨੇ ਸਾਡੇ ਨਾਲ਼ੋਂ ਵੱਧ ਸਮਝਿਆ ਭਾਵੇਂ ਕਿ ਸਾਡੇ ਮੁਲਕ ਵਿੱਚ ਵੀ ਇਸ ਚਿੰਤਨ ਦਾ ਅਭਾਵ ਨਹੀਂ। ਜਦੋਂ ਦਾ ਮਨੁੱਖ ਨੇ ਇਸ ਧਰਤੀ 'ਤੇ ਪੈਰ ਪਾਇਆ ਹੈ, ਉਹ ਆਪਣੇ ਸਵੈ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਸਮਝਣ ਵਿੱਚ ਲੱਗਿਆ ਹੋਇਆ ਹੈ। ਪੱਛਮ ਦੇ ਚਿੰਤਕਾਂ ਨੇ ਆਪਣੇ ਆਪ ਨੂੰ ਜਾਣੋਂ (Know Thyself) ਦਾ ਨਾਅਰਾ ਦਿੱਤਾ। ਗੁਰਬਾਣੀ ਵਿੱਚ ਮਨ ਨੂੰ 'ਜੋਤਿ ਸਰੂਪ' ਦੱਸ ਕੇ ਆਪਣਾ ਮੂਲ ਪਛਾਣਨ ਦੀ ਗੱਲ ਕੀਤੀ ਗਈ ਹੈ। ਇਸ ਸੱਚ ਵਿੱਚ ਕੋਈ ਅਤਿਕਥਨੀ ਨਹੀਂ ਕਿ 'ਸਵੈ' ਦੀ ਸਮਝ ਨੇ ਹੀ 'ਪਰ' ਤੱਕ ਪੁੱਜਣਾ ਹੈ। 'ਪਰ' ਵਿੱਚ ਹੀ ਸਾਰੇ ਸਮਾਜ ਦੀ ਸਮਝ ਸ਼ਾਮਲ ਹੁੰਦੀ ਹੈ। ਜਿਵੇਂ ਅਸੀਂ ਕਹਿੰਦੇ ਹਾਂ ਕਿ ਨਾਗਰਿਕਤਾ ਘਰ ਤੋਂ ਹੀ ਸ਼ੁਰੂ ਹੁੰਦੀ ਹੈ ਅਰਥਾਤ ਪਰਿਵਾਰ ਤੋਂ ਹੀ ਸ਼ੁਰੂ ਹੁੰਦੀ ਹੈ,

ਇਵੇਂ ਹੀ ਮਾਨਵਤਾ ਦੀ ਸਮਝ ਵੀ ਮਾਨਵ ਦੇ ਅਧਿਐਨ ਤੋਂ ਹੀ ਸ਼ੁਰੂ ਹੁੰਦੀ ਹੈ। ਇਸੇ ਲਈ ਹੀ ਸ਼ਾਇਦ ਅਲੈਗਜੈਂਡਰ ਪੋਪ (Alexander Pope) ਨੇ ਕਿਹਾ ਸੀ ਕਿ ਰੱਬ ਦੀ ਖੋਜ ਤੋਂ ਪਹਿਲਾਂ ਆਪਣੇ ਸਵੈ ਦੀ ਖੋਜ ਕਰੋ। ਮਨੁੱਖਤਾ ਦਾ ਅਧਿਐਨ ਵੀ ਮਨੁੱਖ ਤੋਂ ਆਰੰਭ ਕਰਨਾ ਬਣਦਾ ਹੈ :

Know Thyself, presume not God to scan,
The proper study of mankind is man.

ਪ੍ਰੋ. ਮੋਹਨ ਸਿੰਘ ਦਾ ਇਹ ਕਹਿਣਾ ਕਿ ਰੱਬ ਨੂੰ ਸਮਝਣਾ ਕਠਿਨ ਹੈ, ਕਿਉਂਕਿ ਉਹ ਇੱਕ ਗੁੰਝਲਦਾਰ ਬੁਝਾਰਤ ਹੈ ਪਰ ਬੰਦਾ ਤਾਂ 'ਸਵੈ' ਨੂੰ ਹੀ ਨਹੀਂ ਸਮਝ ਰਿਹਾ, ਰੱਬ ਦੀ ਸਮਝ ਤਾਂ ਉਹ ਸਵੈ ਤੋਂ ਬਾਅਦ ਹੀ ਪ੍ਰਾਪਤ ਕਰ ਸਕੇਗਾ।

ਸੰਸਾਰ ਵਿੱਚ ਗਿਆਨ ਦਾ ਵਿਸਫੋਟ ਹੈ। ਕੋਈ ਬੰਦਾ ਬਾਈਬਲ ਦਾ ਅਧਿਐਨ ਕਰਕੇ ਈਸਾਈ; ਕੁਰਾਨ ਦਾ ਅਧਿਐਨ ਕਰਕੇ ਮੁਸਲਮਾਨ; ਗੀਤਾ ਜਾਂ ਰਾਮਾਇਣ ਦਾ ਅਧਿਐਨ ਕਰਕੇ ਹਿੰਦੂ; ਕੇਵਲ ਗੁਰਬਾਣੀ ਦੇ ਅਧਿਐਨ ਨਾਲ਼ ਸਿੱਖ; ਮਾਰਕਸਵਾਦ ਦੇ ਅਧਿਐਨ ਨਾਲ਼ ਕਮਿਉਨਿਸਟ; ਅਸਤਿਤਵਵਾਦ ਦੇ ਅਧਿਐਨ ਨਾਲ਼ ਅਸਤਿਤਵਾਦੀ ਨਹੀਂ ਬਣ ਸਕਦਾ। ਅਧਿਏਤਾ ਤਾਂ ਅਧਿਏਤਾ ਹੈ। ਕਿਸੇ ਗ੍ਰੰਥ/ਵਾਦ ਦਾ ਅਸਰ ਕਬੂਲ ਵੀ ਸਦਕਾ ਹੈ, ਨਹੀਂ ਵੀ। ਇਹ ਆਪੋ-ਆਪਣਾ ਝੁਕਾਉ/ਰੁਚੀ/ਰੁਝਾਣ (Aptitude) ਹੈ। ਅਧਿਐਨ ਉਪਰੰਤ ਅਧਿਏਤਾ ਦਾ ਸਾਰਥਕ ਨਤੀਜਿਆਂ 'ਤੇ ਅਪੜਨਾ ਕੁਦਰਤੀ ਹੈ।

ਅਧਿਏਤਾ ਵਜੋਂ ਹੀ ਮੇਰੀ ਰੁਚੀ ਅਸਤਿਤਵਵਾਦ ਨੂੰ ਸਮਝਣ ਪ੍ਰਤੀ ਹੋ ਗਈ। ਮਾਰਕਸਵਾਦ ਅਤੇ ਹੋਰਾਂ ਵਾਦਾਂ ਬਾਰੇ ਥੋੜਾ ਬਹੁਤ ਅਧਿਐਨ ਪਹਿਲਾਂ ਹੀ ਕਰ ਲਿਆ ਸੀ। ਜਾਂ ਪਾਲ ਸਾਰਤਰ ਜਿਸਨੇ ਅਸਤਿਤਵਵਾਦ ਦਾ ਨਾਮ-ਕਰਨ ਕੀਤਾ, ਉਸਨੇ ਆਖਿਆ ਸੀ 'Existentialism is Humanism' ਅਰਥਾਤ ਅਸਤਿਤਵਵਾਦ ਮਾਨਵਵਾਦ ਹੈ। ਕੋਈ ਸ਼ੱਕ ਨਹੀਂ ਕਿ ਉਹ ਬਾਅਦ ਵਿੱਚ ਮਾਰਕਸਵਾਦ ਵੱਲ ਵੀ ਝੁਕਿਆ ਅਤੇ Critique of Dialectical Reason ਦੋ ਜਿਲਦਾਂ ਵਿੱਚ ਲਿਖੀ। ਇਸ ਸੰਬੰਧੀ Donald Palmer ਦਾ ਵਿਚਾਰ ਉਦ੍ਰਿਤ ਕਰਨਾ ਠੀਕ ਰਹੇਗਾ। ਉਹ ਲਿਖਦਾ ਹੈ : ਪਹਿਲੀ ਜਿਲਦ ਤਾਂ 1960 ਈ: ਵਿੱਚ ਫ਼ਰਾਂਸ ਵਿੱਚ ਛਪ ਗਈ ਸੀ ਅਤੇ ਅਧੂਰੀ ਦੂਜੀ ਜਿਲਦ ਉਸਦੀ ਮੌਤ ਉਪਰੰਤ 1986 ਈ: ਵਿੱਚ ਛਪੀ। ਇਨ੍ਹਾਂ ਪੁਸਤਕਾਂ ਵਿੱਚ ਵੀ ਭਾਵੇਂ ਉਸਨੇ ਅਸਤਿਤਵਵਾਦ ਨੂੰ ਮਾਰਕਸਵਾਦ ਤੋਂ ਦੂਜੀ ਥਾਂ ਤੇ ਰੱਖਿਆ ਫਿਰ ਵੀ ਉਸਨੇ ਇਨ੍ਹਾਂ ਪੁਸਤਕਾਂ ਵਿੱਚ ਅਸਤਿਤਵਵਾਦੀ ਦ੍ਰਿਸ਼ਟੀਆਂ ਦੀ ਪ੍ਰਸਤੁਤੀ ਕਰਕੇ ਮਾਰਕਸਵਾਦੀ ਦਵੰਦਾਤਮਕਤਾ ਵਿੱਚ ਇਨਸਾਨੀ ਸਿਫ਼ਤਾਂ ਵਾਲ਼ਾ ਚੋਖਾ ਰੰਗ ਭਰਿਆ। ਜੇਕਰ

ਦਵੰਦਾਤਮਕਤਾ ਵਿੱਚ ਅਲਿਫਵਾਂਪਣ ਆ ਗਿਆ ਤਾਂ ਇਸਦਾ ਇਲਾਜ ਹੈ ਕਿ ਦਵੰਦਾਤਮਕਤਾ ਬਾਰੇ ਤਾਰਕਿਕਤਾ ਨਾਲ਼ ਪੁਨਰ-ਵਿਚਾਰ ਕੀਤਾ ਜਾਵੇ ਪਰ ਤਾਰਕਿਕਤਾ ਸਹਿਤ ਚਿੰਤਨ ਕਰਦਿਆਂ ਇਸ ਵਿੱਚ ਵਿਅਕਤੀ ਦੀ ਆਤਮਪਰਕਤਾ ਨੂੰ ਸ਼ਾਮਲ ਕਰਨਾ ਬਣਦਾ ਹੈ। 1968 ਈ: ਵਿੱਚ ਰੂਸ ਦੇ ਚੈਕੋਸਲਵਾਕੀਆ ਉੱਪਰ ਹਮਲੇ ਨਾਲ਼ ਸਾਰਤਰ ਨਿਰਾਸ਼ਾ ਵਿੱਚ ਡੁੱਬ ਗਿਆ ਸੀ। ਸਾਰਤਰ ਅਲਿਫਵੇਂ ਮਾਰਕਸਵਾਦ ਨਾਲ਼ ਸਹਿਮਤ ਨਹੀਂ ਸੀ। ਸਾਰਤਰ ਦੀ ਯਾਤਰਾ 'ਮੈਂ' ਦੀ 'ਮੈਂ' ਵਾਲ਼ੀ ਸੰਭਾਵਨਾ ਤੋਂ 'ਅਸੀਂ' ਦੀ ਸੰਭਾਵਨਾ ਤੱਕ ਅਪੜਦੀ ਹੈ।

ਸਾਰਤਰ ਖ਼ੁਦ ਸਾਹਿਤਕਾਰ ਸੀ। ਉਸਨੇ ਆਪਣੇ ਸਿਧਾਂਤ ਨੂੰ ਸਿੱਧ ਕਰਦੇ ਹੋਏ ਨਾਟਕ ਤੇ ਨਾਵਲ ਲਿਖੇ। ਕੀਰਕੇਗਾਰਦ ਤੋਂ ਲੈ ਕੇ ਸਾਰਤਰ ਤੱਕ ਅਸਤਿਤਵਵਾਦੀਆਂ ਦਾ ਅਧਿਐਨ ਕਰਦਿਆਂ ਮੈਂ ਅਨੇਕ ਪ੍ਰਕਾਰ ਦੀਆਂ ਸਾਹਿਤ ਅਧਿਐਨ ਵਿਧੀਆਂ ਅਤੇ ਆਲੋਚਨਾ ਪ੍ਰਣਾਲੀਆਂ ਦੀਆਂ ਪੁਸਤਕਾਂ ਵਾਚੀਆਂ, ਮੈਨੂੰ ਕਿਧਰੇ ਵੀ ਅਸਤਿਤਵਵਾਦੀ ਆਲੋਚਨਾ-ਪ੍ਰਣਾਲੀ ਨਜ਼ਰੀਂ ਨਹੀਂ ਪਈ। ਅਸਤਿਤਵਵਾਦੀ ਸਰੋਕਾਰਾਂ ਨਾਲ਼ ਨਜਿੱਠਦੇ ਕੁੱਝ ਖੋਜ ਕਾਰਜ ਅਵੱਸ਼ ਨਜ਼ਰੀਂ ਪਏ ਹਨ। ਮੈਨੂੰ ਮਹਿਸੂਸ ਹੋਇਆ ਕਿ ਅਸਤਿਤਵਵਾਦੀ ਆਲੋਚਨਾ ਪ੍ਰਣਾਲੀ ਵੀ ਵਿਕਸਿਤ ਕੀਤੀ ਜਾ ਸਕਦੀ ਹੈ। ਇਸੇ ਲਗਨ ਨਾਲ਼ ਮੈਂ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵੱਲ ਰੁਚਿਤ ਹੋਇਆ ਹਾਂ।

ਇਹ ਕਾਰਜ ਆਰੰਭ ਕਰਦਿਆਂ ਮੇਰੇ ਸਾਹਵੇਂ ਵੱਡੀ ਮੁਸ਼ਕਲ ਇਹ ਸੀ ਕਿ ਅਸਤਿਤਵਵਾਦੀ ਆਸਤਿਕ ਵੀ ਹਨ ਅਤੇ ਨਾਸਤਿਕ ਵੀ। ਇਸ ਮਸਲੇ ਦਾ ਹੱਲ ਇਉਂ ਲੱਭਾ ਕਿ ਸਾਡੇ ਪਾਸ ਧਾਰਮਿਕ ਸਾਹਿਤ ਵੀ ਹੈ ਅਤੇ ਦੁਨਿਆਵੀ ਸਾਹਿਤ ਵੀ। ਇਕੋ ਕਿਸਮ ਦੇ ਸਾਹਿਤ ਵਿੱਚ ਕਈ ਵਾਰੀ ਇਹ ਦੋਵੇਂ ਤੱਤ ਉਪਲਬਧ ਹੋ ਜਾਂਦੇ ਹਨ। ਦੁਨਿਆਵੀ ਬੰਦਾ ਅਨੇਕਾਂ ਵਾਰੀ ਅਧਿਆਤਮਕ ਹੋ ਨਿਬੜਦਾ ਹੈ। ਧਾਰਮਿਕ ਬੰਦੇ ਦੁਨਿਆਵੀ ਉਦਾਹਰਨਾਂ ਰਾਹੀਂ ਹੀ ਬੰਦੇ ਨੂੰ ਰੱਬ ਵੱਲ ਲਾਉਂਦੇ ਹਨ। ਇਉਂ ਸਾਡਾ ਸਾਹਿਤ ਅਨੇਕਾਂ ਵਾਰ 'ਲੋਕ ਸੁਖੀਏ ਪਰਲੋਕ ਸੁਹੇਲੇ' ਦੇ ਮਹਾਂਵਾਕ ਅਨੁਸਾਰ ਚਲਦਾ ਅਨੁਭਵ ਹੋਣ ਲੱਗ ਪੈਂਦਾ ਹੈ। ਪਰ ਅਸਤਿਤਵਵਾਦੀ ਅਧਿਐਨ ਵਿੱਚ ਆਸਤਿਕ ਅਤੇ ਨਾਸਤਿਕ (ਜਾਂ ਕਹੋ ਦੁਨਿਆਵੀ) ਸਾਹਿਤ ਦੋਵਾਂ ਦਾ ਆਧਾਰ ਤਾਂ ਸਾਂਝਾ ਹੈ : ਅਸਤਿਤਵ ਸਾਰ ਤੋਂ ਪਹਿਲਾਂ ਹੈ। (Existence precedes essence).

ਦਰਅਸਲ ਅਸਤਿਤਵਵਾਦ ਦਾ ਜਨਮ ਅਤੇ ਵਿਕਾਸ ਪੱਛਮ ਵਿੱਚ ਹੀ ਹੋਣ ਕਾਰਨ ਇਸਦੀਆਂ ਤਕਨੀਕੀ ਟਰਮਾਂ ਅਤੇ ਸੰਕਲਪਾਂ ਦੀ ਸਮਝ ਵਿਚ ਆਮ ਪਾਠਕਾਂ ਨੂੰ ਕਠਿਨਾਈ ਪੇਸ਼ ਆ ਸਕਦੀ ਹੈ। ਇਸ ਲਈ ਇਨ੍ਹਾਂ ਦੀ ਸਹੀ ਸਮਝ

ਲਈ ਅੰਗਰੇਜ਼ੀ ਸ਼ਬਦਾਵਲੀ ਅਤੇ ਟੂਕਾਂ ਦੀ ਵਰਤੋਂ ਕਰਨੀ ਪਈ ਹੈ। ਫਿਰ ਵੀ ਪੰਜਾਬੀ ਪਾਠਕਾਂ ਦੀ ਸੁਵਿਧਾ ਲਈ ਇਨ੍ਹਾਂ ਟਰਮਾਂ/ਸੰਕਲਪਾਂ ਦੀ ਪੰਜਾਬੀ ਵਿੱਚ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਸਾਹਿਤ ਦੀਆਂ ਵਿਭਿੰਨ ਵਿਧਾਵਾਂ ਸੰਬੰਧੀ ਅਸਤਿਤਵਵਾਦੀ ਵਿਵਹਾਰਿਕ ਆਲੋਚਨਾ ਦਾ ਟੀਚਾ ਮਿਥਕੇ ਇਸ ਕਾਰਜ ਨੂੰ ਕਰਨ ਦਾ ਬੀੜਾ ਚੁੱਕਿਆ ਹੈ। ਪੈਂਡਾ ਬਿਖੜਾ ਹੈ। 'ਵਾਟ ਹਮਾਰੀ ਖਰੀ ਉਡੀਣੀ। ਖੰਨਿਅਹੁ ਤਿਖੀ ਬਹੁਤੁ ਪਿਈਣੀ। ਉਸੁ ਉਪਰਿ ਹੈ ਮਾਰਗੁ ਮੇਰਾ। ਸੇਖ ਫਰੀਦਾ ਪੰਥੁ ਸਮਾਰਿ ਸਵੇਰਾ।' ਕਾਰਜ ਭਾਵੇਂ ਸਵੇਰੇ ਨਹੀਂ, ਕੁਵੇਲੇ ਸ਼ੁਰੂ ਹੋ ਰਿਹਾ ਹੈ। ਆਪਣੀ ਤੁੱਛ ਬੁੱਧੀ ਅਨੁਸਾਰ ਨੇਪਰੇ ਚਾੜ੍ਹਨ ਦਾ ਜਤਨ ਅਵੱਸ਼ ਕੀਤਾ ਹੈ। ਸੁਰਜੀਤ ਪਾਤਰ ਅਨੁਸਾਰ ਟੁਰਨ ਵਾਲੇ ਰਾਹੀ ਹੀ ਰਾਹ ਬਣਾਇਆ ਕਰਦੇ ਨੇ। ਇਸ ਵਿੱਚ ਮੈਂ ਕਿੰਨਾ ਕੁ ਸਫ਼ਲ ਹਾਂ, ਇਹ ਤਾਂ ਪਾਠਕ/ਆਲੋਚਕ/ਵਿਦਵਾਨ ਹੀ ਦੱਸ ਸਕਣਗੇ। ਖਿੜੇ ਮੱਥੇ, ਪ੍ਰਾਪਤ ਸੁਝਾਵਾਂ ਦਾ ਸਤਿਕਾਰ ਕਰਾਂਗਾ। ਇਹ ਮੁੱਢਲਾ ਉਪਾਧੀ-ਰਹਿਤ ਕਾਰਜ ਹੈ। ਕੋਈ ਘਾਟ ਰਹਿ ਸਕਦੀ ਹੈ। ਅਸਹਿਮਤੀ ਆਲੋਚਨਾ ਦੇ ਖੇਤਰ ਲਈ ਆਕਸੀਜਨ ਅਤੇ ਅੰਧਾ ਧੁੰਦ ਸਹਿਮਤੀ ਇਸ ਖੇਤਰ ਲਈ ਜ਼ਹਿਰੀਲੀ ਗੈਸ ਹੁੰਦੀ ਹੈ। ਸੰਪੂਰਨਤਾ ਦਾ ਦਾਅਵਾ ਨਹੀਂ, ਸੁਹਿਰਦਤਾ ਦਾ ਮਾਣ ਜ਼ਰੂਰ ਹੈ। ਇਸ ਅਧਿਐਨ ਦੇ ਸਾਰੇ ਗੁਣ ਅਸਤਿਤਵਵਾਦੀ ਵਿਦਵਾਨਾਂ ਅਤੇ ਸੱਜਣਾਂ ਮਿੱਤਰਾਂ ਦੀ ਦੇਣ ਹਨ ਅਤੇ ਔਗੁਣ ਮੇਰੀ ਤੁੱਛ ਬੁੱਧੀ ਦਾ ਫਲ਼।

*-ਡਾ. ਧਰਮ ਚੰਦ ਵਾਤਿਸ਼*

*ਅਧਿਆਇ ਪਹਿਲਾ*

# ਅਸਤਿਤਵਵਾਦ ਦੀ ਸਮਝ

ਅਸਤਿਤਵਵਾਦ ਇੱਕ ਅਜਿਹਾ ਦਰਸ਼ਨ ਹੈ ਜਿਸਨੇ ਦੂਜੇ ਮਹਾਂਯੁੱਧ ਤੋਂ ਬਾਅਦ ਤਤਕਾਲੀ ਬੌਧਿਕ ਫ਼ਿਜ਼ਾ ਨੂੰ ਬੇਹੱਦ ਪ੍ਰਭਾਵਿਤ ਕੀਤਾ। ਇਹ ਫ਼ਿਲਾਸਫ਼ੀ ਵੀਹਵੀਂ ਸਦੀ ਵਿੱਚ ਮਾਰਕਸਵਾਦ ਤੋਂ ਬਾਅਦ ਦੂਜੀ ਵੱਡੀ ਚਿੰਤਨ-ਪ੍ਰਣਾਲੀ ਸਵੀਕਾਰ ਕੀਤੀ ਗਈ। ਇਨ੍ਹਾਂ ਦੋਵਾਂ ਚਿੰਤਨ-ਪ੍ਰਣਾਲੀਆਂ ਨੇ ਅੱਗੋਂ ਸਾਹਿਤ, ਕਲਾ, ਸਮਾਜ ਅਤੇ ਰਾਜਨੀਤੀ ਨੂੰ ਪ੍ਰਭਾਵਿਤ ਕੀਤਾ, ਅਸਤਿਤਵਵਾਦ ਨੂੰ ਹੋਰਨਾਂ ਫ਼ਿਲਾਸਫ਼ੀਆਂ ਜਿਵੇਂ ਕਿ ਆਦਰਸ਼ਵਾਦ, ਸਮਾਜਵਾਦ, ਯਥਾਰਥਵਾਦ ਆਦਿ ਵਾਂਗ ਵਿਲੱਖਣ ਦਰਸ਼ਨ ਸਮਝਣ ਦੀ ਥਾਂ ਇੱਕ ਝੁਕਾਓ, ਵਤੀਰਾ ਜਾਂ ਵਿਚਾਰ ਕਿਹਾ ਗਿਆ। ਇਸ ਦਾ ਕਾਰਨ ਸ਼ਾਇਦ ਇਹ ਵੀ ਹੈ ਕਿ ਇਸ ਦਰਸ਼ਨ ਨੂੰ ਸਮਝਣਾ ਜੇ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਹੈ ਅਤੇ ਇਸਦੀ ਸਮਝ ਦੇ ਪੈਂਡੇ ਤੇ ਚੱਲੇ ਰਾਹੀ ਨੂੰ ਸਖ਼ਤ ਮਗ਼ਜ਼-ਖਪਾਈ ਕਰਨੀ ਪੈਂਦੀ ਹੈ। ਇਹ ਦਰਸ਼ਨ ਬਹੁਰੰਗਾ ਹੋਣ ਕਾਰਨ ਵੀ ਸੋਚ ਨੂੰ ਚੱਕਰਵਿਊ ਵਿੱਚ ਪਾ ਦਿੰਦਾ ਹੈ। ਨਿਰਸੰਦੇਹ, ਇਸਦਾ ਪ੍ਰਚਾਰ ਬਹੁਤ ਹੋਇਆ, ਵਿਵਾਦਗ੍ਰਸਤ ਵੀ ਰਿਹਾ, ਸਮਕਾਲੀ ਚਿੰਤਨ ਨੇ ਇਸ ਤੋਂ ਅਨੇਕਾਂ ਪ੍ਰਭਾਵ ਵੀ ਗ੍ਰਹਿਣ ਕੀਤੇ, ਤਾਂ ਵੀ ਇਸ ਦਰਸ਼ਨ ਨੂੰ ਸਮਝਿਆ ਘੱਟ ਗਿਆ ਹੈ। ਅਜੋਕੇ ਸਮੇਂ ਦੀ ਅਨਿਸ਼ਚਤਤਾ ਅਤੇ ਵਿਭਿੰਨ ਖੇਤਰਾਂ ਦੇ ਮਨੁੱਖੀ ਤਣਾਵਾਂ ਨੇ ਇਸ ਦਰਸ਼ਨ ਵੱਲ ਬੁੱਧੀਜੀਵੀਆਂ ਦਾ ਧਿਆਨ ਆਕਰਸ਼ਤ ਕੀਤਾ। ਇਹ ਦਰਸ਼ਨ ਵਿਅਕਤੀ ਦੇ ਵਜੂਦ ਨੂੰ ਕੇਂਦਰ ਵਿੱਚ ਰੱਖਦਾ ਹੈ। ਉਸਨੂੰ ਤਸਦੀਕ ਅਤੇ ਪਰਵਾਨ ਕਰਦਾ ਹੈ। ਵਿਅਕਤੀ ਦੀ ਹੋਂਦ ਨੂੰ ਸਮਝਣ ਹਿਤ ਤਾਰਕਿਕੀਕਰਨ ਦੀ ਥਾਂ ਅਨੁਭਵ ਨੂੰ ਆਧਾਰ ਬਣਾਉਂਦਾ ਹੈ। ਬੰਦਾ ਇੱਕ ਦੰਭੀ ਸੰਸਾਰ ਵਿੱਚ ਆਪਣਾ ਜੀਵਨ ਜੀ ਰਿਹਾ ਹੈ। ਅਜਿਹੇ ਸੰਸਾਰ ਨੂੰ ਸਵੀਕਾਰ ਵੀ ਕੀਤਾ ਜਾ ਸਕਦਾ ਹੈ, ਰੱਦ ਵੀ। ਬੰਦੇ ਨੂੰ ਆਪਣੇ ਪ੍ਰਾਪਤ ਹਾਲਾਤ ਵਿੱਚ ਚੋਣ ਕਾਰਨ, ਅਮਲ ਕਰਨ ਅਤੇ ਫਲ਼ਸਰੂਪ ਨਤੀਜਿਆਂ ਦੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ। ਦਿੱਤੇ ਚੁਗਿਰਦੇ ਵਿੱਚ ਵਿਚਰਦਿਆਂ ਬੰਦਾ ਆਪਣੇ ਅਸਤਿਤਵ ਅਤੇ ਇਸਦੀ ਪਕਿਆਈ ਤੋਂ ਭਲੀ ਭਾਂਤ ਜਾਣੂ ਹੁੰਦਾ ਹੈ। ਬੰਦੇ ਨੂੰ ਹੋਰਨਾਂ ਬੰਦਿਆਂ ਨਾਲ਼ ਸੰਬੰਧਾਂ ਅਤੇ ਆਪਣੇ ਸਵੈ ਨਾਲ਼ ਸੰਬੰਧਾਂ ਵਿੱਚੋਂ ਪੈਦਾ ਹੋਈਆਂ

ਔਕੜਾਂ ਨਾਲ਼ ਜੂਝਣਾ ਪੈਂਦਾ ਹੈ। ਅਜਿਹੀਆਂ ਪਰਿਸਥਿਤੀਆਂ ਇਸ ਦਰਸ਼ਨ ਨੂੰ ਆਧਾਰ ਪ੍ਰਦਾਨ ਕਰਦੀਆਂ ਹਨ। ਇਹ ਦਰਸ਼ਨ ਜੀਵਨ ਜਿੰਨਾ ਹੀ ਗੁੰਝਲਦਾਰ ਹੈ। ਇਸਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਇਹ ਵਿਵਸਥਤ ਨਹੀਂ। ਇਸੇ ਕਰਕੇ ਇਸਦੀ ਪਰਿਭਾਸ਼ਾ ਦੇਣ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ। ਇਸੇ ਲਈ ਅਨੇਕਾਂ ਵਿਦਵਾਨਾਂ ਦਾ ਮੱਤ ਹੈ ਇਸ ਫ਼ਿਲਾਸਫ਼ੀ ਨੂੰ ਪਰਿਭਾਸ਼ਤ ਕਰਨ ਨਾਲ਼ੋਂ ਇਸ ਦੀ ਵਿਆਖਿਆ ਹੀ ਕਰਨੀ ਬਣਦੀ ਹੈ ਕਿਉਂ ਜੋ ਪਰਿਭਾਸ਼ਤ ਤਾਂ ਕੇਵਲ ਵਿਵਸਥਤ ਦਰਸ਼ਨ ਹੀ ਕੀਤਾ ਜਾ ਸਕਦਾ ਹੈ। ਇਸ ਤੋਂ ਬਿਨਾ ਇਹ ਇੱਕ ਵੰਡੀ ਹੋਈ ਮਨੋਦਸ਼ਾ ਹੈ। ਇਸ ਵਾਦ ਦਾ ਬਾਨੀ ਕੀਰਕੇਗਾਰਦ ਡੈਨਮਾਰਕ ਦਾ ਇੱਕ ਈਸਾਈ ਸੀ। ਜਰਮਨ ਦਾਰਸ਼ਨਿਕ ਫਰੈਡਰਿਕ ਨੀਤਸ਼ੇ ਪੂਰਾ ਨਾਸਤਿਕ ਸੀ। ਮਾਰਟਿਨ ਬੂਬਰ ਯਹੂਦੀ ਸੀ। ਦੋਸਤੋਵਸਕੀ ਰੂੜ੍ਹੀਵਾਦੀ ਸਨਾਤਨੀ ਸੀ। ਐਲਬੇਅਰ ਕਾਮੂ ਅਤੇ ਕਾਰਲ ਜੈਸਪਰਸ ਦੋਵੇਂ ਉਦਾਰਵਾਦੀ ਸਨ। ਮਾਰਟਿਨ ਹਾਈਡਿਗਰ ਤਾਂ ਨਾਜ਼ੀ ਪਾਰਟੀ ਦਾ ਮੈਂਬਰ ਵੀ ਰਹਿ ਚੁੱਕਾ ਸੀ। ਨਿਕੋਲਸ ਬਰਦੀਏਵ, ਜਕ ਮੇਰੀਟੇਨ, ਬੁਲਟਮਾਨ ਅਤੇ ਪਾਲ ਟਿਲਿੱਕ ਆਦਿ ਸਾਰੇ ਹੀ ਧਾਰਮਿਕ ਸਨ। ਅਜਿਹੀਆਂ ਵਿਭਿੰਨਤਾਵਾਂ ਕਾਰਨ ਅਸਤਿਤਵਵਾਦ ਸੰਬੰਧੀ ਕੋਈ ਸਾਂਝਾ ਸੂਤਰ ਨਿਰਧਾਰਿਤ ਕਰਨਾ ਕਠਿਨ ਪ੍ਰਤੀਤ ਹੁੰਦਾ ਹੈ ਤਾਂ ਵੀ ਜਾਂ ਪਾਲ ਸਾਰਤਰ ਨੇ ਇੱਕ ਸਾਂਝਾ ਸੂਤਰ ਲੱਭ ਹੀ ਲਿਆ ਜਿਸ 'ਤੇ ਲੱਗਭਗ ਸਾਰੇ ਹੀ ਅਸਤਿਤਵਵਾਦੀ ਚਿੰਤਕ ਸਹਿਮਤ ਹਨ, ਇਹ ਸੂਤਰ ਹੈ :

ਅਸਤਿਤਵ ਸਾਰ ਤੋਂ ਪਹਿਲਾਂ ਹੈ
Existence Precedes Essence

ਇਸਦੇ ਉਲਟ ਵਿਚਾਰ ਹੈ :

ਸਾਰ ਅਸਤਿਤਵ ਤੋਂ ਪਹਿਲਾਂ ਹੈ
Essence Precedes Existence

ਇਨ੍ਹਾਂ ਦੋਵਾਂ ਸੂਤਰਾਂ ਨੂੰ ਸਮਝਣ ਲਈ ਸਾਰਤਰ ਨੇ ਆਪਣੇ ਵਿਚਾਰ Existentialism and Human Emotions ਵਿੱਚ ਦਿੱਤੇ ਹਨ। ਉਹ ਕੈਂਚੀ ਦੀ ਉਦਾਹਰਨ ਦਿੰਦਿਆਂ ਦੱਸਦਾ ਹੈ ਕਿ ਕਾਗ਼ਜ਼ ਕੱਟਣ ਲਈ ਕੈਂਚੀ ਬਣਾਉਣ ਦਾ ਵਿਚਾਰ (ਸਾਰ) ਮਿਸਤਰੀ ਦੇ ਦਿਮਾਗ਼ ਵਿੱਚ ਪਹਿਲਾਂ ਆਉਂਦਾ ਹੈ। ਇਸ ਪ੍ਰਕਿਰਿਆ ਨੂੰ ਅਸੀਂ ਇੰਜ ਦਰਸਾ ਸਕਦੇ ਹਾਂ :

ਸਿਰਜਨਹਾਰ (ਮਿਸਤਰੀ)

↓

ਉਸਦੇ ਮਨ ਵਿੱਚ ਵਿਚਾਰ

↓

ਸਿਰਜਨ ਕਾਰਜ

↓

ਤਿਆਰ ਮਾਲ (ਕੈਂਚੀ)

ਇਹ ਹੈ-ਸਾਰ (ਵਿਚਾਰ) ਅਸਤਿਤਵ ਤੋਂ ਪਹਿਲਾਂ ਦੀ ਉਦਾਹਰਨ। ਇਵੇਂ ਉਹ ਕਹਿੰਦਾ ਹੈ, "The individual man is the realisation of a certain concept in the divine intelligence"[2] ਇਸ ਸਿਧਾਂਤ ਨੂੰ ਜੇਕਰ ਸਵੀਕਾਰ ਕਰ ਲਿਆ ਜਾਵੇ, ਤਾਂ ਸਾਰਤਰ ਕਹਿੰਦਾ ਹੈ, ਕਿ ਸਾਡੀਆਂ ਖ਼ੁਸ਼ੀਆਂ ਅਤੇ ਸਾਡੀ ਸੰਪੂਰਨਤਾ ਦਾ ਸਾਧਨ ਉਹ ਹੈ ਜੋ ਸਾਡੇ ਸਿਰਜਨਹਾਰ ਰੱਬ ਨੇ ਸਾਨੂੰ ਸਿਰਜਨ ਸਮੇਂ ਸੋਚਿਆ। ਇਸ ਸੂਤਰ ਦੇ ਨਤੀਜੇ ਵਜੋਂ ਤਾਂ Both our nature and our value come from outside of us.[3] ਅਰਥਾਤ ਸਾਡੀ ਪ੍ਰਕ੍ਰਿਤੀ ਅਤੇ ਸਾਡੀ ਕੀਮਤ ਸਾਥੋਂ ਬਾਹਰੋਂ ਆਉਂਦੀ ਹੈ।

ਇੰਜ ਹੀ ਸਾਰਤਰ 'ਅਸਤਿਤਵ ਸਾਰ ਤੋਂ ਪਹਿਲਾਂ ਹੈ' ਨੂੰ ਸਪਸ਼ਟ ਕਰਦਿਆਂ ਲਿਖਦਾ ਹੈ ਕਿ ਇਸ ਸੂਤਰ ਦਾ ਭਾਵ ਇਹ ਹੈ ਕਿ ਬੰਦੇ ਹੀ ਹੋਂਦ ਪਹਿਲਾਂ ਹੈ। ਉਹ ਸੰਸਾਰ-ਦ੍ਰਿਸ਼ 'ਤੇ ਪ੍ਰਗਟ ਹੁੰਦਾ ਹੈ ਅਤੇ ਬਾਅਦ ਵਿੱਚ ਆਪਣੇ ਸਵੈ ਨੂੰ ਪਰਿਭਾਸ਼ਤ ਕਰਦਾ ਹੈ। ਉਹ ਕੁੱਝ ਬਣਨ ਲਈ ਚੋਣ ਕਰਦਾ ਹੈ ਅਤੇ ਇੰਜ ਆਪਣੇ ਅਸਤਿਤਵ ਨੂੰ ਉਜਾਗਰ ਕਰਦਾ ਹੈ। Man is nothing else but he makes of himself.[4] ਅਰਥਾਤ ਬੰਦਾ ਉਹ ਕੁੱਝ ਹੀ ਹੈ ਜੋ ਕੁੱਝ ਉਹ ਆਪਣੇ ਆਪਨੂੰ ਬਣਾਉਂਦਾ ਹੈ। ਇਸ ਸੂਤਰ ਨੂੰ ਇੰਜ ਵੀ ਦਰਸਾਇਆ ਜਾ ਸਕਦਾ ਹੈ :

ਬੰਦੇ ਨੂੰ ਪ੍ਰਾਪਤ ਮਾਹੌਲ

↓

ਅਨੇਕ ਸੰਭਾਵਨਾਵਾਂ

↓

ਸੁਤੰਤਰ ਚੋਣ

↓

ਚੋਣ 'ਤੇ ਅਮਲ

↓

ਸਾਰ ਦੀ ਪ੍ਰਾਪਤੀ

ਮਨੁੱਖੀ ਸੁਤੰਤਰਤਾ, ਮਾਨਵੀ ਕੀਮਤਾਂ, ਮਨੁੱਖੀ ਚਿੰਤਾਵਾਂ, ਮਾਨਵੀ ਸੰਵੇਗ, ਉਸਦਾ ਅਤਾਰਕਿਕ ਵਿਅਕਤਿਤਵ ਆਦਿ ਸਭ ਕੁੱਝ ਅਸਤਿਤਵਵਾਦ ਦੇ ਅਧਿਐਨ ਦਾ ਖੇਤਰ ਹੈ। ਇਸ ਚਿੰਤਨ ਦੀ ਵਿਲੱਖਣਤਾ ਇਹ ਹੈ ਕਿ ਆਪਣਾ ਪੈਂਡਾ ਕੁਦਰਤ ਦੀ ਥਾਂ ਵਿਅਕਤੀ ਤੋਂ ਸ਼ੁਰੂ ਕਰਦਾ ਹੈ। ਸਾਰਤਰ ਵੀ ਆਪਣੇ ਚਿੰਤਨ ਦਾ ਆਧਾਰ ਵਿਅਕਤੀ ਨੂੰ ਬਣਾਉਂਦਾ ਹੈ। ਵਿਅਕਤੀ ਨੂੰ ਉਹ ਉਸਦੀ ਚੇਤਨਾ 'ਤੇ ਕੇਂਦਰਤ ਕਰਦਾ ਹੈ। ਚੇਤਨਾ ਕਿਸੇ ਬਾਹਰੀ ਦਬਾਅ ਤੋਂ ਸੁਤੰਤਰ ਹੋ ਕੇ ਫ਼ੈਸਲਾ ਕਰਦੀ ਹੈ। ਇਹ ਫ਼ੈਸਲਾ ਅਨੇਕਾਂ ਸੰਭਾਵਨਾਵਾਂ ਵਿੱਚੋਂ ਕਿਸੇ ਇੱਕ ਸੰਭਾਵਨਾ ਦੀ ਚੋਣ ਕਰਨ ਵਿੱਚ ਨਿਹਿਤ ਹੁੰਦਾ ਹੈ। ਅਸਤਿਤਵਵਾਦ ਵਸਤੂਆਂ ਅਤੇ 'ਸਾਰ' ਤੇ ਆਧਾਰਿਤ ਚਿੰਤਨ ਦਾ ਧੁਰੋਂ ਹੀ ਵਿਰੋਧੀ ਹੈ। ਇਸ ਦਰਸ਼ਨ ਨੂੰ ਵਸਤੂ ਦੀ ਥਾਂ ਵਿਅਕਤੀ ਦਾ ਅਧਿਐਨ ਕਹਿਣਾ ਵਧੇਰੇ ਉਚਿਤ ਹੈ। ਅਸਤਿਤਵ ਦਾ ਅਧਿਐਨ ਕਦੇ ਵੀ ਵਸਤੂਪਰਕ ਨਹੀਂ ਹੋ ਸਕਦਾ। ਵਿਅਕਤੀ ਦੀ ਸਥੂਲ ਹੋਂਦ ਹੀ ਇਸ ਅਧਿਐਨ ਦੀ ਆਧਾਰ-ਸ਼ਿਲਾ ਹੈ। ਮ੍ਰਿਤਕ ਨਹੀਂ, ਜਿਉਂਦਾ ਵਿਅਕਤੀ ਹੀ ਜਾਣਿਆ ਜਾ ਸਕਦਾ ਹੈ। ਅਸਤਿਤਵ ਕਿਸੇ ਸਿਧਾਂਤ ਦਾ ਮੁਥਾਜ ਨਹੀਂ ਹੁੰਦਾ ਸਗੋਂ ਇਹ ਤਾਂ ਵਿਵਿਹਾਰਿਕ ਜੀਵਨ ਵਿੱਚ ਨਿਹਿਤ ਹੁੰਦਾ ਹੈ। ਯੂਨਾਨੀ ਚਿੰਤਨ ਬੰਦੇ ਦੀ ਹੋਂਦ ਨੂੰ ਤਾਰਕਿਕ ਸੂਤਰ ਪ੍ਰਦਾਨ ਕਰਦਾ ਹੈ ਪਰ

ਅਸਤਿਤਵਵਾਦ ਵਿੱਚ ਤਰਕ ਸਹਾਇਕ ਵਜੋਂ ਤਾਂ ਕੰਮ ਆ ਸਕਦਾ ਹੈ ਪ੍ਰਧਾਨ ਸੂਤਰ ਵਜੋਂ ਨਹੀਂ। ਜੇ ਸੰਸਾਰ ਇੱਕ ਮੰਚ ਹੈ ਅਤੇ ਬੰਦੇ ਇਸ ਉੱਪਰ ਖੇਡੇ ਜਾਣ ਵਾਲ਼ੇ ਨਾਟਕ ਦੇ ਪਾਤਰ ਹਨ ਤਾਂ ਇਉਂ ਸਮਝਣਾ ਬਣਦਾ ਹੈ ਕਿ ਅਸਤਿਤਵਵਾਦੀ ਚਿੰਤਨ ਪਾਤਰਾਂ ਦੀ ਦ੍ਰਿਸ਼ਟੀ ਤੋਂ ਕਾਰਜ ਕਰਦਾ ਹੈ, ਨਾ ਕਿ ਦਰਸ਼ਕਾਂ ਦੀਆਂ ਨਜ਼ਰਾਂ ਨਾਲ਼। ਸੰਸਾਰਕ ਮੰਚ ਤੇ ਬੰਦੇ ਦੀ ਹੋਂਦ ਦਾ ਅਧਿਐਨ ਉਸਦੀ ਗਤੀਸ਼ੀਲਤਾ ਉੱਪਰ ਆਧਾਰਿਤ ਹੁੰਦਾ ਹੈ। ਜਾਂ ਪਾਲ ਸਾਰਤਰ ਦਾ ਕਥਨ ਹੈ ਕਿ 'ਬੰਦਾ ਤਾਂ ਪਹਿਲਾਂ ਕੇਵਲ ਹੈ' ਹੁੰਦਾ ਹੈ, ਫਿਰ ਉਹ ਸਵੈ ਨਾਲ਼ ਟਕਰਾਉਂਦਾ ਹੈ, ਸਵੈ ਨੂੰ ਉਭਾਰਦਾ ਹੈ ਅਤੇ ਬਾਅਦ ਵਿੱਚ ਆਪਣੇ ਆਪ ਨੂੰ ਪਰਿਭਾਸ਼ਤ ਕਰਦਾ ਹੈ।[5]

ਇਸੇ ਲਈ ਤਾਂ ਬੰਦਾ ਸਾਰਤਰ ਦੇ ਦਰਸ਼ਨ ਵਿੱਚ ਕੇਂਦਰੀ ਸਥਾਨ ਗ੍ਰਹਿਣ ਕਰਦਾ ਹੈ :

> Sartre Centres his philosophy on man, and he centres man on consciousness, freedom and a certain conception of praxis.[6]

ਅਸਤਿਤਵ ਦਾ ਕੋਈ ਸਾਰ ਨਿਸ਼ਚਿਤ ਨਹੀਂ ਹੁੰਦਾ ਕਿਉਂਕਿ ਅਸਤਿਤਵ ਹਮੇਸ਼ਾ ਹੀ ਸੰਭਾਵਨਾਵਾਂ ਭਰਪੂਰ ਹੁੰਦਾ ਹੈ ਅਤੇ ਨਿਰੰਤਰ ਵਿਕਸਦਾ ਰਹਿੰਦਾ ਹੈ। ਇਸੇ ਕਰਕੇ ਇਹ ਹਮੇਸ਼ਾ ਅਪੂਰਨ ਰਹਿੰਦਾ ਹੈ। ਉਹ ਆਪਣਾ ਸਾਰ ਆਪ ਬਣਾਉਂਦਾ ਹੈ।

ਸਮੁੱਚੇ ਸੰਸਾਰ ਦੀ ਫ਼ਿਲਾਸਫ਼ੀ ਦੋ ਪ੍ਰਮੁੱਖ ਕੇਂਦਰਾਂ ਤੋਂ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਭਾਰਤ ਵਿੱਚ ਵੇਦ ਹਨ, ਉਪਨਿਸ਼ਦ ਹਨ। ਬਾਕੀ ਦਾ ਦਰਸ਼ਨ ਇਨ੍ਹਾਂ ਦੇ ਪੱਖ ਜਾਂ ਵਿਰੋਧ ਵਿੱਚ ਭੁਗਤਦਾ ਹੈ। ਇਉਂ ਭਾਰਤੀ ਦਰਸ਼ਨ ਵਿਕਸਿਤ ਹੁੰਦਾ ਹੈ। ਇਵੇਂ ਹੀ ਪੱਛਮੀ ਦਰਸ਼ਨ ਨੂੰ ਆਧਾਰ-ਸ਼ਿਲਾ ਪ੍ਰਦਾਨ ਕਰਦਾ ਹੈ ਯੂਨਾਨ ਦਾ ਦਾਰਸ਼ਨਿਕ ਸੁਕਰਾਤ। ਸੁਕਰਾਤ ਨੂੰ ਮੁੱਢਲਾ ਅਸਤਿਤਵਵਾਦੀ ਮੰਨਿਆ ਜਾ ਸਕਦਾ ਹੈ ਕਿਉਂ ਜੋ ਉਹ ਉਸ ਗੱਲ ਨੂੰ ਮੰਨਦਾ ਸੀ ਜੋ ਉਸਦੇ ਮਨ ਦੀ ਅਨੁਭਵ-ਸਮਰੱਥਾ ਨੂੰ ਸਹੀ ਲੱਗਦੀ ਸੀ। ਫਿਰ ਪਲੈਟੋ ਤੋਂ ਲੈ ਕੇ ਹੀਗਲ ਤੱਕ ਵਿਚਾਰ/ਸਾਰ ਭਾਰੂ ਰਿਹਾ ਜਿਸਨੂੰ ਕੀਰਕੇਗਾਰਦ ਨੇ ਵੰਗਾਰਿਆ ਅਤੇ ਉਸ ਤੋਂ ਬਾਅਦ ਅਜਿਹਾ ਦਰਸ਼ਨ ਹੋਂਦ ਵਿੱਚ ਆਇਆ ਜੋ ਭੌਤਿਕ ਅਤੇ ਜੀਵ-ਵਿਗਿਆਨਕ ਧਾਰਨਾਵਾਂ ਨਾਲ਼ ਸਹਿਮਤ ਹੋਣ ਤੋਂ ਇਨਕਾਰੀ ਹੋ ਗਿਆ-ਇਹੋ ਦਰਸ਼ਨ 'ਅਸਤਿਤਵਵਾਦ' ਅਖਵਾਇਆ।

ਅਸਤਿਤਵਵਾਦ ਨੂੰ ਸਮਝਣ ਲਈ ਮੋਟੀ ਜਿਹੀ ਉਦਾਹਰਨ ਹੀ ਲੈ ਲਵੋ। ਆਪਾਂ ਸਾਰੇ ਬੰਦੇ ਇਸ ਸੰਸਾਰ ਵਿੱਚ ਰਹਿੰਦੇ ਹੋਏ ਵੀ ਅੰਦਰੋਂ ਇਕੱਲੇ ਹੀ ਹਾਂ। ਆਪਣੀਆਂ ਖ਼ੁਸ਼ੀਆਂ, ਗ਼ਮੀਆਂ, ਉਮੀਦਾਂ, ਨਿਰਾਸ਼ਾਵਾਂ, ਭੈਅ, ਤੌਖ਼ਲੇ,

ਚਿੰਤਾਵਾਂ ਨੂੰ ਆਪਣੇ ਅੰਦਰੋ-ਅੰਦਰੀ ਮਹਿਸੂਸ ਕਰਦੇ ਹਾਂ। ਦੂਜੇ ਕੋਈ ਸਾਡੀ ਇਸ ਅਵਸਥਾ ਨੂੰ ਇੰਨ-ਬਿੰਨ ਨਹੀਂ ਜਾਣ ਸਕਦੇ। ਉਹ ਸਾਨੂੰ ਬਾਹਰੋਂ ਵੇਖ ਸਕਦੇ ਹਨ। ਅਸੀਂ ਵੀ ਵੇਖਣ ਵਾਲ਼ੇ ਨੂੰ ਅੰਦਰੋਂ ਨਹੀਂ ਜਾਣ ਸਕਦੇ, ਬਾਹਰੋਂ ਹੀ ਜਾਣ ਸਕਦੇ ਹਾਂ। ਇਸੇ ਲਈ ਅਸਤਿਤਵਵਾਦੀ ਕਹਿੰਦੇ ਹਨ ਕਿ ਅਸਤਿਤਵ ਆਤਮਪਰਕ ਵਿਧੀ ਰਾਹੀਂ ਹੀ ਜਾਣਿਆ ਜਾ ਸਕਦਾ ਹੈ, ਵਸਤੂਪਰਕ ਰਾਹੀਂ ਨਹੀਂ। ਇਹ ਕੋਈ ਜ਼ਰੂਰੀ ਨਹੀਂ ਕਿ ਬਾਹਰੋਂ ਚਮਕਣ ਵਾਲ਼ੀ ਸ਼ਖ਼ਸੀਅਤ ਅਵੱਸ਼ ਕੀਮਤੀ ਹੋਵੇਗੀ ਅਤੇ ਨਾ ਚਮਕਣ ਵਾਲ਼ੀ ਮਿੱਟੀ। ਇਉਂ ਸਾਡੀ ਦ੍ਰਿਸ਼-ਇੰਦਰੀ ਧੋਖਾ ਵੀ ਖਾ ਸਕਦੀ ਹੈ।

ਅਸਤਿਤਵਵਾਦੀਆਂ ਦੇ ਚਿੰਤਨ ਦੇ ਵਿਸ਼ਿਆਂ ਵਿੱਚ ਕੁੱਝ ਅਜਿਹੀਆਂ ਗੱਲਾਂ ਸ਼ਾਮਲ ਹਨ ਜਿਵੇਂ-ਮੈਂ ਕੀ ਹਾਂ? ਕਿਉਂ ਹਾਂ? ਮੇਰੇ ਹੋਣ ਦਾ ਅਰਥ ਕੀ ਹੈ? ਇਵੇਂ ਅਸਤਿਤਵਵਾਦੀ ਆਪਣੀ ਮੌਤ ਨੂੰ ਹਮੇਸ਼ਾ ਚੇਤੇ ਰੱਖਦੇ ਹਨ। ਸਾਡੀ ਅੱਜ ਦੀ ਹੋਂਦ ਨਾਲ਼ ਭਵਿੱਖ ਵਿੱਚ ਸਾਡੀ ਅਣਹੋਂਦ ਨਿਸ਼ਚਿਤ ਹੈ ਜਿਸਨੂੰ ਕਿਸੇ ਵੀ ਸੂਰਤ ਵਿੱਚ ਟਾਲਿਆ ਨਹੀਂ ਜਾ ਸਕਦਾ। ਫ਼ਰੀਦ ਜੀ ਇਸੇ ਬੰਨੇ ਸੰਕੇਤ ਕਰਦੇ ਹਨ :

ਫ਼ਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ।
ਕੇਲ ਕਰੇਂਦੇ ਹੰਝ ਨੂੰ ਅਚਿੰਤੇ ਬਾਜ ਪਏ।[7]

ਫ਼ਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ।
ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ।[8]

ਇਸੇ ਨੂੰ ਅਸਤਿਤਵਵਾਦੀ ਨਿਰਰਥਕਤਾ/ਅਣਹੋਂਦ (Nothingness) ਕਹਿੰਦੇ ਹਨ। ਮੌਤ ਨੂੰ ਉਹ ਸਚੇਤ ਜਾਂ ਅਚੇਤ ਜਾਂ ਦੋਵਾਂ ਦੇ ਮਿਲਵੇਂ ਰੂਪ ਵਿੱਚ ਚਿਤਵਦੇ ਹਨ। ਇਸੇ ਵਿੱਚੋਂ ਭੈਅ ਅਤੇ ਚਿੰਤਾ (ਤੌਖ਼ਲਾ) ਉਪਜਦੇ ਹਨ।

ਵਸਤੂਪਰਕ ਅਧਿਐਨ ਵਿੱਚ ਤਾਂ ਉਨ੍ਹਾਂ ਦਾ ਉੱਕਾ ਹੀ ਵਿਸ਼ਵਾਸ ਨਹੀਂ। ਸਰੀਰਕ ਹੋਂਦ ਕੇਵਲ ਆਤਮਪਰਕ ਸਚਾਈ ਹੈ, ਕਿਉਂਕਿ ਆਤਮਪਰਕਤਾ ਵਿੱਚ ਹੀ ਅਨੁਭਵ, ਹੋਂਦ, ਪ੍ਰਤੱਖਣ, ਸੰਬੰਧ, ਕੀਮਤਾਂ, ਵੇਦਨਾ, ਸੰਵੇਦਨਾ, ਭੈਅ ਆਦਿ ਨਿਹਿਤ ਹਨ ਅਤੇ ਇਨ੍ਹਾਂ ਸਭ ਨੂੰ ਕਿਸੇ ਵੀ ਹੋਰ ਵਿਧੀ (ਆਤਮਪਰਕਤਾ ਤੋਂ ਬਿਨਾਂ) ਰਾਹੀਂ ਨਹੀਂ ਜਾਣਿਆ ਜਾ ਸਕਦਾ। ਇਨ੍ਹਾਂ ਦੇ ਅਧਿਐਨ ਦੀ ਭਰੋਸੇਯੋਗਤਾ ਵੀ ਸ਼ੱਕੀ ਹੈ। ਆਤਮਪਰਕਤਾ ਹੀ ਦੂਸਰਿਆਂ ਨਾਲ਼ ਸਰੋਕਾਰ ਰੱਖਦੀ ਹੈ। ਬੰਦਾ ਸੰਸਾਰਿਕ ਫ਼ਿਜ਼ਾ ਵਿੱਚ ਸਰੀਰ ਤੋਂ ਵੱਧ ਬੜਾ ਕੁੱਝ ਹੋਰ ਹੈ। ਉਹ

ਤਾਂ ਸੰਸਾਰ ਵਿੱਚ ਤੀਰਥ-ਯਾਤਰੀ ਸਮਾਨ ਹੈ।

ਅਸਤਿਤਵਵਾਦ ਦਾ ਅਧਿਐਨ ਕਰਦਿਆਂ ਓਪਰੀ ਨਜ਼ਰੇ ਅਜਿਹਾ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਇਹ ਮੈਂ-ਵਾਦ (Solipsism) ਹੋਵੇ ਪਰ ਅਜਿਹੀ ਗੱਲ ਨਹੀਂ। ਮੈਂ-ਵਾਦ ਨੂੰ ਤਾਂ ਸਾਰੇ ਹੀ ਅਸਤਿਤਵਵਾਦੀ ਮੁੱਢੋਂ ਹੀ ਰੱਦ ਕਰਦੇ ਹਨ। ਇਹ ਤਾਂ ਮਾਨਵ ਦੇ ਅਧਿਐਨ ਦੁਆਰਾ ਮਨੁੱਖਤਾ ਦਾ ਅਧਿਐਨ ਹੈ। ਇਸ ਸੰਬੰਧੀ ਅਠਾਰਵੀਂ ਸਦੀ ਦੇ ਕਵੀ ਅਲੈਗਜੈਂਡ ਪੋਪ (Alexander Pope) ਦੇ ਸ਼ਬਦਾਂ ਵੱਲ ਧਿਆਨ ਦੇਣਾ ਲਾਹੇਵੰਦ ਹੈ ਜਦੋਂ ਉਹ ਕਹਿੰਦਾ ਹੈ- ਮਾਨਵਤਾ ਦਾ ਸਹੀ ਅਧਿਐਨ ਮਾਨਵ ਦਾ ਅਧਿਐਨ ਹੈ। 'Proper Study of Mankind is Man.' ਸ਼ੇਖ ਫ਼ਰੀਦ ਕਹਿੰਦੇ ਹਨ :

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ।
ਆਪਨੜੇ ਗਿਰਿਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ।[9]

ਇਹੋ 'ਸਿਰ ਨੀਵਾਂ' ਕਰਕੇ ਆਪਣੇ ਅੰਤਰੀਵ 'ਤੇ ਝਾਤ ਪਾਉਣਾ ਆਪਣੇ 'ਸਵੈ' ਦੀ, ਆਪਣੇ ਅਸਤਿਤਵ ਦੀ ਪਛਾਣ ਕਰਨਾ ਹੈ। ਗੁਰੂ ਸਾਹਿਬ ਫ਼ਰਮਾਉਂਦੇ ਨੇ 'ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ' (ਆ.ਗ੍ਰੰ. ਪੰ. 1192) ਦਰਅਸਲ ਅਸਤਿਤਵਵਾਦ ਆਪਣੀ ਮੈਂ (I) ਦੀ ਸਮਝ ਰਾਹੀਂ ਦੂਜੇ ਦੀ ਮੈਂ (The Other I) ਤੱਕ ਪਹੁੰਚਣ ਦਾ ਸਿਧਾਂਤ ਹੈ। ਪ੍ਰੋ. ਮੋਹਨ ਸਿੰਘ ਨੇ ਰੱਬ ਨੂੰ ਇੱਕ ਗੁੰਝਲਦਾਰ ਬੁਝਾਰਤ ਕਿਹਾ ਹੈ, ਜਿਸ ਦੇ ਪੇਚ ਖੋਲ੍ਹਦਿਆਂ ਬੰਦਾ ਖ਼ੁਦ ਕਾਫ਼ਰ ਬਣ ਜਾਂਦਾ ਹੈ। ਪਰ ਕਵੀ ਦਾ ਕਹਿਣਾ ਹੈ ਕਿ ਕਾਫ਼ਰ ਹੋਣ ਤੋਂ ਡਰਕੇ ਖੋਜ ਦੇ ਪੈਂਡੇ ਉੱਪਰ ਚੱਲਣ ਤੋਂ ਖੁੰਝਣਾ ਨਹੀਂ ਚਾਹੀਦਾ। ਠੀਕ, ਰੱਬ ਇੱਕ ਗੁੰਝਲਦਾਰ ਪਹੇਲੀ ਹੈ ਪਰ 'ਮੈਂ' ਤਾਂ ਉਸਤੋਂ ਵੀ ਵੱਡੀ ਪਹੇਲੀ ਹੈ। ਸਰੀਰ ਦੇ ਕਾਬੂ ਵਿੱਚ ਹੋਣ ਤੇ ਵੀ ਬੰਦਾ ਆਪਣੀ 'ਮੈਂ' ਨੂੰ ਸਮਝਣ ਤੋਂ ਖੁੰਝਦਾ ਰਹਿੰਦਾ ਹੈ। ਇਹੋ ਬੰਦੇ ਦਾ ਦੁਖਾਂਤ ਹੈ। ਸੇਂਟ ਅਗਸਟਨ ਨੇ ਵੀ ਇਹੋ ਕਿਹਾ ਹੈ ਕਿ 'ਸਵੈ ਨੂੰ ਜਾਣੋ' (Know Thyself) ਅਸਤਿਤਵਵਾਦੀਆਂ ਵੱਲੋਂ ਅਸਤਿਤਵ ਦੀ ਮੁੱਖ ਰੂਪ ਵਿੱਚ ਵੰਡ ਦੋ ਭਾਗਾਂ ਵਿੱਚ ਕੀਤੀ ਗਈ ਹੈ। ਪ੍ਰਮਾਣਿਕ ਅਤੇ ਅਪ੍ਰਮਾਣਿਕ। ਪ੍ਰਮਾਣਿਕ ਅਸਤਿਤਵ ਹਮੇਸ਼ਾ ਹੀ ਕਥਨੀ ਅਤੇ ਕਰਨੀ ਦਾ ਪੂਰਾ ਹੁੰਦਾ ਹੈ। ਉਹ ਚੰਗੀਆਂ ਗੱਲਾਂ ਦਾ ਕੇਵਲ ਪ੍ਰਚਾਰ ਹੀ ਨਹੀਂ ਕਰਦਾ, ਆਪ ਵੀ ਅਮਲ ਕਰਦਾ ਹੈ। ਉਸਨੂੰ ਫ਼ਰਜ਼ ਅਤੇ ਜ਼ਿੰਮੇਵਾਰੀ (Duty and obligation) ਦਾ ਅਹਿਸਾਸ ਹੁੰਦਾ ਹੈ। ਇਸ ਨੁਕਤੇ ਨੂੰ ਸਾਰਤਰ ਨੇ 1946 ਵਿੱਚ ਲਿਖੇ ਇੱਕ ਨਿਬੰਧ Existentialism is Humanism ਵਿੱਚ ਸਪਸ਼ਟ ਕੀਤਾ ਹੈ ਕਿਉਂਕਿ Being and Nothing ਵਿੱਚ

ਇਹ ਨੁਕਤਾ ਪੂਰਾ ਸਪਸ਼ਟ ਨਹੀਂ ਸੀ। ਜੇ ਕੋਈ ਵਿਅਕਤੀ ਧਾਰਮਿਕ ਅਸਤਿਤਵਵਾਦੀ ਹੈ ਤਾਂ ਉਹ ਧਾਰਮਿਕ ਗ੍ਰੰਥਾਂ ਨੂੰ ਕੇਵਲ ਪੜ੍ਹਦਾ ਹੀ ਨਹੀਂ, ਉਨ੍ਹਾਂ ਵਿੱਚ ਦਿੱਤੀ ਸਿੱਖਿਆ ਦੇ ਅਨੁਸਾਰ ਆਪਣੇ ਜੀਵਨ ਨੂੰ ਢਾਲਦਾ ਵੀ ਹੈ। ਨਾਸਤਿਕ ਅਸਤਿਤਵਵਾਦੀ ਵੀ ਆਪਣੇ ਹਰ ਕੰਮ ਦੀ ਚੋਣ ਮਾਨਵਵਾਦੀ ਦ੍ਰਿਸ਼ਟੀਕੋਣ ਅਨੁਸਾਰ ਕਰਦਾ ਹੈ ਜੋ ਵਿਅਕਤੀ ਕਹਿਣੀ ਅਤੇ ਕਰਨੀ ਦੇ ਪੂਰੇ ਨਹੀਂ ਹੁੰਦੇ, ਉਨ੍ਹਾਂ ਦਾ ਅਸਤਿਤਵ ਅਪ੍ਰਮਾਣਿਕ ਹੁੰਦਾ ਹੈ।

ਭਾਰਤੀ ਚਿੰਤਨ ਵੀ ਆਪਣੇ ਸਵੈ ਦੀ ਖੋਜ ਕਰਦਾ ਹੈ। 'ਆਤਮਾ ਵਿਧੀ' (Atman viddhi) ਅਸਤਿਤਵਵਾਦ ਵੱਲ ਹੀ ਸੰਕੇਤ ਕਰਦੀ ਹੈ। ਉਪਨਿਸ਼ਦਾਂ ਵਿੱਚ 'ਤਤਵਾਮਸਿ' (Thou art That) ਅਤੇ 'ਅਹੰਮਬ੍ਰਹਮੋਅਸਮੀ' (I am Braman) ਦੋ ਅਜਿਹੀਆਂ ਉਕਤੀਆਂ ਉਪਲਬਧ ਹਨ ਜੋ ਇਸ ਬੰਨੇ ਸੰਕੇਤ ਕਰਦੀਆਂ ਹਨ ਕਿ ਵਿਅਕਤੀ ਵਸਤੂ ਨਹੀਂ ਹੈ। ਪਰਮਾਤਮਾ ਦਾ ਵਾਸਾ ਮਨੁੱਖ ਦੇ ਅੰਦਰ ਹੀ ਹਿਰਨ ਦੀ ਕਸਤੂਰੀ ਵਾਂਗ ਹੈ। ਅਸਤਿਤਵਵਾਦੀਆਂ ਅਨੁਸਾਰ ਬੰਦੇ ਦੀ ਮਹਾਨਤਾ ਇਸ ਗੱਲ ਵਿੱਚ ਨਹੀਂ ਕਿ ਉਹ ਕੀ ਹੈ? ਸਗੋਂ ਇਸ ਸੰਭਾਵਨਾ (Possibility) ਵਿੱਚ ਨਿਹਿਤ ਹੈ ਕਿ ਉਹ ਕੀ ਬਣ ਸਕਦਾ ਹੈ। ਜੀਵਨ ਵਿੱਚ ਦੁੱਖ ਹਨ, ਬਿਮਾਰੀਆਂ ਹਨ, ਬੇਗਾਨਗੀ ਦਾ ਸਾਹਮਣਾ ਕਰਨਾ ਪੈਂਦਾ ਹੈ, ਨਿਰਾਸ਼ਾ ਹੈ, ਪਰੇਸ਼ਾਨੀ, ਅਕਾਉਪਨ ਆਦਿ ਹੈ। ਇਹ ਸਭ ਜੀਵਨ ਦਾ ਸੱਚ ਹੈ। ਬੰਦੇ ਨੂੰ ਇਨ੍ਹਾਂ ਸਭ ਨਾਂਹਮੁਖੀ ਪਰਿਸਥਿਤੀਆਂ ਨਾਲ਼ ਟਕਰਾਉਣਾ ਪੈਂਦਾ ਹੈ। ਫ਼ਿਲਾਸਫ਼ੀ ਦੇ ਅਧਿਕਤਰ ਅਨੁਸ਼ਾਸ਼ਨ ਬੰਦੇ ਨੂੰ ਬੰਦੇ ਵਜੋਂ ਵੇਖਣ ਦੀ ਥਾਂ ਵਸਤੂ ਵਜੋਂ ਵੇਖਣ ਸਮੇਂ ਟਪਲਾ ਖਾਂਦੇ ਹਨ। ਜੀਵਨ ਦੀਆਂ ਦੁਸ਼ਵਾਰੀਆਂ ਅਤੇ ਨਿਰਾਸ਼ਾਵਾਂ ਵਿੱਚੋਂ ਅਸਤਿਤਵਵਾਦੀ ਉਸ਼ਾ ਦੀ ਲਾਲੀ ਉਡੀਕਦੇ ਹਨ ਅਤੇ ਇਉਂ ਆਸ਼ਾਵਾਦੀ ਰਹਿੰਦੇ ਹਨ। ਅਸਤਿਤਵਵਾਦੀਆਂ ਵਾਂਗ ਭਾਰਤੀ ਚਿੰਤਕ ਵੀ ਮੌਤ ਨੂੰ ਅਟੱਲ ਮੰਨਦੇ ਹਨ। ਉਹ ਵੀ ਬੰਦੇ ਦੀ ਪਾਰਗਮਤਾ (Transcendence) ਵਿੱਚ ਵਿਸ਼ਵਾਸ ਰੱਖਦੇ ਹਨ। ਉਹ ਵੀ ਮਨੁੱਖ ਨੂੰ ਸੁਤੰਤਰ ਗਤੀਸ਼ੀਲਤਾ ਵਿੱਚ ਵੇਖਣ ਦੇ ਇਛੁੱਕ ਹਨ। ਬਾਹਰਲਾ ਕੋਈ ਵੀ ਸਾਧਨ ਸਾਡੇ ਚੰਗੇ ਜਾਂ ਮੰਦੇ ਹੋਣ ਨੂੰ ਨਿਰਧਾਰਤ ਨਹੀਂ ਕਰ ਸਕਦਾ, ਚੰਗੇ ਜਾਂ ਮੰਦੇ ਤਾਂ ਅਸੀਂ ਅੰਦਰੋਂ ਹੋਣਾ ਹੈ। ਸਾਡੇ ਲਈ ਕਿਹੜਾ ਕਰਮ ਚੰਗਾ ਹੈ, ਇਹ ਸਾਡੇ ਅੰਦਰ ਨੇ ਨਿਰਣਾ ਕਰਨਾ ਹੈ। ਆਪਣੀ ਆਤਮਾ ਦੀ ਆਵਾਜ਼ ਸੁਣਨ ਲਈ ਮਨੁੱਖਤਾ ਨੂੰ ਸਾਵਧਾਨ ਕਰਦਾ ਹੋਇਆ Leon Brown ਲਿਖਦਾ ਹੈ : Listen to your own voice, your own soul; Too many people listen to the noise of the world instead of themselves.[10]

*ਅਧਿਆਇ ਦੂਜਾ*

# ਅਸਤਿਤਵਵਾਦੀ ਚਿੰਤਕ : ਮੁੱਖ ਸੰਕਲਪ

ਅਸੀਂ ਵੇਖਿਆ ਹੈ ਕਿ ਅਸਤਿਤਵਵਾਦੀ ਆਸਤਿਕ ਵੀ ਹਨ ਅਤੇ ਨਾਸਤਿਕ ਵੀ। ਧਾਰਮਿਕ ਸਾਹਿਤ ਅਤੇ ਦੁਨਿਆਵੀ ਸਾਹਿਤ ਦੋਵਾਂ ਦੀ ਵਿਵਿਹਾਰਕ ਆਲੋਚਨਾ (Practical Criticism) ਕਰਨ ਲਈ ਸਾਡੇ ਵਾਸਤੇ ਜ਼ਰੂਰੀ ਹੋ ਜਾਂਦਾ ਹੈ ਕਿ ਇਨ੍ਹਾਂ ਦੋਵਾਂ ਦੇ ਅਸਤਿਤਵ ਸੰਬੰਧੀ ਵਿਚਾਰਾਂ, ਸੰਕਲਪਾਂ ਅਤੇ ਵਰਤੀ ਗਈ ਪਰਿਭਾਸ਼ਕ ਸ਼ਬਦਾਵਲੀ (Existential Terminology) ਸੰਬੰਧੀ ਜਾਣਕਾਰੀ ਪ੍ਰਾਪਤ ਕਰੀਏ। ਇਥੇ ਪਹਿਲਾਂ ਅਸੀਂ ਆਸਤਿਕ ਅਸਤਿਤਵਵਾਦੀਆਂ ਦੀਆਂ ਵਿਭਿੰਨ ਦ੍ਰਿਸ਼ਟੀਆਂ ਦੀ ਜਾਣਕਾਰੀ ਪ੍ਰਾਪਤ ਕਰਾਂਗੇ ਅਤੇ ਬਾਅਦ ਵਿੱਚ ਨਾਸਤਿਕ ਅਸਤਿਤਵਵਾਦੀ ਚਿੰਤਕਾਂ ਬਾਰੇ ਅਜਿਹੀ ਹੀ ਜਾਣਕਾਰੀ ਪ੍ਰਾਪਤ ਕਰਨ ਦਾ ਪ੍ਰਯਾਸ ਕਰਾਂਗੇ।

### (ੳ) Thiest Existentialist
### (ਆਸਤਿਕ ਅਸਤਿਤਵਵਾਦੀ)

ਆਸਤਿਕ ਅਸਤਿਤਵਵਾਦੀਆਂ ਵਿੱਚ ਪ੍ਰਮੁੱਖ ਤੌਰ 'ਤੇ ਹੇਠ ਲਿਖੇ ਚਿੰਤਕ ਸ਼ਾਮਲ ਕੀਤੇ ਜਾ ਸਕਦੇ ਹਨ :

| | |
|---|---|
| 1. ਸੋਰੇਨ ਕੀਰਕੇਗਾਰਦ | Soren Kierkegaard |
| 2. ਮਾਰਟਿਨ ਬੂਬਰ | Martin Buber |
| 3. ਜਕ ਮੇਰੀਟੇਨ | Jacques Maritain |
| 4. ਗੈਬਰੀਲ ਮਾਰਸ਼ਲ | Gabriel Marcel |
| 5. ਨਿਕੋਲਸ ਬਰਦੀਏਵ | Nicholas Berdyaev |
| 6. ਪਾਲ ਟਿਲਿੱਕ | Paul Tillich |
| 7. ਰੁਡੋਲਫ਼ ਕਾਰਲ ਬੁਲਟਮਾਨ | Rudolf Karl Bultmann |

## 1. ਸੋਰੇਨ ਕੀਰਕੇਗਾਰਦ (1813-1855)

ਕੀਰਕੇਗਾਰਦ ਡੈਨਮਾਰਕ ਦਾ ਦਾਰਸ਼ਨਿਕ ਸੀ। ਉਹ ਕਾਪਨਹੈਗਨ ਵਿੱਚ ਹੀ ਜੰਮਿਆ, ਪਲਿਆ ਅਤੇ ਉਸਦੀ ਮ੍ਰਿਤੂ ਵੀ ਉੱਥੇ ਹੀ ਹੋਈ। ਉਹ ਆਪਣੇ ਸੱਤ ਭੈਣਾਂ ਭਰਾਵਾਂ ਵਿੱਚੋਂ ਸਭ ਤੋਂ ਛੋਟਾ ਸੀ। ਉਸਦੀ ਮਾਤਾ ਅਤੇ ਪੰਜ ਬੱਚਿਆਂ ਦੀ ਮ੍ਰਿਤੂ ਉਪਰੰਤ ਉਹ ਵੀ ਸੋਚਣ ਲੱਗਾ ਸੀ ਕਿ ਉਸਦਾ ਅੰਤ ਵੀ ਨੇੜੇ ਹੀ ਹੈ। ਅਠਾਰਾਂ ਸਾਲ ਦੀ ਆਯੂ ਵਿੱਚ ਉਸਨੇ ਕਾਪਨਹੈਗਨ ਯੂਨੀਵਰਸਿਟੀ ਵਿੱਚ ਧਰਮ ਸ਼ਾਸਤਰ ਦੀ ਵਿਦਿਆ ਆਰੰਭ ਕੀਤੀ। ਸਤਾਈ ਵਰ੍ਹੇ ਦੀ ਆਯੂ ਵਿੱਚ ਉਸਦੀ ਸ਼ਾਦੀ Regine Olsen ਨਾਮ ਦੀ ਲੜਕੀ ਨਾਲ਼ ਹੋਈ ਪਰ ਦੂਜੇ ਦਿਨ ਹੀ ਉਸਨੇ ਸੋਚਿਆ ਕਿ ਉਹ ਗ਼ਲਤੀ ਕਰ ਬੈਠਾ ਹੈ। ਸ਼ਾਦੀ ਦਾ ਤੋੜ-ਵਿਛੋੜਾ ਹੋਣ ਉਪਰੰਤ ਉਹ ਲਿਖਦਾ ਹੈ ਕਿ ਉਸਦੇ ਸਾਹਮਣੇ ਚੋਣ ਦਾ ਪ੍ਰਸ਼ਨ ਖੜ੍ਹਾ ਹੋ ਗਿਆ ਕਿ ਜਾਂ ਤਾਂ ਉਹ ਆਪਣੀ ਸ਼ਕਤੀ ਵਿਆਹ ਦੇ ਜੀਵਨ ਵਿੱਚ ਨਸ਼ਟ ਕਰ ਲਵੇ ਜਾਂ ਫਿਰ ਪੂਰੀ ਧਾਰਮਿਕਤਾ ਗ੍ਰਹਿਣ ਕਰ ਲਵੇ। ਇਸੇ ਸਥਿਤੀ ਵਿੱਚ ਉਸਨੇ ਆਪਣੀ ਪੁਸਤਕ Either/Or ਲਿਖੀ। ਬਾਅਦ ਵਿੱਚ ਉਹ ਲੜਕੀ ਇੱਕ ਗਵਰਨਰ ਨੂੰ ਵਿਆਹੀ ਗਈ ਤਾਂ ਵੀ ਸਾਰੀ ਆਯੂ ਕੀਰਕੇਗਾਰਦ ਉਸਨੂੰ ਪਿਆਰ ਕਰਦਾ ਰਿਹਾ। ਉਸਨੇ ਆਪਣੀਆਂ ਸਾਰੀਆਂ ਪੁਸਤਕਾਂ ਦੀ ਵਸੀਅਤ ਉਸਦੇ ਨਾਂ ਕਰ ਦਿੱਤੀ। ਉਸਨੇ 22 ਸਾਲ ਦੀ ਆਯੂ ਵਿੱਚ ਆਪਣੇ ਇੱਕ ਮਿੱਤਰ ਨੂੰ ਲਿਖੀ ਚਿੱਠੀ ਵਿੱਚ ਆਪਣੇ ਦਾਰਸ਼ਨਿਕ ਸਿਧਾਂਤ ਵੱਲ ਇਉਂ ਸੰਕੇਤ ਕੀਤਾ:

'ਵੱਡੀ ਗੱਲ ਇਹ ਫ਼ੈਸਲਾ ਕਰਨਾ ਹੈ ਕਿ ਮੈਂ ਕੀ ਕਰਨਾ ਮਿਥਿਆ ਹੈ... ਨੁਕਤਾ ਇਹ ਹੈ ਕਿ ਮੈਂ ਉਸ ਸੱਚ ਦੀ ਖੋਜ ਕਰਨੀ ਹੈ ਜੋ ਮੇਰੇ ਲਈ ਸੱਚ ਹੈ, ਉਹ ਵਿਚਾਰ ਖੋਜਣਾ ਹੈ ਜੀਹਦੇ ਵਾਸਤੇ ਮੈਂ ਜਿਉਣ ਮਰਨ ਲਈ ਤਿਆਰ ਹਾਂ।'

ਉਹ ਬਰਲਿਨ ਵਿਖੇ ਹੀਗਲ ਦੇ ਸਿਸਟਮ ਬਾਰੇ Schelling ਦਾ ਭਾਸ਼ਣ ਸੁਣਕੇ ਨਿਰਾਸ਼ ਹੋਇਆ। ਉਸਨੇ ਹੀਗਲ ਦੇ ਵਿਚਾਰਾਂ ਨੂੰ ਰੱਦ ਕੀਤਾ ਅਤੇ ਕਿਹਾ ਕਿ ਅਸਤਿਤਵ ਦਾ ਸਿਸਟਮ ਸੰਭਵ ਨਹੀਂ। ਉਸਨੇ ਕਿਹਾ ਕਿ ਭੀੜ ਅਸਤਿਤਵਹੀਣ ਹੁੰਦੀ ਹੈ ਅਤੇ ਵਿਅਕਤੀ ਦੇ ਕੰਮਾਂ ਦੀ ਚੋਣ ਬਾਰੇ ਕੋਈ ਜ਼ਿੰਮੇਵਾਰੀ ਨਹੀਂ ਲੈ ਸਕਦੀ। ਉਸਨੇ ਹੀਗਲ ਦੀ ਆਬਜੈਕਟਿਵ ਵਿਧੀ ਦੇ ਉਲਟ, ਅਸਤਿਤਵ ਦੀ ਸਮਝ ਲਈ, ਸਬਜੈਕਟਿਵ ਵਿਧੀ ਤੇ ਜ਼ੋਰ ਦਿੱਤਾ। ਉਸਨੇ ਚਰਚ ਨੂੰ ਪਾਦਰੀਆਂ ਦੇ ਮੌਜ-ਮੇਲੇ ਦਾ ਕੇਂਦਰ ਘੋਸ਼ਿਤ ਕੀਤਾ। ਉਸਨੇ ਆਪਣੀ ਮ੍ਰਿਤੂ ਸਮੇਂ ਕਿਸੇ ਧਾਰਮਿਕ ਪਾਦਰੀ ਤੋਂ ਸੰਸਕਾਰ ਕਰਵਾਉਣ ਤੋਂ ਕੋਰੀ ਨਾਂਹ ਕਰ ਦਿੱਤੀ। ਕਿਹਾ ਜਾਂਦਾ ਹੈ, ਕਿ ਉਸਦੇ ਅੰਤਮ ਬੋਲ ਸਨ Flee from

Parsons ਅਰਥਾਤ ਪਾਦਰੀਆਂ ਤੋਂ ਬਚੋ।

## ਕੀਰਕੇਗਾਰਦ ਦੇ ਮੁੱਖ ਸੰਕਲਪ

**ਵਿਵਸਥਾ (The System)**

ਕੀਰਕੇਗਾਰਦ ਦਾ ਵਿਵਸਥਾ ਤੋਂ ਭਾਵ ਹੈ, ਹੀਗਲ ਦੀ ਦਾਰਸ਼ਨਿਕ ਯੋਜਨਾ, ਜਿਸ ਅਨੁਸਾਰ ਹਰ ਅਸਤਿਤਵੀ ਹੋਂਦ ਅਧਿਆਤਮਕ ਜੀਵਨ ਅਤੇ ਵਿਚਾਰ ਤੋਂ ਪੈਦਾ ਹੁੰਦੀ ਹੈ। ਹਰ ਅਸਤਿਤਵੀ ਵਸਤੂ ਦਾ ਵਿਚਾਰ ਹੀ ਸੱਚਾ ਸਾਰ ਹੈ ਅਤੇ ਇਉਂ ਬੌਧਿਕ ਗਤੀਵਿਧੀ ਹੋਂਦ ਦੀ ਸਮਾਨਾਰਥੀ ਹੈ। ਇਵੇਂ : ਸੋਚਣਾ=ਹੋਂਦ ਮੰਨੀ ਜਾਣੀ ਚਾਹੀਦੀ ਹੈ।

**ਤਰਕ ਵਿਦਿਆ (Dialectics)**

ਇਸਦਾ ਭਾਵ ਹੈ ਸੰਵਾਦ ਜਾਂ ਤਰਕ। ਹੀਗਲ ਨੇ ਇਸਦੀ ਵਰਤੋਂ ਤਰਕ ਦੇ ਅਰਥਾਂ ਵਿੱਚ ਹੀ ਕੀਤੀ ਹੈ, ਨਾ ਕੇਵਲ ਬੰਦੇ ਦੀ ਸੋਚ ਦੀ ਤਰਕਪੂਰਨ ਕਿਰਿਆ ਵਜੋਂ ਹੀ, ਸਗੋਂ ਹੋਂਦ ਦੇ ਤਰਕ ਵਜੋਂ ਵੀ। ਜਿਸਦੇ ਫ਼ਲ਼ਸਰੂਪ, ਸੋਚਣਾ=ਹੋਂਦ (Thinking=being) ਦੇ ਪ੍ਰਸਤਾਵ ਵਜੋਂ ਸਮਝਿਆ ਗਿਆ।

ਇਉਂ : ਸੰਸਾਰ=ਤਰਕ ਸ਼ਾਸਤਰ ਮੰਨਿਆ ਗਿਆ। ਹੋਂਦ ਆਪਣੇ ਸਵੈ ਨੂੰ ਤਰਕ ਦੇ ਨਿਯਮਾਂ ਅਨੁਸਾਰ ਪ੍ਰਗਟ ਕਰਦੀ ਹੈ।

**ਇਕਾਗਰਤਾ (Meditation)**

ਤਰਕ ਦੀ ਪ੍ਰਕਿਰਿਆ ਵਿੱਚ ਕਿਸੇ ਪ੍ਰਕਾਰ ਦੇ ਵਿਗਾੜ ਦੀ ਕਲਪਨਾ ਕਰਨੀ ਅਸੰਭਵ ਹੈ। ਇਹ ਹੀਗਲ ਦਾ ਵਿਚਾਰ ਹੈ। ਜੇ ਕੋਈ ਅਜਿਹਾ ਵਿਗਾੜ (ਟੁੱਟ-ਭੱਜ) ਵਿਖਾਈ ਦੇਵੇ ਤਾਂ ਉਹ ਇਕਾਗਰਤਾ ਦੀ ਵਰਤੋਂ ਕਰਦਾ ਹੈ। ਇਕਾਗਰਤਾ ਦੋ ਵਿਰੋਧੀ ਅਤੀਆਂ (extremes) ਦਾ ਮੇਲ ਹੁੰਦਾ ਹੈ ਅਤੇ ਅਜਿਹਾ ਹਮੇਸ਼ਾ ਸੰਭਵ ਹੁੰਦਾ ਹੈ ਕਿਉਂਕਿ ਹੀਗਲ ਦੇ ਅਨੁਸਾਰ ਵਖਰੇਵੇਂ ਕਦੇ ਵੀ ਸੁਤੰਤਰ ਨਹੀਂ ਹੁੰਦੇ ਪਰ ਬੁਨਿਆਦੀ ਸੰਬੰਧ ਵਜੋਂ ਵਾਚਿਆਂ ਉਨ੍ਹਾਂ ਨੂੰ ਮਿਲਾਇਆ ਜਾ ਸਕਦਾ ਹੈ।

**ਵਸਤੂਪਰਕਤਾ (Objectivity)**

ਵਸਤੂਪਰਕਤਾ ਦੀ ਪ੍ਰਕਿਰਿਆ ਰਾਹੀਂ ਯਕੀਨਨ ਤੌਰ 'ਤੇ ਸਾਰੇ ਨਿਜੀ ਗੁਣ ਅਤੇ ਆਤਮਪਰਕਤਾ ਖ਼ਤਮ ਹੋ ਜਾਂਦੀ ਹੈ। ਇਉਂ ਬਾਹਰਮੁਖੀ ਅੰਤਰਮੁਖੀ ਪੱਖ ਨੂੰ ਮਾਤ ਦੇ ਕੇ ਆਪਣੇ ਵਿੱਚ ਸਮੋ ਲੈਂਦੀ ਹੈ। ਨਿਸ਼ਚੇਵਾਦ (Determinism) ਤਰਕ ਦੀ ਪ੍ਰਕਿਰਿਆ ਵਿੱਚੋਂ ਪੈਦਾ ਹੁੰਦਾ ਹੈ। ਹੀਗਲ ਖ਼ੁਦ ਇਸਨੂੰ ਸੁਤੰਤਰਤਾ ਦਾ ਖੇਤਰ ਕਹਿੰਦਾ ਹੈ। ਉਸ ਅਨੁਸਾਰ ਤਰਕਪੂਰਨਤਾ ਦੀ ਸੰਪੂਰਨਤਾ ਦਾ ਅਨੁਭਵ

ਬਾਹਰਮੁਖੀ ਦਰਸ਼ਕ ਵਿੱਚ ਸੁਤੰਤਰਤਾ ਦਾ ਜਜ਼ਬਾ ਪੈਦਾ ਕਰਦਾ ਹੈ। ਉਦੋਂ ਸੁਤੰਤਰਤਾ ਲੋੜ ਦੇ ਰੂਪ ਵਿੱਚ ਸਾਕਾਰ ਹੋ ਜਾਂਦੀ ਹੈ।

*ਨੋਟ : (ਉਪਰੋਕਤ ਚਾਰੇ ਸੰਕਲਪ, ਦਰਅਸਲ, ਹੀਗਲ ਸਿਧਾਂਤ ਅਨੁਸਾਰ ਹਨ ਜਿਨ੍ਹਾਂ ਬਾਰੇ ਕੀਰਕੇਗਾਰਦ ਜਾਣਕਾਰੀ ਦਿੰਦਾ ਹੈ)*

**ਸੋਚਣ ਵਾਲੀ ਹੋਂਦ (The Existing Thinker)**

ਸੰਕਲਪਾਂ ਦੇ ਉਪਰੋਕਤ ਸੰਸਾਰ ਵਿਰੁੱਧ ਕੀਰਕੇਗਾਰਦ ਨੇ ਬਗਾਵਤ ਕੀਤੀ। ਉਹ ਅਜਿਹਾ ਕਰਨ ਲਈ ਪ੍ਰਤਿਬਧ ਸੀ ਕਿਉਂਕਿ ਉਸ ਪਾਸ ਜੀਵਨ ਦਾ ਵੱਖਰਾ ਅਨੁਭਵ ਸੀ ਜੋ ਕਿ ਉਸ ਵਿੱਚ ਜਨਮ ਸਮੇਂ ਤੋਂ ਹੀ ਪੈਦਾ ਹੋ ਗਿਆ ਸੀ। ਉਹ ਅਸਤਿਤਵ ਦੇ ਸਿਸਟਮ ਨੂੰ ਸਥਾਪਤ ਕਰਨ ਦੀ ਸੰਭਾਵਨਾ ਵਿੱਚ ਵਿਸ਼ਵਾਸ ਨਹੀਂ ਰੱਖਦਾ ਸੀ। ਇਸਦਾ ਭਾਵ ਇਹ ਨਹੀਂ ਕਿ ਉਹ ਅਜਿਹੇ ਕਿਸੇ ਸਿਸਟਮ ਦੀ ਸੰਭਾਵਨਾ ਤੋਂ ਇਨਕਾਰੀ ਸੀ। ਉਸਦਾ ਵਿਚਾਰ ਸੀ ਕਿ ਰੱਬ ਲਈ ਅਸਤਿਤਵ ਦਾ ਇੱਕ ਆਪਣਾ ਸਿਸਟਮ ਸੀ ਪਰ ਅਜਿਹਾ ਸਿਸਟਮ ਬੰਦੇ (Human Being) ਲਈ ਨਹੀਂ ਹੋ ਸਕਦਾ। ਜਦੋਂ ਹੀਗਲ, ਸੋਚ=ਹੋਂਦ (Thinking=Being) ਦਾ ਦਾਅਵਾ ਕਰਦਾ ਸੀ ਤਾਂ ਕੀਰਕੇਗਾਰਦ ਨੇ ਸਿੱਧ ਕੀਤਾ ਕਿ ਇਹ ਦੁਹਰਾਓ (ਇਕ ਗੱਲ ਕਹਿਣ ਲਈ ਦੋ ਸ਼ਬਦਾਂ ਦਾ ਪ੍ਰਯੋਗ) ਹੈ ਅਰਥਾਤ ਵੱਖ-ਵੱਖ ਸ਼ਬਦਾਂ ਦੀ ਵਰਤੋਂ ਨਾਲ਼ ਇੱਕੋ ਸੰਕਲਪ ਤਿਆਰ ਕੀਤਾ ਗਿਆ ਹੈ ਕਿਉਂਕਿ ਬੰਦੇ (Being) ਨੂੰ ਕਲਪਨਾਤਮਕ ਹੋਂਦ ਮੰਨਿਆ ਗਿਆ ਹੈ। ਕੀਰਕੇਗਾਰਦ ਅਨੁਸਾਰ ਹੀਗਲ ਦਾ ਦਾਅਵਾ Thinking=Thinking ਤੋਂ ਵੱਧ ਕੁੱਝ ਵੀ ਨਹੀਂ।

ਕੀਰਕੇਗਾਰਦ ਨੇ ਅਸਤਿਤਵ ਦੀ ਤਾਰਕਿਕਤਾ ਵਾਲੇ ਵਿਚਾਰ ਨੂੰ ਵੀ ਰੱਦ ਕਰ ਦਿੱਤਾ। ਦੂਜੇ ਬੰਨੇ ਰਸਮੀ ਤਰਕ ਵਿੱਚ ਇਹ ਤਰਕਸੰਗਤ ਹੈ ਅਤੇ ਇਹ ਅਮੂਰਤ ਸ਼੍ਰੇਣੀਆਂ ਦੀ ਸਥਾਪਨਾ ਦਾ ਸੰਦ ਹੈ- ਅਸਤਿਤਵ ਜਾਂ ਯਥਾਰਥ ਦੀ ਸਮਝ ਲਈ ਨਹੀਂ।

ਕੀਰਕੇਗਾਰਦ ਇਕਾਗਰਤਾ (Meditation) ਦਾ ਵੀ ਵਿਰੋਧੀ ਸੀ। ਉਸਨੇ ਕਿਹਾ ਕਿ ਹੋਂਦ ਵਿੱਚ ਅਜਿਹੀਆਂ ਸ਼ਕਤੀਆਂ ਵੀ ਹਨ ਜਿਨ੍ਹਾਂ ਬਾਰੇ ਮੈਡੀਟੇਟ ਨਹੀਂ ਕੀਤਾ ਜਾ ਸਕਦਾ ਜਿਵੇਂ ਕਿ ਨੇਕੀ ਅਤੇ ਬਦੀ ਵਿਚਕਾਰ ਭਿੰਨਤਾ।

ਜੇਕਰ ਹੀਗਲ ਇਨ੍ਹਾਂ ਸਭ ਗ਼ਲਤ ਨਤੀਜਿਆਂ 'ਤੇ ਪੁੱਜਾ, ਕੀਰਕੇਗਾਰਦ ਅਨੁਸਾਰ, ਇਸਦਾ ਕਾਰਨ ਹੈ ਕਿ ਉਹ ਖ਼ੁਦ ਸੋਚ ਰਹੇ ਅਸਤਿਤਵ ਬਾਰੇ ਭੁੱਲ ਗਿਆ। ਉਹ ਆਪਣੇ ਸਿਸਟਮ ਵਿੱਚ ਅਸਤਿਤਵ ਨੂੰ ਸ਼ਾਮਲ ਕਰਨਾ ਭੁੱਲ ਗਿਆ ਨਹੀਂ ਤਾਂ ਉਹ ਇਹ ਲੱਭ ਲੈਂਦਾ ਕਿ ਅਸਤਿਤਵ ਵਿਵਸਥਾ ਵਿੱਚ ਆਉਣ ਦਾ

ਵਿਰੋਧੀ ਹੈ। ਕੀਰਕੇਗਾਰਦ ਦਾ ਦੋ ਟੂੱਕ ਨਿਰਣਾ ਸੀ ਕਿ ਸਾਰੀ ਫ਼ਿਲਾਸਫ਼ੀ ਬੰਦੇ ਦੇ ਲਾਭ ਹਿਤ ਹੋਂਦ ਵਿੱਚ ਆਈ ਹੈ।

**ਆਤਮਨਿਸ਼ਠਤਾ (Subjectivity)**

ਆਤਮਨਿਸ਼ਠਤਾ ਦਾ ਕਾਰਜ ਅਸਤਿਤਵ ਦੀ ਹੋਂਦ ਨੂੰ ਸਮਝਣਾ ਹੈ ਪਰ ਇੱਥੇ ਬੰਦਾ ਬਾਹਰਮੁਖਤਾ ਦੇ ਘੇਰੇ ਤੋਂ ਬਾਹਰ ਦੀਆਂ ਸਮੱਸਿਆਵਾਂ ਵੇਖਦਾ ਹੈ। ਸੋਚਣ ਵਾਲੇ ਬੰਦੇ ਦੀਆਂ ਸਮੱਸਿਆਵਾਂ ਅੰਤਰਮੁਖੀ ਹੁੰਦੀਆਂ ਹਨ ਅਤੇ ਹੋਰ ਕੁਝ ਕਦੇ ਵੀ ਨਹੀਂ ਬਣ ਸਕਦੀਆਂ।

**ਸੱਚ (Truth)**

ਕੀਰਕੇਗਾਰਦ ਅਨੁਸਾਰ- ਜਦੋਂ ਅਸੀਂ ਮੂਲ ਤੱਤਾਂ ਬਾਰੇ ਸੋਚਦੇ ਹਾਂ ਤਾਂ ਬਾਹਰਮੁਖੀ ਸੱਚ ਵਰਗੀ ਕੋਈ ਸ਼ੈਅ ਹੈ ਹੀ ਨਹੀਂ। ਸੁਹਿਰਦਤਾ ਅਤੇ ਜਜ਼ਬੇ ਦੀ ਪ੍ਰਬਲਤਾ ਦੀ ਮਾਤਰਾ ਸੱਚ ਦਾ ਮਾਪ-ਦੰਡ ਹੈ ਜਿਸ ਰਾਹੀਂ ਸੱਚ ਨੂੰ ਪਕੜਨ ਦਾ ਦਾਅਵਾ ਕਰਦੇ ਹਾਂ। ਅਸੀਂ ਕੀ ਕਿਹਾ ਅਤੇ ਕਿਵੇਂ ਕਿਹਾ ਨੂੰ ਆਤਮਨਿਸ਼ਠਤਾ ਦੁਆਰਾ ਨੋਟ ਕਰਦੇ ਹਾਂ। ਜੇ ਸਾਨੂੰ ਇਹ ਕਿਹਾ ਨੂੰ ਵਸਤੂਪਰਕਤਾ ਵਜੋਂ ਜਾਣੋਂ ਕਿ ਸੱਚ ਕੀ ਹੈ ਤਾਂ ਸਾਨੂੰ ਕਹਿਣਾ ਚਾਹੀਦਾ ਹੈ ਕਿ ਸੱਚ ਬਾਹਰਮੁਖੀ ਅਨਿਸ਼ਚਿਤਤਾ ਹੈ, ਜੋ ਹਮੇਸ਼ਾ ਜਜ਼ਬਾਤੀ ਵੇਗ ਵਿੱਚ ਹੁੰਦੀ ਹੈ। ਇਸਦਾ ਭਾਵ ਹੈ- ਸੱਚਾਈ ਦੀ ਉਹ ਵੱਡੀ ਮਾਤਰਾ ਜੋ ਅਸਤਿਤਵਾਦੀ ਬੰਦੇ ਵਿੱਚ ਸੰਭਵ ਹੁੰਦੀ ਹੈ। ਇਸ ਅਖੀਰਲੇ ਵਾਕ ਨੂੰ ਨੋਟ ਕਰਨ ਦੀ ਜ਼ਰੂਰਤ ਹੈ ਕਿਉਂਕਿ ਕੀਰਕੇਗਾਰਦ ਦੀ ਵਿਆਖਿਆ ਦਾ ਕਈ ਵਾਰੀ ਗ਼ਲਤ ਅਰਥ ਲਿਆ ਜਾਂਦਾ ਹੈ ਜਿਵੇਂ ਕਿ ਉਸਨੇ ਕਿਹਾ ਹੋਵੇ ਕਿ ਸੱਚ ਆਤਮ-ਨਿਸ਼ਠ ਹੈ ਪਰ ਇਸਦਾ ਅਜਿਹਾ ਅਰਥ ਨਹੀਂ। ਉਸਦੇ ਕਹਿਣ ਦਾ ਇਹ ਭਾਵ ਹੈ ਕਿ ਜਿਉਂਦੇ ਅਸਤਿਤਵ ਲਈ ਇਹ ਸੰਭਵ ਹੀ ਨਹੀਂ ਕਿ ਉਹ ਬਾਹਰਮੁਖੀ ਦ੍ਰਿਸ਼ਟੀ ਪ੍ਰਾਪਤ ਕਰ ਸਕੇ।

**ਅਸਿੱਧਾ ਬਿਆਨ (The Indirect Statement)**

ਇਸ ਪੱਖ ਤੋਂ ਸੁਕਰਾਤ, ਕੀਰਕੇਗਾਰਦ ਲਈ ਮਾਡਲ ਸੀ। ਮਸਲਾ ਇਹ ਹੈ ਕਿ ਜੇ ਸੱਚ ਆਤਮਨਿਸ਼ਠਤਾ ਵਿੱਚ ਨਿਹਿਤ ਹੈ ਤਾਂ ਦੋ ਬੰਦਿਆਂ ਦਰਮਿਆਨ ਬਾਹਰੀ ਸੱਚ ਵਰਗੀ ਸ਼ੈਅ ਕਿਵੇਂ ਨਹੀਂ ਵਾਪਰੇਗੀ? ਫਿਰ ਮੈਂ ਦੂਜੇ ਬੰਦੇ ਨਾਲ਼ ਤਾਲਮੇਲ ਕਿਵੇਂ ਪੈਦਾ ਕਰ ਸਕਾਂਗਾ? ਜੇ ਕੁੱਝ ਵੀ ਕਹਿਣਯੋਗ ਵਸਤੂਪਰਕ ਨਹੀਂ ਤਾਂ ਸਿੱਧਾ ਬਿਆਨ ਪਰਸਪਰ ਵਿਰੋਧੀ ਹੈ। ਇਸ ਹਾਲਤ ਵਿੱਚ ਅਸਿੱਧਾ ਬਿਆਨ ਹੋਵੇਗਾ ਜਿਸਦਾ ਭਾਵ ਹੈ ਬੰਦਾ ਕਿਸੇ ਹੋਰ ਇੱਕ ਬੰਦੇ ਤੇ ਇਹ ਗੱਲ ਛੱਡੇਗਾ ਕਿ ਉਹ ਇਸ ਗੱਲ ਦੀ ਢੂੰਡ ਕਰੇ ਕਿ ਉਸ ਲਈ ਸੱਚ ਕੀ ਹੈ ?ਗੱਲਬਾਤ ਦੇ ਅਜਿਹੇ ਪ੍ਰਗਟਾਵੇ ਲਈ ਦੂਜੇ ਦੀ ਸਹਾਇਤਾ ਦੀ ਲੋੜ ਹੋਵੇਗੀ।

**ਫਰਜ਼ੀ ਨਾਮ (The Pseudonyms)**

ਕੀਰਕੇਗਾਰਦ ਨੇ ਅਸਿੱਧੇ ਬਿਆਨ ਦੀ ਸਮੱਸਿਆ ਨੂੰ ਆਪਣੇ ਹੀ ਢੰਗ ਨਾਲ਼ ਹੱਲ ਕੀਤਾ ਹੈ। ਕੁੱਝ ਇੱਕ ਅਪਵਾਦਾਂ ਤੋਂ ਬਿਨਾਂ ਉਸ ਦੀਆਂ ਸਾਰੀਆਂ ਪੁਸਤਕਾਂ ਟਾਈਟਲ ਪੇਜ 'ਤੇ ਬਿਨਾਂ ਨਾਮ ਤੋਂ ਛਪੀਆਂ। ਫ਼ਰਜ਼ੀ ਨਾਂ ਹੇਠ ਪੇਸ਼ ਕੀਤੇ ਉਸਦੇ ਵਿਚਾਰ ਉਸਦੇ ਨਾਂ ਨਾਲ਼ ਨਹੀਂ ਮੜ੍ਹੇ ਜਾ ਸਕਦੇ ਕਿਉਂਕਿ ਅਜਿਹਾ ਕਰਨ ਨਾਲ਼ ਕੋਈ ਵੀ ਉਨ੍ਹਾਂ ਨੂੰ ਸਿੱਧੇ ਬਿਆਨ ਵਿੱਚ ਬਦਲ ਸਕਦਾ ਹੈ ਕਿਉਂਕਿ ਉਨ੍ਹਾਂ ਵਿੱਚ ਵਿਭਿੰਨ ਕਿਸਮ ਦੀਆਂ ਰਾਵਾਂ ਵਿਅਕਤ ਕੀਤੀਆਂ ਗਈਆਂ ਹਨ। ਕੀਰਕੇਗਾਰਦ ਦਾ ਅਜਿਹਾ ਕਰਨ ਦਾ ਉਦੇਸ਼ ਇਹ ਸੀ ਕਿ ਉਹ ਜੀਵਨ ਦੇ ਵੱਖੋ-ਵੱਖਰੇ, ਅਨੇਕਾਂ ਵਿਚਾਰਾਂ-ਸਕੈਚਾਂ ਦੀ, ਉਨ੍ਹਾਂ ਪੁਸਤਕਾਂ ਵਿੱਚ ਰੂਪ ਰੇਖਾ ਪੇਸ਼ ਕਰਦਾ ਹੈ। ਫਿਰ ਉਨ੍ਹਾਂ ਦੇ ਇੱਕ ਇੱਕ ਕਰਕੇ ਨਤੀਜੇ ਕੱਢਦਾ ਹੈ। ਤਦ ਉਹ ਪਾਠਕ ਨੂੰ ਉਨ੍ਹਾਂ ਵਿੱਚੋਂ ਕਿਸੇ ਇੱਕ ਦੀ ਚੋਣ ਲਈ ਬੇਵੱਸ ਕਰਦਾ ਹੈ, ਤਾਂ ਕਿ ਪਾਠਕ ਸਮਝਕੇ ਉਸ ਕੀਤੀ ਚੋਣ ਦੇ ਅਮਲ ਨੂੰ ਪੂਰੀ ਚੇਤਨਾ ਨਾਲ਼ ਨੇਪਰੇ ਚਾੜ੍ਹ ਸਕੇ।

**ਵਿਅਕਤੀ (The Individual)**

ਕੀਰਕੇਗਾਰਦ ਦੀ ਕੋਸ਼ਿਸ਼ ਰਹੀ ਹੈ ਕਿ ਗੁੰਮਨਾਮ ਭੀੜ 'ਚੋਂ ਵਿਅਕਤੀ ਨੂੰ ਨਿਖੇੜੇ। ਬਹੁਤਿਆਂ ਵਿੱਚ ਵਿਅਕਤੀ ਦੀ ਪਛਾਣ ਗੁਆਚ ਜਾਂਦੀ ਹੈ ਅਤੇ ਸਮੂਹਕ ਮਨੋਵਿਗਿਆਨ ਵਿੱਚ ਨੈਤਿਕਤਾ ਗੁਆਚ ਜਾਂਦੀ ਹੈ। ਵਿਅਕਤੀ ਤਾਂ ਰੂਹ ਦਾ ਆਦਮੀ ਹੁੰਦਾ ਹੈ ਜਦੋਂ ਕਿ ਭੀੜ ਪਸ਼ੂ ਫ਼ੈਸਲਾ ਹੁੰਦਾ ਹੈ। ਵਿਅਕਤੀ ਨਾਲ਼ ਵਾਦ-ਵਿਵਾਦ ਕੀਤਾ ਜਾ ਸਕਦਾ ਹੈ। ਭੀੜ ਨੂੰ ਤਾਂ ਕੇਵਲ ਉਕਸਾਇਆ ਜਾ ਸਕਦਾ ਹੈ। ਕੀਰਕੇਗਾਰਦ ਅਨੁਸਾਰ ਅਧਿਆਤਮਕ ਬੰਦੇ ਇੱਕ ਜੁੱਟ ਨਹੀਂ ਹੁੰਦੇ ਇਸਦੇ ਉਲਟ ਉਹ ਵੱਖ-ਵੱਖ ਸਟੇਜਾਂ ਵਿਚ ਵੰਡੇ ਰਹਿੰਦੇ ਹਨ।

**ਵੱਖ ਵੱਖ ਪੜਾਅ (The Stages)**

ਕੀਰਕੇਗਾਰਦ ਵੱਲੋਂ ਸਟੇਜ ਸ਼ਬਦ ਦੀ ਵਰਤੋਂ ਗੁੰਮਰਾਹ ਕਰਨ ਵਾਲੀ ਹੈ। ਆਮ ਵਰਤੋਂ ਵਿੱਚ ਇਸ ਦਾ ਭਾਵ ਹੈ ਵਿਕਾਸ ਦੇ ਪੜਾਅ। ਪਰ ਉਹ ਇਸਦੀ ਵਰਤੋਂ ਦ੍ਰਿਸ਼ਟੀਕੋਨ ਵਜੋਂ ਕਰਦਾ ਹੈ। ਉਸ ਵੱਲੋਂ ਬਿਆਨ ਕੀਤੀਆਂ ਸਟੇਜਾਂ ਹੇਠ ਲਿਖੇ ਅਨੁਸਾਰ ਹਨ :

**(i) ਸੁਹਜਵਾਦੀ ਪੜਾਅ (The Aesthetic Stage)**

ਇਹ ਸਟੇਜ ਵਿਲਾਸਮਈ ਅਤੇ ਅਨੰਦ ਵੱਲ ਸੰਕੇਤ ਕਰਦੀ ਹੈ। ਇਸ ਵਿੱਚ ਕਰੂਰ ਕਾਮਵਾਸ਼ਨਾਵਾਂ ਤੋਂ ਲੈ ਕੇ ਕਲਾਤਮਕ ਮਨੋਰੰਜਨ ਤੱਕ ਕਈ ਦਰਜਿਆਂ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ। ਪਰ ਇਸ ਸਥਿਤੀ ਵਿੱਚ ਸੰਤਾਪ ਅਤੇ ਨਿਰਾਸ਼ਤਾ ਹਾਜ਼ਰ ਰਹਿੰਦੀ ਹੈ।

**(ii) ਨੈਤਿਕ ਪੜਾਅ (The Ethical Stage)**

ਨੈਤਿਕ ਸਟੇਜ ਦਾ ਸੰਬੰਧ ਹਰ ਵਿਅਕਤੀ ਨਾਲ਼ ਹੁੰਦਾ ਹੈ। ਜਦੋਂ ਕਿ ਸੁਹਜਾਤਮਕ ਸਟੇਜ ਦਾ ਸਾਰਾ ਵਿਵਹਾਰ ਸਵੈ-ਕੇਂਦਰਤ ਹੁੰਦਾ ਹੈ। ਨੈਤਿਕ ਸਟੇਜ ਦਾ ਪ੍ਰਤਿਨਿਧ ਸਮੂਹ ਦੇ ਅੰਗ ਪ੍ਰਤੀ ਚੇਤਨ ਹੁੰਦਾ ਹੈ। ਉਹ ਆਪਣੇ ਆਪ ਨੂੰ ਕਮਿਊਨਿਟੀ ਦਾ ਅੰਗ ਸਮਝਦਾ ਹੈ ਅਤੇ ਸਮੂਹ ਦੀ ਅਜਿਹੀ ਭਾਵਨਾ ਉਸਦੇ ਆਚਰਨ ਦੀ ਅਗਵਾਈ ਕਰਨ ਵਾਲ਼ਾ ਸਿਧਾਂਤ ਬਣ ਜਾਂਦਾ ਹੈ। ਪਰ ਇਸ ਨੈਤਿਕ ਵਿਵਹਾਰ ਦੀਆਂ ਅੱਗੋਂ ਸਟੇਜਾਂ ਹੁੰਦੀਆਂ ਹਨ। ਨੀਵੀਂ ਪੱਧਰ ਵਾਲ਼ਾ ਵਿਅਕਤੀ ਉਹ ਹੁੰਦਾ ਹੈ ਜੋ ਅਜਿਹੀ ਕਲਪਨਾ ਕਰਦਾ ਹੈ ਕਿ ਉਹ ਨੈਤਿਕਤਾ ਦੀਆਂ ਸਾਰੀਆਂ ਲੋੜਾਂ ਨਾਲ਼ ਆਪਣੀ ਸ਼ਕਤੀ ਦੁਆਰਾ ਨਿਆਂ ਕਰ ਸਕਦਾ ਹੈ। ਉੱਚੀ ਪੱਧਰ ਵਾਲ਼ਾ ਬੰਦਾ ਉਹ ਹੁੰਦਾ ਹੈ ਜਿਹੜਾ ਅਜਿਹਾ ਵਿਸ਼ਵਾਸ ਰੱਖਦਾ ਹੈ ਕਿ ਸੰਸਾਰ ਦੀਆਂ ਵਾਸ਼ਨਾਵਾਂ ਅਤੇ ਖ਼ਾਹਸ਼ਾਂ ਦਾ ਉਸ ਉਪਰ ਇਤਨਾ ਗ਼ਲਬਾ ਹੈ ਕਿ ਉਹ ਕੇਵਲ ਆਪਣੀ ਸ਼ਕਤੀ ਨਾਲ਼ ਕੁੱਝ ਵੀ ਕਰ ਸਕਣ ਦੇ ਸਮਰੱਥ ਨਹੀਂ। ਜਿਸ ਦਾ ਅਜਿਹਾ ਵਿਸ਼ਵਾਸ ਬਣ ਜਾਂਦਾ ਹੈ ਉਹ ਧਾਰਮਿਕ ਸਟੇਜ ਦੇ ਯੋਗ ਹੋ ਜਾਂਦਾ ਹੈ।

**(iii) ਧਾਰਮਿਕ ਪੜਾਅ (The Religious Stage)**

ਇਸ ਸਟੇਜ ਦਾ ਪ੍ਰਮੁੱਖ ਲੱਛਣ ਇਹ ਹੈ ਕਿ ਸੰਬੰਧਤ ਬੰਦੇ ਨੂੰ ਇਸ ਗੱਲ ਦੀ ਪਹਿਚਾਣ ਹੋ ਜਾਂਦੀ ਹੈ ਕਿ ਉਹ ਅਸੀਮ ਨਾਲ਼ ਅਸੀਮ ਸੰਬੰਧਾਂ ਕਾਰਨ ਉਸਦੇ ਸਨਮੁੱਖ ਹੈ ਜਾਂ ਘੱਟ ਦਾਰਸ਼ਨਿਕ ਵਿਧੀ ਅਨੁਸਾਰ ਕਹਿ ਲਿਆ ਜਾਵੇ ਕਿ ਉਹ ਬਿਨਾਂ ਸ਼ਰਤ ਪ੍ਰਭੂ ਨਾਲ਼ ਆਗਿਆਕਾਰੀ ਸੰਬੰਧ ਰੱਖਦਾ ਹੈ। ਇਸ ਸਟੇਜ ਵਿੱਚ ਵੀ ਦਰਜਾ ਬੰਦੀਆਂ ਹਨ। ਉਨ੍ਹਾਂ ਵਿਚੋਂ ਦੋ ਵੱਲ ਅਸੀਂ ਧਿਆਨ ਦੇਣਾ ਹੈ ਜਿਨ੍ਹਾਂ ਨੂੰ ਕੀਰਕੇਗਾਰਦ 'ਏ' ਅਤੇ 'ਬੀ' ਕਹਿੰਦਾ ਹੈ। 'ਏ' ਆਮ ਧਾਰਮਿਕ ਪੱਧਰ ਹੈ ਜੋ ਨੈਤਿਕ ਪੱਧਰ ਨਾਲ਼ ਨੇੜੇ ਦੇ ਸੰਬੰਧ ਪੈਦਾ ਕਰਨਾ ਆਸਾਨ ਕਰ ਦਿੰਦੀ ਹੈ। ਜਿਹੜਾ ਬੰਦਾ ਆਮ ਧਾਰਮਿਕ ਸਟੇਜ 'ਤੇ ਅਪੜ ਜਾਂਦਾ ਹੈ, ਉਹ ਮਹਿਸੂਸ ਕਰਦਾ ਹੈ ਕਿ ਉਹ ਪਰਮਾਤਮਾ ਦੀ ਗਤੀਸ਼ੀਲ ਸਹਾਇਤਾ ਬਿਨਾਂ ਨੈਤਿਕ ਲੋੜਾਂ ਪੂਰੀਆਂ ਨਹੀਂ ਕਰ ਸਕਦਾ। ਪਰ 'ਬੀ' ਸਟੇਜ ਵਿੱਚ ਆਤਮਨਿਸ਼ਠਤਾ ਦੀ ਸਚਾਈ ਨਾਲ਼ ਧਾਰਮਿਕ ਬੰਦਾ ਤੀਬਰ ਸਵੈ-ਚੇਤਨਾ ਰਾਹੀਂ ਰੱਬ ਨਾਲ਼ ਸੰਬੰਧਾਂ ਦਾ ਗਿਆਨਵਾਨ ਹੋ ਨਿਬੜਦਾ ਹੈ। ਇਹੋ ਕਾਰਨ ਹੈ ਕਿ ਕੀਰਕੇਗਾਰਦ ਇਸ ਸਟੇਜ ਨੂੰ 'ਛੁਪੇ ਜਜ਼ਬਾਤ ਦੀ ਧਾਰਮਿਕਤਾ' ਕਹਿੰਦਾ ਹੈ। ਇਹ ਵਿਵਹਾਰ ਰਹੱਸਵਾਦੀਆਂ ਅਤੇ ਬਹੁਤ ਸਾਰੇ ਕਾਫ਼ਰਾਂ ਦਾ ਵੀ ਹੁੰਦਾ ਹੈ।

**(iv) ਈਸਾਈ ਧਾਰਮਿਕ ਪੜਾਅ (Christian Religious Stage)**

ਆਮ ਧਾਰਮਿਕ ਸਟੇਜ ਨੂੰ ਧਾਰਨ ਕਰਨ ਵਾਲ਼ਾ ਬੰਦਾ, ਤੁਰੰਤ ਜਾਂ ਕੁੱਝ

ਦੇਰੀ ਨਾਲ਼ ਮਹਿਸੂਸ ਕਰਦਾ ਹੈ ਕਿ ਰੱਬ ਵੱਲ ਧੱਕੇ ਨਾਲ਼ ਜੁੜਨਾ ਕਾਫ਼ੀ ਨਹੀਂ ਹੈ। ਉਸਦੇ ਰੱਬ ਨਾਲ਼ ਸੰਬੰਧਾਂ ਵਿੱਚ ਹਮੇਸ਼ਾ ਗੁਨਾਹ ਦਾ ਸਾਥ ਰਹਿੰਦਾ ਹੈ ਕਿਉਂਕਿ ਚੇਤਨਾ ਦੇ ਵਧਣ ਕਾਰਨ ਉਹ ਨੈਤਿਕ ਲੋੜਾਂ ਨਾਲ਼ ਪੂਰਾ ਨਿਆਂ ਨਹੀਂ ਕਰ ਸਕਦਾ। ਨਤੀਜੇ ਵਜੋਂ ਉਹ ਰੱਬ ਤੋਂ ਦਿਨ-ਪ੍ਰਤੀ-ਦਿਨ ਦੂਰ ਹੁੰਦਾ ਜਾ ਰਿਹਾ ਹੈ। ਉਸ ਨੂੰ ਅਜਿਹਾ ਪ੍ਰਤੀਤ ਹੋਣ ਲਗਦਾ ਹੈ ਕਿ ਆਤਮ-ਨਿਸ਼ਠਤਾ ਸਚਾਈ ਨਹੀਂ ਹੈ ਕਿਉਂਕਿ ਉਹ ਅਸਲ ਵਿੱਚ ਆਪਣੀ ਚੇਤਨਾ ਵਿੱਚ ਡੂੰਘਾ ਜਾ ਕੇ ਰੱਬ ਤੋਂ ਦੂਰ ਹੋ ਜਾਂਦਾ ਹੈ। ਅਜਿਹੇ ਨਾਜ਼ਕ ਸਮੇਂ ਜਦੋਂ ਧਾਰਮਿਕ ਬੰਦਾ ਮਾਰੂਥਲ ਵਿੱਚ ਭਟਕ ਰਿਹਾ ਹੁੰਦਾ ਹੈ ਅਤੇ ਉਸਦਾ ਅਧਿਆਤਮਕ ਜੀਵਨ ਕੱਚੇ ਧਾਗੇ ਨਾਲ਼ ਲਟਕ ਰਿਹਾ ਹੁੰਦਾ ਹੈ, ਉਦੋਂ ਉਹ ਈਸਾਈ ਧਾਰਮਿਕਤਾ ਵੱਲ ਵਿਸ਼ੇਸ਼ ਪਰਿਵਰਤਨ ਲਈ ਸੰਪੂਰਨਤਾ ਗ੍ਰਹਿਣ ਕਰ ਜਾਂਦਾ ਹੈ ਜਿਹੜਾ ਦੈਵੀ ਪ੍ਰਕਾਸ਼ ਵਿੱਚ ਪ੍ਰਗਟ ਹੁੰਦਾ ਹੈ।

**ਵਿਰੋਧਾਭਾਸ (The Paradox)**

ਅਜਿਹੀ ਸਚਾਈ ਕਿ ਰੱਬ ਨੇ ਜਨਮ ਲੈ ਲਿਆ ਬਾਰੇ ਠੋਸ ਸਚਾਈ ਇਸਦਾ ਸਮੇਂ ਸਿਰ ਪ੍ਰਗਟਾਵਾ ਕਰਦੀ ਹੈ, ਇਹ ਆਪਣੇ ਆਪ ਵਿੱਚ ਇੱਕ ਪੂਰਾ ਵਿਰੋਧਾਭਾਸ ਹੈ। ਕੀ ਕੇਵਲ ਦੈਵੀ ਅਵਤਾਰ ਦੀ ਸਹਾਇਤਾ ਨਾਲ਼ ਉਸ ਰੱਬ ਨਾਲ਼ ਸੰਬੰਧ, ਮੁੜ ਕਾਇਮ ਕੀਤੇ ਜਾ ਸਕਦੇ ਹਨ ? ਉਦਾਹਰਨ ਵਜੋਂ ਉਸ ਅੰਤਰ ਪ੍ਰੇਰਨਾ ਸਦਕਾ ਜੋ ਬਾਹਰੋਂ ਆਈ ਹੈ ਨਾ ਕਿ ਬੰਦੇ ਦੇ ਆਪਣੇ ਦਿਲ ਦੀਆਂ ਡੂੰਘਾਣਾਂ ਵਿੱਚੋਂ ਉਤਪੰਨ ਹੋਈ ਹੈ। ਧਾਰਮਿਕ ਸ਼ਖ਼ਸੀਅਤ ਲਈ ਈਸਾਈ ਮੰਗ ਪਰਵਾਨ ਕਰਨ ਦੀ ਵਿਧੀ ਤੀਬਰ ਸੰਵੇਦਨਾ ਦੇ ਦਰਦ ਦੀ ਹੈ ਜੋ ਕਿ ਪਹਿਲੀ ਧਾਰਮਿਕ ਸਟੇਜ ਦਾ ਲੱਛਣ ਹੈ ਅਤੇ ਇਹੋ ਹੁਣ ਸੰਭਵ ਉਚੇਰੀ ਡਿਗਰੀ ਵੱਲ ਤੀਬਰ ਹੋ ਗਈ ਹੈ ਅਤੇ ਗੁਨਾਹ ਦੀ ਚੇਤਨਾ ਪਾਪ ਦੀ ਚੇਤਨਾ ਦਾ ਰੂਪ ਧਾਰ ਜਾਂਦੀ ਹੈ।

**ਚੋਣ (The Choice)**

ਚੋਣ, ਚੁਨਣ ਦੀ ਯੋਗਤਾ ਦੀ ਪੂਰਵ ਧਾਰਨਾ ਹੁੰਦੀ ਹੈ ਅਤੇ ਇਉਂ ਸੁਤੰਤਰ ਮਰਜ਼ੀ ਪੈਦਾ ਹੁੰਦੀ ਹੈ। ਕੀਰਕੇਗਾਰਦ ਮਰਜ਼ੀ ਦੀ ਸੁਤੰਤਰਤਾ ਨੂੰ ਬਿਨਾਂ ਸ਼ਰਤ ਮੰਨਣ ਦਾ ਸਮਰਥਕ ਨਹੀਂ ਸੀ। ਇਸਨੂੰ ਉਹ ਬੌਧਿਕ ਪੁਆੜਾ ਕਹਿੰਦਾ ਸੀ। ਸੁਤੰਤਰ ਮਰਜ਼ੀ ਤੋਂ ਉਸਦਾ ਭਾਵ ਆਪਣੇ ਲਈ ਚੋਣ ਸੀ ਅਤੇ ਇਉਂ ਉਸਦਾ ਭਾਵ ਨੇਕੀ ਅਤੇ ਬਦੀ ਦਰਮਿਆਨ ਚੁਨਣ ਦੀ ਯੋਗਤਾ ਸੀ। ਇਸ ਪ੍ਰਕਾਰ ਇਹ ਇੱਕ ਨੈਤਿਕ ਸੁਤੰਤਰਤਾ ਸੀ। ਇਸ ਤੋਂ ਉਸਦਾ ਭਾਵ ਨੈਤਿਕ ਜੀਵਨ ਜਿਉਣ ਦੀ ਸੁਤੰਤਰਤਾ ਸੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਬੰਦਾ ਆਪਣੀ ਸੁਤੰਤਰਤਾ ਗੁਆ ਬੈਠਦਾ ਹੈ।

**ਸੰਸ਼ਲੇਸ਼ਣ (Synthesis)**

ਸਵੈ ਦੀ ਚੋਣ ਬੜਾ ਅਜੀਬ ਜਿਹਾ ਵਿਚਾਰ ਹੈ ਪਰ ਕੀਰਕੇਗਾਰਦ ਲਈ ਇਹ ਸਪਸ਼ਟ ਹੈ। ਉਸਨੇ ਸਵੈ ਨੂੰ ਰੂਹ ਨਾਲ਼ ਜੋੜਿਆ ਅਤੇ ਰੂਹ ਨੂੰ ਬੰਦੇ ਨਾਲ਼। ਇਸ ਥੋੜ-ਚਿਰ ਵਾਲ਼ੇ ਜੀਵ ਨੂੰ ਅਸੀਮ ਨਾਲ; ਸੰਜੋਗ ਅਤੇ ਸਦੀਵਤਾ ਨੂੰ ਆਜ਼ਾਦੀ ਅਤੇ ਲੋੜ ਨਾਲ਼ ਜੋੜਿਆ। ਦੂਜੇ ਸ਼ਬਦਾਂ ਵਿੱਚ ਇਹ ਸੰਜੋਗ ਸੁਤੰਤਰ ਵਿਰੋਧਾਭਾਸ਼ ਦਾ ਜੋੜ ਮੇਲ ਸੀ। ਪ੍ਰਤੱਖ ਤੌਰ 'ਤੇ ਅਜਿਹੇ ਵਿਰੋਧਾਂ ਨੂੰ ਮਿਲਾਉਣਾ ਸੌਖਾ ਕੰਮ ਨਹੀਂ ਸੀ ਅਤੇ ਇਸਨੂੰ ਸੰਭਵ ਬਣਾਉਣ ਹਿਤ ਅਜਿਹਾ ਵਿਸ਼ਵਾਸ ਕਰਨ ਦੀ ਲੋੜ ਹੈ ਕਿ ਇੱਕ ਜੋੜ ਦੂਜੇ ਨਾਲ਼ੋਂ ਵੱਧ ਮਹੱਤਵਪੂਰਨ ਹੈ। ਦੂਜੇ ਇਹ ਕਿ 'ਸਦੀਵੀ' ਅਲਪਕਾਲਿਕ ਨਾਲ਼ੋਂ ਜ਼ਿਆਦਾ ਮੁੱਲਵਾਨ ਹੈ ਆਦਿ। ਉਦਾਹਰਨ ਵਜੋਂ ਜੇ ਅਸੀਂ ਸੁਮੇਲ ਵਿੱਚ ਅਲਪਕਾਲਿਕ ਨੂੰ ਵੱਧ ਮਹੱਤਵ ਦਿੰਦੇ ਹਾਂ ਤਾਂ ਅਸੀਂ ਤੁਰੰਤ ਸੁਹਜਾਤਮਕ ਸਟੇਜ ਵੱਲ ਮੁੜ ਜਾਂਦੇ ਹਾਂ ਅਤੇ ਵਿਲਾਸਤਾ ਨੂੰ ਪਹਿਲ ਦੇਣ ਲੱਗਦੇ ਹਾਂ।

**ਤੀਬਰ ਵੇਦਨਾ (ANGST)**

ਸੁਹਜਾਤਮਕ ਸ਼ਖ਼ਸੀਅਤ ਜਿਹੜੀ ਇਸ ਸੰਸਾਰ ਨੂੰ ਪਹਿਲ ਦਿੰਦੀ ਹੈ, ਉਹ ਇਸ ਤੱਥ ਤੋਂ ਅਣਜਾਨ ਨਹੀਂ ਰਹਿ ਸਕਦੀ ਕਿ 'ਸਦੀਵਤਾ' ਦਾ ਛਿਣ ਤਾਂ ਉਸਦੇ ਅੰਦਰ ਹੈ ਅਤੇ ਇਸੇ ਦਾ ਨਤੀਜਾ ਦੁੱਖ ਹੁੰਦਾ ਹੈ। ਫਿਰ ਵੀ ਹੌਲ਼ੀ-ਹੌਲ਼ੀ ਉਸਦੇ ਅੰਦਰ ਸੁਪਨੇ ਵਰਗਾ ਪ੍ਰਗਟਾਵਾ ਹੁੰਦਾ ਹੈ ਅਤੇ ਇਹੋ ਸੁਪਨਈ ਚੇਤਨਾ ਸੰਤਾਪ ਪੈਦਾ ਕਰਦੀ ਹੈ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਜਿਤਨੀ ਸੰਵੇਦਨਸ਼ੀਲਤਾ ਨਾਲ਼ ਇਹ ਸੁਹਜਾਤਮਕ ਤੱਤ ਪ੍ਰਗਟਾਵਾ ਕਰਦਾ ਹੈ, ਉਨ੍ਹਾਂ ਹੀ ਗਹਿਰਾ ਸੰਤਾਪ ਹੋਵੇਗਾ। ਆਪਣੀ ਜ਼ਿੰਮੇਵਾਰੀ ਨਾ ਨਿਭਾ ਸਕਣ ਸੰਬੰਧੀ ਚੇਤਨਾ ਮਨੁੱਖ ਦੇ ਸੰਤਾਪ ਵਿਚ ਵਾਧਾ ਕਰਦੀ ਹੈ। ਜਿਸ ਬੰਦੇ ਵਿੱਚੋਂ ਰੂਹ ਹੀ ਗ਼ੈਰਹਾਜ਼ਰ ਹੈ, ਉਸਨੂੰ ਸੰਤਾਪ ਨਹੀਂ ਹੋਵੇਗਾ। ਅਜਿਹੇ ਬੰਦੇ ਤਾਂ ਮਨਮੌਜੀ ਅਤੇ ਢੀਠ ਹੁੰਦੇ ਹਨ, ਬਸ ਆਪਣੇ ਆਪੇ ਵਿਚ ਸੰਤੁਸ਼ਟ ਰਹਿੰਦੇ ਹਨ।

**ਉਪਰਾਮਤਾ (Despair)**

ਆਪਣੀ ਦੂਹਰੀ ਪ੍ਰਕ੍ਰਿਤੀ ਤੋਂ ਚੇਤਨ ਅਤੇ ਆਪਣੇ ਆਪ ਨੂੰ ਸਦੀਵੀ ਹੋਂਦ ਮੰਨਦਿਆਂ, ਬੰਦੇ ਨੂੰ ਯਕੀਨ ਨਹੀਂ ਕਿ ਸਭ ਕੁਸ਼ਲ ਹੈ। ਕਿਉਂਕਿ ਬੰਦੇ ਦੀ ਸਦੀਵਤਾ ਵਾਲੀ ਪ੍ਰਕ੍ਰਿਤੀ ਤੇ ਬਿਮਾਰੀ ਹਮਲਾ ਕਰ ਸਕਦੀ ਹੈ। ਰੂਹ ਦੀ ਪ੍ਰਕ੍ਰਿਤੀ ਐਨ ਅਜਿਹੀ ਹੁੰਦੀ ਹੈ। ਬਿਮਾਰੀ ਇਹ ਹੈ ਕਿ ਉਹ ਆਪਦੀ ਬਣਨਾ ਨਹੀਂ ਚਾਹੁੰਦੀ ਅਤੇ ਇਹ ਕਿ ਉਹ ਹੋਰ ਕੁੱਝ ਬਣਨਾ ਚਾਹੁੰਦੀ ਹੈ। ਉਹ ਆਪਣੇ ਆਪ ਤੋਂ ਛੁਟਕਾਰਾ ਚਾਹੁੰਦੀ ਹੈ ਅਤੇ ਇਉਂ ਰੱਬ ਨਾਲ਼ ਆਪਣੇ ਸੰਬੰਧਾਂ ਤੋਂ ਇਨਕਾਰੀ ਹੈ ਜਿਸ ਰੱਬ ਨੇ ਉਸਦੀ ਸਿਰਜਨਾ ਕੀਤੀ ਹੈ। ਇਸ ਨੂੰ ਕੀਰਕੇਗਾਰਦ Sickness

unto Death ਕਹਿੰਦਾ ਹੈ। ਇਹ ਬਿਮਾਰੀ ਸਰਬ-ਵਿਆਪਕ ਹੈ। ਸੰਸਾਰ ਵਿੱਚ ਕੋਈ ਬੰਦਾ ਅਜਿਹਾ ਨਹੀਂ ਜਿਸ ਵਿੱਚ ਇਸ ਦੇ ਕਿਰਮ ਨਾ ਹੋਣ, ਭਾਵੇਂ ਉਸਨੂੰ ਪਤਾ ਹੈ ਜਾਂ ਨਹੀਂ। ਧਾਰਮਿਕ ਬੰਦਾ ਇਸ ਤੋਂ ਛੁਟਕਾਰਾ ਪਾ ਸਕਦਾ ਹੈ ਪਰ ਉਹ ਵੀ ਕਾਫ਼ੀ ਸੰਘਰਸ਼ ਨਾਲ਼। ਦਰਅਸਲ ਉਪਰਾਮਤਾ ਦੀਆਂ ਕਈ ਕਿਸਮਾਂ ਹਨ। 1. ਇਸ ਗੱਲ ਤੋਂ ਸੁਚੇਤ ਨਾ ਹੋਣਾ ਕਿ ਬੰਦੇ ਦੀ ਆਤਮਕ, ਮਾਨਸਿਕ ਅਤੇ ਸਰੀਰਕ ਹੋਂਦ ਵੀ ਹੈ, ਅਜਿਹੀ ਸਥਿਤੀ ਨੂੰ ਰੂਹਾਨੀਅਤ ਰਹਿਤ ਉਪਰਾਮਤਾ (The Despair of Spiritlessness) ਕਿਹਾ ਜਾਂਦਾ ਹੈ। 2. ਇਹ ਪਤਾ ਹੋਣਾ ਕਿ ਬੰਦੇ ਦੀ ਅੰਤਰੀਵੀ ਹੋਂਦ ਹੈ ਪਰ ਉਪਰਾਮਤਾ ਅਜਿਹੀ ਕਿ ਉਹ ਅੰਤਰੀਵੀ ਹੋਂਦ ਬਣਨਾ ਨਹੀਂ ਚਾਹੁੰਦਾ। ਇਸ ਨੂੰ ਪੂਰਨ ਜਾਣਕਾਰੀ ਦੀ ਉਪਰਾਮਤਾ (The Despair of encapsulation) ਕਿਹਾ ਜਾਂਦਾ ਹੈ। 3. ਅੰਤਰੀਵ ਦੀ ਸਮਝ ਕਾਰਨ ਸਵੈ ਨੂੰ ਦ੍ਰਿੜ ਕਰਨ ਦੀ ਇੱਛਾ ਪਰ ਰੱਬੀ ਨਿਰਭਰਤਾ ਨਾਲ਼ ਇਸ ਨੂੰ ਸੰਬੰਧਤ ਨਾ ਕਰਨ ਨੂੰ ਵਿਰੋਧਤਾ ਦੀ ਉਦਾਸੀਨਤਾ (The Despair of Defiance) ਆਖਦੇ ਹਨ।

ਉਪਰਾਮਤਾ ਦਾ ਵਧਣਾ ਸਾਡੀਆਂ ਸੰਭਾਵਨਾਵਾਂ ਦੇ ਵਧਣ ਦਾ ਚਿੰਨ੍ਹ ਬਣਦੀ ਹੈ। ਕੀਰਕੇਗਾਰਦ ਇਸ ਪਾਖੰਡ ਦਾ ਵਿਰੋਧੀ ਸੀ ਕਿ ਅਧਿਆਤਮਕਤਾ ਦਾ ਬਹਾਨਾ ਬਣਾਕੇ ਦੁਨਿਆਵੀ ਜੀਵਨ ਵਿੱਚ ਮੌਜ-ਮੇਲਾ ਕੀਤਾ ਜਾਵੇ।

**ਵਿਸ਼ਵਾਸ (Faith)**

ਵਿਸ਼ਵਾਸ ਬੇਹੱਦ ਤੀਬਰ ਲਾਲਸਾ ਅਤੇ ਬਾਹਰੀ ਅਵਿਸ਼ਵਾਸ ਵਿਚਕਾਰ ਟਕਰਾਉ ਵਿੱਚੋਂ ਪੈਦਾ ਹੁੰਦਾ ਹੈ। ਭਰੋਸਾ, ਅਧਿਆਤਮਵਾਦੀ ਸਮਝ ਅਨੁਸਾਰ ਤੀਬਰ ਲਾਲਸਾ ਅਤੇ ਬਾਹਰਮੁਖਤਾ ਨੂੰ ਵਧਾਉਂਦਾ ਹੈ। ਰੱਬ ਵਿੱਚ ਭਰੋਸਾ ਕੀਰਕੇਗਾਰਦ ਲਈ ਹਨੇਰੇ ਵਿੱਚ ਛਾਲ (Leap in the dark) ਹੈ।

**ਸਮਕਾਲੀਨਤਾ (Contemporaniety)**

ਈਸਾਈ, ਈਸਾ ਨੂੰ ਕਿਸੇ ਤਰਕ ਅਨੁਸਾਰ ਨਹੀਂ ਸਮਝਦੇ। ਉਹ ਤਾਂ ਉਸਨੂੰ ਆਪਣੇ ਸਮਕਾਲੀ ਵਜੋਂ ਗ੍ਰਹਿਣ ਕਰਦੇ ਹਨ। ਇਉਂ ਉਹ ਇਤਿਹਾਸਕ ਦੂਰੀਆਂ ਪਾਰ ਕਰਕੇ ਅਤੇ ਆਵੇਗ ਅਨੁਸਾਰ ਇਸ ਯਥਾਰਥ ਨੂੰ ਮੰਨਦੇ ਹਨ।

**ਦੁਹਰਾਓ (Reduplication)**

ਇਸਦਾ ਭਾਵ ਕਹਿਣੀ ਅਤੇ ਕਰਨੀ ਦਾ ਇੱਕ ਹੋਣਾ। ਪ੍ਰਚਾਰਕ ਨੂੰ ਆਪਣਾ ਜੀਵਨ ਅਜਿਹਾ ਹੀ ਬਣਾਉਣਾ ਚਾਹੀਦਾ ਹੈ ਜੇਹੋ ਜਿਹਾ ਉਹ ਪ੍ਰਚਾਰ ਕਰਦਾ ਹੈ। ਪਰ ਨੋਟ ਕਰਨਾ ਬਣਦਾ ਹੈ ਕਿ ਕੀਰਕੇਗਾਰਦ ਪ੍ਰਚਾਰਕ ਨਹੀਂ ਸੀ।

**ਇਕਬਾਲ (The Admission)**

ਕੀਰਕੇਗਾਰਦ ਨੇ ਸਮੇਂ ਦੇ ਪਾਦਰੀਆਂ ਅਤੇ ਚਰਚਾਂ ਦੀ ਵਿਵਸਥਾ 'ਤੇ


ਹਮਲਾ ਕੀਤਾ। ਪਾਦਰੀ ਐਸ਼ਪ੍ਰਸਤੀ ਦਾ ਜੀਵਨ ਬਤੀਤ ਕਰਦੇ ਸਨ ਪਰ ਉਹ ਇਸਦਾ ਇਕਬਾਲ ਨਹੀਂ ਕਰਦੇ ਸਨ। ਆਪਣੀਆਂ ਆਰਾਮਪ੍ਰਸ਼ਤੀ ਵਾਲੀਆਂ ਗੱਲਾਂ ਨੂੰ ਹੀ ਇਸਾਈਅਤ ਕਹਿਣ ਵਿੱਚ ਸ਼ਰਮਿੰਦਗੀ ਮਹਿਸੂਸ ਨਹੀਂ ਕਰਦੇ ਸਨ।

**ਮਨੁੱਖ ਸੰਸ਼ਲੇਸ਼ਣ ਹੈ (Synthesis)**

ਕੀਰਕੇਗਾਰਦ ਅਨੁਸਾਰ ਮਾਨਵ ਭਿੰਨ-ਭਿੰਨ ਤੱਤਾਂ ਦਾ ਸੰਸ਼ਲੇਸ਼ਣ ਹੈ। ਉਹ ਕਹਿੰਦਾ ਹੈ ਕਿ ਮਾਨਵ ਸੁਤੰਤਰਤਾ ਅਤੇ ਲੋੜ; ਸੀਮਤ ਅਤੇ ਅਸੀਮਤ ਆਦਿ ਦਾ ਮਿਸ਼ਰਨ ਹੈ। ਕੀਰਕੇਗਾਰਦ ਨੂੰ ਪਤਾ ਸੀ ਕਿ ਉਹ ਇਸ ਮਿਸ਼ਰਨ ਨੂੰ ਸਿੱਧ ਨਹੀਂ ਕਰ ਸਕਦਾ। ਉਹ ਸੁਹਿਰਦਤਾ ਨਾਲ ਕਹਿੰਦਾ ਹੈ ਕਿ ਜਾਂ ਤਾਂ ਇਸ ਗੱਲ ਨੂੰ ਮੰਨ ਲਿਆ ਜਾਏ ਜਾਂ ਇਸਨੂੰ ਪੜ੍ਹਿਆ ਹੀ ਨਾ ਜਾਏ।

**ਡਰ (Dread)**

ਡਰ ਦੇ ਸੰਕਲਪ ਨੂੰ ਉਹ ਵਿਵਹਾਰਵਾਦੀਆਂ ਨਾਲੋਂ ਵੱਖਰੀ ਦ੍ਰਿਸ਼ਟੀ ਅਨੁਸਾਰ ਸਮਝਦਾ ਹੈ। ਉਸ ਨੇ ਇਸ ਵਿਸ਼ੇ ਤੇ ਵੱਖਰੀ ਪੁਸਤਕ ਵੀ ਲਿਖੀ ਹੈ। ਉਹ ਡਰ ਨੂੰ ਕਿਸੇ ਬਾਹਰੀ ਵਸਤੂ ਵਜੋਂ ਗ੍ਰਹਿਣ ਨਹੀਂ ਕਰਦਾ। ਉਹ ਇਸਨੂੰ ਖ਼ਤਰੇ (Fear) ਜਾਂ ਭੈ-ਭੀਤ (being afraid) ਵਜੋਂ ਵੀ ਨਹੀਂ ਲੈਂਦਾ। ਕੀਰਕੇਗਾਰਦ ਲਈ ਡਰ ਇੱਕ ਅੰਦਰੂਨੀ ਅਹਿਸਾਸ ਹੈ ਜੋ ਬੰਦੇ 'ਤੇ ਉਦੋਂ ਹਮਲਾ ਕਰਦਾ ਹੈ ਜਦੋਂ ਉਹ ਬਾਹਰੀ ਅਤੇ ਅੰਤਰੀਵੀ ਪ੍ਰਕ੍ਰਿਤਕ ਸ਼ਕਤੀਆਂ ਦਰਮਿਆਨ ਆਪਣੇ ਅਸਤਿਤਵ ਨੂੰ ਘਿਰਿਆ ਵੇਖਦਾ ਹੈ। ਦੂਜੇ ਸ਼ਬਦਾਂ ਵਿਚ ਡਰ ਦੋ ਸ਼ਬਦਾਂ ਦਾ ਕਾਟਵਾਂ-ਬਿੰਦੂ ਹੈ ਜੋ ਵਿਅਕਤੀ ਦੇ ਅੰਦਰ ਪ੍ਰਗਟ ਹੁੰਦੀਆਂ ਹਨ। ਪ੍ਰਕਿਰਤੀ ਰੂਹ ਨੂੰ ਅਤੇ ਲੋੜ ਸੁਤੰਤਰਤਾ ਨੂੰ ਕਾਟ ਕਰਦੀ ਹੈ। ਡਰ ਦੇ ਇਸ ਬਿੰਦੂ ਨੂੰ ਹੇਠ ਦਿੱਤੇ ਚਿੱਤਰ ਅਨੁਸਾਰ ਸਮਝਾਇਆ ਜਾ ਸਕਦਾ ਹੈ :



## ਡਰ ਬਨਾਮ ਸੁਤੰਤਰਤਾ (Dread vs Freedom)

ਕੀਰਕੇਗਾਰਦ ਦਾ ਮੱਤ ਹੈ ਕਿ ਬੰਦੇ ਨੂੰ ਕਿਸੇ ਵੀ ਪ੍ਰਕਾਰ ਦੀ ਚੋਣ ਸਮੇਂ ਇਹ ਫ਼ੈਸਲਾ ਕਰਨਾ ਪੈਣਾ ਹੈ ਕਿ ਉਸਨੇ ਪ੍ਰਕਿਰਤਕ ਸੰਸਾਰ ਅਨੁਸਾਰ ਚੋਣ ਕਰਨੀ ਹੈ ਜਾਂ ਦ੍ਰਿੜ੍ਹਤਾ ਨਾਲ਼ ਰੂਹ ਦੀ ਆਵਾਜ਼ ਪ੍ਰਤੀ ਉੱਤਰਦਾਈ ਹੋਣਾ ਹੈ ਜਿਸਦਾ ਡਰ ਦੁਆਰਾ ਪ੍ਰਗਟਾਵਾ ਹੁੰਦਾ ਹੈ। ਇਉਂ ਕਾਰਜ ਅਤੇ ਚੋਣ ਸੁਤੰਤਰ ਸੰਸਾਰ ਨਾਲ਼ ਤਾਲਮੇਲ ਕਰਦੇ ਹਨ ਅਤੇ ਡਰ ਸੁਤੰਤਰਤਾ ਦੀ ਸੰਭਾਵਨਾ ਹੁੰਦੀ ਹੈ।

## ਸੁਤੰਤਰਤਾ (Freedom)

ਕੀਰਕੇਗਾਰਦ ਅਨੁਸਾਰ ਸੁਤੰਤਰਤਾ ਇੱਕ ਸੱਚਾਈ ਹੈ। ਇਸਨੂੰ ਪਰਿਭਾਸ਼ਤ ਕਰਨ ਦੀ ਲੋੜ ਨਹੀਂ। ਇਸਦਾ ਲੱਛਣ ਇਹ ਹੈ ਕਿ ਇਸਨੂੰ ਹੂ-ਬ-ਹੂ ਪ੍ਰਤਿਬਿੰਬਤ ਨਹੀਂ ਕੀਤਾ ਜਾ ਸਕਦਾ। ਇਹ ਕਿਸੇ ਬੰਦੇ ਪਾਸ ਜਾਂ ਹੈ, ਜਾਂ ਨਹੀਂ। ਜਿਸ ਪਾਸ ਹੈ ਉਹ ਸੁਤੰਤਰ ਅਮਲ ਕਰਦਾ ਹੈ, ਦੂਸਰਾ ਇੰਜ ਅਮਲ ਨਹੀਂ ਕਰ ਸਕਦਾ। ਜੋ ਸੁਤੰਤਰ ਅਮਲ ਨਹੀਂ ਕਰਦਾ ਉਸਦੇ ਸਵੈ ਦੀਆਂ ਸੰਭਾਵਨਾਵਾਂ ਵੀ ਨਹੀਂ ਹੁੰਦੀਆਂ। ਸੁਤੰਤਰਤਾ ਪੂਰਨ ਰੂਪ ਵਿਚ ਸਥੂਲ ਹੁੰਦੀ ਹੈ। ਇਹ ਤਾਂ ਬੰਦੇ ਦਾ ਅਜਿਹਾ ਸੰਸਾਰ ਹੁੰਦਾ ਹੈ ਜੋ ਹਰ ਘੜੀ ਆਪਣੀ ਚੋਣ ਨੂੰ ਯਥਾਰਥ ਰੂਪ ਦੇਣ ਲਈ ਨਿਰੰਤਰ ਉਤਾਵਲਾ ਰਹਿੰਦਾ ਹੈ।

## ਕੀਰਕੇਗਾਰਦ ਦਾ ਮਨੋਵਿਗਿਆਨ (Kierkegaard's Psychology)

ਕੀਰਕੇਗਾਰਦ ਦੇ ਮਨੋਵਿਗਿਆਨ ਦਾ ਧਰਮ-ਸ਼ਾਸਤਰ ਜਾਂ ਭੂਤਕਾਲ ਨਾਲ ਕੋਈ ਸੰਬੰਧ ਨਹੀਂ। ਪੀਟਰ ਰੋਹਡੇ (Peter Rohde) ਅਨੁਸਾਰ ਇਹ ਤਾਂ ਰੂਹ ਦਾ ਚਿੱਤਰਨ (Soul-Description) ਹੈ ਜਿਸਨੂੰ ਉਚਿਤ ਆਧਾਰ ਪ੍ਰਾਪਤ ਹੈ। ਇਸ ਪੱਖ ਤੋਂ ਆਧੁਨਿਕ ਮਨੋਵਿਗਿਆਨ ਕੀਰਕੇਗਾਰਦ ਤੋਂ ਕਾਫ਼ੀ ਕੁੱਝ ਸਿੱਖ ਸਕਦੀ ਹੈ। ਸਾਡੇ ਸਮੇਂ ਦੀ ਮਨੋਵਿਗਿਆਨ ਵਿਗਿਆਨ ਤਾਂ ਹੈ। ਪਰ ਇਹ ਵਿਵਿਹਾਰਿਕ ਵਿਗਿਆਨ (Behaviourist Science) ਹੈ ਜੋ ਪ੍ਰਕ੍ਰਿਤਕ ਵਿਗਿਆਨ ਨਾਲ ਸੰਬੰਧਤ ਹੈ ਜਿਸ ਅਨੁਸਾਰ ਬੰਦਿਆਂ ਅਤੇ ਜਾਨਵਰਾਂ ਵਿਚ ਕੋਈ ਬੁਨਿਆਦੀ ਅੰਤਰ ਨਹੀਂ ਅਤੇ ਦੋਵਾਂ ਦਾ ਅਧਿਐਨ ਇੱਕੋ ਸਿਰਲੇਖ ਹੇਠ ਕੀਤਾ ਜਾਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਵਿਵਿਹਾਰਿਕ ਮਨੋਵਿਗਿਆਨ ਦੀ ਖੋਜ ਵੀ ਬੜੇ ਸਾਰਥਕ ਨਤੀਜਿਆਂ 'ਤੇ ਅਪੜਦੀ ਹੈ ਪਰ ਇਹ ਮਨੁੱਖੀ ਸੁਤੰਤਰਤਾ ਨੂੰ ਅਮੂਰਤ ਕਰ ਦਿੰਦੀ ਹੈ।

## ਸੋਚਿਆ ਯਥਾਰਥ (Conceived Reality)

ਕੀਰਕੇਗਾਰਦ ਸੋਚਿਆ ਯਥਾਰਥ ਉਸਨੂੰ ਕਹਿੰਦਾ ਹੈ, ਜਿਸ ਕੰਮ ਨੂੰ ਕਰਨ ਬਾਰੇ ਅਜੇ 'ਮੈਂ' ਸੋਚਿਆ ਹੈ ਪਰ ਕੀਤਾ ਨਹੀਂ- ਉਹ ਇਸਨੂੰ ਇੱਕ

ਸੰਭਾਵਨਾ (Possibility) ਕਹਿੰਦਾ ਹੈ। ਜਦੋਂ 'ਮੈਂ' ਕਿਸੇ ਅਜਿਹੇ ਕਾਰਜ ਬਾਰੇ ਸੋਚਦਾ ਹਾਂ ਜੋ ਕਿਸੇ ਨੇ ਪੂਰਾ ਕਰ ਲਿਆ ਹੈ, ਇਹ ਮੇਰੇ ਲਈ ਇੱਕ ਸੰਭਾਵਨਾ ਹੀ ਹੈ। ਇੰਜ ਸੋਚਿਆ ਯਥਾਰਥ ਵਿਚਾਰ ਦੀ ਦ੍ਰਿਸ਼ਟੀ ਤੋਂ ਬੜਾ ਉੱਚਾ ਜਾਪਦਾ ਹੈ ਪਰ ਇਹ ਅਸਲੀ ਯਥਾਰਥ ਨਹੀਂ। ਕਿਹਾ ਜਾ ਸਕਦਾ ਕਿ ਬੰਦੇ-ਬੰਦੇ ਵਿਚਕਾਰ ਨੈਤਿਕਤਾ ਦੀ ਦ੍ਰਿਸ਼ਟੀ ਤੋਂ ਕੋਈ ਫੌਰੀ ਸੁਮੇਲ ਨਹੀਂ। ਦੂਜੇ ਬੰਦੇ ਦਾ ਕੀਤਾ ਕੰਮ ਮੇਰੇ ਲਈ ਕੇਵਲ ਸੰਭਾਵਨਾ ਹੀ ਹੈ ਅਰਥਾਤ ਸੋਚਿਆ ਯਥਾਰਥ ਹੀ ਹੈ। ਮੈਂ ਤਾਂ ਅਜੇ ਅਜਿਹਾ ਕੁੱਝ ਕਰਨਾ ਹੈ।

**ਇੱਕ-ਤਰਫ਼ਾਪਨ (One-Sidedness)**

ਹਰ ਇੱਕ ਨਾਮਵਰ ਵਿਅਕਤੀ ਵਿੱਚ ਆਪਣੇ ਤੌਰ 'ਤੇ ਕੁੱਝ ਨਾ ਕੁੱਝ ਵਿਲੱਖਣ (ਇੱਕ-ਤਰਫ਼ਾਪਨ) ਹੁੰਦਾ ਹੈ। ਇਸੇ ਇੱਕ-ਤਰਫ਼ਾਪਨ ਵਿੱਚ ਉਸਦੀ ਮਹਾਨਤਾ ਹੁੰਦੀ ਹੈ ਪਰ ਇਹ ਆਪਣੇ ਆਪ ਵਿੱਚ ਵਡੱਪਣ ਨਹੀਂ ਹੁੰਦਾ। ਅਜੋਕੀ ਪੀੜ੍ਹੀ ਵਿਗਿਆਨ ਅਤੇ ਬੌਧਿਕਤਾ ਵਿੱਚ ਇੱਕ-ਤਰਫ਼ੇਪਨ ਦਾ ਵਿਖਾਵਾ ਕਰ ਰਹੀ ਹੈ, ਪਰ ਕੀਰਕੇਗਾਰਦ ਅਨੁਸਾਰ ਬਦਕਿਸਮਤੀ ਇਹ ਨਹੀਂ ਕਿ ਅਜੋਕਾ ਸਮਾਂ ਇੱਕ-ਤਰਫ਼ੇਪਨ ਦਾ ਹੈ, ਸਗੋਂ ਦੁਰਭਾਗ ਤਾਂ ਇਹ ਹੈ ਕਿ ਇਹ ਅਮੂਰਤ ਰੂਪ ਵਿੱਚ ਸਭ ਪਾਸੇ (all-sided) ਹੈ। ਇੱਕ-ਤਰਫ਼ਾ ਵਿਅਕਤੀ ਗ਼ਲਤ ਗੱਲ ਨੂੰ ਜ਼ੋਰਦਾਰ ਸ਼ਬਦਾਂ ਵਿੱਚ ਰੱਦ ਕਰ ਦਿੰਦਾ ਹੈ ਜਦ ਕਿ ਸਭ ਪਾਸੇ ਵਾਲਾ ਆਪਣੀ ਇੱਕ-ਤਰਫ਼ੀ ਬੌਧਿਕਤਾ ਨਾਲ਼ ਦੋ-ਟੁੱਕ ਨਿਰਣਾ ਲੈਣ ਦੀ ਥਾਂ 'ਸੱਚੀ ਭੂਆ ਵੀ ਹੈ, ਝੂਠ ਫੁੱਫੜ ਵੀ ਨੀਂ ਬੋਲਦਾ' ਵਾਂਗ ਫ਼ੈਸਲੇ ਲੈ ਬਹਿੰਦਾ ਹੈ।

**ਗੁਣਾਤਮਕ ਆਧਾਰ (Qualitative Basis)**

ਪੀਟਰ ਰੋਹਡੇ (Peter Rohde) ਦਾ ਵਿਚਾਰ ਹੈ ਕਿ ਸੁਤੰਤਰਤਾ ਨੂੰ ਰੱਦ ਕਰਕੇ ਅਸੀਂ ਗੁਣਾਤਮਕਤਾ ਨੂੰ ਮੁੱਢੋਂ ਤਿਆਗ ਦਿੱਤਾ ਹੈ। ਸਾਡੇ ਵਿਗਿਆਨਕ ਕਾਰਨਵਾਦੀ ਕਥਨਾਂ ਨੇ ਨਾ ਕੇਵਲ ਧਰਮ ਨੂੰ ਸਗੋਂ ਨੈਤਿਕਤਾ ਨੂੰ ਵੀ ਖਾਰਜ ਕਰ ਦਿੱਤਾ ਹੈ। ਹੁਣ ਇਨ੍ਹਾਂ ਦਾ ਕੋਈ ਮਹੱਤਵ ਨਹੀਂ ਰਿਹਾ। ਬੀਤੀਆਂ (ਦੋ) ਸਦੀਆਂ ਵਿੱਚ ਸਾਨੂੰ ਬਹੁਤ ਕਿਸਮ ਦੀਆਂ ਆਜ਼ਾਦੀਆਂ ਪ੍ਰਾਪਤ ਹੋਈਆਂ ਹਨ-ਰਾਜਨੀਤਕ ਸੁਤੰਤਰਤਾ, ਕਿਰਤ ਦੀ ਸੁਤੰਤਰਤਾ, ਆਰਥਿਕ ਸੁਤੰਤਰਤਾ, ਕਾਮੁਕ ਸੁਤੰਤਰਤਾ, ਪ੍ਰਗਟਾਵੇ ਦੀ ਸੁਤੰਤਰਤਾ ਪਰ ਅੰਤਰੀਵੀ ਸੁਤੰਤਰਤਾ ਦੀ ਚੇਤਨਾ (Consciousness of inner freedom) ਗੁਆਚ ਗਈ ਹੈ। ਇੱਕ ਸੁਤੰਤਰਤਾ ਨੂੰ ਦੂਜੀ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ। ਸੁਤੰਤਰਤਾ ਨੂੰ ਇੱਕ ਭਰਮ-ਭੁਲਾਵਾ ਕਹਿਕੇ ਜੀਵਨ ਅਤੇ ਮਨੁੱਖ ਜਾਤੀ ਸੰਬੰਧੀ ਉਚਿਤ ਦ੍ਰਿਸ਼ਟੀਕੋਣ ਨਹੀਂ ਬਣਾਇਆ ਜਾ ਸਕਦਾ। ਫਿਰ ਵੀ ਉਸੇ ਸਮੇਂ ਲੋਕਾਂ ਤੋਂ ਇਹ ਆਸ ਕਰਨੀ ਤੁਸੀਂ ਸੁਤੰਤਰ ਵਿਅਕਤੀ ਹੋ ਅਤੇ ਆਪਣੇ ਅਮਲਾਂ ਲਈ ਜ਼ਿੰਮੇਵਾਰ ਹੋ, ਸਹੀ ਨਹੀਂ ਜਾਪਦਾ।

ਜੀਵਨ ਦੇ ਸਹੀ ਦ੍ਰਿਸ਼ਟੀਕੋਨ ਲਈ ਸੁਤੰਤਰਤਾ ਅਤੇ ਲੋੜ ਦੇ ਸੁਮੇਲ ਵੱਲ ਇੱਕੋ ਸਮੇਂ ਧਿਆਨ ਦੇਣਾ ਬਣਦਾ ਹੈ। ਮਨੁੱਖੀ ਅਸਤਿਤਵ ਦੇ ਮਹੱਤਵ ਨੂੰ ਸਮਝਣ ਦੀ ਲੋੜ ਹੈ। ਅਜਿਹੀ ਜੀਵਨ-ਦ੍ਰਿਸ਼ਟੀ ਲਈ ਕੀਰਕੇਗਾਰਦ ਸੰਘਰਸ਼ ਕਰਦਾ ਰਿਹਾ ਸੀ। ਅਸਤਿਤਵ ਨੂੰ ਗੁਣਾਤਮਕ ਆਧਾਰ ਪ੍ਰਦਾਨ ਕਰਨਾ ਜ਼ਰੂਰੀ ਹੈ। ਸ਼ਾਇਦ ਇਸੇ ਕਾਰਨ ਕੀਰਕੇਗਾਰਦ ਨੇ ਆਪਣੀ ਪੁਸਤਕ ਦਾ ਨਾਂ ਅਤੇ ਉਪ ਨਾਂ Concluding unscientific Postscript : an existential Contribution ਰੱਖਿਆ ਹੋਣੈਂ।

## 2. ਮਾਰਟਿਨ ਬੂਬਰ (Martin Buber) 1878-1965

ਮਾਰਟਿਨ ਬੂਬਰ ਯਹੂਦੀਆਂ ਦਾ ਪ੍ਰਸਿੱਧ ਧਾਰਮਿਕ ਦਾਰਸ਼ਨਿਕ ਸੀ। ਉਸਦੀਆਂ ਮੁਢਲੀਆਂ ਲਿਖਤਾਂ 'ਤੇ ਰਹੱਸਵਾਦ ਦਾ ਪ੍ਰਭਾਵ ਸੀ। ਬੂਬਰ ਅਨੁਸਾਰ ਬੰਦਿਆਂ ਦਾ ਆਪਣੇ ਅਨੁਭਵ ਅਤੇ ਵਾਤਾਵਰਨ ਨਾਲ਼ ਦੂਹਰਾ ਸੰਬੰਧ ਹੈ। 1. ਸਥਿਤੀ-ਗਿਆਨ (Orientation) ਅਤੇ 2. ਸਾਕਾਰ ਕਰਨਾ (Realization) ਇਨ੍ਹਾਂ ਵਿੱਚੋਂ ਸਥਿਤੀ ਗਿਆਨ ਬਾਹਰਮੁਖੀ ਵਤੀਰਾ ਹੈ ਜੋ ਵਾਤਾਵਰਨ ਨੂੰ ਗਿਆਨ ਅਤੇ ਇਸਦੀ ਵਰਤੋਂ ਲਈ ਤਿਆਰ ਕਰਦਾ ਹੈ ਅਤੇ 'ਸਾਕਾਰ ਕਰਨਾ' ਦੁਆਰਾ ਜੀਵਨ ਦੇ ਅੰਤਰੀਵੀ ਅਰਥ ਪੈਦਾ ਹੁੰਦੇ ਹਨ ਅਤੇ ਇਹ ਤੀਬਰ ਪ੍ਰਤੱਖਣ ਅਤੇ ਹੋਂਦ ਵਿੱਚੋਂ ਪੈਦਾ ਹੁੰਦੇ ਹਨ। ਬੂਬਰ ਆਪਣੀ ਕਥਨੀ ਅਤੇ ਕਰਨੀ ਨਾਲ਼ ਆਪਣੇ ਅਸਤਿਤਵ ਨੂੰ ਪ੍ਰਮਾਣਿਕ ਬਣਾਉਣ ਵਿੱਚ ਸਫ਼ਲ ਹੋਇਆ।

## ਬੂਬਰ ਦੇ ਮੁੱਖ ਸੰਕਲਪ

**ਸੰਵਾਦ (Dialogue)**

ਜਦੋਂ ਬੰਦੇ ਆਪਸ ਵਿੱਚ ਗੱਲਾਂ ਕਰਦੇ ਹਨ, ਉਹ ਪ੍ਰਤੱਖ ਰੂਪ ਵਿੱਚ ਇੱਕ ਦੂਜੇ ਨੂੰ ਨੀਝ ਲਾ ਕੇ ਪੜਚੋਲਦੇ ਹਨ। ਨਿਰੀਖਕ, ਨਿਰੀਖਣ-ਅਧੀਨ ਦੇ ਚਿਹਰੇ ਨੂੰ ਵੀ ਪੜ੍ਹਦਾ ਹੈ। ਨਿਰੀਖਕ ਅਜਿਹੀ ਪੁਜੀਸ਼ਨ ਲੈਂਦਾ ਹੈ ਜਿਸ ਨਾਲ਼ ਉਹ ਆਪਣੇ ਆਬਜੈਕਟ ਨੂੰ ਸੁਤੰਤਰ ਰੂਪ ਵਿੱਚ ਵਿਚਰਦਾ ਵੇਖ ਸਕੇ। ਉਹ ਗੁਣਾਂ ਵੱਲ ਧਿਆਨ ਨਹੀਂ ਦਿੰਦਾ ਕਿਉਂਕਿ ਗੁਣ ਬੰਦੇ ਨੂੰ ਸਮਝਣ ਵਿੱਚ ਗੁੰਮਰਾਹ ਕਰਦੇ ਹਨ। ਇੱਕ ਦੂਜੇ ਨੂੰ ਜਾਣਨ ਵਾਲ਼ੇ ਬੰਦੇ ਜੋ ਬੋਲ ਬੋਲਦੇ ਹਨ, ਉਨ੍ਹਾਂ ਦਾ ਮਹੱਤਵ ਹੁੰਦਾ ਹੈ। ਬੂਬਰ ਬੰਦਿਆਂ ਨੂੰ 'ਮੈਂ-ਤੂੰ' ਸੰਬੰਧਾਂ ਵਿੱਚ ਰੁੱਝੇ ਵੇਖਦਾ ਹੈ। ਇਹ ਸੰਬੰਧ ਹੀ ਯਥਾਰਥਕ ਹੁੰਦੇ ਹਨ। 'ਮੈਂ-ਇਹ' ਸੰਬੰਧ ਤਾਂ ਕੇਵਲ ਇੱਕ ਦੂਜੇ ਔਲ੍ਹੇ ਖੜ੍ਹੇ ਹੀ ਦਿਸਿਆ ਕਰਦੇ ਹਨ। ਸੰਵਾਦ ਤਿੰਨ ਪ੍ਰਕਾਰ ਦੇ ਹਨ। ਸਹੀ ਸੰਵਾਦ ਸਮੇਂ ਦੂਜਾ ਹਾਜ਼ਰ ਹੁੰਦਾ ਹੈ। ਤਕਨੀਕੀ ਸੰਵਾਦ ਬਾਹਰੀ ਸਮਝ ਲਈ ਹੁੰਦਾ ਹੈ। ਮੋਨੋਲਾਗ ਇੱਕ-ਤਰਫ਼ਾ ਹੁੰਦਾ ਹੈ।

**ਪਰਿਵਰਤਨ ਸਮਾਂ (Moment of Transition)**

ਸਾਡਾ ਜੀਵਨ ਇਹ-ਲੋਕ ਅਤੇ ਉਹ-ਲੋਕ ਦਰਮਿਆਨ ਘਿਰਿਆ ਹੋਇਆ ਹੈ। ਇਨ੍ਹਾਂ ਵਿਚਕਾਰ ਕੋਈ ਸੰਬੰਧ ਨਹੀਂ। ਕੇਵਲ ਵਾਸਤਵਿਕ ਪਰਿਵਰਤਨ ਹੀ ਸਮੇਂ ਦਾ ਮਹੱਤਵ ਹੈ।

**ਸ਼ਬਦ (Word)**

ਜਦੋਂ ਬੰਦਾ ਪਰਮਾਤਮਾ ਨਾਲ਼ ਸੰਵਾਦ ਰਚਾਏ ਬਿਨਾਂ ਬੰਦਿਆਂ ਨਾਲ਼ ਗੱਲ ਕਰਨੀ ਚਾਹੁੰਦਾ ਹੈ ਤਾਂ ਉਸਦੇ ਸ਼ਬਦ ਸੰਪੂਰਨ ਨਹੀਂ ਮੰਨੇ ਜਾ ਸਕਦੇ। ਪਰਮਾਤਮਾ ਨਾਲ਼ ਸੰਵਾਦ ਰਚਾਉਣ ਦੇ ਨਾਲ਼-ਨਾਲ਼ ਬੰਦਿਆਂ ਨਾਲ਼ ਸੰਵਾਦ ਰਚਾਉਣਾ ਪਰਮਾਵੱਸ਼ਕ ਹੈ ਨਹੀਂ ਤਾਂ ਅਜਿਹੇ ਸ਼ਬਦ ਭਟਕਣ ਦੀ ਅਵਸਥਾ ਗ੍ਰਹਿਣ ਕਰ ਸਕਦੇ ਹਨ।

**ਜ਼ਿੰਮੇਵਾਰੀ (Responsibility)**

ਅਸਲੀ ਜ਼ਿੰਮੇਵਾਰੀ ਉੱਥੇ ਹੁੰਦੀ ਹੈ ਜਿੱਥੇ ਯਥਾਰਥਕ ਪ੍ਰਤਿ-ਉੱਤਰ ਹੁੰਦਾ ਹੈ। ਕਿਸੇ ਨਾਲ਼ ਕੀ ਵਾਪਰਦਾ ਹੈ? ਉਸਨੂੰ ਵੇਖਣਾ, ਸੁਣਨਾ ਅਤੇ ਮਹਿਸੂਸ ਕਰਨਾ ਬਣਦਾ ਹੈ। ਸਵੈ-ਜ਼ਿੰਮੇਵਾਰੀ ਉਦੋਂ ਪਾਰਦਰਸ਼ੀ ਬਣਦੀ ਹੈ ਜਦੋਂ ਇਹ ਸੁਤੰਤਰ ਹੁੰਦੀ ਹੈ। ਸੰਵਾਦ ਵਾਲਾ ਬੰਦਾ ਅਸਲ ਜ਼ਿੰਮੇਵਾਰੀ ਨਿਭਾਉਂਦਾ ਹੈ।

**ਬੰਦਾ ਅਤੇ ਰੱਬ (Man and God)**

ਬੰਦਾ ਲਕੀਰ ਦਾ ਫ਼ਕੀਰ ਨਹੀਂ। ਉਸ ਨੂੰ ਸੁਤੰਤਰ ਹੋਂਦ ਵਜੋਂ ਸਿਰਜਿਆ ਗਿਆ ਹੈ। ਬੰਦੇ ਦੀ ਰੱਬ ਦੇ ਸਾਹਮਣੇ ਵੀ ਸੁਤੰਤਰਤਾ ਹੈ। ਉਸਦੇ ਅੱਗੇ ਝੁਕਣ ਲਈ ਵੀ ਸੁਤੰਤਰ ਹੈ। ਉਸ ਅੱਗੇ ਇਨਕਾਰੀ ਹੋਣ ਲਈ ਵੀ ਸੁਤੰਤਰ ਹੈ। ਸਵਰਗ ਬੰਦੇ ਲਈ ਚੁੱਪ ਹੈ। ਕੇਵਲ ਗ੍ਰੰਥਾਂ ਰਾਹੀਂ ਹੀ ਬੰਦੇ ਨੂੰ ਪਤਾ ਚੱਲਦਾ ਹੈ ਕਿ ਉਸਨੂੰ ਕੀ ਕਰਨਾ ਚਾਹੀਦਾ ਹੈ। ਗ੍ਰੰਥ ਵਿਅਕਤੀ ਨੂੰ ਹੀ ਨਹੀਂ ਸਮੂਹ ਨੂੰ ਵੀ ਸੰਬੋਧਤ ਹੁੰਦੇ ਹਨ। ਰੱਬ ਵਾਰ ਵਾਰ 'ਤੂੰਆਂ' ਨੂੰ ਬਹੁਵਚਨੀ ਸੰਬੋਧਨ ਕਰਦਾ ਹੈ ਅਤੇ ਇਨ੍ਹਾਂ 'ਤੂੰਆਂ' (There) ਵਿੱਚ ਹਰ ਵਿਅਕਤੀ ਸ਼ਾਮਲ ਹੁੰਦਾ ਹੈ।

**ਪ੍ਰਕਿਰਤੀ (Nature)**

ਪ੍ਰਕਿਰਤੀ ਰੱਬ ਦੇ ਬੋਲਾਂ ਨਾਲ਼ ਭਰੀ ਪਈ ਹੈ ਪਰ ਕੋਈ ਸੁਣੇ ਵੀ।

**ਸੰਤ/ਮਹਾਤਮਾ/ਦੇਵਤੇ (Angels)**

ਇਹ ਮੰਨਿਆ ਜਾਂਦਾ ਹੈ ਕਿ ਰੱਬ ਨੇ ਸੰਤਾਂ/ਮਹਾਤਮਾਵਾਂ/ਦੇਵਤਿਆਂ ਦੀ ਸਰਕਾਰ ਬਣਾਈ ਹੈ ਜੋ ਧਰਤੀ ਉਪਰ ਇਨਸਾਫ਼ ਕਰੇ ਅਤੇ ਕਮਜ਼ੋਰਾਂ, ਗਰੀਬਾਂ ਦੀ ਰੱਖਿਆ ਕਰੇ ਜਿਨ੍ਹਾਂ ਨਾਲ਼ ਹਮੇਸ਼ਾ ਧੱਕਾ ਹੁੰਦਾ ਹੈ।

**ਸੱਚ (Truth)**

ਸੱਚ ਇਕੇਂਦਰਿਤ ਅਤੇ ਵਿਲੱਖਣ ਹੈ। ਸੱਚ ਦਾ ਵਾਸਾ ਤੁਹਾਡੇ ਸਿਰ ਵਿੱਚ ਹੈ। ਮੇਰੇ ਲਈ ਕੋਈ ਸੱਚ ਨਹੀਂ, ਕਿਉਂਕਿ ਕੁੱਝ ਵੀ ਮੈਥੋਂ ਪਰੇ ਨਹੀਂ। ਜਿਤਨੀ ਦੇਰ ਤੁਸੀਂ ਸੱਚ ਵਿੱਚ ਵਿਸ਼ਵਾਸ ਕਰੋਗੇ, ਤੁਸੀਂ ਆਪਣੇ ਆਪ ਤੇ ਵਿਸ਼ਵਾਸ ਨਹੀਂ ਕਰੋਗੇ। ਕੇਵਲ ਤੁਸੀਂ ਹੀ ਸੱਚ ਹੋ।

ਬੂਬਰ Stirner ਦੇ ਇਨ੍ਹਾਂ ਉਕਤ ਵਿਚਾਰਾਂ ਨਾਲ਼ ਸਹਿਮਤ ਹੈ।

**ਧਰਮ ਬਨਾਮ ਰੱਬ (Religion vs God)**

ਮਾਰਟਿਨ ਬੂਬਰ ਅਨੁਸਾਰ 'ਧਰਮ ਨਿਸ਼ਾਨੇ ਤੋਂ ਉੱਕ ਗਿਆ ਹੈ।' ਰੱਬ ਵਸਤੂਆਂ ਵਾਂਗ ਵਸਤੂ ਨਹੀਂ ਹੈ। ਵਸਤੂਆਂ ਦੇ ਤਿਆਗ ਨਾਲ਼ ਉਸਨੂੰ ਪਾਉਣਾ ਮੁਸ਼ਕਲ ਹੈ। ਉਹ ਬ੍ਰਹਿਮੰਡ ਵੀ ਨਹੀਂ ਹੈ। ਉਹ ਤਾਂ ਹੋਂਦ-ਮਨਫ਼ੀ ਬ੍ਰਹਿਮੰਡ ਹੈ। ਉਸਨੂੰ ਮਨਫ਼ੀ ਮੰਨਕੇ ਜਾਂ ਲਘੂਕਰਨ Reduction ਕਰਕੇ ਵੀ ਨਹੀਂ ਸਮਝਿਆ ਜਾ ਸਕਦਾ।

**ਨਿਲੰਬਿਤ ਨੈਤਿਕਤਾ (The Suspension of Ethics)**

ਸਵਾਲ ਦਰ ਸਵਾਲ ਹੈ ਕਿ ਕੀ ਸੱਚਮੁੱਚ ਤੁਹਾਨੂੰ ਸਰਬ ਕਲਾ ਸੰਪੂਰਨ ਪ੍ਰਭੂ ਸੰਬੋਧਨ ਕਰਦਾ ਹੈ ? ਜਾਂ ਫਿਰ ਉਸਦਾ ਕੋਈ ਨਕਲਚੀ ਬਾਂਦਰ। ਅਧਿਆਤਮਕ ਬੰਦਿਆਂ ਨੂੰ ਉਹ ਝਲਕ ਨਹੀਂ ਵਿਖਾ ਰਿਹਾ। ਇਸ ਲਈ ਝੂਠੇ ਰੱਬ ਆਤਮਾ ਦੇ ਰਾਜੇ ਬਣੇ ਬੈਠੇ ਹਨ। ਜਿਹੜੇ ਉਸ ਵੱਲ ਕਦੇ ਵੀ ਉਡਾਣ ਨਹੀਂ ਭਰ ਸਕਦੇ।...ਫਿਰ ਤੁਸੀਂ ਕਿਉਂ ਆਪਣੀ ਪਿਆਰੀ ਮਲਕੀਅਤ ਆਪਣੀ ਅਖੰਡਤਾ ਅਰਥਾਤ ਅਸਤਿਤਵ ਨੂੰ ਉਨ੍ਹਾਂ ਦੇ ਅਧੀਨ ਕਰਦੇ ਹੋ ?

ਇਉਂ ਬੂਬਰ ਦੀ ਤੱਤ ਮੀਮਾਂਸਾ (Ontology) ਵੱਖਰੀ ਨੁਹਾਰ ਰੱਖਦੀ ਹੈ। ਬੂਬਰ ਲਈ ਬੰਦੇ ਦੀ ਹੋਂਦ ਨਿਜੀ (Person-being) ਹੁੰਦੀ ਹੈ ਪਰ ਬੰਦਾ ਬੰਦੇ ਨਾਲ਼ ਸੰਵਾਦ ਰਾਹੀਂ ਪਰਗਟ ਹੁੰਦਾ ਹੈ। ਇਹੋ ਸੰਬੰਧ ਮੈਂ-ਤੂੰ (I-Thou) ਹੁੰਦੇ ਹਨ। ਭਾਵੇਂ 'ਤੂੰ' ਸਾਨੂੰ ਜੀਵਨ ਵਿੱਚ ਜਿਉਣ ਲਈ ਸਹਾਰਾ ਤਾਂ ਨਹੀਂ ਦੇ ਸਕਦਾ। ਇਹ ਤੁਹਾਨੂੰ ਸਦੀਵਤਾ ਦੀ ਝਲਕ ਵਿਖਾ ਸਕਦਾ ਹੈ। Buber ਦੀ Ontology ਅਣਹੋਂਦਾਂ ਨਾਲ਼ ਵੀ ਸੰਬੰਧ ਸਥਾਪਤ ਕਰਦੀ ਹੈ। ਇੱਕ ਵਰਕਸ਼ਾਪ ਦੇ ਕਾਮੇ ਲਈ ਮਸ਼ੀਨ ਵੀ 'ਤੂੰ' ਬਣ ਸਕਦੀ ਹੈ। ਪੜ੍ਹਨ ਸਮੇਂ ਵਿਦਿਆਰਥੀ ਲਈ ਪੁਸਤਕ ਵੀ 'ਤੂੰ' ਬਣ ਸਕਦੀ ਹੈ। ਬੂਬਰ ਦੀਆਂ ਨਜ਼ਰਾਂ ਵਿੱਚ ਸਾਰੀ ਵਾਸਤਵਿਕ ਹੋਂਦ 'ਮਿਲਾਪ' ਹੀ ਹੈ। ਇੱਕ ਦੂਜੇ ਨਾਲ਼ ਨਿਜੀ ਸੰਬੰਧ ਦੈਵੀ ਸੰਬੰਧਾਂ ਦਾ ਅਹਿਸਾਸ ਕਰਵਾਉਂਦੇ ਹਨ। ਮਿਲਾਪ ਵਿੱਚੋਂ ਹੀ ਪ੍ਰਮਾਣਿਤ ਅਸਤਿਤਵ ਹੋਂਦ ਗ੍ਰਹਿਣ ਕਰਦਾ ਹੈ। ਰੱਬ ਬੰਦਿਆਂ ਰਾਹੀਂ ਹੀ ਬੰਦਿਆਂ ਨਾਲ਼ ਗੱਲ ਕਰਦਾ ਹੈ। 'ਮੈਂ'- ਤੂੰ ਸੰਬੰਧਾਂ ਨਾਲ਼ ਹੀ 'ਅਸੀਂ' ਬਣਦਾ ਹੈ। ਆਪਸੀ ਸੰਬੰਧਾਂ ਨਾਲ਼ ਹੀ ਭਾਈਚਾਰਾ

(Community) ਬਣਦਾ ਹੈ।

## 3. ਜਕ ਮੇਰੀਟੇਨ (Jacques Maritain) 1882–1973

ਪ੍ਰਸਿੱਧ-ਫ਼ਰਾਂਸੀਸੀ ਦਾਰਸ਼ਨਿਕ ਜਕ ਮੇਰੀਟੇਨ ਦਾ ਜਨਮ 18 ਨਵੰਬਰ 1882 ਨੂੰ ਪੈਰਿਸ ਵਿੱਚ ਹੋਇਆ। ਉਹ ਮੱਧ ਸ਼੍ਰੇਣੀ ਦਾ ਕੈਥੋਲਿਕ ਦਾਰਸ਼ਨਿਕ ਸੀ। ਸਬੱਬ ਨਾਲ਼ ਹੀ ਉਸਨੂੰ Thomas Aquinas ਦਾ ਅਧਿਐਨ ਕਰਨ ਦਾ ਅਵਸਰ ਮਿਲਿਆ ਤਾਂ ਉਸਨੂੰ ਇਉਂ ਜਾਪਿਆ ਜਿਵੇਂ ਉਹ ਪਹਿਲੋਂ ਹੀ Theist ਸੀ। 1948 ਈ: ਵਿੱਚ ਉਸਨੇ Existence and the Existent ਪੁਸਤਕ ਪ੍ਰਕਾਸ਼ਿਤ ਕੀਤੀ ਅਤੇ Thomas ਦੇ ਅਸਤਿਤਵਵਾਦ ਨੂੰ ਹੀ ਪ੍ਰਮਾਣਿਕ ਮੰਨਿਆ। ਉਸ ਤੋਂ ਅਗਲੇ ਸਾਲ ਛਪੀ ਪੁਸਤਕ The Person and the Common Good ਵਿੱਚ ਵੀ ਉਸਨੇ ਥਾਮਸ ਪਰੰਪਰਾ ਦੀ ਹੀ ਵਿਅਕਤੀਵਾਦੀ ਵਿਆਖਿਆ ਕੀਤੀ।

## ਜਕ ਮੇਰੀਟੇਨ ਦੇ ਮੁੱਖ ਸੰਕਲਪ

**ਕਰਤਾ (The Subject or Suppositum)**

ਜਿਸ ਨੂੰ ਅਸੀਂ ਸਬਜੈਕਟ ਕਹਿੰਦੇ ਹਾਂ ਸੇਂਟ ਥਾਮਸ ਉਸੇ ਨੂੰ ਸੁਪੋਜੀਟਮ ਕਹਿੰਦਾ ਹੈ। ਸਾਰ ਉਹ ਹੁੰਦਾ ਹੈ ਜਿਸ ਦੀ ਕੋਈ ਚੀਜ਼ ਬਣੀ ਹੋਈ ਹੈ। ਸੁਪੋਜੀਟਮ ਉਹ ਹੈ ਜੋ ਸਾਰ ਰੱਖਦਾ ਹੈ ਜਾਂ ਸਾਰ ਦਾ ਪ੍ਰਯੋਗ ਕਰਦਾ ਹੈ ਅਤੇ ਕਾਰਜ ਉਹ ਜੋ ਬੰਦੇ ਨੂੰ ਜਿਉਂਦਾ ਰੱਖਦਾ ਹੈ। ਥਾਮਸ ਦੇ ਦਰਸ਼ਨ ਵਿੱਚ ਸਬਜੈਕਟ ਦਾ ਹੀ ਮਹੱਤਵ ਹੈ। ਥਾਮਸ ਅਨੁਸਾਰ ਸਬਜੈਕਟ ਦੀ ਹੀ ਹੋਂਦ ਹੈ।

**'ਹੁੰਦੇ ਰਹਿਣਾ' ਦਾ ਸੰਕਲਪ (Notion of Subsistence)**

'ਹੁੰਦੇ ਰਹਿਣਾ' ਸਾਰ ਅਤੇ ਅਸਤਿਤਵ ਦੋਹਾਂ ਤੋਂ ਭਿੰਨ ਹੈ ਅਤੇ ਇਸਨੂੰ ਸੇਂਟ ਥਾਮਸ ਠੋਸ ਅੰਦਾਜ਼ ਮੰਨਦਾ ਹੈ। ਅਸਤਿਤਵ ਪੌਡਾਂ ਨਾਲ਼ ਨਿਰਧਾਰਿਤ ਨਹੀਂ ਹੁੰਦਾ। ਹੋਂਦ (ਅਸਤਿਤਵ) ਸਾਰ ਦਾ ਹਿੱਸਾ ਨਹੀਂ ਹੁੰਦਾ। ਇਹ ਸਾਰ ਦੁਆਰਾ ਨਿਰਧਾਰਤ ਨਹੀਂ ਹੁੰਦਾ। ਅਜੀਬ ਵਿਰੋਧਾਭਾਸ ਰਾਹੀਂ ਇਹ ਸਾਰ ਨੂੰ ਸੰਚਾਲਿਤ ਕਰਦਾ ਹੈ ਅਤੇ ਇਹ ਸਾਰ ਵਿੱਚ ਸਮਰੱਥਾ ਦੇ ਭੰਡਾਰ ਦੀ ਸੰਚਾਲਨਾ ਨਹੀਂ ਕਰਦਾ। ਦਰਅਸਲ ਸਬਸਿਟੈਂਸ (ਚਲਦੇ ਰਹਿਣਾ) ਦੀ ਧਾਰਨਾ ਰੋਜ਼ੀ ਦੇ ਅਰਥਾਂ ਵਿੱਚ ਨਹੀਂ ਹੈ। ਇਹ ਤਾਂ ਥਾਮਸ ਦੀ ਮੈਟਾਫਿਜਿਕਸ ਦੀ ਅਜਿਹੀ ਧਾਰਨਾ ਹੈ ਜੋ ਬੜੀ ਗੁੰਝਲਧਾਰ ਅਤੇ ਸਮਝਣ ਵਿੱਚ ਕਠਿਨ ਹੈ। ਇਸ ਲਈ ਜਕ ਮੇਰੀਟੇਨ ਦੇ ਸ਼ਬਦ ਇੰਨ ਬਿੰਨ ਉਦ੍ਰਿਤ ਕਰਨੇ ਠੀਕ ਰਹਿਣਗੇ : God does not create essences to which he can be imagined as giving a last rub of subsistence before sending them forth into existence! God creates

existent subjects or supposita which subsist in the individual nature that constitute them and which receives from creative influx their nature as well as their subsistence; their existence and their activity.

**ਆਤਮ ਨਿਸ਼ਠਤਾ ਬਨਾਮ ਆਤਮ ਨਿਸ਼ਠਤਾ**

**(Subjectivity vs Subjectivity)**

ਚੇਤਨਾ ਅਤੇ ਸ਼ਖ਼ਸੀਅਤ ਦਰਮਿਆਨ ਵਿਰੋਧਾਭਾਸ ਇਹ ਹੈ ਕਿ ਸਾਡੇ ਵਿੱਚੋਂ ਹਰੇਕ ਇਸ ਸੰਸਾਰ ਦੇ ਕੇਂਦਰ ਵਿੱਚ ਹੈ। ਹਰ ਬੰਦਾ ਅਸੀਮ ਦੇ ਕੇਂਦਰ ਵਿੱਚ ਵੀ ਹੈ। ਇਹ ਵਿਸ਼ੇਸ਼ਾਧਿਕ੍ਰਿਤ ਕਰਤਾ (ਬੰਦਾ), ਸੋਚਣਹਾਰ ਆਪਣੇ ਆਪ ਵਿੱਚ ਵਸਤੂ (Object) ਨਹੀਂ ਸਗੋਂ ਕਰਤਾ ਹੈ। ਇਹ ਕਰਤਾ ਹੋਰਨਾਂ ਕਰਤਿਆਂ ਦੇ ਦਰਮਿਆਨ ਹੈ ਜਿਨ੍ਹਾਂ ਨੂੰ ਇਹ ਵਸਤੂ ਵਜੋਂ ਜਾਣਦਾ ਹੈ। ਇਹ ਇਕੱਲਾ ਕਰਤਾ ਵਜੋਂ ਕਰਤਾ ਹੈ। ਇਉਂ ਅਸੀਂ ਆਤਮ-ਨਿਸ਼ਠਤਾ ਦਾ ਆਤਮ-ਨਿਸ਼ਠਤਾ ਵਜੋਂ ਸਾਹਮਣਾ ਕਰਦੇ ਹਾਂ।

**ਬੰਦੇ ਵੱਲੋਂ ਸਵੈ ਦੀ ਸਮਝ (Understanding of man as man)**

ਕਈ ਵਾਰ ਬੰਦਾ ਸੋਚਦਾ ਹੈ ਕਿ ਮੈਂ ਹੀ ਇਸ ਸੰਸਾਰ ਵਿੱਚ ਸਭ ਕੁੱਝ ਹਾਂ। ਇਸ ਸੰਸਾਰ ਵਿੱਚ ਮੇਰਾ ਹੀ ਮਹੱਤਵ ਹੈ। ਕਦੀ ਸੋਚਦਾ ਹੈ ਕਿ ਮੈਂ ਵੀ ਭੀੜ ਵਿੱਚੋਂ ਇੱਕ ਹਾਂ। ਜੇ ਮੈਂ ਨਾ ਜੰਮਦਾ ਤਾਂ ਕੀ ਗੱਡਾ ਖੜ੍ਹਾ ਸੀ। ਇਉਂ ਵੀ ਸੋਚ ਸਕਦਾ ਹੈ ਕਿ ਹੋਰ ਉਸਦੇ ਮਹੱਤਵ ਨੂੰ ਸਮਝਦੇ ਹਨ। ਕਦੀ ਇਉਂ ਵੀ ਸੋਚਦਾ ਹੈ ਕਿ ਹੋਰ ਉਸਨੂੰ ਟਿੱਚ ਜਾਣਦੇ ਹਨ। ਸੋਚਦਾ ਹੈ ਰੱਬ ਕੇਂਦਰ ਵਿੱਚ ਹੈ। ਰੱਬ ਨੂੰ ਪਿਆਰ ਕਰਨ ਕਰਕੇ 'ਮੈਂ' ਸਵੈ ਨੂੰ ਪਿਆਰ ਕਰਦਾ ਹਾਂ। ਭਾਵੇਂ ਰੱਬ ਮੇਰਾ ਤ੍ਰਿਸਕਾਰ ਵੀ ਕਰਦਾ ਹੋਵੇ। ਇਤਨਾ ਤਾਂ ਹੈ ਕਿ ਉਹ 'ਮੈਨੂੰ' ਸਮਝਦਾ ਹੈ।

**ਸਾਡੇ ਅਮਲ (Our Acts)**

ਅਸੀਂ ਆਪਣੇ ਕਾਰਜਾਂ/ਵਿਹਾਰਾਂ/ਅਮਲਾਂ ਨੂੰ ਇਸ ਲਈ ਬਰਦਾਸ਼ਤ ਕਰ ਜਾਂਦੇ ਹਾਂ ਕਿ ਉਹਨਾਂ ਬਾਰੇ ਸਾਡੀ ਚੇਤਨਾ ਸਾਡੀ ਆਤਮਨਿਸ਼ਠਤਾ ਦੇ ਧੁੰਦਲੇ ਅਨੁਭਵਾਂ ਵਿੱਚ ਗੁਆਚ ਜਾਂਦੀ ਹੈ। ਚੇਤਨਾ ਅਜਿਹਾ ਆਲ੍ਹਣਾ ਹੈ ਜਿਸ ਵਿੱਚ ਸਾਡੇ ਅਮਲਾਂ ਦੇ ਬੱਚੇ ਨਿਕਲਦੇ ਹਨ। ਕੋਈ ਵੀ ਹੋਰ ਚੀਜ਼ ਬੰਦੇ ਨੂੰ ਇਤਨਾ ਪੀੜਤ ਨਹੀਂ ਕਰਦੀ ਜਿਤਨਾ ਉਸਦੀਆਂ ਕਰਨੀਆਂ। ਭੁੱਲੀਆਂ ਵਿਸਰੀਆਂ ਕਰਨੀਆਂ ਬੀਤੇ ਸਮੇਂ ਦੀਆਂ ਯਾਦਾਂ ਦੁਆਰਾ ਤਾਜ਼ੀਆਂ ਹੋ ਜਾਂਦੀਆਂ ਹਨ। ਇਹ ਕਰਨੀਆਂ ਵਸਤੂਆਂ ਬਣਕੇ ਆਤਮਨਿਸ਼ਠਤਾ ਦੇ ਜੀਵੰਤ ਪਾਣੀਆਂ ਤੋਂ ਵੱਖ ਹੋ ਜਾਂਦੀਆਂ ਹਨ। ਭਾਵੇਂ ਉਹ ਕਰਨੀਆਂ ਮਾੜੀਆਂ ਨਾ ਵੀ ਹੋਣ ਫਿਰ ਵੀ ਅਸੀਂ ਉਨ੍ਹਾਂ ਦੇ ਚੰਗੀਆਂ ਜਾਂ ਮੰਦੀਆਂ ਹੋਣ ਬਾਰੇ ਦੁਬਿਧਾ ਵਿੱਚ ਪੈ ਜਾਂਦੇ ਹਾਂ।

**ਕਰਤਾ (ਬੰਦੇ ਦੀ ਬਣਤਰ) (The Structure of the subject)**

ਕਰਤਾ ਜਾਂ ਬੰਦਾ ਸਾਰ (ਗੁਣ) ਰੱਖਦਾ ਹੈ ਅਤੇ ਉਸਦੀ ਰਚਨਾ/ਬਣਤਰ ਹੈ। ਇਹ ਗੁਣਾਂ ਦੀ ਗੁਥਲੀ ਹੈ ਅਤੇ ਆਪਣੀ ਸਮਰੱਥਾ ਨਾਲ਼ ਅਮਲ ਕਰਦਾ ਹੈ। ਬੰਦਾ ਅਜਿਹੀ ਸਮੱਗਰੀ ਹੈ ਜਿਸਦੀ ਸਮੱਗਰੀ ਦਾ ਰੂਪ 'ਰੂਹਾਨੀ ਆਪਾ' ਹੈ। ਅਜਿਹੀ ਵਾਸਤਵਿਕਤਾ ਜੋ ਅਜਿਹਾ ਜੀਵਨ ਜਿਉਂਦਾ ਹੈ ਜੋ ਨਾ ਕੇਵਲ ਜੀਵ-ਵਿਗਿਆਨਕ ਅਤੇ ਪ੍ਰਵਿਰਤੀ ਮੂਲਕ ਹੈ ਸਗੋਂ ਬੁੱਧੀ ਅਤੇ ਇੱਛਾ ਦਾ ਜੀਵਨ ਵੀ ਹੈ। ਸਾਧਾਰਨ ਬੁੱਧੀ ਵਾਲ਼ਿਆਂ ਦੀ ਇਹ ਭੁੱਲ ਹੈ, ਜਦੋਂ ਉਹ ਕਹਿੰਦੇ ਹਨ ਕਿ ਆਤਮਨਿਸ਼ਠਤਾ ਦੀ ਕੋਈ ਸਮਝਣਯੋਗ ਰਚਨਾ ਨਹੀਂ ਹੈ- ਅਖੇ, ਇਸਦੀ ਤਾਂ ਅਸੀਮ ਡੂੰਘਾਈ ਹੈ। ਅਖੇ, ਇਸਦੀ ਕੋਈ ਪ੍ਰਕ੍ਰਿਤੀ ਨਹੀਂ; ਅਖੇ, ਇਹ ਤਾਂ ਨਿਰਰਥਕ ਖਾਈ ਹੈ।

**ਅਸਤਿਤਵ ਦੀ ਅੰਤਰ-ਪ੍ਰੇਰਣਾ (Intution of being)**

ਅਸਤਿਤਵ ਵੀ ਅੰਤਰ-ਪ੍ਰੇਰਣਾ ਦਾ ਬੋਧ ਸਿੱਧਾ ਅਤੇ ਤੁਰੰਤ ਹੁੰਦਾ ਹੈ। ਇਹ ਤਰਕਪੂਰਨਤਾ ਜਾਂ ਵਿਆਖਿਆ ਤੋਂ ਬੇਹਤਰ ਹੁੰਦਾ ਹੈ। ਇਹ ਬੰਦੇ ਦੇ ਯਥਾਰਥ ਦੀ ਜਾਗਰੂਕਤਾ ਹੁੰਦੀ ਹੈ। ਇਹ ਫ਼ੈਸਲਾਕੁਨ ਹੁੰਦੀ ਹੈ। ਇਸ ਦਾ ਲੱਛਣ ਪ੍ਰਭੁਤਾਸ਼ਾਲੀ ਹੋਣਾ ਹੈ। ਇਹ ਸਮਝਣਯੋਗ ਵਸਤੂ ਦੀ ਪਕੜ ਹੁੰਦੀ ਹੈ। ਇਹ ਬੌਧਿਕ ਅਧਿਆਤਮਕਤਾ ਦੀ ਮੰਗ ਕਰਦੀ ਹੈ। ਮੇਰੀਟੇਨ ਕਹਿੰਦਾ ਹੈ ਕਿ ਦਿਲਚਸਪ ਗੱਲ ਇਹ ਹੈ ਕਿ ਫ਼ਿਲਾਸਫ਼ਰ ਕਾਂਟ (Kant) ਇਸ ਤੋਂ ਪਲਾਇਨ ਕਰਦਾ ਰਿਹਾ। ਅਸਤਿਤਵਵਾਦੀਆਂ ਦੀ ਆਮਦ ਤੋਂ ਪਹਿਲਾਂ ਹੋਰ ਅਨੇਕਾਂ ਦਾਰਸ਼ਨਿਕ ਵੀ ਅੰਤਰ-ਪ੍ਰੇਰਣਾ ਤੋਂ ਭਾਂਜਵਾਦੀ ਹੀ ਰਹੇ।

**ਅਸਤਿਤਵ ਦੀ ਕਿਰਿਆ (The Act of Existing)**

ਮੇਰੀਟੇਨ ਦਾ ਅਸਤਿਤਵਵਾਦ ਕੀਰਕੇਗਾਰਦ, ਗੈਬਰੀਲ ਮਾਰਸ਼ਲ, ਜਾਂ ਪਾਲ ਸਾਰਤਰ ਤੋਂ ਭਿੰਨ ਸੀ। ਪ੍ਰਮਾਣਿਕ ਅਸਤਿਤਵਵਾਦ ਅਨੁਸਾਰ ਅਸਤਿਤਵ ਦੀ ਪ੍ਰਮੁੱਖਤਾ ਦ੍ਰਿੜ੍ਹ ਕੀਤੀ ਜਾਂਦੀ ਹੈ ਪਰ ਇਸਦੇ ਸਾਰ ਜਾਂ ਪ੍ਰਕ੍ਰਿਤੀ ਨੂੰ ਸੰਭਾਲਿਆ ਜਾਂਦਾ ਹੈ। ਮੇਰੀਟੇਨ ਉਨ੍ਹਾਂ ਦਾਰਸ਼ਨਿਕਾਂ ਦਾ ਵਿਰੋਧ ਕਰਦਾ ਹੈ ਜੋ ਕਹਿੰਦੇ ਹਨ ਕਿ ਸਾਰ ਪੈਦਾ ਕੀਤਾ ਜਾਂਦਾ ਹੈ ਅਤੇ ਫਿਰ ਅਸਤਿਤਵ ਹੋਂਦ ਵਿੱਚ ਆਉਂਦਾ ਹੈ। ਉਹ ਇਸ ਗੱਲ ਦਾ ਸਮਰਥਕ ਸੀ ਕਿ ਸਾਰ ਅਸਤਿਤਵ ਤੋਂ ਪਹਿਲਾਂ ਨਹੀਂ ਹੋ ਸਕਦਾ।

**ਪਿਆਰ (Love)**

ਅਸਤਿਤਵਵਾਦੀਆਂ ਲਈ ਪਿਆਰ ਕੇਵਲ ਆਨੰਦ ਦਾ ਸੰਵੇਗ ਨਹੀਂ, ਇਹ ਤਾਂ ਜਿਉਂਦੇ ਬੰਦੇ ਦਾ ਅਸਲ ਮਾਅਨਾ ਹੈ। ਪਿਆਰ ਨਾਲ਼ ਅਸਤਿਤਵ ਆਪਣੀ ਹੋਂਦ ਨੂੰ ਉਚਿਆਂਦਾ ਹੈ। ਗਿਫਟ ਵਾਂਗ ਇਹ 'ਪ੍ਰਾਪਤ' ਕਰਨ ਨਾਲ਼ੋਂ

ਕਿਤੇ ਵੱਧ ਦੇਣਾ ਬਣਦਾ ਹੈ। ਪਿਆਰ ਦੀ ਅਧਿਆਤਮ ਹੋਂਦ ਅਸਤਿਤਵ ਦਾ ਸਰਵੋਤਮ ਪ੍ਰਗਟਾਵਾ ਹੁੰਦਾ ਹੈ। ਪਿਆਰ-ਮਿਲਾਪ ਨਾਲ਼ ਦੂਜੇ ਦਾ ਸਵੈ ਆਪਣਾ ਸਵੈ ਬਣ ਜਾਂਦਾ ਹੈ। ਪਿਆਰ ਵਿੱਚ ਬੁੱਧੀ ਨਿਸ਼ਕਿਰਿਆ ਹੋ ਜਾਂਦੀ ਹੈ।

## 4. ਗੈਬਰੀਲ ਮਾਰਸ਼ਲ

## (Gabriel Marcel) 1889-1973

ਗੈਬਰੀਲ ਮਾਰਸ਼ਲ ਕੀਰਕੇਗਾਰਦ ਦੀ ਤਰ੍ਹਾਂ ਧਾਰਮਿਕ ਅਸਤਿਤਵਵਾਦੀ ਸੀ। ਉਹ ਫ਼ਰਾਂਸ ਦੇ ਇਕ ਅਮੀਰ ਘਰਾਣੇ ਵਿੱਚ ਜਨਮਿਆ। ਜੈਸਪਰਸ ਨਾਲ਼ ਉਸਦੀ ਬੜੀ ਸਾਂਝ ਸੀ। ਦਾਰਸ਼ਨਿਕ ਖੇਤਰ ਵਿੱਚ ਉਸਦਾ ਸਥਾਨ ਜੈਸਪਰਸ ਜਿਤਨਾ ਉੱਚਾ ਤਾਂ ਨਹੀਂ ਫਿਰ ਵੀ ਉਸਨੇ ਇਸ ਖੇਤਰ ਵਿੱਚ ਕਈ ਮੌਲਿਕ ਵਿਸ਼ੇ ਛੂਹਕੇ ਆਪਣਾ ਸਥਾਨ ਧਾਰਮਿਕ ਅਸਤਿਤਵਵਾਦੀਆਂ ਵਿੱਚ ਨਿਸ਼ਚਿਤ ਕਰ ਲਿਆ। ਉਸ ਦਾ ਦਰਸ਼ਨ ਪ੍ਰਤਿਬਿੰਬ ਦਾ ਪ੍ਰਤਿਬਿੰਬ ਹੈ। ਉਸਨੇ ਅਮੂਰਤ ਦੀ ਥਾਂ ਸਮੂਰਤ (Concrete being) ਦੀ ਸਮਝ 'ਤੇ ਜ਼ੋਰ ਦਿੱਤਾ।

## ਗੈਬਰੀਲ ਮਾਰਸ਼ਲ ਦੇ ਮੁੱਖ ਸੰਕਲਪ

**ਉਮੀਦ ਦਾ ਅਧਿਆਤਮਵਾਦ (Metaphysics of Hope)**

ਵਿਸ਼ਵ ਦੀ ਆਸਤਿਕ ਧਾਰਨਾ ਦੇ ਅਨੁਸਾਰ ਮਾਰਸ਼ਲ ਨੇ ਉਮੀਦ ਦਾ ਅਧਿਆਤਮਵਾਦੀ ਸਿੱਧਾਂਤ ਦਿੱਤਾ। ਉਸਦਾ ਕਹਿਣਾ ਸੀ ਕਿ ਆਤਮਾ ਕੇਵਲ ਉਮੀਦ ਦੇ ਆਸਰੇ ਹੋਂਦ ਰੱਖਦੀ ਹੈ। ਉਮੀਦ ਦਾ ਭਾਵ ਡਰ ਤੋਂ ਮੁਨਕਰ ਹੋਣਾ ਨਹੀਂ ਸਗੋਂ ਸੰਸਾਰ ਦੀ ਉਦਾਸੀ ਤੋਂ ਇਨਕਾਰੀ ਹੋਣਾ ਹੈ। ਸੰਸਾਰ ਦਾ ਕਰਜ਼ ਚੁਕਾਉਣਾ ਹੈ। ਇਸਦੇ ਸਿਸਟਮ ਵਿੱਚ ਵਿਸ਼ਵਾਸ ਰੱਖਣਾ ਹੈ। ਇਸ ਦੀਆਂ ਕੀਮਤਾਂ ਵਿੱਚ ਭਰੋਸਾ ਕਰਨਾ ਹੈ। ਉਮੀਦ ਆਤਮਾ ਦੇ ਵਿਸ਼ੇਸ਼ ਅਧਿਕਾਰ ਵਾਲਾ ਖੇਤਰ ਹੈ। ਉਮੀਦ ਦਾ ਇੱਛਾ ਨਾਲ਼ ਉਹੀ ਸੰਬੰਧ ਹੈ ਜੋ ਸਬਰ ਸੰਤੋਖ ਦਾ ਉਦਾਸੀਨਤਾ ਨਾਲ਼। ਇਹ ਦ੍ਰਿੜ੍ਹ ਇਰਾਦੇ ਦਾ ਅਮਲ ਹੈ ਜਿਸ ਦੀ ਪੁਸ਼ਟੀ ਵਿਸ਼ਵਾਸ ਕਰਦਾ ਹੈ। ਉਮੀਦ ਉਸੇ ਸੰਸਾਰ ਵਿੱਚ ਸੰਭਵ ਹੈ ਜਿਸ ਵਿੱਚ ਚਮਤਕਾਰਾਂ ਲਈ ਸਥਾਨ ਹੈ। ਉਮੀਦ ਦਾ ਮਾਡਲ ਬੁਰਾਈ ਤੋਂ ਛੁਟਕਾਰਾ ਹੈ ਜਿਸਦਾ ਧਾਰਮਿਕ ਬੰਦਿਆਂ ਲਈ ਭਾਵ ਹੈ- ਲਿਵ ਲਾਉਣਾ ਭਾਵ ਪ੍ਰਭੂ ਦੀ ਹਾਜ਼ਰੀ ਵਿੱਚ ਰਹਿਣਾ। ਸੰਸਾਰਕ ਸੰਪੂਰਨਤਾ ਵਿੱਚ ਵਿਸ਼ਵਾਸ ਉੱਪਰ ਹੀ ਉਮੀਦ ਖੜ੍ਹੋਂਦੀ ਹੈ। ਇਹ ਸੰਸਾਰ ਵਿੱਚ ਹੀ ਅਰਥ ਰੱਖਦੀ ਹੈ ਜਿਸ ਵਿੱਚ ਟੁੱਟ-ਭੱਜ ਦੀਆਂ ਦਰਾੜਾਂ ਹਨ। ਜੇਕਰ ਅਜਿਹੀਆਂ ਦਰਾੜਾਂ ਨਹੀਂ, ਸੰਸਾਰ ਵਿੱਚ ਇਕਸੁਰਤਾ ਹੈ ਤਾਂ ਮੁਕਤੀ (ਛੁਟਕਾਰਾ) ਦੀ ਵੀ ਲੋੜ ਨਹੀਂ, ਉਮੀਦ ਦੀ ਵੀ ਲੋੜ ਨਹੀਂ। ਉਦੋਂ ਕੇਵਲ ਸਿਆਣਪ ਅਤੇ ਸਵੈ ਦੇ ਉੱਥਾਨ ਦੀ ਲੋੜ ਹੋਵੇਗੀ। ਧਰਮ ਦੀ ਵੀ ਲੋੜ

ਨਹੀਂ ਹੋਵੇਗੀ, ਕੇਵਲ ਵੈਰਾਗ (Stoicism) ਦੀ ਲੋੜ ਹੋਵੇਗੀ। ਉਸ ਸਮੇਂ ਬੰਦਾ ਨੀਚ ਤੋਂ ਉਚ ਹੋਵੇਗਾ।

**ਦਵੈਤਵਾਦ ਤੇ ਕਾਬੂ (Overcoming Dualism)**

ਮਾਰਸ਼ਲ ਮਨੁੱਖਤਾ ਨੂੰ ਇਹ ਸਮਝਾਉਣਾ ਚਾਹੁੰਦਾ ਹੈ ਕਿ ਦਵੈਤਵਾਦ 'ਤੇ ਕਾਬੂ ਪਾਇਆ ਜਾਵੇ- ਅਜਿਹੀ ਦਵੈਤ ਜੋ ਵਿਸ਼ਾ ਅਤੇ ਵਸਤੂ, ਵਿਚਾਰ ਅਤੇ ਹੋਂਦ, ਬੁੱਧੀ ਅਤੇ ਮਰਜ਼ੀ, ਆਤਮਾ ਅਤੇ ਸਰੀਰ, ਸਵੈ ਅਤੇ ਰੱਬ ਆਦਿ ਵਿੱਚ ਪਾਈ ਜਾਂਦੀ ਹੈ। ਮਾਰਸ਼ਲ ਅਜਿਹੇ ਵਿਰੋਧ ਤੋਂ ਪਾਰ ਸੋਚਦਾ ਹੈ ਜਿਸ ਵਿੱਚ ਬੰਦਾ ਹੋਂਦ ਦਾ ਅਤੇ ਹੋਂਦ ਬੰਦੇ ਦਾ ਦਾਅਵਾ ਕਰਦੀ ਹੈ।

**ਅਸਤਿਤਵ ਦਾ ਰਹੱਸ (Being as Mystery)**

ਮਾਰਸ਼ਲ ਦੇ ਚਿੰਤਨ ਵਿੱਚ ਇਹ ਇੱਕ ਬੁਨਿਆਦੀ ਰਹੱਸ ਹੈ। ਬੰਦੇ ਦੀਆਂ ਬਿਪਤਾਵਾਂ ਲਈ ਕੋਈ ਬੌਧਿਕ ਹੱਲ ਨਹੀਂ ਕੱਢਿਆ ਜਾ ਸਕਦਾ। ਮਾਰਸ਼ਲ ਦੇ ਚਿੰਤਨ ਦਾ ਤੱਤ-ਮੀਮਾਂਸਕ ਰਹੱਸ ਆਤਮਾ ਦਾ (ਸਵੈ ਦਾ) ਉੱਚ ਸ਼ਕਤੀ (ਪਰਮਾਤਮਾ) ਨਾਲ਼ ਮੇਲ਼ ਹੈ। ਇਹ ਸਥੂਲ ਬੰਦੇ ਦਾ ਰਹੱਸ ਹੈ ਜਿਸਨੂੰ ਵਸਤੂ ਨਹੀਂ ਬਣਾਇਆ ਜਾ ਸਕਦਾ। ਇਹ ਦਸ਼ਾ ਅਨੁਭਵ-ਅਤੀਤ ਦੀ ਹੈ। ਇਸ ਦੀ ਪ੍ਰਾਪਤੀ ਮਨੁੱਖੀ ਸੁਤੰਤਰਤਾ ਰਾਹੀਂ ਹੀ ਸੰਭਵ ਹੈ। ਅਜਿਹੀ ਪ੍ਰਾਪਤੀ ਲਈ ਕਿਸੇ ਧਰਮ ਦੀ ਹਿਮਾਇਤ ਦੀ ਲੋੜ ਨਹੀਂ।

**ਬੰਦਾ ਕੀ ਹੈ? ਉਸ ਪਾਸ ਕੀ ਹੈ? (What a Man is? What he Has?)**

ਮਾਰਸ਼ਲ ਕਹਿੰਦਾ ਹੈ 'ਮੈਂ' ਕੀ ਹਾਂ ਅਤੇ 'ਮੇਰੇ ਪਾਸ' ਕੀ ਹੈ? ਵਿੱਚ ਬੁਨਿਆਦੀ ਅੰਤਰ ਹੈ। ਜੋ ਕੁਝ ਮੇਰੇ ਕੋਲ਼ ਹੈ ਉਹ ਮੈਥੋਂ ਬਾਹਰ, ਮੈਥੋਂ ਸੁਤੰਤਰ ਹੈ। ਮੈਂ ਇਸਨੂੰ ਠੀਕ ਤਰ੍ਹਾਂ ਸੰਭਾਲ ਵੀ ਸਕਦਾ ਹਾਂ, ਨਸ਼ਟ ਵੀ ਕਰ ਸਕਦਾ ਹਾਂ। ਬੰਦਾ ਆਪਣੇ ਜੀਵਨ ਨੂੰ ਬਚਾ ਵੀ ਸਕਦਾ ਹੈ, ਖ਼ਤਮ ਵੀ ਕਰ ਸਕਦਾ ਹੈ। ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਉਹ ਕਿਹੜਾ 'ਮੈਂ' ਹੈ ਜੋ ਇਸਨੂੰ ਖ਼ਤਮ ਕਰਨਾ ਲੋਚਦਾ ਹੈ ਅਤੇ ਉਹ ਕਿਹੜਾ 'ਮੈਂ' ਹੈ ਜੋ ਇਸਨੂੰ ਖ਼ਤਮ ਕਰਨ ਤੋਂ ਇਨਕਾਰੀ ਹੈ ਅਰਥਾਤ ਬਚਾਉਣਾ ਲੋੜਦਾ ਹੈ। ਜਾਇਦਾਦਾਂ ਬਾਹਰਲੀ ਕਾਰਗਰ ਸ਼ਕਤੀ ਹਨ। ਬਾਹਰਲੀਆਂ ਵਸਤੂਆਂ ਤੇ ਕਬਜ਼ੇ ਦੀ ਭਾਵਨਾ ਮੈਨੂੰ ਚਿੰਤਾ ਵਿੱਚ ਸੁੱਟਦੀ ਹੈ। ਜਦੋਂ ਕਬਜ਼ਾ ਕਰਨ ਦੀ ਕਮਜ਼ੋਰੀ ਸਾਹਮਣੇ ਆਉਂਦੀ ਹੈ, ਖੁਆਇਸ਼ ਹੋਰ ਭਟਕਦੀ ਹੈ। ਚਿੰਤਾ ਇਹੋ ਰਹਿੰਦੀ ਹੈ ਕਿ ਕਬਜ਼ੇ ਵਾਲੀ ਚੀਜ਼ ਕੋਈ ਖੋਹ ਨਾ ਲਵੇ। ਦਰਅਸਲ 'ਮੈਂ' ਦੇ ਵਿੱਚ ਮੇਰਾ ਸਰੀਰ, ਮੇਰੀ ਆਤਮਾ ਅਤੇ ਮੇਰਾ ਮਨ ਸ਼ਾਮਲ ਹੈ। 'ਮੇਰੇ ਪਾਸ' ਦੇ ਵਿੱਚ ਬਾਹਰੀ ਪਦਾਰਥ ਸ਼ਾਮਲ ਹਨ। ਅਸਤਿਤਵ ਅਤੇ ਜਾਇਦਾਦ ਦੀ ਟੱਕਰ ਸਦੀਵੀ ਹੈ। ਇਹ ਗੱਲ ਸਪਸ਼ਟ ਹੈ ਕਿ ਅਧਿਕਾਰਿਤ ਵਸਤੂ ਅਸਤਿਤਵ 'ਤੇ ਹਾਵੀ ਰਹਿੰਦੀ ਹੈ। ਪਦਾਰਥ ਹੋਂਦ 'ਤੇ ਭਾਰੂ ਰਹਿੰਦਾ ਹੈ।

ਇਸ ਸਥਿਤੀ ਵਿੱਚ ਮਾਰਸ਼ਲ ਬੜੀ ਅਜੀਬ ਉਦਾਹਰਨ ਦਿੰਦਾ ਹੈ ਕਿ ਸਿਰਜਨਾਤਮਕ ਕਿਰਿਆਵਾਂ ਜਿਵੇਂ ਕਿ ਸੰਗੀਤ-ਸਾਜ਼ਾਂ ਸਹਿਤ, ਵਿਗਿਆਨੀ-ਅਪਰੇਟਸ ਸਹਿਤ, ਮਾਲੀ ਆਪਣੀ ਕਿਆਰੀ ਅਤੇ ਬੂਟਿਆਂ ਸਹਿਤ 'ਅਧਿਕਾਰਿਤ ਵਸਤੂ' (Having) ਨੂੰ ਅਸਤਿਤਵ (Being) ਵਿੱਚ ਬਦਲ ਸਕਦਾ ਹੈ, ਇਸ ਅਵਸਥਾ ਵਿੱਚ Having ਨੂੰ ਖ਼ਤਮ ਨਹੀਂ ਕੀਤਾ ਜਾਂਦਾ ਸਗੋਂ Being ਵਿੱਚ ਰਚਾ ਲਿਆ ਜਾਂਦਾ ਹੈ ਅਰਥਾਤ 'ਮੈਂ' 'ਤੂੰ' ਵਿੱਚ ਬਦਲ ਜਾਂਦਾ ਹੈ ਅਤੇ 'ਤੂੰ' ਮੈਂ ਵਿੱਚ।

**ਵਫ਼ਾਦਾਰੀ (Fidelity)**

ਵਫ਼ਾਦਾਰੀ ਅਸਤਿਤਵ ਨੂੰ ਤਸਦੀਕ ਕਰਦੀ ਹੈ। 'ਮੈਂ' ਹੋਰਨਾਂ ਨਾਲ਼ ਅਜਿਹੇ ਸੰਬੰਧਾਂ ਵਿੱਚ ਵਿਚਰਦਾ ਹਾਂ ਜੋ 'ਮੈਥੋਂ' ਕੁਝ ਮੰਗ ਕਰਦੇ ਹਨ। 'ਮੈਂ' ਉਨ੍ਹਾਂ ਦਾ ਹੁੰਗਾਰਾ ਭਰਦਾ ਹਾਂ ਅਤੇ ਅਸੀਂ ਆਪਸੀ ਜ਼ਿੰਮੇਦਾਰੀਆਂ ਦਾ ਵਟਾਂਦਰਾ ਕਰਦੇ ਹਾਂ। ਦੂਜੇ ਨਾਲ਼ ਅਜਿਹੀ ਵਫ਼ਾਦਰੀ 'ਮੇਰੀ' ਆਪਣੀ ਹੋਂਦ ਨੂੰ ਅਰਥ ਪ੍ਰਦਾਨ ਕਰਦੀ ਹੈ ਅਤੇ ਦੂਜੇ ਦੀ 'ਮੇਰੇ' ਪ੍ਰਤੀ ਵਫ਼ਾਦਰੀ ਉਸਦੀ ਆਪਣੀ ਹੋਂਦ ਨੂੰ। ਆਪਸੀ ਨਿਰੰਤਰ ਹੁੰਗਾਰਾ ਵਫ਼ਾਦਰੀ ਦੀ ਮੁਢਲੀ ਸ਼ਰਤ ਹੈ। ਜਿਤਨਾ ਵੱਧ 'ਮੈ' ਦੂਜੇ ਲਈ ਹਾਜ਼ਰ ਹਾਂ ਉਤਨਾ ਹੀ ਵੱਧ 'ਮੈਂ' ਆਪਣੇ ਆਪ ਲਈ ਹਾਜ਼ਰ ਹਾਂ। ਦੋ ਬੰਦਿਆਂ ਨਾਲ਼ ਮਿਲਾਪ ਵਿੱਚੋਂ ਤੀਜਾ ਬੰਦਾ ਬਾਹਰ ਹੋ ਜਾਂਦਾ ਹੈ- 'ਚਾਰੇ ਨੈਣ ਗਡਾਵਡ' ਹੋ ਜਾਂਦੇ ਹਨ। ਹਰ ਬੰਦਾ ਦੂਜੇ ਲਈ ਮੱਧਮ ਪੁਰਖ ਬਣ ਜਾਂਦਾ ਹੈ- ਦੋਵੇਂ ਮਿਲਕੇ 'ਅਸੀਂ' (We) ਬਣ ਜਾਂਦੇ ਹਨ। ਮਰਨ ਵਾਲੇ ਪਿਆਰੇ ਵੀ ਵਫ਼ਾਦਾਰੀ ਦੇ ਸੰਕਲਪ ਰਾਹੀਂ ਅਤੇ ਜਿਉਂਦੇ ਵੀ ਮ੍ਰਿਤਕ ਨਾਲ਼ ਜੁੜੇ ਰਹਿੰਦੇ ਹਨ। ਮਾਰਸ਼ਲ ਦਾ ਰੱਬ ਨਾਲ਼ ਸੰਬੰਧ ਵੀ ਉੱਤਮ ਪੁਰਖੀ ਨਹੀਂ ਸਗੋਂ ਮੱਧਮ ਪੁਰਖੀ (ਤੂੰ) ਹੈ। ਮਾਰਸ਼ਲ 'ਤੂੰ' ਦੀ ਵਿਲੱਖਣ ਹਾਜ਼ਰੀ ਰਾਹੀਂ ਇਸ ਪ੍ਰਕਾਰ ਜਿਉਣ ਨੂੰ ਪੇਸ਼ ਕਰਦਾ ਹੈ ਜਿਸਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ।

## 5. ਨਿਕੋਲਸ ਬਰਦੀਏਵ

## (Nicolas Berdyaev) 1874-1948

ਨਿਕੋਲਸ ਬਰਦੀਏਵ (Nicolas Alexandrovich Berdyaev) ਇੱਕ ਅਮੀਰ ਘਰਾਣੇ ਵਿੱਚ ਕੀਵ (Kiev) ਵਿਖੇ 19 ਮਾਰਚ, 1874 ਈ: ਨੂੰ ਜਨਮਿਆ। ਉਹ ਪਾਦਰੀਆਂ ਦੀ ਸਭਾ ਨੂੰ ਨਿੰਦਿਆ ਕਰਦਾ ਸੀ। ਉਸ ਦਾ ਮਾਰਕਸਵਾਦੀਆਂ ਨਾਲ਼ ਸੁਮੇਲ ਵੀ ਰਿਹਾ ਪਰ ਬਾਅਦ ਵਿੱਚ ਤੋੜ ਵਿਛੋੜਾ ਹੋ ਗਿਆ। ਫਿਰ ਵੀ ਉਹ ਇਸ ਵਿਚਾਰ 'ਤੇ ਡਟਿਆ ਰਿਹਾ ਕਿ 'ਸਾਮਵਾਦ' ਪੂੰਜੀਵਾਦ ਨਾਲ਼ੋਂ ਈਸਾਈਅਤ ਦੇ ਵੱਧ ਨੇੜੇ ਹੈ। ਆਪਣਾ ਸਾਰਾ ਜੀਵਨ ਉਹ ਇਕੱਲਾਪਣ

ਮਹਿਸੂਸ ਕਰਦਾ ਰਿਹਾ। ਉਹ ਲਿਖਦਾ ਹੈ 'The Motif of loneliness has always been basic with me ਉਸਦੀ ਪਤਨੀ ਉਸ ਨਾਲ਼ ਚਾਲੀ ਵਰ੍ਹੇ ਵਿਵਾਹਿਤ ਜੀਵਨ ਨਿਭਾਕੇ 1945 ਈ: ਵਿੱਚ ਮਰ ਗਈ। ਉਹ ਸਨਾਤਨੀ ਰੂਸੀ ਸੀ। ਉਹ 'ਦੋਸਤੋਵਸਕੀ' ਦਾ ਮਿੱਤਰ ਸੀ।

## ਨਿਕੋਲਸ ਬਰਦੀਏਵ ਦੇ ਮੁੱਖ ਸੰਕਲਪ

### ਇੱਕ ਪਵਿੱਤਰ ਇਕਾਗਰਤਾ (A Devout Meditation)

ਪਵਿੱਤਰ ਆਤਮਾ ਦੇ ਸਿੱਧਾਂਤ ਅਨੁਸਾਰ ਰੱਬ ਦਾ ਆਪਣੀ ਸਿਰਜਨਾ ਨਾਲ਼ ਮਿਲਾਪ ਹੁੰਦਾ ਹੈ। ਉਸਦੀ ਸਿਰਜਨਾ ਇੱਕ ਅਜਿਹਾ ਰਹੱਸ ਹੈ ਜਿਸ ਅਨੁਸਾਰ ਮਾਨਵ-ਵਿਗਿਆਨੀ ਅਤੇ ਬ੍ਰਹਮੰਡ-ਵਿਗਿਆਨੀ ਰਹੱਸ ਦਾ ਪ੍ਰਗਟਾਵਾ ਕਰਦਾ ਹੈ। ਇੱਕ ਨਵਾਂ ਮਾਨਵ ਵਿਗਿਆਨ ਪੈਦਾ ਹੋਵੇਗਾ ਅਤੇ ਉਦੋਂ ਮਨੁੱਖੀ ਸਿਰਜਨਾ ਦੇ ਧਾਰਮਿਕ ਅਰਥ ਪਹਿਚਾਣੇ ਜਾਣਗੇ। ਸੁਤੰਤਰਤਾ ਇਸਦੀ ਮੁਢਲੀ ਸ਼ਰਤ ਹੋਵੇਗੀ। ਰੱਬ ਦੀ ਸਮਝ ਬਾਰੇ ਵਿਰੋਧਾਭਾਸ ਹੈ ਜਿਸਦਾ ਸਾਹਮਣਾ ਤਕੜੇ ਹੋ ਕੇ ਕਰਨਾ ਬਣਦਾ ਹੈ। ਬਰਦੀਏਵ ਲਿਖਦਾ ਹੈ 'ਮੇਰੀ ਸਮੁੱਚੀ ਹੋਂਦ ਇਸ ਗੱਲ ਦਾ ਪ੍ਰਗਟਾਵਾ ਕਰਦੀ ਹੈ ਕਿ ਰੱਬ ਹੈ। ਮਨੁੱਖੀ ਸੁਤੰਤਰਤਾ ਨੇ ਰੱਬ ਦੀ ਸਿਰਜਨਾ ਕੀਤੀ ਹੈ। ਇਸ ਦਾ ਭਾਵ ਹੈ, ਰੱਬ ਹੈ। ਮੇਰੇ ਦੁਆਰਾ ਰੱਬ ਦੀ ਸਿਰਜਨਾ, ਸਿਰਜਨਾ ਦਾ ਦੈਵੀ-ਮਾਨਵੀ ਅਮਲ ਹੈ।' ਰੂਹ ਦੇ ਧਰਮ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਮਨੁੱਖਤਾ ਦਾ ਨਵਾਂ ਭਾਈਚਾਰਾ ਹੋਂਦ ਗ੍ਰਹਿਣ ਕਰੇਗਾ। ਭੌਤਿਕ ਵਿਗਿਆਨ ਦੀਆਂ ਖੋਜਾਂ ਨੇ ਪ੍ਰਕਿਰਤੀ ਨੂੰ ਉਸਦੀ ਆਤਮਾ ਤੋਂ ਵਾਂਝਿਆ ਕਰਕੇ ਤਬਾਹ ਕਰ ਦਿੱਤਾ ਹੈ ਅਤੇ ਬ੍ਰਹਿਮੰਡ ਨੂੰ ਦੂਸ਼ਿਤ ਕਰ ਦਿੱਤਾ ਹੈ। The crucifixion of man and the world is taking place, but the last world will belong to Resurrection ਸਚਾਈ ਇਹ ਹੈ ਕਿ ਰੱਬ ਵਿਰੁੱਧ ਯੁੱਧ ਵੀ ਰੱਬ ਦੀ ਸੇਵਾ ਕਰਨ ਵਰਗਾ ਹੋਵੇਗਾ। ਅਣਗੌਲੇਪਨ ਅਤੇ ਬੇਧਿਆਨੀ ਨਾਲ਼ੋਂ ਇਹ ਸੱਚੀ ਧਾਰਮਿਕਤਾ ਹੋਵੇਗੀ।

### ਚੇਤਨਾ (Consciousness)

ਬਰਦੀਏਵ ਭਾਰਤੀ ਦਰਸ਼ਨ ਦੀ ਸਮਝ ਅਨੁਸਾਰ ਚੇਤਨਾ ਨੂੰ ਗਤੀਸ਼ੀਲ ਮੰਨਦਾ ਹੈ। ਯੂਰਪ ਦੀ ਈਸਾਈਅਤ ਚੇਤਨਾ ਨੂੰ ਗਤੀਹੀਣ ਮੰਨਦੀ ਹੈ, ਇਸੇ ਅਨੁਸਾਰ ਮਨੁੱਖੀ ਸੁਭਾਅ ਨੂੰ ਨਾ-ਬਦਲਣਯੋਗ ਮੰਨਿਆ ਜਾਂਦਾ ਹੈ। ਭਾਰਤੀ ਚੇਤਨਾ ਦੇ ਸੰਕਲਪ ਨੂੰ ਉਹ ਅਦਵੈਤਵਾਦ (Monism) ਦੇ ਸਿਧਾਂਤ ਕਾਰਨ ਮੰਨਣ ਤੋਂ ਇਨਕਾਰੀ ਹੈ ਕਿਉਂਕਿ, ਉਸ ਅਨੁਸਾਰ, ਇਹ ਮਨੁੱਖੀ ਯੋਗਦਾਨ ਦੀ ਪਛਾਣ ਨਹੀਂ ਕਰਦਾ।

**ਬੰਦਾ ਮਿਸ਼ਰਣ ਹੈ (Man is a mixture)**

ਬਰਦੀਏਵ ਅਨੁਸਾਰ ਬੰਦਾ ਸਿਰਜਿਤ ਰਚਨਾ ਅਤੇ ਸਿਰਜਕ ਦੋਵੇਂ ਗੁਣ ਰੱਖਦਾ ਹੈ ਅਰਥਾਤ ਇਹ ਜੀਵ ਵੀ ਹੈ ਅਤੇ ਕਰਤਾ ਪੁਰਖ (ਰਚਨਾ ਕਰਨ ਵਾਲਾ) ਵੀ। ਉਸ ਵਿੱਚ ਪਦਾਰਥ, ਵਿਵੇਕਹੀਣਤਾ, ਅਫ਼ਰਾਤਫ਼ਰੀ ਰਲ਼ੀ ਮਿਲ਼ੀ ਹੈ। ਫਿਰ ਵੀ ਉਸ ਵਿੱਚ ਸਿਰਜਨਾਤਮਕ ਸ਼ਕਤੀ ਹੈ ਜੋ ਉਨ੍ਹਾਂ ਗੱਲਾਂ ਨੂੰ ਸਾਕਾਰ ਕਰ ਸਕਦੀ ਹੈ ਜੋ ਨਵੀਆਂ ਹੋਣ। ਸੰਸਾਰ ਵਿੱਚ ਕਿਰਿਆਤਮਕਤਾ/ਸਿਰਜਨਾਤਮਿਕਤਾ ਇਵੇਂ ਹੈ ਜਿਵੇਂ ਇਹ ਸਿਰਜਨਾ ਦਾ ਅੱਠਵਾਂ ਦਿਨ ਹੋਵੇ। ਬਾਈਬਲ ਅਨੁਸਾਰ ਰੱਬ ਨੇ ਸੱਤ ਦਿਨਾਂ ਵਿੱਚ ਸੰਸਾਰ ਸਿਰਜਿਆ, ਅੱਠਵੇਂ ਦਿਨ ਉਹ ਵਿਹਲਾ ਸੀ।

**ਸੁਤੰਤਰਤਾ (Freedom)**

ਬਰਦੀਏਵ ਅਨੁਸਾਰ ਰੂਹਾਨੀਅਤ ਕਾਰਨ ਹੀ ਬੰਦੇ ਦੀ ਹੋਂਦ ਸੁਤੰਤਰ ਹੈ। ਨੇਕੀ ਦਾ ਰਾਹ ਬੰਦੇ ਦੀ ਸੁਤੰਤਰਤਾ ਨਾਲ਼ ਬਣਦਾ ਹੈ ਜੋ ਸੰਸਾਰ ਦੀਆਂ ਸਿਰਜਨਾਵਾਂ ਵਿਚ ਭਾਗ ਲੈਂਦਾ ਹੈ।

**ਸ਼ਖ਼ਸੀਅਤ (Personality)**

ਸ਼ਖ਼ਸੀਅਤ ਨੂੰ ਆਤਮਾ ਵਜੋਂ ਪਛਾਨਣਾ ਠੀਕ ਨਹੀਂ। ਇਹ ਜੀਵ ਵਿਗਿਆਨਕ, ਮਨੋਵਿਗਿਆਨਕ ਅਤੇ ਅਧਿਆਤਮਕ ਵਰਗ ਵਿੱਚ ਆਉਂਦੀ ਹੈ। ਸ਼ਖ਼ਸੀਅਤ ਦਾ ਆਧਾਰ ਤੱਤ ਅਚੇਤ ਹੈ। ਅੰਤਰੀਵੀ ਜੀਵਨ ਅਸਲੀ ਅਤੇ ਗਹਿਰਾਈ ਵਾਲਾ ਹੁੰਦਾ ਹੈ। ਬਾਹਰੀ ਜੀਵਨ ਵਿੱਚ ਬੰਦਾ ਕਈ ਵਾਰੀ ਲੋਕਾਂ ਅਤੇ ਸਮਾਜ ਵਿੱਚ ਬਨਾਵਟੀ ਰੂਪ ਵਿਚ ਪੇਸ਼ ਹੁੰਦਾ ਹੈ। ਉਹ ਕਈ ਅਜਿਹੇ ਖੇਖਣ ਕਰਦਾ ਹੈ ਜੋ ਉਸ ਦਾ ਅੰਤਰੀਵੀ ਸੱਚ ਨਹੀਂ ਹੁੰਦੇ। ਸ਼ਖ਼ਸੀਅਤ ਨੂੰ ਵਸਤੂ ਸਮਝਣ ਵਿੱਚ ਇਸਦੀ ਮੌਤ ਹੈ। ਰੱਬ ਵੀ ਸ਼ਖ਼ਸੀਅਤ ਦਾ ਨਿਰਧਾਰਨ ਨਹੀਂ ਕਰ ਸਕਦਾ। ਰੱਬ ਅਤੇ ਸ਼ਖ਼ਸੀਅਤ ਦਰਮਿਆਨ ਕਾਰਜ-ਕਾਰਨੀ ਰਿਸ਼ਤਾ ਨਹੀਂ। ਸ਼ਖ਼ਸੀਅਤ ਸੰਪੂਰਨ ਅਸਤਿਤਵੀ ਕੇਂਦਰਤ ਹੈ। ਸ਼ਖ਼ਸੀਅਤ ਦੀ ਭਵਿੱਖੀ ਹੋਂਦ ਵਿੱਚ ਸਿਰਜਨਾਤਮਕ ਅਮਲ ਗਤੀਸ਼ੀਲ ਹੁੰਦਾ ਹੈ। ਮਨੁੱਖੀ ਸ਼ਖ਼ਸੀਅਤ ਕਿਸੇ ਪ੍ਰਕਾਰ ਦੀ ਦਾਸਤਾ ਤੋਂ ਸੁਤੰਤਰ ਹੁੰਦੀ ਹੈ। ਵਸਤੂਆਂ ਦੀ ਦੁਨੀਆਂ ਵਿੱਚ ਅਸਤਿਤਵੀ ਕੇਂਦਰ ਦੀ ਅਣਹੋਂਦ ਹੁੰਦੀ ਹੈ। ਅਸਤਿਤਵ ਕਾਰਨ ਹੀ ਸ਼ਖ਼ਸੀਅਤ ਦੁੱਖ-ਸੁੱਖ ਨੂੰ ਮਹਿਸੂਸ ਕਰਦੀ ਹੈ। ਸਮੂਹ ਜਾਂ ਭੀੜ ਦਾ ਅਸਤਿਤਵ ਨਹੀਂ ਹੁੰਦਾ। ਸਖ਼ਸ਼ੀਅਤ 'ਜੀ ਸਾਹਿਬ!' ਨਹੀਂ ਹੁੰਦੀ। ਦਾਸਤਾ ਜਾਂ ਚਾਪਲੂਸੀ ਸ਼ਖ਼ਸੀਅਤ ਦਾ ਅੰਗ ਨਹੀਂ ਹੁੰਦੀ। ਇਸ ਕਾਰਨ ਇਹ ਦੁੱਖ ਸਹੇੜ ਬਹਿੰਦੀ ਹੈ। ਦੁੱਖਾਂ ਨੂੰ ਜਰਨ ਦੀ ਸ਼ਕਤੀ ਵੀ ਰੱਖਦੀ ਹੈ। ਬੰਦਾ ਸੰਸਾਰ ਅੰਦਰ ਸ਼ਖ਼ਸੀਅਤ ਦੁਆਰਾ ਪ੍ਰਗਟ ਹੁੰਦਾ ਹੈ। ਸ਼ਖ਼ਸੀਅਤ ਅਤੇ 'ਜਣੇ' (Individual) ਵਿੱਚ ਅੰਤਰ ਹੁੰਦਾ ਹੈ। 'ਜਣਾ ਕਿਸੇ ਮਾਂ-ਬਾਪ ਦਾ ਧੀ/ਪੁੱਤਰ ਹੁੰਦਾ ਹੈ ਪਰ ਸ਼ਖ਼ਸੀਅਤ ਕਿਸੇ ਮਾਂ-ਬਾਪ ਦੇ ਨਹੀਂ

ਜੰਮਦੀ। ਇਹ ਤਾਂ ਅੰਤਰੀਵ ਦੇ ਸੰਸਾਰ ਨਾਲ਼ ਸੰਘਰਸ਼ ਵਿੱਚੋਂ ਪੈਦਾ ਹੁੰਦੀ ਹੈ। ਉਂਜ 'ਜਣਾ' ਅਤੇ 'ਸ਼ਖ਼ਸੀਅਤ' ਦੋ ਵੱਖਰੀਆਂ ਹੋਂਦਾਂ ਨਹੀਂ ਹਨ। ਸ਼ਖ਼ਸ਼ੀਅਤ 'ਮੈਂ+ਤੂੰ' ਹੁੰਦੀ ਹੈ। ਅਰਥਾਤ ਇਹ ਦੂਜੀ ਮੈਂ ਹੁੰਦੀ ਹੈ। ਦੂਜਿਆਂ ਨਾਲ਼ ਮੇਲ-ਮਿਲਾਪ ਤੋਂ ਪੈਦਾ ਹੋਣਾ ਇਸਦਾ ਪਰਮ-ਲੱਛਣ ਹੈ। ਸ਼ਖ਼ਸੀਅਤ ਵਿੱਚ ਦੈਵੀ ਤੱਤ ਸ਼ਾਮਲ ਹੁੰਦਾ ਹੈ। ਉਸ ਅੰਦਰ ਸੰਸਾਰ ਅਤੇ ਦੇਵਤਾ ਦਰਮਿਆਨ ਟੱਕਰ ਚਲਦੀ ਰਹਿੰਦੀ ਹੈ। ਇਹ ਇਤਿਹਾਸ ਅਤੇ ਸਮਾਜ ਨਾਲ਼ ਸੰਬੰਧਤ ਹੁੰਦੀ ਹੈ। ਬਰਦੀਏਵ ਲਿਖਦਾ ਹੈ 'Everything mechanical, everything automatic in man is not personal, it is impersonal, it is antithetic (ਵਿਪਰੀਤ) to the image of Personality.'

**ਮਾਲਕ, ਦਾਸ ਅਤੇ ਸੁਤੰਤਰ ਮਨੁੱਖ (Master, Slave and Free man)**

ਬੰਦੇ ਤਿੰਨ ਹਾਲਤਾਂ ਵਿੱਚ ਵਿਚਰਦੇ ਹਨ। ਅਰਥਾਤ ਉਨ੍ਹਾਂ ਦੀ ਚੇਤਨਾ ਦੀਆਂ ਤਿੰਨ ਬਣਤਰਾਂ ਹਨ- ਮਾਲਕ, ਦਾਸ, ਸੁਤੰਤਰ ਆਦਮੀ। ਮਾਲਕ ਅਤੇ ਦਾਸ ਇੱਕ ਦੂਜੇ ਨਾਲ਼ ਸੰਬੰਧਤ ਹਨ। ਇੱਕ ਬਿਨਾਂ ਦੂਜੇ ਦੀ ਕੋਈ ਹੋਂਦ ਨਹੀਂ। ਸੁਤੰਤਰ ਬੰਦੇ ਦਾ ਆਪਣਾ ਅਸਤਿਤਵ ਹੁੰਦਾ ਹੈ। ਮਾਲਕ,ਦਾਸ ਦੇ ਰਾਹੀਂ ਹੋਂਦ ਰੱਖਦਾ ਹੈ ਅਤੇ ਦਾਸ ਆਪਣੇ ਮਾਲਕ ਰਾਹੀਂ। ਸੁਤੰਤਰ ਬੰਦਾ ਦੂਜਿਆਂ ਨਾਲ਼ ਸੁਤੰਤਰਤਾ ਨਾਲ਼ ਵਿਵਹਾਰ ਕਰਦਾ ਹੈ। ਲੋੜ ਵਿੱਚੋਂ ਪੈਦਾ ਹੋਣ ਵਾਲੀ ਸੁਤੰਤਰਤਾ ਅਸਲੀ ਸੁਤੰਤਰਤਾ ਨਹੀਂ ਹੁੰਦੀ। ਮਾਲਕ ਨੂੰ ਦਾਸ ਦੀ ਲੋੜ ਹੈ, ਦਾਸ ਨੂੰ ਮਾਲਕ ਦੀ। ਬੰਦੇ ਨੂੰ ਮਾਲਕ ਨਹੀਂ ਸਗੋਂ ਸੁਤੰਤਰ ਬਣਨਾ ਚਾਹੀਦਾ ਹੈ। Plato truly said, the tyrant is himself a slave. The enslaving of another, is also the enslaving of one-self.

ਸੁਤੰਤਰ ਬੰਦਾ ਸਵੈ-ਸ਼ਾਸਤ ਹੁੰਦਾ ਹੈ, ਕਿਸੇ ਦੁਆਰਾ ਸ਼ਾਸਤ (Governed) ਨਹੀਂ ਹੁੰਦਾ। ਉਸਦੀ ਸਵੈ-ਸਰਕਾਰ ਦੀ ਆਪਣੀ ਹੋਂਦ ਹੁੰਦੀ ਹੈ ਜੋ ਕਿ ਸ਼ਖ਼ਸੀਅਤ ਬਣ ਚੁਕੀ ਹੁੰਦੀ ਹੈ। ਮਿੱਥ ਵੀ ਬੰਦੇ ਨੂੰ ਗ਼ੁਲਾਮ ਬਣਾਉਂਦੇ ਹਨ। ਸੁਤੰਤਰ ਬੰਦਾ ਮਿੱਥਾਂ ਅਧੀਨ ਕਦੀ ਨਹੀਂ ਡੋਲਦਾ। ਸੁਤੰਤਰ ਬੰਦਾ ਮਾਲਕ ਬਣਨਾ ਵੀ ਪਸੰਦ ਨਹੀਂ ਕਰਦਾ।

## 6. ਪਾੱਲ ਟਿਲਿਕ (Paul Tillich) 1886-1965

ਪਾੱਲ ਟਿਲਿਕ ਪ੍ਰੋਟੈਸਟੈਂਟ ਧਰਮ ਸ਼ਾਸਤਰੀ ਸੀ। ਉਸਦਾ ਜਨਮ ਪਰਸ਼ੀਆ ਦੇ ਪ੍ਰਾਂਤ ਵਿਚ 1886 ਈ: ਵਿੱਚ ਹੋਇਆ। ਉਸਦੇ ਮਾਤਾ-ਪਿਤਾ ਦੋਨੋਂ ਹੀ ਧਾਰਮਿਕ ਵਿਅਕਤਿਤਵ ਦੇ ਸੁਆਮੀ ਸਨ। ਪਹਿਲਾਂ ਉਹ ਜਰਮਨ ਰੋਮਾਂਟਿਕ ਕਵਿਤਾ ਦੇ ਪ੍ਰਭਾਵ ਹੇਠ ਆਇਆ। ਉਹ 1940 ਈ: ਵਿੱਚ ਅਮਰੀਕਾ ਦੀ

ਨਾਗਰਿਕਤਾ ਲੈ ਗਿਆ ਸੀ। ਉਸਨੇ ਕੀਰਕੇਗਾਰਦ ਦਾ ਪ੍ਰਭਾਵ ਵੀ ਕਬੂਲਿਆ। ਉਹ ਲੂਥਰ ਪਰੰਪਰਾ ਦਾ ਅਨੁਯਾਈ ਵੀ ਬਣਿਆ। ਇਸੇ ਸਮੇਂ ਅਸਤਿਤਵਵਾਦ ਦਾ ਵੀ ਜਬਰਦਸਤ ਪ੍ਰਚਾਰ ਹੋ ਰਿਹਾ ਸੀ। ਚੂੰਕਿ ਉਸਨੇ ਮੱਧ-ਮਾਰਗ ਅਖ਼ਤਿਆਰ ਕੀਤਾ ਹੋਇਆ ਸੀ। ਇਸ ਲਈ ਇਹ ਨਿਰਣਾ ਕਰਨਾ ਕਠਿਨ ਹੈ ਕਿ ਉਹ ਧਰਮ ਸ਼ਾਸਤਰੀ ਸੀ ਜਾਂ ਦਾਰਸ਼ਨਿਕ ਜਾਂ ਸਭਿਆਚਾਰ ਦਾ ਆਲੋਚਕ। ਉਹ ਆਪਣੇ ਪ੍ਰਭਾਵਸ਼ਾਲੀ ਭਾਸ਼ਣਾਂ ਦੁਆਰਾ ਸ੍ਰੋਤਿਆਂ ਦੇ ਆਹਮਣੇ-ਸਾਹਮਣੇ ਬਹਿਸ ਵਿੱਚ ਭਾਗ ਲੈਂਦਾ ਸੀ।

## ਪਾਲ ਟਿੱਲਿਕ ਦੇ ਮੁੱਖ ਸੰਕਲਪ

**ਵਿਧੀ ਅਤੇ ਯਥਾਰਥ (Method and Reality)**

ਵਿਧੀ ਕਿਸੇ ਕੰਮ ਨੂੰ ਕਰਨ ਦੀ ਵਿਵਸਥਾ ਨੂੰ ਕਹਿੰਦੇ ਹਨ। ਸਾਨੂੰ ਜੀਵਨ ਦੇ ਯਥਾਰਥ ਦਾ ਸਾਹਮਣਾ ਕਰਨਾ ਪੈਂਦਾ ਹੈ। ਧਰਮ ਦੇ ਯਥਾਰਥ ਨਾਲ਼ ਟੱਕਰ ਲੈਣ ਦਾ ਭਾਵ ਹੈ ਕਿ ਅਸਤਿਤਵ ਦਾ ਯਥਾਰਥ ਨਾਲ਼ ਸਰੋਕਾਰ ਹੈ। ਧਰਮ ਸ਼ਾਸਤਰ (Theology) ਮਨੁੱਖੀ ਅਸਤਿਤਵ ਨਾਲ਼ ਸੰਬੰਧਤ ਪ੍ਰਸ਼ਨਾਂ ਨੂੰ ਸੂਤਰਬਧ ਕਰਦਾ ਹੈ। ਇਹ ਮਨੁੱਖੀ ਹੋਂਦ ਦੇ ਪ੍ਰਸ਼ਨਾਂ ਦਾ ਉੱਤਰ ਦੈਵੀ-ਪ੍ਰਕਾਸ਼ ਰਾਹੀਂ ਸੂਤਰਬਧ ਕਰਨ ਦਾ ਕਾਰਜ ਵੀ ਕਰਦਾ ਹੈ। ਮਨੁੱਖੀ ਹੋਂਦ ਦੀਆਂ ਸਮੱਸਿਆਵਾਂ ਤੱਤ ਮੀਮਾਂਸਾ (Ontology) ਅਰਥਾਤ ਹੋਂਦ ਦੇ ਅਧਿਐਨ ਨਾਲ਼ ਸੰਬੰਧਤ ਹਨ। ਹਰੇਕ ਦਰਸ਼ਨ ਦੀ ਖੋਜ ਦਾ ਪੈਂਡਾ ਮੁੜ-ਘਿੜਕੇ 'ਹੋਂਦ' ਵੱਲ ਪਰਤਦਾ ਹੈ। ਅਰਥਾਤ ਬੰਦੇ ਦੀ ਹੋਂਦ ਦਾ ਕੀ ਅਰਥ ਹੈ? ਧਰਮ ਦੇ ਦਾਰਸ਼ਨਿਕ ਅਤੇ ਧਰਮ ਸ਼ਾਸਤਰੀ ਅਰਥਾਂ ਦਰਮਿਆਨ ਸੰਬੰਧਾਂ ਨੂੰ ਆਪਸੀ ਮੇਲ ਦੀ ਵਿਧੀ (Method of Correlation) ਕਿਹਾ ਜਾਂਦਾ ਹੈ।

**ਮੁੱਢਲਾ ਸਰੋਕਾਰ (The Ultimate Concern)**

ਧਰਮ ਸ਼ਾਸਤਰ ਅਸਤਿਤਵੀ ਦ੍ਰਿਸ਼ਟੀ ਰੱਖਦਾ ਹੈ ਅਤੇ ਉਸ ਸਮੇਂ ਇਹ ਅਸਤਿਤਵ ਦੇ ਮੂਲ ਸਰੋਕਾਰ ਦੀ ਵਿਆਖਿਆ ਕਰਦਾ ਹੈ। ਦਾਰਸ਼ਨਿਕ ਪ੍ਰਸ਼ਨ ਖੜ੍ਹੇ ਕਰਦਾ ਹੈ ਅਤੇ ਧਰਮ ਸ਼ਾਸਤਰੀ ਉੱਤਰ ਤਿਆਰ ਕਰਦਾ ਹੈ। ਵਿਸ਼ਵਾਸ ਦਾ ਸੰਕਲਪ ਨਾਲ਼ 'ਮੂਲ ਸਰੋਕਾਰ' ਹੁੰਦਾ ਹੈ। ਧਾਰਮਿਕ ਵਿਵਹਾਰ ਦਾ ਸਾਰ ਹੀ ਬੁਨਿਆਦੀ ਸਰੋਕਾਰ (Ultimate Concern) ਅਖਵਾਉਂਦਾ ਹੈ। ਇਸ ਸਰੋਕਾਰ ਦਾ ਉਦੇਸ਼ ਨਿਰਮਲ ਹੁੰਦਾ ਹੈ। ਜੀਵਤ ਪ੍ਰਾਣੀ ਵਜੋਂ ਬੰਦਾ ਅਨੇਕਾਂ ਵਸਤਾਂ ਨਾਲ਼ ਸਰੋਕਾਰ ਰੱਖਦਾ ਹੈ ਪਰ ਸਭ ਤੋਂ ਵੱਧ ਉਸਦਾ ਸਰੋਕਾਰ ਆਪਣੀ ਹੋਂਦ ਨਾਲ਼ ਹੁੰਦਾ ਹੈ। ਇਹ ਸਰੋਕਾਰ ਉਸ ਪਾਸੋਂ ਆਤਮ-ਸਮਰਪਣ ਦੀ ਮੰਗ ਕਰਦਾ ਹੈ ਅਤੇ ਹੋਰ ਸਰੋਕਾਰ ਲਾਂਭੇ ਰੱਖੇ ਜਾਂਦੇ ਹਨ। ਵਿਸ਼ਵਾਸ (Faith) ਧਰਮ ਸ਼ਾਸਤਰ ਦੀ ਮੁੱਢਲੀ ਸ਼ਰਤ ਹੈ।

ਰੱਬ (God)

ਕੀ ਰੱਬੀ ਹੋਂਦ ਮਾਨਵੀ ਹੋਂਦ ਵਰਗੀ (Being-itSelf) ਹੈ? ਜਦੋਂ ਸਰਵੁੱਚ ਹੋਂਦ (Highest Being) ਨੂੰ ਅਸੀਮ ਸ਼ਕਤੀ ਦਿੱਤੀ ਜਾਂਦੀ ਹੈ, ਉਹ ਅਸਤਿਤਵ ਗੁਆ ਬਹਿੰਦਾ ਹੈ ਅਤੇ ਬੀਇੰਗ ਇਟਸੈਲਫ਼ ਹੋ ਜਾਂਦਾ ਹੈ। ਇਸ ਦੀ ਥਾਂ ਉਸਨੂੰ ਹੋਂਦ ਦੀ ਸ਼ਕਤੀ (Power of Being) ਨਾਲੋਂ ਹੋਂਦ ਦਾ ਆਧਾਰ (Ground of Being) ਮੰਨਣਾ ਵਧੇਰੇ ਠੀਕ ਹੈ। ਬੀਇੰਗ ਇਟਸੈਲਫ਼ ਵਜੋਂ ਰੱਬ ਸਾਰਵਾਦੀ ਅਤੇ ਅਸਤਿਤਵੀ ਹੋਂਦ ਤੋਂ ਪਾਰ ਹੈ। ਰੱਬੀ ਹੋਂਦ ਜਿਸ ਵਿੱਚ ਉਸਦਾ 'ਸਾਰ' ਸ਼ਾਮਲ ਨਾ ਹੋਵੇ, ਸਵੈ-ਵਿਰੋਧੀ ਟਰਮ ਹੈ। ਇਉਂ ਅਜਿਹਾ ਰੱਬ ਸਾਹਮਣੇ ਆਉਂਦਾ ਹੈ, ਜਿਸਦੀ ਹੋਂਦ ਸਾਰਵਾਦੀ ਸੰਭਾਵਨਾਵਾਂ ਪੂਰੀਆਂ ਨਹੀਂ ਕਰਦੀ। Being and not-yet-Being ਉਸ ਵਿੱਚ ਰਲ਼ ਮਿਲ਼ ਜਾਂਦੇ ਹਨ। ਇਹ ਗੁਣ ਤਾਂ ਹਰ ਸੀਮਾਬਧ ਜੀਵ ਵਿੱਚ ਵੀ ਹੁੰਦੇ ਹਨ। ਏਦਾਂ ਰੱਬ, ਰੱਬ ਨਹੀਂ ਰਹਿੰਦਾ। ਅਜਿਹੇ ਵਿਚਾਰ ਸੇਂਟ ਥਾਮਸ ਦੇ ਹਨ ਜੋ ਸੇਂਟ ਅਗਸਟਨ ਅਤੇ ਅਰਸਤੂ ਦੇ ਵਿਚਾਰਾਂ ਨੂੰ ਮਿਲਾਂਦਾ ਹੈ। ਅਰਥਾਤ ਰੱਬੀ ਹੋਂਦ ਵਿੱਚ ਸਾਰ ਸ਼ਾਮਲ ਹੈ (ਅਗਸਟਨ); ਰੱਬੀ ਹੋਂਦ ਦੁਨਿਆਵੀ ਹੋਂਦ ਤੋਂ ਹੋਂਦ ਪ੍ਰਾਪਤ ਕਰਦੀ ਹੈ (ਅਰਸਤੂ)

ਪਾਲ ਟਿੱਲਿਕ ਰੱਬ ਸੰਬੰਧੀ ਅਨੇਕਾਂ ਪ੍ਰਸ਼ਨ ਖੜ੍ਹੇ ਕਰਦਾ ਹੈ, ਜਿਵੇਂ ਰੱਬੀ ਹੋਂਦ ਕਿਉਂ ਹੈ? ਰੱਬ ਦੀ ਸਿਰਜਨਾ ਕਿਸਨੇ ਕੀਤੀ? ਜੇ ਰੱਬ ਦੀ ਹੋਂਦ ਹੈ ਤਾਂ ਫਿਰ ਉਹ ਜੀਵ (Creature) ਹੈ ਅਤੇ ਜੀਵ-ਸਿਰਜਕ (Creator) ਨਹੀਂ ਹੋ ਸਕਦਾ। ਇਸ ਲਈ ਉਸਦਾ ਸੁਝਾਓ ਹੈ ਰੱਬ ਨੂੰ Ground of being itself ਵਜੋਂ ਸਮਝਿਆ ਜਾਵੇ। ਉਹ ਨਿਜੀ (Personal) ਨਿਜ ਤੋਂ ਪਾਰ (Transpersonal) ਦੋਵੇਂ ਗੁਣ ਰੱਖਦਾ ਹੈ।

ਟਿੱਲਿਕ ਦਾ ਇਹ ਵੀ ਵਿਚਾਰ ਹੈ ਕਿ ਰੱਬ ਨੂੰ ਕਰਤਾ-ਕਰਮ ਦੀ ਦੁਵੰਡ ਵਿੱਚ ਪਾਉਣਾ ਦੈਵੀ ਪਵਿੱਤਰਤਾ ਦਾ ਅਪਮਾਨ ਹੈ। ਉਸ ਦਾ ਵਿਚਾਰ ਹੈ ਕਿ ਰੱਬ Being-itself ਤੋਂ ਪਾਰ ਹੈ ਅਤੇ ਆਪਣੀ ਸਿਰਜਨਾ ਦੀ ਹੋਂਦ ਵਿੱਚ ਆਪਣਾ ਪ੍ਰਗਟਾਵਾ ਕਰਦਾ ਹੈ। ਪੱਾਲ ਟਿਲੱਕ ਰੱਬ ਦੇ ਪਰੰਪਰਾਗਤ... ਅਰਥਾਂ ਤੋਂ ਪਾਰ ਜਾਂਦਾ ਹੋਇਆ 'ਰੱਬ ਉੱਪਰ ਰੱਬ' (God Above God) ਦਾ ਸੰਕਲਪ ਪੇਸ਼ ਕਰਦਾ ਹੈ। ਜੋ ਸ਼ੰਕਾ (Doubt) ਦੀ ਹਾਲਤ ਵਿੱਚ ਨਿਰਰਥਕਤਾ ਨੂੰ ਅਰਥ ਪ੍ਰਦਾਨ ਕਰਦਾ ਹੈ। ਉਸੇ ਨੂੰ ਉਹ ਸ਼ਕਤੀ ਦੀ ਹੋਂਦ (Power of Being) ਕਹਿੰਦਾ ਹੈ। ਇਹੋ ਸਥਿਤੀ ਬੰਦੇ ਨੂੰ ਦਲੇਰੀ (Courage to be) ਵੱਲ ਪ੍ਰੇਰਿਤ ਕਰਦੀ ਹੈ।

ਪੱਾਲ ਟਿੱਲਿਕ ਉਸ ਰਵਾਇਤੀ ਆਸਤਿਕਤਾ ਦੀ ਨਿੰਦਿਆ ਕਰਦਾ ਹੈ ਜਿਸ ਅਨੁਸਾਰ ਰੱਬ ਸੁਰਗ ਵਿੱਚ ਇੱਕ ਬੰਦੇ ਵਾਂਗ ਉੱਪਰ ਰਹਿੰਦਾ ਹੈ। ਉਹ

ਨਾਸਤਿਕਾਂ (Atheists) ਵੱਲੋਂ ਅਜਿਹੇ ਰੱਬ ਨੂੰ ਰੱਦ ਕਰਨ ਨੂੰ ਸਹੀ ਮੰਨਦਾ ਹੈ। ਉਸਦੀ ਅਜਿਹੀ ਹੋਂਦ ਦਾ ਕੋਈ ਪ੍ਰਮਾਣ ਨਹੀਂ। ਉਸਦਾ ਮੂਲ ਸਰੋਕਾਰ ਨਾਲ਼ ਵੀ ਕੋਈ ਵਾਸਤਾ ਨਹੀਂ। ਸਰਵ ਵਿਆਪਕ/ਸੰਸਾਰੀ ਸਾਂਝ ਬਿਨਾਂ ਰੱਬ, ਰੱਬ ਨਹੀਂ ਹੋ ਸਕਦਾ। ਨਿੱਜੀ ਰੱਬ ਦੀ ਧਾਰਨਾ ਭੰਬਲਭੂਸੇ ਵਾਲ਼ੀ ਹੈ।

**ਰੱਬੀ ਸੁਤੰਤਰਤਾ (Freedom of God)**

ਪੱਾਲ ਟਿੱਲਿਕ ਰੱਬੀ ਸੁਤੰਤਰਤਾ ਦਾ ਸੰਕਲਪ ਵੀ ਪੇਸ਼ ਕਰਦਾ ਹੈ। ਰੱਬ ਸੁਤੰਤਰਤਾ ਨਾਲ਼ ਸਿਰਜਨਾ ਕਰਦਾ ਹੈ। ਸੁਤੰਤਰਤਾ ਨਾਲ਼ ਹੀ ਉਹ ਸੰਸਾਰ ਅਤੇ ਬੰਦੇ ਨਾਲ਼ ਵਰਤਦਾ ਹੈ। ਅਫ਼ਰਾਤਫਰੀ ਅਰਥਾਤ ਧੁੰਦੂਕਾਰਾ ਉਸਨੂੰ ਆਪਣਾ ਸ਼ਬਦ (Word) ਬੋਲਣੋਂ ਰੋਕ ਨਹੀਂ ਸਕਦੇ ਜਿਸ ਨਾਲ਼ ਅਗਿਆਨਤਾ ਦੀ ਧੁੰਦ ਮਿਟਦੀ ਹੈ। ਲੋਕਾਂ ਦੇ ਚੰਗੇ ਮਾੜੇ ਕੰਮ ਉਸਨੂੰ ਇਨਾਮ ਦੇਣ ਲਈ ਮਜਬੂਰ ਨਹੀਂ ਕਰ ਸਕਦੇ। ਉਸਨੂੰ ਆਪਣਾ ਪ੍ਰਗਟਾਵਾ ਕਰਨ ਤੋਂ ਰੋਕਿਆ ਨਹੀਂ ਜਾ ਸਕਦਾ। ਸੰਖੇਪ ਇਹ ਕਿ 'A Conditioned God is no God.'

**ਅਸਤਿਤਵਵਾਦ ਬਨਾਮ ਸਾਰਵਾਦ (Existentialism Vs Essentialism)**

ਅਸਤਿਤਵ ਅਤੇ ਸਾਰ ਦਾ ਅਧਿਐਨ ਮਨੁੱਖ ਨੂੰ ਕੇਂਦਰ ਵਿੱਚ ਰੱਖਕੇ ਹੀ ਕੀਤਾ ਜਾ ਸਕਦਾ ਹੈ। ਸਾਰਵਾਦੀ ਬੰਦੇ ਦੀ ਪ੍ਰਕ੍ਰਿਤੀ ਨਾਲ਼ ਹੀ ਜੂਝਦੇ ਹਨ। ਅਸਤਿਤਵਵਾਦੀ ਮਨੁੱਖੀ ਸਥਿਤੀ ਤੇ ਧਿਆਨ ਇਕਾਗਰ ਕਰਦੇ ਹਨ। ਅਸਤਿਤਵਾਦੀ ਬਾਹਰਮੁਖੀ ਦ੍ਰਿਸ਼ਟੀ ਦੀ ਥਾਂ ਅੰਤਰਮੁਖਤਾ ਦੀ ਦ੍ਰਿਸ਼ਟੀ ਅਨੁਸਾਰ ਕਾਰਜਸ਼ੀਲ ਰਹਿੰਦੇ ਹਨ। ਅੱਖੀਂ ਵੇਖੀ ਮੌਤ ਦਾ ਅਧਿਐਨ ਸਾਰਵਾਦੀ ਦ੍ਰਿਸ਼ਟੀ ਨਾਲ਼ ਹੋ ਸਕਦਾ ਹੈ।

ਆਪਣੀ ਮੌਤ ਦਾ, ਫ਼ਿਕਰ ਦੀ ਅਸਤਿਤਵੀ ਸਥਿਤੀ 'ਚ, ਪ੍ਰਗਟਾਵਾ ਹੁੰਦਾ ਹੈ। ਭੈਅ (Fear) ਦਾ ਖੇਤਰ ਨਿਸ਼ਚਿਤ ਹੁੰਦਾ ਹੈ। ਇਸ ਉੱਪਰ ਵਿਚਾਰ ਸਾਰਵਾਦੀ ਹੋ ਸਕਦਾ ਹੈ। ਪਰ ਚਿੰਤਾ ਦੀ ਸਥਿਤੀ ਅਸਤਿਤਵਵਾਦੀ ਸਰੋਕਾਰ ਹੈ। ਸੁੰਨਸਾਨ (Solitude) ਸਾਰਵਾਦੀ ਹੈ ਅਤੇ ਇਕੱਲਤਾ (Loneliness) ਅਸਤਿਤਵਵਾਦ ਦੇ ਅਧਿਐਨ ਦਾ ਖੇਤਰ ਹੈ। ਸੀਮਾਬੱਧਤਾ (Finititude) ਦਾ ਭਾਵ ਅਸੁਰੱਖਿਆ ਹੈ। ਸਾਰਵਾਦੀ ਸੁਰੱਖਿਆ ਜਾਂ ਅਸੁਰੱਖਿਆ ਦਾ ਸੰਬੰਧ ਜੀਵ ਵਿਗਿਆਨਕ, ਸਮਾਜ-ਵਿਗਿਆਨਕ ਅਤੇ ਮਨੋਵਿਗਿਆਨਕ ਦੀ ਦ੍ਰਿਸ਼ਟੀ ਤੋਂ ਕੀਤਾ ਜਾ ਸਕਦਾ ਹੈ। ਅਸਤਿਤਵਵਾਦੀ ਸੁਰੱਖਿਆ/ਅਸੁਰੱਖਿਆ ਚਿੰਤਾ ਦਾ ਵਿਸ਼ਾ ਹੈ ਜਿਸ ਦਾ ਸੰਬੰਧ ਬੰਦੇ ਦੀ ਹੋਂਦ ਨਾਲ਼ ਹੀ ਹੁੰਦਾ ਹੈ।

**ਅਸਤਿਤਵ ਅਤੇ ਪਿਆਰ (Being and Love)**

ਜਿਹੜਾ ਬੰਦਾ ਪ੍ਰੇਮ ਵਿੱਚ ਰਹਿੰਦਾ ਉਹ ਰੱਬ ਨੂੰ ਪਾਉਂਦਾ ਹੈ। (He who remains in love remains in God) ਇਹ ਸਿਧਾਂਤ ਗੁਰੂ ਸਾਹਿਬਾਨ

ਨਾਲ਼ ਮਿਲਦਾ ਹੈ- ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ, ਪ੍ਰੇਮ ਹੀ ਰੱਬ ਹੈ। ਉਹ ਮਨੁੱਖਤਾ ਲਈ ਹੋਂਦ-ਭੂਮੀ (Ground of Being) ਹੈ। ਪਿਆਰ, ਨਿਆਂ ਅਤੇ ਸ਼ਕਤੀ ਉਸ ਵਿੱਚ ਨਿਹਿਤ ਹਨ। ਗੁੱਸਾ (Wrath) ਨਫ਼ਰਤ ਨਹੀਂ ਹੁੰਦਾ। ਨਫ਼ਰਤ (Hate) ਤਾਂ ਕਿਸੇ ਨੂੰ ਪਿਆਰ ਤੋਂ ਵੰਚਿਤ ਕਰਦੀ ਹੈ। ਨਫ਼ਰਤ ਪਿਆਰ ਦਾ ਦੂਜਾ ਪਾਸਾ ਨਹੀਂ ਸਗੋਂ ਇਹ ਨਿਖੇਧ ਹੈ।

## 7. ਰੁਡੋਲਫ ਕਾਰਲ ਬੁਲਟਮਾਨ

## (Rudolf Karl Bultmann) 1884-1976

ਰੁਡੋਲਫ ਕਾਰਲ ਬੁਲਟਮਾਨ ਵੀਹਵੀਂ ਸਦੀ ਦਾ ਧਾਰਮਿਕ ਅਸਤਿਤਵਵਾਦੀ ਹੋਇਆ ਹੈ ਜਿਸਨੇ ਈਸਾਈ ਧਰਮ ਨੂੰ ਮਿੱਥਾਂ ਤੋਂ ਬਚਾਕੇ ਸਹੀ ਰੂਪ ਵਿੱਚ ਸਮਝਣ 'ਤੇ ਜ਼ੋਰ ਦਿੱਤਾ ਹੈ। ਉਸਨੇ ਯੂਨਾਨੀ ਸ਼ਬਦ ਕੈਰਿਗਮਾ (Keregnia) ਦੇ ਅਰਥ ਰੱਬ ਦੇ ਸੁਨੇਹੇ ਵਜੋਂ ਗ੍ਰਹਿਣ ਕੀਤੇ। ਉਸਨੇ ਦੱਸਿਆ ਕਿ ਈਸਾ ਨਾਲ਼ ਜੁੜੇ ਮਿੱਥਾਂ ਦੀ ਥਾਂ ਮਹੱਤਵ ਤਾਂ ਇਸ ਗੱਲ ਦਾ ਹੈ ਕਿ ਉਸਦੀ ਨੈਤਿਕਤਾ ਨੂੰ ਸਮਝਿਆ ਜਾਵੇ। ਉਸਨੇ ਦ੍ਰਿੜ੍ਹਤਾ ਨਾਲ਼ ਕਿਹਾ ਕਿ ਵੀਹਵੀਂ ਸਦੀ ਦਾ ਬੰਦਾ ਮਿੱਥਾਂ ਨੂੰ ਕਿਸੇ ਰੂਪ ਵਿੱਚ ਵੀ ਸਵੀਕਾਰ ਨਹੀਂ ਕਰ ਸਕਦਾ ਕਿਉਂਕਿ ਪਰਾਸਰੀਰਕ ਸ਼ਕਤੀਆਂ ਮਨੁੱਖ ਦੀਆਂ ਗਤੀਵਿਧੀਆਂ ਦੇ ਕਾਰਨ ਅਤੇ ਪ੍ਰਭਾਵ ਦੀ ਤਰਜਮਾਨੀ ਨਹੀਂ ਕਰ ਸਕਦੀਆਂ। ਉਸਨੇ ਬਾਈਬਲ ਦੀ ਮਿੱਥ-ਭਾਸ਼ਾ ਨੂੰ ਸਮਝਣ ਹਿਤ ਵਿਗਿਆਨ ਦੀ ਥਾਂ ਅਸਤਿਤਵਵਾਦੀ ਦਰਸ਼ਨ ਦਾ ਸਹਾਰਾ ਲਿਆ। ਬੁਲਟਮਾਨ ਜਰਮਨ ਫ਼ਿਲਾਸਫ਼ਰ ਮਾਰਟਿਨ ਹਾਈਡਿਗਰ ਤੋਂ ਪ੍ਰਭਾਵਿਤ ਸੀ ਅਤੇ ਉਸਦੀ ਅਸਤਿਤਵਵਾਦੀ ਵਿਚਾਰਧਾਰਾ ਨੂੰ ਹੀ ਉਸਨੇ ਈਸਾਈ ਧਰਮ ਦੀ ਸਮਝ ਲਈ ਪ੍ਰਯੋਗ ਵਿੱਚ ਲਿਆਂਦਾ।

## ਬੁਲਟਮਾਨ ਦੇ ਮੁੱਖ ਸੰਕਲਪ

**ਸ਼ਬਦ (Word of God)**

ਬੁਲਟਮਾਨ ਦਾ ਵਿਸ਼ਵਾਸ ਹੈ ਕਿ ਰੱਬ ਵਿੱਚ ਭਰੋਸਾ ਐਵੇਂ ਨਹੀਂ ਹੋ ਸਕਦਾ। ਸ਼ਬਦ ਦੇ ਲੜ ਲੱਗਣ ਦਾ ਭਾਵ ਹੈ ਕਿ ਇਸਨੂੰ ਧਿਆਨ ਨਾਲ਼ ਸੁਣ ਲਿਆ ਅਤੇ ਸਮਝ ਲਿਆ ਗਿਆ ਹੈ। ਇਸ ਤੋਂ ਬਾਅਦ ਹੋਰ ਗੱਲ੍ਹਾਂ ਸਮਝ ਵਿੱਚ ਆ ਸਕਣਗੀਆਂ। ਵਿਸ਼ਵਾਸ ਤਾਂ ਇਕਾਗਰਤਾ ਸਹਿਤ ਸੁਣਨ ਨਾਲ਼ ਹੀ ਪੈਦਾ ਹੋਣਾ ਹੈ। ਇਹ ਗੱਲ ਉਸਨੇ ਧਾਰਮਿਕ ਗ੍ਰੰਥਾਂ ਦੇ ਸ਼ਬਦ ਬਾਰੇ ਕੀਤੀ ਹੈ। ਹਾਈਡਿਗਰ ਨੇ ਜੋ ਸਥਾਨ 'ਜ਼ਮੀਰ' ਨੂੰ ਦਿੱਤਾ ਉਹੀ ਸਥਾਨ ਬੁਲਟਮਾਨ 'ਸ਼ਬਦ' ਨੂੰ ਦਿੰਦਾ ਹੈ। ਸ਼ਬਦ ਦੁਆਰਾ ਹੀ ਵਿਅਕਤੀ ਪ੍ਰਮਾਣਿਕ ਅਸਤਿਤਵ ਗ੍ਰਹਿਣ ਕਰ ਸਕਦਾ ਹੈ। ਸ਼ਬਦ ਨਾਲ਼ ਹੀ ਮਿਲਾਵਾ ਸੰਭਵ ਹੈ।

**ਰੱਬ ਪੂਰਨ ਤੌਰ 'ਤੇ ਵੱਖਰਾ (God as Wholly other)**

ਰੱਬ ਬੰਦਿਆਂ ਤੋਂ ਪੂਰਨ ਤੌਰ 'ਤੇ ਵੱਖਰਾ ਹੈ। ਬੁਲਟਮਾਨ ਨੇ ਇਹ ਧਾਰਨਾ ਆਪਣੇ ਪੂਰਬਲਿਆਂ ਤੋਂ ਪ੍ਰਾਪਤ ਕੀਤੀ ਪਰ ਇਸਨੂੰ ਪੂਰੀ ਤਰ੍ਹਾਂ ਅਪਨਾਇਆ ਅਤੇ ਸਮਝਿਆ। ਬੁਲਟਮਾਨ ਦਾ ਮੱਤ ਹੈ ਕਿ ਬੰਦੇ ਦੀ ਵਾਸਤਵਿਕ ਸਥਿਤੀ ਮਾੜੇ ਕਰਮਾਂ ਅਰਥਾਤ ਅਪਰਾਧ ਵਾਲ਼ੀ ਹੈ। ਇਸ ਕਰਕੇ ਜੇ ਉਹ ਰੱਬ ਦੀ ਗੱਲ ਕਰਨੀ ਚਾਹੁੰਦਾ ਤਾਂ ਹੈ ਪਰ ਉਹ ਇਸਦੇ ਸਮਰੱਥ ਹੀ ਨਹੀਂ। ਜੇ ਬੰਦਾ ਆਪਣੀ ਹੋਂਦ ਬਾਰੇ ਕੁੱਝ ਕਹਿਣਾ ਚਾਹੁੰਦਾ ਹੈ ਤਾਂ ਕਹਿ ਹੀ ਨਹੀਂ ਸਕਦਾ। ਜੇ ਉਸਨੇ ਕੁੱਝ ਬੋਲਣਾ ਹੈ ਤਾਂ ਰੱਬ ਵੱਲੋਂ ਬਖ਼ਸ਼ੀ ਹੋਂਦ ਕਾਰਨ ਹੀ ਬੋਲ ਸਕਦਾ ਹੈ। ਇੰਜ ਵੀ ਉਹ ਆਪਣੇ ਅਪਰਾਧੀ ਅਸਤਿਤਵ ਕਾਰਨ ਹੀ ਕਰ ਸਕਦਾ ਹੈ। ਉਹ ਸਮੁੱਚੀ ਹੋਂਦ ਵਿੱਚੋਂ ਰੱਬ ਦੇ ਦਰਸ਼ਨ ਨਹੀਂ ਕਰ ਸਕਦਾ ਕਿਉਂਕਿ ਰੱਬ ਤਾਂ ਉਸ ਤੋਂ ਵੱਖਰਾ (Wholly other) ਹੈ। ਉਹ ਮਨੁੱਖਤਾ ਲਈ ਅਪਹੁੰਚ ਹੈ। ਰੱਬ ਆਪਣਾ ਪ੍ਰਗਟਾਵਾ ਮਨੁੱਖੀ ਸ਼ਰਤਾਂ ਦੀ ਥਾਂ ਆਪਣੀਆਂ ਸ਼ਰਤਾਂ 'ਤੇ ਕਰਦਾ ਹੈ। ਅਜਿਹਾ ਪ੍ਰਗਟਾਵਾ ਵੀ ਮਨੁੱਖੀ ਪਕੜ ਤੋਂ ਬਾਹਰ ਰਹਿੰਦਾ ਹੈ।

**ਵਿਸ਼ਵਾਸ (Faith)**

ਬੁਲਟਮਾਨ ਦਾ ਵਿਚਾਰ ਹੈ ਕਿ ਰੱਬੀ ਆਧਾਰ (Grounding in God) ਤੋਂ ਬਿਨਾਂ ਬੰਦੇ ਦਾ ਕੋਈ ਸੰਸਾਰ ਨਹੀਂ ਹੈ। ਇਸ ਲਈ ਰੱਬੀ ਆਧਾਰ ਨੂੰ ਨਵੀਂ ਦਿਸ਼ਾ ਦੇਣੀ ਹੋਵੇਗੀ। ਇਸ ਵਾਸਤੇ ਰੱਬੀ ਮਿਹਰ ਨੂੰ ਸਮਝਣਾ ਹੋਵੇਗਾ। ਇਸ ਸੰਬੰਧੀ ਉਹ ਈਸਾ ਦੀ ਸੂਲੀ ਵਾਲੀ ਘਟਨਾ ਦਾ ਹਵਾਲਾ ਦਿੰਦਾ ਹੈ। ਇਥੋਂ ਹੀ ਸਮਝ ਪੈਂਦੀ ਹੈ ਕਿ ਬੰਦੇ ਦਾ ਅਸਤਿਤਵ ਉਸਦਾ ਆਪਣਾ ਨਹੀਂ ਸਗੋਂ ਇਹ ਤਾਂ ਰੱਬੀ ਤੋਹਫ਼ਾ ਹੈ। ਈਸਾ ਪ੍ਰਮਾਣਿਕ ਅਸਤਿਤਵ ਦੀ ਸਰਵੋਤਮ ਉਦਾਹਰਨ ਹੈ। ਸ਼ਹੀਦੀ ਦਾ ਸੰਦੇਸ਼ ਹੈ ਕਿ ਮ੍ਰਿਤੂ ਬੰਦੇ ਦੇ ਵਸ ਵਿੱਚ ਨਹੀਂ। ਬੰਦਾ ਅਜਿਹੀ ਸਮਝ ਤੋਂ ਦੂਰ ਰਹਿਣ ਕਾਰਨ ਹੀ ਅਪ੍ਰਮਾਣਿਕ ਜੀਵਨ ਜੀਅ ਰਿਹਾ ਹੈ। ਪਰ ਧਰਮ ਦੇ ਸੁਨੇਹੇ ਨਾਲ਼ ਜੁੜਨਾ ਹੀ ਵਿਸ਼ਵਾਸ ਹੈ। ਵਿਸ਼ਵਾਸ ਫ਼ੈਸਲੇ ਨਾਲ਼ ਨੇੜਿਓਂ ਸੰਬੰਧਤ ਹੈ। ਵਿਸ਼ਵਾਸ, ਸ਼ਬਦ ਦੀ ਘੋਸ਼ਣਾ ਵਿੱਚ, ਨਦਰ ਸਾਹਵੇਂ ਲਿਆ ਫ਼ੈਸਲਾ ਹੈ। ਇਉਂ ਬੰਦੇ ਨੂੰ ਆਪਣੀ ਖ਼ੁਦੀ ਦਾ ਗਿਆਨ ਹੋ ਜਾਂਦਾ ਹੈ। ਦਰਅਸਲ ਰੱਬੀ ਸੰਦੇਸ਼ ਦਾ ਉੱਤਰ ਹੀ ਵਿਸ਼ਵਾਸ ਹੈ। ਬੁਲਟਮਾਨ ਲਈ ਵਿਸ਼ਵਾਸ ਵਾਲ਼ਾ ਜੀਵਨ ਇਸ ਤੋਂ ਵੱਧ ਕੁੱਝ ਨਹੀਂ ਕਿ ਬੰਦਾ ਆਪਣੀ ਅਸਤਿਤਵੀ ਹੋਂਦ ਦੀਆਂ ਸੰਭਾਵਨਾਵਾਂ ਨੂੰ ਸਮਝੇ।

**ਅਮਿੱਥੀਕਰਨ (Demythologization)**

ਬੁਲਟਮਾਨ ਦਾ ਮਿੱਥ ਦੇ ਵਿਰੁੱਧ ਵੱਡਾ ਇਤਰਾਜ਼ ਇਹ ਹੈ ਕਿ ਅਧੁਨਿਕ ਸਮੇਂ ਇਹ ਈਸਾਈ ਧਾਰਮਿਕ ਸੰਦੇਸ਼ ਦੇ ਰਾਹ ਵਿੱਚ ਰੋੜਾ ਬਣਦਾ ਹੈ। ਉਹ

ਵਿਗਿਆਨਕ ਯੁੱਗ ਵਿੱਚ ਮਿਥਾਂ ਨੂੰ ਬਹੁਤਾ ਮਹੱਤਵ ਦੇਣ ਦੇ ਹੱਕ ਵਿੱਚ ਨਹੀਂ। ਚਮਤਕਾਰੀ ਗੱਲਾਂ ਮੌਜੂਦਾ ਸੰਸਾਰ ਵਿੱਚ ਬਹੁਤੀਆਂ ਮੰਨਣਯੋਗ ਨਹੀਂ ਹਨ। ਮਿਥਿਹਾਸ ਤਾਂ ਰੱਬ ਨੂੰ ਸੁਰਗ ਵਿੱਚ ਅਤੇ ਇਸ ਤੋਂ ਬਿਨਾ ਨਰਕ-ਸੁਰਗ ਦੇ ਸਿੱਧਾਂਤ ਨੂੰ ਮੰਨਦਾ ਹੈ ਜਦੋਂ ਕਿ ਅਜਿਹੀਆਂ ਗੱਲਾਂ ਰੱਬੀ ਯਥਾਰਥ ਨੂੰ ਵਿਰੂਪਤ ਕਰਦੀਆਂ ਹਨ। ਮਿਥਿਹਾਸ ਤਾਂ ਨਿਰਾਕਾਰ ਰੱਬ ਨੂੰ ਵਸਤੂ ਰੂਪ ਵਿੱਚ ਵੇਖਦਾ ਹੈ। ਇਹ ਸਮਝ ਲੈਣਾ ਵੀ ਠੀਕ ਨਹੀਂ ਹੋਵੇਗਾ ਕਿ ਬੁਲਟਮਾਨ ਸਾਰੀਆਂ ਮਿਥਿਹਾਸਕ ਕਹਾਣੀਆਂ ਪਿੱਛੇ ਛੁਪੇ ਅਰਥਾਂ ਨੂੰ ਸਮਝਣ ਤੋਂ ਇਨਕਾਰੀ ਹੈ। ਉਸਦਾ ਭਾਵ ਤਾਂ ਈਸਾ ਦੇ ਅਸਤਿਤਵੀ ਵਿਸ਼ਲੇਸ਼ਣ ਦੀ ਯਥਾਰਥਕ ਪਹੁੰਚ ਹੈ।

**ਜ਼ਮੀਰ (Conscience)**

ਜ਼ਮੀਰ ਬੁਲਟਮਾਨ ਦੇ ਸਿੱਧਾਂਤ ਦਾ ਕੇਂਦਰੀ ਨੁਕਤਾ ਹੈ। ਕਾਂਤ ਨੇ ਵੀ ਜ਼ਮੀਰ ਨੂੰ ਮਹੱਤਵ ਦਿੱਤਾ ਹੈ। ਮਿਲ ਅਨੁਸਾਰ ਜ਼ਮੀਰ ਸਾਡੇ ਆਪਣੇ ਮਨ ਦਾ ਅਹਿਸਾਸ ਹੈ। ਵਿਸ਼ੇਸ਼ ਕਰਕੇ ਇਹ ਅਜਿਹੀ ਭਾਵਨਾ ਹੈ ਜੋ ਫ਼ਰਜ਼ ਦੀ ਪੂਰਤੀ ਨਾ ਕਰ ਸਕਣ ਦੀ ਪੀੜ ਵਿੱਚੋਂ ਉਤਪੰਨ ਹੁੰਦੀ ਹੈ। ਹਾਈਡਿਗਰ ਦਾ ਜ਼ਮੀਰ ਸਿੱਧਾਂਤ ਸਮੁੱਚੀ ਮਨੁੱਖੀ ਹੋਂਦ ਨੂੰ ਪ੍ਰਭਾਵਿਤ ਕਰਦਾ ਹੈ। ਇਹ ਤਾਂ ਸਵੈ ਦਾ ਸਵੈ ਨੂੰ ਸੱਦਾ ਹੈ। ਸੱਦਣ ਵਾਲਾ ਬੰਦਾ ਆਪ ਹੀ ਹੈ। ਬੁਲਟਮਾਨ ਦਾ ਜ਼ਮੀਰ ਸੰਬੰਧੀ ਵਿਚਾਰ ਸਿੱਧੇ ਤੌਰ 'ਤੇ ਹਾਈਡਿਗਰ ਤੋਂ ਪ੍ਰਭਾਵਿਤ ਹੈ। ਉਹ ਮੰਨਦਾ ਹੈ ਕਿ ਈਸਾਈਅਤ ਅਤੇ ਅਸਤਿਤਵਵਾਦ ਦੋਵੇਂ ਇਸ ਗੱਲ 'ਤੇ ਇੱਕ ਮੱਤ ਹਨ ਕਿ ਬੰਦਾ ਪਤਿਤ ਹੈ। ਸੰਖੇਪ ਇਹ ਹੈ ਕਿ ਜ਼ਮੀਰ ਬੰਦੇ ਨੂੰ ਪ੍ਰਮਾਣਿਕ ਅਸਤਿਤਵ ਪ੍ਰਦਾਨ ਕਰ ਸਕਦੀ ਹੈ।

**ਬਖ਼ਸ਼ਸ਼ (Grace)**

ਬੁਲਟਮਾਨ ਦਾ ਵਿਚਾਰ ਹੈ ਕਿ ਬਖ਼ਸ਼ਸ਼ ਰੱਬ ਦਾ ਕੋਈ ਵਿਸ਼ੇਸ਼ ਗੁਣ ਨਹੀਂ ਹੈ। ਕਰੋਪੀ (Wrath) ਵੀ ਉਸਦਾ ਗੁਣ ਨਹੀਂ ਹੈ। ਇਹ ਤਾਂ ਉਸਦੀ ਰਾਇ (Judgement) ਦਾ ਵਾਕਿਆ ਹੈ। ਰੱਬ ਨੇ ਬੰਦੇ ਨੂੰ ਇੱਕ ਜ਼ਿੰਮੇਵਾਰ ਵਿਅਕਤੀ ਵਜੋਂ ਸਿਰਜਿਆ ਅਤੇ ਉਸਨੂੰ ਆਪਣੇ ਅਸਤਿਤਵ ਨੂੰ ਪ੍ਰਮਾਣਿਕ ਜਾਂ ਅਪ੍ਰਮਾਣਿਕ ਬਣਾਉਣ ਦੀ ਸੰਭਾਵਨਾ ਦਿੱਤੀ ਹੈ। ਬੰਦੇ ਦੀ ਆਪਣੇ ਆਪ ਤੋਂ ਦੂਰੀ ਉਸਦੀ ਰੱਬ ਤੋਂ ਦੂਰੀ ਬਣ ਜਾਂਦੀ ਹੈ। ਬੰਦੇ ਨੂੰ ਉਸਦੀ ਕਰੋਪੀ ਤੋਂ ਬਚਣ ਲਈ ਆਪਣੀ ਸੰਭਾਵਨਾ ਵਿੱਚ ਸਿਦਕ ਰੱਖਣਾ ਚਾਹੀਦਾ ਹੈ। ਬੰਦਾ ਆਪਣੇ ਗੁਨਾਹਾਂ ਕਾਰਨ ਅਜਿਹੀ ਸਥਿਤੀ ਵਿੱਚ ਡਿੱਗ ਜਾਂਦਾ ਹੈ ਜਿਸ ਵਿੱਚੋਂ ਆਪਣੀਆਂ ਸੰਭਾਵਨਾਵਾਂ ਵਰਤ ਕੇ ਉਸ ਲਈ ਪ੍ਰਮਾਣਿਕ ਅਸਤਿਤਵ ਗ੍ਰਹਿਣ ਕਰਨਾ ਕਠਿਨ ਹੋ ਜਾਂਦਾ ਹੈ। ਆਪਣੀ ਗਿਰਾਵਟ ਵਾਲੀ ਸਥਿਤੀ ਵਿੱਚ ਵੀ ਬੰਦਾ ਆਪਣੀਆਂ ਸੰਭਾਵਨਾਵਾਂ ਬਖ਼ਸ਼ਸ਼ ਦੁਆਰਾ ਪ੍ਰਾਪਤ ਕਰ ਸਕਦਾ ਹੈ। ਬੁਲਟਮਾਨ ਸੇਂਟ ਪਾਲ ਦਾ ਹਵਾਲਾ

ਦਿੰਦਿਆਂ ਕਹਿੰਦਾ ਹੈ, By the Grace of God, I am what I am ਅਜਿਹੀ ਸਮਝ 'ਤੇ ਬੁਲਟਮਾਨ ਨੇ ਕਾਫ਼ੀ ਵਜ਼ਨ ਦਿੱਤਾ ਹੈ। ਅਜਿਹੀ ਸਥਿਤੀ ਨੂੰ ਪਰਾਸਰੀਰਕ ਆਖਿਆ ਜਾ ਸਕਦਾ ਹੈ ਕਿ ਇਹ ਬੰਦੇ ਦੀ ਸਥਿਤੀ ਵਿੱਚ ਬਾਹਰੋਂ ਦਖ਼ਲ ਹੈ।

**ਸੰਭਾਵਨਾ, ਤਥਾਤਮਕਤਾ, ਪਤਿਤ (Possibility, Facticity, Fallenness)**

ਉਪਰੋਕਤ ਸੰਕਲਪਾਂ ਅਨੁਸਾਰ, ਬੁਲਟਮਾਨ ਨੇ, ਹਾਈਡਿਗਰ ਦੇ ਅਧਿਐਨ ਦੀ ਰੌਸ਼ਨੀ ਵਿੱਚ ਸੰਭਾਵਨਾਵਾਂ ਨੂੰ ਬੰਦੇ ਦੇ ਭਵਿੱਖਕਾਲ; ਤਥਾਤਮਕਤਾ ਨੂੰ ਬੰਦੇ ਦੇ 'ਭੂਤ ਨਾਲ਼' ਅਤੇ ਪਤਿਤਪੁਣੇ ਨੂੰ 'ਵਰਤਮਾਨ' ਵਿੱਚ ਅਸਤਿਤਵਵਾਦੀ ਦ੍ਰਿਸ਼ਟੀਕੋਨ ਤੋਂ ਸਮਝਣ ਦਾ ਉਪਰਾਲਾ ਕੀਤਾ ਹੈ।

**ਅਪ੍ਰਮਾਣਿਕ ਅਤੇ ਪ੍ਰਮਾਣਿਕ ਅਸਤਿਤਵ**
**(Inauthentic and authentic Existence)**

ਪਤਿਤ ਬੰਦਾ ਆਪਣੀ ਡਾਵਾਂ-ਡੋਲਤਾ ਕਾਰਨ ਅਪ੍ਰਮਾਣਿਕ ਹੋਂਦ ਰੱਖਦਾ ਹੈ। ਉਹ ਇੱਕ ਸੰਭਾਵਨਾ ਤੋਂ ਦੂਜੀ ਵੱਲ ਟੱਪਦਾ ਰਹਿੰਦਾ ਹੈ। ਉਸਦੀ ਹੋਂਦ ਉਸਦੀ ਆਪਣੀ ਨਹੀਂ ਹੁੰਦੀ ਸਗੋਂ ਮੌਕੇ ਦੇ ਰਹਿਮ 'ਤੇ ਹੁੰਦੀ ਹੈ, ਇਸ ਲਈ ਉਸ ਵਿੱਚ ਇਕੱਸੁਰਤਾ ਨਹੀਂ ਹੁੰਦੀ ਪਰ ਜਦੋਂ ਜ਼ਮੀਰ ਉਸਨੂੰ ਫ਼ੈਸਲੇ ਲਈ ਸੱਦਾ ਦਿੰਦੀ ਹੈ ਤਾਂ ਸਾਰੀ ਸਥਿਤੀ ਉਸ ਅੱਗੇ ਨੰਗੀ ਹੋ ਜਾਂਦੀ ਹੈ, ਉਸ ਸਮੇਂ ਉਹ ਸਹੀ ਨਿਰਣਾ ਲੈ ਸਕਦਾ ਹੈ। ਸਹੀ ਨਿਰਣਾ ਹਮੇਸ਼ਾ ਫੈਕਟੀਸਿਟੀ ਨੂੰ ਪਰਵਾਨ ਕਰਦਾ ਹੈ। ਬੁਲਟਮਾਨ ਦਾ ਵਿਚਾਰ ਹੈ ਕਿ ਹੱਡ-ਮਾਸ ਦਾ ਪੁਤਲਾ ਬੁਰਾਈਆਂ ਤੋਂ ਬਚ ਹੀ ਨਹੀਂ ਸਕਦਾ ਪਰ ਜਦ ਉਹ 'ਤੁਮ ਠਾਕੁਰ ਤੁਮ ਪਹਿ ਅਰਦਾਸ' ਦੀ ਸਥਿਤੀ ਵਿੱਚ ਆਉਂਦਾ ਹੈ ਤਾਂ ਉਹ ਰੱਬ ਦਾ 'ਬਾਲਕ' ਬਣਕੇ ਉਸਦੀ ਸ਼ਕਤੀ ਨਾਲ਼ ਪ੍ਰਮਾਣਿਕ ਅਸਤਿਤਵ ਅਖਤਿਆਰ ਕਰ ਜਾਂਦਾ ਹੈ।

**ਭਾਈਚਾਰਕ ਹੋਂਦ (Existence in Community)**

ਆਪਣੇ ਇੱਕ ਸੰਖੇਪ ਨਿਬੰਧ Forms of Human Community ਵਿੱਚ ਬੁਲਟਮਾਨ ਮਨੁੱਖੀ ਭਾਈਚਾਰੇ ਪ੍ਰਤਿ ਸਮਾਜਵਾਦੀ ਦੀ ਥਾਂ ਪਰਾਭੌਤਿਕ (ਅਸਤਿਤਵਵਾਦੀ) ਪਹੁੰਚ ਵੱਲ ਸੰਕੇਤ ਕਰਦਾ ਹੈ। ਕਮਿਊਨਿਟੀ ਨੂੰ ਉਹ ਚਾਰ ਭਾਗਾਂ ਵਿੱਚ ਵੰਡਦਾ ਹੈ :

1. **ਕੁਦਰਤੀ ਭਾਈਚਾਰਾ** : ਇਸ ਕਿਸਮ ਦਾ ਭਾਈਚਾਰਾ ਬੰਦੇ ਦਾ ਖ਼ੂਨ ਅਤੇ ਜਨਮ-ਭੂਮੀ ਦੀ ਮਿੱਟੀ ਨਾਲ਼ ਜੁੜਿਆ ਹੁੰਦਾ ਹੈ। ਜਿਸ ਦੀਆਂ ਉਦਾਹਰਨਾਂ ਪਰਿਵਾਰ ਅਤੇ ਕੌਮ ਆਦਿ ਹਨ।
2. **ਇਤਿਹਾਸਕ ਭਾਈਚਾਰਾ** : ਇਹ ਭਾਈਚਾਰਾ ਸਾਂਝੇ ਅਨੁਭਵਾਂ ਅਤੇ ਸਾਂਝੇ ਕਾਰਜਾਂ ਰਾਹੀਂ ਬਣਦਾ ਹੈ, ਜਿਵੇਂ ਰਾਜ, ਦੇਸ਼ ਆਦਿ।

3. ਸਭਿਆਚਾਰਕ ਭਾਈਚਾਰਾ : ਇਹ ਭਾਈਚਾਰਾ ਵਿਚਾਰਾਂ ਦੀ ਸਾਂਝ ਨਾਲ਼ ਬਣਦਾ ਹੈ ਜਿਵੇਂ : ਸਾਹਿਤ ਅਤੇ ਕਲਾ ਸਭਾਵਾਂ, ਵਿਗਿਆਨ ਅਤੇ ਤਰਕਸ਼ੀਲ ਸਭਾਵਾਂ ਆਦਿ।

4. ਧਾਰਮਿਕ ਭਾਈਚਾਰਾ : ਇਹ ਭਾਈਚਾਰਾ ਧਰਮ-ਅਧਾਰਿਤ ਹੁੰਦਾ ਹੈ।

ਬੰਦੇ ਪੂਰੇ ਵਿਸ਼ਵਾਸ ਨਾਲ਼ ਇਨ੍ਹਾਂ ਭਾਈਚਾਰਿਆਂ ਵਿੱਚ ਸ਼ਾਮਲ ਹੋ ਸਕਦੇ ਹਨ। ਵਿਸ਼ਵਾਸ ਹਰੇਕ ਬੰਦੇ ਅੰਦਰ ਛੁਪੀ ਹੋਈ ਕਮਿਊਨਿਟੀ ਜ਼ਾਹਰ ਕਰ ਦਿੰਦਾ ਹੈ। ਧਾਰਮਿਕ ਸਥਾਨ ਬੰਦੇ ਤੋਂ ਉਸਦੀ ਵਿਅਕਤਿਤਤਾ ਖੋਹ ਸਕਦੇ ਹਨ। ਰੱਬ ਨਾਲ਼ ਸਿੱਧੇ ਸੰਬੰਧ ਬੰਦੇ ਦੀ ਪ੍ਰਮਾਣਿਕ ਹੋਂਦ ਹੁੰਦੀ ਹੈ। ਕਈ ਵਾਰ ਧਾਰਮਿਕ ਸਥਾਨ ਕਾਰੋਬਾਰੀ ਅਦਾਰੇ ਬਣ ਜਾਂਦੇ ਹਨ। ਬੁਲਟਮਾਨ, ਹਾਈਡਿਗਰ ਵਾਂਗ Being-for-others ਦਾ ਸਮਰਥਕ ਹੈ। ਧਰਮ ਸਥਾਨ ਦਾ ਮਹੱਤਵ ਉਸ ਲਈ ਇਸ ਕਰਕੇ ਹੈ ਕਿ ਉਥੇ ਸ਼ਬਦ (Word) ਉਚਾਰਿਆ ਜਾਂਦਾ ਹੈ। ਸ਼ਬਦ ਨਾਲ਼ ਵੀ 'ਮੈਂ' 'ਤੂੰ' ਸੰਬੰਧਾਂ ਵਿੱਚ ਵਿਚਰਨ ਦਾ ਸੰਕੇਤ ਕਰਦਾ ਹੈ ਜਿਵੇਂ ਅਸੀਂ ਦੂਜੇ ਬੰਦਿਆਂ ਨਾਲ਼ ਵਰਤ-ਵਿਉਹਾਰ ਕਰਦੇ ਹਾਂ।

# (ਅ) ਨਾਸਤਿਕ ਅਸਤਿਤਵਵਾਦੀ

ਆਸਤਿਕ ਅਸਤਿਤਵਵਾਦੀਆਂ ਦੇ ਪ੍ਰਮੁੱਖ ਦਾਰਸ਼ਨਿਕ ਸੰਕਲਪਾਂ ਤੋਂ ਬਾਅਦ ਹੁਣ ਅਸੀਂ ਨਾਸਤਿਕ ਅਸਤਿਤਵਵਾਦੀਆਂ ਦੇ ਸੰਕਲਪਾਂ ਦਾ ਅਧਿਐਨ ਕਰਾਂਗੇ। ਇਹ ਹਨ: 1. ਐਡਮੰਡ ਹੁਸਰਲ 2. ਫਰੈਡਰਿਕ ਨੀਤਸ਼ੇ 3. ਕਾਰਲ ਜੈਸਪਰਸ 4. ਮਾਰਟਿਨ ਹਾਈਡਿਗਰ 5. ਮੌਰਿਸ ਮਰਲੀ-ਪੋਂਟੀ 6. ਜਾਂ ਪਾਲ ਸਾਰਤਰ

## 1. ਐਡਮੰਡ ਹੁਸਰਲ (Edmond Husserl) 1859-1938

ਐਡਮੰਡ ਹੁਸਰਲ ਜਰਮਨ ਦਾ ਦਾਰਸ਼ਨਿਕ ਸੀ। ਅਸਤਿਤਵਵਾਦੀ ਅਧਿਐਨ ਲਈ ਉਸਦੀ ਪ੍ਰਮੁੱਖ ਦੇਣ ਘਟਨਾ ਕਿਰਿਆ ਵਿਗਿਆਨ ਹੈ ਜਾਂ ਜਿਸਨੂੰ ਦ੍ਰਿਸ਼ ਵਿਗਿਆਨ (Phenomenology) ਵੀ ਕਿਹਾ ਜਾਂਦਾ ਹੈ। ਅਸਤਿਤਵ ਦੇ ਅਧਿਐਨ ਲਈ ਸਾਰਤਰ ਵੀ ਘਟਨਾ ਕਿਰਿਆ ਵਿਗਿਆਨ ਤੋਂ ਪ੍ਰਭਾਵਿਤ ਸੀ। ਇਸ ਵਿਧੀ ਦਾ ਪਹਿਲਾ ਦਾਰਸ਼ਨਿਕ ਫਰੈਂਜ਼ ਬਰੈਂਟਾਨੋ ਸੀ। ਐਡਮੰਡ ਹੁਸਰਲ ਉਸੇ ਦੇ ਪ੍ਰਭਾਵ ਅਧੀਨ ਖੋਜ ਕਰਨ ਦੇ ਸਮਰੱਥ ਹੋਇਆ ਸੀ। ਦਰਅਸਲ ਹੁਸਰਲ ਇੱਕ ਗਣਿਤ ਅਤੇ ਤਰਕ ਵਿਗਿਆਨੀ ਸੀ ਜੋ ਅਨੁਭਵ ਕੀਤੇ ਜਾ ਚੁੱਕੇ ਸੰਸਾਰ (Experienced World) ਨਾਲੋਂ; ਅਨੁਭਵ ਕੀਤੇ ਜਾਣ ਵਾਲੇ ਸੰਸਾਰ (World Experience) ਵੱਲ ਵੱਧ ਰੁਚੀ ਰੱਖਦਾ ਸੀ। ਉਸਦੀ ਵਿਧੀ ਇਹ ਸੀ (ਵਿਆਖਿਆ ਅੱਗੇ ਹੈ) ਕਿ ਅਨੁਭਵ ਹੋ ਚੁੱਕੇ ਸੰਸਾਰ ਨੂੰ ਬਰੈਕਟ ਮਾਰ ਦਿੰਦਾ ਸੀ। ਇਉਂ ਆਪਣੀ ਚੇਤਨਾ ਨੂੰ ਉਸ ਨਾਲੋਂ ਵੱਖ ਕਰ ਲੈਂਦਾ ਸੀ। ਉਹ ਸਾਰਾਂ (Essences) ਦੇ ਅੰਤਰ ਗਿਆਨ ਦੁਆਰਾ ਚੇਤਨਾ ਦੀ ਬਣਤਰ ਨੂੰ ਖੋਜਦਾ ਅਤੇ ਵਿਆਖਿਆ ਪ੍ਰਦਾਨ ਕਰਦਾ ਸੀ।

## ਐਡਮੰਡ ਹੁਸਰਲ ਦੇ ਮੁੱਖ ਸੰਕਲਪ

### ਘਟਨਾ ਕਿਰਿਆ ਵਿਗਿਆਨ

ਘਟਨਾ ਕਿਰਿਆ ਵਿਗਿਆਨ ਦੁਆਰਾ ਪ੍ਰਤੱਖ ਗਿਆਨ (Perception) ਹਾਸਲ ਕੀਤਾ ਜਾਂਦਾ ਹੈ। ਪ੍ਰਤੱਖ ਗਿਆਨ ਇੱਕ ਅਜਿਹਾ ਅਨੁਭਵ ਹੁੰਦਾ ਹੈ

ਜਿਸਦੀਆਂ ਲੱਭਤਾਂ ਨੂੰ ਹੋਰ ਸਬੂਤਾਂ ਦੀ ਲੋੜ ਨਹੀਂ ਹੁੰਦੀ। ਚੇਤਨਾ ਦੇ ਵਿਸ਼ਲੇਸ਼ਣ ਵਜੋਂ ਇਹ ਵਿਧੀ ਵਿਗਿਆਨਕ ਆਖੀ ਜਾ ਸਕਦੀ ਹੈ। ਇਸ ਵਿਧੀ ਵਿੱਚ ਪ੍ਰਯੋਗਤਾਵਾਦ ਅਤੇ ਕਾਰਨਵਾਦ ਵਿੱਚ ਸੰਧੀ ਹੁੰਦੀ ਹੈ। ਇਸ ਵਿਧੀ ਦੁਆਰਾ ਸਥੂਲ ਅਤੇ ਵਿਵਹਾਰਿਕ ਰੂਪ ਵਿੱਚ ਜੀਵਨ ਜੀਅ ਰਹੇ ਮਨੁੱਖ/ਪਾਤਰ ਦੇ ਅਸਤਿਤਵ ਨੂੰ ਸਮਝਣ ਦਾ ਯਤਨ ਕੀਤਾ ਜਾਂਦਾ ਹੈ।

ਇਸ ਅਧਿਐਨ ਅਨੁਸਾਰ ਪੂਰਵ ਜਾਣਕਾਰੀ, ਪੂਰਵ ਅਨੁਮਾਨ ਜਾਂ ਆਮ ਸੂਝ ਦੀ ਦਖ਼ਲ-ਅੰਦਾਜ਼ੀ 'ਤੇ ਕੁੰਡਾ ਲਾਇਆ ਜਾਂਦਾ ਹੈ। ਹੁਸਰਲ ਦਾ ਵਿਚਾਰ ਹੈ ਕਿ ਚੇਤਨਾ ਹਮੇਸ਼ਾ ਹੀ ਕਿਸੇ ਵਸਤੂ ਦੀ ਚੇਤਨਾ ਹੁੰਦੀ ਹੈ। ਅਸਤਿਤਵ ਦਾ ਅਧਿਏਤਾ ਪੂਰਵ ਜਾਣਕਾਰੀ 'ਤੇ ਅਪੋਕ (Epoche) ਲਾਉਂਦਾ ਹੈ। ਇਸਨੂੰ ਪੂਰਵ ਧਾਰਣਾਵਾਂ ਦੀ ਮੁਅੱਤਲੀ (Suspension) ਵੀ ਆਖਿਆ ਜਾਂਦਾ ਹੈ। ਭਾਵ ਕਿ ਪੂਰਵ-ਅਨੁਮਾਨਾਂ ਦੀ ਬਰੈਕਟਿੰਗ (Bracketing) ਕੀਤੀ ਜਾਂਦੀ ਹੈ। ਏਦਾਂ ਕਰਨ ਨਾਲ਼ ਪੂਰਵ-ਧਾਰਣਾਵਾਂ ਵਾਲਾ ਸਿੱਧਾਂਤ ਆਪਣੇ ਆਪ ਰੱਦ ਹੋ ਜਾਂਦਾ ਹੈ। ਅਪੋਕ ਦੇ ਸਿੱਧਾਂਤ ਨੂੰ ਹੇਠ ਲਿਖੇ ਅਨੁਸਾਰ ਸਮਝਿਆ ਜਾ ਸਕਦਾ ਹੈ :

(ਪੂਰਵ-ਧਾਰਣਾਵਾਂ)

ਵਰਤਮਾਨ ਪ੍ਰਤੱਖਣ = ਘਟਨਾ ਕਿਰਿਆ ਰਾਹੀਂ ਤਾਜ਼ਾ ਪਹੁੰਚ

ਇਸ ਪ੍ਰਕਾਰ ਘਟਨਾ ਕਿਰਿਆ ਵਿਗਿਆਨ ਦੀ ਬੁਨਿਆਦੀ ਵਿਧੀ ਲਘੂਕਰਣ (Phenomenological Reduction) ਹੈ। ਪ੍ਰਤੱਖਣ ਕਰਤਾ ਪਹਿਲਾਂ ਅਣਛੋਹੇ ਵਿਸ਼ੇ ਨੂੰ ਆਪਣੇ ਧਿਆਨ ਦੇ ਕੇਂਦਰ (Focalize) ਹੇਠ ਲਿਆਉਂਦਾ ਹੈ। ਇੰਜ ਕਿਸੇ ਵਿਸ਼ੇ ਦਾ ਗਿਆਨ ਚੇਤਨ ਪੱਧਰ 'ਤੇ ਹੋ ਜਾਂਦਾ ਹੈ। ਅਸਤਿਤਵ ਦੇ ਅਨੁਭਵ ਦੀ ਕਿਰਿਆ ਉਨ੍ਹਾਂ ਘਟਨਾਵਾਂ ਦੀ ਵਿਆਖਿਆ ਵਿੱਚ ਹੁੰਦੀ ਹੈ ਜਿਨ੍ਹਾਂ ਦੁਆਰਾ ਕੋਈ ਘਟਨਾ ਸਾਕਾਰ ਹੁੰਦੀ ਹੈ। ਘਟਨਾ ਕਿਰਿਆ ਵਿਗਿਆਨ ਸੰਬੰਧੀ Paul Tillich ਦਾ ਵਿਚਾਰ ਹੈ :

"The Phenomenological description is that the picture given by it is convincing, that it can be seen by anyone who is willing to look in the same direction, illuminates other related ideas, and that it makes the reality which these ideas are supposed to reflect understandable."

ਦਰਅਸਲ 1901 ਤੋਂ 1916 ਤੱਕ ਘਟਨਾ ਕਿਰਿਆ ਵਿਗਿਆਨ ਦਾ ਬੋਲਬਾਲਾ ਰਿਹਾ। ਹੁਸਰਲ ਆਪਣੇ ਵਿਦਿਆਰਥੀਆਂ ਨੂੰ ਆਗਮਨ ਵਿਧੀ ਰਾਹੀਂ ਆਪ ਸਿੱਟਿਆਂ ਤੇ ਪੁੱਜਣ ਦੀ ਪ੍ਰੇਰਣਾ ਦੇਣ ਵਾਲਾ ਪ੍ਰੋਫ਼ੈਸਰ ਸੀ। ਪ੍ਰਸਿੱਧ ਅਸਤਿਤਵਵਾਦੀ ਚਿੰਤਕ ਮਾਰਟਿਨ ਹਾਈਡਿਗਰ ਅਤੇ ਜਾਂ ਪਾਲ ਸਾਰਤਰ ਦਾ

ਉਹ ਪਥ-ਪ੍ਰਦਰਸ਼ਕ ਸੀ।

H.J. Blackham ਇਸ ਸੰਬੰਧ ਵਿੱਚ ਲਿਖਦਾ ਹੈ :

Husserl's standpoint in philosophy was not existentialist, but his influence on existentialist philosophers is incalculable, and it is safe to say that existentialism in its modern phase would not have developed without him.

ਹੁਸਰਲ ਅਨੁਸਾਰ ਸਾਡੀ ਸਾਰੀ ਚੇਤਨਾ ਕਿਸੇ ਟੀਚੇ ਵੱਲ ਸੇਧਿਤ ਹੁੰਦੀ ਹੈ। ਅਸੀਂ ਟੀਚੇ ਵੱਲ ਸੇਧਤ ਹੀ ਨਹੀਂ ਹੁੰਦੇ ਪ੍ਰੰਤੂ ਸੇਧ ਦੀ ਵੰਨਗੀ ਸੰਬੰਧੀ ਵੀ ਜਾਣੂ ਹੁੰਦੇ ਹਾਂ। ਇਕ ਦਰੱਖ਼ਤ ਨੂੰ ਵੇਖਣਾ ਅਤੇ ਉਸਨੂੰ ਯਾਦ ਕਰਨਾ-ਇਨ੍ਹਾਂ ਦੋਵਾਂ ਗੱਲਾਂ ਨੂੰ ਉਲਝਾਇਆ ਨਹੀਂ ਜਾ ਸਕਦਾ ਭਾਵੇਂ ਕਿ ਦੋਵੇਂ ਬਿੰਬ ਇੱਕੋ ਜਿਹੇ ਹੀ ਕਿਉਂ ਨਾ ਹੋਣ। ਘਟਨਾ ਕਿਰਿਆ ਵਿਗਿਆਨ ਦਾ ਉਦੇਸ਼ ਇਹ ਵੇਖਣਾ ਹੈ ਕਿ ਵਿਭਿੰਨ ਪ੍ਰਤੱਖਣਾ ਵਿੱਚ ਕੀ ਸੰਕੇਤ ਛੁਪੇ ਹਨ, ਕਿਹੜੀ ਵਿਭਿੰਨ ਪ੍ਰਕਾਰ ਦੀ ਸਮਝ ਨਿਹਿਤ ਹੈ। ਸਵੈਸਿੱਧ ਹੈ ਕਿ ਅਜਿਹੀ ਸਮਝ ਸਾਡੇ ਅੰਦਰੋਂ ਹੀ ਪ੍ਰਾਪਤ ਹੋ ਸਕਦੀ ਹੈ ਭਾਵ ਆਪਣੇ ਅਨੁਭਵ ਤੋਂ। ਪਰ ਹੁਸਰਲ ਕਲਪਨਾ ਕਰਦਾ ਹੈ ਕਿ ਦਾਰਸ਼ਨਿਕ ਦਾ ਮਨ ਆਪਣੇ ਚੇਤਨਾ ਦੇ ਅਮਲਾਂ ਨੂੰ ਉੱਪਰੋਂ ਵੀ ਗ੍ਰਹਿਣ ਕਰ ਸਕਦਾ ਹੈ। ਹੁਸਰਲ ਪੂਰਵ-ਧਾਰਨਾਵਾਂ ਨੂੰ ਪਾਸੇ ਰੱਖਕੇ ਚੇਤਨਾ ਨੂੰ ਅਮਲਾਂ ਨਾਲੋਂ ਪ੍ਰਭਾਵੀ ਤੌਰ 'ਤੇ ਸ੍ਰੇਸ਼ਠ ਸਮਝਦਾ ਹੈ।

ਪਰ ਮਾਰਟਿਨ ਹਾਈਡਿਗਰ ਚੇਤਨਾ ਦੁਆਰਾ 'ਉੱਪਰੋਂ' ਕੁੱਝ ਗ੍ਰਹਿਣ ਕਰਨ ਦਾ ਖੰਡਨ ਕਰਦਾ ਹੈ। ਉਸਦਾ ਕਹਿਣਾ ਹੈ ਕਿ ਵਿਅਕਤੀ ਨੂੰ ਕਿਸੇ ਖਾਸ ਸਰੀਰ, ਖਾਸ ਥਾਂ ਅਤੇ ਖਾਸ ਇਤਿਹਾਸਕ ਸਮੇਂ ਵਿੱਚ ਸੁੱਟਿਆ ਗਿਆ ਹੈ। ਸਮਝ ਤਾਂ ਸਾਨੂੰ ਆਪਣੀ ਫੈਕਟੀਸਿਟੀ ਅਨੁਸਾਰ ਹੀ ਪਕੜਣੀ ਪੈਣੀ ਹੈ। ਅਸੀਂ ਅਜਿਹੇ ਸੰਸਾਰ ਵਿੱਚ ਚੇਤਨ ਹੁੰਦੇ ਹਾਂ ਜਿਸ ਵਿੱਚ ਜ਼ਿੰਮੇਵਾਰੀਆਂ ਅਤੇ ਦਿਲਚਸਪੀਆਂ ਸਾਡੇ ਲਈ ਪਹਿਲਾਂ ਹੀ ਸੀਮਾਬਧ ਹਨ। ਸਾਡੇ ਦਿਸਹੱਦੇ ਪਹਿਲਾਂ ਹੀ ਨਿਰਧਾਰਿਤ ਹਨ। ਦੋਵੇਂ ਵਿਚਾਰਾਂ ਦੇ ਅੰਤਰ ਨੂੰ ਸਪਸ਼ਟ ਕਰਦਿਆਂ Richard Harland ਲਿਖਦਾ ਹੈ : Whereas Husserlian Phenomenology is mainly concerned with how we may know the world. Existentialism is mainly concerned with how we should live in it.

## 2. ਫਰੈਡਰਿਕ ਨੀਤਸ਼ੇ

## (Friedrich Nietzsche) 1844-1900

ਫਰੈਡਰਿਕ ਨੀਤਸ਼ੇ ਇੱਕ ਜਰਮਨ ਫ਼ਿਲਾਸਫ਼ਰ ਸੀ। ਉਸਨੇ ਸੰਸਾਰ ਦੇ

ਚਿੰਤਨ ਨੂੰ ਬਹੁਤ ਜ਼ਿਆਦਾ ਅਸਰ-ਅੰਦਾਜ਼ ਕੀਤਾ। ਉਹ ਨਾਸਤਕ ਸੀ। ਤਰਕ, ਸਰਵ-ਵਿਆਪਕਤਾ ਅਤੇ ਨੈਤਿਕਤਾ ਨੂੰ ਸਹਿਣ ਨਹੀਂ ਕਰਦਾ ਸੀ। ਕੀਰਕੇਗਾਰਦ ਅਤੇ ਨੀਤਸ਼ੇ ਦੋਵੇਂ ਅਸਤਿਤਵਵਾਦੀ ਸਨ। ਨੀਤਸ਼ੇ ਆਪਣੀ ਪ੍ਰਮੁੱਖ ਚੋਣ ਸੀਮਾਬਧਤਾ ਵਿੱਚੋਂ ਕਰਦਾ ਹੈ, ਕੀਰਕੇਗਾਰਦ ਇਸੇ ਨੂੰ ਰੱਦ ਕਰਦਾ ਹੈ। ਕੀਰਕੇਗਾਰਦ ਆਪਣੇ ਲਹੂ ਵਿੱਚ ਡੁੱਬਕੇ ਲਿਖਦਾ ਸੀ ਜਦੋਂ ਕਿ ਨੀਤਸ਼ੇ ਦੀਆਂ ਲਿਖਤਾਂ ਦਾ ਆਧਾਰ ਉਸਦਾ ਜੋਸ਼ੀਲਾਪਨ ਸੀ। ਦੋਵੇਂ ਇਕਾਂਤ ਪਸੰਦ ਸਨ। ਨੀਤਸ਼ੇ ਦੀ ਸਮੱਸਿਆ ਸੀ ਕਿ ਸ਼ੰਕਾਵਾਦ, ਨਿਰਾਸ਼ਾਵਾਦ, ਸਰਬਨਾਸ਼ਵਾਦ ਅਤੇ ਗਿਆਨ ਦੀ ਸਾਰੀ ਨਿਸ਼ਚਿਤਤਾ ਨੂੰ ਨਸ਼ਟ ਕਰਕੇ ਉਸਤੇ ਕਾਬੂ ਪਾਉਣਾ। ਉਹ ਹੌਸਲਾ ਢਾਉ ਅਤੇ ਕਮਜ਼ੋਰ ਦਰਸ਼ਨ ਦਾ ਵਿਰੋਧੀ ਸੀ। ਉਸਦੇ ਦਰਸ਼ਨ ਬਾਰੇ ਬੜਾ ਕੁੱਝ ਆਖਿਆ ਜਾ ਸਕਦਾ ਹੈ। ਇੱਥੇ ਕੇਵਲ ਇਤਨਾ ਹੀ ਕਹਿਣਾ ਕਾਫ਼ੀ ਹੈ ਕਿ ਉਸਨੇ ਪੱਛਮੀ ਦਰਸ਼ਨ ਨੂੰ ਸਿਰ-ਪਰਨੇ ਕਰਕੇ ਰੱਖ ਦਿੱਤਾ। ਸਾਡਾ ਸੰਬੰਧ ਇੱਥੇ ਉਸਦੇ ਪ੍ਰਮੁੱਖ ਅਸਤਿਤਵਵਾਦੀ ਸੰਕਲਪਾਂ ਨਾਲ਼ ਹੈ।

## ਫਰੈਡਰਿਕ ਨੀਤਸ਼ੇ ਦੇ ਮੁੱਖ ਸੰਕਲਪ

**ਮਹਾਂ-ਮਾਨਵ (Superman)**

ਫਰੈਡਰਿਕ ਨੀਤਸ਼ੇ ਨੇ ਮਹਾਂ ਮਾਨਵ ਦਾ ਸੰਕਲਪ ਪੇਸ਼ ਕੀਤਾ। ਮਨੁੱਖਤਾ ਨੂੰ ਮਹਾਂ-ਮਾਨਵ ਪੈਦਾ ਕਰਨੇ ਚਾਹੀਦੇ ਹਨ। ਬੰਦਾ ਬਹੁਤ ਉੱਚੀਆਂ ਸਿਖ਼ਰਾਂ ਛੋਹ ਸਕਦਾ ਹੈ। ਆਪਣੀ ਮਹਾਨ ਰਚਨਾ 'ਜ਼ਰਥੁਸਟਰਾ' (Thus Spake Zarthustra) ਵਿੱਚ ਉਹ ਕਹਿੰਦਾ ਹੈ ਕਿ ਸੰਸਾਰ ਵਿੱਚ ਵੱਡੇ ਛੋਟੇ ਆਦਮੀ ਤਾਂ ਮਿਲ਼ਦੇ ਹਨ ਪਰ ਮਹਾਂ-ਮਾਨਵ ਘੱਟ। ਉਸਦਾ ਕਥਨ ਸੀ ਸ਼ਕਤੀ ਤੋਂ ਪੈਦਾ ਹੋਣ ਵਾਲ਼ੀ ਹਰ ਸ਼ੈਅ ਚੰਗੀ ਹੈ ਪਰ ਕਮਜ਼ੋਰੀ ਤੋਂ ਪੈਦਾ ਹੋਣ ਵਾਲ਼ੀ ਹਰ ਸ਼ੈਅ ਮਾੜੀ। ਜ਼ਰਥੁਸਟਰਾ ਖ਼ੁਦ ਮਹਾਂ-ਮਾਨਵ ਦੀ ਇੱਕ ਉਦਾਹਰਨ ਸੀ। ਨੀਤਸ਼ੇ ਦਾ ਵਿਚਾਰ ਸੀ ਕਿ ਸਾਨੂੰ ਤੰਦਰੁਸਤ, ਮਜ਼ਬੂਤ, ਫੁਰਤੀਲੇ, ਸਖ਼ਤ ਅਤੇ ਪ੍ਰਸੰਨ ਬੰਦਿਆਂ ਦੀ ਲੋੜ ਹੈ। ਹਰ ਫ਼ੈਸਲਾਕੁਨ ਗੱਲ ਔਕੜਾਂ ਨਾਲ਼ ਟੱਕਰ ਵਿੱਚੋਂ ਪੈਦਾ ਹੁੰਦੀ ਹੈ। ਉਹ ਪ੍ਰਸ਼ਨ ਕਰਦਾ ਹੈ "I Teach you the Superman. Man is something that is to be surpassed. What have ye done to surpass man?" ਉਸ ਨੇ ਆਖਿਆ, 'ਮਹਾਂ ਮਾਨਵ ਹੀ ਧਰਤੀ ਨੂੰ ਅਰਥਵਾਨ ਬਣਾ ਸਕਦੇ ਹਨ। ਉਹ ਇਸੇ ਲਈ ਧਰਤੀ ਨਾਲ਼ ਸੱਚੇ ਰਹਿਣ ਦਾ ਸੰਦੇਸ਼ ਦਿੰਦਾ ਹੈ। ਸਾਰੇ ਰੱਬ ਮਰ ਗਏ ਹਨ। ਇਸ ਲਈ ਸੰਸਾਰ ਨੂੰ ਮਹਾਂ-ਮਾਨਵ ਦੀ ਲੋੜ ਹੈ। ਹੁਕਮ ਦੇਣਾ ਔਖਾ ਹੈ। ਆਗਿਆ ਦਾ ਪਾਲਣ ਕਰਨਾ ਸੌਖਾ ਹੈ। ਨੀਤਸ਼ੇ ਮਹਾਂ-ਮਾਨਵ ਨੂੰ ਧਰਮ ਦੀਆਂ ਬੰਦਸ਼ਾਂ ਤੋਂ ਬਚਾਉਣਾ ਚਾਹੁੰਦਾ ਹੈ। ਕਰੁਣਾਮਈ ਵਿਹਾਰ (Pathetic Attitude) ਵਡੱਪਣ ਨਾਲ਼ ਸੰਬੰਧਤ ਨਹੀਂ ਹੁੰਦਾ।

**ਆਦਰਸ਼ਵਾਦ ਰੱਦ (Rejection of Idealism)**

ਨੀਤਸ਼ੇ, ਕੀਰਕੇਗਾਰਦ ਨਾਲ਼ ਸਹਿਮਤ ਹੋ ਕੇ ਵਸਤੂਪਰਕ ਆਦਰਸ਼ਵਾਦ ਨੂੰ ਰੱਦ ਕਰਦਾ ਹੈ। ਉਸਦਾ ਕਹਿਣਾ ਹੈ ਕਿ ਵਿਚਾਰ (Thought) ਅਸਤਿਤਵ ਬਾਰੇ ਸੋਚ ਨਹੀਂ ਸਕਦਾ। (Thought can not think existence) ਜਿਵੇਂ ਜਪੁਜੀ ਸਾਹਿਬ ਵਿਚ ਕਿਹਾ ਗਿਆ ਹੈ- 'ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ' ਅਸਤਿਤਵ ਵਿਚਾਰ ਦੇ ਖੇਤਰ ਦੀ ਵਸਤੂ ਨਹੀਂ। ਨੀਤਸ਼ੇ ਤਾਂ ਚੇਤਨਾ ਨੂੰ ਘਟੀਆ ਮੰਨਦਾ ਹੈ ਕਿਉਂਕਿ ਇਹ ਵਿਅਕਤੀ ਦੇ ਯਥਾਰਥ ਨੂੰ ਔਸਤ ਬਣਾ ਦਿੰਦੀ ਹੈ। ਅਸਤਿਤਵਸ਼ੀਲ ਵਿਅਕਤੀ ਦਾ ਆਪਣੀਆਂ ਸੰਭਾਵਨਾਵਾਂ ਬਾਰੇ ਸੋਚਣਾ ਯਥਾਰਥ ਹੈ।

**ਚੰਗਿਆਈ ਅਤੇ ਬੁਰਿਆਈ (Good and Evil)**

ਨੀਤਸ਼ੇ ਨੇ ਨੈਤਿਕਤਾ ਅਤੇ ਅਨੈਤਿਕਤਾ ਦਰਮਿਆਨ ਅੰਤਰ ਸਪਸ਼ਟ ਕੀਤਾ ਹੈ। ਉਸਨੂੰ ਪੁਰਾਣੇ ਨੈਤਿਕ ਕੋਡ ਅਤੇ ਆਧੁਨਿਕ ਜੀਵਨ ਵਿੱਚ ਅਸੰਗਤੀਆਂ ਪ੍ਰਤੀਤ ਹੋਈਆਂ। ਉਹ ਨੈਤਿਕਤਾ ਅਤੇ ਲੋੜ ਦਰਮਿਆਨ ਸੰਬੰਧ ਸਥਾਪਤ ਕਰਨ ਦਾ ਇਛੁੱਕ ਸੀ ਅਤੇ ਮਨੁੱਖੀ ਆਚਰਨ ਲਈ ਇੱਕ ਅਮਲਯੋਗ ਆਧਾਰ ਪ੍ਰਦਾਨ ਕਰਨਾ ਉਸਦਾ ਉਦੇਸ਼ ਸੀ। ਉਸ ਲਈ ਮੰਗਣ ਨਾਲ਼ੋਂ ਚੋਰੀ ਚੰਗੀ ਸੀ। Beyond Good and Evil ਪੁਸਤਕ ਵਿੱਚ ਉਹ ਆਪਣੇ ਸਿਧਾਂਤ Will to power ਨੂੰ ਵੀ ਤਰਕ ਪ੍ਰਦਾਨ ਕਰਦਾ ਹੈ। ਇਸ ਵਿੱਚ ਉਹ ਸੱਚ ਦੀ ਨਿਰੰਕੁਸ਼ਤਾ ਨੂੰ ਵੀ ਵੰਗਾਰਦਾ ਹੈ। ਇਸੇ ਪੁਸਤਕ ਵਿੱਚ ਉਹ Free Spirit ਦਾ ਸੰਕਲਪ ਪੇਸ਼ ਕਰਦਾ ਹੈ। ਇਸ ਪ੍ਰਕਾਰ ਦੀ ਸੁਤੰਤਰ ਆਤਮਾ ਨੂੰ ਸੁਪਰਮੈਨ ਨਾਲ਼ ਰਲਗਡ ਕਰਕੇ ਵੇਖਣਾ ਠੀਕ ਨਹੀਂ। ਫਰੀ ਸਪਿਰਿਟ ਤਾਂ ਇੱਕ ਪੁਲ਼ ਹੈ। ਜਿਸ ਨੂੰ ਆਧੁਨਿਕ ਬੰਦੇ ਨੇ ਆਪੇ ਤੋਂ ਪਾਰ ਜਾਣ ਲਈ ਪਾਰ ਕਰਨਾ ਹੈ। ਇਸੇ ਪੁਸਤਕ ਵਿੱਚ ਨੀਤਸ਼ੇ Master Morality ਅਤੇ Slave Morality ਦਾ ਸਿਧਾਂਤ ਪੇਸ਼ ਕਰਦਾ ਹੈ। ਉਸ ਦਾ ਵਿਚਾਰ ਹੈ ਕਿ ਮਾਲਕ ਅਤੇ ਦਾਸ ਦੇ ਇੱਕੋ ਜਿਹੇ ਅਧਿਕਾਰ ਨਾ ਕਦੇ ਹੋਏ ਹਨ, ਨਾ ਹੋ ਸਕਦੇ ਹਨ। ਉਹ ਕਹਿੰਦਾ ਹੈ ਕਿ ਧਰਮ ਦੀ ਵੀ ਦਾਸਾਂ ਨੂੰ ਲੋੜ ਹੈ ਤਾਂ ਕਿ ਉਹ ਚੰਗੀ ਪਰਜਾ ਬਣ ਸਕਣ, ਮਾਲਕਾਂ ਨੂੰ ਧਰਮ ਦੀ ਲੋੜ ਨਹੀਂ। ਅਜੋਕੀ ਰਾਜਨੀਤੀ ਬਾਰੇ ਉਸਦਾ ਵਿਚਾਰ ਹੈ ਕਿ ਇਹ ਦਾਸ ਨੈਤਿਕਤਾ ਨਾਲ਼ ਢਕੀ ਹੋਈ ਹੈ ਅਤੇ ਮਾਸਟਰ ਨੈਤਿਕਤਾ ਢਹਿੰਦੀ ਕਲਾ ਵਿੱਚ ਹੈ। He exhorts the rulers to preserve the religious faith for the serving class. ਮਹਾਂ-ਮਾਨਵ ਨੂੰ ਉਹ ਧਰਮ ਤੋਂ ਛੁਟਕਾਰਾ ਦਿਵਾਉਂਦਾ ਹੈ। ਧਰਮ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਦੀ ਨਿੰਦਾ ਕਰਦਾ ਹੈ। ਇਸੇ ਲਈ ਉਹ ਧਰਮ ਤੋਂ ਸੁਤੰਤਰ ਮਹਾਂ-ਮਾਨਵ ਅਤੇ ਸ਼ਕਤੀਸ਼ਾਲੀ ਸ਼ਖ਼ਸੀਅਤਾਂ ਦੀ ਉਸਾਰੀ ਕਰਨ

ਵੱਲ ਰੁਚਿਤ ਹੈ। ਉਸ ਦਾ Beyond Good and Evil ਦਾ ਸਿਧਾਂਤ ਵਿਲੱਖਣ ਸ਼ਖ਼ਸੀਅਤਾਂ ਲਈ ਹੀ ਹੈ। ਇਸ ਸਿਧਾਂਤ ਨੂੰ ਸਾਰਿਆਂ ਉੱਪਰ ਲਾਗੂ ਕਰਨਾ ਨੀਤਸ਼ੇ ਦੇ ਨੈਤਿਕ ਸਿਸਟਮ ਤੋਂ ਅਗਿਆਨਤਾ ਹੋਣਾ ਹੀ ਹੈ।

**ਅਸਤਿਤਵ (Existence)**

ਨੀਤਸ਼ੇ ਬੰਦੇ ਦੇ ਅੰਦਰ ਅਜਿਹਾ ਦ੍ਰਿੜ੍ਹ ਵਿਸ਼ਵਾਸ ਪੈਦਾ ਕਰਨ ਦਾ ਇਛੁੱਕ ਹੈ ਕਿ ਧਰਤੀ ਤੇ 'ਮੇਰੇ' ਨਾਲ਼ੋਂ ਵੱਡਾ ਕੋਈ ਨਹੀਂ। 'ਮੈਂ' ਰੱਬ ਨੂੰ ਸ਼ਾਸਤ ਕਰਨ ਵਾਲੀ ਉਂਗਲ ਹਾਂ। ਵੱਡੀਆਂ ਆਤਮਾਵਾਂ ਲਈ ਸਾਰਾ ਵਿਸ਼ਵ ਖੁੱਲ੍ਹਾ ਹੈ। ਬੰਦਾ ਅਤੇ ਬੰਦੇ ਦਾ ਆਪਾ ਹਮੇਸ਼ਾ ਗੱਲਬਾਤ ਕਰਦਾ ਰਹਿੰਦਾ ਹੈ। ਬੰਦਾ ਆਪਣੇ ਵਿਚਾਰਾਂ ਨਾਲ਼ ਹੋਰਨਾਂ ਦੇ ਸਿਰਾਂ 'ਤੇ ਛਾ ਸਕਦਾ ਹੈ। ਬੰਦਾ ਆਪਣੇ ਆਪ ਤੋਂ ਦੂਰ ਨਹੀਂ ਹੋ ਸਕਦਾ। ਆਪਣੀ ਸਵੈਜੀਵਨੀ ECCE HOMO ਦੇ ਮੁੱਖ ਬੰਦ ਵਿੱਚ ਨੀਤਸ਼ੇ ਆਪਣੇ ਅਸਤਿਤਵ ਨੂੰ ਇਨ੍ਹਾਂ ਸ਼ਬਦਾਂ ਵਿੱਚ ਬੁਲੰਦ ਕਰਦਾ ਹੈ, 'Listen! for I am such and such a person. For Heaven's sake do not confuse me with anyone else.'

ਬੰਦੇ ਨੂੰ ਆਪਣਾ ਦਿਲ ਸੰਭਾਲ ਕੇ ਰੱਖਣਾ ਚਾਹੀਦਾ ਹੈ ਕਿਉਂਕਿ ਜਦੋਂ ਉਹ ਇਸਨੂੰ ਨਹੀਂ ਸੰਭਾਲਦਾ ਤਾਂ ਉਸਦਾ ਸਿਰ ਤੇਜ਼ੀ ਨਾਲ਼ ਦੌੜ ਜਾਂਦਾ ਹੈ। ਨੀਤਸ਼ੇ ਅਨੁਸਾਰ ਬੰਦੇ ਨੂੰ ਆਪਣੇ ਆਪ 'ਤੇ ਵਿਸ਼ਵਾਸ ਕਰਨ ਦਾ ਹੌਸਲਾ ਵਿਖਾਉਣਾ ਚਾਹੀਦਾ ਹੈ। ਜੋ ਆਪਣੇ ਆਪ 'ਤੇ ਵਿਸ਼ਵਾਸ ਨਹੀਂ ਕਰਦਾ ਉਹ ਝੂਠਾ ਹੁੰਦਾ ਹੈ।

**ਕੀਮਤਾਂ (Values)**

ਨਵੀਆਂ ਕੀਮਤਾਂ ਦੇ ਘਾੜਿਆਂ ਦੁਆਲੇ ਸੰਸਾਰ ਘੁੰਮਦਾ ਹੈ। ਪਰ ਇਹ ਦਿਖਾਈ ਨਹੀਂ ਦਿੰਦਾ। ਬੰਦਾ ਆਪਣੇ ਮਹੱਤਵ ਨੂੰ ਬਣਾਏ ਰੱਖਣ ਲਈ ਵਸਤੂਆਂ ਨੂੰ ਕੀਮਤਾਂ ਸਮਝਦਾ ਹੈ। ਝੂਠੀਆਂ ਕੀਮਤਾਂ ਦਾ ਕੋਈ ਮਹੱਤਵ ਨਹੀਂ ਹੁੰਦਾ। ਬੰਦੇ ਦਾ ਸਵੈ ਹੀ ਉਸਦੀ ਅਸਲੀ ਕੀਮਤ ਹੁੰਦੀ ਹੈ। ਚੰਗਿਆਈ ਅਤੇ ਬੁਰਿਆਈ ਦੀਆਂ ਪੁਰਾਣੀਆਂ ਕੀਮਤਾਂ ਬੰਦੇ ਨੇ ਸ਼ਾਇਦ ਕਿਸੇ ਦਬਾਅ ਅਧੀਨ ਅਖਤਿਆਰ ਕੀਤੀਆਂ ਹੋਣਗੀਆਂ। ਉਨ੍ਹਾਂ ਵਿੱਚੋਂ ਅਨੇਕਾਂ ਵਿੱਚ ਅੱਜ ਤਬਦੀਲੀ ਆ ਗਈ ਹੈ।

**ਸ਼ਕਤੀ ਲਈ ਨਿਸ਼ਚਾ (Will to Power)**

ਜੀਵਨ ਵਿੱਚ ਦੁੱਖ ਹਨ ਪਰ ਬੰਦੇ ਦੀ ਸ਼ਕਤੀ ਉਨ੍ਹਾਂ ਦੁੱਖਾਂ 'ਤੇ ਕਾਬੂ ਪਾਉਣ ਦੇ ਸਮਰੱਥ ਹੈ। ਬੰਦਾ ਜੋ ਕੁਝ ਵੀ ਚੰਗਾ ਜਾਂ ਮੰਦਾ ਸੋਚਦਾ ਹੈ, ਉਸ ਉੱਪਰ ਸ਼ਕਤੀ ਲਈ ਨਿਸ਼ਚੇ ਦਾ ਪ੍ਰਭਾਵ ਪੈਂਦਾ ਹੈ। ਮਾਲਕ ਪਾਸ ਤਾਂ ਸ਼ਕਤੀ ਹੁੰਦੀ ਹੀ ਹੈ ਪਰ ਨੌਕਰ ਜਾਂ ਦਾਸ ਦੇ ਮਨ ਵਿੱਚ ਵੀ ਅਜਿਹੀ ਸ਼ਕਤੀ ਦੀ ਇੱਛਾ ਦਾ ਵਾਸ ਹੁੰਦਾ ਹੈ। ਸ਼ਕਤੀ ਦਾ ਭਾਵ ਰਾਜਨੀਤਿਕ ਸ਼ਕਤੀ ਨਹੀਂ। ਇਹ ਤਾਂ

ਅਸਤਿਤਵ ਦੀ ਅਜਿਹੀ ਯੋਗਤਾ ਹੈ ਜਿਸ ਨਾਲ਼ ਬੰਦਾ ਆਪਣੀ ਬੁੱਧੀ ਵਰਤਕੇ ਸਵੈ ਦਾ ਮਾਲਕ ਬਣਦਾ ਹੈ। ਸ਼ਕਤੀਸ਼ਾਲੀ ਵਿਚਾਰਾਂ ਵਾਲ਼ਾ ਬੰਦਾ ਆਪਣੇ ਵਿਚਾਰਾਂ 'ਤੇ ਦ੍ਰਿੜ ਹੁੰਦਾ ਹੈ। ਦਾਰਸ਼ਨਿਕਾਂ ਦਾ ਇਰਾਦਾ ਸ਼ਕਤੀਸ਼ਾਲੀ ਹੁੰਦਾ ਹੈ।

**ਰੱਬ (God)**

ਨੀਤਸ਼ੇ ਨੇ ਐਲਾਨ ਕੀਤਾ ਕਿ ਰੱਬ ਮਰ ਗਿਆ ਹੈ। ਅਸੀਂ ਲੋਕਾਂ ਨੇ ਉਸਨੂੰ ਮਾਰਿਆ ਹੈ। ਇਉਂ ਕਹਿਕੇ, ਅਸਲ ਵਿੱਚ ਨੀਤਸ਼ੇ ਲੋਕਾਂ ਦੀ ਮਰੀ ਹੋਈ ਜ਼ਮੀਰ ਦੀ ਗੱਲ ਕਰਦਾ ਹੈ। ਬੰਦੇ ਤੇ ਜ਼ਿਆਦਾ ਰਹਿਮ ਕਰਕੇ, ਰੱਬ ਨੂੰ, ਖ਼ੁਦ ਦੁਖੀ ਹੋਣਾ ਪੈਂਦਾ ਹੈ। ਇਸ ਨੁਕਤੇ ਨੂੰ ਵੀ ਉਹ ਰੱਬ ਦੀ ਮੌਤ ਨਾਲ਼ ਜੋੜਦਾ ਹੈ। ਜ਼ਰਥੁਸਟਰਾ ਪੁੱਛਦਾ ਹੈ, "What doth all the world know at present? Perhaps that the old God no longer livth, in whom all the world once believed."

ਐਲਬੇਅਰ ਕਾਮੂ ਦਾ ਤਰਕ ਹੈ ਕਿ ਨੀਤਸ਼ੇ ਰੱਬ ਨੂੰ ਮਾਰਨ ਲਈ ਉਸ ਪਿੱਛੇ ਬੰਦੂਕ ਚੁੱਕੀ ਨਹੀਂ ਫਿਰਦਾ। ਉਹ ਤਾਂ ਸਗੋਂ ਯੂਰਪੀਅਨ ਲੋਕਾਂ ਦੀ ਜ਼ਮੀਰ ਵਿੱਚ ਉਸਦੀ ਲਾਸ਼ ਵੇਖ ਰਿਹਾ ਹੈ। ਭਾਵ ਇਹ ਕਿ ਲੋਕਾਂ ਦੇ ਮਨਾਂ ਵਿੱਚੋਂ ਜ਼ਮੀਰ ਦੀ ਮੌਤ ਹੀ ਰੱਬ ਦੀ ਮੌਤ ਹੈ। ਉਸਦਾ ਕਹਿਣਾ ਹੈ ਕਿ ਕਮਜ਼ੋਰ ਬੰਦਿਆਂ ਲਈ ਰੱਬ ਹਾਲੇ ਵੀ ਜਿਉਂਦਾ ਹੈ, ਰੱਬ ਬਾਰੇ ਨੀਤਸ਼ੇ ਦੇ ਇਹ ਸ਼ਬਦ ਪ੍ਰਸਿੱਧ ਹਨ, "That is just Divinity, that there are gods, but no God." 'God is dead.' ਰੱਬ ਦੀ ਮੌਤ ਦਾ ਐਲਾਨ ਕਰਨ ਤੋਂ ਨੀਤਸ਼ੇ ਦਾ ਭਾਵ ਕੇਵਲ ਇਤਨਾ ਹੈ ਕਿ ਲੋਕ ਰੱਬ ਵਿੱਚ ਵਿਸ਼ਵਾਸ ਕਰਨੋਂ ਹਟ ਗਏ ਹਨ। ਉਨ੍ਹਾਂ ਵਿੱਚ ਸ਼ਰਧਾਮਈ ਜਜ਼ਬਾਤ ਅਤੇ ਪ੍ਰਤੀਬੱਧਤਾ ਦੀ ਅਣਹੋਂਦ ਹੈ। ਧਰਮ ਲਈ ਲੋੜ ਸਮੇਂ ਉਹ ਅਰਾਮਪ੍ਰਸਤੀ ਨਹੀਂ ਤਿਆਗ ਸਕਦੇ।

**ਲਾਜਵਾਬ (Unique Wonder)**

ਫਰੈਡਰਿਕ ਨੀਤਸ਼ੇ ਨੇ ਹਰ ਵਿਅਕਤੀ ਦੀ ਲਾਜਵਾਬ ਵਿਲੱਖਣਤਾ ਦਾ ਸੁਆਗਤ ਕੀਤਾ। ਜਿਸ ਨੂੰ ਅਕਸਰ ਬੁਜ਼ਦਿਲ ਵੱਗ-ਨੈਤਿਕਤਾ ਕੁਚਲ ਦਿੰਦੀ ਹੈ। ਉਸ ਦੇ ਧਾਰਮਿਕ ਸਥਾਨਾਂ ਵਿਰੁੱਧ ਵਿਚਾਰ ਨਾਸਤਿਕਵਾਦੀ ਸਨ ਜੋ ਕੀਰਕੇਗਾਰਦ ਦੇ ਚਰਚ ਵਿਰੁੱਧ ਈਸਾਈ ਵਿਵਾਦ ਨਾਲ਼ ਮੇਲ਼ ਖਾਂਦੇ ਹਨ।

**ਸੱਚ ਨੂੰ ਰੱਦ ਕਰਨਾ (Rejection of Truth)**

ਨੀਤਸ਼ੇ ਸੱਚ ਨੂੰ ਰੱਦ ਕਰਦਾ ਹੈ। ਪੱਛਮੀ ਵਿਚਾਰਧਾਰਾ ਵਿੱਚ ਸੁਕਰਾਤ, ਪਲੈਟੋ ਤੋਂ ਲੈ ਕੇ ਹੀਗਲ ਤੱਕ ਸੱਚ ਦਾ ਬੋਲਬਾਲਾ ਰਿਹਾ। ਪਲੈਟੋ ਨੇ ਨੇਕੀ ਨੂੰ ਸੱਚ ਕਿਹਾ। ਸੱਚ ਨੂੰ ਸੰਸਾਰ ਦੀ ਅਨੇਕਤਾ ਵਿੱਚ ਏਕਤਾ ਕਿਹਾ ਗਿਆ। ਭੌਤਿਕ ਵਿਗਿਆਨ ਆਪਣੇ ਬੁਨਿਆਦੀ ਖੇਤਰਾਂ ਨੂੰ ਸੱਚ ਮੰਨਦੀ ਹੈ। ਅਧਿਆਤਮਵਾਦ

ਦਾ ਆਪਣਾ ਸੱਚ ਹੈ। ਹੀਗਲ ਭਵਿੱਖ ਦੇ ਰਾਜ ਨੂੰ ਸੱਚ ਮੰਨਦਾ ਸੀ। ਸੁਕਰਾਤ ਅਜਿਹੇ ਸੰਸਾਰ ਦੀ ਕਲਪਨਾ ਕਰਦਾ ਸੀ ਜਿਥੇ ਉਹ ਹਮੇਸ਼ਾ ਆਪਣੇ ਦਰਸ਼ਨ ਦਾ ਪ੍ਰਚਾਰ ਅਤੇ ਪ੍ਰਸਾਰ ਕਰ ਸਕੇਗਾ। ਫਲ਼ਸਰੂਪ ਕੋਈ ਇੱਕ ਸੱਚ ਵਿਖਾਈ ਨਹੀਂ ਦਿੰਦਾ। ਇਸ ਲਈ ਨੀਤਸ਼ੇ ਸੱਚ ਉੱਪਰ ਕਾਟੀ ਮਾਰਦਾ ਹੈ।

**ਵਿਨਾਸ਼ਵਾਦ (Nihilism)**

ਸਰਵਨਾਸ਼ਵਾਦ ਇੱਕ ਅਜਿਹਾ ਵਿਚਾਰ ਹੈ ਜਿਸ ਅਨੁਸਾਰ ਸਾਰੀਆਂ ਉੱਚੀਆਂ ਕੀਮਤਾਂ ਨਿਘਾਰ ਵੱਲ ਜਾਂਦੀਆਂ ਹਨ। ਰਾਜਨੀਤਕ ਅਤੇ ਧਾਰਮਿਕ ਸੰਸਥਾਵਾਂ ਦਾ ਨਿਘਾਰ ਵੱਲ ਜਾਣਾ ਇਸ ਵਿੱਚ ਸ਼ਾਮਲ ਹੈ। ਵਿਚਾਰਧਾਰਾਵਾਂ ਅਤੇ ਸਿਧਾਂਤ ਦਾ ਵੀ ਨਿਘਾਰ ਵੱਲ ਜਾਣਾ ਇਸ ਵਿੱਚ ਸ਼ਾਮਲ ਹੈ। ਕਿਉਂਕਿ ਵਿਚਾਰਧਾਰਾਵਾਂ ਅਤੇ ਸਿਧਾਂਤ ਵੀ ਨਿਘਾਰ ਵੱਲ ਜਾਂਦੇ ਹਨ। ਅਜੋਕੇ ਸਮੇਂ ਵਿੱਚ ਖੇਡਾਂ ਵੀ ਸੱਟੇਬਾਜ਼ੀ ਅਤੇ ਡੋਪਿੰਗ ਨਾਲ਼ ਪਤਨ ਵੱਲ ਜਾ ਰਹੀਆਂ ਹਨ। ਨੀਤਸ਼ੇ ਨੇ ਤਾਂ ਯੂਰਪ ਦੀਆਂ ਕੀਮਤਾਂ ਦੀ ਹੀ ਗੱਲ ਕੀਤੀ ਸੀ ਪਰ ਨਿਘਾਰ ਵੱਲ ਤਾਂ ਸਾਰੇ ਸੰਸਾਰ ਦੀਆਂ ਉੱਚੀਆਂ ਕੀਮਤਾਂ ਜਾ ਰਹੀਆਂ ਹਨ। ਧਰਮ ਦੁਆਰਾ ਸੁਰਗ ਦੀ ਪ੍ਰਾਪਤੀ ਦਾ ਭਾਵ-ਪ੍ਰਾਪਤ ਕੁੱਝ ਵੀ ਨਹੀਂ ਹੋਣਾ। ਸੁਤੰਤਰਤਾ ਨੂੰ ਭ੍ਰਿਸ਼ਟਾਚਾਰ ਦੀ ਸਿਉਂਕ ਖਾ ਰਹੀ ਹੈ। ਹਵਸ ਔਰਤਾਂ 'ਤੇ ਦਰਿੰਦਗੀ ਢਾਹ ਰਹੀ ਹੈ।

**ਦੁਹਰਾਓ (Repetition)**

ਦੁਹਰਾਓ ਅਸਤਿਤਵਵਾਦੀ ਦਰਸ਼ਨ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ। ਨੀਤਸ਼ੇ ਦੁਹਰਾਓ ਦਾ ਵੱਡਾ ਸਮਰਥਕ ਹੈ, ਉਸਦਾ ਕਹਿਣਾ ਹੈ ਕਿ ਭਾਵੇਂ ਉਮੀਦ ਇਕ ਸੁਆਦਲਾ ਫਲ਼ ਹੈ ਪਰ ਇਹ ਸੰਤੁਸ਼ਟ ਨਹੀਂ ਕਰਦਾ। ਯਾਦ ਵੀ ਮਾਮੂਲੀ ਜੇਹੀ ਰਾਹਤ ਹੀ ਦਿੰਦੀ ਹੈ। ਸੰਤੁਸ਼ਟ ਇਹ ਵੀ ਨਹੀਂ ਕਰਦੀ। ਪਰ ਦੁਹਰਾਓ ਜੀਵਨ ਦਾ ਰੋਜ਼ਾਨਾ ਭੋਜਨ ਹੈ ਜੋ ਸੰਤੁਸ਼ਟ ਵੀ ਕਰਦਾ ਹੈ ਅਤੇ ਅਨੰਦ ਵੀ ਪ੍ਰਦਾਨ ਕਰਦਾ ਹੈ। ਦੁਹਰਾਓ ਵਿੱਚ ਉਤਸ਼ਾਹ ਹਮੇਸ਼ਾ ਮੌਜੂਦ ਰਹਿੰਦਾ ਹੈ। ਇਸ ਵਿੱਚ ਵਿਅਕਤੀ ਸੋਜ਼ ਅਤੇ ਗੰਭੀਰਤਾ ਮਹਿਸੂਸ ਕਰਦਾ ਹੈ। ਦੁਹਰਾਓ ਬਦਲਵੇਂ ਸਿਰਲੇਖਾਂ ਹੇਠ ਹੋਰਨਾਂ ਅਸਤਿਤਵਵਾਦੀਆਂ ਵਿੱਚ ਵੀ ਉਪਲਬਧ ਹੈ। ਮਾਰਸ਼ਲ ਦੀ ਵਫ਼ਾਦਾਰੀ; ਹਾਈਡਿਗਰ ਵੱਲੋਂ ਸਨਾਤਨੀ ਦਾਰਸ਼ਨਿਕ ਪ੍ਰਸ਼ਨਾਂ ਦੀ ਪੁਨਰ-ਪੁਸ਼ਟੀ; ਜੈਸਪਰਸ ਅਤੇ ਸਾਰਤਰ ਦੀ ਚੋਣ ਆਦਿ ਵਿੱਚ ਦੁਹਰਾਓ ਹੀ ਸ਼ਾਮਲ ਹੈ।

ਐੱਚ.ਜੇ. ਬਲੈਕਹੈਮ ਅਨੁਸਾਰ ਨੀਤਸ਼ੇ ਆਪਣੇ ਦਰਸ਼ਨ ਦੀ ਉਸਾਰੀ ਵਿਭਿੰਨ ਦਾਰਸ਼ਨਿਕ ਸਕੂਲਾਂ ਦੇ ਟਕਰਾਵਾਂ ਦੀ ਥਾਂ ਤਤਕਾਲੀ ਹਾਲਾਤ ਦੇ ਤਣਾਵਾਂ ਵਿੱਚੋਂ ਉਸਾਰਨ ਕਾਰਨ ਅਸਤਿਤਵਵਾਦੀ ਹੈ, ਤਤਕਾਲਿਕ ਸਮੇਂ ਦੀਆਂ ਸਮੱਸਿਆਵਾਂ ਦਾ ਹੱਲ ਅਤੇ ਪ੍ਰਤਿਨਿਧਤਵ ਕਰਨਾ ਉਸਦੇ ਚਿੰਤਨ ਦਾ ਉਦੇਸ਼ ਸੀ। ਉਹ ਵਿਵਸਥਾ ਉਸਾਰਨ ਪ੍ਰਤੀ ਜਾਗਰੂਕਤਾ ਨੂੰ ਤਿੱਖਾ ਕਰਦਾ ਹੈ।

ਸਮਝ ਵਿਚ ਗਹਿਰਾਈ ਪੈਦਾ ਕਰਦਾ ਹੈ। ਨਵੀਆਂ ਸੰਭਾਵਨਾਵਾਂ ਲਈ ਦਿਸ਼ਾਮਾਨ ਨਿਰਧਾਰਿਤ ਕਰਦਾ ਹੈ।

## 3. ਕਾਰਲ ਜੈਸਪਰਸ

## (Karl Jaspers) 1883-1969

ਕਾਰਲ ਜੈਸਪਰਸ ਇੱਕ ਜਰਮਨ ਅਸਤਿਤਵਵਾਦੀ ਦਾਰਸ਼ਨਿਕ ਸੀ ਜੋ ਮੈਡੀਸਨ ਅਤੇ ਮਨੋਚਿਕਿਤਸਾ ਦੇ ਕਾਰਜ ਤੋਂ ਫ਼ਿਲਾਸਫ਼ੀ ਵੱਲ ਮੋੜਾ ਖਾ ਗਿਆ ਸੀ। ਉਸਨੇ ਵਕਾਲਤ ਦੀ ਸਿੱਖਿਆ ਵੀ ਪ੍ਰਾਪਤ ਕੀਤੀ। ਉਹ 1921 ਵਿੱਚ ਹੈਡਲਬਰਗ (Heidelberg) ਵਿਖੇ ਫ਼ਿਲਾਸਫੀ ਦੀ ਚੇਅਰ ਦਾ ਮੁਖੀ ਬਣਿਆ। 1937 ਵਿੱਚ ਰਾਜਨੀਤਕ ਕਾਰਨ ਕਰਕੇ ਨੌਕਰੀ 'ਚੋਂ ਕੱਢਿਆ ਗਿਆ। ਮੁੜ 1945 ਵਿੱਚ ਬਹਾਲ ਕੀਤਾ ਗਿਆ। 1948 ਤੋਂ ਬਾਅਦ ਉਹ Basel ਵਿਖੇ ਫ਼ਿਲਾਸਫ਼ੀ ਦਾ ਪ੍ਰੋਫ਼ੈਸਰ ਰਿਹਾ।

## ਕਾਰਲ ਜੈਸਪਰਸ ਦੇ ਮੁੱਖ ਸੰਕਲਪ

**ਅਸਤਿਤਵਵਾਦੀ ਦਰਸ਼ਨ**

ਜੈਸਪਰਸ ਦਾ ਵਿਚਾਰ ਹੈ ਕਿ ਫ਼ਿਲਾਸਫ਼ੀ ਫ਼ਿਲਾਸਫ਼ਰ ਦੇ ਅਸਤਿਤਵ ਤੋਂ ਆਰੰਭ ਹੁੰਦੀ ਹੈ ਕਿ ਉਹ ਕੀ ਹੈ? ਇਹ ਉਹ ਕੀ ਜਾਣਦਾ ਹੈ ਤੋਂ ਆਰੰਭ ਨਹੀਂ ਹੁੰਦੀ। ਏਕਤਾ ਅਤੇ ਸਮੁੱਚਤਾ ਬਾਰੇ ਜਿਸ ਗੱਲ ਦੀ ਨਿਸ਼ਾਨਦੇਹੀ ਦਰਸ਼ਨ ਕਰ ਸਕਦਾ ਹੈ, ਉਹ ਵਿਗਿਆਨ ਦੁਆਰਾ ਨਹੀਂ ਹੋ ਸਕਦੀ। ਅਸਤਿਤਵਵਾਦੀ ਚਿੰਤਕ ਸਵੈ ਦੀ ਪਾਰਗਮਤਾ (Being oneself) ਦੁਆਰਾ ਅਸਲੀ ਪਾਰਗਮਤਾ (Being in itself) ਬਾਰੇ ਆਪਣੇ ਅਨੁਭਵੀ ਗਿਆਨ (Being There) ਬਾਰੇ ਜਾਣ ਸਕਦਾ ਹੈ। ਇਹ ਖੋਜ ਜਜ਼ਬਾਤੀ ਦਾਰਸ਼ਨਿਕ ਹੀ ਕਰ ਸਕਦਾ ਹੈ।

**ਸਵੈ ਦੀ ਸੰਸਾਰਿਕ ਸਥਿਤੀ (Situation in the world)**

ਬੰਦੇ ਦਾ ਅਸਤਿਤਵ ਉਸਦੀ ਸੰਸਾਰ ਵਿੱਚ ਸਥਿਤੀ ਤੋਂ ਪ੍ਰਭਾਵਿਤ ਹੁੰਦਾ ਹੈ। ਇਹ ਕਿਸੇ ਨਾਲ਼ ਵੰਡੀ ਨਹੀਂ ਜਾ ਸਕਦੀ। ਇਸਨੂੰ ਤਾਂ ਅੰਦਰੋਂ ਹੀ ਸਮਝਿਆ ਜਾ ਸਕਦਾ ਹੈ। ਬੰਦਾ ਆਪਣੇ ਮਾਪੇ, ਲਿੰਗ, ਆਪਣਾ ਭੂਤ, ਸਰੀਰਕ ਬਣਤਰ ਆਦਿ ਨੂੰ ਬਦਲ ਨਹੀਂ ਸਕਦਾ ਪਰ ਉਹ ਇਨ੍ਹਾਂ ਸਭਨਾਂ ਗੱਲਾਂ ਨੂੰ ਪਰਵਾਨ ਕਰ ਸਕਦਾ ਹੈ, ਇਨ੍ਹਾਂ ਅਨੁਸਾਰ ਢਲ ਸਕਦਾ ਹੈ ਅਤੇ ਇਨ੍ਹਾਂ ਸਭਨਾਂ ਨੂੰ ਆਪਣੀਆਂ ਬਣਾ ਸਕਦਾ ਹੈ। ਬੰਦਾ ਆਪਣੇ ਹਾਲਾਤ ਨਾਲ਼ ਬੱਝਕੇ, ਅਜਿਹੀ ਸਥਿਤੀ ਨੂੰ ਆਪਣੇ ਸਵੈ ਵਾਂਗ ਪਿਆਰ ਕਰ ਸਕਦਾ ਹੈ।

**ਪ੍ਰਮਾਣਿਕ ਚੋਣ (Authentic Choice)**

ਬੇਸ਼ੱਕ ਬੰਦੇ ਦੀ ਸੰਸਾਰਿਕ ਸਥਿਤੀ ਲਗਭਗ ਨਿਸ਼ਚਿਤ ਹੁੰਦੀ ਹੈ ਪਰ

ਉਸਦੀ ਚੇਤਨਾ ਅੱਗੇ ਕੁਝ ਬਣਨ ਲਈ ਅਨੇਕਾਂ ਸੰਭਾਵਨਾਵਾਂ ਮੌਜੂਦ ਹੁੰਦੀਆਂ ਹਨ। ਇਨ੍ਹਾਂ ਸੰਭਾਵਨਾਵਾਂ ਵਿੱਚੋਂ ਉਹ ਕਿਸ ਸੰਭਾਵਨਾ ਦੀ ਚੋਣ ਕਰਦਾ ਹੈ, ਇਹ ਗੱਲ ਮਹੱਤਵ ਵਾਲੀ ਹੈ। ਇਸ ਚੋਣ ਵਿੱਚ ਬੰਦੇ ਦੀ ਨਿਜੀ ਵਿਲੱਖਣਤਾ ਭਾਗ ਲੈਂਦੀ ਹੈ ਜੋ ਉਸਦੀ ਨਿਜੀ ਲੋੜ ਵਿੱਚੋਂ ਪੈਦਾ ਹੁੰਦੀ ਹੈ। ਪ੍ਰਮਾਣਿਕ ਚੋਣ ਦੀ ਇਸ ਪ੍ਰਕਿਰਿਆ ਨੂੰ ਵਸਤੂਪਰਕ ਵਿਧੀ ਨਾਲ਼ ਜਾਣਿਆ ਨਹੀਂ ਜਾ ਸਕਦਾ। ਬੰਦੇ ਦੇ ਸਵੈ ਨੇ ਆਪਣੀ ਸਥਿਤੀ ਵਿੱਚ ਜਿਹੜੀ ਚੋਣ ਕੀਤੀ, ਉਹ ਉਸਦੀ ਆਪਣੀ ਹੋਵੇਗੀ। ਕੋਈ ਚੋਣ ਬਿਨਾ ਫ਼ੈਸਲੇ ਤੋਂ ਨਹੀਂ ਹੋ ਸਕਦੀ, ਕੋਈ ਫ਼ੈਸਲਾ ਮਰਜ਼ੀ (ਇਰਾਦੇ) ਬਿਨਾਂ ਨਹੀਂ ਹੋ ਸਕਦਾ। ਸਵੈ ਤੋਂ ਬਿਨਾ ਕੋਈ ਫ਼ਰਜ਼ ਨਹੀਂ ਹੁੰਦਾ। ਇਸ ਫਾਰਮੂਲੇ ਅਨੁਸਾਰ ਵਿਅਕਤੀ ਦੀ ਚੋਣ ਉਸਦੀ ਆਪਣੀ ਹੁੰਦੀ ਹੈ। ਅਜਿਹੀ ਚੋਣ ਅਨੇਕਾਂ ਬਦਲਾਵਾਂ ਵਿੱਚ ਟਿੱਡੇ ਦੀ ਟਪੂਸੀ ਵਾਂਗ ਨਹੀਂ ਹੁੰਦੀ, ਇਹ ਬੰਦੇ ਦੇ ਅੰਦਰਲੀ ਆਵਾਜ਼ ਹੁੰਦੀ ਹੈ। ਇਹੋ ਚੋਣ ਫਿਰ ਆਪਣੇ ਨਿਸ਼ਾਨੇ ਵੱਲ ਅੱਗੇ ਵਧਦੀ ਹੈ।

**ਸਵੈ-ਚੇਤਨਾ (Self-Consciousness)**

ਜਦੋਂ ਬੰਦੇ ਦੀ ਸਵੈ-ਚੇਤਨਾ ਜਾਗਦੀ ਹੈ, ਉਹੀ ਉਸਦੀ ਸੁਤੰਤਰਤਾ ਹੁੰਦੀ ਹੈ। ਬੰਦਾ ਕੀ ਹੈ? ਉਸਨੂੰ ਉਸਦੇ ਸਰੀਰ, ਸਮਾਜ ਵਿੱਚ ਰੋਲ, ਉਸਦੇ ਕੰਮ, ਉਸਦੇ ਆਚਰਨ ਤੱਕ ਸੀਮਿਤ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਸਭ ਦੀ ਤਹਿ ਥੱਲੇ ਉਸਦੀ ਸੁਤੰਤਰਤਾ ਹੈ ਅਰਥਾਤ ਉਸਦੀਆਂ ਉਹ ਸੰਭਾਵਨਾਵਾਂ ਹਨ ਜੋ ਕੁੱਝ ਉਸਨੇ ਬਣਨਾ ਹੈ।

**ਨਿਯਮ ਅਤੇ ਸੁਤੰਤਰਤਾ (Law and Liberty)**

ਅਸਤਿਤਵਵਾਦੀ ਕਾਨੂੰਨ ਅਤੇ ਸੁਤੰਤਰਤਾ ਦੇ ਗੁੰਝਲਦਾਰ ਸੰਬੰਧਾਂ ਨਾਲ਼ ਸਰੋਕਾਰ ਰੱਖਦੇ ਹਨ। ਉਹ ਨੈਤਿਕਤਾ ਦੇ ਮਿਆਰਾਂ, ਸਵੈ ਦੀ ਅਸਲੀਅਤ ਅਤੇ ਇਸਦੀਆਂ ਫੌਰੀ ਲੋੜਾਂ ਨਾਲ਼ ਸਰੋਕਾਰ ਰੱਖਦੇ ਹਨ। ਚੋਣ ਕਰਦਿਆਂ ਸਵੈ ਆਪਣੀ ਸੁਤੰਤਰਤਾ ਤੋਂ ਜਾਣੂ ਹੁੰਦਾ ਹੈ। ਕਾਨੂੰਨ ਇਸ 'ਤੇ ਪਾਬੰਦੀ ਨਹੀਂ ਲਾਉਂਦਾ ਪਰ ਸਵੈ-ਪ੍ਰਾਪਤ ਸਥਿਤੀ ਵਿੱਚ ਬੰਦਾ ਆਪਣੇ ਸਵੈ ਨੂੰ ਢਾਲਦਾ ਹੈ। ਇੰਜ ਕਾਨੂੰਨ ਇੱਕ ਸਾਧਨ ਹੈ, ਵਿਚੋਲਾ ਹੈ, ਵਿਆਖਿਆ ਯੋਗ ਹੈ, ਘਟਾਇਆ ਨਹੀਂ ਜਾ ਸਕਦਾ, ਵਿਚਾਰ ਉਤਪਾਦਕ ਹੈ, ਹਾਕਮਾਨਾ ਨਹੀਂ। ਸਿਧਾਂਤਕ ਤੌਰ 'ਤੇ ਕਾਨੂੰਨ ਸਪਸ਼ਟਤਾ ਪ੍ਰਦਾਨ ਕਰ ਸਕਦਾ ਹੈ। ਪਰ ਨਿਜੀ ਫ਼ੈਸਲੇ ਨੂੰ ਠੀਕ ਸਿੱਧ ਨਹੀਂ ਕਰ ਸਕਦਾ।

**ਅਟੱਲ ਸੀਮਾਵਾਂ (Inescapable limitations)**

ਮਨੁੱਖੀ ਜੀਵਨ ਵਿੱਚ ਅਨੇਕਾਂ ਨਾ ਟਾਲੇ ਜਾ ਸਕਣ ਵਾਲੇ ਹਾਲਾਤ ਪੈਦਾ ਹੋ ਜਾਂਦੇ ਹਨ ਜਿਵੇਂ ਮੌਤ, ਬਿਮਾਰੀ, ਟਕਰਾਅ, ਭੁੱਲ ਆਦਿ। ਇਸ ਸੰਸਾਰ

ਵਿਚ ਵਿਆਪਕ ਸੀਮਾਵਾਂ ਹਨ ਜੋ ਮਨੁੱਖੀ ਜੀਵਨ ਨੂੰ ਅਸੁਰੱਖਿਅਤ ਕਰਦੀਆਂ ਹਨ। ਨਿਜੀ ਅਸਤਿਤਵ ਇਨ੍ਹਾਂ ਨਾਲ਼ ਟਕਰਾਉਣਾ, ਇਨ੍ਹਾਂ ਨਾਲ਼ ਨਿਪਟਣਾ ਸਿੱਖ ਲੈਂਦਾ ਹੈ। 'ਜਿਂਦੁ ਕੌ ਸਮਝਾਇ' ਵਾਲ਼ੀ ਸਥਿਤੀ ਪੈਦਾ ਹੋ ਜਾਂਦੀ ਹੈ। ਅਸਤਿਤਵ (Being in itself) 'ਸਾਹੇ ਲਿਖੇ ਨਾ ਚਲਣੀ' ਅਨੁਸਾਰ ਇਨ੍ਹਾਂ ਕਠਿਨ ਪਰਿਸਥਿਤੀਆਂ ਦਾ ਮੁਕਾਬਲਾ ਕਰਦਾ ਹੈ। ਸਵੈ ਨੂੰ ਅਨੁਭਵ ਹੁੰਦਾ ਹੈ ਕਿ ਇੱਕ ਦਿਨ ਉਸਦੀ ਮੌਤ ਹੋਣੀ ਹੈ। ਕਿਸੇ ਮਿੱਤਰ ਦੀ ਮੌਤ ਨਾਲ਼ ਭਾਵੇਂ ਉਸ ਨਾਲ਼ੋਂ ਤਾਲਮੇਲ ਸਮਾਪਤ ਹੋ ਜਾਂਦਾ ਹੈ ਫਿਰ ਵੀ ਉਸ ਨਾਲ਼ੋਂ ਸੰਬੰਧ ਪੂਰੀ ਤਰ੍ਹਾਂ ਸਮਾਪਤ ਨਹੀਂ ਹੁੰਦੇ। ਸਵੈ ਦੀ ਉਸ ਪ੍ਰਤੀ ਨਿਸ਼ਠਾ ਨਾਲ਼ ਉਹ ਮ੍ਰਿਤਕ ਵੀ ਪ੍ਰਭਾਵਿਤ ਕਰਦਾ ਰਹਿੰਦਾ ਹੈ। ਫਿਰ ਵੀ ਬੰਦੇ ਨੂੰ ਸਦਮਾ ਤਾਂ ਪੁੱਜਦਾ ਹੀ ਹੈ। ਕਸ਼ਮਕਸ਼ ਅਤੇ ਹਿੰਸਾ ਵੀ ਮਨੁੱਖੀ ਜੀਵਨ ਦੇ ਤਾਣੇ-ਬਾਣੇ ਦਾ ਭਾਗ ਹਨ। ਇਵੇਂ ਅਪੂਰਨਤਾ, ਅਸਫ਼ਲਤਾ ਅਤੇ ਗ਼ਲਤੀ ਬਾਰੇ ਸਮਝ ਪੈਂਦੀ ਹੈ।

**ਸਟੇਟ ਬਨਾਮ ਵਿਅਕਤੀ (State vs Man)**

ਸਟੇਟ ਕਦੇ ਵੀ ਨਿੱਜੀ ਅਸਤਿਤਵ ਨੂੰ ਅਰਥ ਅਤੇ ਕੀਮਤ ਨਹੀਂ ਦੇ ਸਕਦੀ। ਉਤੇਜਨਾ, ਖੇਤਰ ਅਤੇ ਅਵਸਰ ਪ੍ਰਦਾਨ ਕਰ ਸਕਦੀ ਹੈ। ਵਿਅਕਤੀ ਨੂੰ ਕੁੱਝ ਬਣਨ ਲਈ ਰਾਜ ਦੀ ਲੋੜ ਪੈਂਦੀ ਹੈ, ਇਵੇਂ ਰਾਜ ਆਪਣੀ ਪ੍ਰਮਾਣਿਕਤਾ ਬੰਦੇ (Being oneself) ਤੋਂ ਪ੍ਰਾਪਤ ਕਰਦਾ ਹੈ। ਇਨ੍ਹਾਂ ਸੰਬੰਧਾਂ ਵਿੱਚ ਤਣਾਉ ਅਤੇ ਸ਼ਕਤੀ ਦੋਵੇਂ ਕਾਰਜਸ਼ੀਲ ਰਹਿੰਦੇ ਹਨ। ਸਟੇਟ ਬੰਦੇ ਨੂੰ ਇਤਿਹਾਸਕਤਾ ਵੱਲ ਖਿੱਚਦੀ ਹੈ। ਅਜਿਹੀ ਦੁਨੀਆਂ ਵੱਲ ਜੋ ਸਵੀਕਾਰੀ ਜਾਂ ਇਨਕਾਰੀ ਜਾਂਦੀ ਹੈ। ਬੰਦਾ ਕਟਾਖ, ਮਜ਼ਾਕ ਅਤੇ ਨਿਮਰਤਾ ਨਾਲ਼ ਹੀ ਰਹਿ ਸਕਦਾ ਹੈ।

**ਦੂਜਿਆਂ ਨਾਲ਼ ਸੰਬੰਧ (Relation with others)**

ਮੇਰੇ ਅਸਤਿਤਵ ਦੀ ਵਿਲੱਖਣਤਾ ਨੂੰ 'ਦੂਜਿਆਂ' ਦੇ ਅਸਤਿਤਵ ਦੀ ਵਿੱਲਖਣਤਾ ਦੀ ਲੋੜ ਹੈ। ਦੂਜਿਆਂ ਨਾਲ਼ ਤਾਲਮੇਲ ਤੋਂ ਬਿਨਾਂ ਅਸਤਿਤਵ ਕੁੱਝ ਵੀ ਨਹੀਂ। ਜੈਸਪਰਸ ਇਸਨੂੰ ਪਿਆਰ-ਸੰਘਰਸ਼ (Loving-Struggle) ਕਹਿੰਦਾ ਹੈ।

**ਅਸਤਿਤਵ ਦੇ ਖੇਤਰ (Realms of Existence)**

ਕਾਰਲ ਜੈਸਪਰਸ ਅਨੁਸਾਰ ਅਸਤਿਤਵ ਦੇ ਤਿੰਨ ਖੇਤਰ ਹਨ :

(ੳ) Being There : ਨਿਰੀਖਣ ਅਤੇ ਅਨੁਭਵ ਦੁਆਰਾ ਵਸਤੂਪਰਕ ਸੰਸਾਰ ਦਾ ਗਿਆਨ।

(ਅ) Being Oneself : ਬੰਦੇ ਦੀ ਨਿਜੀ ਹੋਂਦ ਜੋ ਆਪਣੀ ਸੁਤੰਤਰਤਾ ਬਾਰੇ ਜਾਗਰੂਕ ਹੈ; ਇਤਿਹਾਸਕਤਾ/ਪ੍ਰਮਾਣਿਕਤਾ ਨੂੰ ਗ੍ਰਹਿਣ ਕਰਦਾ ਹੈ ਅਤੇ ਆਪਣੇ ਫ਼ੈਸਲੇ ਅਤੇ ਚੋਣ ਦੀ ਪੁਸ਼ਟੀ ਕਰਦਾ ਹੈ।

(ੲ) Being in itself : ਸੰਸਾਰ ਨਾਲੋਂ ਅਟੁੱਟ ਵਿਖਾਈ ਦਿੰਦੀ ਅਰਥਾਤ ਸੂਝ ਤੋਂ ਪਾਰ ਦੀ ਅਵਸਥਾ।

**ਰਹੱਸਵਾਦ ਨੂੰ ਸਥਾਨ ਨਹੀਂ (No Place for Mysticism)**

ਅਸਤਿਤਵਵਾਦੀ ਦਰਸ਼ਨ ਵਿੱਚ, ਜੈਸਪਰਸ ਅਨੁਸਾਰ, ਅਧਿਆਤਮਵਾਦ ਨੂੰ ਕੋਈ ਸਥਾਨ ਨਹੀਂ। ਰੱਬ ਨਾਲ਼ ਕੋਈ ਸਿੱਧਾ ਮਿਲਾਪ ਨਹੀਂ। ਜੇ ਰੱਬ ਦੇ ਮਿੱਥ ਦੀ ਵਰਤੋਂ ਕਰਨੀ ਵੀ ਹੋਵੇ ਤਾਂ ਵੀ ਇਸ ਸੰਸਾਰ ਤੋਂ ਬਿਨਾ ਕੋਈ ਰੱਬ ਨਹੀਂ। ਇਹ ਸੰਸਾਰ ਵੀ ਰੱਬ ਨਹੀਂ। ਉਹ ਤਾਂ ਆਪਣਾ ਪ੍ਰਗਟਾਵਾ ਅਤੇ ਲੁਕਾਅ ਦੁਨੀਆਂ ਵਿੱਚ ਹੀ ਕਰਦਾ ਹੈ। ਉਸਦਾ ਮੁੱਖ ਨਹੀਂ ਵੇਖਿਆ ਜਾ ਸਕਦਾ।

**ਸਿਫ਼ਰ ਦਾ ਸਿਧਾਂਤ (The Doctrine of cipher)**

ਕਾਰਲ ਜੈਸਪਰਸ ਦਾ ਕਹਿਣਾ ਹੈ ਕਿ ਇਹ ਸੰਸਾਰ ਇੱਕ ਗੁਪਤ ਪਾਠ ਹੈ ਜੋ ਕਦੇ ਵੀ ਜਨਤਕ ਭਾਸ਼ਾ ਵਿੱਚ ਉਲਥਾਇਆ ਨਹੀਂ ਜਾ ਸਕਦਾ। ਇਹ ਕੇਵਲ ਨਿਜੀ ਅਸਤਿਤਵ ਦੀ ਸਮਝ ਵਿੱਚ ਪੈਂਦਾ ਹੈ ਅਤੇ ਹਰੇਕ ਦੁਆਰਾ ਖ਼ੁਦ ਪੜ੍ਹਿਆ ਜਾਂਦਾ ਹੈ। ਬੰਦਾ ਸਿਫ਼ਰ ਵਿੱਚ ਰਹਿੰਦਾ ਹੈ। ਇੱਥੇ ਕੁੱਝ ਵੀ ਨਹੀਂ ਜੋ ਸਿਫ਼ਰ ਨਹੀਂ। ਕਿਸੇ ਵੀ ਚੀਜ਼ ਦਾ ਕੋਈ ਨਿਰਧਾਰਿਤ ਅਰਥ ਨਹੀਂ, ਕੋਈ ਕੋਡ ਨਹੀਂ, ਕੋਈ ਕੁੰਜੀ ਨਹੀਂ। ਤਾਂ ਵੀ ਮਨੁੱਖਤਾ ਦਾ ਆਮ ਅਨੁਭਵ ਇਸ ਪੇਚੀਦਾ ਸੰਸਾਰ ਦੀ ਤਸਦੀਕ ਕਰਦਾ ਹੈ ਅਤੇ ਇਹੋ ਗਵਾਹੀ ਜਦੋਂ ਪਰਖੀ ਜਾਂਦੀ ਤਾਂ ਪਤਾ ਲੱਗਦਾ ਹੈ ਕਿ ਇਸਦੀ ਕੀ ਕੀਮਤ ਹੈ। ਇਹ ਪ੍ਰਮਾਣ ਮਿਥਾਂ, ਧਰਮਾਂ ਅਤੇ ਦਰਸ਼ਨਾਂ ਤੋਂ ਪ੍ਰਾਪਤ ਹੁੰਦੇ ਨੇ। ਸਿਫ਼ਰ ਤੋਂ ਸੰਸਾਰ ਸੱਚ ਦਾ ਨਹੀਂ ਸਗੋਂ ਵਰਤ ਵਿਹਾਰ ਦੇ ਸੱਚ ਦਾ ਪ੍ਰਗਟਾਵਾ ਹੁੰਦਾ ਹੈ। ਮਿੱਥ, ਧਰਮ ਅਤੇ ਦਰਸ਼ਨ ਟਿੱਪਣੀਆਂ ਹੁੰਦੀਆਂ ਨੇ ਜੋ ਪ੍ਰਕ੍ਰਿਤੀ, ਇਤਿਹਾਸ ਅਤੇ ਨਿਜੀ ਹੋਂਦ ਦੀਆਂ ਮੌਲਿਕ ਸਿਫ਼ਰਾਂ ਤੋਂ ਕੁੱਝ ਅੰਤਰ ਤੇ ਰਹਿੰਦੀਆਂ ਹਨ। ਕਵਿਤਾ ਅਤੇ ਪੇਂਟਿੰਗ ਵਿੱਚ ਪ੍ਰਕਿਰਤਕ ਸੰਸਾਰ ਨਾਲ਼ ਸਿਫ਼ਰ ਵਜੋਂ ਵਿਵਹਾਰ ਕੀਤਾ ਜਾਂਦਾ ਹੈ, ਜੋ ਇਸ ਤੋਂ ਹੋਰ ਪਾਸੇ ਸੰਕੇਤ ਕਰਦੀਆਂ ਹਨ। ਕਾਰਲ ਜੈਸਪਰਸ ਵਾਨ ਗਾਗ ਦੀ ਉਦਾਹਰਨ ਦਿੰਦਾ ਹੈ ਜੋ ਕਲਪਨਾ ਨਾਲ਼ ਇਸ ਦੀ ਵਰਤੋਂ ਕਰਕੇ ਦਿਸਦੇ ਸੰਸਾਰ ਤੋਂ ਵੱਖਰੀ ਕਿਸਮ ਦਾ ਸੰਸਾਰ ਸਿਰਜਕੇ ਸਭ ਕੁੱਝ ਪ੍ਰਗਟ ਕਰ ਦਿੰਦਾ ਹੈ। ਸਰਵੋਤਮ ਸਿਫ਼ਰ ਨਿਜੀ ਹੋਂਦ ਹੁੰਦੀ ਹੈ। ਕਿਉਂਕਿ ਇਸ ਵਿਚ ਬੰਦੇ ਦੀ ਵਿਅਕਤੀਗਤ ਚੋਣ ਵਿੱਚ ਸਵੈ-ਨਿਸ਼ਚਾ ਅਤੇ ਫ਼ੈਸਲੇ ਸੂਖ਼ਮ ਰੂਪ ਵਿੱਚ ਇਤਿਹਾਸ ਅਤੇ ਪ੍ਰਕਿਰਤੀ ਦਾ ਸੰਯੋਗ ਕਰਦੇ ਹਨ, ਅੰਤਮ ਨਿਰਾਸ਼ਤਾ ਅਜਿਹੀ ਸਿਫ਼ਰ ਹੁੰਦੀ ਹੈ ਜਿਸ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਇਹ ਚੁੱਪ ਹੁੰਦੀ ਹੈ। ਅੰਤਮ ਸ਼ਬਦ ਕਿਸੇ ਵੀ ਰੂਪ ਵਿੱਚ ਬੋਲਿਆ ਨਹੀਂ ਜਾ ਸਕਦਾ। ਇਵੇਂ ਸਾਹਿੱਤ ਵੀ ਇੱਕ ਸਿਫ਼ਰ ਹੈ ਕਿਉਂਕਿ ਇਹ ਅਜਿਹੀਆਂ ਤੀਬਰ ਸਥਿਤੀਆਂ ਸਿਰਜਦਾ ਹੈ ਜੋ ਆਪਣੀਆਂ

ਅਰਥ-ਸੰਭਾਵਨਾਵਾਂ ਸੰਵੇਦਨਸ਼ੀਲ ਮਨ ਤੋਂ ਨਚੋੜਦਾ ਹੈ।

**ਇਗਜ਼ਿਸਟੈਂਜ਼ (Existenz)**

ਕਾਰਲ ਜੈਸਪਰਸ ਆਪਣੇ ਸਾਰੇ ਦੇ ਸਾਰੇ ਦਰਸ਼ਨ ਵਿੱਚ ਨਿਜੀ ਹੋਂਦ ਦੀ ਸਮਝ 'ਤੇ ਜ਼ੋਰ ਦਿੰਦਾ ਹੈ। ਇਸ ਲਈ ਉਹ ਇਗਜ਼ਿਸਟੈਂਜ਼ ਸ਼ਬਦ ਦੀ ਵਰਤੋਂ ਕਰਦਾ ਹੈ। ਇਸਨੂੰ ਮਨ, ਆਤਮਾ, ਹਉਂ ਜਾਂ ਅੰਤਰਮੁਖਤਾ ਵਜੋਂ ਵੀ ਸਮਝਿਆ ਜਾ ਸਕਦਾ ਹੈ। ਜੈਸਪਰਸ ਦੀ ਹੋਰ ਅਸਤਿਤਵੀ ਸ਼ਬਦਾਵਲੀ ਵਾਂਗ ਇਸ ਸ਼ਬਦ ਨੂੰ ਵੀ ਪਰਿਭਾਸ਼ਤ ਤਾਂ ਨਹੀਂ ਕੀਤਾ ਜਾ ਸਕਦਾ ਪਰ ਸਮਝਿਆ ਜਾ ਸਕਦਾ ਹੈ। ਵਿਗਿਆਨ ਕਿਸੇ ਵੀ ਸੂਰਤ ਵਿੱਚ ਬੰਦੇ ਨੂੰ ਅਣਗੌਲਿਆ ਨਹੀਂ ਕਰ ਸਕਦੀ। ਭਾਵੇਂ ਬਹੁਤ ਕੁਝ ਪਤਾ ਲੱਗ ਜਾਵੇ ਫਿਰ ਵੀ ਕੁਝ ਨਾ ਕੁਝ ਅਗਿਆਤ ਰਹਿ ਜਾਂਦਾ ਹੈ। ਬਸ ਇਹੋ ਬਾਕੀ ਬਚਿਆ ਅਗਿਆਤ 'ਇਗਜ਼ਿਸਟੈਂਜ਼' ਹੈ। ਜੈਸਪਰਸ ਇਗਜ਼ਿਸਟੈਂਜ਼ ਦੀ ਔਕੜ ਨਾਲ਼ ਨਜਿਠਦਾ ਹੈ। ਉਸਦਾ ਮੱਤ ਹੈ ਗੂੜ੍ਹੇ ਰਹੱਸ ਨੂੰ ਇਗਜ਼ਿਸਟੈਂਜ਼ ਹੀ ਸਮਝ ਸਕਦਾ ਹੈ। ਇਹ ਇਕ ਸੰਭਾਵੀ ਸ਼ਕਤੀ ਹੈ ਜੋ ਹਰ ਬੰਦੇ ਵਿੱਚ ਵਿਦਮਾਨ ਹੈ।

**ਘਿਰੇ ਹੋਣਾ (Encompassing)**

ਜੈਸਪਰਸ ਦੇ ਦਰਸ਼ਨ ਦਾ ਇਹ ਇੱਕ ਵਿਸ਼ੇਸ਼ ਸੰਕਲਪ ਹੈ। ਇਸ ਅਨੁਸਾਰ ਅਸੀਂ ਹਮੇਸ਼ਾ ਇੱਕ ਦਿਸਹੱਦੇ ਵਿੱਚ ਰਹਿੰਦੇ ਹਾਂ ਪ੍ਰੰਤੂ ਇਹ ਦਿਸਹੱਦਾ ਇਸ ਬੰਨੇ ਸੰਕੇਤ ਕਰਦਾ ਹੈ ਕਿ ਇਹ ਵੀ ਦਿੱਤੇ ਦਿਸਹੱਦੇ ਵਿੱਚ ਘਿਰਿਆ ਹੋਇਆ ਹੈ ਅਤੇ ਇਸੇ ਸਥਿਤੀ ਵਿੱਚੋਂ ਘਿਰੇ ਹੋਣ Encompassing ਦਾ ਪ੍ਰਸ਼ਨ ਖੜ੍ਹਾ ਹੁੰਦਾ ਹੈ। ਜੈਸਪਰਸ ਦਾ ਕਹਿਣਾ ਹੈ ਕਿ ਦਰਸ਼ਨ ਉਦੋਂ ਆਪਣੇ ਸਿਖ਼ਰ ਨੂੰ ਪੁੱਜਦਾ ਹੈ ਜਦੋਂ ਘਿਰੇ ਹੋਣ ਦਾ ਪ੍ਰਗਟਾਵਾ ਤਾਲਮੇਲ ਦੀ ਪ੍ਰਤੱਖਤਾ ਰਾਹੀਂ ਪਰਿਭਾਸ਼ਿਤ ਕੀਤਾ ਜਾਂਦਾ ਹੈ।

**ਪਾਰਗਮਤਾ (Transcendence)**

ਜੈਸਪਰਸ ਅਨੁਸਾਰ 'ਸਵੈ' ਪਾਰਗਮਤਾ ਦੀ ਨਦਰ ਨਾਲ਼ ਵਰੋਸਾਇਆ ਹੋਇਆ ਹੈ। ਧਰਮ ਅਨੁਸਾਰ ਤਾਂ ਇਸ ਪਾਰਗਮਤਾ ਨੂੰ ਰੱਬ ਕਿਹਾ ਜਾਂਦਾ ਹੈ। ਪਰ ਪਰੰਪਰਾਗਤ ਰੱਬ ਦੇ ਉਲਟ ਇੱਕ ਅਨਿਜੀ ਰੱਬ ਵੀ ਹੈ। ਇਹ ਚੁੱਪ-ਰੱਬ ਹੈ। ਸੰਪੂਰਨ ਦੂਸਰਾ ਰੱਬ ਇਹੋ ਰੱਬ ਚਿੰਤਕ ਦਾ ਰੱਬ ਹੈ। ਜੈਸਪਰਸ ਦੀ ਪਾਰਗਮਤਾ ਹੋਰਨਾਂ ਦੇ ਵਿਚਾਰਾਂ ਵੱਲ ਬੂਹਾ ਖੁਲ੍ਹਾ ਰੱਖਦੀ ਹੈ। ਸੰਸਾਰ ਅਤੇ ਬੰਦਾ ਦੋਵਾਂ ਦਾ ਮਹੱਤਵ ਹੈ ਪਰ ਪਾਰਗਮਤਾ ਦੀ ਗ਼ੈਰਹਾਜ਼ਰੀ ਵਿੱਚ ਦੋਵੇਂ ਨਿਰਰਥਕ ਹੋ ਜਾਂਦੇ ਹਨ। ਇਹ ਦੋਵੇਂ ਮਿਲਕੇ ਹੀ ਪਾਰਗਮਤਾ ਨੂੰ ਅਰਥ ਪ੍ਰਦਾਨ ਕਰਦੇ ਹਨ। ਕਈ ਵਾਰ ਬੰਦੇ ਦੀ ਹੋਂਦ ਅਤੇ ਯਥਾਰਥ ਦੇ ਸਾਹਵੇਂ ਇੱਕ ਵੱਡੀ ਸਮੱਸਿਆ ਖੜ੍ਹੀ ਹੋ ਜਾਂਦੀ ਹੈ ਅਤੇ 'ਸੀਮਤ ਸਥਿਤੀ' ਪੈਦਾ ਹੋ ਜਾਂਦੀ ਹੈ। ਇਹ 'ਸੀਮਤ ਸਥਿਤੀ'

ਮੌਤ/ਬਿਪਤਾ/ਕਸੂਰ/ਭੁੱਲ ਵਿੱਚੋਂ ਪੈਦਾ ਹੁੰਦੀ ਹੈ ਬੰਦੇ ਦਾ ਨਿਜ ਹੋਂਦ ਦੀ ਹੱਦ ਤੇ ਆ ਜਾਂਦਾ ਹੈ। ਇਸੇ ਸਮੇਂ ਪੈਦਾ ਹੋਣ ਵਾਲੀ ਸੰਭਾਵਨਾ ਪਾਰਗਮਤਾ ਦਾ ਅਹਿਸਾਸ ਕਰਵਾਉਂਦੀ ਹੈ।

## 4. ਮਾਰਟਿਨ ਹਾਈਡਿਗਰ

## (Martin Heidegger) 1889-1976

ਜਰਮਨ ਦਾਰਸ਼ਨਿਕ ਮਾਰਟਿਨ ਹਾਈਡਿਗਰ ਆਪਣੇ ਆਪਨੂੰ ਅਸਤਿਤਵਵਾਦੀ ਅਖਵਾਉਣਾ ਪਸੰਦ ਨਹੀਂ ਸੀ ਕਰਦਾ ਪਰ ਉਸਦੇ ਨਾਂਹ ਮੰਨਣ 'ਤੇ ਵੀ ਉਸਨੂੰ ਵੱਡਾ ਅਸਤਿਤਵਵਾਦੀ ਸਵੀਕਾਰ ਕੀਤਾ ਜਾਂਦਾ ਹੈ। ਕਹਿੰਦਾ ਤਾਂ ਉਹ ਇਹੀ ਰਿਹਾ ਕਿ ਉਹ ਤਾਂ Being 'ਤੇ ਧਿਆਨ ਦੇ ਰਿਹਾ ਹੈ- ਨਿਜੀ ਅਸਤਿਤਵ ਤੇ ਨਹੀਂ। ਉਸਨੂੰ ਅਸਤਿਤਵਵਾਦੀ ਮੰਨੇ ਜਾਣ ਦੇ ਕੁੱਝ ਕਾਰਨ ਹਨ। ਉਸ ਵੱਲੋਂ ਵਿਚਾਰੇ ਗਏ ਵਿਸ਼ੇ, ਕੀਤਾ ਹੋਇਆ ਕਾਰਜ, ਉਸਦਾ ਭਾਸ਼ਾਈ ਪ੍ਰਯੋਗ, ਉਸ ਉੱਪਰ ਕੀਰਕੇਗਾਰਦ ਦਾ ਪ੍ਰਭਾਵ ਅਤੇ ਜਾਂ ਪਾਲ ਸਾਰਤਰ ਉੱਪਰ ਉਸ ਦਾ ਪ੍ਰਭਾਵ ਆਦਿ ਅਜਿਹੇ ਪ੍ਰਮੁੱਖ ਨੁਕਤੇ ਹਨ ਜੋ ਉਸਨੂੰ ਅਸਤਿਤਵਵਾਦੀ ਦਾਰਸ਼ਨਿਕ ਸਿੱਧ ਕਰਦੇ ਹਨ। 'ਬੀਇੰਗ' ਦੀ ਸਮਝ ਲਈ ਜੁਗਤ ਉਸਨੇ ਐਡਮੰਡ ਹੁਸਰਲ ਤੋਂ ਪ੍ਰਾਪਤ ਕੀਤੀ ਅਤੇ Freiburg ਵਿਖੇ 1929 ਈ: ਵਿੱਚ ਉਹ ਹੀ ਹੁਸਰਲ ਦੀ ਦਾਰਸ਼ਨਿਕ ਚੇਅਰ 'ਤੇ ਸ਼ਸ਼ੋਭਤ ਹੋਇਆ। ਇਹ ਸੱਚ ਹੈ ਕਿ ਹੁਸਰਲ ਵੀ ਅਸਤਿਤਵਵਾਦੀ ਨਹੀਂ ਸੀ ਪਰ ਅਸਤਿਤਵਵਾਦੀਆਂ 'ਤੇ ਉਸਦਾ ਪ੍ਰਭਾਵ ਬਹੁਤ ਜ਼ਿਆਦਾ ਪਿਆ। ਇਸ ਵਿੱਚ ਕੋਈ ਅਤਿ ਕਥਨੀ ਨਹੀਂ ਕਿ ਅਸਤਿਤਵਵਾਦ ਹੁਸਰਲ ਤੋਂ ਬਿਨਾਂ ਵਿਕਾਸ ਕਰ ਹੀ ਨਹੀਂ ਸੀ ਸਕਦਾ। ਹਾਈਡਿਗਰ ਆਪਣੇ ਪ੍ਰਸ਼ਨ Being (ਹੋਂਦ) ਦੀ ਏਕਤਾ ਅਤੇ ਸਮੁੱਚਤਾ ਵਿੱਚੋਂ ਉਠਾਉਂਦਾ ਹੈ। ਹਾਈਡਿਗਰ ਦੇ ਅਸਤਿਤਵਵਾਦੀ ਚਿੰਤਨ ਦੀ ਸਮਝ ਲਈ ਉਸਦੇ ਮੁੱਖ ਸੰਕਲਪਾਂ ਨੂੰ ਸਮਝਣਾ ਪਰਮਾਵੱਸ਼ਕ ਹੈ।

## ਮਾਰਟਿਨ ਹਾਈਡਿਗਰ ਦੇ ਮੁੱਖ ਸੰਕਲਪ

**ਡਾਸੇਨ (Dasein)**

ਹਾਈਡਿਗਰ ਨੇ ਇਸ ਸ਼ਬਦ ਦਾ ਪ੍ਰਯੋਗ ਅਸਪਸ਼ਟ ਜੇਹੇ ਰੂਪ ਵਿੱਚ ਕੀਤਾ ਹੈ। ਉਸਦੇ ਦਰਸ਼ਨ ਦੀ ਇਸ ਟਰਮ ਦਾ ਅਨੁਵਾਦ ਨਹੀਂ ਹੋ ਸਕਦਾ। ਵਿਦਵਾਨ ਇਸਦੇ ਅਰਥ ਮਨੁੱਖ ਦੀ ਹੋਂਦ ਵਿਧੀ ਵਜੋਂ ਗ੍ਰਹਿਣ ਕਰਦੇ ਹਨ। ਸੌਖੇ ਸ਼ਬਦਾਂ ਵਿੱਚ ਇਉਂ ਸਮਝਣਾ ਬਣਦਾ ਹੈ ਕਿ ਮਨੁੱਖੀ ਵਾਸਤਵਿਕਤਾ ਨੂੰ ਪਰਿਭਾਸ਼ਤ (To define) ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਵਿਵਸਥਤ ਨਹੀਂ। ਇਹ ਤਾਂ ਪ੍ਰਸ਼ਨ-ਚਿੰਨ੍ਹ ( ?) ਦੇ ਅਧੀਨ ਹੈ। ਬੰਦਾ ਇਕ ਸੰਭਾਵਨਾ ਹੈ। ਉਸ ਪਾਸ ਕੁਝ

ਬਣ ਸਕਣ ਲਈ ਊਰਜਾ ਹੈ। ਸੰਭਾਵਨਾਵਾਂ, ਅਨੇਕ, ਉਸਦੇ ਸਨਮੁੱਖ ਹਨ। ਇਨ੍ਹਾਂ ਵਿੱਚੋਂ ਚੋਣ ਕਰਕੇ ਆਪਣੀ ਸੰਭਾਵਨਾ ਸਾਕਾਰ ਕਰਨੀ ਹੈ। ਚੋਣ ਵੀ ਕਈ ਵਾਰ ਬਦਲਦੀ ਰਹਿੰਦੀ ਹੈ। ਕੋਈ ਚੋਣ ਅੰਤਿਮ ਨਹੀਂ ਹੁੰਦੀ। ਇਸਦੀ ਪ੍ਰਕ੍ਰਿਤੀ ਵੀ ਅਨਿਸ਼ਚਤ ਹੈ। ਬੰਦਾ ਸੰਸਾਰ ਵਿੱਚ ਹੋਰਨਾਂ ਵਿੱਚ ਘਿਰਿਆ ਹੋਇਆ ਹੈ। ਇਹੋ ਉਸਦਾ ਸੰਸਾਰ ਵਿੱਚ ਹੋਣਾ (Being-in-The World) ਹੈ। ਇਹ ਹੋਂਦ ਅਕਾਰਨ ਨਹੀਂ। ਸੰਸਾਰ ਵਿੱਚ ਬੰਦੇ ਦੇ ਕੰਮ, ਪੂਰਵ-ਧਾਰਨਾਵਾਂ, ਉਸਦੇ ਸਰੋਕਾਰ, ਉਸਦੀਆਂ ਚਿੰਤਾਵਾਂ ਉਸਦੀ ਹੋਂਦ ਵਿਧੀ ਦਾ ਅੰਗ ਹੁੰਦੀਆਂ ਹਨ। ਉਂਜ ਡਾਸੇਨ ਦੇ ਸ਼ਾਬਦਿਕ ਅਰਥ Being There ਕੀਤੇ ਜਾਂਦੇ ਹਨ। ਇਸ ਦਾ ਭਾਵ ਇਹ ਵੀ ਹੈ ਕਿ ਬੰਦਾ ਸਬਜੈਕਟ ਅਤੇ ਆਬਜੈਕਟ ਸੰਬੰਧਾਂ ਤੋਂ ਪਾਰ ਹੁੰਦਾ ਹੈ। ਮਨੁੱਖੀ ਹੋਂਦ ਹਮੇਸ਼ਾ 'ਮੇਰੀ', ਵਿਅਕਤੀਗਤ, ਵਿਲੱਖਣ, ਨਿਜੀ ਹੁੰਦੀ ਹੈ। ਇਹ ਸ਼੍ਰੇਣੀ ਵੰਡ ਕਰਨ ਵਾਲੀ ਵਸਤੂ ਨਹੀਂ ਹੈ।

**ਬੰਦਾ ਬਨਾਮ ਸੰਸਾਰ (Man vs World)**

ਜੀਵ ਵਿਗਿਆਨ, ਮਨੋਵਿਗਿਆਨ ਅਤੇ ਸਿੱਖਿਆ ਸ਼ਾਸਤਰੀ ਸਾਰੇ ਹੀ ਬੰਦੇ ਦੇ ਵਾਤਾਵਰਨ ਨਾਲ਼ ਸੰਬੰਧਾਂ ਨੂੰ ਭਲੀ ਭਾਂਤ ਸਮਝਦੇ ਹਨ ਪਰ ਉਨ੍ਹਾਂ ਦੀ ਇਨ੍ਹਾਂ ਸੰਬੰਧਾਂ ਵਿੱਚ ਰੁਚੀ ਕੁਦਰਤੀ ਤੌਰ 'ਤੇ ਭੌਤਿਕ ਵਿਵਸਥਾ (Ontical) ਦੇ ਸੰਬੰਧਾਂ ਤੱਕ ਸੀਮਤ ਹੋ ਕੇ ਰਹਿ ਜਾਂਦੀ ਹੈ। ਮਾਰਟਿਨ ਹਾਈਡਿਗਰ ਇਸ ਸਮੱਸਿਆ ਵਿੱਚ ਪਰਾਭੌਤਿਕ ਅਤੇ ਦਾਰਸ਼ਨਿਕ (Ontologically) ਦ੍ਰਿਸ਼ਟੀ ਅਨੁਸਾਰ ਰੁਚੀ ਰੱਖਦਾ ਹੈ। Ontology ਇਕ ਅਜਿਹੀ ਦ੍ਰਿਸ਼ਟੀ ਹੈ ਜੋ ਅਸਤਿਤਵ (ਹੋਂਦ) ਦਾ ਅਧਿਐਨ ਕਰਦੀ ਹੈ। ਬੰਦੇ ਦੀ ਸੰਸਾਰ ਵਿੱਚ ਹੋਂਦ ਲਈ 'Being-in-The World' ਸ਼ਬਦਾਂ ਦਾ ਪ੍ਰਯੋਗ ਕਰਦਾ ਹੈ। ਹਾਈਡਿਗਰ ਦੀ ਬੰਦੇ ਵਿੱਚ ਰੁਚੀ ਉਸਦੀ 'ਸੰਸਾਰ ਵਿੱਚ ਹੋਂਦ' ਪਰਾਭੌਤਿਕ ਅਰਥਾਤ ਅਸਤਿਤਵ (Ontological) ਕਾਰਨ ਹੈ। ਸੰਸਾਰ ਵਿੱਚ ਹੋਂਦ ਦਾ ਭਾਵ ਇਹ ਨਹੀਂ ਕਿ ਬੰਦਾ ਚਟਾਨ ਵਾਂਗ ਧਰਤੀ ਉੱਤੇ ਟਿਕਿਆ ਹੋਇਆ ਹੈ ਸਗੋਂ ਇਸਦਾ ਭਾਵ ਉਸਦੇ ਅਸਤਿਤਵ ਤੋਂ ਹੈ। ਨੋਟ ਕਰਨ ਯੋਗ ਨੁਕਤਾ ਇਹ ਹੈ ਕਿ ਬੰਦਾ ਸੰਸਾਰ ਵਿੱਚ ਤਾਂ ਹੈ ਪਰ ਉਹ ਸੰਸਾਰ ਦਾ ਨਹੀਂ ਹੈ। ਬੰਦਾ ਆਪਣੀ ਸੰਸਾਰਿਕ ਹੋਂਦ ਗੁਆ ਵੀ ਸਕਦਾ ਹੈ, ਇਸ 'ਤੇ ਕਾਬੂ ਵੀ ਪਾ ਸਕਦਾ ਹੈ। ਸੰਸਾਰ ਵਿੱਚ ਉਸਦੀ ਸੁਤੰਤਰਤਾ ਉਸਦਾ ਪ੍ਰਮਾਣਿਕ ਅਸਤਿਤਵ (Authentic Existence) ਹੈ ਜਦੋਂ ਕਿ ਗ਼ੁਲਾਮੀ ਉਸਦੀ ਅਪ੍ਰਮਾਣਿਕ ਹੋਂਦ (inauthentic Existence) ਹੁੰਦੀ ਹੈ। ਉਹ ਆਪੇ ਨੂੰ ਪ੍ਰਾਪਤ ਵੀ ਕਰ ਸਕਦਾ ਹੈ, ਗੁਆ ਵੀ ਸਕਦਾ ਹੈ। ਇਹ ਤਾਂ ਠੀਕ ਹੈ ਕਿ ਬੰਦਾ ਦੇਹਧਾਰੀ (Somatic) ਹੁੰਦਾ ਹੈ ਪਰ ਉਹ ਹੱਡੀਆਂ, ਪੱਠਿਆਂ ਅਤੇ ਤੰਤੂਆਂ ਬਾਰੇ ਨਹੀਂ ਸੋਚਦਾ, ਉਹ ਤਾਂ ਸੰਸਾਰ ਵਿੱਚ ਆਪਣੀ ਹੋਂਦ ਬਾਰੇ ਸੋਚਦਾ ਹੈ। ਦੂਜੇ ਇਹ

ਕਿ ਬੰਦੇ ਦਾ ਆਪਣੇ 'ਸਵੈ' ਨਾਲ਼ ਸੰਬੰਧ ਹੁੰਦਾ ਹੈ। ਉਹ ਆਪਣੇ ਸਵੈ ਦਾ ਗ਼ੁਲਾਮ ਵੀ ਹੋ ਸਕਦਾ ਹੈ। ਇਸ ਦਾ ਮਾਲਕ ਵੀ। ਤੀਜੇ ਇਹ ਕਿ ਬੰਦੇ ਦੀਆਂ ਦੋ ਸੰਭਾਵਨਾਵਾਂ ਹੁੰਦੀਆਂ ਹਨ। ਉਹ ਆਪੇ ਨਾਲ਼ ਇਕਸੁਰ ਵੀ ਹੋ ਸਕਦਾ ਹੈ, ਆਪੇ ਤੋਂ ਬੇਮੁੱਖ ਵੀ ਹੋ ਸਕਦਾ ਹੈ। ਮਾੜੇ ਕੰਮਾਂ ਵਿੱਚ ਪੈਣ ਨਾਲ਼ ਉਹ ਮ੍ਰਿਤਕ ਸਰੀਰ ਸਮਾਨ ਹੋ ਜਾਂਦਾ ਹੈ।

**ਸੰਸਾਰ ਬਨਾਮ ਸਰੋਕਾਰ (World vs Concern)**

ਸੰਸਾਰ ਨਾਲ਼ ਅਸਤਿਤਵੀ ਸਰੋਕਾਰਾਂ ਬਾਰੇ ਚਿੰਤਨ ਕਰਦਿਆਂ ਹਾਈਡਿਗਰ ਹੋਂਦਾਂ ਦੇ ਪ੍ਰਯੋਗਾਤਮਕ ਲੱਛਣਾਂ ਦੀ ਗੱਲ ਕਰਦਾ ਹੈ। ਸੰਸਾਰ ਵਿੱਚ ਜੋ ਕੁੱਝ ਮੇਰੀ ਵਰਤੋਂ ਲਈ ਹੈ ਉਹ ਮੇਰੇ ਲਈ ਇਕ ਸੰਦ ਹੈ। ਇਹ ਗੱਲ ਮੇਰੀ ਲਿਖਣ ਸਮੱਗਰੀ, ਬਾਗਾਂ, ਵਾਹਨਾਂ ਆਦਿ ਸਭ ਨਾਲ਼ ਸੰਬੰਧਤ ਹੈ। ਹਾਈਡਿਗਰ ਸੰਸਾਰ ਨੂੰ ਸੰਦਾਂ ਦੀ ਵਿਵਸਥਾ (World as an instrumental System) ਵਜੋਂ ਸਮਝਦਾ ਹੈ। ਜਦੋਂ ਕਿਸੇ ਵਰਤੀ ਜਾਣ ਵਾਲੀ ਵਸਤੂ 'ਚ ਵਿਘਨ ਪੈਂਦਾ ਹੈ ਤਾਂ ਉਸ ਵਸਤੂ ਦੀ ਵਿਵਸਥਾ ਵਿੱਚ ਸਥਾਨ ਦੀ ਯਾਦ ਆਉਂਦੀ ਹੈ ਜਿਵੇਂ ਪੈੱਨ ਦੀ ਸ਼ਿਆਹੀ ਮੁੱਕਣ 'ਤੇ, ਟੈਲੀਫੋਨ ਦੇ ਡੈੱਡ ਹੋਣ 'ਤੇ ਜਾਂ ਬਿਜਲੀ ਦੇ ਭੱਜਣ 'ਤੇ। ਇਸ ਪ੍ਰਕਾਰ ਹਾਈਡਿਗਰ ਸੰਸਾਰ ਨੂੰ ਸੰਦਾਂ ਦੇ ਸਿਸਟਮ ਵਜੋਂ ਚਿਤਵਦਾ ਹੈ। ਇਵੇਂ ਇੱਕ ਸਥਾਨ ਕੇਵਲ ਲੋਕੇਸ਼ਨ ਨਹੀਂ ਹੁੰਦੀ। ਇਸਦਾ ਵੀ ਅਸਤਿਤਵੀ ਸਰੋਕਾਰ ਹੈ। ਬੰਦੇ ਦਾ ਦੂਰੀ ਨਾਲ਼ ਵੀ ਸਰੋਕਾਰ ਹੈ। ਟੈਲੀਫੋਨ ਕਰ ਰਿਹਾ ਬੰਦਾ ਕਿੰਨੀ ਵੀ ਦੂਰੀ (Distance) 'ਤੇ ਹੋ ਸਕਦਾ ਹੈ। ਬੰਦੇ ਦੇ ਸਰੋਕਾਰ ਨਾਲ਼ ਦੂਰੀ ਅਤੇ ਸਥਾਨ ਨੇੜੇ ਹੋ ਜਾਂਦੇ ਹਨ। ਇਸੇ ਪ੍ਰਕਾਰ ਬੰਦੇ ਦਾ ਸਮੇਂ ਨਾਲ਼ ਵੀ ਸਰੋਕਾਰ ਹੈ। ਜਾਗਣ, ਸੌਣ, ਸੈਰ ਕਰਨ ਆਦਿ ਲਈ ਸਮਾਂ ਨਿਰਧਾਰਿਤ ਹੈ। ਹਰ 'ਹੁਣ' ਦਾ ਸਾਡੇ ਜੀਵਨ ਨਾਲ਼ ਸਰੋਕਾਰ ਹੈ।

**ਸਮਝ (Understanding)**

ਵਿਗਿਆਨ ਦੀ ਦ੍ਰਿਸ਼ਟੀ ਅਨੁਸਾਰ ਸਮਝ ਇੱਕ ਬੌਧਿਕ ਕਾਰਜ ਹੈ। ਇਸ ਅਤੀ-ਅਧਿਕ ਬੌਧਕੀਕਰਨ ਦਾ ਅਸਤਿਤਵਵਾਦੀ ਵਿਰੋਧ ਕਰਦੇ ਹਨ। ਹਾਈਡਿਗਰ ਅਨੁਸਾਰ ਸਮਝ ਬੰਦੇ (Being-in-The-World) ਦੀ ਸਾਰੀ ਸਰੀਰਕ ਰਚਨਾ ਨੂੰ ਛੂੰਹਦੀ ਹੈ। ਇਸਦਾ ਭਾਵ ਹੈ ਕਿ ਇਹ ਸ਼ੁੱਧ ਸਿੱਧਾਂਤਕ ਨ਼ਹੀਂ ਹੁੰਦੀ, ਸਗੋਂ ਇਹ ਤਾਂ ਬੰਦੇ ਦੇ ਜੀਵਨ ਨਾਲ਼ ਰੋਜ਼ਾਨਾ ਸਰੋਕਾਰ (Concern) ਰੱਖਦੀ ਹੈ। ਸਾਨੂੰ ਪਤਾ ਹੈ ਕਿ ਸਮਝ ਕੇਵਲ ਸਿੱਧਾਂਤਕ ਸਮਝ ਹੀ ਨਹੀਂ ਹੁੰਦੀ। ਫ਼ਰਜ਼ ਕਰੋ ਕਿਸੇ ਬੰਦੇ ਨੂੰ ਇੰਜਨ ਦੇ ਅੰਤਰੀਵੀ ਬਾਲਣ ਪ੍ਰਕਿਰਿਆ ਦੀ ਸਮਝ ਹੈ ਅਤੇ ਬਲ ਦੇ ਸੰਚਾਲਨ ਦਾ ਵੀ ਸਿੱਧਾਂਤਕ ਗਿਆਨ ਹੈ, ਪਰ ਕੇਵਲ ਇਸ ਸਿੱਧਾਂਤਕ ਸਮਝ ਨਾਲ਼ ਹੀ ਉਹ ਕਾਰ ਨਹੀਂ ਚਲਾ ਸਕਦਾ। ਇਸ ਕਾਰਜ ਲਈ ਅਭਿਆਸ ਦੀ

ਲੋੜ ਹੈ। ਇਨ੍ਹਾਂ ਵਿੱਚ ਸਿਧਾਂਤਕ ਅਤੇ ਅਭਿਆਸ ਦੋਵਾਂ ਦਾ ਮਹੱਤਵ ਬਰਾਬਰ ਹੈ। ਭਾਵੇਂ ਮੈਨੂੰ ਕ੍ਰਿਕਟ ਦੀ ਖੇਡ ਦੇ ਨਿਯਮਾਂ ਦਾ ਪਤਾ ਹੈ ਪਰ ਮੈਂ ਧੋਨੀ ਜਾਂ ਸਚਿਨ ਤੇਂਦੂਲਕਰ ਵਾਂਗ ਨਹੀਂ ਖੇਡ ਸਕਦਾ। ਇਸ ਦੇ ਲਈ ਪ੍ਰਯੋਗੀ ਸਮਝ ਦੀ ਅਵੱਸ਼ਕਤਾ ਹੈ। ਨਿੱਕਾ ਬੱਚਾ ਹਰ ਚੀਜ਼ ਲਈ ਪ੍ਰਸ਼ਨ ਕਰਦਾ ਹੈ 'ਇਹ ਕਾਹਦੇ ਲਈ ਹੈ?' ਇਸ ਪ੍ਰਸ਼ਨ ਦਾ ਸਰੋਕਾਰ ਪ੍ਰਯੋਗੀ ਹੈ। ਨਿੱਕੇ ਬੱਚੇ ਨੂੰ ਸ਼ੀਸ਼ੀ ਵਿੱਚ ਦੁੱਧ ਵੇਖਕੇ ਨਿੱਪਲ ਮੂੰਹ ਵਿੱਚ ਪਾਉਣ ਦੀ ਸਮਝ ਹੁੰਦੀ ਹੈ ਭਾਵੇਂ ਉਸਨੂੰ ਇਹ ਨਹੀਂ ਪਤਾ ਕਿ ਨਿੱਪਲ ਜਾਂ ਸ਼ੀਸ਼ੀ ਕਿਸ ਸਮੱਗਰੀ ਦੀ ਬਣੀ ਹੋਈ ਹੈ। ਵਿਗਿਆਨਕ ਸਮਝ ਕਿਸੇ ਵੀ ਪ੍ਰਕਿਰਿਆ ਨੂੰ ਵਸਤੂਪਰਕ ਢੰਗ ਨਾਲ਼ ਸਮਝਦੀ ਹੈ। ਹਾਈਡਿਗਰ ਸਿੱਧਾਂਤ ਅਤੇ ਅਭਿਆਸ ਨੂੰ ਬਹੁਤਾ ਨਹੀਂ ਨਿਖੇੜਦਾ। ਉਸ ਅਨੁਸਾਰ ਸਿੱਧਾਂਤ ਅਭਿਆਸ ਤੋਂ ਬਹੁਤਾ ਨਿਵੇਕਲਾ ਨਹੀਂ ਹੁੰਦਾ।

**ਚਿੰਤਾ ਅਤੇ ਭੈਅ (Anxiety and Fear)**

ਬੰਦਾ ਆਪਣੀ ਹੋਂਦ ਦਾ ਪ੍ਰਗਟਾਵਾ ਕੇਵਲ ਸਮਝ ਰਾਹੀਂ ਹੀ ਨਹੀਂ ਕਰਦਾ ਕਿਸੇ ਗੱਲ ਦੇ ਅਸਰ ਅਧੀਨ ਵੀ ਕਰਦਾ ਹੈ। ਸਾਰੀ ਸਮਝ ਪਿੱਛੇ ਕੋਈ ਨਾ ਕੋਈ ਭਾਵੁਕ ਮਨੋਦਸ਼ਾ ਹੁੰਦੀ ਹੈ। ਭਾਵੁਕਤਾ ਦੀ ਹਰ ਮਨੋਦਸ਼ਾ (ਮੂਡ) ਦੀ ਆਪੋ ਆਪਣੀ ਸਮਝ ਹੁੰਦੀ ਹੈ। ਭੌਤਿਕ ਤੌਰ 'ਤੇ (Ontically) ਅਸੀਂ ਸਾਰੀਆਂ ਮਨੋਦਸ਼ਾਵਾਂ ਤੋਂ ਵਾਕਫ਼ ਹਾਂ ਪਰ ਇਨ੍ਹਾਂ ਦਾ ਅਸਤਿਤਵਵਾਦੀ (Ontologically) ਵਿਸ਼ਲੇਸ਼ਣ ਕਰਨਾ ਬਣਦਾ ਹੈ। ਹਾਈਡਿਗਰ ਦਾ ਮੱਤ ਹੈ ਕਿ ਡਰ (Fear) ਇੱਕ ਅਪ੍ਰਮਾਣਿਕ ਮੂਡ ਹੈ। ਡਰ ਦਾ ਕਾਰਨ ਕੋਈ ਸੰਸਾਰਿਕ ਘਟਨਾ ਹੁੰਦੀ ਹੈ। ਪ੍ਰਮਾਣਿਕ ਅਸਤਿਤਵ ਨੂੰ ਕਦੇ ਕੋਈ ਡਰ ਨਹੀਂ ਹੁੰਦਾ। ਕਈ ਵਾਰ ਅਪ੍ਰਮਾਣਿਕ ਹੋਂਦ ਵਾਲਾ ਬੰਦਾ ਆਪਣੀ ਚਿੰਤਾ ਨੂੰ ਪ੍ਰਗਟ ਕਰਨੋਂ ਬਚਦਾ ਹੈ। ਚਿੰਤਾ ਵਿੱਚ ਬੰਦੇ ਨੂੰ ਆਪਣੀ ਸੰਭਾਵਨਾ ਅਤੇ ਜ਼ਿੰਮੇਵਾਰੀ ਦੇ ਸਨਮੁੱਖ ਹੋਣਾ ਪੈਂਦਾ ਹੈ। ਹਾਈਡਿਗਰ ਦੇ ਵਿਸ਼ਲੇਸ਼ਣ ਅਨੁਸਾਰ ਚਿੰਤਾ ਵਿੱਚ ਕੁੱਝ ਸ਼ਿਫਟ ਹੁੰਦੀ ਹੈ। ਇਹ ਸ਼ਿਫਟ ਸੰਭਾਵਨਾ ਤੋਂ ਮਨੁੱਖੀ ਅਸਤਿਤਵ ਦੀ ਤਥਾਤਮਕਤਾ ਵਿੱਚ ਬਦਲਦੀ ਹੈ। ਇਹੋ, ਵਿਦਵਾਨ ਲਈ, ਚਿੰਤਾ ਦਾ ਮੁਢਲਾ ਪ੍ਰਗਟਾਵਾ ਹੈ। ਚਿੰਤਾ ਵਾਲ਼ੇ ਬੰਦੇ ਦੇ ਮੂਡ ਵਿੱਚੋਂ ਉਸਦੀ ਜ਼ਿੰਮੇਵਾਰੀ ਪ੍ਰਗਟ ਹੁੰਦੀ ਹੈ। ਜਿਸਨੂੰ ਉਹ ਵਸ ਕਰਨ ਦੇ ਅਸਮਰਥ ਰਹਿੰਦਾ ਹੈ। ਡਰ ਦਾ ਉਦੇਸ਼ ਇੱਕ ਵਿਸ਼ੇਸ਼ ਦਿਸ਼ਾ ਅਤੇ ਸਥਿਤੀ ਵੱਲ ਹੁੰਦਾ ਹੈ ਜਿਸ ਵਿੱਚ ਡਰਿਆ (Dread) ਜਾਂਦਾ ਹੈ। ਚਿੰਤਾ ਤਾਂ ਇੰਜ ਪ੍ਰਗਟ ਕਰਦੀ ਹੈ ਕਿ ਬੰਦਾ ਸੰਸਾਰ ਵਿੱਚ ਪ੍ਰਸੰਨ ਨਹੀਂ। ਡਰ (Dread) 'ਮੇਰੇ' ਅੱਗੇ ਪ੍ਰਗਟਾਵਾ ਕਰਦਾ ਕਿ 'ਮੈਂ' ਸੰਸਾਰ ਵਿੱਚ ਮਰਨ ਲਈ ਘੱਲਿਆ ਗਿਆ ਹਾਂ।

**ਤਥਾਤਮਕਤਾ (Facticity)**

ਤਥਾਤਮਕ੍ਤਾ ਨਿਰੀ ਹੋਂਦ ਦੀ ਨਿਜਤਾ ਵਿੱਚੋਂ ਪੈਦਾ ਨਹੀਂ ਹੁੰਦੀ।

ਹਾਈਡਿਗਰ ਨੇ ਇਸ ਲਈ ਬੜਾ ਖਰ੍ਹਵਾ ਸ਼ਬਦ 'ਸੁੱਟਿਆ ਗਿਆ' ਵਰਤਿਆ ਹੈ। ਬੰਦਾ ਆਪਣੇ ਆਪ ਨੂੰ ਸੰਸਾਰ ਵਿੱਚ ਸੁੱਟਿਆ ਗਿਆ ਮਹਿਸੂਸ ਕਰਦਾ ਹੈ। 'ਮੇਰੀਆਂ' ਸੰਭਾਵਨਾਵਾਂ ਕੀ ਹਨ, ਇਹ ਗੱਲ ਮੇਰੀ ਫੈਕਟੀਸਿਟੀ ਵਿੱਚ ਨਿਹਿਤ ਹੈ, ਇਹ ਫੈਕਟੀਸਿਟੀ ਲਈ ਮੈਂ ਆਪ ਜ਼ਿੰਮੇਵਾਰ ਨਹੀਂ ਹਾਂ, ਨਾ ਹੀ ਮੈਂ ਇਹ ਚੁਣੀ ਹੈ। 'ਮੈਂ' ਕੁੱਝ ਵੀ ਮੁੱਢੋਂ ਆਰੰਭ ਨਹੀਂ ਕਰਦਾ, ਸਗੋਂ ਫੈਕਟੀਸਿਟੀ ਦੁਆਰਾ ਸੰਭਾਵਨਾਵਾਂ ਵਿੱਚੋਂ ਪ੍ਰਾਪਤ ਕਰਦਾ ਹਾਂ। ਸ਼ੁੱਧ ਸਿਧਾਂਤ ਭਾਵੇਂ ਵਿਚਾਰਾਧੀਨ, ਹੋਂਦ ਦੇ ਅੰਦਰ ਚਲਿਆ ਜਾਵੇ, ਖ਼ਤਰੇ ਨੂੰ ਨਹੀਂ ਲੱਭ ਸਕਦਾ। ਪਰ 'ਮੈਂ' ਹੋਂਦ ਵਜੋਂ, ਜਾਣ ਸਕਦਾ ਹਾਂ ਕਿ ਵਾਤਾਵਰਨ ਮੇਰੀ ਬਣਤਰ ਲਈ ਖ਼ਤਰਾ ਹੈ। ਤਥਾਤਮਕਤਾ ਵਿੱਚੋਂ, ਅਨੇਕ ਸੰਭਾਵਨਾਵਾਂ ਵਿੱਚੋਂ, ਕਿਸੇ ਇੱਕ ਸੰਭਾਵਨਾ ਦੀ ਚੋਣ ਕੀਤੀ ਜਾਂਦੀ ਹੈ।

**ਵਿਅਕਤਿਤਵ-ਰਹਿਤਤਾ (Depersonalization)**

'ਦੂਜਿਆਂ ਨਾਲ਼ ਹੋਣਾ' (Being with others) ਦੇ ਸੰਕਲਪ ਵਿੱਚ ਦੋ ਸੰਭਾਵਨਾਵਾਂ ਮੌਜੂਦ ਹੁੰਦੀਆਂ ਹਨ- ਪ੍ਰਮਾਣਿਕ ਅਤੇ ਅਪ੍ਰਮਾਣਿਕ। ਅਪ੍ਰਮਾਣਿਕਤਾ ਵਿੱਚ ਲੋਕ ਮੈਥੋਂ ਮੇਰਾ ਅਸਤਿਤਵ ਖੋਹ ਲੈਂਦੇ ਹਨ ਕਿਉਂਕਿ ਉਹ ਮੈਨੂੰ ਦਬਾ ਲੈਂਦੇ (Dominate) ਹਨ। ਇੰਜ ਮੇਰਾ Being ਮੇਰਾ ਨਹੀਂ ਰਹਿੰਦਾ। ਮੈਂ ਉਸ ਸਭ ਕੁੱਝ ਵਿੱਚ ਆਨੰਦ ਲੈਂਦਾ ਹੈ, ਜਿਸ ਸਭ ਕੁਝ ਵਿੱਚ ਹੋਰ ਲੈਂਦੇ ਹਨ। ਉਸੇ ਗੱਲ ਵਿੱਚ ਦੁਖੀ ਹੁੰਦਾ ਹੈ, ਜਿਸ ਵਿੱਚ ਲੋਕ ਦੁਖੀ ਹੁੰਦੇ ਹਨ। ਮੈਂ ਹਰ ਕੰਮ ਲੋਕਾਂ ਵਾਂਗ ਕਰਦਾ ਹੈ, ਹੋਰ ਬੰਦੇ ਮੇਰੀ ਹੋਂਦ 'ਤੇ ਚੌਧਰ ਕਰਦੇ ਹਨ। ਜੇ ਮੇਰਾ ਸਵੈ ਮੇਰੇ ਅਧੀਨ ਹੈ ਤਾਂ ਮੈਂ ਪ੍ਰਮਾਣਿਕ ਹਾਂ। ਮੇਰੇ ਫ਼ੈਸਲੇ ਸੁਤੰਤਰ ਮੇਰੇ ਹਨ। ਅਪ੍ਰਮਾਣਿਕਤਾ ਵਿੱਚ ਪਬਲਿਕ ਵਿਅਕਤੀ ਨੂੰ ਜਵਾਬ ਦੇਹੀ ਤੋਂ ਸੁਤੰਤਰ ਕਰ ਦਿੰਦੀ ਹੈ ਕਿਉਂਕਿ ਪਬਲਿਕ ਜੋ ਕਰਦੀ ਹੈ, ਉਹੀ ਕੁਝ ਵਿਸ਼ੇਸ਼ ਬੰਦਾ ਕਰਦਾ ਹੈ। ਇਉਂ ਪਬਲਿਕ ਨਿੱਜ ਨੂੰ ਵਿਅਕਤਿਤਵਹੀਣ ਕਰ ਦਿੰਦੀ ਹੈ ਪਰ ਇਸਦਾ ਭਾਵ ਇਹ ਨਹੀਂ ਕਿ ਵਿਅਕਤੀ ਪਬਲਿਕ ਨਾਲ਼ੋਂ ਟੁੱਟਿਆ ਹੋਇਆ ਹੁੰਦਾ ਹੈ, ਪਬਲਿਕ ਨੂੰ ਬੰਦੇ ਦੀ ਫੈਕਟੀਸਿਟੀ ਵਜੋਂ ਵੀ ਸਮਝਿਆ ਜਾ ਸਕਦਾ ਹੈ ਕਿਉਂਕਿ ਵਿਅਕਤੀ ਨੂੰ ਪਬਲਿਕ ਵਿੱਚ ਵੀ ਤਾਂ ਸੁੱਟਿਆ ਗਿਆ ਹੈ। ਵਿਵਹਾਰਿਕ ਤੌਰ 'ਤੇ ਹਰ ਬੰਦੇ ਨੂੰ ਸਮਾਜ ਵਿੱਚ ਰਹਿੰਦਿਆਂ ਵਿਅਕਤਿਤਵਹੀਣ ਹੋਣਾ ਪੈਂਦਾ ਹੈ। ਰਾਜਨੀਤਕ ਪਾਰਟੀਆਂ ਵੱਲੋਂ ਪਾਰਟੀ ਅਨੁਸ਼ਾਸਨ ਕਾਇਮ ਰੱਖਣ ਲਈ ਜਾਰੀ ਕੀਤੇ 'ਵ੍ਹਿੱਪ' ਦਰਅਸਲ, ਸੁਤੰਤਰ ਸੋਚ ਵਾਲੇ ਸਾਂਸਦਾਂ ਨੂੰ ਵਿਅਕਤਿਤਵਹੀਣ ਹੀ ਕਰ ਦਿੰਦੇ ਹਨ। ਅਜੋਕੇ ਸਮਾਜ ਵਿੱਚ ਸਮੂਹ ਵਿਅਕਤੀ ਦੀਆਂ ਕਿਰਿਆਵਾਂ ਨੂੰ ਨਿਯੰਤਰਤ ਕਰਦੇ ਹਨ। ਬੰਦਾ ਸਮਾਜਕ ਮਸ਼ੀਨ ਦਾ ਪੁਰਜਾ ਬਣਕੇ ਰਹਿ ਜਾਂਦਾ ਹੈ। ਅਖ਼ਬਾਰ, ਰੇਡੀਓ, ਟੈਲੀਵਿਜਨ ਬੰਦੇ ਦੀ ਨਿਜੀ ਰਾਏ ਨੂੰ ਬਦਲਣ ਦੀ ਸਮਰੱਥਾ ਰੱਖਦੇ ਹਨ। ਨਿਰੰਕੁਸ਼ ਰਾਜਾਂ ਵਿੱਚ ਬੰਦੇ ਦੀ ਵਿਅਕਤਿਤਵਹੀਣਤਾ ਇੱਕ ਵਰਤਾਰਾ ਹੈ। ਸਰਵਸੱਤਾਵਾਦੀ

ਰਾਜਾਂ (Totalitarianism) ਵਿੱਚ ਵਿਅਕਤੀ ਨੂੰ ਵਿਅਕਤਿਤਵਹੀਣ ਕਰਨ ਦਾ ਬੋਲ-ਬਾਲਾ ਹੁੰਦਾ ਹੈ। ਲੋਕਰਾਜ ਆਪਣੇ ਪ੍ਰਸ਼ੰਸਾਯੋਗ ਗੁਣਾਂ ਸਮੇਤ ਵੀ ਵਿਅਕਤਿਤਹੀਣਤਾ ਦਾ ਅੰਸ਼ ਪੈਦਾ ਕਰ ਬਹਿੰਦਾ ਹੈ। ਬੇਸ਼ੱਕ ਵੀਹਵੀਂ ਅਤੇ ਇੱਕੀਵੀਂ ਸਦੀਆਂ ਨੂੰ ਆਮ ਬੰਦੇ ਦੀਆਂ ਸਦੀਆਂ ਕਿਹਾ ਜਾਂਦਾ ਹੈ ਪਰ ਸਵਾਲ ਪੈਦਾ ਹੁੰਦਾ ਹੈ ਕਿ ਇਨ੍ਹਾਂ ਵਿੱਚ ਆਮ ਬੰਦੇ ਦੇ ਹੱਕਾਂ ਅਤੇ ਉਸਦੇ ਅਸਤਿਤਵ ਦੀ ਬੁਲੰਦੀ ਕੀਤੀ ਜਾਂਦੀ ਹੈ ਜਾਂ ਸਾਰੇ ਬੰਦਿਆਂ ਨੂੰ ਇੱਕ ਪੱਧਰ 'ਤੇ ਲਿਆ ਕੇ ਸਮੂਹਕ ਅਸਤਿਤਵ ਦੀ ਔਸਤ ਇਕਸਾਰਤਾ ਪੈਦਾ ਕੀਤੀ ਜਾਂਦੀ ਹੈ। ਪਰ ਚੇਤੇ ਰੱਖਣਾ ਬਣਦਾ ਹੈ ਜ਼ਿਆਦਾ ਵਿਅਕਤੀਵਾਦ ਵੀ ਅਵਿਅਕਤਕ ਸਮੂਹਕਤਾ ਨਾਲ਼ੋਂ ਕਿਤੇ ਵੱਧ ਗ਼ੈਰ ਜ਼ਿੰਮੇਵਾਰ ਹੋ ਨਿਬੜਦਾ ਹੈ। ਅਸਤਿਤਵਵਾਦ ਹੋਰਨਾਂ ਨਾਲ਼ ਮਿਲਕੇ ਚੱਲਣ ਵਿੱਚ ਹੀ ਹੈ। ਕਈ ਵਾਰ ਬੰਦੇ ਖ਼ੁਦ ਵੀ ਭੀੜ ਦਾ ਅੰਗ ਇਸ ਲਈ ਬਣਦੇ ਹਨ ਤਾਂ ਕਿ ਉਹ ਕਿਸੇ ਨਿਜੀ ਜ਼ਿੰਮੇਵਾਰੀ ਤੋਂ ਮੁਕਤ ਰਹਿਣ।

**ਗਿਰਾਵਟ (Fallenness)**

ਮਨੁੱਖੀ ਹੋਂਦ ਦੀ ਤਥਾਤਮਕਤਾ (Facticity) ਉਸਦੀ ਸੰਭਾਵਨਾ ਨੂੰ ਸ਼ਰਤਬਧ ਕਰਦੀ ਹੈ। ਇਕ ਬੰਨੇ ਤਾਂ ਬੰਦਾ ਸੰਸਾਰਕ ਸਰੋਕਾਰ ਵਿੱਚ ਰੁੱਝਕੇ ਆਪਣੀ ਪਛਾਣ ਪੈਦਾ ਕਰਦਾ ਹੈ ਅਤੇ ਦੂਜੇ ਬੰਨੇ ਭੀੜ ਵਿੱਚ ਰਲ਼ਕੇ ਆਪਣੀ ਜ਼ਿੰਮੇਵਾਰੀ ਤੋਂ ਭੱਜਣਾ ਲੋਚਦਾ ਹੈ। ਆਪਣੀ ਰੋਜ਼ਾਨਾ ਗੱਲਬਾਤ ਵਿੱਚ ਉਹ ਅਸਤਿਤਵ ਦੀ ਵੰਗਾਰ ਤੋਂ ਆਪਾ ਛੁਪਾਉਂਦਾ ਹੈ। ਕਈ ਵਾਰ ਉਹ ਅਸਲੀਅਤ ਨੂੰ ਕਲਪਨਾ ਵਿੱਚ ਬਦਲਦਾ ਹੈ। ਅਜਿਹੀਆਂ ਸਥਿਤੀਆਂ ਗਿਰਾਵਟ ਦੇ ਸੰਕਲਪ ਅਧੀਨ ਵਿਚਾਰਨਯੋਗ ਹਨ। ਉਹ ਆਪਣੀਆਂ ਸੰਭਾਵਨਾਵਾਂ ਆਪਣੀਆਂ ਵਸਤੂਆਂ ਨਾਲ਼ ਜੋੜ ਬਹਿੰਦਾ ਹੈ। ਇਵੇਂ ਸਮੂਹ ਦਾ ਅੰਗ ਬਣ਼ਕੇ ਕਈ ਵਾਰ ਉਹ ਆਪਣੀ ਸੋਚ ਦੀ ਵਰਤੋਂ ਕਰਨੀ ਛੱਡ ਦਿੰਦਾ ਹੈ ਅਤੇ ਭੇਡ ਚਾਲ ਵਾਂਗ ਭੀੜ ਦੇ ਮਗਰ ਟੁਰ ਪੈਂਦਾ ਹੈ। ਕਿਸੇ ਉਮੀਦਵਾਰ ਦੀ ਯੋਗਤਾ/ਅਯੋਗਤਾ ਪਰਖੇ ਬਿਨਾਂ ਭੀੜ ਵੱਲੋਂ ਪੈਦਾ ਕੀਤੀ ਹਵਾ ਅਨੁਸਾਰ ਵਸਤੂ ਬਣਕੇ ਵੋਟ ਪਾ ਦਿੰਦਾ ਹੈ। ਭੀੜ ਦਾ ਅੰਗ ਬਣਕੇ ਉਸਨੂੰ ਆਪਣੇ ਬਾਰੇ ਸੋਚਣ ਦੀ ਲੋੜ ਹੀ ਨਹੀਂ ਰਹਿੰਦੀ। ਬੰਦਾ ਲੁਭਾਵਣ (Temptation), ਸਬਰ (Contentment) ਅਤੇ ਬੇਗਾਨਗੀ (Alienation) ਦੀ ਬਣਤਰ ਦੁਆਰਾ ਵੀ ਗਿਰਾਵਟ ਵੱਲ ਜਾਂਦਾ ਹੈ। ਡਿੱਗਿਆ ਹੋਇਆ ਬੰਦਾ ਆਪਣੀਆਂ ਪ੍ਰਮਾਣਿਕ ਸੰਭਾਵਨਾਵਾਂ ਗੁਆ ਬਹਿੰਦਾ ਹੈ। ਜਿਤਨਾ ਵੱਧ ਉਹ ਦੁਨੀਆਂ ਵਿੱਚ ਗਰਕਦਾ ਹੈ, ਉਤਨਾ ਹੀ ਆਪਣੇ ਆਪ ਤੋਂ ਦੂਰ ਹੁੰਦਾ ਜਾਂਦਾ ਹੈ। ਭਾਰਾ ਪੱਥਰ ਵੀ ਪੂਰੀ ਰਫ਼ਤਾਰ ਨਾਲ਼ ਹੀ ਡਿੱਗਦਾ ਹੈ। ਉਸਦਾ ਸਬਰ ਵੀ ਉਸਨੂੰ ਚੈਨ ਨਹੀਂ ਲੈਣ ਦਿੰਦਾ। ਪਰ ਬੰਦੇ ਦਾ ਡਿੱਗਣਾ, ਹਾਈਡਿਗਰ ਅਨੁਸਾਰ, ਗੇਂਦ ਵਾਂਗ ਨਹੀਂ। ਇਹ ਤਾਂ ਇਕ ਅਸਤਿਤਵਵਾਦੀ ਸੰਭਾਵਨਾ ਹੈ। ਹਾਈਡਿਗਰ

ਇੱਥੇ ਭੌਤਿਕ ਵਿਵਸਥਾ ਦੀ (Ontical) ਗੱਲ ਨਹੀਂ ਕਰ ਰਿਹਾ ਪਰਾਭੌਤਿਕ (Ontological) ਦ੍ਰਿਸ਼ਟੀ ਤੋਂ ਵਿਚਾਰ ਪੇਸ਼ ਕਰ ਰਿਹਾ ਹੈ। ਇਹ ਤਾਂ ਕੇਵਲ ਡਿੱਗਣ ਦੀ ਸੰਭਾਵਨਾ ਹੈ।

**ਫ਼ਿਕਰ (CARE)**

ਫ਼ਿਕਰ ਸੰਬੰਧੀ ਵੀ ਹਾਈਡਿਗਰ ਪਰਾਭੌਤਿਕ (Ontological) ਦ੍ਰਿਸ਼ਟੀ ਤੋਂ ਹੀ ਗੱਲ ਕਰਦਾ ਹੈ, ਭੌਤਿਕ ਵਿਵਸਥਾ (Ontical) ਦੀ ਦ੍ਰਿਸ਼ਟੀ ਤੋਂ ਨਹੀਂ। ਸੰਭਾਵਨਾ ਵਿੱਚ ਤਾਂ ਬੰਦਾ ਹਮੇਸ਼ਾ ਅੱਗੇ ਦੀ ਸੋਚਦਾ ਹੈ, ਫਿਰ ਵੀ ਅਪੂਰਨ ਰਹਿੰਦਾ ਹੈ। ਉਸਦੀ ਸੰਭਾਵਨਾ ਹਮੇਸ਼ਾ ਉਸਦੀ ਫੈਕਟੀਸਿਟੀ ਨਾਲ਼ ਬਣੀ ਰਹਿੰਦੀ ਹੈ, ਕਿਉਂਕਿ ਉਸਨੂੰ ਇਕ ਪਰਿਸਥਿਤੀ ਵਿੱਚ ਸੁੱਟਿਆ ਗਿਆ ਹੈ। ਉਸਨੂੰ ਸੁੱਟਿਆ ਨਹੀਂ ਜਾਂਦਾ ਸਗੋਂ ਉਹ ਆਪਣੀ ਫੈਕਟੀਸਿਟੀ ਵਿੱਚ ਕਈ ਵਾਰ ਆਪ ਵੀ ਡਿੱਗੇ ਰਹਿਣਾ ਚਾਹੁੰਦਾ ਹੈ। ਹਾਈਡਿਗਰ ਦਾ ਮੱਤ ਹੈ ਕਿ ਫ਼ਿਕਰ ਬੰਦੇ ਦੀ ਸਰੀਰਕ ਬਣਤਰ ਨਾਲ਼ ਉਵੇਂ ਹੈ ਜਿਵੇਂ ਉਸਦੀ ਆਤਮਾ। ਫ਼ਿਕਰ (CARE) ਦੇ ਤਿੰਨ ਤੱਤ ਹਨ : 1. ਨਿਜੀ ਹੋਂਦ ਸਵੈ ਪ੍ਰਗਟਾਵੇ ਵਾਲ਼ੀ ਹੈ। ਇਹ ਬੰਦੇ ਦਾ ਭਵਿੱਖ ਹੈ। ਇਹ ਆਪਣੇ ਆਪ ਨਾਲ਼ੋਂ ਅੱਗੇ ਹੈ। 2. ਕੇਅਰ ਅਨੁਸਾਰ ਬੰਦਾ ਨਿਜੀ ਜੀਵਨ ਜਿਉਂਦਾ ਹੈ। 3. ਕੇਅਰ ਹੋਂਦ ਦੇ ਮੂਡ ਦੀ ਬਣਤਰ ਹੈ।

**ਮੌਤ (Death)**

ਮੌਤ ਪ੍ਰਮਾਣਿਕ ਅਸਤਿਤਵ ਦਾ ਪਤਾ ਦਿੰਦੀ ਹੈ। ਜਿਹੜੀ ਹੋਂਦ ਨੂੰ ਸਥਿਰ ਕਰਦੀ ਹੈ। ਇਹ ਆਖ਼ਰੀ ਅਤੇ ਸਰਬਵਿਆਪਕ ਹੈ। ਮੌਤ ਨਾਲ਼ 'ਮੇਰੀਆਂ' ਸਾਰੀਆਂ ਸੰਭਾਵਨਾਵਾਂ ਨਸ਼ਟ ਹੋ ਜਾਣੀਆਂ ਹਨ। ਕੁਦਰਤੀ ਮੌਤ ਤਾਂ ਸਰੀਰ ਵਿਗਿਆਨੀਆਂ ਲਈ ਵੀ ਰਹੱਸ ਹੈ। ਜੀਵ ਵਿਗਿਆਨੀ ਵੀ ਕਿਸੇ ਸਪਸ਼ਟ ਨਤੀਜੇ 'ਤੇ ਨਹੀਂ ਪੁੱਜ ਸਕੇ ਕਿ ਪ੍ਰਾਣੀ ਬੁੱਢੇ ਕਿਵੇਂ ਹੋ ਜਾਂਦੇ ਹਨ ਅਤੇ ਅਖ਼ੀਰ ਮਰ ਜਾਂਦੇ ਹਨ। ਹੱਥਲੇ ਅਧਿਐਨ ਵਿੱਚ ਸਾਡਾ ਸਰੋਕਾਰ ਕੁਦਰਤੀ ਮੌਤ ਨਾਲ਼ ਨਹੀਂ ਪਰ ਮੌਤ ਦੇ ਅਸਤਿਤਵੀ ਵਰਤਾਰੇ ਨਾਲ਼ ਹੈ। ਹਾਈਡਿਗਰ ਇਸ ਬੰਨੇ ਸਾਡਾ ਧਿਆਨ ਆਕਰਸ਼ਿਤ ਕਰਦਾ ਹੈ। ਕੁਦਰਤੀ ਮੌਤ ਬਾਰੇ ਖੋਜ ਕਰਨਾ ਵਿਗਿਆਨ ਦਾ ਕੰਮ ਹੈ। ਮੌਤ ਦੇ ਅਸਤਿਤਵੀ ਵਰਤਾਰੇ ਬਾਰੇ ਘਟਨਾ ਕਿਰਿਆ ਵਿਗਿਆਨ (Phenomenological Method) ਰਾਹੀਂ ਜਾਣਿਆ ਜਾਂਦਾ ਹੈ। ਮੌਤ ਦਾ ਭਾਵ ਬੰਦੇ (Being) ਦੀ ਹੋਂਦ ਅਤੇ ਉਸਦੀਆਂ ਸੰਭਾਵਨਾਵਾਂ ਦਾ ਖ਼ਾਤਮਾ ਹੈ। ਦੂਜੇ ਦੀ ਮੌਤ ਨੂੰ ਪਿੱਛੇ ਰਹਿ ਗਏ ਬਰਦਾਸ਼ਤ ਕਰਦੇ ਹਨ। ਮਰਨ ਵਾਲ਼ਾ ਕੁੱਝ ਨਹੀਂ ਦੱਸ ਸਕਦਾ। ਹਰ ਬੰਦਾ ਆਪਣੀ ਮੌਤ ਆਪ ਮਰਦਾ ਹੈ। ਇਹ ਕਿਸੇ ਨਾਲ਼ ਬਦਲੀ ਨਹੀਂ ਜਾ ਸਕਦੀ। ਦਰਅਸਲ ਮੌਤ ਹੋਂਦ ਦੀ ਸੰਭਾਵਨਾ ਵਿੱਚ ਪਹਿਲੋਂ ਹੀ ਸ਼ਾਮਲ ਹੁੰਦੀ ਹੈ। ਇਹ ਬੰਦੇ ਦੀ ਫੈਕਟੀਸਿਟੀ ਨਾਲ਼ ਸੰਬੰਧਤ ਹੈ।

ਬੰਦੇ ਦੀ ਹੋਂਦ ਨੂੰ ਹਮੇਸ਼ਾ ਮੌਤ ਦੀ ਸੰਭਾਵਨਾ ਵਿੱਚ ਸੁੱਟਿਆ ਜਾਂਦਾ ਹੈ। ਬੰਦੇ ਦੀ ਹੋਂਦ ਹੀ Being unto Death ਹੈ। ਮਰਨ ਲਈ ਬੰਦਾ ਸਦਾ ਹੀ ਬੁੱਢਾ ਹੈ। ਬੰਦੇ ਦੀਆਂ ਸਾਰੀਆਂ ਸੰਭਾਵਨਾਵਾਂ ਇਸੇ ਵੱਡੀ ਸੰਭਾਵਨਾ ਵੱਲ ਵਧਦੀਆਂ ਹਨ।

**ਜ਼ਮੀਰ ਦੀ ਆਵਾਜ਼ (Voice of Conscience)**

ਜ਼ਮੀਰ ਇਸ ਗੱਲ ਦਾ ਨਿਰਣਾ ਕਰਦੀ ਹੈ ਕਿ ਜੋ ਕੁਝ ਬੰਦਾ ਕਰ ਰਿਹਾ ਹੈ, ਉਹ ਠੀਕ ਵੀ ਹੈ ਜਾਂ ਗ਼ਲਤ ਹੈ। ਜ਼ਮੀਰ ਪ੍ਰਮਾਣਿਕ ਅਤੇ ਅਪ੍ਰਮਾਣਿਕ ਅਸਤਿਤਵ ਦੀ ਗਵਾਹ ਹੁੰਦੀ ਹੈ। ਇਹ ਬੰਦੇ ਦੇ ਫ਼ਿਕਰ (Care) ਦੀ ਬਣਤਰ ਵਿੱਚ ਪਹਿਲਾਂ ਹੀ ਨਿਹਿਤ ਹੁੰਦੀ ਹੈ। ਦੋਸ਼ਪੂਰਣਤਾ, ਜਿਸਦੀ ਜਕੜ ਵਿੱਚ ਬੰਦਾ ਆਪਣੇ ਸਵੈ ਨੂੰ ਸਮਝਦਾ ਹੈ, ਉਸਦਾ ਭਾਵ ਅਪ੍ਰਮਾਣਿਕ ਜੀਣਾ ਨਹੀਂ ਪਰ ਇਸਦਾ ਭਾਵ ਪ੍ਰਮਾਣਿਕ ਜੀਵਨ ਜੀਣ ਦੇ ਇਰਾਦੇ ਦਾ ਗੁਨਾਹ ਹੈ। ਸਾਰੇ ਵਿਸ਼ੇਸ਼ ਕਸੂਰ ਅਤੇ ਗ਼ਲਤੀਆਂ ਡਾਸੇਨ (ਬੰਦੇ) ਦੀ ਦੋਸ਼ਪੂਰਨ ਪ੍ਰਕ੍ਰਿਤੀ ਵਿੱਚ ਪਰਾਭੌਤਿਕ ਤੌਰ 'ਤੇ ਉਪਲਬਧ ਹੁੰਦੀਆਂ ਹਨ। ਪ੍ਰਮਾਣਿਕ ਅਸਤਿਤਵ ਜ਼ਮੀਰ ਦੀ ਆਵਾਜ਼ ਦਾ ਹੁੰਗਾਰਾ ਭਰਦਾ ਹੈ। ਜ਼ਮੀਰ ਸਵੈ ਦਾ ਸਵੈ ਨੂੰ ਸੱਦਾ ਹੁੰਦਾ ਹੈ। ਸ਼ੈਕਸਪੀਅਰ ਦੇ ਨਾਟਕ Hamlet ਵਿਚ Lord Polonious ਵੀ Laertis ਨਾਂ ਦੇ ਪਾਤਰ ਨੂੰ ਨਸੀਹਤ ਦਿੰਦਾ ਹੋਇਆ ਕਹਿੰਦਾ ਹੈ 'To Thine own self be true.' ਇਹ ਜ਼ਮੀਰ ਪ੍ਰਤੀ ਸੱਚੇ ਰਹਿਣ ਦਾ ਸੰਦੇਸ਼ ਹੀ ਤਾਂ ਹੈ।

## 5. ਮੌਰਿਸ ਮਰਲੀ-ਪੋਂਟੀ

## (Maurice Marleau-Ponty) 1908-1961

ਅਸਤਿਤਵਵਾਦ ਹਮੇਸ਼ਾ ਹੀ ਇੱਕ ਪ੍ਰਯੋਗਸ਼ੀਲ ਦਰਸ਼ਨ ਰਿਹਾ ਹੈ। ਮਰਲੀ-ਪੋਂਟੀ ਸਾਰਤਰ ਦਾ ਸਾਥੀ, ਸਹਾਇਕ ਐਡੀਟਰ ਅਤੇ ਮਿੱਤਰ ਸੀ। ਉਹ ਕਾਫ਼ੀ ਗੰਭੀਰ ਦਾਰਸ਼ਨਿਕ ਸੀ। ਉਹ Phenomenology of Perception ਪੁਸਤਕ ਲਿਖਣ ਕਾਰਨ ਪ੍ਰਸਿੱਧ ਹੈ ਜੋ ਕਿ ਫ਼ਰਾਂਸੀਸੀ ਅਸਤਿਤਵਵਾਦ ਬਾਰੇ ਚੰਗੀ ਜਾਣਕਾਰੀ ਦਿੰਦੀ ਹੈ। ਉਹ ਗੰਭੀਰ ਤਾਂ ਸੀ ਪਰ ਭਵਿੱਖ ਵਕਤਾ ਨਹੀਂ ਸੀ। ਅਸਤਿਤਵ ਦੇ ਅਧਿਐਨ ਵਿੱਚ ਦਿਲਸਚਪੀ ਰੱਖਦਾ ਸੀ ਪਰ ਪ੍ਰਚਾਰਕ ਨਹੀਂ ਸੀ। ਉਸਦਾ ਨੈਤਿਕਤਾ ਪੱਖ 'ਤੇ ਕੁੱਝ ਪ੍ਰਭਾਵ ਹੈ। ਉਸਦੀਆਂ ਲਿਖਤਾਂ ਵਿੱਚ ਦੁਹਰਾ ਵੀ ਬਹੁਤ ਹੈ। ਉਸਦੇ ਕੁੱਝ ਸੰਕਲਪ ਵੇਖੇ ਜਾ ਸਕਦੇ ਹਨ।

## ਮਰਲੀ-ਪੋਂਟੀ ਦੇ ਮੁੱਖ ਸੰਕਲਪ

**ਵਿਵਹਾਰ (Behavior)**

ਮਰਲੀ-ਪੋਂਟੀ ਵਿਵ੍ਹਾਰ ਨੂੰ 'ਹੋਂਦ ਦੀ ਵਿਧੀ' (Manner of existing)

ਮੰਨਦਾ ਹੈ। ਵਿਵਹਾਰ ਦਾ ਪ੍ਰਗਟਾਵਾ ਕੇਵਲ ਮਨੁੱਖ ਹੀ ਕਰਦੇ ਹਨ। ਪ੍ਰਤੱਖਣ ਦੇ ਸੰਕਲਪ ਅਨੁਸਾਰ ਉਹ ਚੇਤਨਾ ਅਤੇ ਸੰਸਾਰ ਦੇ ਸੰਬੰਧਾਂ ਬਾਰੇ ਜਾਣਨ ਦਾ ਇਛੁੱਕ ਹੈ। ਉਹ ਪਾਰਗਮਤਾ ਦੇ ਸੰਕਲਪ ਬਾਰੇ ਵੀ ਚਿੰਤਨ ਕਰਦਾ ਹੈ।

**ਘਟਨਾ ਕਿਰਿਆ ਵਿਗਿਆਨ (Phenomenology)**

ਮਰਲੀ-ਪੌਂਟੀ ਅਨੁਸਾਰ ਹੁਸਰਲ ਦੀ ਬਰੈਕਟਿੰਗ ਅਤੇ ਹਾਈਡਿਗਰ ਦੀ 'ਇਨਕਲੁਡਿੰਗ' ਦੋਵਾਂ ਦਾ ਸੰਯੋਗ ਹੋਣਾ ਚਾਹੀਦਾ ਹੈ। ਉਸਦਾ ਮੱਤ ਇਹ ਵੀ ਹੈ ਕਿ ਹਰ ਇੱਕ ਦਾਰਸ਼ਨਿਕ ਨੂੰ ਆਪਣੀ ਘਟਨਾ ਕਿਰਿਆ ਵਿਗਿਆਨ ਆਪ ਢੂੰਡਣੀ ਚਾਹੀਦੀ ਹੈ।

**ਪ੍ਰਤੱਖਣ ਗਿਆਨ ਤੋਂ ਪਹਿਲਾਂ ਹੈ (Perception precedes Knowledge)**

ਮਰਲੀ-ਪੌਂਟੀ ਦਾ ਮੱਤ ਹੈ ਕਿ ਪ੍ਰਤੱਖਣ ਗਿਆਨ ਤੋਂ ਪਹਿਲਾਂ ਹੁੰਦਾ ਹੈ। ਇੱਕ ਬੱਚੇ ਨੂੰ ਪ੍ਰਤੱਖਣ ਤਾਂ ਹੁੰਦਾ ਹੈ ਪਰ ਗਿਆਨ ਨਹੀਂ ਹੁੰਦਾ। ਇਵੇਂ ਆਦਿ ਮਨੁੱਖ ਨੂੰ ਪ੍ਰਤੱਖਣ ਤਾਂ ਸੀ ਪਰ ਗਿਆਨ ਨਹੀਂ ਸੀ। ਸਾਡਾ ਸੰਸਾਰ ਵਿੱਚ ਹੋਣਾ ਸਾਨੂੰ 'ਅਰਥਾਂ' ਵਿੱਚ ਸੁੱਟਿਆ ਜਾਣਾ ਹੈ। ਸਾਡਾ ਜ਼ਿਆਦਾ ਪ੍ਰਤੱਖਣ ਦਿਲਚਸਪ, ਪ੍ਰਤਿਕੂਲ, ਭਿਆਨਕ ਜਾਂ ਮਨਮੋਹਕ ਹੁੰਦਾ ਹੈ।

**ਮਨੋਭ੍ਰਾਂਤੀ (Hallucination)**

ਮਰਲੀ-ਪੌਂਟੀ ਦਾ ਵਿਚਾਰ ਹੈ ਕਿ ਰੋਗੀ ਆਪਣੇ ਵਹਿਮ ਵਾਲ਼ੇ ਅਨੁਭਵ ਅਤੇ ਅਸਲੀ ਅਨੁਭਵ ਵਿਚਕਾਰ ਅੰਤਰ ਨੂੰ ਪਛਾਣਦਾ ਹੁੰਦਾ ਹੈ। ਵਹਿਮ ਦੇ ਰੋਗੀ ਦੀ ਵਸਤੂਪਰਕ ਸੰਸਾਰ ਵਿੱਚ ਬਹੁਤੀ ਦਿਲਚਸਪੀ ਨਹੀਂ ਹੁੰਦੀ। ਜੋ ਗੁਣ ਤੰਦਰੁਸਤ ਬੰਦਾ ਯਥਾਰਥ ਵਿੱਚ ਵੇਖਦਾ ਹੈ, ਰੋਗੀ ਉਸੇ ਗੁਣ ਨੂੰ ਮਿੱਥ ਵਿੱਚ ਮਹਿਸੂਸਦਾ ਹੈ। ਰੋਗੀ ਦੀ ਚੇਤਨਾ ਸ਼ੁੱਧ ਨਹੀਂ ਹੁੰਦੀ।

**ਸਪੇਸ ਦਾ ਸੰਕਲਪ (Concept of Space)**

ਸਰੀਰ ਸਪੇਸ ਦੀ ਵਸਤੂ ਹੈ। ਇਸ ਦਾ ਸਪੇਸ ਵਿੱਚ ਵਿਸ਼ੇਸ਼ ਸਥਾਨ ਹੈ। ਸਾਰਾ ਪ੍ਰਤੱਖਣ ਅਤੇ ਸਾਰੀ ਚੇਤਨਾ ਸਪੇਸ ਦੀ ਦ੍ਰਿਸ਼ਟੀ ਨਾਲ਼ ਕੀਤੀ ਜਾਂਦੀ ਹੈ। ਇਹ ਭੂਤ ਅਤੇ ਭਵਿੱਖ ਨਾਲ਼ ਵੀ ਸੰਬੰਧਤ ਹੁੰਦੀ ਹੈ। ਸਰੀਰ ਦੀ ਸਮੇਂ ਵਿੱਚ ਨਿਰੰਤਰਤਾ ਤੋਂ ਬਿਨਾਂ ਬੰਦਾ ਪ੍ਰਤੱਖ ਸੰਸਾਰ ਬਾਰੇ ਕੋਈ ਗਿਆਨ ਪ੍ਰਾਪਤ ਨਹੀਂ ਕਰ ਸਕਦਾ। ਸਰੀਰ ਤੋਂ ਬਿਨਾਂ ਕੋਈ 'ਕੋਜੀਟੋ' ਵੀ ਨਹੀਂ ਹੁੰਦੀ।

**ਦੂਜਿਆਂ ਨਾਲ਼ ਸੰਬੰਧ (Relation with Others)**

ਸੰਸਾਰ ਵਿੱਚ ਰਹਿੰਦਿਆਂ ਬੰਦਾ ਦੂਜੇ ਲੋਕਾਂ ਨਾਲ਼ ਆਪਣੇ ਸੰਬੰਧਾਂ ਨੂੰ ਸਮਝਣ 'ਤੇ ਜ਼ੋਰ ਦਿੰਦਾ ਹੈ। ਦਰਸ਼ਨ ਦਾ ਆਧਾਰ ਸਮਾਜਿਕਤਾ ਹੀ ਹੋਣਾ ਚਾਹੀਦਾ ਹੈ। ਕੋਜੀਟੋ ਦੀ ਸਮਝ ਲਈ ਮਰਲੀ-ਪੌਂਟੀ ਚਕਰਨੁਮਾ ਚੇਤਨਾ ਵਿੱਚ ਭਾਗ ਲੈਂਦਾ ਹੈ। ਇਸੇ ਨੂੰ ਸਾਰਤਰ ਪੂਰਵ ਪ੍ਰਤਿਬਿੰਬਤ ਚੇਤਨਾ ਕਹਿੰਦਾ ਹੈ।

ਅਜਿਹੀ ਕੋਜੀਟੋ ਬੰਦੇ ਦੇ ਸਾਰੇ ਕਾਰਜਾਂ ਵਿੱਚ ਸ਼ਾਮਲ ਹੁੰਦੀ ਹੈ।

**ਵਰਤਮਾਨ ਦਾ ਮਹੱਤਵ (Importance of Present)**

ਪੌਂਟੀ ਅਨੁਸਾਰ ਬੰਦੇ ਲਈ ਵਰਤਮਾਨ ਦਾ ਮਹੱਤਵ ਹੈ। ਭੂਤ ਅਤੇ ਭਵਿੱਖ ਤਾਂ ਉਦੋਂ ਸਾਹਮਣੇ ਆਉਂਦੇ ਹਨ ਜਦੋਂ ਅਸੀਂ ਉਨ੍ਹਾਂ ਬਾਰੇ ਚਿੰਤਨ ਕਰਦੇ ਹਾਂ।

**ਸ਼ੋਸ਼ਣ ਬਨਾਮ ਕ੍ਰਾਂਤੀ (Exploitation Vs Revolution)**

ਮਰਲੀ-ਪੌਂਟੀ ਅਨੁਸਾਰ ਲੁੱਟ ਕ੍ਰਾਂਤੀ ਤੋਂ ਪਹਿਲਾਂ ਵਾਪਰਦੀ ਹੈ। ਕ੍ਰਾਂਤੀ ਉਦੋਂ ਆਉਂਦੀ ਹੈ ਜਦੋਂ ਪਰੋਲਤਾਰੀ ਆਪਣੇ ਹੱਕਾਂ ਬਾਰੇ ਚੇਤਨ ਹੁੰਦੀ ਹੈ।

ਸੰਖੇਪ ਇਹ ਕਿ ਅਸਤਿਤਵਵਾਦੀ ਵਿਸ਼ਿਆਂ ਬਾਰੇ ਮਰਲੀ-ਪੌਂਟੀ ਵੱਲੋਂ ਬਹੁਤੇ ਹੱਲ ਪੇਸ਼ ਨਹੀਂ ਕੀਤੇ ਗਏ। ਅਜਿਹੇ ਸੰਕੇਤ ਜ਼ਰੂਰ ਹਨ ਕਿ ਇਹ ਹੱਲ ਕੱਢੇ ਜਾਣੇ ਚਾਹੀਦੇ ਹਨ।

## 6. ਜਾਂ ਪੌੱਲ ਸਾਰਤਰ
## (Jean Paul Sartre) 1905-1980

ਸਾਰਤਰ ਫ਼ਰਾਂਸ ਦਾ ਅਦਭੁਤ ਗੁਣਾਂ ਵਾਲ਼ਾ ਦਾਰਸ਼ਨਿਕ ਸੀ। ਲਗਭਗ ਅੱਧੀ ਵੀਹਵੀਂ ਸਦੀ ਤੱਕ ਉਸਨੇ ਸੰਸਾਰ ਦੀ ਬੌਧਿਕ ਫ਼ਿਜ਼ਾ 'ਤੇ ਰਾਜ ਕੀਤਾ। ਉਸਦੇ ਸਮੇਂ ਫ਼ਰਾਂਸ ਦੀ ਦਾਰਸ਼ਨਿਕਤਾ ਜਰਮਨ ਦਾਰਸ਼ਨਿਕਤਾ 'ਤੇ ਛਾ ਗਈ ਸੀ। ਉਸਦੇ ਸਾਹਿਤ ਬਾਰੇ, ਉਸਦੇ ਦਰਸ਼ਨ ਨੂੰ ਸਮਝੇ ਬਿਨਾ, ਗਿਆਨ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਉਸਦੀਆਂ ਵਿਦਵਤਾ ਭਰਪੂਰ ਕਿਰਤਾਂ ਹਰ ਇੱਕ ਦੀ ਪਹੁੰਚ ਵਿੱਚ ਨਹੀਂ ਹਨ। ਅਸਤਿਤਵਵਾਦ ਇੱਕ ਅਮਲ ਅਤੇ ਕਾਰਜ-ਭਰਪੂਰ ਦਰਸ਼ਨ ਹੈ। ਫ਼ਰਾਂਸ ਵਿੱਚ ਤਾਂ ਉਹ ਬੇਹੱਦ ਹਰਮਨ ਪਿਆਰਾ ਸੀ। ਅਮਰੀਕਾ ਵਿੱਚ ਉਸਦਾ ਨਾਂ ਅਤੇ ਉਸਦਾ ਦਰਸ਼ਨ ਸਾਹਿਤਕ ਆਲੋਚਕਾਂ ਦੀਆਂ ਬੇਹੱਦ ਟਿੱਪਣੀਆਂ ਨਾਲ਼ ਮਾਲਾਮਾਲ ਹੈ ਪਰ ਇਨ੍ਹਾਂ ਸਭ ਦੇ ਅਧਿਐਨ ਉਪਰੰਤ ਵੀ ਉਸਦੇ ਅਸਤਿਤਵਵਾਦੀ ਦਰਸ਼ਨ ਦੀ ਬਹੁਤੀ ਸਮਝ ਪੱਲੇ ਨਹੀਂ ਪੈਂਦੀ ਤਾਂ ਵੀ ਆਲੋਚਕ ਉਸਦੇ ਦਰਸ਼ਨ ਦੀ ਸਮਝ ਬਾਰੇ ਚਰਚਾ ਕਰਦੇ ਰਹਿੰਦੇ ਹਨ। ਉਸਦੇ ਦਰਸ਼ਨ ਨੇ ਦੂਜੇ ਮਹਾਂ ਯੁੱਧ ਦੀ ਭਿਆਨਕਤਾ ਵਿੱਚੋਂ ਜਨਮ ਲਿਆ। ਸਾਡੇ ਵਿੱਚੋਂ ਉਹ ਜਿਨ੍ਹਾਂ ਨੇ ਇਸ ਸੰਸਾਰ ਯੁੱਧ ਦੀ ਤਬਾਹੀ ਨਹੀਂ ਵੇਖੀ ਅਤੇ ਪਰੰਪਰਾਗਤ ਰਸਮਾਂ ਅਤੇ ਪਰੰਪਰਾਵਾਂ ਦੀਆਂ ਧੱਜੀਆਂ ਉੱਡਦੀਆਂ ਨਹੀਂ ਵੇਖੀਆਂ, ਉਹ ਸਭ ਮਨੁੱਖੀ ਉਪਰਾਮਤਾ ਨੂੰ ਮਹਿਸੂਸ ਹੀ ਨਹੀਂ ਕਰ ਸਕਦੇ ਜਿਸ ਦਾ ਸਾਰਤਰ ਨੇ ਹਾਂ-ਵਾਚੀ ਹੱਲ ਪੇਸ਼ ਕੀਤਾ ਹੈ। ਸਾਰਤਰ ਨੇ ਸੰਸਾਰ ਦੇ ਨਕਸ਼ੇ 'ਤੇ ਅਸਤਿਤਵਵਾਦ ਦਾ ਨਾਂ ਉੱਕਰਿਆ। ਕੁੱਝ ਸਮੇਂ ਮਾਰਕਸਵਾਦ ਲਈ ਇਸਨੂੰ ਤਿਆਗਿਆ ਵੀ। ਅੰਤ ਸਮੇਂ ਉਹ ਮਾਰਕਸਵਾਦ ਤੋਂ ਵੀ ਉਪਰਾਮ ਹੋ ਗਿਆ। ਉਸਨੇ 1946 ਈ: ਵਿੱਚ ਲਿਖੇ

ਇੱਕ ਨਿਬੰਧ ਵਿੱਚ ਅਸਤਿਤਵਵਾਦ (Existentialism) ਸ਼ਬਦ ਘੜਿਆ। ਉਸ ਦੇ ਅਨੁਸਾਰ ਅਸਤਿਤਵਵਾਦੀ ਉਹ ਹੈ ਜਿਹੜਾ ਬੰਦਿਆਂ ਤੇ ਲਾਗੂ ਹੋਣ ਵਾਲ਼ੇ ਹੇਠ ਲਿਖੇ ਪ੍ਰਸਤਾਵ ਨੂੰ ਸਵੀਕਾਰ ਕਰਦਾ ਹੈ :

**ਅਸਤਿਤਵ ਵਿਚਾਰ (ਸਾਰ) ਦਾ ਪੂਰਵਵਰਤੀ ਹੈ**

**(Existence Precedes Essence)**

ਇਸ ਨਾਲ਼ ਰੈਨੇ ਦੇਕਾਰਤ ਦਾ I Think Therefore I am ਸਿਧਾਂਤ ਰੱਦ ਹੋ ਜਾਂਦਾ ਹੈ। 'ਸਵੈ' ਦਾ ਵਿਚਾਰ ਕੇਵਲ ਪ੍ਰਤਿਬਿੰਬਤ ਚੇਤਨਾ ਵਿੱਚ ਹੁੰਦਾ ਹੈ ਪਰ ਪ੍ਰਤਿਬਿੰਬਤ ਚੇਤਨਾ ਬਹੁਤ ਘੱਟ ਹੁੰਦੀ ਹੈ। ਅਪ੍ਰਤਿਬਿੰਬਤ ਚੇਤਨਾ ਹੀ ਜ਼ਿਆਦਾ ਹੁੰਦੀ ਹੈ। ਕਿਉਂਕਿ ਦੇਕਾਰਤ ਅਨੁਸਾਰ 'ਸਾਰ' ਅਸਤਿਤਵ ਤੋਂ ਪਹਿਲਾਂ ਹੁੰਦਾ ਹੈ, ਇਸ ਲਈ ਸਾਰਤਰ ਉਸਦੀ ਧਾਰਨਾ ਰੱਦ ਕਰਦਾ ਹੈ। ਸਾਰਤਰ ਅਨੁਸਾਰ– First procedure of Philosophy ought to be expel things from consciousness and to reestablish its true connection with the world, to know that Conscious is a positional Consciousness of the world ਇਸਨੂੰ ਸੰਸਾਰ ਨਾਲ਼ ਸਿੱਧਾ ਵਾਹ ਵੀ ਆਖ ਸਕਦੇ ਹਾਂ। ਦਿਸਦਾ ਸੰਸਾਰ ਚੇਤਨਾ ਅੰਦਰ ਵਸਤਾਂ ਦਾ ਪਰਛਾਵਾਂ ਹੈ। ਇਸ ਨੂੰ ਵਸਤੂਆਂ ਖ਼ੁਦ ਪਰਿਭਾਸ਼ਤ ਕਰਦੀਆਂ ਹਨ। ਇਹ ਅੰਤਰੀਵੀ ਸੋਚ ਦੁਆਰਾ ਪਰਿਭਾਸ਼ਤ ਹੁੰਦੀਆਂ ਹਨ। ਇਉਂ Being behind appearance ਦੇ ਸਿੱਧਾਂਤ ਦਾ ਖੰਡਨ ਹੋ ਜਾਂਦਾ ਹੈ।

### ਸਾਰਤਰ–ਦਰਸ਼ਨ ਦੇ ਮੁੱਖ ਸੰਕਲਪ

ਸਾਰਤਰ ਦੇ ਦਰਸ਼ਨ ਵਿੱਚ ਬਾਰੰਬਾਰ ਪ੍ਰਯੁੱਕਤ ਹੋਈਆਂ ਟਰਮਾਂ ਹੇਠ ਲਿਖੀਆਂ ਹਨ :

**ਬੀਇੰਗ (Being)**

ਬੀਇੰਗ ਦਾ ਭਾਵ ਹੈ– ਜੋ ਹੈ, ਹੈ। ਇਸ ਵਿੱਚ Being-in-itself ਅਤੇ Being-for-itself ਦੋਵੇਂ ਹੀ ਸ਼ਾਮਲ ਹੁੰਦੇ ਹਨ ਪਰ ਦੂਜਾ ਪਹਿਲੇ ਦਾ ਨਿਖੇਧ ਹੁੰਦਾ ਹੈ। Being is what is, is ਅਰਥਾਤ ਅਜਿਹੀ ਹੋਂਦ ਜੋ ਬਸ ਕੇਵਲ ਹੈ।


**ਬੀਇੰਗ–ਇਨ–ਇਟਸੈਲਫ਼ (Being-in-Itself)**

ਇਹ ਦਰਅਸਲ What it is ਹੈ। ਇਸ ਟਰਮ ਲਈ ਸਾਰਤਰ ਨੇ En-Soi ਸ਼ਬਦ ਵੀ ਵਰਤਿਆ ਹੈ। ਇਹ ਸ਼ਬਦ ਉਨ੍ਹਾਂ ਵਸਤੂਆਂ ਲਈ ਪ੍ਰਯੋਗ ਕੀਤਾ ਗਿਆ ਹੈ ਜੋ ਆਪਣੇ ਆਪ ਵਿੱਚ ਹੋਂਦ ਰੱਖਦੀਆਂ ਹਨ ਜਿਵੇਂ ਇੱਕ ਚਟਾਨ ਜਾਂ ਦਰਖ਼ਤ। ਅਜਿਹੀਆਂ ਵਸਤਾਂ ਆਪਣੀ ਹੋਂਦ ਨੂੰ ਤਬਦੀਲ ਨਹੀਂ ਕਰ ਸਕਦੀਆਂ ਸਾਰਤਰ ਨੇ ਇਹ ਨਾਂ ਗ਼ੈਰ–ਮਨੁੱਖੀ ਯਥਾਰਥ ਨੂੰ ਦਿੱਤਾ ਹੈ। ਇਹ ਅਚੇਤ ਹੋਂਦ Non Consciousness Being ਹੈ। ਇਹ ਮਾਨਵੀ ਦਖ਼ਲ ਤੋਂ ਪਹਿਲਾਂ ਦੀ ਦਸ਼ਾ

ਹੁੰਦੀ ਹੈ। ਇਹ ਦਸ਼ਾ ਆਪਣੀ ਹੋਂਦ ਲਈ ਕਿਸੇ 'ਤੇ ਨਿਰਭਰ ਨਹੀਂ ਹੁੰਦੀ। ਇਹ ਆਪੇ ਦਾ ਖ਼ੁਦ ਕੀਤਾ ਅਨੁਭਵ ਹੈ ਜੋ ਅਸੀਂ ਆਪਣੇ ਸਿਰਾਂ ਵਿੱਚ ਰੱਖਦੇ ਹਾਂ, ਜਿਸਨੂੰ ਅਸੀਂ ਚੇਤਨਾ ਜਾਂ ਸਵੈ-ਚੇਤਨਾ ਦਾ ਨਾਂ ਦਿੰਦੇ ਹਾਂ। ਇਹ ਇੱਕ ਅਜਿਹਾ ਵਾਕੰਸ਼ ਹੈ ਜਿਸਦੀ ਵਰਤੋਂ ਦਾਰਸ਼ਨਿਕ ਅਕਸਰ ਕਰਦੇ ਹਨ ਤਾਂ ਕਿ ਉਹ ਧਾਰਮਿਕ ਸ਼ਬਦ 'ਆਤਮਾ' ਦਾ ਪ੍ਰਯੋਗ ਕਰਨ ਤੋਂ ਬਚ ਸਕਣ।

**ਬੀਇੰਗ-ਫਾਰ-ਇਟਸੈਲਫ਼ (Being-For-Itself)**

ਇਸ ਟਰਮ ਲਈ ਸਾਰਤਰ ਨੇ Pour Soi ਸ਼ਬਦ ਦਾ ਪ੍ਰਯੋਗ ਵੀ ਕੀਤਾ ਹੈ। ਇਹ ਟਰਮ ਮਨੁੱਖੀ ਹੋਂਦ ਲਈ ਵਰਤੀ ਗਈ ਹੈ ਜਿਸ ਵਿੱਚ ਮਨੁੱਖ ਅੰਦਰ ਕੁੱਝ ਬਣਨ ਦੀ ਸੰਭਾਵਨਾ ਹੁੰਦੀ ਹੈ। ਇਹ ਮਨੁੱਖੀ ਚੇਤਨਾ ਦੀ ਸੰਭਾਵਨਾ ਭਰਪੂਰ ਅਵਸਥਾ ਹੁੰਦੀ ਹੈ। ਇਸ ਅਨੁਸਾਰ ਬੰਦੇ ਵਿੱਚ ਤਬਦੀਲੀ ਦੀ ਸੰਭਾਵਨਾ ਹੁੰਦੀ ਹੈ। ਇਹ ਪੂਰੀ ਮਨੁੱਖੀ ਹੋਂਦ ਲਈ ਪ੍ਰਯੋਗ ਹੋਣ ਵਾਲ਼ੀ ਟਰਮ ਹੈ। ਇਹ ਚੇਤਨਾ ਦਾ ਅਜਿਹਾ ਰੂਪ ਹੈ ਜੋ ਭੂਤ ਅਤੇ ਵਰਤਮਾਨ ਲਈ ਖੁੱਲ੍ਹਾ ਹੈ ਅਤੇ ਆਪਣੇ ਸਵੈ ਨੂੰ ਸੰਭਾਵਨਾ ਵਜੋਂ ਵੇਖਦਾ ਹੈ। ਇਹ Being-In-Itself ਦਾ ਨਿਖੇਧ ਹੈ। ਇਹ ਤਾਂ ਅਜਿਹੀ ਚੇਤਨਾ ਹੈ ਜੋ Being ਦੀ ਘਾਟ ਮਹਿਸੂਸ ਕਰਕੇ ਆਪਣੀ ਹੋਂਦ ਕਾਇਮ ਕਰਨ ਦੀ ਇੱਛੁਕ ਹੁੰਦੀ ਹੈ। ਇਹ ਚੇਤਨਾ ਦੀ ਹੋਂਦ ਹੈ। 'It is what it is not' ਹੇਠ ਦਿੱਤੀ ਸ਼ਕਲ ਇਸ ਨੁਕਤੇ ਨੂੰ ਸਮਝਣ ਵਿੱਚ ਸਹਾਈ ਹੋ ਸਕਦੀ ਹੈ।



ਇਸ ਸ਼ਕਲ ਵਿੱਚ ਖੁਲ੍ਹੇ ਮੂੰਹ ਵਾਲੀ C ਚੇਤਨ-ਮੁਖੀ ਤਜਰਬੇ ਦੀ ਪ੍ਰਤਿਨਿਧਤਾ ਕਰਦੀ ਹੈ ਜਿਸਨੂੰ ਸਾਰਤਰ Being-for-itself ਕਹਿੰਦਾ ਹੈ। ਬੰਦ ਵਰਗ (Closed Square) ਮਨੁੱਖ ਦੀ ਦਖ਼ਲ-ਅੰਦਾਜ਼ੀ ਤੋਂ ਪਹਿਲਾਂ ਦੀ ਦਸ਼ਾ ਹੈ। ਸਾਰਤਰ ਅਨੁਸਾਰ ਇਹੋ Being-in-itself ਹੈ।

**ਬੀਇੰਗ-ਫਾਰ-ਅਦਰਜ਼ (Being-For-Others)**

ਜਦੋਂ ਕੋਈ ਵਿਅਕਤੀ ਇਹ ਵੇਖਦਾ ਹੈ ਕਿ ਦੂਜੇ ਦੀ ਨੀਝ ਭਰੀ ਤੱਕਣੀ ਨੇ ਉਸਨੂੰ ਆਪਣੀ ਵਸਤੂ ਬਣਾ ਲਿਆ ਹੈ ਅਤੇ ਬੰਦੇ ਦੀ ਆਪਣੀ ਹੋਂਦ ਬਗਾਨੇ ਹੱਥ ਵਿੱਚ ਹੋ ਜਾਂਦੀ ਹੈ। ਮਨੁੱਖ ਅਨੇਕਾਂ ਸਮਿਆਂ ਤੇ ਦੂਜੇ ਦੀ ਤੱਕਣੀ ਦਾ ਸ਼ਿਕਾਰ ਹੋ ਜਾਂਦਾ ਹੈ। (Myself exists outside as an object for others)

**ਗਤੀਹੀਣਤਾ (Being-in-the-midst)**

ਇਹ ਖੋਟੇ ਨਿਸ਼ਚੇ (Bad Faith) ਦੀ ਅਜਿਹੀ ਦਸ਼ਾ ਹੈ ਜਿਸ ਵਿੱਚ ਵਿਅਕਤੀ ਆਪਣੀ ਹੋਂਦ ਗਤੀਹੀਣ ਵਸਤੂ ਵਜੋਂ ਮਹਿਸੂਸ ਕਰਦਾ ਹੈ। ਸੌਖੇ

ਸ਼ਬਦਾਂ ਵਿੱਚ ਇੰਜ ਆਖਿਆ ਜਾ ਸਕਦਾ ਹੈ ਕਿ 'ਸਵੈ' ਦੀ ਅਜਿਹੀ ਦਸ਼ਾ ਹੈ ਜਿਸ ਵਿੱਚ ਉਹ ਮਹਿਸੂਸ ਕਰਦਾ ਹੈ ਕਿ ਉਹ ਸੁਤੰਤਰਤਾ ਨਾਲ਼ ਆਪੇ ਵਿੱਚ ਤਬਦੀਲੀ ਨਹੀਂ ਲਿਆ ਸਕਦਾ। ਹੋਰਾਂ ਵਸਤਾਂ ਵਾਂਗ ਹੀ ਆਪਣੇ ਸਵੈ ਦੀ ਚੋਣ ਕਰਦਾ ਹੈ ਜਿਵੇਂ ਕਿ Being-in-itself ਵਿੱਚ ਵਾਪਰਦਾ ਹੈ।

**ਪ੍ਰਗਟਾਵਾ (Being-in-the-World)**

ਇਹ ਆਪਣੇ ਸਵੈ ਦੀ ਅਜਿਹੀ ਚੋਣ ਹੈ ਜੋ ਕਿ ਸਾਡੇ ਕਾਰਜਾਂ, ਵਿਚਾਰਾਂ, ਵਿਸ਼ਵਾਸਾਂ, ਤਾਂਘਾ ਅਤੇ ਅਰਥਾਂ ਵਿੱਚੋਂ ਪ੍ਰਗਟ ਹੁੰਦੀ ਹੈ।

**ਸੰਪੂਰਨਤਾ (Being-in-itself-for-itself)**

ਇਹ ਕਾਫ਼ੀ ਅਸੰਭਵ ਰੂਪ ਹੈ। ਇਹ ਵਿਸ਼ੇਸ਼ਤਾ ਤਾਂ ਆਮ ਤੌਰ 'ਤੇ ਰੱਬ ਦੀ ਵਿਸ਼ੇਸ਼ਤਾ ਮੰਨੀ ਜਾਂਦੀ ਹੈ। ਦਰਅਸਲ ਇਸ ਵਿੱਚ ਅਸਤਿਤਵ ਦੀ ਸੰਪੂਰਨਤਾ ਅਤੇ ਉਸੇ ਸਮੇਂ ਭਰੇ ਜਾਣ ਲਈ ਖ਼ਾਲੀਪਨ, ਇਕ ਪੂਰਾ ਨਿਸ਼ਚੇਵਾਦ ਅਤੇ ਸੰਪੂਰਨ ਆਜ਼ਾਦੀ ਸ਼ਾਮਲ ਹੁੰਦੀ ਹੈ।

**ਗਤੀਹੀਣ ਚੋਣ (Being-in-the-midst-of the world)**

ਇਸਨੂੰ ਬੈਡ ਫੇਥ ਦਾ ਰੂਪ ਹੀ ਸਮਝਿਆ ਜਾ ਸਕਦਾ ਹੈ। ਇਸ ਹਾਲਤ ਵਿੱਚ ਬੰਦਾ ਆਪਣੀ ਹੋਂਦ ਦੀ ਗਤੀਹੀਣ ਮੌਜੂਦਗੀ ਚੁਣਦਾ ਹੈ। Being-in-itself ਵਿੱਚ ਵੀ ਅਜਿਹਾ ਹੀ ਹੁੰਦਾ ਹੈ।

**ਸਵੈ ਦੀ ਪਾਰਗਮਤਾ (Transcendence of Ego)**

ਇਹ ਵਿਚਾਰ ਪ੍ਰਗਟ ਕੀਤਾ ਜਾਂਦਾ ਹੈ ਕਿ ਖ਼ੁਦੀ (Ego) ਅਤੇ ਇਸਦੀਆਂ ਮਨੋਵਿਗਿਆਨਕ ਹਾਲਤਾਂ ਪਾਰਗਾਮੀ ਅਰਥਾਤ ਅਨੁਭਵ ਅਤੀਤ ਹੁੰਦੀਆਂ ਹਨ। ਸਾਰਤਰ ਅਨੁਸਾਰ ਹਰੇਕ ਚੀਜ਼ ਮੇਰੇ 'ਸਵੈ' ਅਤੇ ਚੇਤਨਾ ਦੀਆਂ ਹਾਲਤਾਂ ਸਮੇਤ 'ਪਾਰਗਮ' ਹੈ। ਇਹ ਲਾਜ਼ਮੀ ਤੌਰ 'ਤੇ ਮੇਰੀ ਚੇਤਨਾ ਤੋਂ ਪਾਰ ਜਾਂਦੀ ਹੈ ਅਤੇ ਇਹ ਸੰਸਾਰ ਦੇ ਯਥਾਰਥੀ ਪੱਖਾਂ, ਜਿਨ੍ਹਾਂ ਦੁਆਰਾ ਇਹ ਨਿਰਦੇਸ਼ਤ ਹੁੰਦੀ ਹੈ, ਉੱਪਰ ਆਪਣੇ 'ਸਾਰ' (essence) ਲਈ ਨਿਰਭਰ ਹੁੰਦੀ ਹੈ। ਨਤੀਜੇ ਵਜੋਂ ਇਹ ਵਿਅਕਤੀ ਨੂੰ ਸੰਸਾਰ ਵੱਲ ਧੱਕਦੀ ਹੈ ਅਤੇ 'ਮੈਂ-ਵਾਦ' (Solipsism) ਨੂੰ ਉੱਕਾ ਹੀ ਰੱਦ ਕਰਦੀ ਹੈ। ਬੰਦੇ ਨੂੰ ਸੰਸਾਰ ਨਾਲ਼ ਜੋੜਦੀ ਹੈ ਅਤੇ ਇਸ ਹਾਲਤ ਵਿੱਚ ਬੰਦਾ ਹੋਰਨਾਂ ਨਾਲ਼ੋਂ ਕਿਸੇ ਵੀ ਤਰ੍ਹਾਂ ਵੱਖਰਾ ਨਹੀਂ ਹੁੰਦਾ। ਇਉਂ ਬੰਦੇ ਦੀ ਹੋਂਦ ਅਤੇ ਪ੍ਰਗਟਾਵੇ ਦਾ ਕੋਈ ਵਿਸ਼ੇਸ਼ ਰੁਤਬਾ ਨਹੀਂ ਹੁੰਦਾ। ਇਸ ਪ੍ਰਕਾਰ 'ਮੈਂ ਵਾਦ' ਰੱਦ ਹੋ ਜਾਂਦਾ ਹੈ। ਮੇਰੇ ਵਿਚਾਰਾਂ ਦੀ ਕੋਈ ਵਿਸ਼ੇਸ਼ ਪਰਾਭੌਤਿਕ ਹੋਂਦ ਨਹੀਂ ਰਹਿੰਦੀ ਅਤੇ ਉਹ ਲਾਜ਼ਮੀ ਤੌਰ 'ਤੇ ਦੂਜੇ ਲੋਕਾਂ ਤੋਂ ਭਿੰਨ ਨਹੀਂ ਹੁੰਦੇ। ਪਾਰਗਮਤਾ ਨੂੰ ਅਜਿਹੀ ਮਾਨਸਿਕ ਕਿਰਿਆ ਵੀ ਆਖਿਆ ਜਾ ਸਕਦਾ ਹੈ ਜਿਸ

ਵਿੱਚ ਚੇਤਨਾ ਆਪਣੇ ਆਪ ਤੋਂ ਪਾਰ ਚਲੀ ਜਾਂਦੀ ਹੈ। ਦੂਜੀਆਂ ਹੋਂਦਾਂ ਨਾਲ਼ ਸੰਬੰਧ ਨਿਰਧਾਰਿਤ ਕਰਕੇ ਪ੍ਰਸੰਗਕ ਬਣਦੀ ਹੈ। ਇਹ Being for itself ਨੂੰ ਆਪਣੇ ਆਪ ਤੋਂ ਪਾਰ ਵੇਖਦੀ ਹੈ।

**ਚੇਤਨਾ (Consciousness)**

ਚੇਤਨਾ ਸੰਬੰਧੀ, ਹੁਸਰਲ ਦੇ ਹਵਾਲੇ ਨਾਲ਼, ਸਾਰਤਰ ਕਹਿੰਦਾ ਹੈ ਕਿ ਚੇਤਨਾ ਹਮੇਸ਼ਾ ਹੀ ਕਿਸੇ ਵਸਤੂ ਦੀ ਚੇਤਨਾ ਹੁੰਦੀ ਹੈ। ਚੇਤਨਾ ਦਾ ਸੰਬੰਧ ਲਾਜ਼ਮੀ ਤੌਰ 'ਤੇ ਪਾਰਗਾਮੀ ਸਵੈ ਨਾਲ਼ ਹੈ। ਇਹ ਸੰਬੰਧ ਅਜਿਹੀ ਸ਼ੈਅ ਨਾਲ਼ ਹੈ ਜੋ ਚੇਤਨਾ ਵਿੱਚ ਨਿਹਿਤ ਨਹੀਂ ਹੁੰਦੀ। ਸਾਰਤਰ 1937 ਵਿੱਚ ਲਿਖੀ ਆਪਣੀ ਨਿੱਕੀ ਜਿਹੀ ਪੁਸਤਕ The Transcendence of Ego ਵਿੱਚ ਚੇਤਨਾ ਨੂੰ ਦੋ ਭਾਗਾਂ ਵਿੱਚ ਵੰਡਦਾ ਹੈ। ਪ੍ਰਤਿਬਿੰਬਤ ਚੇਤਨਾ (Reflected Consciousness) ਅਤੇ ਅਪ੍ਰਤਿਬਿੰਬਤ ਚੇਤਨਾ (Unreflected Consciousness) ਆਪਣੀ ਸੋਚ ਵਿੱਚ ਕੇਵਲ ਆਪਣੇ ਬਾਰੇ ਸੋਚਣਾ ਪ੍ਰਤਿਬਿੰਬਤ ਚੇਤਨਾ ਹੁੰਦੀ ਹੈ ਅਤੇ ਹੋਰਨਾਂ ਵਸਤਾਂ ਬਾਰੇ ਸਹਿਜ ਭਾਅ ਸੋਚਦੇ ਜਾਣਾ ਅਪ੍ਰਤਿਬਿੰਬ ਚੇਤਨਾ ਹੁੰਦੀ ਹੈ।

**ਰੱਬ ਬਣਨ ਦੀ ਇੱਛਾ (The Destre to be God)**

ਸਾਰਤਰ ਦਾ ਵਿਚਾਰ ਹੈ ਕਿ ਮੂਲ ਰੂਪ ਵਿੱਚ ਬੰਦਾ 'ਹੈ' ਤੋਂ ਕੁਝ ਬਣਨਾ ਚਾਹੁੰਦਾ ਹੈ। ਇਹ ਜੋ ਬਣਨਾ ਚਾਹੁੰਦਾ ਹੈ ਉਹ ਹੈ- Being-in-itself-for-itself ਪਰ ਇਹ ਤਾਂ ਰੱਬ ਦੀ ਪਰਿਭਾਸ਼ਾ ਹੈ। ਇਹ ਇੱਕ ਅਜਿਹਾ ਆਦਰਸ਼ ਹੈ ਜੋ ਅਰਸਤੂ ਨੇ ਚੌਥੀ ਸਦੀ ਬੀ.ਸੀ. ਵਿੱਚ ਸਥਾਪਤ ਕੀਤਾ ਪਰ ਦੁੱਖ ਦੀ ਗੱਲ ਹੈ ਕਿ ਬੰਦਾ ਰੱਬ ਬਣ ਨਹੀਂ ਸਕਦਾ। ਜੇ Being-in-itself ਹਮੇਸ਼ਾ ਸੰਪੂਰਨ ਅਤੇ ਭਰਿਆ ਹੋਇਆ ਹੈ ਤਾਂ Being-for-it-self ਹਮੇਸ਼ਾ ਅਪੂਰਨ ਹੈ, ਖ਼ਾਲੀ ਹੈ। ਪਰ ਇਹ ਪੂਰਤੀ ਦਾ ਭੁੱਖਾ ਹੈ। ਸਾਰਤਰ ਅਨੁਸਾਰ ਭਰੇ ਹੋਏ ਦਾ ਵਿਚਾਰ ਹੀ ਖਾਲੀਪਨ ਹੈ। ਇਸ ਲਈ ਸਾਰਤਰ ਐਲਾਨ ਕਰਦਾ ਹੈ ਕਿ ਮਨੁੱਖ ਇੱਕ ਵਿਅਰਥ ਆਵੇਸ਼ Man is useless passion ਹੈ।

**ਵਿਵੇਕਹੀਣਤਾ (Absurdity)**

ਸਾਰਤਰ ਅਨੁਸਾਰ ਅਸਤਿਤਵ ਦਾ ਕੋਈ ਤਰਕ ਨਹੀਂ ਹੈ। ਹੋਂਦ (Being) ਦੇ ਅੰਦਰੋਂ ਜਾਂ ਬਾਹਰੋਂ ਕੁੱਝ ਵੀ ਹੋਂਦ (Being) ਦੀ ਵਿਆਖਿਆ ਨਹੀਂ ਕਰ ਸਕਦਾ। ਬੰਦੇ ਦੀ ਸੰਭਾਵਨਾ ਦੀ ਬਾਹਰੋਂ ਜਸਟੀਫਿਕੇਸ਼ਨ ਨਹੀਂ ਕੀਤੀ ਜਾ ਸਕਦੀ। ਉਸਦੀਆਂ ਯੋਜਨਾਵਾਂ ਵਿਵੇਕਹੀਣ ਹਨ ਕਿਉਂਕਿ ਉਹ ਨਾ ਪ੍ਰਾਪਤ ਹੋਣ ਯੋਗ ਨਿਸ਼ਾਨੇ (ਰੱਬ ਬਣਨ ਦੀ ਇੱਛਾ) ਵੱਲ ਸੇਧਤ ਹਨ।

**ਬੇਗਾਨਗੀ (Alienation)**

ਦਰਅਸਲ ਇਹ ਟਰਮ ਹੀਗਲ (1770-1831) ਅਤੇ ਕਾਰਲ ਮਾਰਕਸ

(1818-1883) ਦੇ ਦਰਸ਼ਨ ਵਿੱਚ ਵੀ ਉਪਲਬਧ ਹੈ। ਇਸ ਦਾ ਭਾਵ 'ਸਵੈ' ਦੀ ਅਜਿਹੀ ਦਸ਼ਾ ਹੈ ਜਿਸ ਵਿੱਚ ਬੰਦਾ ਆਪਣੇ ਸੱਚੇ 'ਸਵੈ' ਤੋਂ ਅਜਿਹੀ ਦੂਰੀ ਕਰ ਲੈਂਦਾ ਹੈ ਕਿ ਉਹ ਆਪਣੇ ਆਪਨੂੰ ਵੀ ਬੇਗਾਨਿਆਂ ਵਾਂਗ ਟੱਕਰਦਾ ਹੈ।

**ਸਾਰ (Essence)**

ਸਾਰਤਰ ਲਈ ਇਹ ਬੰਦੇ ਦਾ ਭੂਤ ਹੈ। ਮਾਨਵੀ ਸੁਭਾਅ ਪੂਰਵ ਨਿਸ਼ਚਿਤ ਨਾ ਹੋਣ ਕਾਰਨ ਹਰ ਬੰਦਾ ਆਪਣਾ ਸਾਰ ਆਪ ਸਿਰਜਕੇ ਜੀਵਨ ਜਿਉਂਦਾ ਹੈ।

**ਅਸਤਿਤਵ (Existence)**

ਸਾਰਤਰ ਅਨੁਸਾਰ ਇਹ ਵਿਅਕਤੀ ਦੀ ਵਰਤਮਾਨ ਸਥੂਲ ਹੋਂਦ ਹੁੰਦੀ ਹੈ। ਅਸਤਿਤਵ ਸਾਰ ਤੋਂ ਪਹਿਲਾਂ ਹੈ ਜਿਸਨੂੰ ਸਾਰੇ ਅਸਤਿਤਵਵਾਦੀ ਮੰਨਦੇ ਹਨ।

**ਖਿਣ (Instant)**

ਸਾਰਤਰ ਇਸ ਗੱਲੋਂ ਇਨਕਾਰੀ ਹੈ ਕਿ ਸਮਾਂ ਖਿਣਾਂ ਦੀ ਨਿਰੰਤਰਤਾ ਹੈ। ਬੇਸ਼ੱਕ ਖਿਣ ਮਨੋਵਿਗਿਆਨਕ ਤੌਰ 'ਤੇ ਮਹੱਤਵਪੂਰਨ ਹੈ ਕਿਉਂਕਿ ਇਹ ਵਰਤਮਾਨ ਦੀ ਨਿਰੰਤਰ ਸੰਭਾਵਨਾ ਨੂੰ ਤਾਂ ਦਰਸਾਉਂਦਾ ਹੈ ਪਰ ਨਵੇਂ ਪ੍ਰੋਜੈਕਟ ਦੀ ਚੋਣ ਨਾਲ਼ ਇਸ ਵਿੱਚ ਟੁੱਟ-ਭੱਜ ਜੋ ਜਾਂਦੀ ਹੈ। ਇਸ ਲਈ ਖਿਣ ਇਕੋ ਸਮੇਂ ਸੰਬੰਧਤ ਪ੍ਰੋਜੈਕਟਾਂ ਲਈ ਅਰੰਭਕ ਅਤੇ ਆਖ਼ਰੀ ਹੋ ਨਿਬੜਦਾ ਹੈ।

**ਕਾਲਿਕਤਾ (Temporality)**

ਸਮਾਂ ਵਸਤਾਂ ਵਿੱਚ ਨਹੀਂ ਹੁੰਦਾ ਸਗੋਂ ਉਨ੍ਹਾਂ ਦੇ ਉੱਪਰ ਦੀ ਵਗਦਾ ਹੈ। ਫਾਰ ਇਟ-ਸੈਲਫ਼ ਜੋ ਕੁਝ ਸੀ (ਭੂਤ), ਉਡਾਣ ਭਰਦਾ ਹੈ (ਵਰਤਮਾਨ); ਅਤੇ ਆਪਣੇ ਚੁਣੇ ਪ੍ਰੋਜੈਕਟ (ਭਵਿੱਖ); ਵੱਲ ਵਧਦਾ ਹੈ।

**ਸਮਾਂ-ਭੂਤ, ਵਰਤਮਾਨ ਅਤੇ ਭਵਿੱਖ (Time-Past, Present & Future)**

ਜੇਕਰ ਕੋਈ ਬੰਦਾ ਕਹੇ ਕਿ ਕੱਲ੍ਹ ਨੂੰ ਤੈਨੂੰ ਇਹ ਚੀਜ਼ ਮਿਲੇਗੀ ਤਾਂ ਸਾਰਤਰ ਕਹਿੰਦਾ ਹੈ ਕਿ ਕੱਲ੍ਹ ਨੂੰ ਕੱਲ੍ਹ ਨੇ ਅੱਜ ਬਣ ਜਾਣਾ ਹੈ। ਫਰਾਈਡ ਅਤੇ ਸਕਿੱਨਰ ਬਚਪਨ ਦੀਆਂ ਘਟਨਾਵਾਂ ਨੂੰ ਵਰਤਮਾਨ (ਜਵਾਨੀ) ਦੀਆਂ ਘਟਨਾਵਾਂ ਦਾ ਪ੍ਰਤੀਫਲ਼ ਮੰਨਦੇ ਹਨ ਪਰ ਸਾਰਤਰ ਇਸ ਧਾਰਨਾ ਨੂੰ ਰੱਦ ਕਰਦਾ ਹੈ। ਉਸਦਾ ਵਿਚਾਰ ਹੈ ਕਿ ਬੀਇੰਗ-ਫਾਰ-ਇਟ-ਸੈਲਫ਼ ਬੀਤੇ ਸਮੇਂ ਤੋਂ ਸ਼ੂਨਅਤਾ (Nothingness) ਕਾਰਨ ਭਿੰਨ ਹੈ। ਕਿਸੇ ਸਮੱਸਿਆ ਦੇ ਸਨਮੁੱਖ ਹਰ ਬੰਦਾ ਆਪੋ ਆਪਣੇ ਅਰਥ ਕੱਢਦਾ ਹੈ। ਅਰਥ ਦਾ ਸੋਮਾ ਤਾਂ ਉਹ ਫ਼ੈਸਲਾ ਹੁੰਦਾ ਜੋ ਵਿਅਕਤੀ ਕਰਦਾ ਹੈ। ਸਾਰਤਰ ਮੰਨਦਾ ਹੈ ਕਿ ਭੂਤ ਦੀ ਵਾਸਤਵਿਕਤਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਪਰ ਕਿਉਂਕਿ ਭੂਤ ਵਰਤਮਾਨ ਦੁਆਰਾ ਸ਼ੂਨਅਤਾ ਹੈ, ਇਸ ਲਈ ਭੂਤ ਵਰਤਮਾਨ ਦਾ ਕਾਰਨ ਨਹੀਂ ਹੋ ਸਕਦਾ। ਅੱਠ ਸਾਲ ਬਾਅਦ ਤਾਂ ਬੰਦੇ ਦੇ ਸਰੀਰ ਦੇ ਸੈੱਲ ਨਵੇਂ ਬਣ ਚੁੱਕੇ ਹੁੰਦੇ ਹਨ। ਕਈ ਵਾਰ

ਇੱਕ ਨਸ਼ੱਈ ਸ਼ਰਾਬ ਤੋਂ ਤੋਬਾ ਕਰਦਾ ਹੈ ਪਰ ਜਦ ਠੇਕੇ ਕੋਲ ਦੀ ਲੰਘਦਾ ਹੈ ਤਾਂ ਫੇਰ ਪੀ ਲੈਂਦਾ ਹੈ। ਇਹ ਸਥਿਤੀ ਸਾਰਤਰ ਅਨੁਸਾਰ ਹੋਰ ਹੈ। ਇਥੇ ਭੂਤ ਦਾ ਪ੍ਰਭਾਵ ਨਹੀਂ ਸਗੋਂ ਉਸਦਾ ਭੂਤ ਟੁੱਟ ਭੱਜ ਦੀ ਸਥਿਤੀ ਵਿੱਚ ਹੈ। ਇਸੇ ਟੁੱਟ ਭੱਜ ਕਾਰਨ ਭੂਤ ਅਤੇ ਉਸਦੇ ਦਰਮਿਆਨ ਸ਼ੂਨਅਤਾ ਆ ਗਈ ਹੈ। ਜਿਸ ਕਾਰਨ ਉਹ ਭੂਤ ਤੋਂ ਬੇਵੱਸ ਹੈ। ਸਾਰਤਰ ਇਸ ਪ੍ਰਕਾਰ ਦੀ ਸ਼ੂਨਅਤਾ ਨੂੰ ਸੰਤਾਪ (Anguish) ਅਨੁਸਾਰ ਸਮਝਦਾ ਹੈ।

**ਖੋਟਾ ਨਿਸ਼ਚਾ (Bad Faith)**

ਇਸਨੂੰ ਸਵੈ-ਧੋਖਾ ਵੀ ਕਹਿ ਸਕਦੇ ਹਾਂ। ਇਸਨੂੰ ਸਾਰਤਰ ਨੇ ਫਰਾਈਡ ਦੀ ਅਚੇਤ (Un-Conscious) ਲਈ ਵੀ ਪ੍ਰਯੋਗ ਕੀਤਾ ਹੈ। ਖੋਟੇ ਨਿਸ਼ਚੇ ਵਿੱਚ ਬੰਦਾ ਆਪਣੀ ਮਾਨਸਿਕ ਦਸ਼ਾ ਦਾ ਝੂਠਾ ਪਰਛਾਵਾਂ ਪੇਸ਼ ਕਰਦਾ ਹੈ। ਸਾਰਤਰ ਅਨੁਸਾਰ ਦ੍ਰਿਸ਼ਟਮਾਨ ਯਥਾਰਥ ਸੰਸਾਰ ਦਾ ਆਕਾਰ ਹੁੰਦਾ ਹੈ। ਇਸ ਸੰਕਲਪ ਅਨੁਸਾਰ 'ਸਵੈ' ਸੁਤੰਤਰਤਾ, ਜ਼ਿੰਮੇਵਾਰੀ ਅਤੇ ਸੰਤਾਪ ਤੋਂ ਪਰਾਹਣ ਅਖ਼ਤਿਆਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਹ ਪਾਰਗਮਤਾ (Transcendence) ਅਤੇ ਤਥਾਤਮਕਤਾ (Facticity) ਦਰਮਿਆਨ ਦੁਚਿੱਤੀ ਦੀ ਅਵਸਥਾ ਹੁੰਦੀ ਹੈ। ਜਦੋਂ 'ਮੈਂ' ਕਿਸੇ ਅੱਗੇ ਝੂਠ ਬੋਲਦਾ ਹਾਂ ਤਾਂ ਮੈਂ ਉਸ ਪਾਸੋਂ ਸੱਚ ਨੂੰ ਛੁਪਾਉਂਦਾ ਹੈ। ਜਦੋਂ ਮੈਂ ਆਪਣੇ ਆਪ ਅੱਗੇ ਝੂਠ ਬੋਲਦਾ ਹਾਂ ਉਦੋਂ ਮੈਂ ਆਪਣੇ ਸਵੈ ਤੋਂ ਸੱਚ ਨੂੰ ਛੁਪਾਉਂਦਾ ਹਾਂ। ਅਸੀਂ ਉਸ ਸਮੇਂ ਖੋਟੇ ਨਿਸ਼ਚੇ ਵਿੱਚ ਹੁੰਦੇ ਹਾਂ ਜਦੋਂ ਅਸੀਂ ਆਪਣੀ ਨੀਝ ਨਾਲ਼ ਕਿਸੇ ਬੰਦੇ ਨੂੰ (ਦਰਜੀ, ਵੇਟਰ, ਸਿਪਾਹੀ, ਮਾਸਟਰ, ਡਰਾਈਵਰ, ਕੰਡਕਟਰ, ਚੌਕੀਦਾਰ) ਵਸਤੂ ਵਿੱਚ ਬਦਲ ਦਿੰਦੇ ਹਾਂ ਪਰ ਜਦੋਂ ਇਹ ਬੰਦੇ ਆਪਣੇ ਆਪ ਨੂੰ ਅਜਿਹਾ ਸਮਝਣ ਲੱਗ ਪੈਣ ਤਾਂ ਉਹ ਵੀ ਖੋਟੇ ਨਿਸ਼ਚੇ ਵਿੱਚ ਹੁੰਦੇ ਹਨ।

**ਸੁਚੇਤ (Consciousness) ਅਤੇ ਅਚੇਤ (Unconsciousness) ਦਰਮਿਆਨ ਅੰਤਰ**

ਸਾਰਤਰ ਅਤੇ ਫਰਾਈਡ ਦਰਮਿਆਨ ਇਸ ਸੰਬੰਧੀ ਮੱਤ ਭੇਦ ਹੈ, ਸਾਰਤਰ ਅਨੁਸਾਰ ਸਾਰਾ ਵਿਵਹਾਰ ਚੇਤਨਾ ਦੁਆਰਾ ਹੁੰਦਾ ਹੈ। ਚੇਤਨਾ ਦਾ ਮੁੱਖ ਲੱਛਣ What it is not ਹੈ ਨਾ ਕਿ What it is ਸਾਰਤਰ ਅਨੁਸਾਰ ਖ਼ਾਹਸ਼ਾਂ ਨੂੰ ਦਬਾਉਣ (Repress) ਦਾ ਕਾਰਜ ਵੀ ਚੇਤਨਾ ਹੀ ਕਰਦੀ ਹੈ, ਅਚੇਤ ਨਹੀਂ। ਸਾਰਤਰ ਵਿਚਾਰਾਂ ਬਾਰੇ ਸੁਚੇਤ ਹੈ, ਉਹਨਾਂ ਵਿੱਚ ਉਸਨੂੰ ਕੁਝ ਵੀ ਅਚੇਤ ਨਹੀਂ ਜਾਪਦਾ। ਦਬਾਈਆਂ ਗਈਆਂ ਖ਼ਾਹਿਸ਼ਾਂ ਵੀ ਸੁਚੇਤ ਹਨ। ਬੰਦਾ ਆਪਣੇ ਅੱਗੇ ਅਤੇ ਦੂਜਿਆਂ ਅੱਗੇ ਝੂਠ ਦੀ ਵਰਤੋਂ ਸੁਚੇਤ ਹੋ ਕੇ ਕਰਦਾ ਹੈ, ਨਾ ਕਿ ਅਚੇਤ

ਹੀ। ਸਾਰਤਰ ਅਨੁਸਾਰ ਬੰਦੇ ਦਾ ਸਾਰਾ ਵਿਵਹਾਰ ਚੇਤਨ ਪ੍ਰਕਿਰਿਆ ਹੈ। ਫਰਾਈਡ ਲਈ 'ਮੇਰੇ' ਬਾਰੇ ਸੱਚ ਮੇਰੇ 'ਅਚੇਤ' (Unconscious) ਵਿੱਚ ਪਿਆ ਹੈ ਜੋ ਕਿ ਮੈਥੋਂ ਦੂਰ ਹੈ। ਇਸ ਤੋਂ ਵੀ ਅੱਗੇ ਉਸ ਲਈ ਅਚੇਤ ਸਚਾਈ ਦੇ ਵਿਰੁੱਧ ਅਚੇਤ ਰੋਕ ਹੁੰਦੀ ਹੈ। ਪਰ ਸਾਰਤਰ Being and Nothing ਵਿੱਚ ਅਚੇਤ ਦੀ ਧਾਰਨਾ ਰੱਦ ਕਰਦਾ ਹੈ। ਉਹ ਅਜਿਹੀ ਧਾਰਨਾ ਨੂੰ ਸਿੱਧਾਂਤਕ Bad Faith ਕਹਿੰਦਾ ਹੈ।

**ਅਸਤਿਤਵਵਾਦੀ ਮਨੋਵਿਸ਼ਲੇਸ਼ਣ (Existential Psychoanalysis)**

ਸਾਰਤਰ ਜਿਸ ਘਟਨਾ-ਕਿਰਿਆ-ਵਿਗਿਆਨਕ ਵਿਧੀ ਨੂੰ, ਇੱਕ ਬੰਦੇ ਦੇ ਮੌਲਿਕ ਪ੍ਰੋਜੈਕਟ (Original Project) ਲਈ ਵਰਤਦਾ ਹੈ, ਉਸਨੂੰ ਉਹ ਅਸਤਿਤਵਵਾਦੀ ਮਨੋਵਿਸ਼ਲੇਸ਼ਣ ਕਹਿੰਦਾ ਹੈ। ਇਸਦਾ ਮੰਤਵ ਉਸ ਮੌਲਿਕ ਯੋਜਨਾ ਦੀ ਢੂੰਡ ਹੈ ਜੋ ਉਸਨੂੰ ਸਰੂਪ ਦਿੰਦੀ ਹੈ। ਇਹੋ ਉਸਦੀ ਮਾਨਸਿਕ ਪ੍ਰੇਰਣਾ ਦੀ ਸਮੁੱਚਤਾ (Totality) ਨੂੰ ਪ੍ਰਗਟ ਕਰਦੀ ਹੈ। ਇਹ ਉਸਦੇ ਅਸਤਿਤਵ, ਸੰਸਾਰ, ਹੋਰਨਾਂ ਨਾਲ਼ ਸੰਬੰਧਾਂ ਅਤੇ ਉਸਦੀ ਬੁਨਿਆਦੀ ਯੋਜਨਾ ਨੂੰ ਜ਼ਾਹਰ ਕਰਦੀ ਹੈ। ਸਾਰਤਰ ਫਰਾਈਡ ਨਾਲ਼ ਇਸ ਨੁਕਤੇ 'ਤੇ ਸਹਿਮਤ ਹੈ ਕਿ 'ਸਵੈ' ਦਾ ਪੂਰਾ ਪ੍ਰਕਾਸ਼ਨ ਇੱਕੋ ਹਾਵ ਭਾਵ ਦੇ ਵਿਅਕਤ ਕਰਨ ਨਾਲ਼ ਹੋ ਜਾਂਦਾ ਹੈ। ਫਰਾਈਡ ਦਾ ਇਹ ਕਹਿਣਾ ਕਿ ਵਿਅਕਤੀ ਨੂੰ ਆਪਣੇ ਸਵੈ ਦੀ ਸਮਝ ਉੱਪਰ ਵਿਸ਼ੇਸ਼ ਅਧਿਕਾਰ ਨਹੀਂ- ਦੀ ਧਾਰਨਾ ਨਾਲ਼, ਸਾਰਤਰ ਸਹਿਮਤ ਨਹੀਂ। ਸਾਰਤਰ ਲਈ The psychic is co-existent with consciousness and the notion of an unconscious psychic act is self-contradictory. There is no hidden riddle, everything is luminous.

**ਮੌਲਿਕ ਯੋਜਨਾ ਕੀ ਹੈ? (What is an Original Project)**

ਹਰ ਬੰਦਾ ਨਿਰੋਲ ਸੁਤੰਤਰਤਾ ਦੀ ਸਮੱਸਿਆ ਨੂੰ ਹੱਲ ਕਰਨਾ ਲੋਚਦਾ ਹੈ। ਇਸ ਉਦੇਸ਼ ਲਈ ਹਰ ਵਿਅਕਤੀ ਸੰਸਾਰ ਵਿੱਚ ਰਹਿੰਦਿਆਂ ਮੌਲਿਕ ਜਾਂ ਵਿਲੱਖਣ ਚੋਣ ਕਰਦਾ ਹੈ। ਸਾਰਤਰ ਅਜਿਹੀਆਂ ਚੋਣ ਪ੍ਰਕਿਰਿਆਵਾਂ ਨੂੰ ਬੁਨਿਆਦੀ ਯੋਜਨਾ ਦਾ ਨਾਂ ਦਿੰਦਾ ਹੈ। ਕਈ ਵਾਰੀ ਕੋਈ ਬੰਦਾ ਕਿਸੇ ਕੰਮ ਨੂੰ ਅਸੰਭਵ ਸਮਝਕੇ ਢੇਰੀ ਢਾਅ ਬਹਿੰਦਾ ਹੈ। ਫਰਾਈਡ ਇਸਨੂੰ ਬਚਪਨ ਦੇ ਕਿਸੇ ਸਦਮੇ ਕਾਰਨ ਅਤੇ ਸਕਿੱਨਰ ਇਤਿਹਾਸਕ-ਸ਼ਰਤਬੱਧਤਾ ਕਹਿੰਦਾ ਹੈ ਅਤੇ ਦੋਵੇਂ ਮੰਨਦੇ ਹਨ ਕਿ ਢੇਰੀ ਢਾਹੁਣ ਤੋਂ ਬਿਨਾਂ ਉਸ ਕੋਲ ਕੋਈ ਚਾਰਾ ਹੀ ਨਹੀਂ ਸੀ। ਪਰ ਸਾਰਤਰ ਕਹਿੰਦਾ ਹੈ ਕਿ ਉਹ ਆਪਣੀ ਮੌਲਿਕ ਯੋਜਨਾ ਵਿੱਚ ਮੂਲ ਭੂਤ ਤਬਦੀਲੀ (Radical Conversion) ਕਰਕੇ ਕੋਈ ਹੋਰ ਢੰਗ ਸੋਚ ਸਕਦਾ ਹੈ। ਸਾਰਤਰ ਵਿਅਕਤੀ ਦੇ ਵਿਵਹਾਰ ਨੂੰ ਟੋਟਿਆਂ ਦੀ ਥਾਂ ਸਮੁੱਚ ਅਨੁਸਾਰ ਗ੍ਰਹਿਣ

ਕਰਦਾ ਹੈ। ਇਵੇਂ Original Project ਬੰਦੇ ਦੀ ਹਰ ਗਤੀਵਿਧੀ ਵਿੱਚੋਂ ਝਲਕਾਰੇ ਮਾਰਦਾ ਹੈ। ਇਹ ਭੂਤਕਾਲ ਨਾਲ਼ ਬੱਝਿਆ ਨਹੀਂ ਹੁੰਦਾ। ਇਸਦੀ ਸੰਭਾਵਨਾ ਹਮੇਸ਼ਾ ਬਣੀ ਰਹਿੰਦੀ ਹੈ, ਇਸੇ ਲਈ ਬੰਦਾ ਆਪਣੇ ਹਰ ਕਾਰਜ ਲਈ ਜ਼ਿੰਮੇਵਾਰ ਹੈ।

**ਤਥਾਤਮਕਤਾ (Facticity)**

ਤਥਾਤਮਕਤਾ ਵਿੱਚ ਉਹ ਸਭ ਕੁਝ ਆ ਜਾਂਦਾ ਹੈ ਜੋ ਕੁਝ ਅਨਯ ਪੁਰਖ ਦੀ ਖੋਜ ਅਨੁਸਾਰ 'ਮੇਰੇ' ਬਾਰੇ ਹੈ। 'ਮੇਰੇ' ਕੁਦਰਤੀ ਗੁਣ-ਭਾਰ, ਉਚਾਈ, ਰੰਗ ਆਦਿ। ਸਮਾਜਿਕ ਗੁਣ-ਜਾਤ, ਗੋਤ, ਧਰਮ, ਕੌਮੀਅਤ ਆਦਿ। ਮਨੋਵਿਗਿਆਨਕ ਗੁਣ-ਵਿਸ਼ਵਾਸ, ਇੱਛਾਵਾਂ ਆਦਿ। ਮੇਰੇ ਪਿਛਲੇ ਕਾਰਜ ਮੇਰਾ ਖਾਨਦਾਨ, ਪਰਿਵਾਰ ਆਦਿ। ਮੇਰਾ ਚੁਗਿਰਦਾ, ਮੇਰਾ ਆਲ਼ਾ-ਦੁਆਲ਼ਾ ਆਦਿ। ਤਥਾਤਮਕਤਾ ਦਾ ਸੰਬੰਧ ਬੰਦੇ ਦੇ ਭੂਤਕਾਲ ਨਾਲ਼ ਵੀ ਹੈ। ਸੰਖੇਪ ਇਹ ਕਿ ਫੈਕਟੀਸਿਟੀ Being-in-itself ਦਾ ਅਜਿਹਾ ਲੱਛਣ ਹੈ ਜਿਸ ਸੰਬੰਧੀ Being-for-itself ਕੁਝ ਵੀ ਕਰਨ ਦੇ ਸਮਰੱਥ ਨਹੀਂ। ਇਹ ਯਥਾਰਥ ਦੇ ਅਜਿਹੇ ਲੱਛਣ ਹੁੰਦੇ ਹਨ ਜੋ ਸੁਤੰਤਰ ਇੱਛਾ ਨੂੰ ਰੋਕਦੇ ਹਨ। ਅਰਥਾਤ ਉਸ ਸੁਤੰਤਰਤਾ ਨੂੰ ਜੋ ਸੰਭਾਵਨਾ ਵਿੱਚ ਬਦਲਣ ਦੀ ਇੱਛਾ ਵਿੱਚ ਬਦਲੀ ਜਾ ਸਕਦੀ ਹੈ।

**ਸੁਤੰਤਰਤਾ (Freedom)**

ਸੁਤੰਤਰ ਕਾਰਜ ਉਹ ਹੈ ਜੋ ਬਿਨਾਂ ਕਿਸੇ ਬਾਹਰੀ ਦਬਾਅ ਦੇ ਕੀਤਾ ਜਾਂਦਾ ਹੈ। ਉਹ ਕਾਰਜ ਜਿਸਨੂੰ ਕਰਨ ਲਈ ਪਹਿਲਾਂ ਤਥਾਤਮਕਤਾ ਵਿੱਚ ਅਜਿਹੀ ਸੁਵਿਧਾ ਨਾ ਹੋਵੇ ਪਰ ਅਨੇਕਾਂ ਸੰਭਾਵਨਾਵਾਂ ਜ਼ਰੂਰ ਸਾਹਮਣੇ ਹੋਣ। ਸਵੈ ਵਲੋਂ ਖ਼ੁਦ ਫ਼ੈਸਲਾ ਲੈਣਾ ਸੁਤੰਤਰਤਾ ਅਖਵਾਉਂਦਾ ਹੈ। ਸੁਤੰਤਰਤਾ ਅਤੇ ਸ਼ਕਤੀ ਵਿੱਚ ਅੰਤਰ ਹੈ ਸਾਰਤਰ ਅਨੁਸਾਰ, 'To be free is not at all to be able to do what one can do........Freedom is total, but power is limited by the situation' ਭਾਵ ਸੁਤੰਤਰਤਾ ਸ਼ਕਤੀ ਦੀ ਦੁਰਵਰਤੋਂ ਨਹੀਂ ਹੁੰਦੀ।

**ਚੋਣ (Choice)**

ਬੰਦੇ ਦੀ ਸੰਸਾਰ ਵਿੱਚ ਹੋਂਦ ਬੁਨਿਆਦੀ ਤੌਰ 'ਤੇ ਚੋਣ ਕਰਨ ਵਿੱਚ ਨਿਹਿਤ ਹੈ। ਇਹ ਚੋਣ ਸਿੱਧੀ/ਅਸਿੱਧੀ ਕਿਵੇਂ ਵੀ ਹੋ ਸਕਦੀ ਹੈ। ਚੋਣ ਸੰਸਾਰ ਦੀਆਂ ਸਥੂਲ ਵਸਤਾਂ ਵਿੱਚੋਂ ਕਰਨੀ ਪੈਂਦੀ ਹੈ। ਜਦੋਂ ਚੋਣ ਪ੍ਰਯੋਗਕਤਾ ਦੇ ਆਧਾਰ ਤੇ ਸੁਤੰਤਰਤਾ ਨਾਲ਼ ਕੀਤੀ ਜਾਂਦੀ ਹੈ ਤਾਂ ਅਸਤਿਤਵ ਦੀ ਹੋਂਦ ਅਨੁਭਵ ਹੁੰਦੀ ਹੈ। ਅਸਤਿਤਵਵਾਦੀ ਮਨੋਵਿਸ਼ਲੇਸ਼ਣ ਦਾ ਇਹ ਕੰਮ ਹੈ ਕਿ ਉਹ ਇਹ ਵੇਖੇ ਕਿ ਕਿਸੇ ਵਿਅਕਤੀ ਨੇ ਕੋਈ ਚੋਣ ਕਿਸ ਮੰਤਵ ਅਧੀਨ ਕੀਤੀ ਹੈ। ਚੋਣ ਹਮੇਸ਼ਾ ਸੁਤੰਤਰਤਾ ਨਾਲ਼ ਕੀਤੀ ਜਾਣੀ ਬਣਦੀ ਹੈ। ਸਵੈ ਦੁਆਰਾ ਚੁਣੀਆਂ ਕੀਮਤਾਂ ਦਾ ਮਹੱਤਵ ਹੁੰਦਾ ਹੈ। 'The Self is an ongoing construction

recreated in each moment through our choices.'

**ਜ਼ਿੰਮੇਵਾਰੀ (Responsibility)**

ਸੁਤੰਤਰਤਾ ਜਿਸਨੂੰ ਸਾਰੇ ਲੋਕ ਚਾਹੁੰਦੇ ਹਨ, ਅਸਲ ਵਿੱਚ ਇੱਕ ਬੋਝ ਹੁੰਦਾ ਹੈ। ਸਾਰਤਰ ਤਾਂ ਇੱਥੋਂ ਤੱਕ ਕਹਿੰਦਾ ਹੈ ਕਿ ਸਾਨੂੰ ਸੁਤੰਤਰ ਹੋਣ ਦੀ ਸਜ਼ਾ ਸੁਣਾਈ ਗਈ ਹੈ। ਅਸੀਂ ਸਾਰੇ ਸੰਸਾਰ ਦਾ ਬੋਝ ਆਪਣੇ ਮੋਢਿਆਂ 'ਤੇ ਚੁੱਕੀ ਫਿਰਦੇ ਹਾਂ ਕਿਉਂਕਿ ਅਸੀਂ ਸੰਸਾਰ ਪ੍ਰਤੀ ਅਤੇ ਇਸ ਵਿੱਚ ਰਹਿੰਦੇ ਹੋਏ ਆਪਣੇ ਆਪ ਪ੍ਰਤੀ ਜ਼ਿੰਮੇਵਾਰ ਹਾਂ। ਸਾਡੀਆਂ ਚੋਣਾਂ ਨੂੰ ਸਾਕਾਰ ਕਰਦਿਆਂ ਅਸੀਂ ਸੰਕਟ ਵਿੱਚ ਰਹਿੰਦੇ ਹਾਂ। ਸਾਡੇ ਕਾਰਜਾਂ ਨਾਲ਼ ਹੀ ਸੰਸਾਰ ਹੈ। ਸਾਰਤਰ ਬੰਦੇ ਉੱਪਰ ਜ਼ਿੰਮੇਵਾਰੀ ਦਾ ਅਜਿਹਾ ਭਾਰ ਪਾਉਂਦਾ ਹੈ ਕਿ ਆਪਣੇ ਕੀਤੇ ਕੰਮਾਂ ਲਈ ਅਤੇ ਨਤੀਜਿਆਂ ਲਈ ਹਰ ਬੰਦਾ ਜ਼ਿੰਮੇਵਾਰ ਹੈ। ਜੇ ਤੁਸੀਂ ਦੋ ਸ਼ਬਦਾਂ ਵਿੱਚ ਅਸਤਿਤਵਵਾਦ ਬਿਆਨ ਕਰਨਾ ਹੋਵੇ ਤਾਂ ਕਹਿ ਸਕਦੇ ਹੋ। 'ਕੋਈ ਬਹਾਨੇਬਾਜ਼ੀ ਨਹੀਂ' (No Excuses)

**ਸਾਫ਼ ਦਿਲੀ (Sincerity)**

ਸਾਰਤਰ ਅਨੁਸਾਰ ਸਾਫ਼-ਦਿਲੀ ਖੋਟੇ ਨਿਸ਼ਚੇ (Bad Faith) ਦੇ ਵਿਰੋਧ ਵਿੱਚ ਹੈ। ਸਾਫ਼-ਦਿਲੀ ਜੋ ਕੁਝ ਬੰਦਾ ਹੈ (what man is), ਉਸਨੂੰ ਪਰਵਾਨ ਕਰਨ ਵਿੱਚ ਪ੍ਰਗਟ ਹੁੰਦੀ ਹੈ। ਨੇਕ-ਦਿਲੀ ਲਈ ਕੀਤੇ ਜਤਨ ਗੁੱਡ ਫੇਥ ਹੁੰਦੇ ਹਨ।

**ਕੀਮਤਾਂ (Values)**

ਅਸਤਿਤਵਵਾਦੀ ਕੀਮਤਾਂ ਅਜਿਹੀਆਂ ਹੋ ਸਕਦੀਆਂ ਹਨ। 'ਮੈਂ' ਬੇਘਰੇ ਨੂੰ ਜਾਂ ਗਰੀਬ ਨੂੰ ਵੇਖਦਾ ਹੀ ਨਹੀਂ ਉਸਦੀ ਸਹਾਇਤਾ ਵੀ ਕਰਦਾ ਹਾਂ। 'ਮੈਂ' ਦੂਜੇ ਦੀ ਗੱਲ ਨੂੰ ਕੇਵਲ ਸੁਣਦਾ ਹੀ ਨਹੀਂ, ਉਸਦਾ ਉੱਤਰ ਵੀ ਦਿੰਦਾ ਹਾਂ। 'ਮੈਂ ਕਿਸੇ ਮੰਦਰ/ਗੁਰਦੁਆਰੇ/ਸੈਮੀਨਾਰ/ਕਾਨਫਰੰਸ/ਮੀਟਿੰਗ ਵਿੱਚ ਕੇਵਲ ਜਾਂਦਾ ਹੀ ਨਹੀਂ ਸਗੋਂ ਧਿਆਨ ਵੀ ਕੇਂਦਰਤ ਕਰਦਾ ਹਾਂ। 'ਮੈਂ' ਮੋਬਾਇਲ 'ਤੇ ਅਲਾਰਮ ਕਲਾਕ ਲਾਉਂਦਾ ਹੀ ਨਹੀਂ, ਉਸ ਅਨੁਸਾਰ ਉੱਠਦਾ ਵੀ ਹਾਂ। ਮੈਂ ਪੁਸਤਕਾਂ/ਗ੍ਰੰਥ ਕੇਵਲ ਪੜ੍ਹਦਾ ਹੀ ਨਹੀਂ, ਵਿਚਾਰਦਾ ਵੀ ਹਾਂ ਆਦਿ। ਕੀਮਤਾਂ ਆਪਣੀ ਹੋਂਦ ਫੌਰੀ ਲੋੜ ਵਿੱਚੋਂ ਪੂਰੀਆਂ ਕਰਦੀਆਂ ਹਨ। ਸਾਰਤਰ ਆਪਣੇ ਸਮੇਂ ਦੀਆਂ ਸੰਸਥਾਗਤ ਕੀਮਤਾਂ ਦੇ ਵਿਰੁੱਧ ਸੀ ਕਿਉਂਕਿ ਉਹ ਸੁਤੰਤਰਤਾ ਵਿੱਚੋਂ ਪੈਦਾ ਨਹੀਂ ਸਨ ਹੁੰਦੀਆਂ। ਜੇ ਮੈਂ ਅਲਾਰਮ ਵੱਜਣ 'ਤੇ ਜਾਗਕੇ ਉੱਠਦਾ ਨਹੀਂ ਤਾਂ ਅਲਾਰਮ ਆਪਣੀ ਫੌਰੀ ਲੋੜ ਗੁਆ ਬੈਠੇਗਾ। ਪਲੈਟੋ ਤਾਂ ਕਹਿੰਦਾ ਹੈ- Being is valuable in itself ਪਰ ਸਾਰਤਰ ਕਹਿੰਦਾ ਹੈ- Being in itself has no meaning and hence no values. ਇਵੇਂ ਸੁਤੰਤਰਤਾ ਤੋਂ ਪਹਿਲਾਂ ਕੋਈ ਕੀਮਤ

ਨਹੀਂ ਹੁੰਦੀ। ਕੀਮਤ ਦਾ ਸੱਚ ਇਸ ਗੱਲ ਵਿੱਚ ਨਿਹਿਤ ਹੈ ਕਿ ਇਹ ਚੁਣੀ ਗਈ ਹੈ, ਨਾ ਕਿ ਚੁਣੀ ਚੁਣਾਈ ਮਿਲੀ ਹੈ। ਸਾਰਤਰ ਕੀਰਕੇਗਾਰਦ ਨਾਲ਼ ਸਹਿਮਤ ਹੈ ਜਦੋਂ ਉਹ ਕਹਿੰਦਾ ਹੈ- It is in my freedom who authorize the Bible, to guide me and I am responsible for that authorization ਕੀਮਤਾਂ ਤੋਂ ਸਾਰਤਰ ਦਾ ਭਾਵ ਹੈ- 'ਮੇਰੇ' ਅਨੁਭਵ ਦੇ ਉਹ ਪੱਖ ਜੋ ਕਾਰਨ ਵਸ ਹੀ ਸੰਪੰਨ ਨਹੀਂ ਹੁੰਦੇ ਸਗੋਂ 'ਮੈਥੋਂ' ਕਲੇਮ ਵੀ ਕਰਦੇ ਹਨ।

**ਡਰ, ਤੀਬਰ-ਵੇਦਨਾ ਅਤੇ ਚਿੰਤਾ (Fear, Anguish and Anxiety)**

ਡਰ ਉਦੋਂ ਪੈਦਾ ਹੁੰਦਾ ਹੈ ਜਦੋਂ ਬੰਦੇ ਦੀ ਜ਼ਿੰਦਗੀ ਵਿੱਚ ਬਾਹਰੋਂ ਕਿਸੇ ਤਬਦੀਲੀ ਦੀ ਸੰਭਾਵਨਾ ਹੋਵੇ। ਤੀਬਰ-ਵੇਦਨਾ ਉਦੋਂ ਪੈਦਾ ਹੁੰਦੀ ਹੈ ਜਦੋਂ ਕਿਸੇ ਪਰਿਸਥਿਤੀ ਵਿੱਚ ਕੀਤੇ ਪ੍ਰਤੀਕਰਮ ਦੀ ਭਰੋਸੇਯੋਗਤਾ ਨਾ ਰਹੇ। ਜੇ ਕੋਈ ਸਿਪਾਹੀ ਯੁੱਧ ਵਿੱਚ ਬੰਬ ਸੁੱਟਣ ਦੀ ਤਿਆਰੀ ਕਰ ਰਿਹਾ ਹੈ ਤਾਂ ਉਸਦੇ ਮਨ ਵਿੱਚ ਪਹਿਲਾਂ 'ਡਰ' ਪੈਦਾ ਹੋਵੇਗਾ। ਜਦੋਂ ਉਸਦੇ ਮਨ ਵਿੱਚ ਸਥਿਤੀ ਨਾਲ਼ ਨਿਪਟਣ ਦੀ ਚਿੰਤਾ ਪੈਦਾ ਹੋਵੇਗੀ ਤਾਂ 'ਤੀਬਰ-ਵੇਦਨਾ' ਉਤਪੰਨ ਹੁੰਦੀ ਹੈ। ਇੱਕ ਵਿਦਿਆਰਥੀ ਦੇ ਮਨ ਵਿੱਚ ਪਰੀਖਿਆ ਲਈ ਤਿਆਰੀ ਕਰਦੇ ਸਮੇਂ ਡਰ ਪੈਦਾ ਹੁੰਦਾ ਹੈ। ਪਰੀਖਿਆ ਭਵਨ ਵੱਲ ਟੁਰਨ ਸਮੇਂ ਤੀਬਰ ਵੇਦਨਾ ਪੈਦਾ ਹੁੰਦੀ ਹੈ। ਸੰਖੇਪ ਇਹ ਕਿ ਜੇ 'ਸਥਿਤੀ' ਬੰਦੇ ਉੱਪਰ ਕਾਰਜਸ਼ੀਲ ਹੈ ਤਾਂ 'ਭੈਅ' ਪਰ ਜੇ 'ਬੰਦਾ' 'ਸਥਿਤੀ' ਤੇ ਕਾਰਜਸ਼ੀਲ ਹੈ ਤਾਂ ਤੀਬਰ-ਵੇਦਨਾ ਪੈਦਾ ਹੁੰਦੀ ਹੈ। ਚਿੰਤਾ ਵਿੱਚ ਡਰਾਉਣ ਵਾਲੀ ਕੋਈ ਸਿੱਧੀ ਵਸਤੂ ਨਹੀਂ ਹੁੰਦੀ ਪਰ ਇਸ ਵਿੱਚ ਮੇਰੇ ਆਪੇ ਦੀ ਸੰਭਾਵਨਾ ਮੈਥੋਂ ਗੁਆਚ ਜਾਂਦੀ ਹੈ। ਚਿੰਤਾ 'ਮੈਂ-ਵਾਦ' ਦੀ ਪਰਖ ਕਰਦੀ ਹੈ। ਚਿੰਤਾ ਵਸਤੂਆਂ ਨੂੰ ਜਿਵੇਂ ਉਹ ਹਨ ਉਵੇਂ ਸਮਝਣ ਨੂੰ ਨਸ਼ਟ ਕਰਦੀ ਹੈ। ਉਹ ਅਬਸਰਡ ਹੋ ਜਾਂਦੀਆਂ ਹਨ। ਜੋ ਕੁੱਝ ਬਚਦਾ ਹੈ, ਉਹ ਫੋਕੀ ਪਛਾਣ ਹੁੰਦੀ ਹੈ।

**ਭੋਇ ਬਨਾਮ ਆਕਾਰ (Ground Vs Figure)**

ਜਦੋਂ ਕੋਈ ਬੰਦਾ ਕਿਸੇ ਨੂੰ ਕਿਸੇ ਸਥਾਨ 'ਤੇ ਮਿਲਣ ਲਈ ਜਾਂਦਾ ਹੈ ਤਾਂ ਉਸ ਸਥਾਨ 'ਤੇ ਹੋਰ ਸਭ ਕੁਝ ਤਾਂ ਹੋਵੇ ਪਰ ਜਿਸਨੂੰ ਮਿਲਣਾ ਹੈ, ਉਹ ਨਾ ਹੋਵੇ ਤਾਂ ਇਸਦਾ ਭਾਵ ਹੈ ਕਿ ਗਰਾਊਂਡ ਤਾਂ ਹੈ ਪਰ ਫ਼ਿਗੁਰ ਨਹੀਂ ਹੈ।

**ਦੂਜੇ ਬੰਦੇ (Other People)**

ਦੂਜਾ ਬੰਦਾ ਮੈਨੂੰ ਵਸਤੂ ਬਣਾਕੇ ਮੇਰਾ ਅਸਤਿਤਵ ਮੈਥੋਂ ਖੋਹ ਲੈਂਦਾ ਹੈ। 'ਮੈਂ' ਜਿਵੇਂ ਦੂਜੇ ਨੂੰ ਵਿਖਾਈ ਦਿੰਦਾ ਹਾਂ, ਉਸਦੇ ਤੱਕਣ ਤੋਂ ਸ਼ਰਮਿੰਦਾ ਹਾਂ। 'ਮੇਰੀ' ਮੌਲਿਕ ਗਿਰਾਵਟ ਦੂਜੇ ਬੰਦੇ ਦਾ ਅਸਤਿਤਵ ਬਣ ਜਾਂਦੀ ਹੈ। ਇਸੇ ਨੂੰ ਸਾਰਤਰ Hell is the Other People ਕਹਿੰਦਾ ਹੈ। ਇਸ ਦੇ ਉਲਟ ਆਪਾਂ ਕਹਿ ਸਕਦੇ ਹਾਂ ਕਿ ਸਹਾਇਕ ਬੰਦੇ Heaven is the other people ਵੀ ਹੋ ਸਕਦੇ ਹਨ।

**ਖਾਹਸ਼ (Desire)**

ਦੂਜੇ ਬੰਦੇ ਦੀ ਆਤਮਪਰਕਤਾ 'ਤੇ ਕਾਬਜ਼ ਹੋਣ ਦੀ ਵਿਧੀ ਕਾਮੁਕ ਇੱਛਾ ਹੁੰਦੀ ਹੈ। ਇੱਛਾ ਦੀ ਇੱਛਾ ਹੁੰਦੀ ਹੈ ਕਿ ਦੂਜੇ ਦੀ ਇੱਛਾ ਨੂੰ ਆਮੰਤ੍ਰਤ ਕੀਤਾ ਜਾਵੇ। ਅਜਿਹੀ ਹਾਲਤ ਵਿੱਚ ਦੂਜੇ ਨੂੰ ਕੇਵਲ ਮਾਸ ਸਮਝ ਲਿਆ ਜਾਂਦਾ ਹੈ। ਅਰਥਾਤ ਵਸਤੂ ਮੰਨ ਲਿਆ ਜਾਂਦਾ ਹੈ। ਸਾਰਤਰ ਅਨੁਸਾਰ Desire desires the desire of the other.

**ਸਥਿਤੀ (Situation)**

ਸਾਰਤਰ ਦਾ ਕਹਿਣਾ ਹੈ ਕਿ ਜਦੋਂ ਅਸੀਂ ਸਥਿਤੀ ਬਾਰੇ ਵਿਚਾਰ ਕਰਦੇ ਹਾਂ ਤਾਂ ਅਸੀਂ ਸਥਿਤੀ ਵਿੱਚ ਵਿਚਰ ਰਹੇ ਬੰਦੇ ਵੱਲੋਂ ਲਏ ਗਏ ਪੈਂਤੜੇ ਦੀ ਗੱਲ ਕਰਦੇ ਹਾਂ। ਬਾਹਰੋਂ ਕਿਸੇ ਸਥਿਤੀ ਬਾਰੇ ਸੋਚਣਾ ਅਸੰਭਵ ਹੈ। ਸੱਚ ਤਾਂ ਇਹ ਹੈ ਕਿ ਸਥਿਤੀ ਵਸਤਾਂ ਦਰਮਿਆਨ ਘਿਰੀ 'ਮੈਂ' ਹੀ ਹੁੰਦੀ ਹੈ, ਇਹ ਫੈਕਟੀਸਿਟੀ ਤੋਂ ਪੈਦਾ ਹੁੰਦੀ ਹੈ।

**ਅਸਤਿਤਵਵਾਦ ਮਾਨਵਵਾਦ ਹੈ (Existentialism is Humanism)**

1946 ਈ: ਵਿੱਚ ਸਾਰਤਰ ਨੇ ਇੱਕ ਨਿਬੰਧ ਲਿਖਿਆ ਜਿਸਦਾ ਸਿਰਲੇਖ ਹੈ- ਅਸਤਿਤਵਵਾਦ ਮਾਨਵਵਾਦ ਹੈ। ਚੋਣ ਸੰਬੰਧੀ ਲਿਖਦਿਆਂ ਉਸ ਨੇ ਨੈਤਿਕਤਾ ਸੰਬੰਧੀ ਗੱਲ ਕੀਤੀ। ਉਸਦਾ ਸੰਖੇਪ ਭਾਵ ਇਹ ਹੈ ਕਿ ਕੋਈ ਬੰਦਾ ਆਪਣੇ ਲਈ ਮਾੜੀ ਚੋਣ ਕਰ ਹੀ ਨਹੀਂ ਸਕਦਾ। ਇੰਜ ਉਸਦੀ ਚੋਣ ਅਜਿਹੀ ਹੋਵੇਗੀ ਜੋ ਸਰਬੱਤ ਦੇ ਭਲੇ ਲਈ ਹੋਵੇਗੀ। ਪਹਿਲੀ ਗੱਲ ਤਾਂ ਇਹ ਹੈ ਕਿ ਜੋ ਕੁੱਝ ਬੰਦਾ ਚੁਣਦਾ ਹੈ ਉਹ ਬਹੁਤ ਸਾਰੇ ਬਦਲਾਵਾਂ ਵਿੱਚੋਂ ਵਧੀਆ ਚੁਣਦਾ ਹੈ। ਸਾਰਤਰ ਦਾ ਕਹਿਣਾ ਹੈ ਕਿ ਸਵੈ ਦੀ ਚੋਣ ਵਿੱਚ ਮੈਂ ਬੰਦੇ ਦੀ ਚੋਣ ਕਰਦਾ ਹਾਂ। ਇਸਦਾ ਭਾਵ ਹੈ – 'In Choosing myself, I choose man' ਨਤੀਜੇ ਵਜੋਂ ਉਸਦਾ ਕਹਿਣਾ ਹੈ ਕਿ ਜੋ ਕੁੱਝ ਮੈਂ ਆਪਣੇ ਲਈ ਚੰਗਾ ਮੰਨ ਰਿਹਾ ਹਾਂ, 'ਮੈਂ' ਤਰਕਪੂਰਨ ਢੰਗ ਨਾਲ਼ ਦਾਅਵਾ ਕਰਦਾ ਹਾਂ ਕਿ ਇਹ ਸਭ ਲਈ ਚੰਗਾ ਹੈ। ਸਾਰਤਰ ਦਾ ਸੰਦੇਸ਼ ਹੈ ਕਿ ਸਾਡੀ ਜ਼ਿੰਮੇਵਾਰੀ ਜਿਤਨੀ ਅਸੀਂ ਮਿਥਦੇ ਹਾਂ, ਉਸ ਨਾਲ਼ੋਂ ਕਿਤੇ ਅਧਿਕ ਹੈ ਕਿਉਂਕਿ ਇਸ ਵਿੱਚ ਸਾਰੀ ਮਨੁੱਖਤਾ ਸ਼ਾਮਲ ਹੈ। ਸਾਰਤਰ ਦੀ ਨੈਤਿਕਤਾ (Ethics) ਇਮੈਨੁਅਲ ਕਾਂਤ ਤੋਂ ਪ੍ਰਭਾਵਿਤ ਹੈ। ਕਾਂਤ ਕਹਿੰਦਾ ਹੈ ਕਿ ਇਉਂ ਅਮਲ ਕਰੋ ਕਿ ਤੁਹਾਡੇ ਕਾਰਜ ਦਾ ਸਿਧਾਂਤ ਸਰਵ ਵਿਆਪਕ ਨਿਯਮ ਵਜੋਂ ਪਰਵਾਨ ਹੋ ਸਕੇ। ਕਾਂਤ ਦੇ ਸਿੱਧਾਂਤ ਅਨੁਸਾਰ ਸਾਰਤਰ ਕਹਿੰਦਾ ਹੈ ਕਿ ਆਪਣੀ ਸੁਤੰਤਰਤਾ ਦੀ ਇੱਛਾ ਕਰਦਿਆਂ ਬੰਦੇ ਨੂੰ ਸਾਰੀ ਮਨੁੱਖਤਾ ਦੀ ਆਜ਼ਾਦੀ ਦੀ ਇੱਛਾ ਕਰਨੀ ਚਾਹੀਦੀ ਹੈ।

*ਅਧਿਆਇ ਤੀਜਾ*

# ਅਸਤਿਤਵਵਾਦੀ ਅਧਿਐਨ ਦਾ ਆਧਾਰ ਤੇ ਮਾਡਲ

ਅਸਤਿਤਵਵਾਦੀ ਦਰਸ਼ਨ ਅਨੁਸਾਰ ਬੰਦਾ ਜੀਵ-ਵਿਗਿਆਨਕ ਜਣਨ ਪ੍ਰਕਿਰਿਆ ਅਨੁਸਾਰ ਇਸ ਧਰਤੀ 'ਤੇ ਜਨਮ ਲੈਂਦਾ ਹੈ। ਪਹਿਲਾਂ ਉਹ ਕੇਵਲ 'ਹੈ' ਹੈ। ਉਸਨੇ ਜਿਸ ਸੰਸਾਰ ਵਿੱਚ ਜਨਮ ਲਿਆ ਹੈ, ਉਸ ਨੂੰ ਉਸ ਸੰਸਾਰ ਵਿੱਚ ਇੱਕ ਬਣਿਆ ਬਣਾਇਆ ਚੁਗਿਰਦਾ ਮਿਲ਼ਦਾ ਹੈ। ਉਸਨੂੰ ਇਕ ਵਿਸ਼ੇਸ਼ ਸ਼ਕਲ ਵਾਲੇ ਸਰੀਰ ਵਿੱਚ ਸੁੱਟਿਆ ਗਿਆ ਹੈ। ਸੰਸਾਰ ਦੇ ਇੱਕ ਵਿਸ਼ੇਸ਼ ਖਿੱਤੇ ਜਾਂ ਮੁਲਕ ਵਿੱਚ ਘੱਲਿਆ ਗਿਆ ਹੈ। ਕਿਸੇ ਵਿਸ਼ੇਸ਼ ਇਤਿਹਾਸਕ ਜੁਗ ਵਿੱਚ ਜਨਮ ਦਿੱਤਾ ਗਿਆ ਹੈ। ਇੱਕ ਵਿਸ਼ੇਸ਼ ਭੂਮੀ ਮੈਦਾਨੀ/ਪਹਾੜੀ/ਸਮੁੰਦਰੀਤਟ/ਮਾਰੂਥਲ/ਬਰਫ਼ੀਲੇ ਇਲਾਕੇ ਵਿੱਚ ਪੈਦਾ ਹੋਣ ਦਾ ਅਵਸਰ ਮਿਲ਼ਿਆ ਹੈ। ਉਸਦਾ ਜਨਮ ਅਮੀਰ/ਗ਼ਰੀਬ ਪਰਿਵਾਰ ਵਿੱਚ ਹੋਇਆ। ਉਹ ਲੜਕਾ ਹੈ ਜਾਂ ਲੜਕੀ ਹੈ। ਉਸਦਾ ਰੰਗ ਗੋਰਾ ਹੈ, ਕਣਕ-ਵੰਨਾ ਹੈ, ਜਾਂ ਕਾਲਾ ਹੈ। ਕਹਿਣ ਦਾ ਭਾਵ ਹੈ ਕਿ ਹਰ ਬੰਦੇ ਨੂੰ ਜਨਮ ਸਮੇਂ ਇੱਕ ਅਜਿਹਾ ਸੰਸਾਰ ਮਿਲਦਾ ਹੈ ਜੋ ਉਸਦੀ ਆਪਣੀ 'ਚੋਣ' ਨਹੀਂ ਹੁੰਦੀ। ਜੀਵਨ ਦੀ ਤਾਸ਼ ਦੇ ਜਿਹੜੇ ਪੱਤੇ ਉਸਦੀ ਵੰਡ ਵਿੱਚ ਆਉਂਦੇ ਹਨ, ਇਸ ਵਿੱਚ ਉਸਦੀ ਮਰਜ਼ੀ ਨਹੀਂ ਹੁੰਦੀ ਪਰ ਜੀਵਨ ਦੀ ਸਮੁੱਚੀ ਖੇਡ ਖੇਡਣੀ ਉਸਨੇ ਇਨ੍ਹਾਂ ਪੱਤਿਆਂ ਨਾਲ਼ ਹੀ ਹੁੰਦੀ ਹੈ। ਉਸਦੇ ਦਿਸਹੱਦੇ ਸਮਾਂ-ਬੱਧ ਹੁੰਦੇ ਹਨ। ਆਪਣੇ ਜੀਵਨ ਦੀ ਦੌੜ ਲਈ ਉਹ ਜਿਸ ਰੇਖਾ 'ਤੇ ਖੜ੍ਹਾ ਹੈ, ਉਹ ਉਸ ਲਈ ਪਹਿਲਾਂ ਹੀ ਖਿੱਚੀ ਹੋਈ ਹੈ। ਸਾਰਤਰ ਦੇ ਸ਼ਬਦਾਂ ਵਿੱਚ 'ਬੰਦਾ ਪਹਿਲਾਂ ਹੋਂਦ ਵਿੱਚ ਆਉਂਦਾ ਹੈ, ਆਪਣੇ ਆਪ ਨਾਲ਼ ਜੂਝਦਾ ਹੈ, ਸੰਸਾਰ ਦੀ ਆਪਾ-ਧਾਪੀ ਵਿੱਚ ਅੱਗੇ ਵਧਦਾ ਹੈ ਅਤੇ ਫਿਰ ਆਪਣੇ ਆਪ ਨੂੰ ਪਰਿਭਾਸ਼ਤ ਕਰਦਾ ਹੈ।'

ਬੰਦੇ ਦੇ ਕੁਦਰਤੀ ਗੁਣ-ਭਾਰ, ਉਚਾਈ, ਰੰਗ; ਸਮਾਜਿਕ ਗੁਣ-ਜਾਤ, ਗੋਤ, ਧਰਮ, ਕੌਮੀਅਤ; ਮਨੋਵਿਗਿਆਨਕ ਗੁਣ-ਵਿਸ਼ਵਾਸ, ਇੱਛਾਵਾਂ; ਇਤਿਹਾਸਕ ਗੁਣ-ਪਰਿਵਾਰਕ ਪਿਛੋਕੜ ਆਦਿ ਸਭ ਉਸਦੀ ਜੀਵਨ-ਦੌੜ ਲਈ ਪਹਿਲੋਂ ਹੀ ਹਾਜ਼ਰ ਹਨ। ਇਹ ਉਸਦੀ ਤਥਾਤਮਕਤਾ ਅਰਥਾਤ ਫੈਕਟਸਿਟੀ ਹੈ ਜਿਸ ਨੂੰ ਉਹ ਬਦਲ ਨਹੀਂ ਸਕਦਾ।

ਪਰ ਹਰ ਬੰਦੇ ਅੱਗੇ ਅਨੇਕ ਸੰਭਾਵਨਾਵਾਂ (Possibilities) ਹੁੰਦੀਆਂ ਹਨ। ਇਨ੍ਹਾਂ ਸੰਭਾਵਨਾਵਾਂ ਵਿੱਚੋਂ ਉਸਨੇ ਆਪਣੀ ਚੋਣ (Choice) ਕਰਨੀ ਹੁੰਦੀ

ਹੈ। ਅਜਿਹੀ ਚੋਣ ਲਈ ਫ਼ੈਸਲਾ (Decision) ਉਸਨੂੰ ਆਪਣੀ ਸੁਤੰਤਰਤਾ (Freedom) ਨਾਲ਼ ਲੈਣਾ ਬਣਦਾ/ਪੈਂਦਾ ਹੈ। ਫਿਰ ਜੋ ਚੋਣ ਕਰ ਲਈ ਉਸਤੇ ਅਮਲ (Act) ਕਰਨਾ ਪੈਂਦਾ ਹੈ। ਆਪਣੇ ਕਾਰਜ (Act) ਦੇ ਨਤੀਜਿਆਂ ਦੀ ਜ਼ਿੰਮੇਵਾਰੀ (Responsibility) ਉਸਦੀ ਹੁੰਦੀ ਹੈ। ਉਹ ਇਨ੍ਹਾਂ ਨਤੀਜਿਆਂ ਦੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦਾ। ਅਸਤਿਤਵਵਾਦੀਆਂ ਦਾ ਨਾਅਰਾ ਹੈ 'No Excuse' ਅਰਥਾਤ ਕੋਈ 'ਬਹਾਨੇਬਾਜ਼ੀ ਨਹੀਂ।'

ਅਸਤਿਤਵਵਾਦੀ ਦ੍ਰਿਸ਼ਟੀ ਤੋਂ ਰੱਬ ਵਾਂਗ ਸਾਹਿਤਕਾਰ ਵੀ ਸਿਰਜਕ ਹੈ। ਕੁਦਰਤ ਨੇ ਬੰਦੇ ਦੀ ਸਿਰਜਨਾ ਕੀਤੀ ਹੈ। ਇਸੇ ਪ੍ਰਕਾਰ ਸਾਹਿਤਕਾਰ ਆਪਣੇ ਪਾਤਰਾਂ ਦੀ ਸਿਰਜਨਾ ਕਰਦਾ ਹੈ। ਉਨ੍ਹਾਂ ਦੇ ਵਿਚਰਨ ਲਈ ਵਿਸ਼ੇਸ਼ ਪਰਿਸਥਿਤੀ ਸਿਰਜਦਾ ਹੈ। ਜਿਸ ਪਰਿਸਥਿਤੀ ਵਿੱਚ ਉਹ ਆਪਣੇ ਪਾਤਰਾਂ ਨੂੰ ਸੁੱਟਦਾ ਹੈ। ਉਹ ਉਨ੍ਹਾਂ ਦੀ ਫੈਕਟੀਸਿਟੀ ਹੈ। ਇਹ ਫੈਕਟੀਸਿਟੀ ਪਾਤਰ ਲਈ 'ਗਿਵਨ' ਹੈ। ਪਾਤਰਾਂ ਅੱਗੇ ਅਨੇਕ ਬਦਲ (ਸੰਭਾਵਨਾਵਾਂ) ਹੁੰਦੀਆਂ ਹਨ। ਉਨ੍ਹਾਂ ਅਨੇਕ ਸੰਭਾਵਨਾਵਾਂ ਵਿੱਚੋਂ ਉਹ ਆਪਣੇ ਸੁਤੰਤਰ ਫ਼ੈਸਲੇ ਨਾਲ਼ 'ਚੋਣ' ਕਰਦੇ ਹਨ। ਉਸ ਚੋਣ ਵਿੱਚ ਉਹ 'ਅਮਲ' ਕਰਦੇ ਹੋਏ ਇਸ ਚੋਣ ਦੇ ਨਤੀਜਿਆਂ ਲਈ ਜ਼ਿੰਮੇਵਾਰ ਹੁੰਦੇ ਹਨ। ਇਸ ਸਾਰੀ ਪ੍ਰਕਿਰਿਆ ਵਿੱਚ ਉਹ ਆਪਣੇ ਅਸਤਿਤਵ ਨੂੰ ਪ੍ਰਮਾਣਿਕ ਬਣਾਉਂਦੇ ਜਾਂ ਅਪ੍ਰਮਾਣਿਕ ਬਣਾਉਂਦੇ ਹਨ। ਇਹੋ ਹੈ ਅਸਤਿਤਵਵਾਦੀ ਆਲੋਚਨਾ ਦਾ ਮੁਢਲਾ ਉਦੇਸ਼।

ਦੂਜਾ ਨੁਕਤਾ ਹੈ ਵਿਅਕਤੀ/ਪਾਤਰ ਦਾ ਦੂਸਰੇ ਹੋਰ ਪਾਤਰਾਂ ਨਾਲ਼ ਆਪਸੀ ਵਿਵਹਾਰ ਕਿਉਂਕਿ ਅਸਤਿਤਵਵਾਦ 'ਮੈਂ-ਵਾਦ' (Solipsism)· ਨਹੀਂ ਹੈ। 'ਮੈਂ-ਵਾਦ' ਦੀ ਧਾਰਨਾ ਸਾਰੇ ਹੀ ਅਸਤਿਤਵਵਾਦੀ ਰੱਦ ਕਰ ਚੁੱਕੇ ਹਨ। ਬੰਦੇ ਦਾ ਅਸਤਿਤਵ ਦੂਜਿਆਂ ਦੇ ਰੂ-ਬ-ਰੂ ਹੋਣ ਨਾਲ਼ ਹੀ ਵਿਕਸਦਾ ਜਾਂ ਵਿਨਸਦਾ ਹੈ। ਅਸਤਿਤਵਵਾਦੀ ਵਿਅਕਤੀ ਦੇ ਪਰਿਵਾਰ, ਸਮਾਜ, ਕਮਿਊਨਿਟੀ ਨਾਲ਼ ਸੰਬੰਧਾਂ ਦੀ ਕਾਰਜਸ਼ੀਲਤਾ ਵਿੱਚੋਂ ਹੀ ਅਸਤਿਤਵ ਨੂੰ ਸਮਝਦੇ ਹਨ। ਸਾਰਤਰ ਨੇ ਸਾਫ਼ ਐਲਾਨ ਕੀਤਾ ਕਿ Existentialism is Humanism ਇਉਂ ਅਸਤਿਤਵਵਾਦੀ ਆਲੋਚਨਾ ਸਾਹਿਤਕ ਰਚਨਾਵਾਂ ਵਿੱਚੋਂ ਪਾਤਰਾਂ ਨੂੰ ਆਪਸੀ ਸੰਬੰਧਾਂ ਅਨੁਸਾਰ ਸਮਝਦੀ ਹੈ। ਪਾਤਰਾਂ ਦੇ ਕੰਮਾਂ, ਕਾਰਜਾਂ ਜਾਂ ਵਿਹਾਰਾਂ ਨੂੰ ਸਮੁੱਚ ਦੇ ਰੂਪ ਵਿੱਚ ਸਮਝਣਾ ਪੈਂਦਾ ਹੈ।

ਅਸਤਿਤਵਵਾਦੀ ਆਲੋਚਨਾ ਦੀ ਮੁੱਖ ਵਿਧੀ ਹੈ ਘਟਨਾ ਕਿਰਿਆ ਵਿਗਿਆਨ (Phenomenology) ਜਿਸਦਾ ਬਾਨੀ ਐਡਮੰਡ ਹੁਸਰਲ ਹੈ। ਉਸ ਦੀ ਧਾਰਣਾ ਚੇਤਨਾ ਦੇ ਕਾਰਜਾਂ (Acts of consciousness) ਵਿੱਚ ਨਿਹਿਤ ਹੈ ਅਤੇ ਉਹ ਪੂਰਵ ਧਾਰਣਾਵਾਂ ਦੀ ਬਰੈਕਟਿੰਗ ਕਰਨ ਦੇ ਹੱਕ ਵਿੱਚ ਹੈ ਪਰ

ਮਾਰਟਿਨ ਹਾਈਡਿਗਰ ਦੀ ਘਟਨਾ-ਕਿਰਿਆ-ਵਿਗਿਆਨ ਚੇਤਨਾ ਨਾਲ਼ੋਂ ਵੱਧ ਕਾਰਜਾਂ ਤੇ ਜ਼ੋਰ ਦਿੰਦੀ ਹੈ। ਹਾਈਡਿਗਰ ਤਾਂ 'Laying the stress upon acts rather than upon Consciousness he (Heidegger) arrives at an ethics of choosing and willing and reaching towards the future'[1] ਦਾ ਸਿਧਾਂਤ ਪੇਸ਼ ਕਰਦਾ ਹੈ। ਹੁਸਰਲ ਦੀ ਫੇਨੋਮਾਨੋਲੋਜੀ ਪਾਤਰਾਂ ਦੀ ਸੰਸਾਰਕ ਸਮਝ ਲਈ ਲਾਹੇਵੰਦ ਹੈ ਜਦੋਂ ਕਿ ਅਸਤਿਤਵਵਾਦ ਸਾਹਿਤਕ ਸੰਸਾਰ ਵਿੱਚ ਪਾਤਰ ਕਿਵੇਂ ਜੀਵਨ ਜਿਉਂਦੇ ਹਨ, ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ।

ਅਸਤਿਤਵਵਾਦੀ ਆਲੋਚਨਾ ਉਸ ਨੁਕਤੇ (Cogito) ਨੂੰ ਗਿਆਨ ਦੀ ਪੱਧਰ ਤੇ ਲਿਆਉਣ ਦਾ ਇੱਕ ਯਤਨ ਹੈ ਜੋ ਲੇਖਕ ਦੇ ਲਿਖਣ-ਕਾਰਜ ਨੂੰ ਸ਼ਰਤਬੱਧ ਕਰਦਾ ਹੈ ਕਿਉਂ ਜੋ ਕਿਸੇ ਇੱਕ ਲੇਖਕ ਦਾ ਸਾਰਾ ਯੋਗਦਾਨ ਇੱਕ ਅਜਿਹੇ ਅਸਤਿਤਵੀ ਕੇਂਦਰ ਤੋਂ ਫ਼ੈਲਦਾ ਹੈ ਜਿਸ ਵਿੱਚੋਂ ਹਜ਼ਾਰਾਂ ਹੀ ਮਾਰਗ ਪ੍ਰਕਾਸ਼ਮਾਨ ਹੁੰਦੇ ਹਨ। ਲੇਖਕ ਦੀ ਜੀਵਨੀ ਵੀ ਸਾਹਿਤਕ ਕਿਰਤ ਨੂੰ ਸਪਸ਼ਟ ਕਰਦੀ ਹੈ ਅਤੇ ਰਚਨਾ ਵੀ ਲੇਖਕ ਦੇ ਜੀਵਨ ਨੂੰ ਸਮਝਣ ਵਿੱਚ ਸਹਾਈ ਹੁੰਦੀ ਹੈ। ਆਲੋਚਕ ਵੱਲੋਂ ਲੇਖਕ ਦੀ ਕੋਜੀਟੋ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਘਟਨਾ-ਕਿਰਿਆ-ਵਿਗਿਆਨ ਅਨੁਸਾਰ ਚੇਤਨਾ ਦਾ ਕਾਰਜ ਅੰਦਰੋਂ ਸ਼ੁਰੂ ਹੁੰਦਾ ਹੈ। ਪ੍ਰਸਿੱਧ ਵਿਦਵਾਨ Poulet ਅਨੁਸਾਰ ਆਲੋਚਨਾ ਦੇ ਕਾਰਜ ਵਿੱਚ ਆਲੋਚਕ ਦੀ ਚੇਤਨਾ ਸਾਹਿਤਕਾਰ ਦੀ ਚੇਤਨਾ ਅੱਗੇ ਆਪਾ ਸਮਰਪਣ (Self-Surrender) ਕਰਦੀ ਹੈ। Poulet ਦੇ ਹੀ ਸ਼ਬਦਾਂ ਵਿੱਚ, "I am on loan to another, and this other thinks, feels, suffers and acts with in me."[2] ਇਸ ਦ੍ਰਿਸ਼ਟੀ ਤੋਂ ਵਾਚਿਆਂ ਅਸਤਿਤਵਵਾਦੀ ਆਲੋਚਨਾ ਅਜਿਹਾ ਬੌਧਿਕ ਕਾਰਜ ਬਣਨ ਦੀ ਸੰਭਾਵਨਾ ਰੱਖਦੀ ਹੈ ਜਿਸ ਵਿੱਚ ਆਲੋਚਕ ਇੱਕ ਸਿਰਜਕ ਕਲਾਕਾਰ ਹੋ ਨਿਬੜਦਾ ਹੈ। ਇਸ ਆਲੋਚਨਾ ਦਾ ਮਹੱਤਵ ਇਸ ਗੱਲ ਵਿੱਚ ਨਿਹਿਤ ਹੈ ਕਿ ਹਰ ਇੱਕ ਸਾਹਿਤਕ ਕਿਰਤ ਮਨੁੱਖੀ ਅਸਤਿਤਵ ਨੂੰ ਪਕੜਨ ਅਥਵਾ ਗ੍ਰਹਿਣ ਕਰਨ ਵੱਲ ਰੁਚਿਤ ਰਹਿੰਦੀ ਹੈ। ਪਰ ਸਾਹਿਤਕ ਕਿਰਤਾਂ ਵਿੱਚੋਂ (ਫ਼ਰਜ਼ ਕਰੋ ਨਾਵਲਾਂ ਵਿੱਚੋਂ) ਮਨੁੱਖੀ ਅਸਤਿਤਵ ਇਤਿਹਾਸ ਵਾਂਗ ਢੂੰਡਣਾ ਇੱਕ ਵਿਅਰਥ ਕਾਰਜ ਹੁੰਦਾ ਹੈ। ਇਵੇਂ ਵਰਤਮਾਨ ਵਾਂਗ ਹੀ ਭੂਤਕਾਲ ਵਿੱਚ ਲਿਖੀਆਂ ਗਈਆਂ ਕਿਰਤਾਂ ਨਾਲ਼ ਵੀ ਸੰਵਾਦ ਸੰਭਵ ਹੈ ਕਿਉਂਕਿ ਭੂਤਕਾਲ ਸਾਡੇ ਲਈ ਬਹੁਤਾ ਓਪਰਾ ਨਹੀਂ ਹੁੰਦਾ।

ਅਸਤਿਤਵਵਾਦੀ ਆਲੋਚਨਾ ਦੇ ਘੇਰੇ ਵਿੱਚ ਮਨੁੱਖੀ ਅਸਤਿਤਵ ਨਾਲ਼ ਸੰਬੰਧਤ ਵਿਸ਼ੇ ਜਿਵੇਂ ਕਿ ਤਥਾਤਮਕਤਾ, ਸੰਭਾਵਨਾਵਾਂ, ਫ਼ੈਸਲੇ, ਚੋਣ, ਆਜ਼ਾਦੀ, ਜ਼ਿੰਮੇਵਾਰੀ, ਗੁਨਾਹ, ਨਿਰਾਸ਼ਤਾ ਸੀਮ-ਬਧਤਾ, ਜਜ਼ਬਾਤੀਪਣ, ਮਨੋਦਸ਼ਾ, ਫ਼ਿਕਰ,

ਤੌਖਲਾ, ਅਕੇਵਾਂ, ਮਤਲਾਹਟ, ਤੁੱਛਤਾ, ਆਤਮਨਿਸ਼ਠਤਾ, ਭੈਅ (Dread), ਡਰ (Fear), ਅਲਪਕਾਲਿਕਤਾ, ਸੰਕਟ, ਸ਼ਕਤੀ ਲਈ ਦਿੜ੍ਹਤਾ, ਨੈਤਿਕਤਾ, ਕੀਮਤਾਂ, ਮਾਲਕ-ਦਾਸ ਸੰਬੰਧ, ਸੰਵਾਦ, ਵਫ਼ਾਦਾਰੀ, ਵਾਅਦਾ, ਗਵਾਹੀ, ਸਥੂਲ ਹੋਂਦ, ਵਿਅਕਤਿਤਵ-ਰਹਿਤਤਾ, ਪਤਿਤਪੁਣਾ, ਵਹਿਮ (Hallucination), ਸ਼ੀਜ਼ੋਫਰੇਨੀਆ, ਸ਼ਖ਼ਸੀਅਤ, ਭੌਇੰ ਤੇ ਆਕਾਰ, ਤੀਬਰ-ਵੇਦਨਾ, ਖੋਟਾ-ਨਿਸ਼ਚਾ (Bad Faith), ਨੇਕ-ਦਿਲੀ, ਮੌਲਿਕ-ਯੋਜਨਾ ਜਾਂ ਇਸ ਵਿੱਚ ਤਬਦੀਲੀ, ਕਾਰਜਸ਼ੀਲਤਾ, ਤ੍ਰੈਕਾਲਤਾ, ਦੂਸਰੇ ਲੋਕ, ਸ਼ਰਮਿੰਦਗੀ, ਖ਼ਾਹਸ਼, ਈਰਖਾ, ਲਾਲਚ, ਪਿਆਰ, ਕਾਮ, ਭੀੜ, ਸਪੇਸ, ਸਮਾਂ, ਨੇਕੀ-ਬਦੀ, ਮੌਤ ਆਦਿ ਆ ਜਾਂਦੇ ਹਨ। ਕਹਿਣ ਦਾ ਭਾਵ ਮਨੁੱਖ ਜੋ ਕਿ ਸਾਹਿਤਕ ਰਚਨਾਵਾਂ ਵਿੱਚ ਪਾਤਰ ਵਜੋਂ ਪ੍ਰਵੇਸ਼ ਕਰਦੇ ਹਨ, ਉਨ੍ਹਾਂ ਦੀ ਹੋਂਦ ਨਾਲ਼ ਸੰਬੰਧਤ ਹਰ ਅੰਸ਼ ਅਸਤਿਤਵਵਾਦੀ ਆਲੋਚਕ ਲਈ ਪਰਖ ਵਜੋਂ ਹਾਜ਼ਰ ਹੁੰਦਾ ਹੈ।

ਅਸਤਿਤਵਵਾਦ ਇਸ ਸੰਸਾਰ ਵਿੱਚ ਬੰਦੇ ਦੀ ਸ਼ਮੂਲੀਅਤ ਅਤੇ ਕਾਰਜਸ਼ੀਲਤਾ ਦਾ ਅਧਿਐਨ ਕਰਦਾ ਹੈ। ਇੱਥੇ ਤਰਕ ਗੌਣ ਹੋ ਜਾਂਦਾ ਹੈ। ਸੰਸਾਰ ਵਿੱਚ ਬੰਦੇ ਨੂੰ ਅਨੈਤਿਕ ਅਤੇ ਬੇਤੁਕੇ ਸੰਸਾਰ ਨਾਲ਼ ਜੂਝਣਾ ਪੈਂਦਾ ਹੈ। ਬੰਦਾ ਕੀ ਹੈ? ਇਹ ਆਪਣੀਆਂ ਗਤੀਵਿਧੀਆਂ ਦਾ ਜੋੜ ਫ਼ਲ ਹੀ ਤਾਂ ਹੈ। ਉਸਨੇ ਜੋ ਕੁੱਝ ਵੀ ਬਣਨਾ ਹੈ, ਆਪਣੇ ਅਮਲਾਂ ਦੁਆਰਾ ਹੀ ਬਣਨਾ ਹੈ। ਇਸ ਦਾਰਸ਼ਨਿਕ ਵਿਧੀ ਵਿੱਚ ਬੰਦੇ ਦੀ ਆਤਮਪਰਕਤਾ ਉਸਨੂੰ ਉਸਦੇ ਸਾਹਵੇਂ ਵਿਭਿੰਨ ਸੰਭਾਵਨਾਵਾਂ ਵਿੱਚੋਂ ਬਿਨਾਂ ਕਿਸੇ ਬਾਹਰੀ ਦਬਾਅ ਦੇ ਸੁਤੰਤਰ ਚੋਣ ਦੀ ਖੁਲ੍ਹ ਦਿੰਦੀ ਹੈ। ਇਸ ਵਿੱਚ ਜ਼ਿੰਮੇਵਾਰੀ ਅਤੇ ਕਿਸੇ ਹੱਦ ਤੱਕ ਜਜ਼ਬੇ ਨੂੰ ਅਹਿਮ ਸਥਾਨ ਹਾਸਲ ਹੁੰਦਾ ਹੈ। ਸਚੇਤ ਜਾਂ ਅਚੇਤ ਦਾਰਸ਼ਨਿਕ ਹੀਗਲ ਨੇ ਅਸਤਿਤਵਵਾਦੀਆਂ ਨੂੰ ਦਾਰਸ਼ਨਿਕ ਚੌਖਟਾ ਪ੍ਰਦਾਨ ਕੀਤਾ।

| ਹੋਂਦ | ਅਣਹੋਂਦ | ਹੋਣਾ |
|---|---|---|
| Being | Non-Being | becoming |

ਇਹੋ ਤ੍ਰਿਗੜੀ ਫਾਰਮੂਲਾ ਅਸਤਿਤਵਵਾਦ ਦੇ ਅਸਤਿਤਵੀ ਸੰਕਲਪ ਲਈ ਆਧਾਰ-ਸ਼ਿਲਾ ਪ੍ਰਦਾਨ ਕਰਦਾ ਹੈ। ਇਹੋ ਤ੍ਰਿਗੜੀ ਅਸਤਿਤਵਵਾਦ ਵਿੱਚ ਇੰਜ ਰੂਪਾਂਤਰਤ ਹੁੰਦੀ ਹੈ :

| ਅਸਤਿਤਵ | ਅਣਹੋਂਦ ਦੀ ਚੇਤਨਾ | ਸਾਰ |
|---|---|---|
| Existence | Awareness of Nothingness | Essence |

ਕੀਰਕੇਗਾਰਦ, ਫਰੈਡਰਿਕ ਨੀਤਸ਼ੇ ਅਤੇ ਹਾਈਡਿਗਰ ਤੋਂ ਬਿਨਾਂ ਹੈਨਰੀ ਬਰਗਸਾਂ ਨੇ ਬੌਧਿਕਤਾ ਵਿਰੋਧੀ ਪੈਂਤੜਾ ਅਖ਼ਤਿਆਰ ਕਰਕੇ ਅਸਤਿਤਵਵਾਦੀ ਚਿੰਤਨ ਨੂੰ ਹੁਲਾਰਾ ਦਿੱਤਾ। ਸਾਰਤਰ (Jean Paul Sartre) ਨੇ ਦੁਨਿਆਵੀ

ਅਤੇ ਧਰਮ-ਨਿਰਪੇਖ (Secular) ਅਸਤਿਤਵਵਾਦ 'ਤੇ ਜ਼ੋਰ ਦਿੱਤਾ। ਐਲਬੇਅਰ ਕਾਮੂ ਨੇ ਆਪਣੀਆਂ ਗਲਪ ਰਚਨਾਵਾਂ ਰਾਹੀਂ ਇਸਨੂੰ ਬਲ ਪ੍ਰਦਾਨ ਕੀਤਾ। ਉਹ ਬੰਦੇ ਨੂੰ ਵਿਰੋਧੀ ਪਰਿਸਥਿਤੀਆਂ ਨਾਲ਼ ਟੱਕਰ ਲੈਣ ਲਈ ਉਤੇਜਤ ਕਰਦਾ ਹੈ। ਸਾਈਮਨ ਦ ਬੋਂਵੇਰ ਅਸਤਿਤਵ ਲਈ ਆਸ਼ਾਵਾਦੀ ਦ੍ਰਿਸ਼ਟੀਕੋਣ ਪੇਸ਼ ਕਰਨ ਵੱਲ ਰੁਚਿਤ ਹੈ। ਇਹ ਵੀ ਸੱਚ ਹੈ ਕਿ ਕਈ ਚਿੰਤਕ ਇਸਨੂੰ ਵਾਦ ਮੰਨਣ ਤੋਂ ਇਨਕਾਰੀ ਹਨ। ਉਹ ਇਸ ਲਈ ਦਾਰਸ਼ਨਿਕ ਪੱਧਤੀ ਸ਼ਬਦਾਂ ਦਾ ਪ੍ਰਯੋਗ ਕਰਦੇ ਹਨ।

ਇਹ ਵੀ ਸੱਚ ਹੈ ਕਿ ਕਿਸੇ ਵੀ ਇੱਕ ਲੇਖਕ ਦੀ ਰਚਨਾ ਵਿੱਚ ਉਕਤ-ਵਰਣਨ ਸਾਰੀਆਂ ਵਿਸ਼ੇਸ਼ਤਾਵਾਂ ਹੋਣੀਆਂ ਜ਼ਰੂਰੀ ਨਹੀਂ। ਸੱਚ ਇਹ ਵੀ ਹੈ ਕਿ ਜ਼ਰੂਰੀ ਨਹੀਂ ਲੇਖਕ ਇਨ੍ਹਾਂ ਲੱਛਣਾਂ ਦੀ ਪੇਸ਼ਕਾਰੀ ਕਰਦੇ ਹੋਏ ਅਸਤਿਤਵੀ ਸਿਧਾਤਾਂ ਤੋਂ ਚੇਤਨ ਹੋਣ। ਸਾਡਾ ਮੱਤ ਹੈ ਕਿ ਜਿੱਥੇ ਵੀ ਬੰਦੇ ਦੀ ਪੇਸ਼ਕਾਰੀ ਪਾਤਰ ਦੇ ਰੂਪ ਵਿੱਚ ਹੁੰਦੀ ਹੈ, ਉਥੇ ਹੀ ਅਸਤਿਤਵ ਹੈ। ਸੁਭਾਵਿਕ ਹੀ ਹੈ ਕਿ ਬੰਦੇ ਦੇ ਅਜਿਹੇ ਸੁਭਾਵੀ ਲੱਛਣਾਂ ਬਿਨਾਂ ਪਾਤਰਾਂ ਦੀ ਪੇਸ਼ਕਾਰੀ ਹੋ ਹੀ ਨਹੀਂ ਸਕਦੀ। ਇਸੇ ਲਈ ਸਾਰਤਰ ਨੇ ਆਪਣੇ ਦਰਸ਼ਨ ਨੂੰ ਬੰਦੇ 'ਤੇ ਕੇਂਦਰਤ ਕੀਤਾ ਹੈ। ਕਿਸੇ ਵੀ ਸਾਹਿਤਕ ਰਚਨਾ ਦੇ ਲੇਖਕ/ਉਸ ਦੁਆਰਾ ਸਿਰਜੇ ਪਾਤਰ ਦੇ ਅਸਤਿਤਵ ਨੂੰ ਢੁਕਵੀਂ ਵਿਧੀ/ਚੇਤਨਾ ਮਾਡਲ ਰਾਹੀਂ ਸਮਝਿਆ ਜਾ ਸਕਦਾ ਹੈ। ਇਸ ਸੰਬੰਧ ਵਿੱਚ ਸਾਰਤਰ ਦੇ ਸ਼ਬਦ ਉੱਲੇਖਨੀਯ ਹਨ।

'One can arrive at a perfect understanding of a man if one has necessary elements... in order to prove that everyman is knowable provided that one uses the appropriate method and has the necessary documents'[3]

ਬੰਦੇ ਦਾ ਮਹਾਂ-ਸੰਕਟ ਇਹ ਹੈ ਕਿ ਉਸਦੀ ਦੂਰੀ ਰੱਬ ਤੋਂ, ਇਸ ਸੰਸਾਰ ਤੋਂ, ਲੋਕਾਂ ਤੋਂ ਹੀ ਨਹੀਂ ਵੱਧ ਰਹੀ ਬਲਕਿ ਉਸਦੀ ਹੋਂਦ ਤਾਂ ਆਪਣੇ 'ਸਵੈ' ਤੋਂ ਵੀ ਕਿਨਾਰਾ ਕਰ ਰਹੀ ਹੈ। ਇੱਥੇ ਇੱਕ ਨੁਕਤਾ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਸਪਸ਼ਟ ਕਰਨਾ ਬਣਦਾ ਹੈ ਕਿ ਅਸਤਿਤਵਵਾਦ ਵਿੱਚ ਤਰਕਹੀਣ ਦੇ ਮਹੱਤਵ ਦਾ ਇਹ ਭਾਵ ਉੱਕਾ ਹੀ ਨਹੀਂ ਕਿ ਤਰਕ ਜਾਂ ਵਿਗਿਆਨਕ ਸੋਚ ਵਿੱਚ ਅਸਤਿਤਵਵਾਦੀਆਂ ਦਾ ਵਿਸ਼ਵਾਸ ਹੀ ਨਹੀਂ; ਇਹ ਤਾਂ ਕੇਵਲ ਇਸ ਨੁਕਤੇ 'ਤੇ ਬਲ ਦਿੰਦਾ ਹੈ ਕਿ ਅਧਿਕਤਰ ਸੌੜੇ ਬੁੱਧੀਵਾਦ ਨੇ ਮਨੁੱਖੀ ਜੀਵਨ ਨੂੰ ਸਹੀ ਸੰਦਰਭ ਵਿੱਚ ਸਮਝਣ ਦੇ ਰਾਹ ਵਿੱਚ ਰੋੜਾ ਅਟਕਾਇਆ ਹੈ। ਉਦਾਹਰਨ ਵਜੋਂ 'ਚੰਨ' ਅਤੇ 'ਸੂਰਜ' ਗਿਆਨਕਰਨ (Enlightenment) ਦੇ ਪ੍ਰਤੀਕ ਹਨ। 'ਵਹਿੰਗੀ' ਕਾਵਿ-ਰਚਨਾ ਵਿੱਚ ਜਦੋਂ ਸੁਰਜੀਤ ਪਾਤਰ ਲਿਖਦਾ ਹੈ : ਚੰਨ ਤੇ ਸੂਰਜ ਅੰਧਲੇ

ਹੋ ਗਏ/ਗੰਗਾ ਦੇ ਜਲ ਗੰਧਲੇ ਹੋ ਗਏ/ਸਾਰੇ ਚਾਨਣ ਧੁੰਦਲੇ ਹੋ ਗਏ/ਤੇ ਉਹ ਚੰਨ ਤੇ ਸੂਰਜ ਦੀ ਵਹਿੰਗੀ ਸਰਵਣ ਨੂੰ ਚੁੱਕਣ ਲਈ ਕਹਿੰਦਾ ਹੈ ਤਾਂ ਅਜਿਹੇ ਧੁੰਦ ਗੁਬਾਰ ਨੂੰ ਸਮਝਣ ਲਈ ਕਿਹੜਾ ਤਰਕ ਬਾਕੀ ਰਹਿ ਜਾਂਦਾ ਹੈ। ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਅਸਤਿਤਵਵਾਦ ਬੌਧਿਕਤਾ/ਗਿਆਨਕਰਨ ਵਿਰੁੱਧ ਬਾਗੀ ਦ੍ਰਿਸ਼ਟੀ ਨਹੀਂ ਰੱਖਦਾ। ਨੁਕਤਾ ਕੇਵਲ ਇਤਨਾ ਹੈ ਕਿ ਕਈ ਵਾਰੀ ਅਪੂਰਨ ਤਾਰਕਿਕਤਾ ਮਨੁੱਖੀ ਜੀਵਨ ਦੀਆਂ ਹਨ੍ਹੇਰੀਆਂ ਤੈਹਾਂ ਨੂੰ ਸਮਝਣ ਤੋਂ ਅਸਮਰੱਥ ਰਹਿੰਦੀ ਹੈ। ਬੁੱਧੀ ਦਿਲ ਦੀ ਗੁਆਂਢਣ ਤਾਂ ਹੈ ਪਰ ਉਸਨੂੰ ਕਈ ਵਾਰੀ ਫਰੋਲਣ ਅਤੇ ਸੇਧ ਦੇਣ ਤੋਂ ਬੇਵਸੀ ਪ੍ਰਗਟ ਕਰ ਜਾਂਦੀ ਹੈ। ਜਜ਼ਬਾਤ ਕਈ ਵਾਰ ਹਾਵੀ ਹੋ ਕੇ ਬੁੱਧੀ ਨੂੰ ਭ੍ਰਿਸ਼ਟ ਕਰਦਾ ਵੇਖਿਆ ਜਾਂਦਾ ਹੈ। ਇਸੇ ਲਈ ਤਾਂ ਨੀਤਸ਼ੇ ਕਹਿੰਦਾ ਹੈ, 'One should hold fast one's heart, for when one letteth it go, how quickly doth one's head run away!'[4]

ਸਾਰੇ ਹੀ ਸਾਹਿਤਕਾਰ ਮਾਨਵੀ ਸਰੋਕਾਰਾਂ ਨਾਲ਼ ਲਬਰੇਜ਼ ਰਚਨਾਵਾਂ ਸਿਰਜਦੇ ਹਨ ਜਿਨ੍ਹਾਂ ਵਿੱਚ ਅਸਤਿਤਵੀ ਸਰੋਕਾਰ ਆਪਣਾ ਵਿਲੱਖਣ ਸਥਾਨ ਰੱਖਦੇ ਹਨ।

ਭਾਸ਼ਾ ਦਾ ਪ੍ਰਯੋਗ ਲੇਖਕ ਦੇ ਆਪਣੇ ਅਸਤਿਤਵ ਨਾਲ਼ ਸੰਬੰਧਤ ਕੀਤਾ ਜਾਂਦਾ ਹੈ। ਹਰ ਲੇਖਕ ਦੀ ਸ਼ੈਲੀ ਵਿੱਚ ਅੰਤਰ ਹੁੰਦਾ ਹੈ। ਅਨੇਕਾਂ ਵਾਰ ਲੇਖਕ ਤਕੀਆ ਕਲਾਮ ਵਰਤਦਾ ਹੈ। ਸਾਰਤਰ ਭਾਸ਼ਾ 'ਤੇ ਜ਼ਿਆਦਾ ਕੇਂਦਰਤ ਨਹੀਂ ਰਹਿੰਦਾ ਕਿਉਂਕਿ ਉਹ ਬੁਨਿਆਦੀ ਤੌਰ 'ਤੇ ਦਾਰਸ਼ਨਿਕ ਸੀ। ਨਿਰਸੰਦੇਹ ਉਹ ਨਾਟਕਕਾਰ, ਨਾਵਲਕਾਰ ਅਤੇ ਵਾਰਤਕ ਲੇਖਕ ਵੀ ਸੀ। ਭਾਸ਼ਾ ਦੀ ਦ੍ਰਿਸ਼ਟੀ ਤੋਂ ਮਾਰਸ਼ਲ ਨਾਲ਼ੋਂ ਸਾਰਤਰ ਅਤੇ ਸਾਰਤਰ ਨਾਲ਼ੋਂ ਹਾਈਡਿਗਰ ਭਿੰਨ ਹੈ। ਲੇਖਕ ਕਈ ਵਾਰੀ ਟਕਸਾਲੀ ਭਾਸ਼ਾ ਨਾਲ਼ੋਂ ਆਂਚਲਿਕਤਾ ਦਾ ਜ਼ਿਆਦਾ ਪ੍ਰਯੋਗ ਕਰ ਜਾਂਦੇ ਹਨ। ਸ਼ੈਲੀ ਹੀ ਸ਼ਖ਼ਸੀਅਤ ਹੈ, ਦਾ ਸਿਧਾਂਤ ਸਮਝਣਾ ਪੈਂਦਾ ਹੈ।

ਕਿਸੇ ਵੀ ਸਾਹਿਤਕਾਰ ਅਤੇ ਉਸਦੀ ਰਚਨਾ ਦੇ ਮੁਲਾਂਕਣ ਲਈ ਉਸਦੀ ਰਚਨਾ ਦੇ ਅੰਤਰੀਵ ਨੂੰ ਸਮਝਣਾ ਪੈਂਦਾ ਹੈ, ਬਾਹਰ ਨੂੰ ਨਹੀਂ। ਭਾਵੇਂ ਬਾਹਰ ਵੀ ਕਈ ਵਾਰ ਅੰਤਰੀਵ ਨੂੰ ਕਈ ਹਾਲਤਾਂ ਵਿੱਚ ਪ੍ਰਭਾਵਿਤ ਕਰ ਜਾਂਦਾ ਹੈ। ਫਿਰ ਵੀ ਅਸੀਂ ਭਾਈ ਵੀਰ ਸਿੰਘ, ਨਾਨਕ ਸਿੰਘ, ਬਾਵਾ ਬਲਵੰਤ, ਸ਼ਿਵ ਕੁਮਾਰ, ਅਵਤਾਰ ਸਿੰਘ ਪਾਸ਼, ਸੰਤ ਰਾਮ ਉਦਾਸੀ, ਕਿਰਪਾਲ ਕਜ਼ਾਕ ਆਦਿ ਲੇਖਕਾਂ ਦੀਆਂ ਬਾਹਰੀ ਡਿਗਰੀਆਂ ਨਹੀਂ ਵੇਖਦੇ। ਰਾਬਿੰਦਰ ਨਾਥ ਟੈਗੋਰ ਨੂੰ ਨੋਬਲ ਪੁਰਸਕਾਰ ਲਾਰਡ ਮੈਕਾਲੇ ਦੀ ਸਿੱਖਿਆ ਨੀਤੀ ਜਾਂ ਅੰਗਰੇਜ਼ ਸਰਕਾਰ ਦੁਆਰਾ ਸਥਾਪਿਤ ਕਿਸੇ ਵਿਸ਼ਵ-ਵਿਦਿਆਲੇ ਦੀ ਉਚੇਰੀ ਯੋਗਤਾ ਨੇ ਨਹੀਂ ਦਿਵਾਇਆ। ਸਿਰਜਨਾ ਅੰਦਰ ਲੇਖਕ ਅਤੇ ਉਸਦੇ ਪਾਤਰ ਦਾ ਅਸਤਿਤਵ

ਮਜ਼ਬੂਤੀ ਨਾਲ਼ ਬੈਠਾ ਹੁੰਦਾ ਹੈ। Lord Stanhope ਤਾਂ ਇੱਥੋਂ ਤੱਕ ਕਹਿ ਗਿਆ, 'Education is all paint, it does not alter the wood underneath, but only improves its appearance'[5] ਆਲੋਚਨਾ ਸਿਰਜਨਾ ਵਿੱਚ ਕਾਰਜਸ਼ੀਲ ਅੰਤਰੀਵੀ ਸ਼ਕਤੀ ਦਾ ਮੁੱਲ ਪਾਉਣ ਦਾ ਜਤਨ ਹੀ ਤਾਂ ਹੈ। ਅੰਤਰੀਵੀ ਲੱਕੜ ਦੀ ਇਹੋ ਸ਼ਕਤੀ ਜਿਸਨੂੰ ਪ੍ਰਤਿਭਾ ਦੀਆਂ ਜੜ੍ਹਾਂ ਤੋਂ ਖ਼ੁਰਾਕ ਮਿਲਦੀ ਹੈ, ਕਿਸੇ ਸਾਹਿਤਕਾਰ ਦੇ ਰਚਨਾਤਮਕ ਬਿਰਖ ਨੂੰ ਟਾਹਣੀਆਂ, ਪੱਤਿਆਂ, ਫੁੱਲ਼ਾਂ ਅਤੇ ਫਲ਼ਾਂ ਵੱਲ ਵਿਕਾਸ (Transcend) ਕਰਨ ਲਈ ਜੁੰਬਸ਼ ਪ੍ਰਦਾਨ ਕਰਦੀ ਹੈ। ਰਸਮੀ ਜਾਂ ਗ਼ੈਰ-ਰਸਮੀ ਸਿੱਖਿਆ ਇਨ੍ਹਾਂ ਫੁੱਲ਼ਾਂ ਤੇ ਫਲ਼ਾਂ ਨੂੰ ਸੁਹਜਾਤਮਕਤਾ ਪ੍ਰਦਾਨ ਕਰਨ ਵਿੱਚ ਯੋਗਦਾਨ ਤਾਂ ਪਾਉਂਦੀ ਹੀ ਹੈ।

ਵਿਅਕਤੀ ਆਪਣੇ ਫ਼ੈਸਲੇ ਦਿਮਾਗ਼ ਦੇ ਇੱਕ ਬਹੁਤ ਛੋਟੇ ਜੇਹੇ ਭਾਗ ਲੈਟਰਲ (ਹਾਬੇਨੁਲਾ) ਦੁਆਰਾ ਕਰਦਾ ਹੈ। ਇਹ ਵਿਚਾਰ ਦਿਮਾਗ਼ੀ-ਖੋਜੀਆਂ ਦਾ ਹੈ। ਇਹ ਭਾਗ ਚੰਗੀ/ਮੰਦੀ ਸੋਚ ਨੂੰ ਕੰਟਰੋਲ ਕਰਦਾ ਹੈ। ਵਿਅਕਤੀ ਆਪਣੀ ਕਰਨ-ਯੋਗਤਾ ਅਨੁਸਾਰ ਅਨੇਕ ਸੰਭਾਵਨਾਵਾਂ ਵਿੱਚੋਂ ਆਪਣੇ ਕਾਰਜ ਦੀ ਚੋਣ ਦਾ ਸਵੈ-ਵਿਸ਼ਵਾਸ ਨਾਲ਼ ਫ਼ੈਸਲਾ ਲੈਂਦਾ ਹੈ। ਫਿਰ ਉਸ ਕਾਰਜ 'ਤੇ ਪੂਰੀ ਤਰ੍ਹਾਂ ਫੋਕਸ ਕਰਦਾ ਹੈ। H.W. Longfellow ਨੇ ਠੀਕ ਹੀ ਕਿਹਾ ਹੈ, "We judge ourselves what we feel capable of doing, Others judge us by what we have done." ਇਂਜ ਸਾਡੀ ਹੋਂਦ ਦਾ ਮੰਤਵ ਨਿਰਧਾਰਿਤ ਹੁੰਦਾ ਹੈ। 'His words teach us like Geeta the value of action which justifies the very purpose of our existence.'[6] ਪੰਜਾਬੀ ਅਖਾਣ ਹੈ- ਸਵੈ ਭਰੋਸਾ ਵੱਡਾ ਤੋਸ਼ਾ ਕੋਈ ਅੰਤਰ ਪ੍ਰੇਰਣਾ ਵਾਲਾ ਕਵੀ ਹੀ ਕਹਿ ਸਕਦਾ ਹੈ- 'ਮੈਂ ਰਾਹਾਂ ਤੇ ਨਹੀਂ ਤੁਰਦਾ ਮੈਂ ਤੁਰਦਾ ਹਾਂ ਤਾਂ ਰਾਹ ਬਣਦੇ।'

### ਅਸਤਿਤਵਵਾਦੀ ਅਧਿਐਨ ਲਈ ਚੇਤਨਾ-ਮਾਡਲ ਦੀ ਉਚਿਤਤਾ

ਸਮੁੱਚੇ ਸੰਸਾਰ ਦੇ ਸਾਹਿਤ ਵਿੱਚ ਤਿੰਨ ਪ੍ਰਕਾਰ ਦਾ ਸਿਰਜਿਆ ਸਾਹਿਤ ਉੱਪਲਬਧ ਹੈ। ਇੱਕ ਹੈ ਅਧਿਆਤਮਕ ਸਾਹਿਤ, ਦੂਜਾ ਨਾਸਤਿਕ ਸਾਹਿਤ ਅਤੇ ਤੀਜਾ ਉਹ ਸਾਹਿਤ ਜਿਸ ਵਿੱਚ ਦੋਵੇਂ ਰੰਗ ਮਿਲ਼ਦੇ ਹਨ। ਪੰਜਾਬੀ ਸਾਹਿਤ ਵਿੱਚ ਇਹ ਦੋਵੇਂ ਰੰਗ ਮਿਲ਼ਦੇ ਹਨ। ਇੱਥੋਂ ਦੇ ਧਾਰਮਿਕ ਅਰਥਾਤ ਆਸਤਿਕ ਸਾਹਿਤ ਦੀ ਉਸਾਰੀ ਦੁਨਿਆਵੀ ਬਿੰਬਾਂ, ਪ੍ਰਤੀਕਾਂ ਰਾਹੀਂ ਹੁੰਦੀ ਹੈ ਅਤੇ ਇਸ ਵਿੱਚ ਮਨੁੱਖੀ ਜੀਵਨ ਲਈ ਉਦੇਸ਼ਾਤਮਕ ਸੇਧ ਪ੍ਰਦਾਨ ਕੀਤੀ ਹੋਈ ਮਿਲ਼ਦੀ ਹੈ। ਸਚਿਆਰਾ ਬਣਨਾ ਜਾਂ ਪ੍ਰਮਾਣਿਕ ਅਸਤਿਤਵ ਦਾ ਧਾਰਨੀ ਹੋਣਾ ਇੱਕੋ ਗੱਲ ਹੈ। ਪਰ ਹੁਕਮ ਜਾਂ ਰਜ਼ਾ ਵਿੱਚ ਰਹਿਣਾ, ਭਾਣਾ ਮੰਨਣਾ, ਨਾਮ ਸਿਮਰਨ ਕਰਨਾ ਅਜਿਹੇ ਅਧਿਆਤਮਕ ਗੁਣ ਹਨ ਜਿਨ੍ਹਾਂ ਦੁਆਰਾ 'ਸ਼ਬਦ' ਸੱਚੀ ਟਕਸਾਲ ਵਿੱਚ

ਵਿਅਕਤੀ/ਨਾਇਕ ਦੇ ਪ੍ਰਮਾਣਿਕ ਅਸਤਿਤਵ ਦੀ ਘਾੜਤ ਹੁੰਦੀ ਹੈ। ਵਾਰਿਸ ਦੀ ਹੀਰ ਦੁਨਿਆਵੀ ਸਾਹਿਤ ਹੁੰਦੀ ਹੋਈ ਵੀ ਕੁਰਾਨ ਦੇ ਮਾਅਨੇ ਰੱਖਦੀ ਹੈ। ਜੰਗਨਾਮੇ ਵਰਗੀਆਂ ਰਚਨਾਵਾਂ ਵਿੱਚ ਵੀ ਸ਼ਾਹ ਮੁਹੰਮਦ 'ਓਸ ਤੋਂ ਸਦਾ ਡਰੀਏ' ਦਾ ਸੰਕੇਤ ਕਰਦਾ ਹੈ। ਕਿਸੇ ਰਚਨਾ ਵਿੱਚ ਹੋਣੀ ਆਪਣਾ ਰੋਲ਼ ਅਦਾ ਕਰਦੀ ਹੈ। ਕਿਧਰੇ ਵਿਅਕਤੀਆਂ ਦੇ ਗੁਣਾਂ/ਭੁੱਲਾਂ ਸਦਕਾ ਪ੍ਰਾਪਤੀ/ਅਪ੍ਰਾਪਤੀ ਹੁੰਦੀ ਹੈ। ਰੱਬ ਨੇ ਬੰਦੇ ਨੂੰ ਬੁੱਧੀ ਦਿੱਤੀ ਹੈ, ਇਸ ਲਈ ਚੰਗੇ ਮੰਦੇ ਕਰਮਾਂ ਦੀ ਚੋਣ, ਉਨ੍ਹਾਂ 'ਤੇ ਅਮਲ ਕਰਦਿਆਂ ਠੀਕ/ਗ਼ਲਤ ਨਤੀਜਿਆਂ ਲਈ ਉਹ ਖ਼ੁਦ ਜ਼ਿੰਮੇਵਾਰ ਹੈ। ਸ਼ਖ਼ਸੀਅਤ/ਅਸਤਿਤਵ ਦੀ ਉਸਾਰੀ ਵਿੱਚ ਅਤੇ ਇਸਦੀ ਸਮਝ ਵਿੱਚ ਆਸਤਿਕ, ਨਾਸਤਿਕ ਅਤੇ ਰਲ਼ਵੇਂ ਮਿਲ਼ਵੇਂ ਗੁਣ ਰੱਖਣ ਵਾਲ਼ੇ ਸਾਹਿਤ ਸਿਰਜਕਾਂ ਦਾ ਯੋਗਦਾਨ ਹੈ। ਅਸਤਿਤਵਵਾਦੀ ਧਾਰਮਿਕ ਵੀ ਹਨ ਅਤੇ ਨਾਸਤਿਕ ਵੀ। ਦੋਵਾਂ ਦੇ ਅਸਤਿਤਵਵਾਦੀ ਵਿਚਾਰਾਂ ਦੀ ਰੌਸ਼ਨੀ ਵਿੱਚ ਅਸੀਂ ਪੰਜਾਬੀ ਸਾਹਿਤ ਦੀਆਂ ਕੁੱਝ ਚੋਣਵੀਆਂ ਰਚਨਾਵਾਂ ਦਾ ਵਿਵਹਾਰਿਕ ਵਿਸ਼ਲੇਸ਼ਣ ਕਰਨ ਦਾ ਪ੍ਰਯਤਨ ਕਰਾਂਗੇ ਕਿਉਂਜੋ ਆਸਤਿਕ ਅਤੇ ਨਾਸਤਿਕ ਦੋਵੇਂ ਪਰਿਪਾਟੀਆਂ ਦੇ ਕੇਂਦਰ ਵਿੱਚ ਤਾਂ 'ਮਨੁੱਖ' ਹੀ ਹੈ। ਸਾਹਿਤਕਾਰਾਂ ਨੇ ਆਪਣੇ ਪਾਤਰਾਂ ਦੀ ਚੋਣ ਵੀ ਤਾਂ ਮਨੁੱਖਾਂ ਵਿੱਚੋਂ ਹੀ ਕੀਤੀ ਹੁੰਦੀ ਹੈ।

**ਰੱਬ ਸਿਰਜਕ ਵਜੋਂ :-** ਰੱਬ ਸਿਰਜਨਹਾਰ ਹੈ। ਉਸਨੇ ਹੀ ਬੰਦੇ ਨੂੰ ਧਰਤੀ 'ਤੇ ਘੱਲਿਆ ਹੈ। ਉਹ ਕਰਤਾ ਪੁਰਖ ਹੈ ਅਤੇ ਸਿਰਜਨ ਦੀ ਸਮਰੱਥਾ ਰੱਖਦਾ ਹੈ। ਉਹ ਬੰਦੇ ਦੇ ਗੁਨਾਹਾਂ (Guilt) ਲਈ ਸਜ਼ਾ ਦੀ ਵੀ ਸ਼ਕਤੀ ਰੱਖਦਾ ਹੈ। ਮਿਹਰ/ਨਦਰ (Grace) ਦੀ ਵੀ। ਰੱਬ ਨੇ ਸਿਰਜਨ ਸਮੇਂ ਬੰਦੇ ਨੂੰ ਜੇਹੋਜੇ ਹਾਲਾਤ ਵਿੱਚ ਜਨਮ ਦਿੱਤਾ। ਇਹੋ ਵਿਅਕਤੀ ਦੀ ਫੈਕਟੀਸਿਟੀ (Facticity) ਹੈ। ਇਸ ਫੈਕਟੀਸਿਟੀ ਵਿੱਚ ਭਾਰ, ਉਚਾਈ, ਰੰਗ (ਕੁਦਰਤੀ ਗੁਣ); ਜਾਤ, ਗੋਤ, ਧਰਮ, ਕੌਮੀਅਤ (ਸਮਾਜਿਕ ਗੁਣ); ਵਿਸ਼ਵਾਸ, ਇੱਛਾਵਾਂ ਆਦਿ (ਮਨੋਵਿਗਿਆਨਿਕ ਗੁਣ); ਭੂਤ ਦੇ ਕਾਰਜ, ਪਰਿਵਾਰ, ਵਡੇਰੇ ਆਦਿ (ਇਤਿਹਾਸਕ ਗੁਣ) ਸਭ ਸ਼ਾਮਲ ਹੁੰਦੇ ਹਨ। ਇਹ ਸਭ ਕੁੱਝ ਬੰਦੇ ਦੇ ਜਨਮ ਸਮੇਂ ਉਸਨੂੰ ਰੈਡੀਮੇਡ ਮਿਲ਼ਦਾ ਹੈ। ਇਨ੍ਹਾਂ ਗੁਣਾਂ ਵਿੱਚ ਉਸਦੀ ਮਰਜ਼ੀ ਨਹੀਂ ਪੁੱਗਦੀ। ਜਨਮ ਦੇ ਨਾਲ਼ ਨਾਲ਼ ਮੌਤ ਦੀ ਘੜੀ ਵੀ ਬੰਦੇ ਦੇ ਵਸ ਵਿੱਚ ਨਹੀਂ। ਧਾਰਮਿਕ ਸਾਹਿਤ ਦੇ ਅਧਿਐਨ ਲਈ ਇਸ ਨੁਕਤੇ ਦਾ ਮਹੱਤਵ ਹੈ।

**ਸਿਰਜਕ ਸਾਹਿਤਕਾਰ :-** ਸਾਹਿਤਕਾਰ ਸਾਹਿਤ ਸਿਰਜਨਾ ਕਰਦਿਆਂ ਆਪਣੇ ਪਾਤਰਾਂ ਨੂੰ ਜਿਸ ਪਰਿਸਥਿਤੀ ਵਿੱਚ ਪੇਸ਼ ਕਰਦਾ ਹੈ। ਉਹ ਹੀ ਪਾਤਰਾਂ ਦੀ 'ਤਥਾਤਮਕਤਾ' (Facticity) ਹੈ। ਉਹ ਪਾਤਰਾਂ ਨੂੰ ਬਾਜ਼ੀ ਵੰਡਦਿਆਂ ਜਿਹੜੇ ਪੱਤੇ ਦਿੰਦਾ ਹੈ, ਬਾਜ਼ੀ ਉਨ੍ਹਾਂ ਪਾਤਰਾਂ ਨੇ ਉਨ੍ਹਾਂ ਪੱਤਿਆਂ ਨਾਲ਼ ਹੀ ਖੇਡਣੀ ਹੁੰਦੀ

ਹੈ। ਰੱਬ ਦੇ ਸਿਰਜੇ ਬੰਦੇ ਅਤੇ ਸਾਹਿਤਕਾਰ ਦੇ ਸਿਰਜੇ ਪਾਤਰ ਦੋਵਾਂ ਪਾਸ ਆਪੋ ਆਪਣੇ ਹਾਲਾਤ ਵਿੱਚ ਉਨ੍ਹਾਂ ਅੱਗੇ ਆਪਣਾ ਜੀਵਨ ਜਿਉਣ ਲਈ ਅਨੇਕ 'ਸੰਭਾਵਨਾਵਾਂ' ਹੁੰਦੀਆਂ ਹਨ।

**ਪ੍ਰਾਪਤ ਸੰਭਾਵਨਾਵਾਂ** :- ਬੰਦਿਆਂ/ਪਾਤਰਾਂ ਪਾਸ ਅਨੇਕ ਸੰਭਾਵਨਾਵਾਂ ਹੁੰਦੀਆਂ ਹਨ। ਚੰਗੀਆਂ ਵੀ ਮੰਦੀਆਂ ਵੀ। ਚੰਗੀਆਂ ਸੰਭਾਵਨਾਵਾਂ ਵਾਲੇ ਨਾਇਕ ਅਤੇ ਮਾੜੀਆਂ ਸੰਭਾਵਨਾਵਾਂ ਵਾਲ਼ੇ ਖਲਨਾਇਕ ਹੋ ਨਿਬੜਦੇ ਹਨ।

**ਸੁਤੰਤਰ ਫ਼ੈਸਲਾ** :- ਸੰਭਾਵਨਾਵਾਂ ਵਿੱਚੋਂ ਬਿਨਾਂ ਕਿਸੇ ਬਾਹਰੀ ਦਬਾਅ ਦੇ ਨਾਇਕ/ਪਾਤਰ ਨੇ ਕਿਸੇ ਨਾ ਕਿਸੇ ਸੰਭਾਵਨਾ ਬਾਰੇ ਫੈਸਲਾ ਲੈਣਾ ਹੁੰਦਾ ਹੈ। ਦੁਚਿੱਤੀ ਵਿੱਚੋਂ ਨਿਕਲਣਾ ਹੁੰਦਾ ਹੈ।

**ਸੁਤੰਤਰ ਚੋਣ** :- ਸੋਚ ਵਿਚਾਰ ਨਾਲ਼, ਬਿਨਾਂ ਕਿਸੇ ਬਾਹਰੀ ਦਬਾਅ ਦੇ ਲਿਆ ਗਿਆ ਫੈਸਲਾ, ਕਿਸੇ ਵੀ ਅਸਤਿਤਵ ਦੀ ਸੁਤੰਤਰ ਚੋਣ ਹੁੰਦੀ ਹੈ। ਇਹ ਚੋਣ ਮਾਪਿਆਂ/ਵਡੇਰਿਆਂ ਅਧਿਆਪਕਾਂ ਆਦਿ ਵੱਲੋਂ ਠੋਸੀ ਹੋਈ ਨਹੀਂ ਹੋਣੀ ਚਾਹੀਦੀ। ਕਿਸੇ ਬਾਹਰੀ ਦਬਾਓ ਅਧੀਨ ਚੋਣ ਨੂੰ ਸਵੀਕਾਰ ਕਰਨ ਵਾਲ਼ਾ ਅਸਤਿਤਵ ਪ੍ਰਮਾਣਿਕ ਨਹੀਂ ਹੁੰਦਾ। ਖ਼ਲੀਲ ਜਿਬਰਾਨ ਅਨੁਸਾਰ ਅਸੀਂ ਆਪਣੀਆਂ ਖ਼ੁਸ਼ੀਆਂ ਅਤੇ ਗ਼ਮੀਆਂ ਦੀ ਚੋਣ ਉਨ੍ਹਾਂ ਦੇ ਵਾਪਰਨ ਤੋਂ ਪਹਿਲਾਂ ਹੀ ਕਰ ਚੁੱਕੇ ਹੁੰਦੇ ਹਾਂ।

**ਅਮਲ** :- ਨਾਇਕ/ਪਾਤਰ ਨੂੰ ਆਪਣੀ ਕੀਤੀ ਹੋਈ ਚੋਣ 'ਤੇ ਅਮਲ ਕਰਨਾ ਪੈਂਦਾ ਹੈ। Delmore Schwartz ਅਨੁਸਾਰ "Existentialism means no one else can take a bath for you."[7] ਸਾਰਤਰ ਕਹਿੰਦਾ ਹੈ ਕਿ ਕਿਸੇ ਨਾਇਕ ਦੇ ਅਸਤਿਤਵ ਦੇ ਅਧਿਐਨ ਲਈ ਉਸਦੇ ਅਮਲ ਨੂੰ ਵਾਚੋ ਕਿਉਂਕਿ "No where a man is more man than when he is in action"[8] ਅਰਥਾਤ Existentialism is a philosophy of action.

**ਨਤੀਜਾ** :- ਸਹੀ/ਗ਼ਲਤ ਚੋਣ ਅਤੇ ਅਮਲ ਕਰਨ ਤੋਂ ਬਾਅਦ ਜੋ ਵੀ ਨਤੀਜਾ/ਫਲ਼ ਪ੍ਰਾਪਤ ਹੁੰਦਾ ਹੈ, ਉਹ ਨਾਇਕ/ਪਾਤਰ ਨੂੰ ਹਰ ਹੀਲੇ ਭੁਗਤਣਾ ਹੁੰਦਾ ਹੈ। ਸਵੀਕਾਰ ਕਰਨਾ ਪੈਂਦਾ ਹੈ। ਅਧਿਆਤਮਕਤਾ ਅਨੁਸਾਰ ਇਹ ਕੀਤੇ ਕਰਮਾਂ ਦਾ ਫਲ਼ ਹੀ ਹੁੰਦਾ ਹੈ। ਬੁੱਧੀ ਜੀਵੀਆਂ ਅਨੁਸਾਰ ਇਹ ਕਰਮ ਦਾ ਪ੍ਰਤੀਕਰਮ ਹੁੰਦਾ ਹੈ। ਮਨੁੱਖੀ ਜੀਵਨ ਵਿੱਚ Act of commission (ਕਰਨ ਯੋਗ ਕੰਮ) ਅਤੇ Act of omission (ਨਾ ਕਰਨ ਯੋਗ ਕੰਮ) ਅਸਤਿਤਵ ਨੂੰ ਹਰ ਹੀਲੇ ਪ੍ਰਭਾਵਿਤ ਕਰਦੇ ਹਨ।

**ਜ਼ਿੰਮੇਵਾਰੀ** :- ਇਨ੍ਹਾਂ ਉਕਤ ਨਤੀਜਿਆਂ ਦੀ ਜ਼ਿੰਮੇਵਾਰੀ ਤੋਂ ਕੋਈ ਵਿਅਕਤੀ ਪੱਲਾ ਨਹੀਂ ਝਾੜ ਸਕਦਾ। ਸੁਤੰਤਰ ਫ਼ੈਸਲੇ, ਚੋਣ, ਅਮਲ ਤੋਂ ਬਾਅਦ ਪ੍ਰਾਪਤ ਨਤੀਜਾ ਪ੍ਰਸੰਨਤਾ ਵਾਲ਼ਾ, ਆਨੰਦ ਦੇਣ ਵਾਲ਼ਾ ਅਤੇ ਸਫ਼ਲਤਾ-ਭਰਪੂਰ ਵੀ ਹੋ

ਸਕਦਾ ਹੈ। ਇਸਦੇ ਉਲਟ ਇਹ ਨਿਰਾਸ਼ਾ, ਉਕਤਾਹਟ, ਵਿਅਰਥਤਾ ਅਤੇ ਚਿੰਤਾ ਵਾਲ਼ਾ ਵੀ ਹੋ ਸਕਦਾ ਹੈ ਭਾਵ ਨੁਕਸਾਨਦੇਹ ਵੀ ਹੋ ਸਕਦਾ ਹੈ। ਜਿਹੋ ਜਿਹਾ ਵੀ ਨਤੀਜਾ ਹੋਵੇ ਕੋਈ ਨਾਇਕ/ਪਾਤਰ ਉਸਦੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦਾ। ਸਾਹਿਤ ਜੀਵਨ ਦਾ ਹੀ ਦਰਪਨ ਹੈ। ਇਹ ਜੀਵਨ ਦਾ ਹੀ ਪ੍ਰਤਿਨਿਧਤਵ ਕਰਦਾ ਹੈ। ਇਸ ਲਈ ਪ੍ਰਾਪਤ ਨਤੀਜੇ ਬਾਰੇ ਅਸਤਿਤਵਵਾਦ ਅਨੁਸਾਰ ਕੋਈ ਬਹਾਨੇਬਾਜ਼ੀ ਨਹੀਂ ਚੱਲ ਸਕਦੀ। ਸਾਰਤਰ ਤਾਂ ਅਜਿਹੀ ਦਸ਼ਾ ਬਾਰੇ, ਸਪਸ਼ਟ ਕਹਿੰਦਾ ਹੈ : 'No Excuse'

ਸਮਾਜਿਕ ਜੀਵਨ ਵਿੱਚ ਵੀ ਕਿਹਾ ਜਾਂਦਾ ਹੈ ਕਿ 'ਲੱਖੀਂ ਹਥ ਨ ਆਵਈ ਦਾਨਸ਼ਮੰਦਾਂ ਦੀ ਪਤਿ।' ਅਰਥਾਤ ਅਸਤਿਤਵ ਨੂੰ ਪੈਸਿਆਂ ਨਾਲ਼ ਨਹੀਂ ਤੋਲਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਮਾਝ ੧ ਵਿੱਚ ਲਿਖਦੇ ਹਨ 'ਜੇ ਜੀਵੈ ਪਤਿ ਲਥੀ ਜਾਇ ਸਭੁ ਹਰਾਮੁ ਜੇਤਾ ਕਿਛੁ ਖਾਇ।' ਇਹ ਤਾਂ ਠੀਕ ਹੈ ਸਾਰਤਰ ਨੇ ਨੋਬਲ ਪ੍ਰਾਈਜ਼ ਨੂੰ ਆਲੂਆਂ ਦੀ ਬੋਰੀ ਕਹਿਕੇ ਠੁਕਰਾ ਦਿੱਤਾ ਪਰ ਅਜਿਹਾ ਕਰਮ ਕੋਈ ਮਾਇਆ ਪੱਖੋਂ ਸੰਤੁਸ਼ਟ ਵਿਅਕਤੀ ਹੀ ਕਰ ਸਕਦਾ ਹੈ। ਗੈਬਰੀਲ ਮਾਰਸ਼ਲ What I am? ਨੂੰ What I have ਨਾਲੋਂ ਵਡੇਰਾ ਮੰਨਦਾ ਹੈ। ਮਾਰਟਿਨ ਹਾਈਡਿਗਰ ਵੀ Being with in the world ਮਾਇਆ ਵਿੱਚ ਖਚਿਤ ਹੋਣਾ ਜਾਂ ਸੰਸਾਰਿਕ ਲੋਭ-ਲਾਲਚ ਵਿੱਚ ਆ ਕੇ ਅਸਤਿਤਵ ਨੂੰ ਗੁਆਚੇ ਵਜੋਂ ਹੀ ਸਵੀਕਾਰਦਾ ਹੈ। ਸਾਡੇ ਅਨੇਕਾਂ ਧਰਮ-ਪਰਚਾਰਕ ਮਾਇਆ ਨੂੰ ਨਾਗਣੀ ਦੱਸਦੇ ਹਨ। ਇਹ ਵੀ ਸੱਚ ਹੈ ਕਿ ਮਾਇਆ ਨਾਲ਼ ਹੱਦੋਂ ਵੱਧ ਮੋਹ ਕਿਸੇ ਨਾ ਕਿਸੇ ਸਮੇਂ ਅਸਤਿਤਵ ਨੂੰ ਗੇਰ ਦਿੰਦਾ ਹੈ। ਧਾਰਮਿਕ ਅਸਤਿਤਵਵਾਦੀ ਜਕ ਮੇਰੀਟੇਨ ਵੀ ਕਹਿੰਦਾ ਹੈ ਕਿ ਅਸਤਿਤਵ ਪੌਂਡਾਂ ਨਾਲ਼ ਨਿਰਧਾਰਿਤ ਨਹੀਂ ਕੀਤਾ ਜਾ ਸਕਦਾ। ਉਹ ਪਦਾਰਥ ਵਿੱਚ ਲੀਨ ਵਿਅਕਤੀ ਨੂੰ Individual ਕਹਿੰਦਾ ਹੈ ਜਦੋਂ ਅਧਿਆਤਮ ਵਿੱਚ ਲੀਨ ਨੂੰ Person ਕਹਿੰਦਾ ਹੈ। ਨਿਕੋਲਸ ਬਰਦੀਏਵ ਕਹਿੰਦਾ ਹੈ ਕਿ ਵਸਤੂ ਸੰਸਾਰ ਵਿੱਚ ਪ੍ਰਵੇਸ਼ ਨਾਲ਼ ਅਸਤਿਤਵ ਗੁਆਚ ਜਾਂਦਾ ਹੈ। ਉਸਦਾ ਤਾਂ ਇਹ ਵੀ ਵਿਚਾਰ ਹੈ ਕਿ ਅਰਥਚਾਰੇ ਦਾ ਸਮਾਜੀਕਰਨ ਤਾਂ ਸੰਭਵ ਹੈ ਪਰ ਜ਼ਮੀਰ(Conscience) ਦਾ ਸਮਾਜੀਕਰਨ ਸੰਭਵ ਨਹੀਂ।

ਫਿਰ ਵੀ ਅਸੀਂ ਜੀਵਨ ਵਿੱਚ ਵੇਖਦੇ ਹਾਂ ਕਿ ਡਾਲਰ ਦੇ ਮੁਕਾਬਲੇ ਰੁਪੈ ਦੀ ਕੀਮਤ ਖੁਰਨ ਨਾਲ਼ ਭਾਰਤ ਦੇ ਅਸਤਿਤਵ ਨੂੰ ਖੋਰਾ ਲੱਗਦਾ ਹੈ। ਜਦੋਂ ਸੂਦਖ਼ੋਰ ਕਰਜ਼ਾਈ ਦੇ ਦਰ 'ਤੇ ਵਹੀ ਲੈ ਕੇ ਪਹੁੰਚਦਾ ਹੈ ਤਾਂ ਕਰਜ਼ਾਈ ਦਾ ਅਸਤਿਤਵ ਕੀ ਰਹਿੰਦਾ ਹੈ ? ਕੀ ਅਸਤਿਤਵ ਦੀ ਰਾਖੀ ਲਈ ਹੀ ਗ਼ਰੀਬ ਆਤਮ-ਹੱਤਿਆ ਨਹੀਂ ਕਰ ਰਹੇ ? ਸੋਚਣਾ ਬਣਦਾ ਹੈ। ਪੂੰਜੀਵਾਦੀ ਯੁਗ ਵਿੱਚ D-Cooper ਦੀ ਪੁਸਤਕ Existentialism ਅਤੇ John Hauzeland ਦੀ ਪੁਸਤਕ

New Existentialism ਵਿੱਚ ਅਜੋਕੀਆਂ ਹਾਲਤਾਂ ਅਨੁਸਾਰ ਅਸਤਿਤਵਵਾਦੀ ਵਿਆਖਿਆ ਮਿਲਦੀ ਹੈ। ਇੱਕ ਹੋਰ ਵਿਦਵਾਨ Erich fromm ਕਹਿੰਦਾ ਹੈ "If I am what I have and if I lose what I have who then am I?"[9]

ਅਰਥਾਤ ਜੋ ਕੁੱਝ ਮੇਰੇ ਪਾਸ ਹੈ, ਉਹ ਸਭ ਕੁੱਝ ਮੇਰੇ ਪਾਸੋਂ ਖੁਸ ਜਾਵੇ ਤਾਂ ਮੈਂ ਕੀ ਹਾਂ ? ਸਮਾਜ ਵਿੱਚ ਉਸ ਰਿਸ਼ਤੇਦਾਰ ਨਾਲ਼ ਕੋਈ ਨਹੀਂ ਵਰਤਦਾ ਜਿਸ ਪਾਸ ਕੇਵਲ ਗ਼ਰੀਬੀ ਹੈ। ਪੂੰਜੀਵਾਦੀ ਯੁਗ ਵਿੱਚ ਇਉਂ ਜਾਪਦਾ ਹੈ ਕਿ ਧਨ ਵੀ ਕਿਸੇ ਹੱਦ ਤੱਕ ਬੰਦੇ ਦੀ ਹੋਂਦ ਬਣਾਉਣ ਵਿੱਚ ਆਪਣਾ ਰੋਲ ਅਦਾ ਕਰਦਾ ਹੈ। ਇਸ ਤੋਂ ਬਿਨਾਂ ਭੇਡ-ਚਾਲ ਨਾਲ਼ ਵੀ ਅਸਤਿਤਵ ਗੁਆਚਦਾ ਹੈ। ਜਿਵੇਂ ਲੋਕ ਕਰਨਗੇ ਉਵੇਂ ਆਪਾਂ ਕਰਲਾਂਗੇ, ਵਾਲੀ ਦਲੀਲ ਗੁਆਚੇ ਅਸਤਿਤਵ ਦੀ ਨਿਸ਼ਾਨੀ ਹੈ।

ਮਾਲਕ ਆਪਣੇ ਅਸਤਿਤਵ ਦੀ ਰਾਖੀ ਲਈ ਜੂਝਦੇ ਹਨ। ਦਾਸਾਂ ਦੇ ਮਨ ਵਿੱਚ ਅਸਤਿਤਵ ਨੂੰ ਬੁਲੰਦ ਕਰਨ ਦੀ ਇੱਛਾ ਹਮੇਸ਼ਾ ਬਣੀ ਰਹਿੰਦੀ ਹੈ। ਇੱਕ ਝਾੜੂ ਵਾਲ਼ਾ ਵੀ ਅਸਤਿਤਵ ਨੂੰ ਬੁਲੰਦ ਕਰਕੇ ਰਾਜ-ਸ਼ਕਤੀ ਦੀ ਇੱਛਾ ਰੱਖਦਾ ਹੈ। ਉਂਜ ਵੀ ਬੰਦੇ ਪਾਸ ਲੈ ਦੇ ਕੇ ਜੇਕਰ ਕੋਈ ਆਪਣੀ ਸੱਚੀ ਪੂੰਜੀ ਹੈ, ਉਹ ਅਸਤਿਤਵ ਹੀ ਤਾਂ ਹੈ।

ਦੂਸਰੇ ਬੰਦਿਆਂ ਨਾਲ਼ ਸੰਪਰਕ ਵਿੱਚ ਆਉਣ ਨਾਲ਼ ਅਸਤਿਤਵ ਵਿਕਾਸ (Transcend) ਕਰਦਾ ਹੈ। ਕਈ ਵਾਰ ਪਰਾਏ ਬੰਦੇ ਅਸਤਿਤਵ ਲਈ Hell is the other people ਵੀ ਸਾਬਤ ਹੋ ਸਕਦੇ ਹਨ। ਦੂਜਿਆਂ 'ਤੇ ਨਿਰਭਰਤਾ ਨਾਲ਼ ਸਵੈ 'ਸਵੈ' ਨਹੀਂ ਰਹਿੰਦਾ। ਪਬਲਿਕ ਬੰਦੇ ਨੂੰ ਜ਼ਿੰਮੇਵਾਰੀ ਤੋਂ ਮੁਕਤ ਕਰ ਦਿੰਦੀ ਹੈ। ਪ੍ਰੈਸ, ਮੀਡੀਆ, ਰੇਡੀਓ, ਟੈਲੀਵਿਜਨ, ਕੰਪਿਊਟਰ ਆਦਿ ਨੇ ਬੰਦੇ ਨੂੰ ਆਪਣੇ ਬਾਰੇ ਸੋਚਣ ਤੋਂ ਸੁਤੰਤਰ ਕਰ ਦਿੱਤਾ ਹੈ। ਬੰਦਾ ਸੋਚਣ ਲੱਗ ਪਿਆ ਹੈ ਕਿ ਜਿੰਨੀਆਂ ਵੱਧ ਵਸਤੂਆਂ ਦਾ ਉਹ ਮਾਲਕ ਬਣੇਗਾ, ਉਸਦੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ ਪਰ ਅਜਿਹਾ ਹੋ ਨਹੀਂ ਰਿਹਾ। ਐਂਗਲੋ ਅਮੈਰੀਕਨ ਉਦਯੋਗ ਸੁਸਾਇਟੀ ਅਜਿਹੀ ਭਾਵਨਾ ਨੂੰ Other directedness ਵਜੋਂ ਮਹਿਸੂਸ ਕਰਦੀ ਹੈ। ਅਜਿਹੀ ਅਸਤਿਤਵੀ ਗਿਰਾਵਟ (Fallenness) ਕਾਰਨ ਹੀ ਬੰਦਾ ਆਪਣੇ ਮਰਨ ਦੀ ਗੱਲ ਛੁਪਾਉਂਦਾ ਹੈ। ਮੌਤ ਦੀ ਉਮੀਦ ਰੱਖਕੇ ਆਪਣੇ ਕੰਮ ਨੇਪਰੇ ਚਾੜ੍ਹਦਾ ਹੈ। ਮੌਤ ਦੀ ਸੋਚ ਤੋਂ ਪਲਾਇਨ ਅਖ਼ਤਿਆਰ ਕਰਦਾ ਹੈ। ਕਬਰਾਂ/ ਮੜ੍ਹੀਆਂ ਤੋਂ ਡਰਨਾ; ਬਿਮਾਰ ਦੀ ਖ਼ਬਰ ਲੈਣ ਜਾਣ ਤੋਂ ਕੰਨੀਂ ਕਤਰਾਉਣਾ- ਅਸਤਿਤਵੀ ਪਤਨ ਦੇ ਕਾਰਨ ਹੀ ਹੈ। ਮੌਤ ਲਈ ਖ਼ੂਬਸੂਰਤ ਸ਼ਬਦਾਵਲੀ ਦਾ ਪ੍ਰਯੋਗ (ਗੁਜ਼ਰ ਜਾਣਾ; ਸਵਰਗਵਾਸ ਹੋਣਾ, ਪ੍ਰਭੂ ਚਰਨਾਂ ਵਿੱਚ ਨਿਵਾਸ ਹੋਣਾ; ਪਰਮਾਤਮਾ ਦੇ ਚਰਨਾਂ ਵਿੱਚ ਲੀਨ ਹੋਣਾ, ਚੜ੍ਹਾਈ ਕਰਨਾ) ਇਸੇ ਅਸਤਿਤਵੀ

ਸੰਕਟ ਦਾ ਨਤੀਜਾ ਹੈ।

ਅਸਤਿਤਵਵਾਦੀ-ਵਿਧੀ ਪੂਰੇ ਨਰੰਮੇ ਨਾਲ ਮਿਥਕੇ ਸਮੂਰਤ ਦੇ ਪ੍ਰਯੋਗ ਦੁਆਰਾ ਅਮੂਰਤ ਵੱਲ ਅਤੇ ਖ਼ਾਸ ਤੋਂ ਆਮ ਦੀ ਸਮਝ ਵਾਲ਼ੀ ਵਿਧੀ ਹੈ। ਅਸਤਿਤਵਵਾਦੀ ਦਰਸ਼ਨ ਅਕਾਦਮਿਕ ਕਿਸਮ ਦੇ ਦਰਸ਼ਨ ਤੋਂ ਦੂਰ ਹੈ ਪਰ ਸਾਹਿਤ ਦੇ ਬਹੁਤ ਨੇੜੇ ਹੈ। ਇਹ ਵਿਧੀ ਸਮਝਣ ਦਾ ਯਤਨ ਕਰਦੀ ਹੈ ਕਿ ਇੱਕ ਸਾਹਿਤਕਾਰ ਆਪਣੀ ਸਮੂਰਤ ਕਲਪਨਾ ਦੁਆਰਾ ਕਿੰਜ ਪਾਠਕਾਂ ਦੀ ਸੋਚ ਨੂੰ ਪ੍ਰਭਾਵਿਤ ਕਰਦਾ ਹੈ। ਬੁਲਟਮਾਨ ਦੇ ਅਨੁਸਾਰ ਅਸੀਂ (ਪਾਠਕ) ਕਿਸੇ ਰਚਨਾ ਦਾ ਅਧਿਐਨ ਕਰਦੇ ਸਮੇਂ ਆਪਣੀ ਹੋਂਦ ਦੀਆਂ ਸੰਭਾਵਨਾਵਾਂ ਦੇ ਅਰਥਾਂ ਨੂੰ ਪੁਸਤਕ ਵਿੱਚੋਂ ਢੂੰਡਦੇ ਹਾਂ ਜਦੋਂ ਅਸੀਂ ਸੋਚਦੇ ਹਾਂ ਸਾਡੀ ਹੋਂਦ ਖਿੱਲਰੀ ਹੋਈ ਅਤੇ ਡਾਵਾਂ-ਡੋਲ ਹੈ। ਉਸਦੇ ਆਪਣੇ ਸ਼ਬਦਾਂ ਵਿੱਚ :

> When we ask the question of the meaning of a text, then we are asking questions about the possibilities of our existence that arise from the encounter with the text, questions that may be asked... when we recognize that our existence is open and therefore uncertain.'[10]

ਕਥਨੀ ਅਤੇ ਕਰਨੀ ਜਿਸਦੀ ਇੱਕ ਹੈ ਉਹ ਅਸਤਿਤਵ ਪ੍ਰਮਾਣਿਕ ਮੰਨਿਆ ਜਾਂਦਾ ਹੈ ਪਰ 'ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ' ਵਾਲ਼ੇ ਵਿਅਕਤੀ ਅਪ੍ਰਮਾਣਿਕ ਅਸਤਿਤਵ ਵਾਲ਼ੇ ਹੁੰਦੇ ਹਨ। ਪ੍ਰਮਾਣਿਕ ਅਸਤਿਤਵ ਵਾਲੇ ਵਿਅਕਤੀਆਂ ਪਾਸ ਆਤਮਕ ਬਲ ਹੁੰਦਾ ਹੈ। 'ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ। ਆਸਾ ਵਾਰ ਮ.੧॥ ਅਜਿਹੇ ਸਚ ਵਾਲ਼ੇ ਹੀ ਪ੍ਰਮਾਣਿਕ ਅਸਤਿਤਵ ਦੇ ਸੁਆਮੀ ਹੁੰਦੇ ਹਨ।

ਅਸਤਿਤਵਵਾਦੀ ਅਧਿਐਨ ਲਈ ਇਹ ਸੰਖੇਪ ਜੇਹਾ ਸੋਝੀ ਮਾਡਲ ਹੈ। ਅਜਿਹੇ ਨੁਕਤੇ ਵਿਚਾਰਾਧੀਨ ਰੱਖਦੇ ਹੋਏ ਅਤੇ ਅਸਤਿਤਵਵਾਦੀ ਦਾਰਸ਼ਨਿਕਾਂ ਦੇ ਪ੍ਰਮੁੱਖ ਸੰਕਲਪਾਂ ਦੀ ਰੌਸ਼ਨੀ ਵਿੱਚ ਅਸੀਂ ਪੰਜਾਬੀ ਸਾਹਿਤ ਦੀਆ ਕੁੱਝ ਪ੍ਰਮੁੱਖ ਰਚਨਾਵਾਂ ਦਾ ਅਧਿਐਨ ਕਰਨ ਦਾ ਪ੍ਰਯਾਸ ਕਰਾਂਗੇ।

*ਅਧਿਆਇ ਚੌਥਾ*

# ਬਾਣੀ ਸ਼ੇਖ਼ ਫ਼ਰੀਦ

ਸ਼ੇਖ਼ ਫ਼ਰੀਦ ਪੰਜਾਬੀ ਸਾਹਿਤ ਅਤੇ ਪੰਜਾਬੀ ਕਵਿਤਾ ਦੇ ਬਾਨੀ ਹਨ। ਸਾਹਿਤ ਦੇ ਵਿਦਿਆਰਥੀਆਂ ਲਈ ਉਹ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ ਹਨ। ਉਹ ਧਾਰਮਿਕ ਰੁਚੀਆਂ ਵਾਲੇ ਆਸਤਕ ਕਵੀ ਸਨ। ਡਾ. ਤਾਰਨ ਸਿੰਘ ਅਨੁਸਾਰ "ਆਸਤਕਤਾ ਦੇ ਕਈ ਪੱਖ ਹਨ। ਆਸਤਕਤਾ 'ਏਕ ਨੂਰ ਤੇ ਸਭੁ ਜਗੁ ਉਪਜਿਆ' ਦੇ ਵਿਸ਼ਵਾਸ ਕਾਰਨ ਮਾਨਵੀ ਏਕਤਾ ਦੀ ਜ਼ਾਮਨ ਹੈ; ਆਸਤਕਤਾ 'ਪਰਮਾਦਿ ਪੁਰਖ' ਦੇ ਸੰਕਲਪ ਦੁਆਰਾ ਪ੍ਰਾਕ੍ਰਿਤਕ ਏਕਤਾ ਦੀ ਸਾਖੀ ਹੈ। ਆਸਤਕਤਾ ਸੰਸਾਰ ਦੇ ਇਕ ਸਾਂਝੇ ਨਿਜ਼ਾਮ ਦੀ ਸੂਚਕ ਹੈ ਭਾਵ ਕਿ ਸਾਰੀ ਕੁਦਰਤ ਦੇ ਪਿੱਛੇ ਖ਼ੁਦਾ, ਅੱਲਾ, ਆਦਿ ਪੁਰਖ ਦੀ ਸ਼ਕਤੀ ਕੰਮ ਕਰ ਰਹੀ ਹੈ। ਆਸਤਕਤਾ ਸੁਚੇਤ ਕਰਦੀ ਹੈ ਕਿ ਸਾਰੀ ਮਨੁੱਖਤਾ ਪਰਮੇਸ਼ਰ ਦੇ ਸਾਹਮਣੇ ਜਵਾਬ-ਦੇਹ ਹੈ।"

ਸ਼ੇਖ਼ ਫ਼ਰੀਦ ਜੀ ਦੀ ਬਾਣੀ ਨੂੰ ਆਸਤਕ ਅਸਤਿਤਵਵਾਦੀ ਚਿੰਤਕਾਂ ਅਨੁਸਾਰ ਵਾਚਣਾ ਇਸ ਅਧਿਐਨ ਦਾ ਮਨੋਰਥ ਹੈ।

ਸ਼ੇਖ਼ ਫ਼ਰੀਦ ਬਾਣੀ ਅਨੁਸਾਰ ਜਿਸ ਸੰਸਾਰ ਵਿੱਚ ਜੀਵ ਆਪਣਾ ਜੀਵਨ ਜੀਅ ਰਿਹਾ ਹੈ, ਇੱਕ ਸੁਹਾਵਣਾ ਬਾਗ਼ ਹੈ, ਆਕਰਸ਼ਕ ਹੈ, ਦਿਲ-ਖਿੱਚ ਹੈ ਪਰ ਇਸ ਦੁਨੀਆ ਵਿੱਚ ਹਰ ਬੰਦਾ ਦੁੱਖਾਂ ਦੀ ਲਪੇਟ ਵਿੱਚ ਹੈ। ਇੱਕ ਘਰ ਨਹੀਂ ਹਰੇਕ ਘਰ ਦੁੱਖਾਂ ਦੀ ਅੱਗ ਵਿੱਚ ਭੁੱਜ ਰਿਹਾ ਹੈ। ਜੀਵ-ਰੂਪੀ ਪੰਛੀ ਇੱਥੇ ਕੇਵਲ ਮਹਿਮਾਨ ਹੈ। ਇਥੋਂ ਦਾ ਜੀਵਨ ਸਥਾਈ ਨਹੀਂ ਹੈ। ਉਹ ਮਾਪੇ ਜਿਨ੍ਹਾਂ ਨੇ ਬੰਦੇ ਨੂੰ ਜਨਮ ਦਿੱਤਾ ਹੈ, ਉਹ ਨਹੀਂ ਰਹੇ ਅਤੇ ਰਹਿਣਾ ਉਨ੍ਹਾਂ ਦੇ ਧੀਆਂ ਪੁੱਤਰਾਂ ਨੇ ਵੀ ਨਹੀਂ। ਇੱਥੇ ਅਮੀਰ ਵੀ ਹਨ ਜਿਨ੍ਹਾਂ ਦੇ ਸਿਰ 'ਤੇ ਛਤਰ ਝੂਲਦੇ ਹਨ ਅਤੇ ਅਜਿਹੇ ਗ਼ਰੀਬ ਵੀ ਹਨ ਜਿਨ੍ਹਾਂ ਨੂੰ ਇੱਕ ਡੰਗ ਦੀ ਖਾਕੇ ਦੂਜੇ ਡੰਗ ਦੀ ਪ੍ਰਾਪਤੀ ਦਾ ਫ਼ਿਕਰ ਲੱਗ ਜਾਂਦਾ ਹੈ। ਇਹ ਉਹ ਧਰਤੀ ਹੈ ਜਿੱਥੇ ਮੌਸਮ ਬਦਲਦੇ ਰਹਿੰਦੇ ਹਨ। ਕੱਤਕ ਦੇ ਮਹੀਨੇ ਕੂੰਜਾਂ ਉੱਡਦੀਆਂ ਹਨ, ਚੇਤ ਮਹੀਨੇ ਜੰਗਲਾਂ ਵਿੱਚ ਅੱਗਾਂ ਲੱਗਦੀਆਂ ਹਨ, ਸਾਵਣ ਮਹੀਨੇ ਵਿੱਚ ਬਿਜਲੀਆਂ ਚਮਕਾਰੇ ਮਾਰਦੀਆਂ ਹਨ। ਭਾਵ ਇਹ ਸੰਸਾਰ ਦੁਖ-ਸੁਖ ਦਾ ਸੁਮੇਲ ਹੈ। ਇਹੋ ਇਸ ਦੀ ਤਥਾਤਮਕਤਾ

(Facticity) ਹੈ।

ਕੁਦਰਤ ਵੱਲੋਂ ਸਾਜੇ ਇਸ ਸੰਸਾਰ ਵਿੱਚ ਆ ਕੇ ਵਿਅਕਤੀ ਨੇ ਆਪਣੇ ਆਪੇ ਨੂੰ, ਆਪਣੇ ਸਵੈ ਨੂੰ ਪ੍ਰਾਪਤ ਸਥਿਤੀ ਅਨੁਸਾਰ ਸਮਝਣਾ ਹੈ। ਫ਼ਰੀਦ ਜੀ ਵਿਅਕਤੀ ਨੂੰ 'ਅਕਲਿ ਲਤੀਫ਼' ਮੰਨਦੇ ਹੋਏ ਉਸਨੂੰ 'ਕਾਲੇ ਲੇਖ' ਨਾ ਲਿਖਣ ਦੀ ਪ੍ਰੇਰਣਾ ਦਿੰਦੇ ਹਨ। ਆਪਣਾ 'ਮੂਲ ਪਛਾਣਨ' (Know thyself) ਲਈ ਕਹਿੰਦੇ ਹਨ :

ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾ ਕਰਿ ਦੇਖੁ॥[1]6॥

ਉਹ ਦੱਸਦੇ ਹਨ ਕਿ ਹੇ ਬੰਦੇ! ਜਿਸ ਰੱਬ ਦੀ ਤੂੰ ਢੂੰਡ ਵਿੱਚ ਹੈਂ ਉਹ ਤੇਰੇ ਹਿਰਦੇ ਵਿੱਚ ਹੈ, ਉਸਨੂੰ ਜੰਗਲਾਂ ਦੇ ਕੰਡੇ ਖਾਕੇ ਲੱਭਣ ਦੀ ਲੋੜ ਨਹੀਂ। ਲੋੜ ਤਾਂ ਸਵੈ ਨੂੰ ਸਮਝਣ ਦੀ ਹੈ ਪਰ ਤੂੰ ਤਾਂ 'ਬਾਵਲੇ' ਰੰਗ ਰਲੀਆਂ ਵਿੱਚ ਰੁੱਝਾ ਹੋਇਆ ਹੈਂ। 'ਸਵੈ' ਨੂੰ ਧੋਖੇ ਵਿੱਚ ਨਾ ਰੱਖ, ਕਾਲੇ ਪਹਿਰਾਵੇ ਨਾਲ਼ ਤੂੰ ਦਰਵੇਸ਼ ਨਹੀਂ ਅਖਵਾ ਸਕਦਾ ਕਿਉਂਕਿ ਤੂੰ ਤਾਂ 'ਗੁਨਾਹੀਂ' ਭਰਿਆ ਪਿਆ ਹੈਂ। ਤੂੰ ਜਦੋਂ ਰੱਬ ਕੋਲੋਂ ਆਇਆ ਸੈਂ ਪਵਿੱਤਰ ਸੈਂ (ਕੁਆਰਾ ਸੈਂ) ਤੈਨੂੰ ਦੁਨੀਆਂ ਵਿੱਚ ਖਚਿਤ ਹੋਣ ਦਾ ਚਾਅ ਸੀ, ਤੇ ਖਚਿਤ ਵੀ ਇਤਨਾ ਹੋ ਗਿਆ ਕਿ ਹੁਣ ਮੁੜ ਤੇਰੇ ਲਈ ਪਹਿਲੋਂ ਜੇਹਾ ਹੋਣਾ ਕਠਿਨ ਹੋ ਗਿਆ ਹੈ। ਇਸ ਸਥਿਤੀ ਨੂੰ ਆਪਣੀ ਚੇਤਨਾ ਅਨੁਸਾਰ ਸਮਝਣ ਦੀ ਕੋਸ਼ਿਸ਼ ਕਰ।

'ਸਵੈ' ਬਾਰੇ ਚੇਤੰਨ ਕਰਦਿਆਂ ਫ਼ਰੀਦ ਜੀ ਸਮਝਾਉਂਦੇ ਹਨ ਕਿ ਬੰਦੇ ਅੱਗੇ ਆਪਣੇ ਮਾਰਗ ਦੀ ਚੋਣ ਲਈ ਅਨੇਕ ਸੰਭਾਵਨਾਵਾਂ ਹਨ। ਦਰਅਸਲ ਸੰਭਾਵਨਾਵਾਂ (Possibilities) ਬੰਦੇ ਦੇ ਅਸਤਿਤਵ ਦਾ ਅਭਿੰਨ ਅੰਗ ਹਨ। ਕਈਆਂ ਨੂੰ ਇਨ੍ਹਾਂ ਸੰਭਾਵਨਾਵਾਂ ਦੀ ਸੋਝੀ ਆ ਜਾਂਦੀ ਹੈ ਪਰ ਕਈ ਸਾਰੀ ਆਯੂ ਹੀ ਬੇਪਰਵਾਹੀ ਤੋਂ ਕੰਮ ਲੈਂਦੇ ਹਨ। ਜੇ ਕਰ ਬੰਦਾ ਆਪਣੇ ਜੀਵਨ ਵਿੱਚ ਚੰਗੇ ਅਮਲਾਂ ਦੀ ਚੋਣ ਕਰੇਗਾ ਤਾਂ ਉਹ ਅਮਲ ਦਰਗਾਹ ਵਿੱਚ ਬੰਦੇ ਦੇ ਹੱਕ ਵਿੱਚ ਗੁਣਾਂ ਵਜੋਂ ਸਵੀਕਾਰ ਕੀਤੇ ਜਾਣਗੇ। ਮੋਢਿਆਂ 'ਤੇ ਕੁਹਾੜਾ ਰੱਖਕੇ ਲੱਕੜੀਆਂ ਵੱਢਣ ਜਾਂਦੇ ਲੱਕੜਹਾਰੇ ਅੱਗੇ ਸੰਭਾਵਨਾ ਹੋਰ ਹੈ ਪਰ ਸਚਾਈ ਦੇ ਖੋਜੀ ਅੱਗੇ ਸੰਭਾਵਨਾ ਹੋਰ ਹੈ। ਕਹਿਣ ਦਾ ਭਾਵ ਹੈ ਕਿ ਸੰਸਾਰ ਵਿੱਚ ਵਿਅਕਤੀ ਲਈ ਅਨੇਕ ਸੰਭਾਵਨਾਵਾਂ ਹਨ ਪਰ ਸਭ ਦੀ ਚੋਣ ਇੱਕ ਨਹੀਂ ਹੋ ਸਕਦੀ। ਸੰਸਾਰ ਵਿੱਚ ਮਾਰਗ ਦਰਸ਼ਕ ਦੀ ਚੋਣ (Choice) ਵੀ ਬੜੀ ਸੂਝ-ਬੂਝ ਨਾਲ਼ ਕਰਨੀ ਪੈਂਦੀ ਹੈ। ਗ਼ਲਤ ਚੋਣ ਕਾਰਨ 'ਹੰਸ' ਦੀ ਥਾਂ 'ਬਗਲਾ' ਅਰਥਾਤ ਪਾਖੰਡੀ ਵੀ ਪੱਲੇ ਪੈ ਸਕਦਾ ਹੈ :

ਮੈਂ ਜਾਣਿਆ ਵਡਹੰਸ ਹੈ ਤਾਂ ਮੈਂ ਕੀਆ ਸੰਗੁ॥
ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ॥[2] 123॥

ਜੀਵਨ ਵਿੱਚ ਸਹੀ ਚੋਣ ਹੋ ਜਾਣ ਉਪਰੰਤ ਅਮਲ (Actions) ਕਰਨਾ ਬੰਦੇ ਦਾ ਫ਼ਰਜ਼ ਹੈ। ਮਾਰਗ ਦਰਸ਼ਕ ਜੋ ਰਾਹ ਦੱਸਦਾ ਹੈ, ਉਸ ਉਪਰ ਟੁਰਨ ਵਿੱਚ ਹੀ ਵਿਅਕਤੀ ਦਾ ਭਲਾ ਹੈ। ਸੰਸਾਰਿਕ ਰੰਗ ਰਲੀਆਂ ਦੇ ਪਾਸਿਉਂ ਹਟਕੇ, ਸੱਚ ਵਾਲੇ ਪਾਸੇ ਲੱਗਣ ਦੀ ਲੋੜ ਹੈ। ਇਉਂ ਇਹ ਬੰਦੇ ਦੇ ਵੱਸ ਹੈ ਕਿ ਉਸਨੇ ਆਪਣੇ ਅਸਤਿਤਵ ਨੂੰ ਅਰਥ ਦੇਣੇ ਹਨ ਜਾਂ ਨਿਰਰਥਕ ਬਣਾਉਣਾ ਹੈ। ਦੁਨੀਆਂ ਵਿੱਚ ਕੀਤੇ ਸ਼ੁਭ ਅਮਲਾਂ ਨਾਲ਼ ਹੀ ਉਸਦਾ ਜੀਵਨ ਸਾਰਥਕ ਹੋ ਸਕਦਾ ਹੈ।

ਫ਼ਰੀਦ ਬਾਣੀ ਇਸ ਨੁਕਤੇ ਤੇ ਜ਼ੋਰ ਦਿੰਦੀ ਹੈ ਕਿ ਖ਼ੁਦਾ ਜੋ ਕਿ ਅਪਾਰ, ਅਸੀਮ (Infinite), ਅਗੰਮ, ਬੇਅੰਤ ਹੈ ਉਸਦੇ ਮੁਕਾਬਲੇ ਬੰਦੇ ਦੀ ਹੋਂਦ ਸੀਮਾਬੱਧ ਹੈ। ਸੰਸਾਰ ਵਿੱਚ ਮਨੁੱਖੀ ਜੀਵਨ ਸਥਿਰ ਨਹੀਂ ਹੈ। ਸੌ ਵਰ੍ਹੇ ਜੀਵਨ ਉਪਰੰਤ ਵੀ ਇਸ ਦੇਹੀ ਨੇ ਅਖੀਰ ਨੂੰ 'ਖੇਹ' ਹੋ ਜਾਣਾ ਹੈ। ਇੱਥੋਂ ਤੱਕ ਕਿ ਦੇਹੀ ਦੇ ਵਿਭਿੰਨ ਅੰਗ ਵੀ ਸੀਮਾਬੱਧ (Finite) ਹਨ। ਦੰਦ, ਲੱਤਾਂ, ਅੱਖਾਂ, ਕੰਨ ਵੀ ਸਰੀਰ ਦਾ ਸਾਥ ਦੇਣੋਂ ਇੱਕ ਦਿਨ ਨਾਂਹ ਕਰ ਜਾਂਦੇ ਹਨ। ਮਨੁੱਖੀ ਜੀਵਨ ਨਦੀ ਕਿਨਾਰੇ ਖੜ੍ਹਾ ਇੱਕ ਰੁੱਖ ਹੈ ਜੋ ਕਿਸੇ ਦਿਨ ਵੀ ਡਿੱਗ ਸਕਦਾ ਹੈ। ਜਿਵੇਂ ਕੱਚੇ ਭਾਂਡੇ ਵਿੱਚ ਪਾਣੀ ਬਹੁਤੀ ਦੇਰ ਨਹੀਂ ਰੱਖਿਆ ਜਾ ਸਕਦਾ ਤਿਵੇਂ ਇਸ ਸਰੀਰ ਵਿੱਚ ਰੂਹ ਬਹੁਤੇ ਸਮੇਂ ਲਈ ਨਹੀਂ ਸੰਭਾਲ਼ੀ ਜਾ ਸਕਦੀ। ਇਸਨੂੰ ਕਦੇ ਵੀ ਅਚਿੰਤੇ ਬਾਜ਼ ਪੈ ਸਕਦੇ ਹਨ।

ਸੀਮਿਤਤਾ ਦੇ ਨਾਲ਼ ਨਾਲ਼ ਹੀ ਮੌਤ (Death) ਦੇ ਸੰਕਲਪ ਬਾਰੇ ਵੀ ਅਸਤਿਤਵਵਾਦੀ ਚਿੰਤਨ ਕਰਦੇ ਹਨ। ਹਾਈਡਿਗਰ ਦਾ ਵਿਚਾਰ ਹੈ ਕਿ ਹਰ ਬੰਦਾ ਆਪਣੀ ਮੌਤ ਮਰਦਾ ਹੈ। ਮੌਤ ਦੇ ਕਾਰਜ ਨੂੰ ਕਿਸੇ ਨਾਲ਼ ਬਦਲਿਆ ਨਹੀਂ ਜਾ ਸਕਦਾ। ਕੁਦਰਤੀ ਮੌਤ ਬਾਰੇ ਅਜੇ ਤੱਕ ਵੀ ਸਰੀਰ ਵਿਗਿਆਨੀ ਅਤੇ ਜੀਵ ਵਿਗਿਆਨੀ ਵੀ ਨਹੀਂ ਦੱਸ ਸਕੇ ਕਿ ਪ੍ਰਾਣੀ ਬੁੱਢੇ ਕਿਉਂ ਹੋ ਜਾਂਦੇ ਹਨ ਅਤੇ ਮਰ ਕਿਉਂ ਜਾਂਦੇ ਹਨ ਪਰ ਸਾਡਾ ਸੰਬੰਧ ਇੱਥੇ ਮੌਤ ਦੇ ਅਸਤਿਤਵੀ ਤੱਥ ਨਾਲ਼ ਹੈ। ਹਾਈਡਿਗਰ ਅਨੁਸਾਰ ਅਸੀਂ ਦੂਜਿਆਂ ਨੂੰ ਮਰਦੇ ਵੇਖਦੇ ਹਾਂ। ਮਰਨ ਵਾਲ਼ਾ ਹਰ ਬੰਦਾ ਅੱਜ ਤੱਕ ਆਪਣੀ ਮਰਨ ਦੀ ਪ੍ਰਕਿਰਿਆ ਨੂੰ ਬਿਆਨ ਕਰਨੋਂ ਅਸਮਰਥ ਰਿਹਾ ਹੈ। ਸ਼ੇਖ਼ ਫ਼ਰੀਦ ਮਰਨ ਦੀ ਪ੍ਰਕਿਰਿਆ ਨੂੰ ਇੰਜ ਰੂਪਮਾਨ ਕਰਦੇ ਹਨ।

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ।
ਮਲਕੁ ਜਿ ਕੰਨੀਂ ਸੁਣੀਂਦਾ ਮੁਹੁ ਦੇਖਾਲੇ ਆਇ।
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ।
ਸਾਹੇ ਲਿਖੀ ਨ ਚਲਨੀ ਜਿੰਦੂ ਕੂੰ ਸਮਝਾਇ।
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ।
ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ॥[3] ੧॥

ਸ਼ੇਖ ਫ਼ਰੀਦ ਨੇ ਮੌਤ ਨੂੰ ਵਿਆਹ ਦੀ ਰਸਮ ਨਾਲ਼ ਉਪਮਾਇਆ ਹੈ। ਉਨ੍ਹਾਂ ਅਨੁਸਾਰ ਇਹ ਦਿਨ ਵਿਆਹ ਦੇ ਦਿਨ ਵਾਂਗ ਪੂਰਵ-ਨਿਸ਼ਚਿਤ ਹੀ ਹੁੰਦਾ ਹੈ। ਸਰੀਰ ਆਪਣੇ ਹੱਥੀਂ ਜੀਵਾਤਮਾ ਨੂੰ ਟੋਰਕੇ ਕਿਸ ਦੇ ਗਲ਼ ਨਾਲ਼ ਲੱਗਕੇ ਰੋਵੇ। ਉਹ ਇਸ ਘਟਨਾ ਲਈ ਮਲਕੁਲ ਦੇਵਤੇ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ।

ਅਸਤਿਤਵਵਾਦੀਆਂ ਅਨੁਸਾਰ ਮੌਤ ਅਸਤਿਤਵ ਦੀ ਸੰਭਾਵਨਾ ਵਿੱਚ ਪਹਿਲੋਂ ਹੀ ਹਾਜ਼ਰ ਹੁੰਦੀ ਹੈ। ਹਾਈਡਿਗਰ ਅਨੁਸਾਰ "It is already a possibility present in existence, So here again it shares a fundamental character of existence[4] ਸਾਰਤਰ ਹਾਈਡਿਗਰ ਨਾਲ਼ੋਂ ਭਿੰਨ ਵਿਚਾਰ ਰੱਖਦਾ ਹੈ। ਉਸਦਾ ਕਹਿਣਾ ਹੈ, ""Death is not a possibility but the cancellation of possibility."[5] ਪਰ ਜਦੋਂ ਹਾਈਡਿਗਰ ਇਹ ਕਹਿੰਦਾ ਹੈ ਕਿ Death is 'the possibility of impossibility' ਤਾਂ ਦੋਵਾਂ ਦੇ ਵਿਚਾਰਾਂ ਵਿੱਚ ਬਹੁਤਾ ਫ਼ਰਕ ਨਹੀਂ ਰਹਿੰਦਾ। ਪਰ ਮੌਤ ਦਾ ਅਜਿਹਾ ਵਿਚਾਰ ਅਚਾਨਕ ਨਹੀਂ। ਹਾਈਡਿਗਰ ਦਾ ਵਿਚਾਰ ਹੈ- "Man is always already thrown into the possibility of death"[6]

ਇਉਂ ਇਹ ਵਿਅਕਤੀ ਦੀ ਤਥਾਤਮਕਤਾ ਦਾ ਅੰਗ ਮੰਨੀ ਜਾ ਸਕਦੀ ਹੈ।

ਫ਼ਰੀਦ ਮੌਤ ਨੂੰ ਪਰਮਾਤਮਾ ਦਾ ਸੱਦਾ ਕਹਿੰਦਾ ਹੈ। ਬੰਦਾ ਤਾਂ ਪੱਗ ਨੂੰ ਮਿੱਟੀ ਲੱਗਣੋਂ ਬਚਾਉਂਦਾ ਹੈ। ਕੀ ਉਸਨੂੰ ਇਹ ਨਹੀਂ ਪਤਾ ਕਿ ਉਸ ਦੇ ਸਿਰ ਨੂੰ ਵੀ ਮਿੱਟੀ ਨੇ ਖਾ ਜਾਣਾ ਹੈ। ਮਾਇਆਵੀ ਪਦਾਰਥ ਵੀ ਮੌਤ ਨੂੰ ਰੋਕਣ ਦੇ ਸਮਰੱਥ ਨਹੀਂ ਹਨ, ਉਹ (ਬੰਦੇ) ਯਤੀਮਾਂ ਵਾਂਗ ਕਬਰਾਂ ਵਿੱਚ ਦੱਬੇ ਜਾਂਦੇ ਹਨ। ਸਭ ਆਪੋ ਆਪਣੀ ਵਾਰੀ ਮੌਤ ਦੀ ਲਪੇਟ ਵਿੱਚ ਆ ਜਾਂਦੇ ਹਨ। ਫਿਰ ਵੀ ਮੌਤ ਦੇ ਅਸਰ ਨੂੰ ਘਟਾਉਣ ਲਈ ਅਜਰਾਈਲੁ ਫਰੇਸਤੇ ਨੂੰ ਕਿਸੇ ਦੇ ਘਰ ਪ੍ਰਾਹੁਣਾ ਆਉਣ ਨਾਲ਼ ਤੁਲਨਾਇਆ ਗਿਆ ਹੈ। ਅਸਤਿਤਵਵਾਦੀ ਮਨੋਵਿਗਿਆਨ ਅਨੁਸਾਰ ਬੰਦਾ ਮੌਤ ਤੋਂ ਡਰਦਾ ਹੈ। ਕਈ ਬੰਦੇ ਬਿਮਾਰ ਦੀ ਖ਼ਬਰ ਨੂੰ ਹਸਪਤਾਲ ਨਹੀਂ ਜਾ ਸਕਦੇ। ਮੌਤ ਲਈ ਸੋਹਣੀ ਸ਼ਬਦਾਵਲੀ ਰਾਖਵੀਂ ਹੈ- ਸਵਰਗ ਸਿਧਾਰਨਾ, ਚੜ੍ਹਾਈ ਕਰਨਾ, ਪੂਰਾ ਹੋਣਾ, ਪ੍ਰਭੂ ਚਰਨਾਂ ਵਿੱਚ ਵਿਰਾਜਣਾ, ਪ੍ਰਭੂ ਵਿੱਚ ਲੀਨ ਹੋਣਾ, ਸੰਸਾਰਕ ਯਾਤਰਾ ਪੂਰੀ ਕਰਨਾ, ਸਵਾਸਾਂ ਦੀ ਪੂੰਜੀ ਵਰਤਕੇ ਜਾਣਾ ਆਦਿ। ਅਸਤਿਤਵਵਾਦੀ ਚਿੰਤਕਾਂ ਵਾਂਗ ਹੀ ਸ਼ੇਖ ਫਰੀਦ ਵੀ ਮੌਤ ਨੂੰ ਇੱਕ ਸੰਭਾਵਨਾ (Possibility) ਵਜੋਂ ਹੀ ਚਿੱਤਰਦੇ ਹਨ :

ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ॥
ਸਰਪਰ ਮੈਥੇ ਆਵਣਾ ਮਰਣਹੁ ਨਾ ਡਰਿਆਹੁ॥93॥

'ਸਰਪਰ' ਸ਼ਬਦ ਜ਼ਰੂਰੀ ਸੰਭਾਵਨਾ ਵਜੋਂ ਆਇਆ ਹੈ। ਇੱਥੋਂ ਤੱਕ ਕਿ ਮ੍ਰਿਤਕ ਸਰੀਰ (ਕਰੰਗੁ) ਦਾ ਮਾਸ ਨੋਚ ਰਹੇ ਕਾਂ ਨੂੰ ਵੀ ਨੈਣ ਸੁਰੱਖਿਅਤ ਛੱਡਣ ਲਈ ਕਿਹਾ ਗਿਆ ਹੈ। ਇਸ ਹਾਲਤ ਵਿੱਚ ਵੀ 'ਪਿਰ ਦੇਖਨ' ਦੀ ਸੰਭਾਵਨਾ (Possibility) ਬਣੀ ਰਹਿੰਦੀ ਹੈ।

ਧਰਮ-ਸ਼ਾਸਤਰ ਤਾਂ ਕਹਿੰਦੇ ਹਨ ਕਿ ਮਰਕੇ ਬੰਦਾ ਸੁਰਗ/ਨਰਕ ਵਿੱਚ ਜਾਂਦਾ ਹੈ। ਉਸ ਪਾਸੋਂ ਹਿਸਾਬ ਕਿਤਾਬ ਲਿਆ ਜਾਂਦਾ ਹੈ। ਉਸਦੇ ਕੀਤੇ ਸ਼ੁਭ ਕਾਰਜ ਦਰਗਾਹ ਵਿੱਚ ਉਸਦੇ ਹੱਕ ਵਿੱਚ ਭੁਗਤਦੇ ਹਨ। ਮਾੜੇ ਕਰਮ ਕਰਨ ਵਾਲੇ ਤੋਂ ਪੁੱਛਿਆ ਜਾਂਦਾ ਹੈ- 'ਲੇਖਾ ਰੱਬ ਮੰਗੇਸੀਆ ਤੂ ਆਹੋ ਕਿਹੜੇ ਕੰਮ?[8]' ਅਸਤਿਤਵਵਾਦੀ ਇਸ ਸੰਬੰਧੀ ਪ੍ਰਸ਼ਨ ਚਿੰਨ੍ਹ ਦੀ ਮੁਦਰਾ ਵਿੱਚ ਵਿਚਰਦੇ ਹਨ। ਉਨ੍ਹਾਂ ਦਾ ਕਹਿਣਾ ਹੈ- ਜਦੋਂ ਦੇਹ ਮਿੱਟੀ ਵਿੱਚ ਮਿਲ ਜਾਂਦੀ ਹੈ ਤਾਂ ਕੀ ਕੋਈ ਆਤਮਕ-ਦੇਹ ਜਾਂ ਸੂਖ਼ਮ-ਦੇਹ ਰਹਿ ਜਾਂਦੀ ਹੈ ਜੋ ਦਰਗਾਹ ਵਿੱਚ ਰੱਬ ਅੱਗੇ ਜਵਾਬਦੇਹੀ ਲਈ ਪੇਸ਼ ਹੁੰਦੀ ਹੈ? ਬੁਲਟਮਾਨ ਤਾਂ ਅਜਿਹੀਆਂ ਮਿਥਾਂ ਦਾ ਅਮਿੱਥੀਕਰਣ (Demythologize) ਕਰਦਾ ਹੈ। ਤਾਂ ਵੀ ਬਾਬਾ ਸ਼ੇਖ ਫ਼ਰੀਦ ਅਨੁਸਾਰ ਮਨੁੱਖ ਆਪਣੀ ਕਰਨੀ ਲਈ ਉੱਤਰਦਾਈ ਹੈ ਕਿਉਂਕਿ ਉਸਨੂੰ ਇੱਕ ਜ਼ਿੰਮੇਵਾਰ (Responsible) ਹਸਤੀ ਵਜੋਂ ਸਿਰਜਿਆ ਗਿਆ ਹੈ। ਉਸ ਪਾਸ ਸੋਚ ਦੀ, ਮਰਜ਼ੀ ਦੀ ਸ਼ਕਤੀ (Will Power) ਹੈ। ਇੰਜ ਸੁਤੰਤਰ ਸੋਚ (Free thinking), ਕਰਮ-ਪ੍ਰਤਿਕਰਮ (Action-reaction), ਰੱਬੀ ਨਿਆਂ ( God' Justice) ਫ਼ਰੀਦ-ਬਾਣੀ ਦੇ ਮਹੱਤਵਪੂਰਨ ਵਿਸ਼ੇ ਹਨ।

ਚੇਤਨਾ ਦੀ ਪਾਰਗਮਤਾ (Transcendence of ego) ਸੰਬੰਧੀ ਵਿਚਾਰ ਵੀ ਫ਼ਰੀਦ ਬਾਣੀ ਦਾ ਅੰਗ ਹਨ। ਫ਼ਰੀਦ ਜੀ ਨੇ ਇਸ ਪਾਰਗਮਤਾ ਦਾ ਬੜਾ ਖ਼ੂਬਸੂਰਤ ਖ਼ਾਕਾ ਉਲੀਕਿਆ ਹੈ। ਆਪਣੇ ਅਸਤਿਤਵ ਨੂੰ ਪ੍ਰਮਾਣਿਕ ਬਣਾਉਣ ਦੇ ਜਤਨਾਂ ਵਿੱਚ ਬੰਦਾ ਕਾਗ ਤੋਂ ਹੰਸ ਤੱਕ ਦਾ ਪੈਂਡਾ ਤਹਿ ਕਰ ਸਕਦਾ ਹੈ। ਇਹ ਰਸਤਾ ਇਸ ਬਿੰਬਾਵਲੀ- ਕਾਗ, ਕੂੰਜ, ਕੋਇਲ, ਬਗਲਾ, ਹੰਸ ਤੇ ਵਡਹੰਸ- ਵਿੱਚ ਮਿਲਦਾ ਹੈ। ਕਾਗ ਤਾਂ ਲੋਭ, ਲਾਲਚ ਅਗਿਆਨਤਾ ਦਾ ਪ੍ਰਤੀਕ ਹੈ। ਕੂੰਜਾਂ ਇੰਦਰੀਆਂ ਦਾ ਆਪਹੁਦਰਾਪਨ ਹੈ। ਕੋਇਲ ਵਿੱਚ ਬਿਰਹਾ (ਪ੍ਰਭੂ ਮਿਲਾਪ) ਤੜਪ ਵਿਖਾਈ ਹੈ। ਇਹ ਅਵਸਥਾ ਸ਼ੁੱਭ ਕਾਰਜ ਵੱਲ ਤਬਦੀਲੀ ਦੀ ਸੂਚਕ ਹੈ। ਇਸ ਅਵਸਥਾ ਤੋਂ ਬਾਅਦ ਅਰਥਾਤ ਕੋਇਲ ਦੇ ਕਾਲੇਪਨ ਤੋਂ ਬਾਅਦ ਚਿੱਟੇਪਨ ਦੀਆਂ ਦੋ ਸੰਭਾਵਨਾਵਾਂ ਮੌਜੂਦ ਹਨ। ਜੀਵ ਬਗਲੇ (ਪਾਖੰਡਪੁਣੇ) ਵੱਲ ਝੁਕ ਸਕਦਾ ਹੈ, ਹੰਸ ਜਾਂ ਵਡਹੰਸ ਵੱਲ ਵੀ। ਇਸੇ ਲਈ ਕੋਇਲ ਵਾਲੀ ਅਵਸਥਾ ਨੂੰ ਬਦਲੀ ਸਮਾਂ (Transitional period) ਆਖਿਆ ਜਾ ਸਕਦਾ ਹੈ। ਹੰਸ/ਵਡਹੰਸ ਦੀ ਅਵਸਥਾ ਆਪਾ ਸਵਾਰਨ ਦੀ ਅਵਸਥਾ ਹੈ। ਇਸ ਅਵਸਥਾ ਨੂੰ ਉਮੀਦ

ਭਰੀ ਮੰਨਿਆ ਜਾ ਸਕਦਾ ਹੈ। Bultmann ਲਿਖਦਾ ਹੈ :

"We know that all things work together for good to them that love God............If God be for us, who can be against us."[9]

ਬਾਬਾ ਫ਼ਰੀਦ ਇਹੋ ਐਲਾਨ ਖ਼ੁਦਾ ਵੱਲੋਂ ਇਉਂ ਕਰਵਾਉਂਦਾ ਹੈ :

ਆਪ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖ ਹੋਇ।
ਫ਼ਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ।[10] ॥95॥

ਨਿਕੋਲਸ ਬਰਦੀਏਵ ਕਹਿੰਦਾ ਹੈ ਕਿ ਧਰਮ ਵਿੱਚ ਰੱਬ ਖ਼ੁਦ ਬੰਦਾ ਬਣਦਾ ਹੈ। ਜਕ ਮੇਰੀਟੇਨ ਇਸ ਤੋਂ ਵੀ ਅੱਗੇ ਜਾਂਦਾ ਹੈ ਜਦੋਂ ਉਹ ਲਿਖਦਾ ਹੈ ਕਿ ਰੱਬ ਤੋਂ ਕੁੱਝ ਛੁਪਾਇਆ ਨਹੀਂ ਜਾ ਸਕਦਾ। ਉਸ ਅੱਗੇ ਤਾਂ ਬੰਦਾ ਨੰਗੇ ਰੂਪ ਵਿੱਚ ਹਾਜ਼ਰ ਹੈ। ਇਹੋ ਗੁੱਡ ਫੇਥ ਵਿੱਚ ਵਿਚਰਨਾ ਹੈ। ਇਸੇ ਗੁਡ ਫੇਥ ਨਾਲ਼ 'ਵਾਟ ਉਡੀਣੀ' ਦਾ ਮਾਰਗ ਤਹਿ ਹੁੰਦਾ ਹੈ ਜੋ ਆਪਾ ਸਵਾਰਨ ਵਿੱਚ ਮੱਦਦਗਾਰ ਸਾਬਤ ਹੁੰਦਾ ਹੈ।

ਰੱਬੀ ਮਿਹਰ (Grace) ਦੇ ਨੁਕਤੇ ਬਾਰੇ ਵੀ ਧਾਰਮਿਕ ਅਸਤਿਤਵਵਾਦੀਆਂ ਨੇ ਨਿੱਠਕੇ ਵਿਚਾਰ ਕੀਤੀ ਹੈ। ਉਂਜ ਮਿਹਰ (ਨਦਰ) ਬੜਾ ਉਲਝਿਆ ਹੋਇਆ ਸੰਕਲਪ ਹੈ। ਬੁਲਟਮਾਨ ਅਨੁਸਾਰ ਨਾ ਤਾਂ ਰੱਬ ਦਾ ਗੁਣ ਮਿਹਰ ਹੈ ਨਾ ਹੀ ਕਰੋਧ। ਆਪਣੇ 'ਸਵੈ' ਤੋਂ ਗਿਰਕੇ ਬੰਦਾ ਰੱਬ ਤੋਂ ਗਿਰਦਾ ਹੈ। ਰੱਬੀ ਮਿਹਰ ਵਿੱਚ ਵਿਸ਼ਵਾਸ ਨਾਲ਼ ਉਸਦੇ ਕਰੋਧ ਤੋਂ ਬਚਣ ਬਾਰੇ ਸੋਚਦਾ ਹੈ। ਸੋ 'ਮਿਹਰ' ਦੁਆਰਾ ਰੱਬ ਬੰਦੇ ਨੂੰ ਉਸ ਦੇ ਪ੍ਰਮਾਣਿਕ ਹੋਂਦ ਬਣਨ ਦੀ ਗੁਆਚੀ ਸੰਭਾਵਨਾ ਮੁੜ ਪ੍ਰਦਾਨ ਕਰਦਾ ਹੈ। ਸ਼ਾਇਦ ਇਸੇ ਲਈ ਸ਼ੇਖ਼ ਫ਼ਰੀਦ ਲਿਖਦੇ ਹਨ:

(ੳ) ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ।[11]
(ਅ) ਜਾ ਹੋਇ ਕ੍ਰਿਪਾਲੁ ਤਾ ਪ੍ਰਭੁ ਮਿਲਾਏ।[12]
(ੲ) ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇ।
ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸ ਕਰੇ[13] ॥124॥

ਧਾਰਮਿਕ ਅਸਤਿਤਵਵਾਦੀ ਪਾਲ ਟਿਲਿੱਕ (Paul Tillich) ਦਾ ਵਿਚਾਰ ਹੈ ਕਿ ਸੁੰਨਸਾਨ (Solitude) ਅਤੇ ਇਕੱਲਤਾ (Loneliness) ਵਿੱਚ ਅੰਤਰ ਹੈ। ਮਿਰਜ਼ਾ ਸਾਹਿਬਾਂ ਦੇ ਕਿੱਸੇ ਵਿੱਚ 'ਸੁੰਨੀਆਂ ਗਲੀਆਂ' ਸੁੰਨਸਾਨ ਹੈ ਪਰ ਮਿਰਜ਼ੇ ਬਿਨਾਂ ਸਾਹਿਬਾਂ ਲਈ 'ਇਕੱਲਤਾ' ਮਹਿਸੂਸ ਹੁੰਦੀ ਹੈ। ਫ਼ਰੀਦ ਜੀ ਰਾਗ ਸੂਹੀ ਵਿੱਚ ਲਿਖਦੇ ਹਨ :

ਵਿਧਣ ਖੂਹੀ ਮੁੰਧ ਇਕੇਲੀ
ਨਾ ਕੋ ਸਾਥੀ ਨਾ ਕੋ ਬੇਲੀ
ਕਰਿ ਕਿਰਪਾ ਸਾਧ ਸੰਗੀ ਮੇਲੀ

ਜਾ ਫਿਰ ਦੇਖਾ ਤਾਂ ਮੇਰਾ ਅਲਹੁ ਬੇਲੀ।[14]

ਜੀਵ ਰੂਪ ਪਨਿਹਾਰੀ ਇਕੱਲੀ ਹੈ, ਖੂਹੀ ਸੁੰਨੀ ਅਤੇ ਭਿਆਨਕ ਮਾਹੌਲ ਵਿੱਚ ਹੈ। ਇਥੇ ਮੁੜ ਧਿਆਨ ਦੇਣਾ ਬਣਦਾ ਹੈ ਕਿ ਅਸਤਿਤਵਵਾਦ 'ਮੈਂ-ਵਾਦ' ਨਹੀਂ ਹੈ। ਚੰਗੇ ਬੰਦਿਆਂ ਦੀ ਸੰਗਤ ਵਿੱਚੋਂ ਹੀ ਰੱਬ ਪਿਆਰਾ ਮਿੱਤਰ ਪ੍ਰਤੀਤ ਹੋਣ ਲੱਗ ਪੈਂਦਾ ਹੈ।

ਮਾਨਵੀ ਚਿੰਤਾ (Anxiety) ਬਾਰੇ ਅਸਤਿਤਵਵਾਦੀਆਂ ਨੇ ਵਿਚਾਰ ਪ੍ਰਸਤੁਤ ਕੀਤੇ ਹਨ। ਸੋਰੇਨ ਕੀਰਕੇਗਾਰਦ (Kierkegaard) ਸੀਮਿਤਤਾ (Finitude) ਦੁਆਰਾ ਸ਼ਰਤਬੱਧਤਾ ਨੂੰ ਸੁਤੰਤਰਤਾ ਨਾਲ਼ ਜੋੜਦਾ ਹੈ। ਉਸ ਅਨੁਸਾਰ ਚਿੰਤਾ ਵਿੱਚ ਮਨੁੱਖ ਦੀ ਸੰਭਾਵਨਾ ਉਸਦੀ ਜ਼ਿੰਮੇਵਾਰੀ ਦੇ ਸਨਮੁਖ ਹੁੰਦੀ ਹੈ ਪਰ ਹਾਈਡਿਗਰ ਸੰਭਾਵਨਾ ਨੂੰ ਮਨੁੱਖੀ ਹੋਂਦ ਦੀ ਫੈਕਟੀਸਿਟੀ ਨਾਲ਼ ਸੰਬੰਧਤ ਕਰਦਿਆਂ ਇਸੇ ਵਿੱਚੋਂ ਚਿੰਤਾ ਪੈਦਾ ਹੁੰਦੀ ਦੱਸਦਾ ਹੈ। ਕੁੱਝ ਵੀ ਹੋਵੇ ਸ਼ੇਖ਼ ਫ਼ਰੀਦ ਅਸਤਿਤਵਵਾਦ ਦੇ ਹੋਂਦ ਗ੍ਰਹਿਣ ਕਰਨ ਤੋਂ ਅੱਠ ਸਦੀਆਂ ਪਹਿਲਾਂ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਚਿੰਤਾ ਬਾਰੇ, ਰੱਬ ਨੂੰ, ਇਨ੍ਹਾਂ ਸ਼ਬਦਾਂ ਵਿੱਚ ਸੰਬੋਧਨ ਕਰਦੇ ਹਨ।

ਫ਼ਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਾ ਵਿਛਾਵਣ ਲੇਫੁ।
ਏਹ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ।[15] ॥35॥

ਖੋਟਾ ਨਿਸ਼ਚਾ (Bad faith) ਟਰਮ ਤਾਂ ਨਾਸਤਿਕ ਅਸਤਿਤਵਵਾਦੀਆਂ ਦੀ ਹੈ ਪਰ ਸ਼ੇਖ਼ ਫ਼ਰੀਦ ਦੀ ਬਾਣੀ ਵਿੱਚ ਇਸਦੀ ਉਦਾਹਰਨ ਵੀ ਉਪਲੱਬਧ ਹੈ। ਬੰਦਾ ਆਪਣੇ ਕਾਰਜਾਂ ਦੁਆਰਾ ਆਪਣੇ ਸਵੈ ਅੱਗੇ ਜਾਂ ਦੂਜਿਆਂ ਅੱਗੇ ਵੀ ਝੂਠੇ ਰੂਪ ਵਿੱਚ ਪੇਸ਼ ਹੋ ਸਕਦਾ ਹੈ। ਫ਼ਰੀਦ ਜੀ ਕਹਿੰਦੇ ਹਨ ਕਿ ਮੋਢੇ ਤੇ ਫੂਹੜੀ ਹੈ, ਗਲ ਵਿੱਚ ਸੂਫੁ ਹੈ, ਦਿਲ ਵਿੱਚ ਕੈਂਚੀ ਹੈ, ਮੂੰਹ ਵਿੱਚ ਮਿਠਾਸ ਹੈ। ਅਜਿਹਾ ਬੰਦਾ ਬਾਹਰੋਂ ਤਾਂ ਬ੍ਰਹਮ-ਗਿਆਨੀ ਜਾਪਦਾ ਹੈ ਪਰ ਅਸਲ ਵਿੱਚ ਉਸ ਅੰਦਰ ਅਗਿਆਨੀਆਂ ਵਾਲਾ ਗੂੜ੍ਹਾ ਕਾਲਾ ਹਨੇਰਾ ਹੁੰਦਾ ਹੈ। ਅਜਿਹੀ ਅਵਸਥਾ (Bad faith) ਦੀ ਅਵਸਥਾ ਹੁੰਦੀ ਹੈ ਜੋ ਰੱਬ ਤੋਂ/ਸੱਚ ਤੋਂ ਕੋਹਾਂ ਦੂਰ ਲੈ ਜਾਂਦੀ ਹੈ।

ਡਰ ਅਤੇ ਤੌਖ਼ਲਾ ਮਨੁੱਖੀ ਸ਼ਖ਼ਸੀਅਤ ਨੂੰ ਹਮੇਸ਼ਾ ਹੀ ਦਰਪੇਸ਼ ਰਹਿੰਦਾ ਹੈ। ਜਦੋਂ ਸਥਿਤੀ ਬੰਦੇ ਉੱਪਰ ਹਾਵੀ ਹੁੰਦੀ ਹੈ ਤਾਂ ਉਸਨੂੰ ਡਰ (Fear) ਲੱਗਦਾ ਹੈ:

ਫ਼ਰੀਦਾ ਗਲੀਏ ਚਿੱਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ।
ਚਲਾ ਤ ਭਿਜੈ ਕੰਬਲੀ ਰਹਾਂ ਤੇ ਤੁਟੈ ਨੇਹੁ।[16] ॥24॥
ਪਰ : ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ
ਜਾਇ ਮਿਲਾ ਤਿਨ੍ਹਾ ਸਜਣਾ ਤੁਟਉ ਨਾਹੀ ਨੇਹੁ।[17] ॥25॥

ਇਸ ਸਥਿਤੀ ਵਿੱਚ ਬੰਦਾ ਸਥਿਤੀ 'ਤੇ ਹਾਵੀ ਹੈ ਪਰ ਮਨ ਵਿੱਚ ਇਹ

ਤਾਂ ਰਹਿੰਦਾ ਹੈ ਕਿ ਠੀਕ-ਠਾਕ ਪਹੁੰਚ ਵੀ ਜਾਵਾਂਗਾ ਕਿ ਨਹੀਂ। ਇਹੋ ਸਥਿਤੀ ਤੀਬਰ ਵੇਦਨਾ (Anguish) ਦੀ ਹੁੰਦੀ ਹੈ।

ਸ਼ੇਖ਼ ਫ਼ਰੀਦ ਜੀ ਦਾ ਮਨੋਰਥ ਤਾਂ ਪ੍ਰਮਾਣਿਕ ਅਸਤਿਤਵ (Authentic Existence) ਸਿਰਜਨਾ ਹੈ। ਧਾਰਮਿਕ ਤੌਰ 'ਤੇ 'ਦਿਲਹੁ ਮੁਹਬਤਿ' ਵਾਲੇ ਪ੍ਰਮਾਣਿਕ ਅਸਤਿਤਵ ਵਾਲੇ ਹੁੰਦੇ ਹਨ। ਅਜਿਹੇ ਪ੍ਰਮਾਣਿਕ ਅਸਤਿਤਵ ਵਾਲੇ ਵਿਅਕਤੀ ਸੰਸਾਰ ਵਿੱਚ ਕੰਵਲ ਦੇ ਫੁੱਲ ਵਾਂਗ ਵਿਚਰਦੇ ਹਨ। ਉਹ ਭੇਡ-ਚਾਲ ਵਾਂਗ 'ਦੁਨੀ ਵਜਾਈ ਵਜਦੀ ਤੂੰ ਵਜਹਿ ਨਾਲਿ' ਅਨੁਸਾਰ ਨਹੀਂ ਚੱਲਦੇ। ਸਗੋਂ 'ਅਲ੍ਹਾ ਸੇਤੀ ਰਤਿਆ' 'ਏਹੁ ਸਚਾਵਾ ਸਾਜੁ' ਦੀ ਅਵਸਥਾ ਨੂੰ ਪ੍ਰਾਪਤ ਕਰ ਲੈਂਦੇ ਹਨ। 'ਦਿਲ ਦੇ ਵਿਕਾਰੁ' ਲਾਹਕੇ ਹੀ ਉਸਦਾ 'ਦਰਬਾਰੁ' ਲੱਭਿਆ ਜਾ ਸਕਦਾ ਹੈ। ਧਾਰਮਿਕ ਅਸਤਿਤਵਵਾਦੀਆਂ ਅਨੁਸਾਰ ਇਹੋ ਪ੍ਰਮਾਣਿਕ ਅਸਤਿਤਵ ਦੀ ਅਵਸਥਾ ਹੈ।

*ਅਧਿਆਇ ਪੰਜਵਾਂ*

# ਜਪੁ ਜੀ ਸਾਹਿਬ

'ਜਪੁ ਜੀ' ਗੁਰੂ ਨਾਨਕ ਦੇਵ ਜੀ ਦਾ ਸ਼ਾਹਕਾਰ ਹੈ। ਇਹ ਬਾਣੀ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਾਰਸ਼ਨਿਕ ਆਧਾਰ ਪ੍ਰਦਾਨ ਕਰਦੀ ਹੈ। ਜਿਸ ਵਿਅਕਤੀ ਨੇ ਇਸ ਬਾਣੀ ਨੂੰ ਸਮਝ ਲਿਆ, ਉਸਨੂੰ ਗੁਰਮਤਿ ਦਰਸ਼ਨ ਦੀ ਸੋਝੀ ਹੋ ਜਾਂਦੀ ਹੈ। ਇਸ ਬਾਣੀ ਦੀ ਪਹਿਲੀ ਪਉੜੀ ਵਿੱਚ ਹੀ ਬੜੇ ਸ਼ਕਤੀਸ਼ਾਲੀ ਅਸਤਿਤਵੀ ਸੰਕੇਤ (Existential Symbols) ਉਪਲਬਧ ਹਨ ਜਿਵੇਂ :

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ।<br>
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ।<br>
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ।<br>
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ।

ਅਰਥਾਤ ਸੋਚ-ਵਿਚਾਰ ਨਾਲ ਉਸਦੀ ਹਸਤੀ (Existence) ਬਾਰੇ ਜਾਣਿਆ ਨਹੀਂ ਜਾ ਸਕਦਾ। ਅਸਤਿਤਵਵਾਦੀ ਵਿਦਵਾਨ H.J. Blackham ਕਹਿੰਦਾ ਹੈ, "Thought can not think Existence." ਇੰਜ ਬਲੈਕਹੈਮ ਕੀਰਕੇਗਾਰਦ ਦੇ ਹੀ ਇਨ੍ਹਾਂ ਵਿਚਾਰਾਂ ਦੀ ਪੁਸ਼ਟੀ ਕਰਦਾ ਹੈ, 'Existence does not come within the province of thought to think. (1951:25)'

ਚੁੱਪ ਦੁਆਰਾ ਵੀ ਅਸਤਿਤਵ ਦੀ ਸਮਝ ਨਹੀਂ ਪੈ ਸਕਦੀ। ਚੁੱਪ ਦੀ ਮੁਦਰਾ ਤਾਂ ਆਪਣੇ ਆਪ ਤਕ ਸੀਮਤ ਹੁੰਦੀ ਹੈ। ਅਸਤਿਤਵਵਾਦੀ ਸ਼ਬਦਾਵਲੀ ਵਿੱਚ ਚੁੱਪ Being-in-itself ਦੀ ਸਥਿਤੀ ਹੁੰਦੀ ਹੈ। Martin Buber ਆਪਣੇ ਇੱਕ ਨਿਬੰਧ The Dialogue Between Heaven and Earth ਵਿੱਚ ਲਿਖਦਾ ਹੈ, God addresses man and is addressed by Him.' Will Herberg, (1952 : 1941) ਗੁਰੂ ਨਾਨਕ ਦੇਵ ਜੀ ਦਾ ਵੀ ਫ਼ਰਮਾਨ ਹੈ 'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ। ੬੬੧ ॥ ਚੁੱਪ ਦੀ ਇਕਾਂਤ ਮੁਦਰਾ ਵਿਚ ਮੈਂ-ਤੂੰ (I-Thoue) ਸੰਬੰਧ ਸੰਪੂਰਨ ਨਹੀਂ ਹੁੰਦੇ।

ਇੰਦਰੀਆਂ ਦੀ ਭੁੱਖ (Desires) ਅਤੇ ਮਾਇਆ (ਪਦਾਰਥਾਂ ਦਾ ਸੰਗ੍ਰਹਿ) ਵੀ ਹਸਤੀ ਦੀ ਪ੍ਰਮਾਣਿਕ ਸਮਝ ਦੇ ਰਾਹ ਵਿਚ ਰੋੜਾ ਹਨ। ਜਕ ਮੇਰੀਟੇਨ

ਅਨੁਸਾਰ ਅਸਤਿਤਵ ਮਾਇਆਵੀ ਆਕਰਸ਼ਕ ਵਸਤਾਂ ਜਿਵੇਂ ਸੋਨੇ ਦੇ ਪੌਂਡਾਂ, ਸਿੱਕਿਆਂ, ਅਸ਼ਰਫੀਆਂ ਦੁਆਰਾ ਨਿਰਧਾਰਤ ਨਹੀਂ ਕੀਤਾ ਜਾ ਸਕਦਾ (Existence is not a quidditative determination)' (Will Herberg: 1952:40) ਇਵੇਂ ਇੰਦਰਾਵੀ ਭੁੱਖਾਂ ਮਿਥਿਆ ਹੋਣ ਕਾਰਨ ਪ੍ਰਮਾਣਿਕ ਅਸਤਿਤਵ ਤੋਂ ਕੋਹਾਂ ਦੂਰ ਰਹਿੰਦੀਆਂ ਹਨ।

ਇੰਜ ਹੀ ਬੰਦੇ ਪਾਸ ਭਾਵੇਂ ਕਿੰਨੀ ਵੀ ਸਿਆਣਪ ਹੋਵੇ ਪਰ ਹਸਤੀ (Existence) ਦੀ ਸਮਝ ਸਮੇਂ ਬੁੱਧੀ ਅਨੇਕਾਂ ਵਾਰ ਬੇਵਸ ਹੋ ਜਾਂਦੀ ਹੈ। ਅਲਬਰਟ ਆਈਨਸਟਾਈਨ ਨੇ ਠੀਕ ਹੀ ਕਿਹਾ ਹੈ, "... How utterly inadequate that intelligence is when confronted with what exists.' (Oxford Q&p, VIII, 2006; 147)

ਇਸ ਬਾਣੀ ਅਨੁਸਾਰ ਮਨੁੱਖੀ ਜੀਵਨ ਦਾ ਉਦੇਸ਼ ਸਚਿਆਰਾ ਬਣਨਾ ਹੈ : ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥

ਅਰਥਾਤ ਮਨੁੱਖ ਨੇ ਆਪਣੇ ਅਸਤਿਤਵ ਨੂੰ ਪ੍ਰਮਾਣਿਕ (Authentic) ਕਿਵੇਂ ਬਣਾਉਂਣਾ ਹੈ। ਇਸਦਾ ਹੱਲ ਵੀ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਆਪਣੀ ਨਾਲ਼ ਲਗਦੀ ਪੰਕਤੀ ਵਿੱਚ ਹੀ ਦੇ ਦਿੱਤਾ ਹੈ :

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।

ਅਰਥਾਤ ਰੱਬੀ ਹੁਕਮ ਅਨੁਸਾਰ ਚੱਲਕੇ ਬੰਦਾ ਆਪਣੀ ਸੰਸਾਰਿਕ ਹੋਂਦ ਨੂੰ ਪ੍ਰਮਾਣਿਕ ਬਣਾ ਸਕਦਾ ਹੈ।

ਜਪੁਜੀ ਅਨੁਸਾਰ ਬੰਦਾ ਜਿਸ ਸੰਸਾਰ ਵਿੱਚ ਹੈ ਉਸਦਾ ਸਾਰਾ ਪਾਸਾਰ ਰੱਬੀ ਹੁਕਮ ਅਨੁਸਾਰ ਹੋਇਆ ਹੈ। ਸਭ 'ਆਕਾਰ' ਅਤੇ 'ਜੀਵ' ਉਸਨੇ ਹੀ ਪੈਦਾ ਕੀਤੇ ਹਨ। ਇਨ੍ਹਾਂ ਜੀਵਾਂ ਵਿੱਚ ਚੰਗੇ ਅਤੇ ਮਾੜੇ ਸਭ ਜੀਵ ਸ਼ਾਮਲ ਹਨ। ਉਸਦੇ ਹੁਕਮ ਨਾਲ਼ ਹੀ ਬੰਦੇ ਦੁੱਖ-ਸੁੱਖ ਪਾਉਂਦੇ ਹਨ। ਉਸਦੇ ਹੁਕਮ ਤੋਂ ਬਾਹਰ ਪੱਤਾ ਵੀ ਨਹੀਂ ਹਿਲਦਾ। ਜਪੁਜੀ ਅਨੁਸਾਰ ਇਹੋ ਇਸ ਸੰਸਾਰ ਦੀ ਤਥਾਤਮਕਤਾ (Facticity) ਹੈ।

ਇਸ ਲਈ ਬੰਦੇ ਨੇ ਰੱਬੀ ਹੁਕਮ ਦੇ ਸੰਕਲਪ ਨੂੰ ਸਮਝਣਾ ਹੈ। ਇਹ ਐਵੇਂ ਨਹੀਂ ਬੁਝਿਆ ਜਾ ਸਕਦਾ। ਇਸਦੇ ਬੁੱਝਣ ਲਈ ਬੰਦੇ ਨੂੰ ਉਸਦੇ 'ਨਾਮ' ਨਾਲ਼ ਜੁੜਨਾ ਪੈਣਾ ਹੈ। 'ਨਾਮ' ਅਤੇ 'ਸ਼ਬਦ' ਸਮਾਨਾਰਥੀ ਪ੍ਰਤੀਤ ਹੁੰਦੇ ਹਨ। 'ਸ਼ਬਦ' ਨਾਲ਼ ਜੁੜਨਾ ਹੀ ਨਾਮ ਸਿਮਰਨ ਹੈ। ਸ਼ਬਦ ਨਾਲ਼ ਜੁੜਕੇ ਵਿਅਕਤੀ ਨੂੰ ਆਪਣੀ ਹੋਂਦ ਦੀ ਸਮਝ ਪੈਂਦੀ ਹੈ। ਉਸ ਵਿੱਚ ਵਿਸ਼ਵਾਸ ਦੀ ਭਾਵਨਾ ਪੈਦਾ ਹੁੰਦੀ ਹੈ। ਧਾਰਮਿਕ ਅਸਤਿਤਵਵਾਦੀਆਂ ਦਾ ਵਿਚਾਰ ਹੈ- ਵਿਸ਼ਵਾਸ ਸ਼ਬਦ ਨੂੰ

'ਸੁਣਨ' ਨਾਲ਼ ਪੈਦਾ ਹੁੰਦਾ ਹੈ :

Faith cometh by hearing, and hearing by the Word of God.[1] ਹਾਈਡਿਗਰ ਨੇ 'ਜ਼ਮੀਰ' 'ਤੇ ਬਹੁਤ ਬੋਝ ਪਾਇਆ ਪਰ ਬੁਲਟਮਾਨ 'ਜ਼ਮੀਰ' ਦਾ ਸਥਾਨ 'ਸ਼ਬਦ' ਨੂੰ ਪ੍ਰਦਾਨ ਕਰਦਾ ਹੈ। ਜਾਨ੍ਹ ਮਕੈਰੀ ਅਨੁਸਾਰ :


Bultmann is right in claiming that only the Word- and that means only the Word of God- can fulfill the function which Heidegger referred to conscience.[2]

ਗੁਰੂ ਨਾਨਕ ਦੇਵ ਜੀ ਲਿਖਦੇ ਹਨ ਨਾਮ (ਸ਼ਬਦ) ਨਾਲ਼ ਬੰਦੇ ਦੀਆਂ ਬੁਰਾਈਆਂ ਸਮਾਪਤ ਹੋ ਜਾਂਦੀਆਂ ਹਨ। ਸ਼ਬਦ ਦੀ ਸਮਝ ਅਤੇ ਅਭਿਆਸ ਨਾਲ਼ ਬੰਦਾ ਆਪਣੀ ਪਤਿਤ ਸਥਿਤੀ ਵਿੱਚੋਂ ਉੱਭਰ ਸਕਦਾ ਹੈ :

ਭਰੀਐ ਹਥੁ ਪੈਰੁ ਤਨੁ ਦੇਹ॥
ਪਾਣੀ ਧੋਤੈ ਉਤਰਸੁ ਖੇਹ॥
ਮੂਤ ਪਲੀਤੀ ਕਪੜੁ ਹੋਇ॥
ਦੇ ਸਾਬੂਣੁ ਲਈਐ ਓਹੁ ਧੋਇ॥
ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥[3]


ਇਉਂ ਨਾਮ (ਸ਼ਬਦ) ਨਾਲ਼ ਜੁੜਕੇ ਵਿਅਕਤੀ ਗਿਰਾਵਟ ਵਾਲੀ ਸਥਿਤੀ ਵਿੱਚੋਂ ਉੱਭਰਕੇ ਪ੍ਰਮਾਣਿਕ ਸੰਭਾਵਨਾ (Authentic possibility) ਵਿੱਚ ਪ੍ਰਵੇਸ਼ ਕਰ ਸਕਦਾ ਹੈ।

'ਸ਼ਬਦ' ਦਾ ਗਾਇਣ ਕਰਨ ਵਾਲੇ ਵਿਅਕਤੀ ਵਿੱਚ ਅਨੇਕ ਸੰਭਾਵਨਾਵਾਂ ਹੋ ਸਕਦੀਆਂ ਹਨ।




ਧਾਰਮਿਕ ਅਸਤਿਤਵਵਾਦੀਆਂ ਅਨੁਸਾਰ ਇਨ੍ਹਾਂ ਸੰਭਾਵਨਾਵਾਂ ਵਿੱਚੋਂ 'ਹਾਜ਼ਰ ਨਾਜ਼ਰ' ਦੀ ਸੰਭਾਵਨਾ ਪ੍ਰਮਾਣਿਕ ਹੈ।

ਇਵੇਂ ਹੀ ਸ਼ਬਦ-ਸ੍ਰਵਣ ਕਰਨ ਦੀਆਂ ਅਨੇਕਾਂ ਸੰਭਾਵਨਾਵਾਂ ਉਜਾਗਰ ਕੀਤੀਆਂ ਗਈਆਂ ਹਨ




ਇਨ੍ਹਾਂ ਅਤੇ ਹੋਰ ਅਜਿਹੀਆਂ ਸੰਭਾਵਨਾਵਾਂ ਵਿੱਚੋਂ 'ਮਾਨਸਿਕ ਆਨੰਦ' ਨੂੰ ਪ੍ਰਮੁੱਖ ਸਥਾਨ ਮਿਲਦਾ ਹੈ। ਇਹ ਕਿਸੇ ਵਿਅਕਤੀ ਦਾ ਤਣਾਉ ਮੁਕਤ ਜੀਵਨ ਆਖਿਆ ਜਾ ਸਕਦਾ ਹੈ।

ਸੁਣਨ ਉਪਰੰਤ ਮਨਨ (ਮੰਨੇ) (Meditation) ਦੀ ਪ੍ਰਕਿਰਿਆ ਚਲਦੀ ਹੈ। ਮਨਨ ਦੁਆਰਾ ਮਨ ਤੇ ਬੁੱਧੀ ਨੂੰ ਸੂਝ ਪ੍ਰਾਪਤ ਹੁੰਦੀ ਹੈ। ਇਸਦਾ ਲਾਭ ਇਹ ਹੁੰਦਾ ਹੈ ਕਿ ਬੰਦਾ ਜਿਸ ਵੀ ਜੀਵਨ ਮਾਰਗ ਦੀ ਚੋਣ ਕਰਦਾ ਹੈ, ਉਸ ਵਿੱਚ ਕਿਸੇ ਪ੍ਰਕਾਰ ਦੀ ਰੋਕ ਦੀ ਸੰਭਾਵਨਾ ਨਹੀਂ ਰਹਿੰਦੀ। ਇਹ ਮਾਰਗ ਜੀਵਨ-ਮੁਕਤ ਹੋਣ ਵੱਲ ਅਗਰਸਰ ਹੁੰਦਾ ਹੈ। ਇੰਜ ਬੇਅੰਤ ਲੋਕ ਵੱਖ-ਵੱਖ ਮਨੋਰਥਾਂ ਲਈ ਸ਼ਬਦ ਨਾਲ਼ ਜੁੜਦੇ, ਸੁਣਦੇ ਅਤੇ ਮਨਨ ਕਰਕੇ ਆਪਣੇ ਜੀਵਨ ਨੂੰ ਪ੍ਰਮਾਣਿਕਤਾ ਦੇ ਪੈਂਡੇ ਵੱਲ ਟੋਰਦੇ ਹਨ।

ਕੁਦਰਤੀ ਪ੍ਰਕਿਰਿਆ ਦੀ ਸਮਝ ਲਈ ਬੰਦੇ ਵਿੱਚ ਪਾਰਗਾਮੀ ਸਥਿਤੀ (Transcendence) ਦੀ ਸੰਭਾਵਨਾ ਹੈ। Man is something that hath to be surpassed.[4]

ਇਵੇਂ ਅਸਤਿਤਵ ਕਦੇ ਸੰਪੂਰਨ ਨਹੀਂ ਹੁੰਦਾ, ਇਹ ਤਾਂ ਇੱਕ ਨਿਰੰਤਰ ਪ੍ਰਕਿਰਿਆ ਹੈ। ਨਿਰੰਤਰ ਵਿਕਾਸ ਵੱਲ ਹੈ। ਇਸ ਲਈ ਵੱਡੇ ਮਾਲਕ ਦੀ ਸਮਝ ਲਈ ਉਸਦੇ 'ਸ਼ਬਦ' ਨੂੰ ਸਮਝਣਾ ਪੈਣਾ ਹੈ :

ਵਡਾ ਸਾਹਿਬੁ ਊਚਾ ਥਾਉ॥
ਊਚੇ ਊਪਰਿ ਊਚਾ ਨਾਉ॥
ਏਵਡ ਊਚਾ ਹੋਵੈ ਕੋਇ॥
ਤਿਸੁ ਊਚੇ ਕਉ ਜਾਣੈ ਸੋਇ॥[5]

ਪਰ ਧਾਰਮਿਕ ਅਸਤਿਤਵਵਾਦੀਆਂ ਅਨੁਸਾਰ 'ਤਿਸ ਊਚੇ' ਦੀ ਸਮਝ ਲਈ ਉਸਦੀ ਮਿਹਰ (Grace) ਦੀ ਲੋੜ ਹੈ। ਇਹ ਮਿਹਰ ਜਾਂ ਨਦਰ ਕੀ ਹੈ ? ਜਿਵੇਂ ਨੈਤਿਕਤਾ (Ethics) ਵਿੱਚ ਜ਼ਮੀਰ ਦੀ ਸਮਝ ਕਠਿਨ ਹੈ, ਇਵੇਂ ਧਰਮ-ਸ਼ਾਸਤਰ ਵਿੱਚ ਨਦਰ (Grace) ਦੀ ਸਥਿਤੀ ਹੈ। ਇਸਨੂੰ ਇੱਕ ਅਜਿਹੀ ਘਟਨਾ ਮੰਨਿਆ ਜਾਂਦਾ ਹੈ ਜੋ ਬੰਦੇ ਦੀ ਪ੍ਰਮਾਣਿਕ ਸੰਭਾਵਨਾ ਦੀ ਗੁਆਚੀ

ਸਥਿਤੀ ਨੂੰ ਮੁੜ ਬਲ ਪ੍ਰਦਾਨ ਕਰਦੀ ਹੈ ਜੋ ਬੰਦੇ ਵੱਲੋਂ ਕੀਤੇ ਗੁਨਾਹਾਂ (Guilt) ਦੀ ਮੁਆਫ਼ੀ ਵੱਲ ਸੰਕੇਤ ਕਰਦੀ ਹੈ। ਕਿਉਂਕਿ ਬੰਦਾ ਆਪਣੇ ਅਤੀਤ ਦੀਆਂ ਭੁੱਲਾਂ ਕਾਰਨ ਅਜਿਹੀ ਸਥਿਤੀ ਵਿੱਚ ਡਿੱਗ ਚੁੱਕਾ ਹੁੰਦਾ ਹੈ ਜਿੱਥੇ ਉਸਦੇ ਪ੍ਰਮਾਣਿਕ ਮਾਰਗ ਤੇ ਚੱਲਣ ਦੀਆਂ ਸੰਭਾਵਨਾਵਾਂ ਨਿਰਹੋਂਦ ਹੋ ਜਾਂਦੀਆਂ ਹਨ। ਇੰਜ 'ਨਦਰ' ਅਤੀਤ ਨੂੰ ਭੁਲਾਕੇ ਪਿਛਲੇ ਗੁਨਾਹ ਬਖ਼ਸ਼ਕੇ ਭਵਿੱਖ ਦੇ ਮਾਰਗ ਤੇ ਪਾਉਣ ਦਾ ਕਾਰਜ ਕਰਦੀ ਹੈ। ਬੁਲਟਮਾਨ ਅਨੁਸਾਰ ਅਜਿਹੀ ਅਵਸਥਾ ਨੂੰ ਪਰਾਸਰੀਰਕ ਇਸ ਲਈ ਆਖਿਆ ਜਾ ਸਕਦਾ ਹੈ ਕਿਉਂ ਜੋ ਮਨੁੱਖ ਦੀ ਸਥਿਤੀ ਵਿੱਚ ਇਹ ਬਾਹਰਲੀ ਦਖ਼ਲ ਅੰਦਾਜ਼ੀ ਹੈ। ਨਦਰ (Grace) ਸੰਬੰਧੀ ਜਪੁਜੀ ਸਾਹਿਬ ਵਿੱਚ ਕਿਹਾ ਗਿਆ ਹੈ :

ਜੇਵਡੁ ਆਪਿ ਜਾਣੈ ਆਪਿ ਆਪਿ॥
ਨਾਨਕ ਨਦਰੀ ਕਰਮੀ ਦਾਤਿ॥[6]
ਨਾਨਕ ਨਦਰੀ ਪਾਈਐ
ਕੂੜੀ ਕੂੜੈ ਠੀਸ॥[7]
ਨਦਰੀ ਕਰਮਿ ਪਵੈ ਨੀਸਾਣੁ॥[8]
ਕਰਿ ਕਰਿ ਵੇਖੈ ਨਦਰਿ ਨਿਹਾਲ॥[9]
ਜਿਨ ਕਉ ਨਦਰਿ ਕਰਮੁ ਤਿਨ ਕਾਰ॥
ਨਾਨਕ ਨਦਰੀ ਨਦਰਿ ਨਿਹਾਲ॥[10]

ਪਰ ਇਸ ਨਦਰ ਦੀ ਪ੍ਰਾਪਤੀ ਲਈ ਵਿਅਕਤੀ ਨੂੰ ਹੁਕਮ ਵਿੱਚ ਰਹਿਕੇ, ਸੁਣਨ ਮਨਨ ਦੀ ਪ੍ਰਕਿਰਿਆ ਵਿੱਚੋਂ ਗੁਜ਼ਰਕੇ, ਪੰਜ ਖੰਡਾਂ ਵਿੱਚ ਦੀ ਗੁਜ਼ਰਨਾ ਪੈਂਦਾ ਹੈ। ਸ਼ਾਇਦ ਇਹੋ ਹੀ ਧਾਰਮਿਕ ਅਸਤਿਤਵਵਾਦੀਆਂ ਅਨੁਸਾਰ ਚੇਤਨਾ ਦੀ ਪਾਰਗਮਤਾ (Transcendence of ego) ਹੈ, ਇਹ ਖੰਡ ਹਨ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸੱਚ ਖੰਡ। ਧਰਮ ਖੰਡ ਵਿੱਚ ਜੀਵਨ-ਜੁਗਤੀਆਂ ਦੀ ਸਮਝ, ਸੱਚ-ਝੂਠ ਦੀ ਪਰਖ ਹੋ ਜਾਂਦੀ ਹੈ। ਗਿਆਨ ਖੰਡ ਵਿੱਚ ਬ੍ਰਹਿਮੰਡੀ ਚੇਤਨਾ ਦੀ ਸੋਝੀ ਆਉਂਦੀ ਹੈ। ਸਰਮ ਖੰਡ ਵਿੱਚ ਮਿਹਨਤ ਦੀ ਸਥਿਤੀ ਸ਼ਾਮਲ ਹੈ ਜਿਸਦੇ ਫਲਸਰੂਪ ਸੁੰਦਰ ਸ਼ਖ਼ਸੀਅਤ ਦੀ ਘਾੜਤ ਹੁੰਦੀ ਹੈ। ਸ਼ਖ਼ਸੀਅਤ (Personality) ਅਤੇ ਵਿਅਕਤੀ (Individual) ਵਿੱਚ ਨਿਕੋਲਸ ਬਰਦੀਏਵ ਅੰਤਰ ਮੰਨਦਾ ਹੈ। 'ਜਣਾ' (Individual) ਕਿਸੇ ਵੀ ਮਾਂ-ਬਾਪ ਦੇ ਜਨਮ ਲੈ ਸਕਦਾ ਹੈ ਪਰ ਸ਼ਖ਼ਸੀਅਤ (Personality) ਕਿਸੇ ਮਾਂ-ਬਾਪ ਦੇ ਨਹੀਂ ਜਨਮਦੀ ਭਾਵੇਂ ਹੁੰਦੀ ਇਹ ਵਿਅਕਤੀ ਦੀ ਹੈ। 'ਸ਼ਬਦ' ਦੁਆਰਾ ਇਸਦੀ ਘਾੜਤ ਘੜੀ ਜਾਂਦੀ ਹੈ। ਕਰਮ ਖੰਡ ਤਾਂ ਬਖ਼ਸ਼ਿਸ ਦਾ ਖੰਡ ਹੈ। ਇਸ ਸਥਿਤੀ ਵਿੱਚ ਘਾਲਣਾ ਘਾਲਣ ਵਾਲ਼ੇ ਹੀ ਪੁੱਜਦੇ ਹਨ। ਸਚ ਖੰਡ, ਦਰਅਸਲ, ਪ੍ਰਮਾਣਿਕ

ਅਸਤਿਤਵ ਦੀ ਪ੍ਰਾਪਤੀ ਦੀ ਅਵਸਥਾ ਹੈ। ਇਸ ਸਥਿਤੀ ਵਿੱਚੋਂ ਵਿਅਕਤੀ ਦੇ ਵਿਚਾਰਾਂ ਦਾ ਅਜਿਹਾ ਵਿਕਾਸ ਹੁੰਦਾ ਹੈ ਜੋ ਕਥਨ ਵਿੱਚੋਂ ਲਿਆਉਣਾ ਅਸੰਭਵ ਹੁੰਦਾ ਹੈ। ਪ੍ਰਮਾਣਿਕ ਅਸਤਿਤਵ (Authentic existence) ਦੀ ਘਾੜਤ 'ਸ਼ਬਦ' ਦੀ ਟਕਸਾਲ ਵਿੱਚ ਘੜੀ ਜਾਂਦੀ ਹੈ। ਅਜਿਹੀ ਘਾੜਤ ਹੀ ਸਚਿਆਰਾ ਬਣਨ ਵਿੱਚ ਸਹਾਈ ਹੁੰਦੀ ਹੈ।

ਜਪੁਜੀ ਸਾਹਿਬ ਵਿੱਚ ਅਨੇਕਾਂ ਸੰਕਲਪ ਹਨ- ਜਿਵੇਂ ਕਿ ਹੁਕਮਿ, ਹਉਮੈ, 'ਕਰਮ', 'ਨਦਰ', 'ਮੋਖ', 'ਪੰਚ', 'ਨਾਦ', 'ਪੁੰਨ', 'ਪਾਪ' ਆਦਿ। ਜਦੋਂ ਗੁਰੂ ਸਾਹਿਬ ਫ਼ਰਮਾਉਂਦੇ ਹਨ 'ਅਸੰਖ ਪਾਪੀ ਪਾਪੁ ਕਰਿ ਜਾਹਿ' ਤਾਂ ਇਹ ਗੱਲ ਬੇਅੰਤ ਪਾਪੀਆਂ 'ਤੇ ਜਾਂ ਕਹੋ ਇਹ ਸਟੇਟਮੈਂਟ ਤਾਂ ਪਤਿਤ ਕਾਰਜ ਵਾਲ਼ੇ ਸਾਰੇ ਬੰਦਿਆਂ ਤੇ ਲਾਗੂ ਹੁੰਦੀ ਹੈ। ਮਾਰਟਿਨ ਹਾਈਡਿਗਰ ਦੇ ਵਿਚਾਰ ਲਾਗੂ ਕੀਤਿਆਂ ਇਹ ਇੱਕ (Ontical) ਸਟੇਟਮੈਂਟ ਹੈ ਕਿਉਂਕਿ ਇਹ ਪਾਪੀ ਜਿਵੇਂ ਹਨ (Being as such) ਨੂੰ ਬਿਆਨ ਕਰਦੀ ਹੈ ਪਰ ਜਦੋਂ ਗੁਰੂ ਸਾਹਿਬ ਇਸਨੂੰ ਅਨੇਕਾਂ ਉਦਾਹਰਨਾਂ ਨਾਲ਼ ਸਪਸ਼ਟ ਕਰਦੇ ਹਨ ਤਾਂ ਇਸਦਾ ਭਾਵ ਹੈ ਕਿ ਉਹ ਪਾਪ ਦੀਆਂ ਅਨੇਕਾਂ ਸੰਭਾਵਨਾਵਾਂ (Possibilities) ਨੂੰ ਪੇਸ਼ ਕਰ ਰਹੇ ਹਨ। ਪਾਪ ਦੀਆਂ ਅਜਿਹੀਆਂ ਸੰਭਾਵਨਾਵਾਂ ਦੀ ਪ੍ਰਸਤੁਤੀ ਹੀ Ontological ਅਖਵਾਉਂਦੀ ਹੈ। ਅਜਿਹੀ ਪ੍ਰਸਤੁਤੀ ਇਸ ਬਾਣੀ ਵਿੱਚ 'ਮੂਰਖ ਅੰਧ ਘੋਰ', 'ਚੋਰ ਹਰਾਮਖੋਰ', 'ਕਰ ਜਾਹਿ ਜੋਰ', 'ਗਲ ਵਢ ਹਤਿਆ ਕਮਾਹਿ', 'ਕੂੜਿਆਰ ਕੂੜੇ ਫਿਰਾਹ', 'ਮਲੁ ਭਖਿ ਖਾਹਿ' ਆਦਿ ਉਦਾਹਰਨਾਂ ਦੁਆਰਾ ਸਪਸ਼ਟ ਹੋ ਜਾਂਦੀ ਹੈ। (Ontical ontological ਲਈ ਢੁਕਵੇਂ ਪੰਜਾਬੀ ਸ਼ਬਦ ਪੇਸ਼ ਨਾ ਕਰ ਸਕਣ ਲਈ ਖੇਦ ਹੈ) ਮੋਟੇ ਤੌਰ 'ਤੇ ਇਨ੍ਹਾਂ ਸ਼ਬਦਾਂ ਨੂੰ ਭੌਤਿਕ, ਪਰਾਭੌਤਿਕ ਅਨੁਸਾਰ ਸਮਝਿਆ ਜਾ ਸਕਦਾ ਹੈ। ਅਜਿਹੇ ਸੰਬੰਧਾਂ ਬਾਰੇ ਸਮਝਣਾ ਅਸਤਿਤਵਵਾਦੀ ਦਰਸ਼ਨ ਦਾ ਸਰੋਕਾਰ ਹੈ ਕਿਉਂਜੋ ਬੰਦਾ ਹਮੇਸ਼ਾ ਇੱਕ ਸੰਭਾਵਨਾ ਹੈ। ਅਸਤਿਤਵਵਾਦੀ ਵਿਸ਼ਲੇਸ਼ਕ ਨੂੰ ਘਟਨਾ ਕਿਰਿਆ ਵਿਗਿਆਨ ਦੀ ਵਰਤੋਂ ਕਰਨੀ ਪੈਂਦੀ ਹੈ। ਇਸ ਵਿਸ਼ਲੇਸ਼ਣ ਅਨੁਸਾਰ ਬੰਦੇ ਨੂੰ 'ਕੀ' ਦੀ ਥਾਂ 'ਕੌਣ' ਵਜੋਂ ਸਮਝਣਾ ਬਣਦਾ ਹੈ।

ਬੰਦਾ ਸੰਸਾਰ ਵਿੱਚ (Being–in-the-world) ਹੈ ਪਰ ਉਹ ਸੰਸਾਰ ਵਿੱਚ ਖਚਿਤ (Being-with-in-world) ਹੋ ਕੇ ਸਚਿਆਰਾ ਬਣਨ ਤੋਂ ਰਹਿ ਵੀ ਸਕਦਾ ਹੈ। 'ਹੁਕਮਿ ਰਜਾਈ' ਚੱਲਕੇ ਕੂੜ ਦੀ ਪਾਲਿ ਨੂੰ ਤੋੜਕੇ ਸਚਿਆਰਾ ਵੀ ਬਣ ਸਕਦਾ ਹੈ। ਗੁਰਬਾਣੀ ਅਨੁਸਾਰ ਜੇ ਬੰਦਾ 'ਸੁਣਿਐ' ਅਤੇ 'ਮੰਨੈ' ਅਨੁਸਾਰ ਅਮਲ ਨਹੀਂ ਕਰਦਾ ਤਾਂ ਉਸਦੀ ਸ਼ਖ਼ਸੀਅਤ ਪਤਿਤ (Fallen) ਹੋ ਕੇ ਅਪ੍ਰਮਾਣਿਕ ਅਸਤਿਤਵ ਵਜੋਂ ਹੋਂਦ ਗ੍ਰਹਿਣ ਕਰ ਸਕਦੀ ਹੈ। ਸੰਸਾਰ ਦੀਆਂ ਲੁਭਾਵਣੀਆਂ ਵਸਤਾਂ ਵਿੱਚ ਖੋ ਕੇ ਬੰਦਾ ਸਬਜੈਕਟ ਦੀ ਥਾਂ ਵਸਤੂ ਬਣ ਜਾਂਦਾ ਹੈ।

ਜਪੁਜੀ ਸਾਹਿਬ ਅਨੁਸਾਰ ਇਸ ਸੰਸਾਰ ਦੀ ਸਿਰਜਨਾ 'ਕੀਤਾ ਪਸਾਉ ਏਕੋ ਕਵਾਓ' ਅਨੁਸਾਰ ਅਕਾਲਪੁਰਖ ਨੇ ਕੀਤੀ ਹੈ। ਸਿਰਜੇ ਜਾਣ ਦੀ ਰੁੱਤ, ਵਕਤ, ਥਿਤਿ ਵੇਲੇ ਦਾ ਸਿਰਜਨਹਾਰ ਤੋਂ ਬਿਨਾਂ ਕਿਸੇ ਨੂੰ ਪਤਾ ਨਹੀਂ। ਧਰਤੀ ਦੇ ਇਸ ਗੋਲੇ ਤੇ ਬੰਦੇ ਨੂੰ ਟਿਕਾਇਆ ਗਿਆ ਹੈ। ਇਸ ਵਿੱਚ ਰਹਿਕੇ ਉਸਨੇ ਆਪਣੇ ਸਚਿਆਰਾ ਹੋਣ ਦੀ ਘਾੜਤ ਘੜਨੀ ਹੈ। ਸੰਸਾਰ ਵਰਕਸ਼ਾਪ ਹੈ। ਇਹ ਸੱਚੇ ਪ੍ਰਭੂ ਦੀ ਸੱਚੀ ਰਚਨਾ (ਸਾਚੀ ਕਾਰ) ਹੈ। ਇਹ 'ਧਰਮਸਾਲ' ਹੈ। ਇੱਥੇ ਬੰਦੇ ਦਾ 'ਕਚ-ਪਕ' ਪਰਖਿਆ ਜਾਂਦਾ ਹੈ। ਗਿਆਨ ਖੰਡ ਵਿੱਚ ਸ੍ਰਿਸ਼ਟੀ ਦੇ ਅਨੇਕਾਂ ਪੱਖ ਉਜਾਗਰ ਹੁੰਦੇ ਹਨ। ਸਰਮ ਖੰਡ ਦਾ ਮਹੱਤਵ ਬਿਆਨ ਕਰਨਾ ਮੁਸ਼ਕਲ ਹੈ। ਕਰਮ ਖੰਡ ਸਚੇ ਅਨੰਦ ਦੀ ਪ੍ਰਾਪਤੀ ਹੈ। ਸਚ ਖੰਡ ਨਿਰੰਕਾਰ ਨਾਲ਼ ਮਿਲਾਪ ਵਾਲਾ ਹੈ। ਪਰ ਬੰਦੇ ਨੇ ਕਿਸੇ ਭਰਮ ਅਧੀਨ ਸਿਰਜਨਹਾਰ ਦੀ ਥਾਂ ਜੀਵ/ ਵਸਤਾਂ/ਪੱਥਰਾਂ ਦੀ ਪੂਜਾ ਸ਼ੁਰੂ ਕਰ ਦਿੱਤੀ ਹੈ। ਬੰਦਾ 'ਬੋਲੁ ਵਿਗਾੜੂ', 'ਆਪੇ ਜਾਣੈ' (ਆਪਣੇ ਆਪਨੂੰ ਸਭ ਕੁੱਝ ਸਮਝਕੇ, ਪਾਪਾਂ ਸੰਗਿ ਮਤਿ ਨੂੰ ਭਰਕੇ, ਰੱਬ ਤੋਂ ਦੂਰ ਹੋ ਗਿਆ ਹੈ। ਉਹ ਰੱਬ ਅਤੇ ਸੰਸਾਰਕ ਮਾਇਆ ਦੇ ਵਿਚਕਾਰ ਲਟਕ ਗਿਆ ਹੈ। ਉਸਨੇ ਫ਼ੈਸਲਾ ਲੈਣਾ ਹੈ ਕਿ ਕਿਸ ਬੰਨੇ ਖੜ੍ਹਨਾ ਹੈ। ਇਹ ਸੰਸਾਰ 'ਮਨਿ ਜੀਤੈ' ਜਿੱਤਿਆ ਜਾ ਸਕਦਾ ਹੈ। ਤੀਰਥਾਂ 'ਤੇ ਘੁੰਮਣ ਨਾਲੋਂ 'ਅੰਤਰਗਤਿ ਤੀਰਥਿ ਮਲਿ ਨਾਉ' ਅਨੁਸਾਰ ਚੱਲਣਾ ਬਣਦਾ ਹੈ। ਧਾਰਮਿਕ ਅਸਤਿਤਵਵਾਦੀਆਂ ਦਾ ਵਿਚਾਰ ਹੈ "Theological knowledge must be from the inside, it must be faith interpreting itself."[11] ਇਸ ਪ੍ਰਕਾਰ ਸੰਸਾਰ ਦੀ ਸਮਝ ਧਾਰਮਿਕ ਵਿਸ਼ਵਾਸ ਦਾ ਪਰੋਜੈਕਟ ਹੈ। ਇਹ ਸਿੱਧਾਂਤਕ ਨਹੀਂ ਸਗੋਂ ਇਹ ਅਸਤਿਤਵੀ ਸਮਝ (Existential understanding) ਹੈ। ਵਿਸ਼ਵਾਸ ਨਾਲ਼ ਹੀ ਇੰਹ ਸਮਝ ਪੈ ਸਕਦੀ ਹੈ ਕਿ ਸੰਸਾਰ ਇੱਕ ਸ਼ਬਦ (ਕਵਾਓ) ਅਰਥਾਤ Word of God ਦੁਆਰਾ ਹੋਂਦ ਵਿੱਚ ਆਇਆ ਹੈ।

ਇਸ ਸੰਸਾਰ ਵਿੱਚ ਰਹਿੰਦਿਆਂ ਅਨੇਕਾਂ ਬੰਦੇ ਵਿਕਾਰਾਂ ਵਿੱਚ ਪੈ ਕੇ (ਖਪਿ ਤੁਟਹਿ ਵੇਕਾਰ) ਟੁੱਟ (ਮਰ) ਜਾਂਦੇ ਹਨ। ਪ੍ਰਭੂ ਤੋਂ ਦਾਤਾਂ ਪ੍ਰਾਪਤ ਕਰਕੇ ਮੁਕਰਦੇ ਹਨ। ਕਈ ਲੋੜੋਂ ਵੱਧ ਖਾਂਦੇ ਹਨ। ਜਿਤਨਾ ਬਹੁਤਾ ਸੰਸਾਰ ਵਿੱਚ ਡਿਗਦੇ ਜਾਂਦੇ ਹਨ ਉਤਨਾ ਹੀ ਸਵੈ ਤੋਂ ਦੂਰ ਹੋ ਜਾਂਦੇ ਹਨ। "The deeper his fall into the world, the further he is far from himself."[12]

ਸੱਚੀ ਟਕਸਾਲ ਵਿੱਚ 'ਸ਼ਬਦ' ਦੁਆਰਾ ਬੰਦੇ ਦੀ ਨਵੀਂ ਸ਼ਖ਼ਸੀਅਤ ਦੀ ਘਾੜਤ ਹੁੰਦੀ ਹੈ। ਪ੍ਰਭੂ ਦੀ ਨਦਰ ਨਾਲ਼ ਉਸ ਵਿੱਚ ਨਵੀਆਂ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ। "That possibility is given to him by the grace of God."[13]

ਇਹੋ ਅਸਤਿਤਵੀ ਸੰਭਾਵਨਾ ਹੈ। ਇੰਜ ਹੀ ਵਿਅਕਤੀ ਦੀ ਹੋਂਦ ਸਚਿਆਰੀ ਹੁੰਦੀ ਹੈ ਅਤੇ ਇਹੋ ਪ੍ਰਮਾਣਿਕ ਅਸਤਿਤਵ ਲਈ ਮਾਰਗ ਹੈ।

*ਅਧਿਆਇ ਛੇਵਾਂ*

# ਹੀਰ ਵਾਰਿਸ

'ਹੀਰ ਵਾਰਿਸ' ਦਾ ਅਸਤਿਤਵਵਾਦੀ ਅਧਿਐਨ ਕਰਦਿਆਂ ਸਭ ਤੋਂ ਪਹਿਲਾਂ ਸਾਨੂੰ ਤਿੰਨ ਪਰਿਵਾਰਾਂ ਦੀ 'ਤਥਾਤਮਕਤਾ' ਦਾ ਅਧਿਐਨ ਕਰਨਾ ਪੈਣਾ ਹੈ। ਇਹ ਤਿੰਨ ਪਰਿਵਾਰ ਹਨ- ਤਖ਼ਤ ਹਜ਼ਾਰੇ ਦੇ ਮੌਜੂ ਚੌਧਰੀ ਦਾ ਪਰਿਵਾਰ; ਝੰਗ-ਸਿਆਲ ਦੇ ਚੌਧਰੀ ਚੂਚਕ ਦਾ ਪਰਿਵਾਰ; ਅਤੇ ਰੰਗਪੁਰ ਖੇੜਿਆਂ ਦੇ ਚੌਧਰੀ ਅੱਜੂ ਦਾ ਪਰਿਵਾਰ। ਮੌਜੂ ਚੌਧਰੀ ਆਪਣੇ ਨਗਰ ਦਾ ਬੜਾ ਪਤਵੰਤਾ ਸੱਜਣ ਹੈ ਜਿਸਦੇ ਅੱਠ ਪੁੱਤਰ ਅਤੇ ਦੋ ਬੇਟੀਆਂ ਹਨ ਪਰ ਉਸਦਾ ਸਭ ਤੋਂ ਵੱਧ ਪਿਆਰ ਰਾਂਝਾ (ਧੀਦੋ) ਨਾਲ਼ ਹੈ। ਉਸਦੀ ਮੌਤ ਉਪਰੰਤ ਰਾਂਝੇ ਦੇ ਭਰਾਵਾਂ ਨੇ ਉਸ ਨਾਲ਼ ਵਿਤਕਰਾ ਕਰਦੇ ਹੋਏ, ਪਟਵਾਰੀ ਨੂੰ ਵੱਢੀ ਦੇ ਕੇ ਚੰਗੀਂ ਜ਼ਮੀਨ ਆਪ ਸੰਭਾਲ਼ ਲਈ ਅਤੇ ਰਾਂਝੇ ਦੇ ਹਿੱਸੇ ਰੱਕੜ ਭੋਇੰ ਆ ਗਈ ਜਿਸਨੂੰ ਵਾਹੁਣਾ ਅਤੇ ਉਸ ਵਿੱਚ ਖੇਤੀ ਕਰਨੀ ਉਸ ਲਈ ਮੁਸ਼ਕਲ ਕੰਮ ਬਣ ਗਿਆ ਕਿਉਂਜੋ ਉਸਦਾ ਸਰੀਰ ਬੜਾ ਸੁਹਲ ਹੈ। ਉਹ ਸ਼ੁਕੀਨੀ ਵਿੱਚ ਰਹਿੰਦਾ ਹੈ। ਭਾਬੀਆਂ ਉਸਦੀ ਸ਼ੁਕੀਨੀ 'ਤੇ ਵੀ ਕਿੰਤੂ-ਪ੍ਰੰਤੂ ਕਰਦੀਆਂ ਰਹਿੰਦੀਆਂ ਹਨ। ਉਹ ਉਸਨੂੰ ਹੀਰ-ਸਿਆਲ ਨਾਲ਼ ਜੀਵਨ-ਸਾਂਝ ਪਾਉਣ ਦੇ ਤਾਹਨੇ-ਮਿਹਣੇ ਮਾਰਦੀਆਂ ਰਹਿੰਦੀਆਂ ਹਨ। ਹੁਣ ਉਸਦੇ ਅਸਤਿਤਵ ਸਾਹਵੇਂ ਵੱਡਾ ਪ੍ਰਸ਼ਨ ਖੜ੍ਹਾ ਹੋ ਗਿਆ। ਖੇਤੀ ਕਰੇ ਜਾਂ ਇਸ਼ਕ। ਉਸਨੇ ਇਸ਼ਕ ਦੀ ਖੇਤਰ ਦੀ ਸੁਤੰਤਰ ਚੋਣ ਕਰ ਲਈ।

ਝੰਗ ਸਿਆਲ ਦਾ ਪਰਿਵਾਰਿਕ ਮੁਖੀ ਚੂਚਕ ਹੈ। ਬੜਾ ਅਮੀਰ ਪਰਿਵਾਰ ਹੈ। ਉਸਦਾ ਭਰਾ ਕੈਦੋਂ ਹੈ ਜੋ ਕਿ ਲੰਙਾ ਹੈ ਪਰ ਉਹ ਪਿੰਡ ਦੀਆਂ ਕੁੜੀਆਂ ਦੇ ਆਚਰਨ ਤੇ ਹਮੇਸ਼ਾ ਸ਼ੱਕੀ ਨਜ਼ਰ ਰੱਖਦਾ ਹੈ। ਇਹ ਪਰਿਵਾਰ ਰਾਂਝਿਆਂ ਨਾਲੋਂ ਆਪਣੇ ਆਪ ਨੂੰ ਉੱਚਾ ਸਮਝਦਾ ਹੈ। ਇੱਥੋਂ ਦੇ ਕਾਜ਼ੀ ਲਾਲਚ-ਵਸ ਕਿਸੇ ਦਾ ਹੱਕ ਵੀ ਮਾਰ ਸਕਦੇ ਹਨ। ਸਮਾਜਿਕ ਫ਼ੈਸਲੇ ਪਿੰਡ ਦੀ ਪੰਚਾਇਤ ਵਿੱਚ ਕੀਤੇ ਜਾਂਦੇ ਹਨ। ਪਿੰਡ ਵਿੱਚ ਹਜ਼ਾਰਾਂ ਮੱਝਾਂ ਹਨ। ਉਨ੍ਹਾਂ ਨੂੰ ਚਾਰਨ ਲਈ ਵੱਡੀਆਂ ਚਰਾਗਾਹਾਂ ਹਨ ਅਰਥਾਤ ਬੇਲੇ ਹਨ।

ਤੀਜਾ ਪਰਿਵਾਰ ਚੌਧਰੀ ਅੱਜੂ ਦਾ ਰੰਗਪੁਰ ਖੇੜਿਆਂ ਦਾ ਹੈ ਬੜਾ ਸੁਹਾਵਣਾ ਪਿੰਡ ਹੈ। ਮੁਟਿਆਰਾਂ ਤ੍ਰਿੰਜਣ ਪਾਉਂਦੀਆਂ ਹਨ। ਕਪਾਹ ਚੁਣਦੀਆਂ

ਹਨ। ਇੱਥੋਂ ਦੇ ਬਾਗ਼ਾਂ ਵਿੱਚ ਪ੍ਰਸਿੱਧ ਬਾਗ਼ ਕਾਲ਼ਾ ਬਾਗ਼ ਹੈ। ਇਹ ਲੋਕ ਵੱਡੇ ਘਰ ਨਾਲ਼ ਰਿਸ਼ਤਾ ਜੋੜਨ ਦੇ ਇੱਛੁਕ ਹਨ। ਇਸ ਪਿੰਡ ਦੀ ਸਮੁੱਚੀ ਤਥਾਤਮਕਤਾ (Facticity) ਇਹ ਹੈ ਕਿ ਔਰਤਾਂ ਚੁਸਤ ਅਤੇ ਬੰਦੇ ਲਾਈਲੱਗ ਹਨ।

ਤਿੰਨਾਂ ਪਰਿਵਾਰਾਂ ਦੀ ਫੈਕਟੀਸਿਟੀ ਦਾ ਅਧਿਐਨ ਕਰਨ ਉਪਰੰਤ ਇਨ੍ਹਾਂ ਪਰਿਵਾਰਾਂ ਦੇ ਮੁੱਖ ਪਾਤਰਾਂ ਦਾ ਅਸਤਿਤਵਵਾਦੀ ਅਧਿਐਨ ਕਰਨਾ ਬਣਦਾ ਹੈ। ਜਿਵੇਂ ਕਿ ਦੱਸਿਆ ਜਾ ਚੁੱਕਾ ਹੈ ਕਿ ਰਾਂਝਾ ਆਪਣੇ ਜੀਵਨ ਦੀਆਂ ਸੰਭਾਵਨਾਵਾਂ (Possibilities) ਵਿੱਚੋਂ ਮੁੱਖ ਚੋਣ ਇਸ਼ਕ ਦੀ ਕਰਦਾ ਹੈ। ਘਰ-ਬਾਰ ਤਿਆਗ ਕੇ ਸਿਆਲਾਂ ਦੇ ਰਾਹ ਪੈ ਜਾਂਦਾ ਹੈ। ਵੰਝਲੀ, ਭੂਰੀ ਨਾਲ਼ ਲੈ ਚੱਲਦਾ ਹੈ, ਰਸਤੇ ਵਿੱਚ ਰਾਤ ਪੈਣ 'ਤੇ ਮੁੱਲਾਂ ਨਾਲ਼ ਟਕਰਾਂਦਾ ਹੈ। ਝਨਾਂ ਨਦੀ 'ਤੇ ਪੁੱਜਦਾ ਹੈ। ਲੁੱਡਣ ਨੂੰ ਨਦੀ ਪਾਰ ਕਰਵਾਉਣ ਲਈ ਵਾਸਤਾ ਪਾਉਂਦਾ ਹੈ। ਪਰ ਬਿਨਾਂ ਕੁੱਝ ਦਿੱਤੇ ਉਹ ਅਜਿਹਾ ਕਰਨ ਤੋਂ ਇਨਕਾਰ ਕਰਦਾ ਹੈ। ਇਥੇ ਲੁੱਡਣ ਦੀਆਂ ਦੋਵੇਂ ਔਰਤਾਂ ਉਸਦੀ ਸਹਾਇਤਾ ਕਰਦੀਆਂ ਹਨ ਕਿਉਂਕਿ ਉਹ ਉਸਦੀ ਵੰਝਲੀ ਦੀਆਂ ਸੁਰਾਂ ਅਤੇ ਸੂਰਤ 'ਤੇ ਮੋਹਿਤ ਹੋ ਜਾਂਦੀਆਂ ਹਨ। ਦੋਵੇਂ ਔਰਤਾਂ ਰਾਂਝੇ ਨੂੰ ਹੀਰ ਦੀ ਸੇਜ 'ਤੇ ਲੈ ਜਾਂਦੀਆਂ ਹਨ। ਹੀਰ ਨੂੰ ਕਨਸੋ ਮਿਲਦੀ ਹੈ ਤਾਂ ਉਹ ਆਪਣੇ ਅਸਤਿਤਵ ਦੇ ਹੰਕਾਰ ਵਿੱਚ ਸੱਠ ਸਹੇਲੀਆਂ ਨਾਲ਼ ਲੈ ਕੇ ਪੁੱਜਦੀ ਹੈ :

ਜੁਆਨੀ ਕਮਲੀ ਰਾਜ ਹੈ ਚੂਚਕੇ ਦਾ,
ਅਤੇ ਕਿਸੇ ਦੀ ਕੀ ਪਰਵਾਹ ਮੈਨੂੰ।
ਮੈਂ ਤਾਂ ਧਰੂਹ ਕੇ ਪਲੰਘ ਤੋਂ ਚਾਇ ਸੱਟਾਂ,
ਆਇਆ ਕਿੱਧਰੋਂ ਇਹ ਬਾਦਸ਼ਾਹ ਮੈਨੂੰ।[1]

ਇਰਾਦਾ ਤਾਂ ਹੀਰ ਦਾ ਬੜਾ ਝਗੜੇ ਵਾਲਾ ਹੈ ਪਰ ਰਾਂਝੇ ਨੂੰ ਵੇਖਣ ਸਾਰ ਹੀ ਉਸਦਾ ਅਸਤਿਤਵ ਰਾਂਝੇ ਅੱਗੇ ਸਮਰਪਣ ਕਰ ਜਾਂਦਾ ਹੈ :

ਕੂਕ ਮਾਰ ਹੀ ਮਾਰ ਤੇ ਪਕੜ ਛਮਕਾਂ,
ਪਰੀ ਆਦਮੀ ਤੇ ਕਹਿਰਵਾਨ ਹੋਈ।
ਰਾਂਝੇ ਉੱਠਕੇ ਆਖਿਆ ਵਾਹ ਸੱਜਣ,
ਹੀਰ ਹੱਸਕੇ ਤੇ ਮਿਹਰਬਾਨ ਹੋਈ।[2]

ਅਸਤਿਤਵਵਾਦੀ ਦ੍ਰਿਸ਼ਟੀ ਅਨੁਸਾਰ ਮੈਂ ਅਤੇ ਤੂੰ/ ਉਹ ਦਾ ਮਿਲਾਪ ਹੀ ਸੰਸਾਰ ਨੂੰ ਚਲਾਉਂਦਾ ਹੈ ਪਰ ਦੂਜੇ ਬੰਦੇ ਕਈ ਵਾਰ ਇਸ ਮੈਂ+ਤੂੰ ਸੰਪਰਕ ਲਈ ਦੋਖੀ ਸਾਬਤ ਹੁੰਦੇ ਹਨ। ਅਜਿਹੇ ਬੰਦੇ ਦੋ ਪਿਆਰਿਆਂ ਲਈ ਦੁੱਖਾਂ ਦਾ ਘਰ (Hell is the other people) ਸਾਬਤ ਹੁੰਦੇ ਹਨ। ਕੈਦੋਂ ਹੀਰ ਰਾਂਝੇ ਲਈ ਦੁੱਖਾਂ ਦਾ ਸਾਧਨ ਬਣਦਾ ਹੈ। ਰਾਂਝੇ ਹੀਰ ਦੀ ਆਪਸੀ ਚੋਣ ਬਿਨਾਂ ਕਿਸੇ ਬਾਹਰੀ

ਦਬਾਅ ਦੇ ਸੁਤੰਤਰ ਚੋਣ ਹੈ। ਹੀਰ ਰਾਂਝੇ ਲਈ ਬੇਲਿਆਂ ਵਿੱਚ ਭੱਤਾ ਲੈ ਕੇ ਜਾਂਦੀ ਹੈ। ਕੈਦੋਂ ਉਸਦਾ ਪਿੱਛਾ ਕਰਦਾ ਹੈ। ਹੀਰ ਉਸਨੂੰ ਢਾਹਕੇ ਕੁੱਟਦੀ ਵੀ ਹੈ। ਕੈਦੋਂ ਪਰ੍ਹੇ ਵਿੱਚ ਜਾ ਕੇ ਚੂਰੀ ਦਾ ਸਬੂਤ ਦਿੰਦਾ ਹੈ। ਚੂਚਕ ਦੇ ਅਸਤਿਤਵ ਨੂੰ ਖ਼ਤਰਾ ਪੈਦਾ ਹੁੰਦਾ ਹੈ। ਪਿੰਡ ਵਿੱਚ ਬਦਨਾਮੀ ਹੁੰਦੀ ਹੈ। ਇਸੇ ਲਈ ਚੂਚਕ, ਮਲਕੀ ਅਤੇ ਕਾਜ਼ੀ ਹੀਰ ਨੂੰ ਸਮਝਾਉਂਦੇ ਹਨ :

ਨੀਵੀਂ ਨਜ਼ਰ ਹਿਆਉ ਦੇ ਨਾਲ਼ ਰਹੀਏ,
ਤੈਨੂੰ ਸਭੇ ਸਿਆਣੇ ਫਰਮਾਂਵਦੇ ਨੇ।
ਚੂਚਕ ਸਿਆਲ ਹੋਰੀਂ ਧੀਏ ਜਾਣਨੀ ਏਂ,
ਸਰਦਾਰ ਤੇ ਪੈਂਚ ਗਿਰਾਂਵ ਦੇ ਨੇ।[3]

ਮਾਰਟਿਨ ਹਾਈਡਿਗਰ ਸੰਸਾਰ ਨੂੰ ਸੰਦਾਂ ਦੀ ਵਿਵਸਥਾ (System of instruments) ਕਹਿੰਦਾ ਹੈ। ਹੀਰ ਵਿੱਚ ਵੰਝਲੀ, ਭੂਰੀ ਖੂੰਡੀ ਇਹੋ ਕਾਰਜ ਕਰਦੇ ਹਨ। ਵੰਝਲੀ ਦਾ ਇਸ ਵਿੱਚ ਵਿਸ਼ੇਸ਼ ਰੋਲ ਹੈ। ਵੰਝਲੀ ਨਾਲ਼ ਰਾਂਝਾ ਸੰਪਰਕ ਵਿੱਚ ਆਏ ਹਰੇਕ ਨੂੰ ਆਕਰਸ਼ਤ ਕਰਦਾ ਹੈ। ਇਹੋ ਵੰਝਲੀ ਪੰਜਾਂ ਪੀਰਾਂ ਨੂੰ ਪ੍ਰਸੰਨ ਕਰਦੀ ਹੈ। ਰਾਂਝੇ ਤੇ ਜਦ ਵੀ ਬਿਪਤਾ ਆਉਂਦੀ ਉਹ ਪੰਜਾਂ ਪੀਰਾਂ ਨੂੰ ਯਾਦ ਕਰਦਾ ਹੈ। ਧਾਰਮਿਕ ਅਸਤਿਤਵਵਾਦੀਆਂ ਅਨੁਸਾਰ ਪੀਰਾਂ ਦੀ ਮਿਹਰ/ਨਦਰ (Grace) ਹੀ ਰਾਂਝੇ ਦੀ ਹਰ ਔਕੜ ਦੂਰ ਕਰਦੀ ਹੈ। ਬੁਲਟਮਾਨ (Bultmann) ਦਾ ਵਿਚਾਰ ਹੈ:

"Grace is the event in which God restores to me and places within my grasp my lost possibility of authentic being."[4]

(ਅਰਥਾਤ: ਨਦਰ ਇੱਕ ਅਜਿਹੀ ਘਟਨਾ ਹੈ ਜੋ ਮੇਰੀ ਪ੍ਰਮਾਣਿਕ ਹੋਂਦ ਦੀ ਸੰਭਾਵਨਾ ਪਰਤਾਉਂਦੀ ਅਤੇ ਮੇਰੀ ਪਕੜ ਵਿੱਚ ਲਿਆਉਂਦੀ ਹੈ)

ਹੀਰ ਰਾਂਝੇ ਨੂੰ ਮਿਲਣਾ ਬੰਦ ਨਹੀਂ ਕਰਦੀ, ਉਹ ਕਦੇ ਮਿੱਠੀ ਨੈਣ ਦੇ ਘਰ ਅਤੇ ਕਦੇ ਬੇਲਿਆਂ ਵਿੱਚ ਰਾਂਝੇ ਨੂੰ ਮਿਲਦੀ ਹੈ। ਉਹ ਅਸਤਿਤਵਵਾਦੀ ਦ੍ਰਿਸ਼ਟੀ ਅਨੁਸਾਰ ਆਪਣੀ ਸੁਤੰਤਰ ਚੋਣ 'ਤੇ ਅਮਲ ਕਰਨ ਲਈ ਬਜ਼ਿੱਦ ਹੈ :

ਵਾਰਿਸ ਸ਼ਾਹ ਨਾ ਮੁੜਾਂ ਰੰਝੇਟੜੇ ਤੋਂ,
ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ।[5]

ਕੈਦੋਂ ਚੂਚਕ ਤੇ ਮਲਕੀ ਨੂੰ ਵਾਰ ਵਾਰ ਚੇਤਾਵਨੀ ਦਿੰਦਾ ਹੈ। ਪਰ ਉਹ ਕੈਦੋਂ 'ਤੇ ਪਲਟਵਾਰ ਕਰਦੇ ਹਨ ਕਿ ਉਸਦੀ ਉਨ੍ਹਾਂ ਦੀ ਧੀ ਪ੍ਰਤੀ ਨੀਯਤ ਸਾਫ਼ ਨਹੀਂ।

ਤਖ਼ਤ ਹਜ਼ਾਰੇ ਤੋਂ ਭਰਾ ਅਤੇ ਭਰਜਾਈਆਂ ਸਿਆਲਾਂ ਨੂੰ ਖ਼ਤ ਲਿਖਕੇ ਰਾਂਝੇ ਨੂੰ ਵਾਪਸ ਪਰਤਾਉਣ ਲਈ ਬੇਨਤੀ ਕਰਦੇ ਹਨ। ਕਿਉਂਕਿ ਉਨ੍ਹਾਂ ਦਾ

ਆਪਣਾ ਸਮਾਜਿਕ ਅਤੇ ਵਿਅਕਤੀਗਤ ਗੌਰਵ/ਅਸਤਿਤਵ ਮਿੱਟੀ ਵਿੱਚ ਮਿਲ ਰਿਹਾ ਹੈ। ਅਸਤਿਤਵਵਾਦੀਆਂ ਅਨੁਸਾਰ ਇਹ ਜ਼ਮੀਰ ਦੀ ਆਵਾਜ਼ (Voice of conscience) ਹੁੰਦੀ ਹੈ ਜੋ ਗੁਆਚੀ ਹੋਂਦ ਮੁੜ ਉਭਾਰਨ ਦੀ ਇਛੁੱਕ ਹੁੰਦੀ ਹੈ। ਭਾਈਆਂ ਨਾਲ਼ੋਂ ਸਮੇਂ ਅਤੇ ਸਥਾਨ ਦੀ ਦੂਰੀ ਅਜਿਹੀ ਤੀਬਰ ਭਾਵਨਾ ਪੈਦਾ ਕਰਦੀ ਹੈ :

- ਮਹੀਂ ਚਾਰਦਿਉਂ ਵੱਢਿਆ ਸੁ ਨੱਕ ਸਾਡਾ,
  ਸਾਥੋ ਖੂਹਣੀਆਂ ਏਸਦੇ ਮਾਲਦੀਆਂ ਨੇ
- ਜਿਨ੍ਹੀਂ ਭੁਇੰ ਤੋਂ ਰੁੱਸਕੇ ਏਹ ਆਇਆ,
  ਕਿਆਰੀ ਬਣੀਂ ਪਈਆਂ ਏਸ ਲਾਲ ਦੀਆਂ ਨੇ।[6]

ਇਵੇਂ ਭਰਜਾਈਆਂ ਦਾ ਖ਼ਤ ਹੀਰ ਨੂੰ ਹੈ :

- ਦਿਉਰ ਚੰਨ ਸਾਡਾ ਸਾਥੋਂ ਰੁੱਸ ਆਇਆ,
  ਬੋਲ ਬੋਲ ਕੇ ਖਰਾ ਤ੍ਰਿਖਿਆ ਈ।[7]
- ਕੋਈ ਢੂੰਡ ਵਡੇਰੜਾ ਕੰਮ ਜੋਗਾ,
  ਅਜੇ ਇਹ ਨਾ ਯਾਰੀਆਂ ਸਿੱਖਿਆ ਈ।[8]

ਪਰ ਰਾਂਝਾ ਭਾਈਆਂ ਵੱਲੋਂ ਕੀਤੇ ਦੁਰਵਿਵਹਾਰ ਅਤੇ ਭਰਜਾਈਆਂ ਦੀਆਂ ਮਾਰੀਆਂ ਬੋਲੀਆਂ ਕਾਰਨ ਵਾਪਸ ਪਰਤਣ ਤੋਂ ਕੋਰੀ ਨਾਂਹ ਕਰਦਾ ਹੈ।

ਹੀਰ ਆਪਣੀ ਜੀਵਨ ਸਾਂਝ ਦੇ ਟੀਚੇ ਨੂੰ ਪੂਰਾ ਕਰਨ ਹਿੱਤ ਰਾਂਝੇ ਨੂੰ ਭੱਜਣ ਦੀ ਸਲਾਹ ਦਿੰਦੀ ਹੈ ਪਰ ਉਸਦਾ ਜਵਾਬ ਹੈ- ਹੀਰੇ ਇਸ਼ਕ ਨਾ ਮੂਲ ਸਵਾਦ ਦਿੰਦੇ ਨਾਲ਼ ਚੋਰੀਆਂ ਅਤੇ ਉਧਾਲਿਆਂ ਦੇ। ਦਰਅਸਲ ਰਾਂਝਾ ਵਕਤ ਨੂੰ ਸੰਭਾਲ਼ ਨਾ ਸਕਿਆ। ਸਾਰਤਰ ਦਾ ਮੱਤ ਹੈ ਕਿ ਜੇ ਬੰਦੇ ਦੇ ਅਮਲਾਂ ਨਾਲ਼ ਉਸਨੂੰ ਕੋਈ ਨੁਕਸਾਨ ਪੁੱਜਦਾ ਹੈ ਤਾਂ ਉਸ ਲਈ ਉਹ ਕੋਈ ਬਹਾਨਾ (No excuse) ਨਹੀਂ ਬਣਾ ਸਕਦਾ। ਇਸੇ ਲਈ ਹੀਰ ਨੂੰ ਦੁਖੀ ਹੋ ਕੇ ਇਹ ਕਹਿਣਾ ਪੈਂਦਾ ਹੈ :

ਮੇਰਾ ਆਖਣਾ ਓਸ ਨਾ ਕੰਨ ਕੀਤਾ,
ਹੁਣ ਕਾਸਨੂੰ ਡੁਸਕਣਾ ਪਾਇਓ ਜੇ।
ਮੈਂ ਆਖ ਥੱਕੀ ਭੈੜੇ ਕਮਲੜੇ ਨੂੰ
ਲੈ ਕੇ ਉੱਠ ਚੱਲ ਵਕਤ ਘੁਸਾਇਓ ਜੇ।[9]

ਹੀਰ ਦੇ ਵਿਆਹ ਦੀ ਚਿੱਠੀ ਖੇੜੀਂ ਭੇਜ ਦਿੱਤੀ ਜਾਂਦੀ ਹੈ। ਨੀਤਸ਼ੇ ਤਾਂ ਬੰਦੇ ਦੀ ਕਮਜ਼ੋਰੀ ਨੂੰ ਵੀ ਅਨੈਤਿਕ ਦ੍ਰਿਸ਼ਟੀ ਤੋਂ ਵੇਖਦਾ ਹੈ। ਸ਼ਾਇਦ ਇਹੋ ਵਿਚਾਰ ਵਾਰਿਸ ਸ਼ਾਹ ਪੇਸ਼ ਕਰਦਾ ਹੈ :

ਸਾਕ ਮਾੜਿਆਂ ਦੇ ਖੋਹ ਲੈਣ ਡਾਢੇ,
ਅਣਪੁੱਜਦੇ ਉਹ ਨਾ ਬੋਲਦੇ ਨੀ।[10]

ਕਮਜ਼ੋਰ ਬੰਦੇ ਮਰੇ ਸੱਪ ਵਾਂਗ ਜ਼ਹਿਰ ਘੋਲਦੇ ਰਹਿ ਜਾਂਦੇ ਹਨ। ਮਾੜਿਆਂ ਦੇ ਕਿਸੇ ਗੁਣ ਦੀ ਕਦਰ ਵੀ ਨਹੀਂ ਪੈਂਦੀ। ਕਦੇ ਦੂਸਰੇ ਨੂੰ ਮਾਰਨ ਅਤੇ ਕਦੇ ਆਤਮ ਹੱਤਿਆ ਕਰਨ ਬਾਰੇ ਸੋਚਦੇ ਰਹਿੰਦੇ ਹਨ। ਇਉਂ ਉਨ੍ਹਾਂ ਦਾ ਅਸਤਿਤਵੀ ਪਤਨ ਹੋ ਜਾਂਦਾ ਹੈ। ਜਾਨ੍ਹ ਮਕੈਰੀ ਲਿਖਦਾ ਹੈ :

"Fallen-man who is in the inauthentic present is characterized by irresolution- he jumps from immediate possibility to another. His existence is not his own but is at the mercy of chance circumstances in the world in which it is founded, and so it lacks coherence."[11]

(ਅਰਥਾਤ ਪਤਨ-ਮੁਖ ਬੰਦਾ ਇਰਾਦੇ ਦੀ ਘਾਟ ਕਾਰਨ ਅਪ੍ਰਮਾਣਿਤ ਹੁੰਦਾ ਹੋਇਆ ਇੱਕ ਸੰਭਾਵਨਾ ਤੋਂ ਦੂਜੀ ਸੰਭਾਵਨਾ ਵੱਲ ਟਪੂਸੀ ਮਾਰਦਾ ਹੈ। ਉਸਦੀ ਹੋਂਦ ਆਪਣੀ ਨਹੀਂ ਹੁੰਦੀ ਸਗੋਂ ਉਸਦਾ ਸੰਸਾਰ ਸਥਿਤੀਆਂ ਦੇ ਰਹਿਮ 'ਤੇ ਹੁੰਦਾ ਹੈ, ਇਸੇ ਕਰਕੇ ਉਸ ਵਿੱਚ ਇੱਕਸੁਰਤਾ ਦੀ ਘਾਟ ਹੁੰਦੀ ਹੈ)

ਕਾਜ਼ੀ ਹੀਰ ਨੂੰ ਸਰ੍ਹਾ ਦੇ ਬਥੇਰੇ ਵਾਸਤੇ ਪਾਉਂਦਾ ਹੈ ਪਰ ਹੀਰ ਟੱਸ ਤੋਂ ਮੱਸ ਨਹੀਂ ਹੁੰਦੀ। ਉਹ ਤਾਂ ਸਗੋਂ ਕਾਜ਼ੀ ਦੇ ਅਸਤਿਤਵ ਨੂੰ ਵੰਗਾਰਦੀ ਹੈ :

ਖਾਣ ਵੱਢੀਆਂ ਨਿੱਤ ਈਮਾਨ ਵੇਚਣ,
ਏਹੋ ਮਾਰ ਹੈ ਕਾਜ਼ੀਆਂ ਸਾਰਿਆਂ ਨੂੰ।[12]

ਧੱਕੇ ਨਾਲ਼ ਨਿਕਾਹ ਪੜ੍ਹਕੇ ਹੀਰ ਨੂੰ ਖੇੜਿਆਂ ਵੱਲ ਟੋਰ ਦਿੱਤਾ ਜਾਂਦਾ ਹੈ। ਉਹ ਰਾਂਝੇ ਨੂੰ ਸਪਸ਼ਟ ਸੰਦੇਸ਼ ਦਿੰਦੀ ਹੈ ਕਿ ਉਹ ਆਪਣੀ ਵਾਹ ਲਾ ਚੁੱਕੀ ਹੈ ਜਿਸ ਵਿੱਚ ਉਹ ਬੇਵੱਸ ਹੋ ਗਈ ਹੈ।

ਚੂਚਕ ਵੀ ਹੀਰ ਨੂੰ ਧੱਕੇ ਨਾਲ਼ ਵਿਦਾ ਕਰਕੇ ਆਪਣੇ ਅਸਤਿਤਵ ਨੂੰ ਵੱਜੀ ਠੇਸ ਅਨੁਭਵ ਕਰਦਾ ਹੈ :

ਸਿਰ ਹੇਠਾਂ ਕਰ ਗਿਆ ਸੀ ਮਹਿਰ ਚੂਚਕ,
ਜਦੋਂ ਸੱਥ ਵਿੱਚ ਆਣਕੇ ਗੱਲ ਚੱਲੀ।[13]

ਹੁਣ ਰਾਂਝਾ ਆਪਣੇ ਗੁਆਚੇ ਅਸਤਿਤਵ ਨੂੰ ਪ੍ਰਾਪਤ ਕਰਨ ਲਈ ਨਵੀਂ ਸੰਭਾਵਨਾ (Possibility) ਵੱਲ ਪਰਤਦਾ ਹੈ।

"Possibilities implies something which is ahead, and before which man stands."[14]

(ਅਰਥਾਤ ਸੰਭਾਵਨਾ ਦਾ ਭਾਵ ਕੋਈ ਚੀਜ਼ ਅੱਗੇ ਹੈ ਅਤੇ ਜਿਸਦੇ ਸਨਮੁਖ ਬੰਦਾ ਖੜ੍ਹਦਾ ਹੈ)

ਹੁਣ ਰਾਂਝੇ ਪਾਸ ਇੱਕੋ ਇੱਕ ਸੰਭਾਵਨਾ ਹੈ ਕਿ ਉਹ ਬਾਲ ਨਾਥ ਦੇ

ਟਿੱਲੇ ਜਾ ਕੇ ਕੰਨ ਪੜਵਾਕੇ ਜੋਗੀ ਬਣ ਜਾਵੇ ਅਤੇ ਫਿਰ ਹੀਰ ਦੀ ਹਦਾਇਤ ਅਨੁਸਾਰ ਖੇੜੀਂ ਪੁੱਜੇ। ਅਜਿਹਾ ਅਮਲ ਕਰਨ ਲਈ ਹੀਰ ਇੱਕ ਕਾਸਦ (ਔਰਤ) ਰਾਹੀਂ ਸੁਨੇਹਾ ਭੇਜਦੀ ਹੈ।

ਚੁਸਤੀ ਆਪਣੀ ਪਕੜ ਨਾ ਹਾਰ ਹਿੰਮਤ,
ਹੀਰ ਨਹੀਉਂ ਇਸ਼ਕ ਦੇ ਵਿੱਚ ਢਿੱਲੀ।[15]

ਬਾਲ ਨਾਥ ਦੇ ਟਿੱਲੇ ਜਾ ਕੇ ਕੰਨ ਪੜਵਾਉਂਦਾ ਅਤੇ ਜੋਗੀ ਬਣ ਜਾਂਦਾ ਹੈ। ਨਾਥ ਉਸਨੂੰ ਸਾਬਤ ਲੰਗੋਟੀ ਰੱਖਣ ਲਈ ਨਸੀਹਤ ਕਰਦਾ ਹੈ ਪਰ ਰਾਂਝਾ ਇੱਥੇ ਪ੍ਰਮਾਣਿਕ ਅਸਤਿਤਵ ਦਾ ਪ੍ਰਗਟਾਵਾ ਕਰਦਿਆਂ ਸਪਸ਼ਟ ਕਹਿੰਦਾ ਹੈ :

- ਸਾਬਤ ਹੁੰਦੀ ਲੰਗੋਟੀ ਜੇ ਸੁਣੀਂ ਨਾਥਾ
  ਕਾਹੇ ਝੁੱਗੜਾ ਚਾਇ ਉਜਾੜਦਾ ਮੈਂ।[16]
- ਜੇ ਮੈਂ ਜਾਣਦਾ ਹੱਸਣੋਂ ਮਨ੍ਹਾਂ ਕਰਨਾ,
  ਤੇਰੇ ਟਿੱਲੇ ਤੇ ਧਾਰ ਨਾ ਮਾਰਦਾ ਮੈਂ।[17]
- ਨਾਥਾ ਜਿਉਂਦਿਆਂ ਮਰਨ ਹੈ ਬੜਾ ਔਖਾ
  ਸਾਥੋਂ ਇਹ ਨਾ ਵਾਅਦੇ ਹੋਵਣੇ ਜੀ।[18]

ਬਾਲ ਨਾਥ ਰਾਂਝੇ ਲਈ ਹੀਰ ਵਾਸਤੇ ਪੀਰਾਂ ਅੱਗੇ ਅਰਦਾਸ ਕਰਦਾ ਹੋਇਆ– ਨਾਲ਼ੇ ਅਰਜ਼ ਕਰਦਾ ਹੈ ਅਤੇ ਨਾਲ਼ੇ ਸੰਗਦਾ ਹੈ ਬਈ ਮੈਂ ਕੇਹੋਜੀ ਬੇਨਤੀ ਪੀਰਾਂ ਅੱਗੇ ਕਰ ਰਿਹਾ ਹਾਂ। ਇਉਂ ਨਾਥ ਅਪ੍ਰਮਾਣਿਕ ਅਸਤਿਤਵ ਦਾ ਪ੍ਰਗਟਾਵਾ ਕਰ ਰਿਹਾ ਹੈ ਅਤੇ ਉਸਦਾ ਨਿਸ਼ਚਾ ਖੋਟਾ (Bad faith) ਹੈ। ਫਿਰ ਵੀ ਪੰਜਾਂ ਪੀਰਾਂ ਵੱਲੋਂ 'ਹੋਇਆ ਹੁਕਮ ਦਰਗਾਹ ਥੀਂ ਹੀਰ ਬਖ਼ਸ਼ੀ' ਦਾ ਐਲਾਨ ਹੁੰਦਾ ਹੈ। ਧਾਰਮਿਕ ਅਸਤਿਤਵਵਾਦੀਆਂ ਅਨੁਸਾਰ ਇਹੋ ਨਦਰ (Grace) ਸਮਝਣੀ ਬਣਦੀ ਹੈ।

ਜੋਗੀ ਬਾਲ ਨਾਥ ਦੇ ਉਹ ਚੇਲੇ ਜੋ ਬੜੀ ਦੇਰ ਤੋਂ ਉਸਦੇ ਟਿੱਲੇ ਤੇ ਰਹਿਕੇ ਜੋਗ ਪ੍ਰਾਪਤੀ ਦੀ ਉਡੀਕ ਵਿੱਚ ਸਨ, ਉਨ੍ਹਾਂ ਦੇ ਅਸਤਿਤਵ ਨੂੰ ਠੇਸ ਪੁੱਜਦੀ ਹੈ। ਇੱਕ ਦਾ ਕੰਮ ਪਲਕ ਵਿੱਚ ਹੋ ਜਾਣ ਨਾਲ਼ 'ਲੱਗੀ ਅੱਗ ਜੋਗੀਅੜਿਆਂ ਸਾਰਿਆਂ ਨੂੰ' ਤੋਂ ਅਜਿਹਾ ਹੀ ਸਪਸ਼ਟ ਹੁੰਦਾ ਹੈ।

ਨਾਥ ਤੋਂ ਵਿਦਾਇਗੀ ਲੈ ਕੇ ਰਾਂਝਾ ਉਥੋਂ ਤੁਰੰਤ ਪੱਤਰਾ ਵਾਚਦਾ ਹੈ। ਜਿਨ੍ਹਾਂ ਪਿੰਡਾਂ ਵਿੱਚ ਦੀ ਲੰਘਦਾ ਹੈ, ਉਨ੍ਹਾਂ ਲੋਕਾਂ ਦੀ ਸ਼ੰਕਾ ਨੂੰ ਦੂਰ ਕਰਦਾ ਹੋਇਆ ਰਾਂਝਾ ਕਹਿੰਦਾ ਹੈ 'ਸੱਤ ਜਨਮ ਕੇ ਹਮੀਂ ਹਾਂ ਨਾਥ ਪੂਰੇ', ਆਪਣਾ ਨਾਂ ਦੁੱਖ-ਭੰਜਨ ਨਾਥ ਪੋਤਰਾ ਧਨੰਤਰ ਨਾਥ ਵੈਦ ਦਾ ਕਹਿੰਦਾ ਹੈ। ਅਯਾਲੀ ਉਸਨੂੰ

ਪਛਾਣ ਜਾਂਦਾ ਹੈ ਪਰ ਉਸਨੂੰ ਵੀ ਉਹ 'ਹਮੀਂ ਲੰਕ-ਬਾਸੀ ਚੇਲੇ ਅਗਸਤ ਮੁਨਿ' ਆਦਿ ਕਹਿਕੇ ਆਪਣੀ ਪਛਾਣ ਲੁਕਾਉਣ ਦਾ ਜਤਨ ਕਰਦਾ ਹੈ ਪਰ ਅਯਾਲੀ ਤਾਂ ਧੋਖੇ ਵਿੱਚ ਨਹੀਂ ਆਉਂਦਾ ਅਤੇ ਸਪਸ਼ਟ ਰੂਪ ਵਿੱਚ ਰਾਂਝੇ ਨੂੰ ਗਤੀਹੀਣ ਅਤੇ ਅਸਤਿਤਵਹੀਣ ਕਹਿੰਦਾ ਹੈ :

- ਤੇਰੇ ਬੈਠਿਆਂ ਵਿਆਹ ਲੈ ਗਏ ਖੇੜੇ,
  ਦਾੜ੍ਹੀ ਪਰ੍ਹੇ ਦੇ ਵਿੱਚ ਮੁਨਾ ਬੈਠੋਂ।
- ਮੰਗ ਛੱਡੀਏ ਨਹੀਂ ਜੇ ਜਾਨ ਹੋਵੇ,
  ਜਿਉਂਦੇ ਜੀ ਤੂੰ ਛੱਡ ਹੱਯਾ ਬੈਠੋਂ
  ਇਕ ਅਮਲ ਨਾ ਕੀਤਾ ਈ ਗਾਫ਼ਲਾ ਓ,
  ਐਵੇਂ ਕੀਮੀਆ ਉਮਰ ਵੰਞਾ ਬੈਠੋਂ।[19]

ਰਾਂਝੇ ਨੇ ਆਪਣੇ ਆਪ ਨੂੰ ਨਾਥ-ਜੋਗੀ ਸਿੱਧ ਕਰਨ ਵਜੋਂ ਜੋ ਭਾਸ਼ਾ ਵਰਤੀ ਹੈ, ਘਟਨਾ ਕਿਰਿਆ ਵਿਗਿਆਨ ਅਨੁਸਾਰ, ਪਾਠਕ ਨੂੰ ਇੱਥੇ ਉਸ ਬਾਰੇ ਬਣੀ ਪੂਰਵ-ਧਾਰਨਾ 'ਅਪੋਕ' ਅਰਥਾਤ ਬਰੈਕਟ ਮਾਰਨੀ ਪਈ ਸੀ ਪਰ ਅਯਾਲੀ ਨੇ ਉਸਦਾ ਪਰਦਾ ਫਾਸ ਕਰ ਦਿੱਤਾ। ਪਰ ਉਹ ਅਯਾਲੀ ਪਾਸੋਂ ਕਿਸੇ ਪਾਸ ਭੇਤ ਨਾ ਖੋਲ੍ਹਣ ਦਾ ਵਿਸ਼ਵਾਸ ਪ੍ਰਾਪਤ ਕਰਦਾ ਹੈ। ਸਾਰਤਰ ਅਨੁਸਾਰ ਅਸਤਿਤਵ ਦਾ ਅਧਿਐਨ ਕਰਨ ਲਈ ਇੱਕੋ ਇੱਕ ਵਿਧੀ ਹੈ- ਘਟਨਾ ਕਿਰਿਆ ਵਿਗਿਆਨ (Phenomenology) ਅਤੇ ਇਸ ਵਿਗਿਆਨ ਅਨੁਸਾਰ ਕਾਰਜ ਵਿੱਚ ਰੁੱਝੇ (Man in action) ਦਾ ਅਧਿਐਨ ਕੀਤਾ ਜਾਂਦਾ ਹੈ। ਰਾਂਝਾ ਅਯਾਲੀ ਤੋਂ ਭੇਦ ਗੁਪਤ ਰੱਖਣ ਦੀ ਕਸਮ ਖੁਆਕੇ ਆਪਣੇ ਟੀਚੇ ਦੀ ਪ੍ਰਾਪਤੀ ਲਈ ਗਤੀਸ਼ੀਲ ਹੋ ਜਾਂਦਾ ਹੈ। ਪਾਣੀ ਭਰਦੀਆਂ ਕੁੜੀਆਂ ਤੋਂ ਪਿੰਡ ਦਾ ਨਾਮ ਪੁੱਛਦਾ ਹੈ। ਰੰਗਪੁਰ ਸੁਣਕੇ ਹੱਸਦਾ ਹੈ। ਕਦੇ ਰੋਂਦਾ ਹੈ। ਝੱਲ-ਮਸਤਾਨੀਆਂ ਗੱਲਾਂ ਕਰਦਾ ਹੈ, ਸੰਗਲੀ ਸੁੱਟਕੇ ਸ਼ਗਨ ਵਾਚਦਾ ਹੈ, ਖੜ੍ਹੋਕੇ ਕਿੰਗ ਵਜਾਉਂਦਾ ਹੈ, ਅੱਠੇ ਪਹਿਰ ਅੱਲਾ ਨੂੰ ਯਾਦ ਕਰਦਾ ਹੈ। ਸਹਿਤੀ ਘਰੇ ਆ ਕੇ ਜੋਗੀ ਦੀ ਸੁੰਦਰਤਾ ਬਾਰੇ ਗੱਲ ਕਰਦੀ ਹੈ। ਹੀਰ ਉੱਪਰ ਇਸਦਾ ਅਸਰ ਹੁੰਦਾ ਹੈ। ਇੱਥੇ ਮੁੜ ਰਾਂਝਾ ਆਪਣੀ ਪਛਾਣ ਜੋਗੀਆਂ ਵਾਲੀ ਸ਼ਬਦਾਵਲੀ ਵਿੱਚ ਕਰਦਾ ਹੈ। ਪਾਠਕ ਅਤੇ ਸ਼੍ਰੋਤਿਆਂ ਨੂੰ ਉਸ ਸੰਬੰਧੀ ਪੂਰਵ-ਧਾਰਨਾ ਤੇ 'ਬਰੈਕਟ' ਮਾਰਨੀ ਪੈਂਦੀ ਹੈ :

ਹਮੀਂ ਬਡੇ ਫੱਕਰ ਸੱਤ-ਪੀੜ੍ਹੀਏ ਹਾਂ,
ਰਸਮ ਜੱਗ ਕੀ ਹਮੀਂ ਨਾ ਜਾਣਦੇ ਹਾਂ
ਕੰਦ ਮੂਲ ਉਜਾੜ ਵਿੱਚ ਖਾਇ ਕੇ ਤੇ,
ਬਨਵਾਸ ਲੈ ਕੇ ਮੌਜਾਂ ਮਾਣਦੇ ਹਾਂ।[20]

ਪਰ ਕੁੜੀਆਂ ਉਸਦੀ 'ਬਰੈਕਟਿੰਗ' ਨੂੰ ਖੋਲ੍ਹ ਦਿੰਦੀਆਂ ਹਨ :

ਵਿੱਚੋਂ ਨੈਣ ਹੱਸਣ ਹੋਂਠ ਭੇਤ ਦੱਸਣ,
ਅੱਖੀਂ ਮੀਟਦਾ ਨਾਲ਼ ਬਹਾਨਿਆਂ ਵੇ।[21]

ਅਸਤਿਤਵ ਦੀ ਅਜਿਹੀ ਪਕੜ ਹੀ ਫੇਨੋਮਾਨੋਲਾਜੀ ਅਖਵਾਉਂਦੀ ਹੈ ਕਿਉਂਜੋ ਇਸ ਦੁਆਰਾ ਕਾਰਜ ਵਿੱਚ ਰੁੱਝੇ ਮਨੁੱਖ (Man in action) ਨੂੰ ਸਮਝਿਆ ਜਾਂਦਾ ਹੈ। ਰਾਂਝਾ ਖੱਪਰੀ ਫੜਕੇ ਗਜਾ ਕਰਨ ਵੀ ਜਾਂਦਾ ਹੈ, ਹਰ ਬੂਹੇ ਤੇ ਸਿੰਙੀ ਵੀ ਵਜਾਉਂਦਾ ਹੈ। ਸਹਿਤੀ ਨਾਲ਼ ਝਗੜਾ ਕਰਦਾ ਹੈ। ਉਸਦਾ ਠੂਠਾ ਭੰਨਿਆ ਜਾਂਦਾ ਹੈ। ਉਸ ਨਾਲ਼ ਸੁਲਾਹ ਕਰਨ ਵਿੱਚ ਸਿਆਣਪ ਸਮਝਦਾ ਹੈ। ਹੀਰ ਵੀ ਸਹਿਤੀ ਨਾਲ਼ ਸੁਲਾਹ ਕਰ ਲੈਂਦੀ ਹੈ। ਬਣੀ ਯੋਜਨਾ ਅਨੁਸਾਰ ਸਹਿਤੀ ਖੰਡ-ਮਲਾਈ ਦਾ ਥਾਲ ਢਕ ਕੇ ਉੱਪਰ ਪੰਜ ਰੁਪਏ ਰੱਖ ਕੇ ਕਾਲੇ ਬਾਗ਼ ਜਾਂਦੀ ਹੈ। ਰਾਂਝੇ ਤੋਂ ਢਕੇ-ਪਦਾਰਥ ਵਿੱਚ ਕੀ ਹੈ? ਦਾ ਪ੍ਰਸ਼ਨ ਪੁੱਛਦੀ ਹੈ। ਉਸਦੀ ਹੈਰਾਨੀ ਦੀ ਹੱਦ ਨਹੀਂ, ਜਦੋਂ ਉਹ ਰਾਂਝੇ ਦੇ ਦੱਸਣ ਅਨੁਸਾਰ ਥਾਲ ਵਿੱਚ ਖੰਡ ਚਾਵਲ ਵੇਖਦੀ ਹੈ। ਇਸਨੂੰ ਉਹ ਰਾਂਝੇ ਦੀ ਕਰਾਮਾਤ ਵਜੋਂ ਗ੍ਰਹਿਣ ਕਰਦੀ ਹੈ। ਇਉਂ ਉਸ ਅੱਗੇ ਆਪਣੇ ਅਸਤਿਤਵ ਦਾ ਸਮਰਪਣ ਕਰ ਦਿੰਦੀ ਹੈ। ਅਸਤਿਤਵਵਾਦੀ ਚਿੰਤਕਾਂ ਅਨੁਸਾਰ ਆਪਣੀ ਭੁੱਲ ਜਾਂ ਕਸੂਰ ਮੰਨਣ ਦੀ ਸਥਿਤੀ ਉਦੋਂ ਆਉਂਦੀ ਹੈ ਜਦੋਂ ਇਹ ਸੋਚਿਆ ਜਾਂਦਾ ਹੈ ਕਿ ਕੁੱਝ ਕਰਨਯੋਗ ਸੀ ਜੋ ਮੈਂ ਨਹੀਂ ਕਰ ਸਕਿਆ ਅਤੇ ਇਸ ਪ੍ਰਤੀ ਮੈਂ ਉੱਤਰਦਾਈ ਹਾਂ। ਅਜਿਹੀ ਸਥਿਤੀ ਵਿੱਚ ਹੀ ਸਹਿਤੀ ਆਪਣੀ ਭੁੱਲ/ਗੁਨਾਹ ਲਈ ਮਾਫ਼ੀ ਮੰਗਦੀ ਹੈ :

- ਸਾਨੂੰ ਬਖ਼ਸ਼ ਅੱਲ੍ਹਾ ਦੇ ਨਾਉਂ ਮੀਆਂ,
  ਸਾਥੋਂ ਭੁਲਿਆਂ ਇੱਕ ਗੁਨਾਹ ਹੋਇਆ।
- ਤੈਨੂੰ ਪੀਰ ਜੀ ਭੁੱਲ ਕੇ ਬੁਰਾ ਬੋਲੀ,
  ਤੇਰੇ ਹੁਕਮ ਦੀ ਤਾਬਿਆ ਹੋਈ ਆਂ ਮੈਂ।[22]

ਸਹਿਤੀ ਹੀਰ ਨੂੰ ਬਾਗ਼ ਵਿੱਚ ਲੈ ਜਾਂਦੀ ਹੈ। ਉਸਦੀ ਵਾਪਸੀ ਤੇ ਸਭ ਹੈਰਾਨ ਹਨ ਕਿ ਉਸ ਵਿੱਚ ਕਿੰਨੀ ਤਬਦੀਲੀ ਆ ਗਈ ਹੈ। ਪਰ ਹੀਰ ਰਾਂਝੇ ਨਾਲ਼ ਮਿਲਾਪ ਦੀ ਥਾਂ ਹੋਰ ਹੀ ਬਹਾਨੇ ਲਾ ਕੇ ਟਾਲਮਟੋਲ ਕਰਦੀ ਹੈ। ਸਹਿਤੀ ਹੀਰ ਸਮੇਤ ਸਹੇਲੀਆਂ ਨੂੰ ਲੈ ਕੇ ਕਪਾਹ ਚੁਗਣ ਦੀ, ਮਾਂ ਪਾਸੋਂ ਆਗਿਆ ਲੈਂਦੀ ਹੈ। ਹੀਰ ਦੇ ਕਿੱਕਰ ਦਾ ਕੰਡਾ ਚੁਭੋਕੇ ਸੱਪ ਲੜ ਜਾਣ ਦਾ ਢੌਂਗ ਰਚਾਇਆ ਜਾਂਦਾ ਹੈ। ਕੋਈ ਵੀ ਵੈਦ ਇਲਾਜ ਕਰਨ ਵਿੱਚ ਸਫ਼ਲ ਨਹੀਂ ਹੁੰਦਾ। ਅਖੀਰ ਕਾਲੇ ਬਾਗ਼ ਦੇ ਜੋਗੀ ਨੂੰ (ਸਹਿਤੀ ਦੀ ਸਿਫ਼ਾਰਸ਼ ਤੇ) ਬੁਲਾਉਣ ਵਾਸਤੇ ਸੈਦੇ ਨੂੰ ਘੱਲਿਆ ਜਾਂਦਾ ਹੈ। ਇਸ ਉਪਰੰਤ ਸੈਦਾ ਆਪਣੇ ਅਸਤਿਤਵ ਨੂੰ ਰਾਂਝੇ ਅੱਗੇ ਗਿਰਵੀ ਕਰਦਾ ਕਹਿੰਦਾ ਹੈ :

ਹੱਥ ਬੰਨ੍ਹ ਨੀਵੀਂ ਧੌਣ ਘਾਹ ਮੂੰਹ ਵਿਚ,

ਕੱਢ ਦੇਂਦੀਆਂ ਮਿਨਤਾਂ ਘਾਲਿਆ ਵੋ।
ਤੇਰੇ ਚੱਲਿਆ ਹੁੰਦੀ ਹੈ ਹੀਰ ਚੰਗੀ,
ਦੋਹੀ ਰੱਬ ਦੀ, ਮੁੰਦਰਾਂ ਵਾਲਿਆ ਵੋ।[23]

ਹੁਣ ਰਾਂਝੇ ਦੇ ਮਨ ਵਿੱਚ ਸੁਆਲ ਹੈ ਕਿ ਹੀਰ ਦੇ ਸੈਦੇ ਨਾਲ਼ ਸੰਬੰਧਾਂ ਦੀ ਪਰਖ ਕੀਤੀ ਜਾਵੇ। ਇਸ ਲਈ ਉਹ ਕਹਿੰਦਾ ਹੈ ਕਿ ਮੇਰਾ ਇਲਮ ਵਿਆਹੀਆਂ ਔਰਤਾਂ ਲਈ ਕਾਰਗਰ ਸਾਬਤ ਨਹੀਂ ਹੁੰਦਾ। ਇਸ ਲਈ ਮੇਰਾ ਤੇਰੇ ਨਾਲ਼ ਜਾਣ ਦਾ ਕੋਈ ਲਾਭ ਨਹੀਂ ਹੋਵੇਗਾ। ਪਰ ਸੈਦਾ ਉਸਨੂੰ ਸਹੀ ਗੱਲ ਦੱਸਦਾ ਹੈ :

- ਜੇ ਮੈਂ ਹੱਥ ਲਾਵਾਂ ਸਿਰੋਂ ਲਾਹ ਲੈਂਦੀ,
  ਚਾਇ ਘੱਤਦੀ ਚੀਕ ਚਿਹਾਰੜੀ ਵੋ।
  ਹੱਥ ਲਾਵਣਾ ਪਲੰਘ ਨੂੰ ਮਿਲੇ ਨਾਹੀਂ,
  ਖੌਫ਼ ਖ਼ਤਰਿਉਂ ਰਹੇ ਨਿਆਰੜੀ ਵੋ।[24]

ਜੁੱਤੀ ਸਮੇਤ ਰਾਂਝੇ ਦੇ ਚੌਂਕੇ ਤੇ ਚੜ੍ਹਨ ਕਾਰਨ ਸੈਦਾ ਫਾਹੁੜੀਆਂ ਨਾਲ਼ ਕੁੱਟਿਆ ਜਾਂਦਾ ਹੈ। ਸੈਦਾ ਕੁੱਟ ਖਾ ਕੇ ਰੋਂਦਾ ਕੁਰਲਾਉਂਦਾ ਘਰ ਚਲਿਆ ਜਾਂਦਾ ਹੈ। ਸਹਿਤੀ ਇਸ ਘਟਨਾ ਨੂੰ ਸੈਦੇ ਦਾ ਹੰਕਾਰ ਸਮਝਦੀ ਹੈ ਅਤੇ ਆਪਣੇ ਬਾਪ ਨੂੰ ਰਾਂਝੇ ਪਾਸ ਭੇਜਦੀ ਹੈ। ਅੱਜੂ ਵੀ ਰਾਂਝੇ ਦੀਆਂ ਮਿਨਤਾਂ ਕਰਦਾ ਹੈ ਕਿ ਉਹ ਘਰ ਜਾ ਕੇ ਉਸਦੀ ਬਿਮਾਰ ਨੂੰਹ ਨੂੰ ਤੰਦਰੁਸਤ ਕਰ ਦੇਵੇ। ਰਾਂਝਾ ਖੇੜਿਆਂ ਦੇ ਘਰ ਚਲਿਆ ਜਾਂਦਾ ਹੈ। ਸਾਰਾ ਪ੍ਰਬੰਧ ਸਹਿਤੀ ਦੇ ਹੱਥ ਵਿੱਚ ਹੈ। ਹੀਰ ਨੂੰ ਪਿੰਡ ਤੋਂ ਬਾਹਰ ਡੂਮਾਂ ਦੀ ਕੋਠੜੀ ਲਿਜਾਇਆ ਜਾਂਦਾ ਹੈ ਤਾਂ ਕਿ ਇਲਾਜ ਕਰਦੇ ਸਮੇਂ ਕਿਸੇ ਮਰਦ ਔਰਤ ਦਾ ਪਰਛਾਵਾਂ ਨਾ ਪਵੇ। ਕੇਵਲ ਕੁਆਰੀ ਕੁੜੀ ਸਹਿਤੀ ਨੂੰ ਹੀ ਉਨ੍ਹਾਂ ਪਾਸ ਰਹਿਣ ਦੀ ਆਗਿਆ ਹੈ। ਰਾਂਝਾ ਪੰਜਾਂ ਪੀਰਾਂ ਪਾਸੋਂ ਸਹਿਤੀ ਲਈ ਮੁਰਾਦ ਦੀ ਮੰਗ ਕਰਦਾ ਹੈ। ਅਸੀਂ ਵੇਖਦੇ ਹਾਂ ਕਿ ਇਸ ਕਿੱਸੇ ਵਿੱਚ ਪੀਰਾਂ ਦੀ ਮਿੱਥ ਦਾ ਵਾਰ ਵਾਰ ਪ੍ਰਯੋਗ ਹੋਇਆ ਹੈ ਪਰ ਮਿੱਥ ਹੈ ਕੀ ?

"The mythical is defined by Bultmann as a way of thinking in which other worldly and divine are represented as this worldly and human."[25]

(ਪਰ ਮਿੱਥ ਦੀ ਇਸ ਪਰਿਭਾਸ਼ਾ ਦੇ ਉਲਟ ਪ੍ਰੋ: ਹੈਂਡਰਸਨ ਦੱਸਦੇ ਹਨ ਕਿ ਮਿੱਥ ਸੈਕੂਲਰ ਵੀ ਹੁੰਦੇ ਹਨ ਜਿਵੇਂ ਨਾਜ਼ੀ ਮਿੱਥ 'ਜੇਤੂ-ਕੌਮ' ਅਤੇ ਮਾਰਕਸੀ ਮਿੱਥ 'ਸ਼੍ਰੇਣੀ-ਰਹਿਤ ਸਵਰਗ' ਆਦਿ ਅਤੇ ਇਨ੍ਹਾਂ ਮਿੱਥਾਂ ਵਿੱਚ ਰੱਬੀ ਸ਼ਕਤੀ ਦਾ ਕੋਈ ਹੱਥ ਨਹੀਂ) ਪਰ ਇੱਥੇ ਸਾਡਾ ਸੰਬੰਧ ਮੱਧ-ਕਾਲੀਨ ਲੋਕਾਂ ਦੀ ਸੋਚ ਨਾਲ਼ ਹੈ। ਫਲਸਰੂਪ ਸਹਿਤੀ, ਮੁਰਾਦ ਅਤੇ ਰਾਂਝਾ, ਹੀਰ ਤਿੱਤਰ ਹੋ ਜਾਂਦੇ ਹਨ। ਖੇੜਿਆਂ ਦੀ ਇੱਕ ਟੋਲੀ ਸਹਿਤੀ ਮੁਰਾਦ ਦਾ ਪਿੱਛਾ ਕਰਦੀ ਹੋਈ ਮਾਤ ਖਾ ਜਾਂਦੀ ਹੈ।

ਦੂਜੀ ਟੋਲੀ ਹੀਰ ਰਾਂਝੇ ਨੂੰ ਪਕੜ ਲੈਂਦੀ ਹੈ। ਰਾਂਝਾ ਕੂਕਾਂ ਮਾਰਦਾ ਹੈ। ਅਦਲੀ ਰਾਜੇ ਦੇ ਦਰਬਾਰ ਵਿੱਚ ਖੇੜੇ ਪੇਸ਼ ਹੁੰਦੇ ਹਨ। ਕਾਜ਼ੀ ਸ਼ਰ੍ਹਾ ਦਾ ਬਿਆਨ ਕਰਦਾ ਹੈ। ਹੀਰ ਖੇੜਿਆਂ ਨੂੰ ਸੌਂਪ ਦਿੱਤੀ ਜਾਂਦੀ ਹੈ। ਹੀਰ ਫ਼ਿਰਾਕ ਵਿੱਚ ਆਹ ਭਰਦੀ ਹੈ। ਰਾਂਝਾ ਮੁੜ ਪੀਰਾਂ ਅੱਗੇ ਦੁਆ ਕਰਦਾ ਹੈ। ਆਸ਼ਕਾਂ ਦੀ ਆਹ ਨਾਲ਼ ਸ਼ਹਿਰ ਅੱਗ ਦੀ ਲਪੇਟ ਵਿੱਚ ਆਉਂਦਾ ਹੈ। ਅਦਲੀ ਰਾਜੇ ਨੇ ਰਾਂਝੇ ਨੂੰ ਹੀਰ ਦਿਵਾ ਦਿੱਤੀ। ਕਿੱਸੇ ਦੇ ਆਰੰਭ ਵਿੱਚ ਜਿਹੜੀ ਹੀਰ ਰਾਂਝੇ ਨੂੰ ਉਧਾਲਕੇ ਲੈ ਜਾਣ ਦੀ ਪੇਸ਼ਕਸ਼ ਕਰਦੀ ਹੈ, ਉਹੀ ਹੀਰ ਹੁਣ ਸਿੱਧੀ ਤਖ਼ਤ-ਹਜ਼ਾਰੇ ਜਾਣ ਤੋਂ ਇਨ੍ਹਾਂ ਸ਼ਬਦਾਂ ਵਿੱਚ ਨਾਂਹ ਕਰਦੀ ਹੈ :

ਹੀਰ ਆਖਿਆ, ਇਵੇਂ ਜੇ ਜਾਇ ਵੜਸਾਂ,
ਰੰਨਾਂ ਆਖਸਣ, ਉੱਧਲੀ ਆਈਏਂ ਨੀ।[26]

ਇਨ੍ਹਾਂ ਬੋਲਾਂ ਦੀ ਅਸਤਿਤਵੀ ਵਿਆਖਿਆ ਕਰਨੀ ਬਣਦੀ ਹੈ। ਜਾਂ ਪਾਲ ਸਾਰਤਰ ਅਨੁਸਾਰ 'ਅਸਤਿਤਵ ਸਾਰ ਤੋਂ ਪਹਿਲਾਂ ਹੈ' (Existence proceeds essence) ਮੰਨਿਆ ਕਿ ਹੀਰ-ਰਾਂਝੇ ਦੀ ਮੁਹੱਬਤ ਦਾ ਸਾਰ (Essence) ਇਸ਼ਕ ਹੈ। ਪਰ ਇਸ ਸਾਰ (ਇਸ਼ਕ) ਤੋਂ ਪਹਿਲਾਂ ਬੰਦੇ ਦਾ ਅਸਤਿਤਵ ਹੈ। ਜੇ ਹੀਰ ਸਿੱਧਾ ਤਖ਼ਤ ਹਜ਼ਾਰੇ ਪੁੱਜਦੀ ਹੈ ਤਾਂ ਰਾਂਝੇ ਦੀਆਂ ਭਾਬੀਆਂ ਨੇ ਉਸਨੂੰ ਉੱਧਲੀ 'ਆਈਏਂ" ਕਹਿਣਾ ਸੀ ਅਤੇ ਇਉਂ ਹੀਰ ਨੇ ਅਸਤਿਤਵਹੀਣ ਹੋ ਜਾਣਾ ਸੀ ਪਰ ਏਦਾਂ ਅਸਤਿਤਵ ਨੂੰ ਬਚਾਉਂਦਿਆਂ ਹੀ ਉਹ ਮਾਪਿਆਂ ਵੱਲੋਂ ਇੱਜ਼ਤ ਲਈ ਕਤਲ (ਆਨਰ ਕਿਲਿੰਗ) ਦਾ ਸ਼ਿਕਾਰ ਹੋ ਜਾਂਦੀ ਹੈ। ਰਾਂਝਾ ਇਸ ਦੁੱਖ ਨਾਲ਼ ਮਰ ਜਾਂਦਾ ਹੈ। ਧਾਰਮਿਕ ਅਸਤਿਤਵਵਾਦੀ ਨਿਕੋਲਸ ਬਰਦੀਏਵ ਦਾ ਕਥਨ ਸੱਚ ਹੈ ਕਿ ਮਾਨਵੀ ਸੰਸਾਰ ਵਿੱਚ ਪ੍ਰਮਾਣਿਕ ਅਸਤਿਤਵ ਅਵੱਸ਼ ਦੁੱਖ ਭੋਗਦਾ ਹੈ।

*ਅਧਿਆਇ ਸਤਵਾਂ*

# ਸੱਸੀ ਹਾਸ਼ਮ

ਹਾਸ਼ਮ ਦੀ ਸੱਸੀ ਇੱਕ ਸੂਫ਼ੀ ਰੰਗਣ ਵਾਲਾ ਕਿੱਸਾ ਹੈ। ਇਸ ਸੰਬੰਧੀ ਆਪਣੇ ਵਿਚਾਰ ਅੰਕਿਤ ਕਰਦਿਆਂ ਡਾ. ਲਾਜਵੰਤੀ ਰਾਮਾ ਕ੍ਰਿਸ਼ਨਾ ਨੇ ਲਿਖਿਆ ਹੈ "ਹਾਸ਼ਮ ਹੁਰਾਂ ਆਪਣੇ 'ਸੱਸੀ ਪੁੰਨੂੰ' ਵਿੱਚ ਸੂਫ਼ੀ ਵਿਚਾਰਧਾਰਾ ਨੂੰ ਇੰਜ ਬਿਆਨਿਆ ਹੈ, ਜਿਵੇਂ ਜਾਮੀ ਨੇ ਆਪਣੇ ਕਿੱਸੇ 'ਯੂਸਫ਼ ਜ਼ੁਲੈਖਾਂ' ਵਿੱਚ ਕਾਨੀਬੱਧ ਕੀਤਾ ਹੈ। ਭੂਮਿਕਾ ਵਿੱਚ ਪ੍ਰਸਤੁਤ ਪਹਿਲਾ ਬੰਦ ਕਾਦਰ ਅਤੇ ਕੁਦਰਤ ਨੂੰ ਸਮਰਪਿਤ ਹੈ। ਦੂਜੇ ਵਿੱਚ ਇਸ਼ਕ ਦਾ ਆਯਾਮ ਹੈ। ਤੀਸਰੇ ਵਿੱਚ 'ਸੱਸੀ-ਪੁੰਨੂੰ' ਦੇ ਸਿਦਕੀ ਇਸ਼ਕ ਦੀਆਂ ਕਥਾਵਾਂ ਸੁਣਕੇ ਕਵੀ ਨੂੰ ਜੋਸ਼ ਵੀ ਆਉਂਦਾ ਹੈ। ਇਸੇ ਜੋਸ਼ ਦੇ ਕਥਾਰਸਿਸ ਵਜੋਂ ਉਹ ਇਸ ਕਿੱਸੇ ਨੂੰ ਲਿਖਣ ਵੱਲ ਪ੍ਰੇਰਿਤ ਹੁੰਦਾ ਹੈ।" ਡਾ. ਹਰਨਾਮ ਸਿੰਘ ਸ਼ਾਨ ਦਾ ਕਥਨ ਉੱਲੇਖਨੀਯ ਹੈ ਕਿ 'ਪੰਜਾਬ ਵਿੱਚ ਜੋ ਲੋਕ-ਪ੍ਰੀਯਤਾ 'ਹੀਰ-ਰਾਂਝੇ' ਨੂੰ ਹਾਸਲ ਹੈ, ਰਾਜਸਥਾਨ ਵਿੱਚ 'ਢੋਲ ਮਾਰੂ' ਨੂੰ; ਸਰਹੱਦੀ ਸੂਬੇ ਵਿੱਚ 'ਆਦਮ ਦਰਖ਼ਾਨੀ' ਨੂੰ; ਪੂਰਬੀ ਬੰਗਾਲ ਵਿੱਚ 'ਗੋਨਾਨੀ ਬੀਬੀ' ਨੂੰ; ਪੱਛਮੀ ਬੰਗਾਲ ਵਿੱਚ 'ਵਿਦਿਆ ਸੁੰਦਰ' ਨੂੰ ਅਤੇ ਬਿਹਾਰ ਵਿੱਚ 'ਮਾਧਵਾ ਨਲ ਕਾਮਕੰਦਲਾ' ਨੂੰ ਹਾਸਲ ਹੈ, ਸਿੰਧ ਵਿੱਚ 'ਸੱਸੀ ਪੁੰਨੂੰ' ਨੂੰ ਪ੍ਰਾਪਤ ਹੈ। ਪੰਜਾਬੀਆਂ ਨੇ ਇਸਨੂੰ ਆਪਣੀ ਹੀਰ, ਸੋਹਣੀ, ਸਾਹਿਬਾਂ ਵਾਂਗ ਹੀ ਅਪਣਾਇਆ ਹੈ।[1] ਪੰਜਾਬੀ ਵਿੱਚ ਪੰਜਾਹ ਤੋਂ ਉੱਪਰ ਕਵੀਆਂ ਨੇ ਇਹ ਕਿੱਸਾ ਲਿਖਿਆ ਪਰ ਜੋ ਸਥਾਨ ਹਾਸ਼ਮ ਦੀ ਸੱਸੀ ਨੂੰ ਪ੍ਰਾਪਤ ਹੈ, ਉਹ ਹੋਰਾਂ ਨੂੰ ਪ੍ਰਾਪਤ ਨਹੀਂ ਹੋ ਸਕਿਆ।

ਅਸਤਿਤਵਵਾਦੀ ਦ੍ਰਿਸ਼ਟੀ ਅਨੁਸਾਰ ਇਸ ਕਿੱਸੇ ਸੰਬੰਧੀ ਵਿਚਾਰ ਕਰਦਿਆਂ ਪ੍ਰਥਮ ਨੁਕਤਾ ਇਹ ਵੇਖਣਾ ਹੈ ਕਿ ਹਾਸ਼ਮ ਨੇ ਇਸ ਕਿੱਸੇ ਦੇ ਪਾਤਰਾਂ ਨੂੰ ਕਿੰਨ੍ਹਾਂ ਪਰਿਸਥਿਤੀਆਂ ਵਿੱਚ ਗ੍ਰਹਿਣ ਕੀਤਾ ਹੈ। ਇਤਿਹਾਸਕ ਤੌਰ 'ਤੇ ਭਾਵੇਂ ਇਸ ਘਟਨਾ ਦੇ ਵਾਪਰਨ ਦਾ ਸਮਾਂ ਨਿਸ਼ਚਤ ਕਰਨਾ ਕਠਿਨ ਹੈ, ਫਿਰ ਵੀ ਕਿੱਸੇ ਦੀਆਂ ਅੰਦਰੂਨੀ ਗਵਾਹੀਆਂ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਉਹ ਸਮਾਂ ਹੈ ਜਦੋਂ ਆਵਾਜਾਈ ਦੇ ਸਾਧਨਾਂ ਲਈ ਪਸ਼ੂਆਂ, ਵਿਸ਼ੇਸ਼ ਕਰਕੇ ਊਠਾਂ ਦੀ ਵਰਤੋਂ ਕੀਤੀ ਜਾਂਦੀ ਸੀ। ਉਂਜ ਵੀ ਇਹ ਘਟਨਾ 'ਥਲ-ਮਾਰੂ' ਨਾਲ਼ ਸੰਬੰਧਤ ਹੋਣ ਕਾਰਨ ਹੋਰ

ਪਸ਼ੂ ਇਸ ਖੇਤਰ ਵਿੱਚ ਆਵਾਜਾਈ ਲਈ ਵਰਤਣੇ ਕਠਿਨ ਸਨ। ਦੂਜੇ ਇਹ ਕਿ ਅੱਜ ਕੱਲ ਵਾਂਗ ਉਸ ਸਮੇਂ ਸੰਚਾਰ ਸਾਧਨ ਉੱਕਾ ਹੀ ਨਹੀਂ ਸਨ। ਤੀਜੇ ਇਹ ਕਿ ਸਮਾਜਕ ਜੀਵਨ ਵਿੱਚ ਔਲਾਦ ਦੀ ਪ੍ਰਾਪਤੀ ਲਈ ਦਾਨ ਪੁੰਨ ਕਰਕੇ ਅਤੇ ਪ੍ਰਾਪਤੀ ਉਪਰੰਤ ਜੋਤਸ਼ੀਆਂ ਪਾਸੋਂ ਬੱਚਿਆਂ ਦੇ ਜੀਵਨ ਸੰਬੰਧੀ ਭਵਿੱਖਬਾਣੀਆਂ ਕਰਵਾਉਣ ਦਾ ਸਮਾਂ ਸੀ। ਕੁੱਝ ਹੱਦ ਤੱਕ ਅੱਜ ਵੀ ਲੋਕ ਇਨ੍ਹਾਂ ਚੱਕਰਾਂ ਵਿੱਚ ਹਨ। ਮੁਟਿਆਰ ਧੀਆਂ ਲਈ ਵਰ ਟੋਲਣਾ ਵੀ ਇੱਕ ਸਮੱਸਿਆ ਸੀ। ਧੀਆਂ ਰਾਹੀਂ ਹੀ ਪਰਿਵਾਰ ਦੀ ਇੱਜ਼ਤ ਮੰਨੀ ਜਾਂਦੀ ਸੀ। ਰਾਜੇ ਆਪਣੇ ਮੰਤਰੀਆਂ ਦੀ ਸਲਾਹ ਮੰਨਿਆ ਕਰਦੇ ਸਨ। ਧੋਬੀ ਦਰਿਆਵਾਂ ਦੇ ਕੰਢੇ ਕੱਪੜੇ ਧੋਇਆ ਕਰਦੇ ਸਨ। ਕਲਾਕਾਰ ਅਤੇ ਸੁਦਾਗਰ ਦੂਰ ਦੁਰੇਡੇ ਆਪਣੀ ਕਲਾ ਦੇ ਪ੍ਰਦਰਸ਼ਨ ਅਤੇ ਵਪਾਰ ਲਈ ਟੁਰਦੇ ਫਿਰਦੇ ਸਨ। ਕੁੱਝ ਇਸ ਪ੍ਰਕਾਰ ਦੇ ਮਾਹੌਲ ਵਿੱਚ ਇਸ ਕਿੱਸੇ ਦੀ ਨਾਇਕਾ ਨੂੰ ਵਿਚਰਦੇ ਵਿਖਾਇਆ ਗਿਆ ਹੈ। ਸੋ, ਅਸਤਿਤਵਵਾਦੀ ਦ੍ਰਿਸ਼ਟੀ ਅਨੁਸਾਰ ਇਹੋ ਇਸ ਕਿੱਸੇ ਦੀ ਤਥਾਤਮਕਤਾ (Facticity) ਹੈ।

ਆਦਮ ਜਾਮ ਭੰਬੋਰ ਸ਼ਹਿਰ ਦਾ ਬਾਦਸ਼ਾਹ ਹੈ। ਉਸਦੇ ਘਰ ਔਲਾਦ ਨਹੀਂ ਹੈ। ਉਹ 'ਜਾਹੋ ਜਲਾਲ' ਵਾਲ਼ੀ ਸ਼ਖ਼ਸੀਅਤ ਰੱਖਦਾ ਹੈ। ਲੋਕ ਉਸ ਅੱਗੇ ਝੁਕਦੇ ਹਨ। ਉਸ ਪਾਸ ਮਹਿਲ, ਬਾਗ਼-ਬਗ਼ੀਚੇ, ਹੌਜ਼, ਤਲਾਓ, ਨਦੀਆਂ- ਗੱਲ ਕੀ ਉਸਨੂੰ ਹਰ ਸਹੂਲਤ ਪ੍ਰਾਪਤ ਹੈ। ਅਮੀਰ ਵਜ਼ੀਰ, ਫੌਜਾਂ ਸਭ ਕੁੱਝ ਹੈ। ਪੂਰੀ ਸ਼ਾਨੋ-ਸ਼ੌਕਤ ਹੈ ਪਰ ਉਸਦੇ ਘਰ ਕੋਈ ਬੱਚਾ ਨਹੀਂ ਹੈ। **ਅਜਿਹੀ ਸਥਿਤੀ, ਜਿੱਥੇ ਹੋਰ ਸਭ ਕੁੱਝ ਹੋਵੇ ਪਰ ਮਨ ਭਾਉਂਦੀ ਵਸਤੂ ਨਾ ਹੋਵੇ, ਸਾਰਤਰ ਦੇ ਘਟਨਾ ਕਿਰਿਆ ਵਿਗਿਆਨ ਅਨੁਸਾਰ ਭੋਇੰ (Ground) ਤਾਂ ਹੈ ਪਰ ਆਕਾਰ (Figure) ਨਹੀਂ ਹੈ।** ਇਹ ਆਦਮ ਜਾਮ ਲਈ ਚਿੰਤਾ (Anxiety) ਦਾ ਵਿਸ਼ਾ ਹੈ। ਔਲਾਦ ਦੀ ਪ੍ਰਾਪਤੀ ਲਈ ਉਹ ਪੂਜਾ ਪਾਠ, ਦਾਨ-ਪੁੰਨ ਆਦਿ ਹਰ ਪ੍ਰਕਾਰ ਦੇ ਓਹੜ-ਪੋਹੜ ਕਰਦਾ ਹੈ। ਆਖਰ ਉਸਦੀ ਇੱਛਾ ਪੂਰੀ ਹੋ ਜਾਂਦੀ ਹੈ। ਉਸਦੀ ਔਲਾਦ ਦੀ ਇੱਛਾ ਸ਼ਬ-ਕਦਰ (ਰਮਜ਼ਾਨ ਮਹੀਨੇ ਦੀ ਸਤਾਈਵੀਂ ਰਾਤ) ਨੂੰ ਪੂਰੀ ਹੋ ਜਾਂਦੀ ਹੈ। ਸੱਸੀ ਦਾ ਜਨਮ ਹੁੰਦਾ ਹੈ। ਕਵੀ ਉਸਦੀ ਸੁੰਦਰਤਾ ਦੀ ਰੱਜਕੇ ਪ੍ਰਸ਼ੰਸਾ ਕਰਦਾ ਹੈ। ਰਾਜਾ ਉਸਦੀ ਕਿਸਮਤ ਦਾ ਲੇਖਾ ਜਾਨਣ ਲਈ ਨਜ਼ੂਮੀਆਂ ਨੂੰ ਬੁਲਾਉਂਦਾ ਹੈ। ਨਜ਼ੂਮੀ ਨਜ਼ੂਮ ਲਗਾਕੇ ਚੁੱਪ ਕਰ ਜਾਂਦੇ ਹਨ। 'ਜ਼ਾਲਮ ਹੁਕਮ, ਸਹਿਮ ਸੁਲਤਾਨਾਂ, ਕੌਣ ਕੋਈ ਦਮ ਮਾਰੇ।' ਸੱਚ ਦੱਸਣਾ ਮੁਸ਼ਕਲ ਹੋ ਗਿਆ। ਝੂਠ ਬੋਲਣਾ ਖੋਟਾ-ਨਿਸ਼ਚਾ (Bad faith) ਸੀ। ਅਖ਼ੀਰ ਮਨ ਵਿੱਚੋਂ ਭੈਅ (Fear) ਕੱਢਕੇ ਨਜ਼ੂਮੀਆਂ ਨੇ ਸੱਚ ਕਹਿ ਹੀ ਦਿੱਤਾ ਕਿ ਸੱਸੀ ਵੱਡੀ ਹੋ ਕੇ ਇਸ਼ਕ ਕਰੇਗੀ ਅਤੇ ਕੁਲ ਨੂੰ ਦਾਗ਼ ਲਾਉਣ ਦਾ ਕਾਰਨ ਬਣੇਗੀ। **ਇਸ ਸੰਭਾਵਨਾ (Possibility) ਦਾ ਪ੍ਰਗਟ ਹੋਣਾ ਇਸ ਕਿੱਸੇ ਦੀ ਕੇਂਦਰੀ ਚੂਲ ਬਣਦਾ ਹੈ।** ਰੰਗ ਵਿੱਚ ਭੰਗ

ਪੈ ਗਿਆ। ਸਿਆਣੇ ਬੰਦੇ ਹੀਲਾ ਸੋਚਣ ਲੱਗੇ। ਮਸਲੇ ਦੇ ਹੀਲਿਆਂ ਵਿੱਚੋਂ ਆਦਮ ਜਾਮ ਦੀ ਚੋਣ (Choice) ਲੜਕੀ ਨੂੰ ਮਾਰ ਦੇਣਾ ਸੀ- ਅੱਜ ਕੱਲ ਦੀਆਂ 'ਆਨੱਰ ਕਿਲਿੰਗ' ਦੀਆਂ ਘਟਨਾਵਾਂ ਵਾਂਗ। ਪਰ ਕੰਨਿਆ ਨੂੰ ਨਿਰਦੋਸ਼ ਠਹਿਰਾਉਂਦਿਆਂ ਮਾਰਨ ਦੀ ਥਾਵੇਂ ਸੰਦੂਕ ਵਿੱਚ ਪਾਕੇ ਦਰਿਆ ਵਿੱਚ ਰੋੜ੍ਹ ਦੇਣ ਵਾਲਾ ਮੰਤਰੀ ਦਾ ਸੁਝਾਓ ਪ੍ਰਵਾਨ ਕਰ ਲਿਆ ਜਾਂਦਾ ਹੈ। ਇੱਕ ਤਾਵੀਜ਼ ਵਿੱਚ ਸਾਰੀ ਸਚਾਈ ਲਿਖਕੇ ਉਸਦੇ ਗਲ਼ ਵਿੱਚ ਪਾਕੇ ਪੂਰੇ ਧਨ ਦੌਲਤ ਨਾਲ਼ ਸੱਸੀ ਨੂੰ ਦਰਿਆ ਵਿੱਚ ਰੋੜ੍ਹ ਦਿੱਤਾ ਜਾਂਦਾ ਹੈ। ਇੰਜ ਸੱਸੀ ਦੀ ਹੋਣੀ (Destiny becomes her existence) ਉਸਦੇ ਅਸਤਿਤਵ ਨੂੰ ਪ੍ਰਭਾਵਿਤ ਕਰਨ ਵਾਲ਼ੀ ਸੰਭਾਵਨਾ ਬਣ ਜਾਂਦੀ ਹੈ। ਦਰਿਆ ਦਾ ਤੂਫ਼ਾਨ ਤਰਸ ਅਤੇ ਭੈਅ (Pity and terror) ਵਾਲਾ ਵਾਤਾਵਰਨ ਉਸਾਰਦਾ ਹੈ। ਪਰ ਸੱਸੀ ਦਰਿਆ ਦੀ ਭਿਆਨਕਤਾ ਵਿੱਚੋਂ (ਹਾਸ਼ਮ ਮੌਤ ਲਿਖੀ ਵਿੱਚ ਥਲ ਦੇ, ਮਾਰੁਸ ਕੌਣ ਇਥਾਈਂ) ਬਚ ਨਿਕਲਦੀ ਹੈ। ਭੰਬੋਰ ਸ਼ਹਿਰ ਤੋਂ ਕੁੱਝ ਦੂਰੀ 'ਤੇ ਅੱਤਾ ਧੋਬੀ ਨਦੀ ਕਿਨਾਰੇ ਕੱਪੜੇ ਧੋ ਰਿਹਾ ਹੈ। ਅੱਤੇ ਨੇ ਜਾਨ ਦੀ ਬਾਜ਼ੀ ਲਾ ਕੇ ਸੰਦੂਕ ਬਾਹਰ ਕੱਢਿਆ। ਉਸਦੇ ਭਾਗ ਖੁਲ੍ਹ ਗਏ। ਲੋਕਾਂ ਵਧਾਈਆਂ ਦਿੱਤੀਆਂ। ਸੱਸੀ ਨੂੰ ਬਾਦਸ਼ਾਹ ਦੇ ਪਰਿਵਾਰ ਵਾਲੀ ਸਹੂਲਤ ਦਾ ਪ੍ਰਬੰਧ ਕਰ ਦਿੱਤਾ ਜਾਂਦਾ ਹੈ।

ਸੱਸੀ ਬੜੀ ਸੁੰਦਰ ਮੁਟਿਆਰ ਬਣ ਜਾਂਦੀ ਹੈ। ਮਾਪੇ ਉਸਦਾ ਵਿਆਹ ਕਰਨ ਬਾਰੇ ਸੋਚਦੇ ਹਨ। ਬਥੇਰੇ ਲੋਕ ਸੱਸੀ ਦਾ ਰਿਸ਼ਤਾ ਮੰਗਣ ਆਉਂਦੇ ਹਨ। ਸੱਸੀ ਨੂੰ ਆਪਣੀ ਹੋਂਦ ਦਾ ਅਹਿਸਾਸ (feel) ਹੁੰਦਾ ਹੈ- 'ਢੂੰਡਣ ਸਾਕ ਨਿਮਾਣੇ ਧੋਬੀ, ਮੈਂ ਧੀ ਬਾਦਸ਼ਾਹਾਂ ਦੀ,' ਈਰਖਾ ਵਾਲੇ ਬਾਦਸ਼ਾਹ ਆਦਮ ਜਾਮ ਨੂੰ ਸੂਚਿਤ ਕਰਦੇ ਹਨ ਕਿ ਅੱਤੇ ਦੀ ਧੀ 'ਤੁਹਾਡੇ' ਲਾਇਕ ਹੈ। ਸੱਸੀ ਬਾਪ ਹੱਥ ਤਾਵੀਜ਼ ਭੇਜਦੀ ਹੈ। ਇਸ ਤੇ ਆਦਮ ਜਾਮ ਸ਼ਰਮਿੰਦਗੀ (Shame) ਵਿੱਚ ਡੁੱਬ ਜਾਂਦਾ ਹੈ। ਮਾਂ ਅਤੇ ਬਾਪ ਦੋਵੇਂ ਧੀ ਨੂੰ ਆਪਣੇ ਘਰ ਲਿਆਉਣਾ ਲੋਚਦੇ ਹਨ ਪਰ ਸੱਸੀ ਦੀ ਜ਼ਮੀਰ (Conscience) ਇਸ ਦੀ ਆਗਿਆ ਨਹੀਂ ਦਿੰਦੀ। ਜ਼ਮੀਰ ਬੰਦੇ ਦੇ ਗੁਆਚੇ ਅਸਤਿਤਵ ਨੂੰ ਮੁੜ ਪਰਿਭਾਸ਼ਤ ਕਰਦੀ ਹੈ। ਹਾਈਡਿਗਰ ਅਨੁਸਾਰ "To exist authentically he (She) must return from this lost condition to his/her original possibilities."[2] ਇਸੇ ਲਈ ਸੱਸੀ ਕਹਿੰਦੀ ਹੈ:

'ਹਾਸ਼ਮ ਮਿਲਣ ਹਰਾਮ ਤੁਸਾਨੂੰ, ਰੋੜ੍ਹ ਦਿੱਤੀ ਇੱਕ ਵਾਰੀ।'

ਪਰ ਅੱਤੇ ਧੋਬੀ ਨੇ ਸੱਸੀ ਨੂੰ ਆਪਣੀ ਚੋਣ (Choice) ਦੀ ਸੁਤੰਤਰਤਾ (Freedom) ਇਹ ਸ਼ਬਦ ਬੋਲਕੇ ਦੇ ਦਿੱਤੀ 'ਆਖ ਬੱਚੀ ਤੂੰ ਬਾਲਗ ਹੋਈਓਂ; ਵਾਗ ਤੇਰੀ ਹੱਥ ਤੇਰੇ।'

ਭੰਬੋਰ ਵਿੱਚ ਇੱਕ ਇਮਾਰਤਸਾਜ਼ੀ ਕਰਕੇ ਬਾਗ਼ ਲਗਾਉਣ ਵਾਲਾ

ਵਿਅਕਤੀ ਸੀ ਜੋ ਸੁੰਦਰ ਬਾਗ਼ ਲਗਾ ਕੇ ਉਨ੍ਹਾਂ ਵਿੱਚ ਹਰ ਮੁਲਕ ਦੇ ਸ਼ਹਿਜ਼ਾਦਿਆਂ ਦੀ ਚਿੱਤਰਕਾਰੀ ਵੀ ਕਰਿਆ ਕਰਦਾ ਸੀ। ਇੱਕ ਦਿਨ ਸੱਸੀ ਨੇ ਬਾਗ਼ ਵਿੱਚ ਸਹੇਲੀਆਂ ਸਮੇਤ ਆ ਕੇ ਪੁੰਨੂੰ ਦਾ ਚਿੱਤਰ ਵੇਖ ਲਿਆ। ਮੁਸੱਵਰ ਨੂੰ ਬੁਲਾਕੇ ਪੁੰਨੂੰ ਦਾ ਅਤਾ ਪਤਾ ਪੁੱਛਿਆ ਗਿਆ। ਇੰਜ ਚਿੱਤਰ ਵੇਖਕੇ ਦਿਲ ਦੇ ਬੈਠਣਾ ਗ਼ੈਰਕੁਦਰਤੀ ਨਹੀਂ, ਅੱਜ ਕੱਲ ਫੇਸ-ਬੁੱਕ ਰਾਹੀਂ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ। ਕਲਾ ਦੇ ਉਸਤਾਦਾਂ ਨੇ ਪੁੰਨੂੰ ਸਪੁੱਤਰ ਹੋਤ ਅਲੀ ਵਾਸੀ ਕੇਚਮ ਦੀ ਜਾਣਕਾਰੀ ਦਿੱਤੀ। ਪੁੰਨੂੰ ਨਾਲ਼ ਮਿਲਾਪ ਦੀ ਸੰਭਾਵਨਾ (Possibility) ਨੂੰ ਸਾਕਾਰ ਕਰਨ ਲਈ ਪੱਤਣ ਦੇ ਘਾਟ ਤੇ ਪਹਿਰੇਦਾਰ ਬਿਠਾ ਦਿੱਤੇ ਤਾਂ ਕਿ ਜੋ ਵੀ ਪ੍ਰਦੇਸੀ ਆਉਣ ਉਹ ਸੱਸੀ ਦੀ ਆਗਿਆ ਬਿਨਾਂ ਅੱਗੇ ਨਾ ਜਾ ਸਕਣ। ਇੱਕ ਦਿਨ ਕੇਚਮ ਦੇ ਸੁਦਾਗਰ ਪਕੜ ਵਿੱਚ ਆ ਗਏ ਜੋ ਬੰਨ੍ਹਕੇ ਬਿਠਾ ਲਏ ਗਏ। ਪੁੱਛਣ ਤੇ ਉਹ ਕਹਿ ਬੈਠੇ ਕਿ ਪੁੰਨੂੰ ਉਨ੍ਹਾਂ ਦਾ ਹੋਤ-ਭਾਈ ਹੈ। ਏਨਾ ਕਹਿ ਤਾਂ ਬੈਠੇ ਪਰ ਹੁਣ ਆਪੇ ਪੈਦਾ ਕੀਤੀ ਸਥਿਤੀ (Situation) ਵਿੱਚ ਬਬਨ ਤੇ ਬਬੀਹਾ ਦੋਵੇਂ 'ਅੰਦੇਸ਼ਾ' (Dread) ਮਹਿਸੂਸ ਕਰਦੇ ਹਨ ਕਿ ਸੱਸੀ ਨੂੰ ਭਾਵੇਂ ਆਪਾਂ ਕਿੰਨੀ ਵੀ ਮਾਇਆ ਦੇ ਦੇਈਏ, ਉਸਨੇ ਪੁੰਨੂੰ ਪ੍ਰਾਪਤ ਕੀਤੇ ਬਿਨਾਂ ਆਪਾਂ ਨੂੰ ਰਿਹਾਅ ਨਹੀਂ ਕਰਨਾ ਅਤੇ ਉਹ ਇਸ ਸੰਸਾਰ-ਵਿਆਪਕ ਸੱਚ ਨੂੰ ਰੂਪਮਾਨ ਕਰਦੇ ਹਨ ਬਈ ਜੋ ਅਸਤਿਤਵੀ-ਮਾਣ ਬੰਦਾ ਆਪਣੇ ਮੁਲਕ ਵਿੱਚ ਰਹਿ ਕੇ ਪ੍ਰਾਪਤ ਕਰ ਸਕਦਾ ਹੈ, ਅਜਿਹਾ ਬਿਗਾਨੇ ਮੁਲਕ ਵਿੱਚ ਸੰਭਵ ਨਹੀਂ :

ਹਾਸ਼ਮ ਜ਼ੋਰ ਕਿਹਾ ਪਰ ਮੁਲਕੀਂ
ਮਾਣ ਹੋਵੇ ਵਿੱਚ ਘਰ ਦੇ।[3]

ਬੱਬਨ ਉਡਣਖਟੋਲਾ ਨਾਮਕ ਊਠ 'ਤੇ ਸਵਾਰ ਹੋ ਕੇ ਕੇਚਮ ਪੁੱਜਦਾ ਹੈ। ਪੁੰਨੂੰ ਦੀ ਮਾਂ ਅਤੇ ਪਿਤਾ ਦੋਵੇਂ ਹੀ ਆਪਣੇ ਪੁੱਤਰ ਨੂੰ ਪ੍ਰਦੇਸ ਭੇਜਣ ਤੋਂ ਕੋਰੀ ਨਾਂਹ ਕਰ ਦਿੰਦੇ ਹਨ। ਫੇਰ ਉਹ (ਬਬਨ ਤੇ ਬਬੀਹਾ) ਸਿੱਧੇ ਪੁੰਨੂੰ ਪਾਸ ਜਾ ਕੇ ਸੱਸੀ ਦੀ ਸੁੰਦਰਤਾ ਅਤੇ ਉਸਦੀ ਦੀਵਾਨਗੀ ਦੀ ਗੱਲ ਕਰਦੇ ਹਨ। ਇਹ ਵੀ ਦੱਸਿਆ ਕਿ ਉਸਨੇ 'ਤੇਰੀ' ਪ੍ਰਾਪਤੀ ਖ਼ਾਤਰ ਬਲੋਚ ਕੈਦ ਕਰ ਲਏ ਹਨ। ਪੁੰਨੂੰ ਦਾ 'ਸੁਣ ਤਾਰੀਫ਼ ਹੋਇਆ ਦਿਲ ਘਾਇਲ, ਰੁਮਕੀ ਵਾਉ ਪਿਰਮ ਦੀ' ਅਤੇ ਇਸਦੇ ਨਤੀਜੇ ਵਜੋਂ 'ਸ਼ਹਿਰ ਭੰਭੋਰ ਪੁੰਨੂੰ ਦਿਲ ਵਸਿਆ, ਵਿਸਰੀ ਸੁਰਤ ਕੇਚਮ ਦੀ।' ਇਥੇ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਸੱਸੀ ਨੂੰ ਪੁੰਨੂੰ ਦਾ ਚਿੱਤਰ ਵੇਖਕੇ ਉਸ ਨਾਲ਼ ਪਿਆਰ ਹੋਇਆ ਪਰ ਪੁੰਨੂੰ ਦਾ ਸੱਸੀ ਦੀ ਸੁੰਦਰਤਾ ਅਤੇ ਉਸ ਪ੍ਰਤੀ ਦੀਵਾਨਗੀ ਬਾਰੇ ਸੁਣਕੇ ਪਿਆਰ ਦੀ ਚਿੰਗਾੜੀ ਸੁਲਘੀ। ਇੱਕ ਬੰਨੇ ਨੈਣ ਪ੍ਰਭਾਵਿਤ ਹੋਏ, ਦੂਜੇ ਸੁਣਨ ਪ੍ਰਕਿਰਿਆ ਅਰਥਾਤ ਕੰਨ। ਇੱਥੇ ਸੱਸੀ ਅਤੇ ਪੁੰਨੂੰ ਦਰਮਿਆਨ ਦੂਰੀ ਕੋਈ ਅਰਥ ਨਹੀਂ ਰੱਖਦੀ। ਮਾਰਟਿਨ ਹਾਈਡਿਗਰ ਦਾ ਮੱਤ ਹੈ

ਕਿ ਮਨੁੱਖੀ ਸਰੋਕਾਰ ਲਈ ਦੂਰੀ ਦੂਰੀ ਨਹੀਂ ਰਹਿੰਦੀ।

"It is true that distance in miles remains the same, but it is reduced from the point of view of man's concerns."[4]

ਫੌਰਨ ਹੀ ਪੁੰਨੂੰ ਊਠ ਤੇ ਸਵਾਰ ਹੋ ਕੇ ਸੱਸੀ ਦੇ ਬਾਗ਼ ਵਿੱਚ ਪੁੱਜਕੇ, ਵੇਖਕੇ ਹੈਰਾਨ ਰਹਿ ਜਾਂਦਾ ਹੈ। ਬਲੋਚ ਬਾਗ਼ ਨੂੰ ਵੀਰਾਨ ਕਰਨ ਲੱਗ ਜਾਂਦੇ ਹਨ। ਬਾਗ਼ਬਾਨ ਸੱਸੀ ਪਾਸ ਸ਼ਿਕਾਇਤ ਕਰਦੇ ਹਨ। ਉਹ ਸਮਝ ਗਈ ਕਿ ਪੁੰਨੂੰ ਆ ਗਿਆ ਹੋਣੈ। ਏਸੇ ਨੂੰ ਹੀ ਅਸਤਿਤਵੀ ਸਮਝ (Existential understanding) ਕਿਹਾ ਜਾਂਦਾ ਹੈ। ਬਾਗ਼ ਵਿੱਚ ਸੱਸੀ-ਪੁੰਨੂੰ ਦਾ ਮੇਲ਼ ਹੁੰਦਾ ਹੈ। ਦੋਵੇਂ ਇੱਕ ਦੂਜੇ ਨੂੰ ਤਰਸਕੇ ਮਿਲ਼ੇ ਹਨ। ਬਾਕੀ ਸਭ ਨੂੰ ਕੇਚਮ ਵੱਲ ਰਵਾਨਾ ਕਰ ਦਿੱਤਾ ਜਾਂਦਾ ਹੈ ਪਰ ਪੁੰਨੂੰ ਵਾਪਸ ਨਹੀਂ ਜਾਂਦਾ। ਸਾਰੇ ਕੇਚਮ ਵਿੱਚ ਉਦਾਸੀ ਛਾ ਜਾਂਦੀ ਹੈ। ਮਾਂ-ਬਾਪ ਬੇਹੱਦ ਦੁਖੀ ਹੁੰਦੇ ਹਨ। ਤੇਜ਼ ਸ਼ਰਾਬ ਸਹਿਤ ਪੁੰਨੂੰ ਦੇ ਭਰਾ ਭੰਬੋਰ ਪੁੱਜ ਜਾਂਦੇ ਹਨ। ਉਹ ਦਿਲ ਵਿੱਚ ਖੋਟ ਰੱਖਕੇ ਮਿੱਠੀਆਂ ਗੱਲਾਂ ਕਰਦੇ ਹਨ। ਇਸੇ ਨੂੰ ਸਾਰਤਰ Bad faith ਕਹਿੰਦਾ ਹੈ। ਸੱਸੀ ਇਸ ਸਥਿਤੀ ਨੂੰ ਆਪਣੇ ਚੰਗੇ ਭਾਗ ਸਮਝਦੀ ਹੈ ਪਰ ਸਥਿਤੀ ਇਥੇ ਨਾਟਕੀ ਤਨਜ਼ (Dramatic irony) ਹੈ। ਕਿਉਂਕਿ 'ਹੋਤ ਪੁੰਨੂੰ ਨੂੰ ਮੌਤ ਸੱਸੀ ਦੇ, ਭਰ ਭਰ ਦੇਣ ਪਿਆਲੇ/ਉਹ ਕੀ ਦਰਦ ਦਿਲਾਂ ਦੇ ਜਾਣਨ, ਊਠ ਚਰਾਵਣ ਵਾਲੇ।' ਅੱਧੀ ਰਾਤ ਪੁੰਨੂੰ ਨੂੰ ਬੇਹੋਸ਼ ਕਰਕੇ ਕੇਚਮ ਵੱਲ ਲੈ ਟੁਰੇ। ਸੱਸੀ ਸਵੇਰੇ ਉੱਠਕੇ ਪੁੰਨੂੰ ਨੂੰ ਨਾ ਵੇਖਕੇ ਹੈਰਾਨ ਰਹਿ ਜਾਂਦੀ ਹੈ। ਵਿਛੋੜੇ ਦੀ ਪੀੜ (Pangs of separation) ਝੱਲਣੀ ਔਖੀ ਸੀ। ਲੈ-ਪਾਲਕ ਮਾਂ ਸੱਸੀ ਨੂੰ ਨਸੀਹਤ ਕਰਦੀ ਹੈ ਕਿ ਜੇਕਰ ਪੁੰਨੂੰ ਦਾ ਉਸ ਨਾਲ਼ ਪਿਆਰ ਹੋਵੇਗਾ ਤਾਂ ਉਹ ਹੋਸ਼ ਆਉਣ 'ਤੇ ਵਾਪਸ ਪਰਤ ਆਵੇਗਾ। ਪਰ ਸੱਸੀ ਦਿਲਬਰਾਂ ਨੂੰ ਬੇਪਰਵਾਹ ਸਮਝਦੀ ਹੈ। ਮਾਂ ਫਿਰ ਸਮਝਾਉਂਦੀ ਹੈ ਕਿ ਉਹ ਐਵੇਂ ਮੌਤ ਮੁੱਲ ਨਾ ਲਵੇ। ਪੈਰੀਂ ਤੁਰਕੇ 'ਤੂੰ' ਬਲੋਚਾਂ ਨਾਲ਼ ਕਿਵੇਂ ਰਲੇਂਗੀ? ਹੇਠ ਲਿਖੀਆਂ ਪੰਕਤੀਆਂ ਘਟਨਾ ਕਿਰਿਆ ਵਿਗਿਆਨ (Phenomenology) ਦੀ ਦ੍ਰਿਸ਼ਟੀ ਤੋਂ ਬੜੀਆਂ ਮਹੱਤਵਪੂਰਨ ਹਨ।

ਤੁਰਸਾਂ ਮੂਲ ਨਾ ਮੁੜਸਾਂ ਰਾਹੋਂ, ਜਾਨ ਤਲੀ ਪਰ ਧਰਸਾਂ।
ਜਬ ਲਗ ਸਾਸ, ਨਿਰਾਸ਼ ਨਾ ਹੋਵਾਂ, ਮਰਨੋਂ ਮੂਲ ਨਾ ਡਰਸਾਂ।
ਜੇ ਰੱਬ ਕੂਕ ਸੱਸੀ ਦੀ ਸੁਣਸੀ, ਜਾਇ ਮਿਲਾਂ ਪਗ ਪਰਸਾਂ।
ਹਾਸ਼ਮ ਨਹੀਂ ਸ਼ਹੀਦ ਹੋ ਵੈਸਾਂ, ਥਲ ਮਾਰੂ ਵਿੱਚ ਮਰਸਾਂ।[5]

ਜਿੱਥੇ ਇਹ ਪੰਕਤੀਆਂ ਸੱਸੀ ਦੇ ਸਿਦਕ ਅਤੇ ਦ੍ਰਿੜ੍ਹ ਇਰਾਦੇ ਨੂੰ ਪ੍ਰਗਟ ਕਰਦੀਆਂ ਹਨ, ਉਥੇ ਉਸਦੀ ਜਾਨ ਤੋਂ ਹੱਥ ਧੋਣ ਦੀ ਸੰਭਾਵਨਾ (Possibility)

ਵੱਲ ਵੀ ਸੰਕੇਤ ਕਰਦੀਆਂ ਹਨ। ਮਾਰੂਥਲ ਵਿੱਚ ਉਸਦਾ ਰੋਮ ਰੋਮ ਪੁੰਨੂੰ ਨੂੰ ਆਵਾਜ਼ਾਂ ਮਾਰ ਰਿਹਾ ਹੈ। ਸੱਸੀ ਦੇ ਸਿਦਕ ਦੀ ਪਰਖ ਨੂੰ ਨਿਮਨਲਿਖਿਤ ਪੰਕਤੀਆਂ ਵੀ ਰੂਪਮਾਨ ਕਰਦੀਆਂ ਹਨ :

ਨਾਜ਼ਕ ਪੈਰ ਮਲੂਕ ਸੱਸੀ ਦੇ, ਮਹਿੰਦੀ ਨਾਲ਼ ਸ਼ਿਗਾਰੇ।
ਬਾਲੂ ਰੇਤ ਤਪੇ ਵਿੱਚ ਥਲ ਦੇ ਜਿਉਂ ਜੌਂ ਭੁੰਨਣ ਭਠਿਆਰੇ।
ਸੂਰਜ ਭੱਜ ਵੜਿਆ ਵਿੱਚ ਬਦਲੀਂ, ਡਰਦਾ ਲਿਸ਼ਕ ਨਾ ਮਾਰੇ।
ਹਾਸ਼ਮ ਵੇਖ ਯਕੀਨ ਸੱਸੀ ਦਾ, ਫੇਰ ਨਹੀਂ ਦਿਲ ਹਾਰੇ।[6]

ਹੁਣ ਉਹ ਥਲ-ਮਾਰੂ ਵਿੱਚ ਅਜਿਹੇ ਪੜਾਅ 'ਤੇ ਪੁੱਜ ਜਾਂਦੀ ਹੈ ਕਿ ਨਾ ਪਿੱਛੇ ਮੁੜ ਸਕਦੀ ਹੈ ਅਤੇ ਨਾ ਹੀ ਅੱਗੇ ਜਾ ਸਕਦੀ ਹੈ।

ਅਸਤਿਤਵਵਾਦ ਕਾਰਜ ਦਾ ਦਰਸ਼ਨ (Phenomena of action) ਹੈ। ਸੱਸੀ ਦੇ ਸਿਦਕੀ ਕਾਰਜ ਦੀ ਸਥਿਤੀ ਹੇਠ ਦਿੱਤੀਆਂ ਪੰਕਤੀਆਂ ਤੋਂ ਉਜਾਗਰ ਹੁੰਦੀ ਹੈ। ਇਹ ਸਥੂਲ (Concrete) ਕਾਰਜ ਹੈ :

ਕੁੱਝ ਡਿਗਦੀ, ਕੁੱਝ ਢਹਿੰਦੀ ਬਹਿੰਦੀ, ਉਠਦੀ ਤੇ ਦਮ ਲੈਂਦੀ।
ਜਿਉਂਕਰ ਤੋਟ ਸ਼ਰਾਬੋਂ ਆਵੇ, ਫੇਰ ਉਤੇ ਵਲ ਵੈਂਦੀ।
ਢੂੰਡੇ ਖੋਜ ਸ਼ੁਤਰ ਦਾ ਕਿਤ ਵਲ ਹਰਗਿਜ਼ ਭਾਲ ਨਾ ਪੈਂਦੀ।
ਹਾਸ਼ਮ ਜਗਤ ਨਾ ਕਿਉਂਕਰ ਗਾਵੇ, ਪ੍ਰੀਤ ਸੰਪੂਰਨ ਜੈਂਦੀ।[7]

ਬੜੀ ਮੁਸ਼ਕਲ ਨਾਲ਼ ਸ਼ੁਤਰ ਦੀ ਇੱਕ ਪੈੜ ਵਿਖਾਈ ਦਿੰਦੀ ਹੈ। ਉਸ ਨਾਲ਼ ਪਿਆਰ ਕਰਨ ਦੀ ਇਛੁੱਕ ਹੈ। ਫਿਰ ਡਰਦੀ ਹੈ ਮਤੇ ਇਹ ਮਿਟ ਜਾਏ। ਹੋਰ ਪੈੜ ਲੱਭਣ ਦੀ ਕੋਸ਼ਿਸ਼ ਕਰਦੀ ਹੈ। ਫਿਰ ਤੌਖਲਾ (Anguish) ਪੈਦਾ ਹੁੰਦਾ ਹੈ। ਮਤੇ ਇਹ ਵੀ ਨਜ਼ਰਾਂ ਤੋਂ ਅਲੋਪ ਨਾ ਹੋ ਜਾਵੇ।

ਕਾਕਾ ਨਾਮ ਦੇ ਅਯਾਲੀ ਨੂੰ ਸਹਾਇਤਾ ਲਈ ਆਵਾਜ਼ਾਂ ਮਾਰਦੀ ਹੈ ਪਰ ਉਹ ਉਸਨੂੰ ਮਾਰੂ-ਥਲੀ-ਭੂਤ ਸਮਝ ਕੇ ਸਗੋਂ ਡਰ ਡਰ ਕੇ ਭੱਜਦਾ ਹੈ। ਅਸਤਿਤਵੀ ਦ੍ਰਿਸ਼ਟੀ ਤੋਂ ਇੱਥੇ ਸਥਿਤੀ ਅਯਾਲੀ 'ਤੇ ਹਾਵੀ ਹੈ, ਅਜਿਹੀ ਸਥਿਤੀ ਵਿੱਚ ਡਰ (Fear) ਦਾ ਪੈਦਾ ਹੋਣਾ ਲਾਜ਼ਮੀ ਹੈ। ਉਸਦੇ ਡਰ ਦਾ ਕਾਰਨ ਹੈ ਕਿਉਂਕਿ :

ਸੂਰਤ ਵੇਖ ਅਯਾਲੀ ਡਰਿਆ, ਆਫ਼ਤ ਮਾਰ ਨਾ ਜਾਵੇ!
ਆਦਮ ਰੂਪ, ਜ਼ਨਾਨੀ ਸੂਰਤ, ਥਲ ਮਾਰੂ ਕਦ ਆਵੇ ?
ਜਿਉਂ ਜਿਉਂ ਸੁਣੇਂ ਆਵਾਜ਼ ਸੱਸੀ ਦੀ, ਲੁਕ ਛਿਪ ਜਾਣ ਬਚਾਵੇ।
ਹਾਸ਼ਮ ਜਦ ਦਿਨ ਉਲਟੇ ਆਉਣ, ਸਭ ਉਲਟੀ ਬਣ ਜਾਵੇ।[8]

ਪਹਿਲੀਆਂ ਤਿੰਨ ਪੰਕਤੀਆਂ ਅਯਾਲੀ ਦੇ ਡਰ ਸੰਬੰਧੀ ਹਨ ਪਰ ਚੌਥੀ ਪੰਕਤੀ ਸੱਸੀ ਦੇ ਮਾੜੇ ਦਿਨਾਂ ਸੰਬੰਧੀ ਹੈ। ਅਯਾਲੀ ਤੋਂ ਨਿਰਾਸ਼ ਹੋ ਕੇ ਸੱਸੀ ਮੁੜ

ਪੈੜ ਵੱਲ ਪਰਤਦੀ ਹੈ। ਉਸਦੀ ਹਾਲਤ ਮਰਨ-ਕਿਨਾਰੇ ਹੈ। ਉਹ ਬਲੋਚਾਂ ਨੂੰ ਬੁਰਾ-ਭਲਾ ਕਹਿੰਦੀ ਹੈ। ਕੂਕਾਂ ਮਾਰਦੀ ਹੋਈ ਊਠ ਅਤੇ ਕਾਰਵਾਨਾਂ ਨੂੰ ਸਰਾਪ ਦਿੰਦੀ ਹੈ :

ਓੜਕ ਵਕਤ ਕਹਿਰ ਦੀਆਂ ਕੂਕਾਂ, ਸੁਣ ਪੱਥਰ ਢਲ ਜਾਵੇ।
"ਜਿਸ ਡਾਚੀ ਮੇਰਾ ਪੁੰਨੂੰ ਖੜਿਆ, ਮਰ ਦੋਜ਼ਖ਼ ਵਲ ਜਾਵੇ।
ਜਾਂ ਉਸ ਨੇਹੁ ਲਗੇ ਵਿੱਚ ਬਿਰਹੋਂ, ਵਾਂਗ ਸੱਸੀ ਜਲ ਜਾਵੇ।
ਹਾਸ਼ਮ ਮੌਤ ਪਵੇ ਕਾਰਵਾਨਾਂ, ਤੁਖ਼ਮ ਜ਼ਮੀਨੋਂ ਜਾਵੇ।[9]

ਦੁਖੀ ਬੰਦੇ ਦੇ ਮੁਖੋਂ ਕਠੋਰ ਗੱਲਾਂ ਨਿੱਕਲ ਜਾਂਦੀਆਂ ਹਨ। ਉਪਰੋਕਤ ਕਠੋਰ ਸ਼ਬਦਾਵਲੀ ਨਾਲ਼ ਉਸ ਆਪਣੇ 'ਸਵੈ' ਦਾ ਭਾਰ ਤਾਂ ਹਲਕਾ ਕਰ ਲਿਆ ਪਰ ਬਾਅਦ ਵਿੱਚ ਪਛਤਾਵਾ ਵੀ ਕਰਦੀ ਹੈ ਕਿ ਉਹ 'ਯਾਰ ਦੀ ਸਵਾਰੀ' ਨੂੰ ਮੰਦਾ ਕਿਉਂ ਬੋਲ ਬੈਠੀ। ਖੋਜ/ਪੈੜ 'ਤੇ ਸਿਰ ਧਰਕੇ ਅੰਤਮ ਸੁਆਸ ਲੈਂਦੀ ਹੈ। ਅਜਿਹੀ ਮੌਤ ਨੂੰ ਕੁਦਰਤੀ ਮੌਤ ਨਹੀਂ ਆਖਿਆ ਜਾ ਸਕਦਾ। ਇਸ ਸਥਿਤੀ ਵਿੱਚ ਮੌਤ ਇੱਕ ਅਸਤਿਤਵੀ ਘਟਨਾ (Death as an existential phenomenon) ਹੈ। ਅਜਿਹੀ ਅਸਤਿਤਵੀ ਘਟਨਾ ਵੱਲ ਸਾਡਾ ਧਿਆਨ ਪਹਿਲੀ ਵਾਰ ਮਾਰਟਿਨ ਹਾਈਡਿਗਰ ਨੇ ਦੁਆਇਆ ਹੈ।

ਅਯਾਲੀ ਅਹਿੱਲ ਸੱਸੀ ਵੱਲ ਵੇਖਕੇ ਉਸ ਵੱਲ ਆਉਂਦਾ ਹੈ। ਨੇੜੇ ਆ ਕੇ ਵੇਖਣਾ ਚਾਹੁੰਦਾ ਹੈ। ਹੁਣ ਅਯਾਲੀ ਸਥਿਤੀ ਤੇ ਹਾਵੀ ਹੋਣ ਲਈ ਜਤਨ ਕਰਦਾ ਹੈ। ਅਜਿਹੀ ਸਥਿਤੀ 'ਤੇ ਹਾਵੀ ਹੁੰਦਿਆਂ ਮਨ ਵਿੱਚ ਤੌਖ਼ਲਾ (Anguish) ਵੀ ਹੈ :

ਕਰ ਕਰ ਧਿਆਨ ਅਯਾਲੀ ਦਿਲ ਵਿੱਚ, ਸੋਚ ਕਰੇ ਇਸ ਗੱਲ ਦੀ।
ਕੀ ਇਸਰਾਰ ਰਹੀ ਡਿੱਗ ਏਵੇਂ, ਫੇਰ ਨਹੀਂ ਮੁੜ ਹਿਲਦੀ।
ਮਤ ਕੋ ਨਾਰ ਰਹੇ ਮਰ ਪਿਆਸੀ, ਰਾਹ ਪੰਧਾਣੂ ਚਲਦੀ।
ਹਾਸ਼ਮ ਚਲ ਵੇਖਾਂ ਕੀ ਡਰਨਾ ਹੋਣਹਾਰ ਨਹੀਂ ਟਲਦੀ।[10]

ਉਸਦਾ ਡਰ ਡਰ ਕੇ ਕਦਮ ਪੁੱਟਣਾ ਹੀ ਤੌਖ਼ਲੇ ਵਿੱਚ ਹੋਣਾ ਹੈ। ਸੱਸੀ ਦੀ ਹਾਲਤ ਵੇਖਕੇ ਉਹ ਇਸ ਨਿਰਣੇ ਤੇ ਪੁੱਜਾ ਕਿ ਇਹ ਸੰਸਾਰ 'ਫ਼ਾਨੀ' ਹੈ। ਜਦੋਂ ਮੁਨਕਰ ਅਤੇ ਨਕੀਰ (ਇਸਲਾਮੀ ਮਿਥਿਹਾਸ) ਸੱਸੀ ਤੋਂ ਕਬਰ ਵਿੱਚ ਉਸ ਦੇ ਜੀਵਨ ਦੇ ਅਮਲਾਂ ਬਾਰੇ ਪੁੱਛਦੇ ਹਨ ਤਾਂ ਉਹ ਕੇਵਲ ਦੋ ਪੰਕਤੀਆਂ ਵਿੱਚ ਆਪਣਾ ਸਾਰਾ ਜੀਵਨ ਸੰਖੇਪ ਕਰ ਜਾਂਦੀ ਹੈ :

"ਜੰਮਦੀ ਪਾਇ ਸੰਦੂਕ ਰੁੜ੍ਹਾਈ, ਸੁਤੀ ਹੋਤ ਵਞਾਏ"[11]
'ਹਾਸ਼ਮ' ਕਹੋ ਪੁੰਨੂੰ ਦੀਆਂ ਖ਼ਬਰਾਂ ਕਦ ਕੇਚਮ ਤੋਂ ਆਏ ?

ਸੱਸੀ ਦੀ ਰੂਹ ਸੁਪਨੇ ਵਿੱਚ ਜਾ ਕੇ ਪੁੰਨੂੰ ਨੂੰ ਆਪਬੀਤੀ ਦੱਸਦੀ ਹੈ। ਉਹ

ਉੱਠਕੇ ਸੱਸੀ ਵਲ ਚਲਦਾ ਹੈ। ਭਾਈ ਉਸਦੇ ਪਿੱਛੇ ਪਿਤਾ ਦੇ ਨੈਣਾਂ ਦੀ ਜੋਤ ਬੁਝਣ ਦਾ ਵਾਸਤਾ ਪਾਉਂਦੇ ਹਨ। ਕੇਚਮ ਦੇ ਲੋਕ ਵੀ ਮੋੜਨ ਦਾ ਜਤਨ ਕਰਦੇ ਹਨ। ਉਸਦੇ ਹੱਥ ਕਟਾਰ ਖਿੱਚੀ ਵੇਖਕੇ ਸਾਰੇ ਉਸਦੇ ਰਾਹ ਤੋਂ ਪਾਸੇ ਹੋ ਜਾਂਦੇ ਹਨ।

ਸ਼ੁਤਰ ਨੂੰ ਤੇਜ਼ ਦੌੜਨ ਲਈ ਚੰਗੀ ਖ਼ੁਰਾਕ ਦਾ ਲਾਲਚ ਦਿੰਦਾ ਹੈ। ਫ਼ਕੀਰ (ਅਯਾਲੀ) ਪਾਸੋਂ ਅੱਖੀਂ ਡਿੱਠੀ ਸੁਣਨ ਸਾਰ ਉਸਦੇ ਪੰਖੇਰੂ ਉੱਡ ਜਾਂਦੇ ਹਨ। ਸੱਸੀ ਦੀ ਕਬਰ ਖੁਲ੍ਹਦੀ ਹੈ, ਦੋਵੇਂ ਕਬਰ ਵਿੱਚ ਮਿਲ ਜਾਂਦੇ ਹਨ। ਇਸ਼ਕ ਵਾਸਤੇ 'ਸੂਰਤ, ਹੁਸਨ ਅਤੇ ਜਵਾਨੀ' ਖ਼ਾਕ ਵਿੱਚ ਰਲ ਜਾਂਦੇ ਹਨ। ਕਵੀ ਅਨੁਸਾਰ ਇਹ ਪ੍ਰੀਤ-ਕਥਾ ਜੱਗ ਵਿੱਚ ਹਮੇਸ਼ਾ ਅਮਰ ਰਹੇਗੀ। ਕਵੀ ਦੋਵਾਂ ਨੂੰ ਬਹਿਸ਼ਤ ਵਿੱਚ ਵੀ ਇਕੱਠੇ ਵਿਖਾਉਂਦਾ ਹੈ। ਇਸ਼ਕ ਦੀ ਦ੍ਰਿਸ਼ਟੀ ਤੋਂ ਦੋਵਾਂ ਦਾ ਅਸਤਿਤਵ ਪ੍ਰਮਾਣਿਕ (Authentic) ਹੋ ਨਿਬੜਦਾ ਹੈ। ਅਸਤਿਤਵਵਾਦੀਆਂ ਅਨੁਸਾਰ ਸਿਦਕ ਨਿਭਾਉਣ ਦਾ ਜੀਵਨ ਵਿੱਚ ਬੜਾ ਮਹੱਤਵ ਹੈ।

ਦਰਅਸਲ, ਨਾਇਕ-ਨਾਇਕਾ ਦਾ ਦੁਖਾਂਤ ਉਨ੍ਹਾਂ ਦੇ ਸਮੇਂ ਦੀ ਤਥਾਤਮਕਤਾ (Facticity) ਵਿੱਚੋਂ ਉਪਜਿਆ ਹੈ। ਜੇਕਰ ਉਸ ਸਮੇਂ ਆਵਾਜਾਈ ਅਤੇ ਸੰਚਾਰ ਦੇ ਅਜੋਕੇ ਸਾਧਨ ਹੁੰਦੇ ਅਰਥਾਤ ਅਜੋਕੀ ਸੰਦ-ਵਿਵਸਥਾ (System of instruments) ਹੁੰਦੀ ਤਾਂ ਸ਼ਾਇਦ ਇਹ ਦੁਖਾਂਤ ਨਾ ਵਾਪਰਦਾ ਫਿਰ ਵੀ ਇਸ ਦੁਖਾਂਤ ਦੀ ਸਫ਼ਲ ਪੇਸ਼ਕਾਰੀ ਕਾਰਨ ਮੰਨਣਾ ਪੈਂਦਾ ਹੈ :

"Ah, there are so many things
Betwixt heaven and earth
Which only the poets have dreamed"[12]

*ਅਧਿਆਇ ਅੱਠਵਾਂ*

# ਜੰਗ-ਨਾਮਾ ਸ਼ਾਹ ਮੁਹੰਮਦ

ਮਹਾਰਾਜਾ ਰਣਜੀਤ ਸਿੰਘ ਵੱਲੋਂ ਪੰਜਾਬ ਨੂੰ ਇੱਕ-ਮੁੱਠ ਕਰਨ ਤੋਂ ਪਹਿਲਾਂ ਇਹ ਨਿੱਕੀਆਂ-ਨਿੱਕੀਆਂ ਅਨੇਕਾਂ ਰਿਆਸਤਾਂ ਵਿੱਚ ਵੰਡਿਆ ਹੋਇਆ ਸੀ। ਇਨ੍ਹਾਂ ਰਿਆਸਤਾਂ ਤੇ ਸਿੱਖ ਸਰਦਾਰਾਂ ਦੀਆਂ ਬਾਰਾਂ ਮਿਸਲਾਂ ਅਤੇ ਮੁਸਲਮ ਨਵਾਬਾਂ ਦਾ ਕਬਜ਼ਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸੂਝ-ਬੂਝ ਅਤੇ ਸ਼ਕਤੀ (Will to power) ਨਾਲ਼ ਇਨ੍ਹਾਂ ਸਾਰੀਆਂ ਰਿਆਸਤਾਂ ਉੱਪਰ ਕਬਜ਼ਾ ਕਰਕੇ ਇੱਕ ਕੇਂਦਰੀ ਹਕੂਮਤ ਸਥਾਪਤ ਕੀਤੀ। ਪਹਿਲੀ ਵਾਰ ਪੰਜਾਬ ਵਿੱਚ ਆਮ ਲੋਕ ਆਪਣੀ ਯੋਗਤਾ ਨਾਲ਼ ਤਰੱਕੀ ਕਰਕੇ ਉੱਚ ਅਹੁੱਦਿਆਂ 'ਤੇ ਪਹੁੰਚ ਸਕਦੇ ਸਨ। ਪੰਜਾਬ ਦੀ ਸੁਰੱਖਿਆ ਲਈ ਉਸ ਪਾਸ ਸ਼ਕਤੀਸ਼ਾਲੀ ਸੈਨਾ ਸੀ। ਸਿਖਲਾਈ ਲਈ ਯੂਰਪੀਅਨ ਅਫ਼ਸਰ ਭਰਤੀ ਕੀਤੇ ਹੋਏ ਸਨ। ਪਰਜਾ ਦੀ ਕਮਾਈ ਲਈ ਨਵੇਂ-ਨਵੇਂ ਸਾਧਨ ਪੈਦਾ ਕੀਤੇ ਗਏ ਸਨ। ਉਸਦੇ ਰਾਜ ਵਿੱਚ ਸਦਭਾਵਨਾ ਵਾਲਾ ਮਾਹੌਲ ਸੀ। ਭੂਗੋਲਿਕ ਤੌਰ 'ਤੇ ਇਹ ਰਾਜ ਦੱਰਾ ਖ਼ੈਬਰ ਤੋਂ ਸਤਲੁਜ ਤੱਕ ਅਤੇ ਦੂਜੇ ਬੰਨੇ ਲਦਾਖ ਤੋਂ ਸ਼ਿਕਾਰਪੁਰ (ਸਿੰਧ) ਤੱਕ ਫ਼ੈਲਿਆ ਹੋਇਆ ਸੀ ਜਿਸਦਾ ਖ਼ੇਤਰਫ਼ਲ ਇੱਕ ਲੱਖ ਚਾਲੀ ਹਜ਼ਾਰ ਵਰਗਮੀਲ ਦੇ ਲਗਭਗ ਸੀ। ਮਹਾਰਾਜਾ ਰਣਜੀਤ ਸਿੰਘ ਸੱਚ ਮੁੱਚ ਹੀ ਪੰਜਾਬ ਲਈ ਸੁਪਰਮੈਨ (Superman) ਸਾਬਤ ਹੋਇਆ ਹਾਲਾਂਕਿ ਸੁਪਰਮੈਨ ਦੇ ਸੰਕਲਪ ਵਾਲੇ ਫਰੈਡਰਿਕ ਨੀਤਸ਼ੇ ਦਾ ਜਨਮ ਤਾਂ 1844 ਈ: ਵਿੱਚ ਹੋਇਆ। ਨੀਤਸ਼ੇ ਦਾ ਕਹਿਣਾ ਹੈ, "The object of mankind should lie in its highest individuals."[1] ਉਸਦਾ ਕਹਿਣਾ ਸੀ ਕਿ ਮਾਨਵਤਾ ਦੀ ਇਹ ਡਿਊਟੀ ਬਣਦੀ ਹੈ ਕਿ ਮਹਾਨ ਸ਼ਖ਼ਸੀਅਤਾਂ ਪੈਦਾ ਕਰੇ। ਉਸਨੇ Thus spake Zarthustra ਵਿੱਚ ਲਿਖਿਆ ਹੈ "I teach you the superman. Man is something that is to be surpassed"[2]

ਸੁਪਰਮੈਨ ਸੰਬੰਧੀ ਅਜਿਹੇ ਵਿਚਾਰ ਨੀਤਸ਼ੇ ਨੇ 1873-75 ਦਰਮਿਆਨ ਪੇਸ਼ ਕੀਤੇ ਪਰ ਪੰਜਾਬ ਤਾਂ ਉਸਦੇ ਅਜਿਹਾ ਲਿਖਣ ਤੋਂ ਸੌ ਵਰ੍ਹੇ ਪਹਿਲਾਂ 13 ਨਵੰਬਰ 1780 ਨੂੰ ਸੁਪਰਮੈਨ ਨੂੰ ਜਨਮ ਦੇ ਚੁੱਕਾ ਸੀ ਜਿਸਨੂੰ ਪੰਜਾਬ 27 ਜੂਨ 1839 ਨੂੰ ਖੋ ਵੀ ਚੁੱਕਾ ਸੀ।[3] ਸ਼ਾਹ ਮੁਹੰਮਦ ਉਸ ਮਹਾਂਬਲੀ (ਸੁਪਰਮੈਨ) ਦੀ

ਇਨ੍ਹਾਂ ਸ਼ਬਦਾਂ ਵਿੱਚ ਪ੍ਰਸ਼ੰਸਾ ਕਰਦਾ ਹੈ :

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ
ਨਾਲ਼ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ,
ਜੰਮੂ ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ਼ ਲਦਾਖ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ
ਅੱਛਾ ਰੱਜਕੇ ਰਾਜ ਕਮਾਇ ਗਿਆ।[4]

ਪਰ ਜਦੋਂ ਮਹਾਂਬਲੀ ਦਾ ਦੇਹਾਂਤ ਹੋ ਗਿਆ ਤਾਂ ਉਸਦੀ ਥਾਂ ਉਸਦਾ ਪੁੱਤਰ ਸ਼ਹਿਜਾਦਾ ਖੜਕ ਸਿੰਘ ਗੱਦੀ ਤੇ ਬੈਠਿਆ। ਉਹ ਯੋਗਤਾ ਪੱਖੋਂ ਆਪਣੇ ਪਿਤਾ ਦੇ ਮੁਕਾਬਲੇ ਤੇ ਤੁੱਛ ਸੀ। ਸੰਭਾਵਨਾ ਸੀ ਕਿ ਉਹ ਤਜਰਬੇਕਾਰ ਮੰਤਰੀਆਂ ਦੇ ਆਸਰੇ ਪ੍ਰਬੰਧ ਚਲਾਉਂਦਾ ਰਹੇਗਾ ਪਰ ਖੜਕ ਸਿੰਘ, ਚੇਤ ਸਿੰਘ ਨੌਜਵਾਨ ਦੇ ਇਤਨਾ ਨੇੜੇ ਹੋ ਗਿਆ ਸੀ ਕਿ ਉਹ ਦੋਵੇਂ ਕਿਲਾ ਮਹਿਲਾਤ ਵਿੱਚ ਰਹਿਣ ਲੱਗ ਪਏ ਸਨ। ਖੜਕ ਸਿੰਘ ਆਪਣੀ ਪਤਨੀ ਰਾਣੀ ਚੰਦ ਕੌਰ ਨੂੰ ਵੀ ਅਣਗੌਲਿਆ ਕਰ ਰਿਹਾ ਸੀ। ਦਰਬਾਰ ਵਿੱਚ ਵੀ ਸਾਰੇ ਕੰਮ ਚੇਤ ਸਿੰਘ ਦੀ ਸਲਾਹ ਨਾਲ਼ ਹੋਣ ਲੱਗ ਪਏ। ਉਸ ਉੱਪਰ ਅੰਗਰੇਜ਼ਾਂ ਲਈ ਜਾਸੂਸੀ ਦਾ ਵੀ ਸ਼ੱਕ ਸੀ। ਰਾਜਾ ਧਿਆਨ ਸਿੰਘ ਨੇ ਚੇਤ ਸਿੰਘ ਨੂੰ ਮਾਰਨ ਦੀ ਸਲਾਹ ਦਿੱਤੀ ਤਾਂ ਰਾਣੀ ਚੰਦ ਕੌਰ ਅਤੇ ਕੰਵਲ ਨੌਨਿਹਾਲ ਸਿਘ ਨੇ ਇਸ ਨੂੰ ਪ੍ਰਵਾਨ ਕਰ ਲਿਆ। 8 ਅਕਤੂਬਰ 1839 ਨੂੰ ਮਹਾਰਾਜਾ ਖੜਕ ਸਿੰਘ ਦੇ ਸਾਹਮਣੇ ਚੇਤ ਸਿੰਘ ਦਾ ਕਤਲ ਕਰ ਦਿੱਤਾ ਗਿਆ। ਸ਼ਾਹ ਮੁਹੰਮਦ ਖੜਕ ਸਿੰਘ ਦੇ ਦੁਖੀ ਮਨ ਤੋਂ ਇਉਂ ਅਖਵਾਉਂਦਾ ਹੈ :

ਮੇਰੇ ਬੈਠਿਆਂ ਇਨ੍ਹਾਂ ਨੇ ਕਤਲ ਕੀਤਾ
ਇਹ ਤਾਂ ਗ਼ਰਕ ਜਾਵੇ ਦਰਬਾਰ ਮੀਆਂ
ਪਿਛੇ ਸਾਡੇ ਵੀ ਕੌਰ ਨਾ ਰਾਜ ਕਰਸੀ
ਅਸੀਂ ਮਰਾਂਗੇ ਏਸ ਨੂੰ ਮਾਰ ਮੀਆਂ
ਨਾ ਹੱਕ ਦਾ ਇਨ੍ਹਾਂ ਨੇ ਖ਼ੂਨ ਕੀਤਾ,
ਇਹ ਤਾਂ ਮਰਨਗੇ ਸਭ ਸਰਦਾਰ ਮੀਆਂ।[5]

ਅਜਿਹੀ ਹੀ ਘਟਨਾ ਮਾਰਲੋ (Marlowe) ਦੇ ਐਡਵਰਡ ਦੂਜੇ (Edward II) ਵਿੱਚ ਵਾਪਰਦੀ ਹੈ। ਐਡਵਰਡ ਦੂਜੇ ਦਾ ਗੇਵਸਟੋਨ ਨਾਲ਼ ਵੈਸਾ

ਹੀ ਸਨੇਹ ਸੀ ਜੈਸਾ ਖੜਕ ਸਿੰਘ ਦਾ ਚੇਤ ਸਿੰਘ ਨਾਲ਼। ਅਜਿਹੀ ਹੀ ਸਥਿਤੀ ਵਿੱਚ ਉਸਦਾ ਭਰਾ ਕੈਂਟ (Kent) ਕਹਿੰਦਾ ਹੈ :

My lord, I see your love for Gaveston
Will be the ruin of the realm and you.

ਅਤੇ ਇਸੇ ਗੱਲ ਨੂੰ ਸਪਸ਼ਟ ਕਰਦਾ Marlowe ਲਿਖਦਾ ਹੈ ਕਿ ਮਾੜੇ-ਪ੍ਰਬੰਧ ਵਾਲੇ ਰਾਜੇ ਬਰਬਾਦੀ ਦਾ ਕਾਰਨ ਹੁੰਦੇ ਹਨ (Misgoverned kings are the cause of this wrack. ਇੰਜ ਮਹਾਰਾਜਾ ਖੜਕ ਸਿੰਘ ਦਾ ਕਮਜ਼ੋਰ ਪ੍ਰਬੰਧ ਮਹਾਰਾਜਾ ਰਣਜੀਤ ਸਿੰਘ ਵੱਲੋਂ ਕਾਇਮ ਕੀਤੇ ਗਏ ਸ਼ਕਤੀਸ਼ਾਲੀ ਪ੍ਰਬੰਧ ਨੂੰ ਢਾਹ ਲਾ ਗਿਆ। ਸ਼ਾਇਦ ਅਜਿਹੇ ਹਾਲਾਤ ਵਿੱਚ ਹੀ ਫਰੈਡਰਿਕ ਨੀਤਸ਼ੇ ਨੇ ਲਿਖਿਆ ਹੋਣੈ :

All that proceeds from power is good,
All that springs from weakness is bad.

(ਅਰਥਾਤ ਜੋ ਕੁੱਝ ਸ਼ਕਤੀ ਵਿੱਚੋਂ ਪੈਦਾ ਹੁੰਦਾ ਹੈ, ਉਹ ਚੰਗਾ ਹੈ ਅਤੇ ਜੋ ਕੁੱਝ ਕਮਜ਼ੋਰੀ ਵਿੱਚੋਂ ਨਿਕਲ਼ਦਾ ਹੈ, ਉਹ ਮਾੜਾ ਹੁੰਦਾ ਹੈ। ਕਮਜ਼ੋਰੀ ਵਿੱਚੋਂ ਚੇਤ ਸਿੰਘ ਦਾ ਕਤਲ ਹੋਣਾ ਹੀ ਦਰਬਾਰ ਵਿੱਚ ਤਲਵਾਰ ਦਾ ਆਰੰਭ ਹੋਣਾ ਸਮਝਣਾ ਬਣਦਾ ਹੈ)

ਸ਼ਾਹ ਮੁਹੰਮਦਾ ਹੋਈ ਹੁਣ ਮੌਤ ਸਸਤੀ
ਖ਼ਾਲੀ ਨਹੀਂ ਜਾਣਾ ਇੱਕ ਵਾਰ ਮੀਆਂ।[6]

ਇਹ ਪੰਕਤੀ ਅੱਗੋਂ ਹੋਣ ਵਾਲੀਆਂ ਮੌਤਾਂ ਵੱਲ ਸੰਕੇਤ ਕਰਦੀ ਹੈ। ਇੰਜ ਇਸ ਜੰਗਨਾਮੇ ਵਿੱਚ ਲਾਹੌਰ ਦਰਬਾਰ ਵਿੱਚ ਖ਼ੂਨ ਦਾ ਬਦਲਾ ਖ਼ੂਨ (Blood for blood) ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ।

ਖੜਕ ਸਿੰਘ ਪਾਸੋਂ ਰਾਜ ਦਾ ਕੰਮ-ਕਾਰ ਖੋਹ ਲਿਆ ਗਿਆ। ਹੁਕਮ ਖੜਕ ਸਿੰਘ ਦੇ ਨਾਂ ਤੇ ਹੀ ਜਾਰੀ ਹੁੰਦੇ ਪਰ ਵਾਗ ਡੋਰ ਕੰਵਰ ਨੌਨਿਹਾਲ ਸਿੰਘ ਦੇ ਹੱਥ ਸੀ। ਉਸ ਵਿੱਚ ਸਿਆਣਪ ਅਤੇ ਦੂਰ-ਦ੍ਰਿਸ਼ਟੀ ਸੀ। ਖੜਕ ਸਿੰਘ ਬਿਮਾਰ ਹੋ ਕੇ 5 ਨਵੰਬਰ 1840 ਨੂੰ ਮਰ ਗਿਆ। ਉਸਦੇ ਸਸਕਾਰ ਵੇਲੇ ਰੌਸ਼ਨਾਈ ਦਰਵਾਜ਼ੇ ਹੇਠੋਂ ਦੀ ਲੰਘਦੇ ਛੱਤ ਡਿੱਗਣ ਕਾਰਨ ਕੰਵਰ ਨੌਨਿਹਾਲ ਸਿੰਘ ਅਤੇ ਰਾਜਾ ਗੁਲਾਬ ਸਿੰਘ ਦਾ ਪੁੱਤਰ ਊਧਮ ਸਿੰਘ ਦੋਵੇਂ ਹੀ ਮਾਰੇ ਗਏ। ਮੌਤਾਂ ਦੇ ਇਸ ਸਿਲਸਲੇ ਵਿੱਚ ਰਾਣੀ ਚੰਦ ਕੌਰ ਨੂੰ ਸ਼ੇਰ ਸਿੰਘ ਨੇ; ਸ਼ੇਰ ਸਿੰਘ ਨੂੰ ਅਜੀਤ ਸਿੰਘ ਨੇ ਕੰਵਰ ਪ੍ਰਤਾਪ ਸਿੰਘ ਸਮੇਤ; ਅਤੇ ਰਾਜਾ ਧਿਆਨ ਸਿਘ ਨੂੰ ਇੱਕੋ ਦਿਨ ਕਤਲ ਕਰ ਦਿੱਤਾ। ਦਲੀਪ ਸਿੰਘ ਦਾ ਰਾਜ ਤਿਲਕ 16 ਸਤੰਬਰ 1843 ਨੂੰ ਕੀਤਾ ਗਿਆ। ਇਸਤੋਂ ਬਾਅਦ ਅਜੀਤ ਸਿੰਘ ਅਤੇ ਲਹਿਣਾ ਸਿੰਘ ਦਾ ਕਤਲ

(16 ਸਤੰਬਰ 1843) ਨੂੰ; ਸੁਚੇਤ ਸਿੰਘ ਦਾ ਕਤਲ (27 ਮਾਰਚ 1844) ਨੂੰ; ਹੀਰਾ ਸਿੰਘ ਅਤੇ ਜੱਲ੍ਹੇ ਦਾ ਕਤਲ (21 ਦਸੰਬਰ, 1844) ਨੂੰ; ਨਾਲ਼ ਹੀ ਜਵਾਹਰ ਸਿੰਘ ਦਾ ਕਤਲ ਕੀਤਾ ਗਿਆ।

ਅਜਿਹੇ ਦੁਖਾਂਤ ਵੇਲੇ ਜੇ ਕੋਈ ਲਾਹੌਰ ਦਰਬਾਰ ਨੂੰ ਸੰਭਾਲਣ ਦੇ ਯੋਗ ਸੀ, ਉਹ ਸੀ ਸਰਦਾਰ ਲਹਿਣਾ ਸਿੰਘ ਮਜੀਠੀਆ। ਅਸਤਿਤਵਵਾਦੀ ਦ੍ਰਿਸ਼ਟੀ ਤੋਂ ਸੰਭਾਵਨਾ ਰੱਖਦਾ ਹੋਇਆ (Being-for-itself) ਵੀ ਗਤੀਹੀਣ (Being-in-itself) ਹੋ ਕੇ ਉਹ ਹਰਿਦੁਆਰ ਨੂੰ ਟੁਰ ਗਿਆ।

ਰਾਜ ਦਰਬਾਰ 'ਬੁਰਛਿਆ', 'ਭੂਤ-ਮੰਡਲੀ' ਦੇ ਹੱਥ ਆ ਗਿਆ। ਉਨ੍ਹਾਂ ਨੇ ਭੈਅ ਦਾ ਅਜਿਹਾ ਵਾਤਾਵਰਨ ਸਿਰਜਿਆ ਕਿ ਇਨਾਮਾਂ, ਸਨਮਾਨਾਂ ਅਤੇ ਪੈਸੇ ਦੇ ਲਾਲਚੀ ਹੋ ਗਏ- 'ਕੜੇ, ਕੈਂਠੇ, ਇਨਾਮ ਰੁਪਏ ਬਾਰਾਂ, ਕਦੇ ਪੰਜ ਤੇ ਸੱਤ ਨਾ ਚਾਰ ਲੈਂਦੇ।' ਭੀੜ/ਭੂਤ-ਮੰਡਲੀ ਦਾ ਕੋਈ ਅਸਤਿਤਵ ਨਹੀਂ ਹੁੰਦਾ। ਇਹ ਪਿਛ-ਲੱਗ ਹੁੰਦੀ ਹੈ। ਇਹ ਗੱਲ ਸ਼ਾਹ ਮੁਹੰਮਦ ਇਉਂ ਸਪਸ਼ੱਟ ਕਰਦਾ ਹੈ :

ਸਿੰਘਾਂ ਆਖਿਆ ਰਾਜਾ ਜੀ ਹੁਕਮ ਤੇਰਾ
ਜਿਸਨੂੰ ਕਹੇਂ ਸੁ ਫਤਹਿ ਬੁਲਾਈਏ ਜੀ।[7]

ਇੰਜ ਭੂਤ-ਮੰਡਲੀ ਲਾਲਚ-ਵਸ ਕਿਸੇ ਦੇ ਵੀ ਪਿੱਛੇ ਲੱਗਣ ਲਈ ਤਿਆਰ ਰਹਿੰਦੀ ਸੀ। ਅਜਿਹੀ ਸਥਿਤੀ ਤੇ ਹੰਝੂ ਕੇਰਦਾ ਸ਼ਾਹ ਮੁਹੰਮਦ ਜੋ ਲਿਖਦਾ ਹੈ, ਇਹੋ ਹੀ ਸਥਿਤੀ ਦੀ ਤਥਾਤਮਕਤਾ (Facticity) ਹੋ ਨਿਬੜਦੀ ਹੈ :

ਪਿਛੇ ਇੱਕ ਸਰਕਾਰ ਦੇ ਖੇਡ ਵਿਚਲੀ
ਪਈ ਨਿੱਤ ਹੁੰਦੀ ਮਾਰੋ ਮਾਰ ਮੀਆਂ
ਸਿੰਘਾਂ ਮਾਰ ਸਰਦਾਰਾਂ ਦਾ ਨਾਸ਼ ਕੀਤਾ
ਸੱਭੇ ਕਤਲ ਹੋਏ ਵਾਰੋ ਵਾਰ ਮੀਆਂ
ਸਿਰ ਫ਼ੌਜ ਦੇ ਰਿਹਾ ਨਾ ਕੋਈ ਕੁੰਡਾ
ਹੋਏ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ
ਭੂਤ ਮੰਡਲੀ ਹੋਈ ਤਿਆਰ ਮੀਆਂ।[8]

ਜਵਾਹਰ ਸਿੰਘ ਰਾਣੀ ਜਿੰਦਾਂ ਦਾ ਭਰਾ ਸੀ। ਉਸਨੂੰ ਕਤਲ ਕਰਕੇ ਰਾਣੀ ਨੂੰ ਕਨਾਤ ਵਿੱਚ ਕੈਦ ਕਰ ਦਿੱਤਾ ਜਾਂਦਾ ਹੈ। ਜਦੋਂ ਉਹ ਭਰਾ ਦੀ ਮੌਤ ਤੇ ਵੈਣ ਪਾਉਂਦੀ ਹੈ ਤਾਂ ਇਹ ਕਹਿਕੇ ਉਸਦਾ ਮਖੌਲ ਉਡਾਇਆ ਜਾਂਦਾ ਹੈ- 'ਕਿਹੜੇ ਪਾਤਸ਼ਾਹ ਦਾ ਪੁੱਤ ਮੋਇਆ ਸਾਥੋਂ, ਜਿਹੜੀ ਡੂੰਘੜੇ ਵੈਣ ਤੂੰ ਪਾਵਣੀ ਹੈਂ- ਸ਼ਾਹ ਮੁਹੰਮਦਾ ਦੇ ਇਨਾਮ ਸਾਨੂੰ, ਸਾਡੇ ਜ਼ੋਰ ਤੇ ਰਾਜ ਕਮਾਵਣੀ ਹੈਂ।'

ਅਜਿਹਾ ਕਹਿਣਾ ਰਾਣੀ ਜਿੰਦਾਂ ਦੇ ਅਸਤਿਤਵ ਨੂੰ ਠੇਸ ਪਹੁੰਚਾਣ ਵਾਲੀ ਗੱਲ ਹੈ। ਇਹ ਮਖੌਲ ਉਸਦਾ ਇਸ ਲਈ ਉਡਾਇਆ ਜਾਂਦਾ ਹੈ ਕਿਉਂਕਿ ਉਹ ਅਤੇ ਉਹਦਾ ਭਰਾ ਸਾਧਾਰਨ ਪਰਿਵਾਰ ਨਾਲ਼ ਸੰਬੰਧਤ ਸਨ ਕਿਉਂਜੋ ਇਨ੍ਹਾਂ ਦਾ ਬਾਪ ਉਹ ਮੰਨਾ ਸਿੰਘ ਸੀ ਜੋ ਮਹਾਰਾਜੇ ਦੇ ਕੁੱਤੇਖਾਨੇ ਦਾ ਇੰਚਾਰਜ ਸੀ।

ਕਿਹਾ ਜਾ ਸਕਦਾ ਹੈ ਕਿ ਲਾਹੌਰ ਦਰਬਾਰ ਵਿੱਚ ਹੋਣ ਵਾਲੇ ਸਾਰੇ ਕਤਲ ਅਸਤਿਤਵੀ ਮੌਤਾਂ (Existential deaths) ਹਨ। ਇਨ੍ਹਾਂ ਸਾਰੇ ਕਤਲਾਂ ਪਿੱਛੇ ਵਿਸ਼ੇਸ਼ ਵਿਅਕਤੀਆਂ ਦੇ ਅਸਤਿਤਵ ਦਾ ਪਤਨ (Fallenness) ਜਾਂ ਅਸਤਿਤਵ ਦੀ ਰੱਖਿਆ ਹੀ ਕਾਰਜਸ਼ੀਲ ਹੈ। ਲਾਹੌਰ ਦਰਬਾਰ ਦੇ ਅੰਗਰੇਜ਼ਾਂ ਦੇ ਹਵਾਲੇ ਹੋਣ ਪਿੱਛੇ ਵੀ ਇਹੋ ਕੁੱਝ ਨਜ਼ਰੀਂ ਪੈਂਦਾ ਹੈ। ਰਾਣੀ ਜਿੰਦਾਂ ਦੇ ਅਸਤਿਤਵ ਨੂੰ ਵੱਜੀ ਠੇਸ ਇਸਦਾ ਮੁੱਖ ਕਾਰਨ ਬਣਦੀ ਹੈ। ਉਹਦੇ ਵੀਰ ਨੂੰ ਕੋਹਿ ਕੇ ਉਸਦੇ ਸਾਹਮਣੇ ਮਾਰਿਆ ਜਾਂਦਾ ਹੈ। ਇਸੇ ਲਈ ਉਸਦੇ ਮੁੱਖੋਂ ਅਖਵਾਇਆ ਗਿਆ ਹੈ 'ਜੱਟੀ ਹੋਵਾਂ ਤਾਂ ਕਰਾਂ ਪੰਜਾਬ ਰੰਡੀ, ਸਾਰੇ ਦੇਸ਼ ਦੇ ਵਿੱਚ ਚਾ ਤੁਰਨ ਵਾਰਾਂ/ਛੱਡਾਂ ਨਹੀਂ ਪੰਜਾਬ ਵਿੱਚ ਵੜਨ ਜੋਗੇ, ਸਣੇ ਵੱਡਿਆਂ ਅਫ਼ਸਰਾਂ ਜਮਾਦਾਰਾਂ।'

ਰਾਣੀ ਜਿੰਦਾਂ ਦੇ ਮਨ ਵਿੱਚ ਬਦਲੇ ਦੀ ਭਾਵਨਾ ਖ਼ਤਰਨਾਕ ਰੂਪ ਧਾਰਨ ਕਰ ਜਾਂਦੀ ਹੈ ਜਦੋਂ ਸ਼ਾਹ ਮੁਹੰਮਦ ਉਸਦੇ ਮੂੰਹੋਂ ਇੰਜ ਅਖਵਾਉਂਦਾ ਹੈ :

ਜਿਨ੍ਹਾਂ ਮਾਰਿਆ ਕੋਹਿ ਕੇ ਵੀਰ ਮੇਰਾ
ਮੈਂ ਤਾਂ ਖੁਹਾਉਂਗੀ, ਉਨ੍ਹਾਂ ਦੀ ਜੁੰਡੀਆਂ ਨੀ,
ਧਾਕਾਂ ਜਾਣ ਵਲਾਇਤੀ ਦੇਸ ਸਾਰੇ,
ਪਾਵਾਂ ਬੱਕਰੇ ਵਾਂਗ ਚਾ ਵੰਡੀਆਂ ਨੀ।
ਚੂੜੇ ਲਹਿਣਗੇ ਬਹੁਤ ਸੁਹਾਗਣਾਂ ਦੇ
ਨੱਥ, ਚੌਂਕ ਤੇ ਵਾਲੀਆਂ ਡੰਡੀਆਂ ਨੀ।
ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ,
ਜਦੋਂ ਹੋਣ ਪੰਜਾਬਣਾਂ ਰੰਡੀਆਂ ਨੀ।[9]

ਇਸ ਬਦਲੇ ਦੀ ਭਾਵਨਾ ਹਿੱਤ ਸ਼ਾਹ ਮੁਹੰਮਦ ਰਾਣੀ ਜਿੰਦਾਂ ਵੱਲੋਂ ਅੰਗਰੇਜ਼ਾਂ ਨੂੰ ਚੋਰੀ-ਚੋਰੀ ਚਿੱਠੀ/ਸੁਨੇਹਾ ਭੇਜਣ ਦਾ ਜ਼ਿਕਰ ਕਰਦਾ ਹੈ ਕਿ ਉਹ ਸਿੱਖ-ਫ਼ੌਜ ਨਾਲ਼ ਯੁੱਧ ਸ਼ੁਰੂ ਕਰਨ ਅਤੇ ਪਿੱਛੋਂ ਉਹ ਸਿੱਖ ਫ਼ੌਜ ਦੇ ਸਾਰੇ ਖ਼ਰਚੇ ਬੰਦ ਕਰ ਦੇਵੇਗੀ। ਇਹ ਵੀ ਕਿਹਾ ਗਿਆ ਕਿ ਕੇਵਲ ਉਹੀ ਸਿਪਾਹੀ ਅੰਗਰੇਜ਼ਾਂ ਨਾਲ਼ ਲੜਨਗੇ ਜਿਨ੍ਹਾਂ ਨੂੰ ਗੁਪਤ ਗੱਲ ਦਾ ਭੇਤ ਨਹੀਂ ਹੋਵੇਗਾ, ਬਾਕੀ ਸਰਦਾਰ ਅੰਗਰੇਜ਼ਾਂ ਨਾਲ਼ ਯੁੱਧ ਕਰਨ ਤੋਂ ਕੰਨੀਂ ਕਤਰਾਉਣਗੇ।

ਇਸ ਜੰਗ ਵਿੱਚ ਲਾਲ ਸਿੰਘ, ਤੇਜਾ ਸਿੰਘ, ਪਹਾੜਾ ਸਿੰਘ, ਰਣਜੋਧ ਸਿੰਘ, ਰਾਜਾ ਗੁਲਾਬ ਸਿੰਘ ਆਦਿ ਦਾ ਅਸਤਿਤਵ ਅਪ੍ਰਮਾਣਿਕ ਹੈ, ਜਿਨ੍ਹਾਂ

ਸ਼ਾਹ ਮੁਹੰਮਦ ਅਨੁਸਾਰ, ਰਾਣੀ ਦੇ ਆਖੇ ਲੱਗਕੇ ਪੰਜਾਬ ਨਾਲ਼ ਧਰੋਹ ਕਮਾਇਆ। ਤੇਜਾ ਸਿੰਘ ਤੋਂ ਵੱਡੀ ਗਦਾਰੀ ਕੀ ਹੋ ਸਕਦੀ ਹੈ ?

ਤੇਜਾ ਸਿੰਘ ਸਰਦਾਰ ਪੁਲ ਵੱਢ ਦਿੱਤਾ
ਘਰੀਂ ਨੱਸ ਨਾ ਜਾਇ ਇਹ ਫ਼ੌਜ ਸਾਰੀ।[10]

ਇਵੇਂ ਫ਼ਰੀਦਕੋਟ ਦਾ ਰਾਜਾ ਪਹਾੜਾ ਸਿੰਘ ਅੰਗਰੇਜ਼ਾਂ ਦਾ ਮਿੱਤਰ ਹੋ ਨਿਬੜਿਆ :

ਪਹਾੜਾ ਸਿੰਘ ਸੀ ਯਾਰ ਫਰੰਗੀਆਂ ਦਾ
ਸਿੰਘਾਂ ਨਾਲ਼ ਸੀ ਉਸਦੀ ਗ਼ੈਰਸਾਲੀ।[11]

ਉਸਨੇ ਹੀ 'ਲਾਟ' ਨੂੰ ਸਿੱਖ ਫ਼ੌਜ ਦੇ ਮੈਦਾਨ ਛੱਡਣ ਦਾ ਭੇਦ ਦਿੱਤਾ। ਰਾਜਾ ਗੁਲਾਬ ਸਿੰਘ ਅੰਗਰੇਜ਼ਾਂ ਨੂੰ ਆਪ ਲੈ ਕੇ ਆਇਆ।

ਇਸ ਸਭ ਦੇ ਫਲਸਰੂਪ ਲੜਨ ਵਾਲੇ ਬਹਾਦਰਾਂ ਵਿੱਚ ਮਜ਼ਹਰ ਅਲੀ, ਮਾਘੇ ਖਾਂ ਅਤੇ ਵਿਸ਼ੇਸ਼ ਕਰਕੇ ਸ਼ਾਮ ਸਿੰਘ ਅਟਾਰੀ ਵਾਲੇ ਦਾ ਨਾਂ ਹਮੇਸ਼ਾ ਲਈ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਇਨ੍ਹਾਂ ਦਾ ਅਸਤਿਤਵ ਪ੍ਰਮਾਣਿਕ ਰਿਹਾ। ਸ਼ਾਹ ਮੁਹੰਮਦ ਇਨ੍ਹਾਂ ਯੁੱਧਾਂ ਵਿੱਚ ਹਾਰ ਦਾ ਸਾਰੇ ਦਾ ਸਾਰਾ ਭਾਂਡਾ ਰਾਣੀ ਜਿੰਦਾਂ ਸਿਰ ਭੰਨਦਾ ਹੈ :

ਸਿੰਘਾਂ ਭੋਲਿਆਂ ਮੂਲ ਨਾ ਸਹੀ ਕੀਤੀ
ਗੁੱਝਾ ਕਰਨ ਲੱਗੀ ਸਾਡਾ ਘਾਤ ਮਾਈ।[12]

ਇਸ ਲੜਾਈ ਵਿੱਚ ਜਿਹੜੇ ਹੋਰਨਾਂ ਦੇ ਆਖੇ ਲੱਗਕੇ ਲੜਾਈ ਵਿੱਚ ਸ਼ਾਮਲ ਹੋਏ ਉਹ ਵਿਅਕਤਿਤਵਹੀਣ (Depersonalize) ਹੋ ਕੇ ਗਏ ਸਨ, ਆਪਣੀ ਮਰਜ਼ੀ ਨਾਲ਼ ਨਹੀਂ ਗਏ ਸਨ। ਉਨ੍ਹਾਂ ਦੇ ਆਪਣੇ ਬੋਲਾਂ ਤੋਂ ਸਪਸ਼ਟ ਹੈ:

ਕਹਿੰਦੇ ਨੌਕਰੀ ਕਾਸ ਨੂੰ ਅਸਾਂ ਕੀਤੀ
ਆਖੇ ਲੱਗਕੇ ਸੰਗੀਆਂ ਸਾਥੀਆਂ ਦੇ।[13]

**ਦੂਜੇ ਦੇ ਆਖੇ ਲੱਗਕੇ, ਆਪਣੀ ਸੁਤੰਤਰ ਸੋਚ ਤਿਆਗ ਕੇ ਕੋਈ ਕੰਮ ਕਰਨਾ ਹੀ ਅਪ੍ਰਮਾਣਿਕ ਅਸਤਿਤਵ ਅਖਵਾਉਂਦਾ ਹੈ।**

ਸ਼ਾਹ ਮੁਹੰਮਦ ਕਹਿੰਦਾ ਹੈ ਕਿ ਰਾਣੀ ਨੇ ਅੱਜ ਆਪਣੇ ਭਰਾ ਦਾ ਬਦਲਾ ਲੈ ਲਿਆ ਹੈ :

ਲਿਖਿਆ ਤੁਰਤ ਪੈਗਾਮ ਰਾਣੀ ਜਿੰਦ ਕੌਰਾਂ
ਕੋਈ ਤੁਸਾਂ ਨੇ ਦੇਰ ਨਾ ਲਾਵਣੀ ਜੀ।

ਸ਼ਾਹ ਮੁਹੰਮਦਾ ਅੱਜ ਮੈਂ ਲਿਆ ਬਦਲਾ,

ਅੱਗੇ ਹੋਰ ਕੀ ਰੱਬ ਨੂੰ ਭਾਵਣੀ ਜੀ।[14]

ਗੁੱਝੀ ਰਮਜ਼ ਕਰਕੇ ਆਪ ਰਹੀ ਸੱਚੀ,
ਬਦਲਾ ਤੁਰੰਤ ਭਰਾਉ ਦਾ ਮੋੜਿਆ ਈ।

ਪਿਛੋਂ ਬੈਠਕੇ ਸਿੰਘਾਂ ਨੂੰ ਅਕਲ ਆਈ,
ਕਿਹੀ ਚੜ੍ਹੀ ਹੈ ਜ਼ਹਿਰ ਦੀ ਸਾਣ ਮਾਈ।[15]
ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ
ਸਾਰੇ ਦੇਸ਼ ਦਾ ਫ਼ਰਸ਼ ਉਠਾਇ ਦਿੱਤਾ।[16]

ਇਉਂ ਸ਼ਾਹ ਮੁਹੰਮਦ ਰਾਣੀ ਜਿੰਦਾਂ ਨੂੰ ਹੀ ਦੋਸ਼ੀ ਠਹਿਰਾਉਂਦਾ ਹੈ। ਪਰ ਕੀ ਇਸ ਤੱਥ ਨੂੰ ਅੰਤਮ ਸਚਾਈ ਵਜੋਂ ਪ੍ਰਵਾਨ ਕੀਤਾ ਜਾ ਸਕਦਾ ਹੈ?

ਲਾਰਡ ਹਰਡਿੰਗ (ਟੁੰਡਾ ਲਾਟ) ਦਾ ਆਪਣੇ ਦੇਸ਼ ਲਈ ਡਟਕੇ ਲੜਣ ਕਾਰਨ ਅਸਤਿਤਵ ਪ੍ਰਮਾਣਿਕ ਹੋ ਨਿਬੜਦਾ ਹੈ। ਉਹ ਆਪਣੀ ਖ਼ੁਦੀ (ਸਵੈ) ਨੂੰ ਭਲੀ ਭਾਂਤ ਸਮਝਦਾ ਸੀ।

ਜੰਗਨਾਮਾ ਦੇ ਆਰੰਭ ਵਿੱਚ ਕਵੀ ਕੁਦਰਤ ਤੋਂ ਡਰਨ (Fear) ਵਿੱਚ ਰਹਿਣ ਦੀ ਸਿੱਖਿਆ ਦਿੰਦਾ ਹੈ ਕਿਉਂ ਜੋ ਪਤਾ ਨਹੀਂ ਉਹ ਬੰਦੇ ਨੂੰ ਕਦੋਂ ਉਚੋਂ ਨੀਚ ਕਰ ਦਿੰਦੀ ਹੈ। ਸੰਸਾਰ ਵਿੱਚ ਆਇਆ ਬੰਦਾ ਇੱਥੇ ਆ ਕੇ ਦੁਨੀਆਂ ਦੇ ਰੰਗਾਂ ਵਿੱਚ ਖਚਿਤ ਹੋ ਜਾਂਦਾ ਹੈ। ਪਰ ਮਾਰਟਿਨ ਹਾਈਡਿਗਰ ਦਾ ਵਿਚਾਰ ਹੈ ਕਿ **ਬੰਦਾ ਦੁਨੀਆਂ 'ਚ ਤਾਂ ਹੈ। Being-in-the world ਤਾਂ ਹੈ, ਪਰ ਦੁਨੀਆਂ ਦਾ (Of the world) ਨਹੀਂ ਹੈ।** ਦੁਨਿਆਵੀ ਮੋਹ ਵਿੱਚ ਫਸਿਆ ਬੰਦਾ ਇਸ ਸੀਮਿਤਤਾ (Finite existence) ਨੂੰ ਭੁੱਲ ਜਾਂਦਾ ਹੈ। ਬਚਪਨ, ਜਵਾਨੀ ਅਤੇ ਐਸ਼ ਥੋੜਾ ਚਿਰ ਹੀ ਹੈ।

ਇਸ ਜੰਗਨਾਮੇ ਦੀ ਸਿਰਜਨਾ 'ਮੈਂ-ਤੂੰ' ਸੰਬੰਧਾਂ ਵਿੱਚ ਹੋਈ ਹੈ। ਜੋ ਸੰਬੰਧ ਕਵੀ ਦੇ ਆਪਣੇ ਮਿੱਤਰਾਂ ਹੀਰੇ ਅਤੇ ਨੂਰ ਖਾਂ ਨਾਲ਼ ਸਨ। ਇਹ ਵੀ ਸੱਚ ਹੈ ਕਿ ਇੱਥੇ ਕਦੇ ਤੀਸਰੀ ਜ਼ਾਤ ਨਹੀਂ ਆਈ ਸੀ। ਇਸ ਜੱਗ ਦੇ ਮੁਸਾਫ਼ਰ-ਖ਼ਾਨੇ ਵਿੱਚ ਬਹੁਤ ਸ਼ਕਤੀਸ਼ਾਲੀ ਅਤੇ ਹੰਕਾਰੀ ਬੰਦੇ ਹੋ ਹੋ ਕੇ ਚਲੇ ਗਏ ਹਨ।

*ਅਧਿਆਇ ਨੌਵਾਂ*

# ਲੂਣਾ

'ਲੂਣਾ' ਮਹਾਂਕਾਵਿ ਸ਼ਿਵ ਕੁਮਾਰ ਦਾ ਸ਼ਾਹਕਾਰ ਹੈ। ਇਸ ਸ਼ਾਹਕਾਰ ਵਿੱਚ ਮਹਾਂਕਾਵਿਕ, ਨਾਟ-ਕਾਵਿ ਅਤੇ ਕਾਵਿ-ਨਾਟ ਤਿੰਨੋਂ ਵਿਧਾਵਾਂ ਦੇ ਲੱਛਣ ਸ਼ਾਮਲ ਹਨ। ਸ਼ਿਵ ਨੇ ਇਸ ਬਿਰਤਾਂਤਕ ਰਚਨਾ ਦੀ ਸਿਰਜਨਾ ਦੀ ਮੁੱਖ ਗੋਂਦ ਤਾਂ ਕਾਦਰਯਾਰ ਦੇ ਕਿੱਸੇ 'ਪੂਰਨ ਭਗਤ' ਤੋਂ ਹੀ ਲਈ ਹੈ ਪਰ ਉਸ ਵਿੱਚ ਵਰਤਮਾਨ ਪਰਿਸਥਿਤੀਆਂ ਅਨੁਸਾਰ ਆਪਣਾ ਸੰਦੇਸ਼ ਦੇਣ ਲਈ ਕੁੱਝ ਕਾਂਟ-ਛਾਂਟ ਵੀ ਕੀਤੀ ਹੈ ਅਤੇ ਕੁੱਝ ਮਸਾਲਾ ਜੋੜਿਆ ਵੀ ਹੈ। ਕੁੱਝ ਕਲਪਤ ਪਾਤਰ ਸਿਰਜੇ ਹਨ ਜਿਵੇਂ 'ਚੰਬੇ ਦਾ ਰਾਜਾ ਵਰਮਨ', 'ਉਸਦੀ ਪਤਨੀ ਕੁੰਤ', 'ਲੂਣਾ ਦੀਆਂ ਸਹੇਲੀਆਂ' 'ਈਰਾ ਤੇ ਮਥਰੀ', 'ਲੂਣਾ ਦਾ ਬਾਪ', 'ਬਾਰੂ' ਤੇ 'ਇਕ ਗੋਲੀ' ਆਦਿ। ਇਸ ਕਥਾ ਦਾ ਇਤਿਹਾਸਕ ਪਿਛੋਕੜ ਰਜਵਾੜਾ ਸ਼ਾਹੀ ਦਾ ਦੌਰ ਹੈ। ਇਉਂ ਇਹ ਕਿੱਸਾ ਜਾਂ ਕਹੋ ਮਹਾਂ-ਕਾਵਿਕ ਬਿਰਤਾਂਤ ਪੁਰਾਤਨਤਾ ਵਿੱਚ ਨਿਜੀ ਬੁੱਧੀ (Tradition and individual talent) ਦਾ ਸੁਮੇਲ ਹੈ। ਇਤਿਹਾਸਕਤਾ ਦੇ ਉਸ ਦੌਰ ਵਿੱਚ ਔਰਤ ਦਾ ਸਮਾਜ ਵਿੱਚ ਸਥਾਨ (ਉਂਜ ਤਾਂ ਅੱਜ ਵੀ ਬਹੁਤੀ ਤਬਦੀਲੀ ਨਹੀਂ) ਗੌਣ ਸੀ। ਉਹ ਤਾਂ ਕੇਵਲ ਮਨੁੱਖ ਦੀ ਕਾਮੁਕ ਤ੍ਰਿਪਤੀ ਜਾਂ ਬੱਚੇ ਦੇ ਜੰਮਣ ਵਾਲੀ ਮਸ਼ੀਨ ਤੋਂ ਵੱਧ ਅਸਤਿਤਵ ਨਹੀਂ ਰੱਖਦੀ ਸੀ।

ਜਿਸ ਪਰਿਸਥਿਤੀ (Situation) ਵਿੱਚ ਸ਼ਿਵ ਕੁਮਾਰ ਨੇ ਇਨ੍ਹਾਂ ਪਾਤਰਾਂ ਨੂੰ ਪੇਸ਼ ਕੀਤਾ ਹੈ, ਉਹ ਇੰਜ ਹੈ। ਇਸ ਮਹਾਂਕਾਵਿ ਦੇ ਪਹਿਲੇ ਸਰਗ ਵਿੱਚ ਨਟੀ ਅਤੇ ਸੂਤਰਧਾਰ ਦੁਆਰਾ 'ਉਦੀਪਨ' ਸਿਰਜਿਆ ਗਿਆ ਹੈ। ਨਟੀ ਤੇ ਸੂਤਰਧਾਰ ਚੰਬੇ ਸ਼ਹਿਰ ਦੇ ਸੰਘਣੇ ਜੰਗਲ ਵਿੱਚ ਬੈਠੇ ਪ੍ਰੇਮ-ਕਲੋਲ ਕਰ ਰਹੇ ਹਨ। ਇਸ ਸੁਹਾਵਣੇ ਦੇਸ਼ ਦੀ ਪ੍ਰਸ਼ੰਸਾ ਕਰ ਰਹੇ ਹਨ। ਸਮਾਂ ਰਾਤ ਦਾ ਆਖਰੀ ਪਹਿਰ ਹੈ। ਇਸ ਸਰਗ ਵਿੱਚ ਅੱਗੋਂ ਵਾਪਰਨ ਵਾਲ਼ੀਆਂ ਘਟਨਾਵਾਂ ਦੇ ਅਸਤਿਤਵੀ ਸੰਕੇਤ ਉਪਲਬਧ ਹਨ। ਜਿਵੇਂ ਕਿ ਇੱਕ ਕੁੜੀ ਵਟਣਾ ਮਲ਼ ਮਲ਼ ਕੇ ਨੰਗੀ ਨਹਾ ਰਹੀ ਹੈ। ਪਾਣੀ ਪਾ ਕੇ ਆਪਣੀ ਅੱਗ ਬੁਝਾਉਣ ਦੀ ਨਿਰਰਥਕ ਕੋਸ਼ਿਸ਼ ਕਰ ਰਹੀ ਹੈ। ਨਾਰ ਦੇ ਬੁੱਤ ਨੂੰ ਕਿਸੇ ਕਾਮੀ ਦਾ ਵੇਖਣਾ ਪਰ ਭੋਗਣ ਤੋਂ ਪਹਿਲਾਂ ਹੀ ਸੁਪਨੇ ਦਾ ਟੁੱਟ ਜਾਣਾ[1] ਆਦਿ। ਅਸਤਿਤਵ ਇੱਕ ਨਿਰੰਤਰ ਵਿਕਾਸ ਵਾਲ਼ੀ

ਮਾਨਵੀ-ਪ੍ਰਕਿਰਿਆ ਹੈ। ਇਹ ਕਦੇ ਵੀ ਸੰਪੂਰਨ ਨਹੀਂ ਹੁੰਦਾ। ਇਸਦੇ ਅਧਵਾਟੇ ਰਹਿਣ ਵਿੱਚ ਹੀ ਆਨੰਦ ਹੈ। ਵੇਖੋ :

ਵਿਚ ਅਧਵਾਟੇ ਖੜ੍ਹਨ ਦਾ
ਆਵੇ ਬੜਾ ਮਜ਼ਾ
ਕੁੱਝ ਪਿੱਛੇ ਮੁੜਨ ਦੀ ਲਾਲਸਾ
ਕੁੱਝ ਅੱਗੇ ਵਧਣ ਦਾ ਚਾਅ
ਪਰ ਜੋ ਵੀ ਪੂਰਨ ਥੀਵਿਆ
ਉਹਦਾ ਜੀਣਾ ਜੱਗ ਕਿਹਾ ?
ਹੈ ਸ਼ੁਕਰ ਸਮਾਂ ਨਾ ਧਰਤੇ ਤੇ
ਇਕੋ ਥਾਉਂ ਖੜਾ।[2]

ਇਵੇਂ ਜੀਵਨ ਦੀ ਸੀਮਿਤਤਾ (Finite) ਦੀ ਗੱਲ ਕਰਦਿਆਂ ਮੌਤ (Death) ਨੂੰ ਯਕੀਨੀ ਕਿਹਾ ਗਿਆ। ਇਸ ਪਰਿਵਰਤਨ ਦੀ ਅਣਹੋਂਦ ਵਿੱਚ ਜੀਵਨ ਦੇ ਬੁੱਸ ਜਾਣ ਦਾ ਖ਼ਤਰਾ ਸੀ। ਸੰਸਾਰ ਵਿੱਚ ਮਨੁੱਖ ਭਟਕਣ/ਬੇਚੈਨੀ (Anxiety) ਵਿੱਚ ਹੈ। ਪਰ ਇਸ ਭਟਕਣ ਵਿੱਚ ਹੀ ਮਨੁੱਖ ਦੀ ਪ੍ਰਗਤੀ ਦਾ ਭੇਦ ਛੁਪਿਆ ਹੋਇਆ ਹੈ। **ਭਟਕਣ ਹੀ ਮਨੁੱਖ ਦੀਆਂ ਸੰਭਾਵਨਾਵਾਂ (Possibilities) ਨੂੰ ਗਤੀ ਪ੍ਰਦਾਨ ਕਰਦੀ ਹੈ।** ਨਟੀ ਅਤੇ ਸੂਤਰਧਾਰ ਇਹ ਗੱਲਾਂ ਕਰ ਰਹੇ ਹਨ ਕਿ ਚੰਬੇ ਦੀਆਂ ਕੁੜੀਆਂ ਦੀ ਇੱਕ ਟੋਲੀ ਗੀਤ ਗਾਉਂਦੀ ਆ ਰਹੀ ਹੈ। ਪਾਰਲੌਕਿਕ ਪਾਤਰ (ਨਟੀ ਤੇ ਸੂਤਰਧਾਰ) ਚੰਬਿਆਲਣਾ ਪਾਸੋਂ ਅੱਜ ਇਸ ਤਿਉਹਾਰ ਨੂੰ ਮਨਾਏ ਜਾਣ ਦਾ ਕਾਰਨ ਪੁੱਛਦੇ ਹਨ। ਚੰਬਿਆਲਣਾਂ ਦੱਸਦੀਆਂ ਹਨ ਉਨ੍ਹਾਂ ਦੇ ਰਾਜੇ ਵਰਮਨ ਦਾ ਜਨਮ ਦਿਨ ਹੈ। ਉਹ ਰਾਣੀ ਕੁੰਤ ਦੇ ਮਹਿਲੀਂ ਚੱਲੀਆਂ ਹਨ। ਇਸ ਸਮਾਗਮ ਦਾ ਉਦਘਾਟਨ ਸਿਆਲਕੋਟ ਦਾ ਰਾਜਾ ਸਲਵਾਨ ਕਰੇਗਾ ਜੋ ਵਰਮਨ ਦਾ ਧਰਮ ਭਰਾ ਹੈ। ਅੰਤ ਵਿੱਚ ਰਾਜਾ ਚੰਬੇ ਦੀਆਂ ਲੜਕੀਆਂ ਵਿੱਚੋਂ ਇੱਕ ਨੂੰ 'ਮਿਸ ਚੰਬਾ' ਚੁਣੇਗਾ। ਉਹੀ 'ਮਿਸ ਚੰਬਾ' ਵਰਮਨ ਦੀ ਵਡੇਰੀ ਆਯੂ ਲਈ ਦੁਆ ਕਰੇਗੀ। ਇਸੇ ਸਰਗ ਵਿੱਚ ਔਰਤ ਸੰਬੰਧੀ ਇੱਕ ਆਦਮਖੋਰੀ (Cannibal) ਸੰਕੇਤ ਉਪਲਬਧ ਹੈ ਜੋ ਕਿ ਰੂੜ੍ਹੀਵਾਦੀ ਅਤੇ ਘਸਿਆ ਪਿਟਿਆ ਵਿਚਾਰ ਹੈ :

ਜਿਉਂ ਮੱਕੜੇ ਸੰਗ ਮੱਕੜੀ
ਪਹਿਲੇ ਭੋਗ ਰਚਾ
ਗਰਭਵਤੀ ਮੁੜ ਹੋਇਕੇ
ਜਾਂਦੀ ਉਸਨੂੰ ਖਾ।[3]

ਇਸੇ ਕਾਰਨ ਡੀ.ਬੋਵੇਰ (De Beauvoir) ਅਨੁਸਾਰ ਔਰਤ ਮੱਕੜੀ

(The praying mantis) ਦੀ ਦੋਸ਼ੀ ਸਮਝੀ ਜਾਂਦੀ ਹੈ। ਇਸੇ ਕਾਰਨ ਕਈ ਔਰਤਾਂ ਆਕਰਮਕ ਬਣਨ ਤੋਂ ਸੰਕੋਚ ਕਰਦੀਆਂ ਹਨ ਮਤੇ ਉਨ੍ਹਾਂ ਉੱਪਰ ਮੱਕੜੀ ਵਾਲਾ ਦੋਸ਼ ਲੱਗੇ।

ਦੂਸਰੇ ਸਰਗ ਦਾ ਪਹਿਲੇ ਸਰਗ ਨਾਲ਼ੋਂ ਇੱਕ ਦਿਨ ਦਾ ਗੈਪ ਹੈ। ਇਸ ਵਿੱਚ ਸਲਵਾਨ ਆਪਣੇ ਧਰਮ ਭਰਾ ਵਰਮਨ ਅੱਗੇ ਆਪਣਾ ਦੁੱਖ ਫੋਲਦਾ ਹੈ। ਇਸ ਵਿੱਚ ਸਲਵਾਨ ਔਰਤਾਂ ਨੂੰ ਦੋ ਦ੍ਰਿਸ਼ਟੀਆਂ ਵਜੋਂ ਵੇਖਦਾ ਹੈ 'ਅੱਗ ਦੀ ਸੱਪਨੀ' ਅਤੇ 'ਸੁਪਨੇ ਦੀ ਸੱਪਨੀ'। ਇੱਛਰਾਂ ਨੂੰ ਉਹ ਅੱਗ ਦੀ ਸੱਪਨੀ ਕਹਿੰਦਾ ਹੈ ਜਦੋਂ ਕਿ ਮਿਸ-ਚੰਬਾ ਚੁਣੀ ਗਈ ਲੂਣਾਂ ਨੂੰ 'ਸੁਪਨੇ ਦੀ ਸੱਪਨੀ' ਕਹਿੰਦਾ ਹੈ। ਅੱਗ ਦੀ ਸੱਪਨੀ (ਇੱਛਰਾਂ) ਉਸਦੇ ਅੰਤਰ ਦੀ ਨਾਰ ਨਹੀਂ ਬਣ ਸਕੀ, ਭਾਵੇਂ ਉਸਦੀ ਕੁੱਖੋਂ ਪੂਰਨ ਜੰਮਿਆ ਹੈ। ਪਰ ਪੂਰਨ ਵੀ ਉਸ ਤੋਂ ਅਠਾਰਾਂ ਵਰ੍ਹੇ ਦੂਰ ਹੈ। ਉਹ ਉਸਦੇ ਮੱਥੇ ਵੀ ਨਹੀਂ ਲੱਗ ਸਕਿਆ। ਇਸ ਲਈ ਇੱਛਰਾਂ ਨਾਲ਼ ਰਹਿੰਦਿਆਂ ਵੀ ਉਹ ਇਕੱਲਤਾ (Loneliness) ਦਾ ਸ਼ਿਕਾਰ ਹੈ। ਵਰਮਨ ਸਲਵਾਨ ਨੂੰ 'ਸੁਪਨ ਸਰਪਨੀ' ਦਾ ਪਿੰਡਾ ਹੰਢਾਉਣ ਦੀ ਪੇਸ਼ਕਸ਼ ਕਰਦਾ ਹੈ ਪਰ ਅਛੂਤ ਹੋਣ ਕਾਰਨ ਵਿਆਹ ਦੀ ਗੱਲ ਨਾਲ਼ ਸਹਿਮਤ ਨਹੀਂ ਹੁੰਦਾ। ਪਰ ਬੂਹੇ ਓਹਲੇ ਖੜ੍ਹੀ 'ਕੁੰਤ' ਸਲਵਾਨ ਦੇ ਹੱਕ ਵਿੱਚ ਭੁਗਤਦੀ ਹੈ। ਉਹ ਅਸਤਿਤਵੀ ਵਿਚਾਰ (ਮੈਂ+ਤੂੰ= ਅਸੀਂ) ਪੇਸ਼ ਕਰਦੀ ਹੋਈ ਕਹਿੰਦੀ ਹੈ :

ਮੇਰੇ ਸਵਾਮੀ,/ਨੀਰ ਜੋ ਗੰਦਾ
ਗੰਗਾ ਤਾਈਂ ਆ ਮਿਲ ਜਾਵੇ
ਉਹ ਸਾਰਾ ਗੰਗਾ ਕਹਿਲਾਵੇ
ਪੂਜਨਹਾਰਾ ਹੀ ਹੋ ਜਾਵੇ।[4]

ਕੁੰਤ ਦਾ ਤਰਕ ਹੈ ਕਿ ਲੂਣਾ ਸਲਵਾਨ ਦੇ ਲੜ ਲੱਗਕੇ ਸ਼ੂਦਰ ਨਹੀਂ ਰਹੇਗੀ। ਪਰ ਵਰਮਨ ਦੇ ਮਨ ਵਿੱਚ ਇਹ ਭੈਅ (Fear) ਹੈ ਕਿ ਜੇਕਰ ਉਸਨੇ ਇਹ ਕਦਮ ਪੁੱਟ ਲਿਆ ਤਾਂ ਇੱਛਰਾਂ ਦੇ ਮਾਪੇ 'ਊਧੋਪੁਰੀਏ' ਕੀਹ ਆਖਣਗੇ ? ਇੱਛਰਾਂ ਸਲਵਾਨ ਦੇ ਪੁੱਤਰ ਦੀ ਮਾਂ ਤਾਂ ਬੇ-ਜੀਭੀ ਗਾਂ ਹੈ। ਪਰ ਕੁੰਤ ਉਸਨੂੰ ਕੇਵਲ ਅਗਨ ਸਰਪਨੀ ਹੀ ਕਹਿੰਦੀ ਹੈ ਜੋ ਆਪਣੇ ਮਰਦ ਨੂੰ ਮੋਹ ਨਹੀਂ ਸਕੀ। ਸ਼ਾਇਦ ਸਲਵਾਨ-ਇੱਛਰਾਂ ਵਰਗੀ ਸਥਿਤੀ ਸੰਬੰਧੀ ਹੀ ਸਾਈਮਨ ਡੀ.ਬੌਵੇਰ ਨੇ ਕਿਹਾ ਹੋਣੈ :-

"To ask two spouses bound by practical, social and moral ties to satisfy each other sexually for their whole lives is pure absurdity."[5]

ਅਰਥਾਤ ਵਿਵਾਹਿਤ ਜੋੜੇ ਤੋਂ ਸਾਰੀ ਆਯੂ ਕਾਮੁਕ-ਸੰਤੁਸ਼ਟਤਾ ਦੀ

ਆਸ ਕਰਨਾ ਫ਼ਜ਼ੂਲ ਹੈ।

ਤੀਜੇ ਸਰਗ ਵਿੱਚ ਸਲਵਾਨ ਅਤੇ ਲੂਣਾ ਦੀ ਸ਼ਾਦੀ ਹੋਣ ਦਾ ਸੰਕੇਤ ਹੈ। ਇਸ ਵਿੱਚ ਲੂਣਾ ਆਪਣੀਆਂ ਸਹੇਲੀਆਂ ਈਰਾ ਅਤੇ ਮਥਰੀ ਨਾਲ਼ ਸੰਵਾਦ ਰਚਾਉਂਦੀ ਹੋਈ ਆਪਣਾ ਮਨ ਫੋਲਦੀ ਹੈ। ਉਸਨੂੰ ਦੁੱਖ ਹੈ ਕਿ ਉਸਦੇ ਬਾਬਲ ਨੇ ਉਸ ਲਈ ਹਾਣੀ ਵਰ ਨਹੀਂ ਟੋਲ੍ਹਿਆ। ਈਰਾ ਕਹਿੰਦੀ ਹੈ ਕਿ ਲੂਣਾ ਕੁੱਝ ਨਾ ਬੋਲੇ ਕਿਉਂਕਿ ਲੜਕੀਆਂ ਦਾ ਬੋਲਣਾ ਵਿਵਰਜਤ ਹੈ। ਪਰ ਲੂਣਾ ਸੰਭਾਵਨਾ (Possibility) ਪ੍ਰਗਟ ਕਰਦੀ ਹੈ ਕਿ ਇੱਕ ਦਿਨ ਔਰਤ ਅਵੱਸ਼ ਬੋਲੇਗੀ। ਮਥਰੀ ਉਸਨੂੰ ਭਾਗਾਂ ਵਾਲ਼ੀ ਸਮਝਦੀ ਹੈ ਕਿਉਂਕਿ 'ਭਿੱਟ-ਅੰਗੀ' ਨੂੰ 'ਰਾਮ-ਰਤਨ' ਵਰ ਮਿਲ ਗਿਆ ਹੈ ਪਰ ਲੂਣਾ ਦ੍ਰਿੜ੍ਹਤਾ ਨਾਲ਼ ਕਹਿੰਦੀ ਹੈ ਕਿ 'ਮੈਨੂੰ' ਭਿੱਟ-ਅੰਗੀ ਨੂੰ ਭਿੱਟ ਅੰਗਾਂ ਵਰ ਦੇਵੋ ਕਿਉਂਕਿ ਬਿਨਾਂ-ਹਾਣ ਜਿਸਮ ਦਾ ਪਾਣੀ ਗੰਗਾ ਨਹੀਂ ਬਣ ਸਕਦਾ। ਈਰਾ ਲੂਣਾਂ ਨੂੰ ਰੋਣ ਤੋਂ ਵਰਜਦੀ ਹੈ ਪਰ ਅਸਤਿਤਵੀ-ਮਨੋਵਿਗਿਆਨੀ ਵਾਂਗ ਮਥਰੀ ਈਰਾ ਨੂੰ ਕਹਿੰਦੀ ਹੈ ਕਿ 'ਨੀ ਈਰਾ!/ਇਹਨੂੰ ਰੋਵਣ ਦੇ ਤੂੰ,/ਦਾਗ਼ ਦਿਲੇ ਦੇ ਧੋਵਣ ਦੇ ਤੂੰ/ਹੰਝੂ ਸਾਡੇ ਦੁੱਖ ਵੰਡਾਂਦੇ ਇਸਨੂੰ ਹਲਕੀ ਹੋਵਣ ਦੇ ਤੂੰ।' ਬਾਰੂ, ਇੱਕ ਗ਼ਰੀਬ ਬਾਪ, ਆਪਣਾ ਪਿਆਰ ਦੇ ਕੇ ਈਰਾ ਨੂੰ ਕੁੱਝ ਦਿਨਾਂ ਲਈ ਉਸਦੇ ਨਾਲ਼ ਜਾਣ ਨੂੰ ਕਹਿੰਦਾ ਹੈ ਕਿਉਂਕਿ ਬਾਬਲਾਂ ਦੇ ਮਨ ਵਿੱਚ ਧੀਆਂ ਨੂੰ ਟੋਰਨ ਵੇਲ਼ੇ ਹਮੇਸ਼ਾ ਤੌਖ਼ਲਾ (Anguish) ਰਹਿੰਦਾ ਹੈ।

ਚੌਥੇ ਅੰਕ/ਸਰਗ ਵਿੱਚ ਰਾਣੀ ਇੱਛਰਾਂ ਸਿਆਲਕੋਟ ਵਿਖੇ ਆਪਣੇ ਮਹਿਲ 'ਚ ਬੈਠੀ ਸਲਵਾਨ ਦੇ ਦੂਜੇ ਵਿਆਹ ਦੀ ਖ਼ਬਰ ਸੁਣਕੇ ਆਪਣੀ ਗੋਲੀ ਨਾਲ਼ ਆਪਣੀ ਪੀੜ ਸਾਂਝੀ ਕਰਦੀ ਹੈ। ਮੇਨੋਂਦਰ ਅਨੁਸਾਰ ਇਸਤਰੀ ਹੋਣਾ ਹੀ ਇੱਕ ਅਜਿਹਾ ਦਰਦ ਹੈ ਜੋ ਹਮੇਸ਼ਾ ਰਹਿੰਦਾ ਹੈ। ਇੱਛਰਾਂ ਸਮਝਦੀ ਹੈ ਕਿ ਮਰਦ ਔਰਤ ਨੂੰ ਪੈਰ ਦੀ ਜੁੱਤੀ ਤੋਂ ਵੱਧ ਕੁੱਝ ਨਹੀਂ ਸਮਝਦੇ। ਗੋਲੀ ਮਰਦਾਂ ਨੂੰ ਭੰਡਦੀ ਹੋਈ ਕਹਿੰਦੀ ਹੈ ਕਿ ਮਰਦ-ਜ਼ਾਤ ਪਾਸੋਂ ਵਫ਼ਾ ਦੀ ਆਸ ਕਰਨਾ ਮੱਸਿਆ ਤੋਂ ਕਿਰਨ ਮੰਗਣ ਦੇ ਬਰਾਬਰ ਹੈ। ਇੱਛਰਾਂ ਤਾਂ ਸਲਵਾਨ ਤੋਂ ਵਫ਼ਾ ਮੰਗਣ ਦੀ ਥਾਂ ਮੌਤ ਮੰਗਦੀ ਹੈ। ਗੋਲੀ ਮਰਦਾਂ ਦੀ ਤੁਲਨਾ ਘੜੀ ਮੁੜੀ ਰੰਗ ਬਦਲ਼ਣ ਵਾਲ਼ੇ ਗਿਰਗਟਾਂ ਨਾਲ਼ ਕਰਦੀ ਹੈ। ਅਸਤਿਤਵਵਾਦੀ ਮਾਰਸ਼ਲ (Gabriel marcel) ਅਨੁਸਾਰ fidelity is a response to a person.[6] ਪਰ ਅਜਿਹੀ ਪ੍ਰਤਿਕਿਰਿਆ ਦੀ ਇਸ ਸਥਿਤੀ ਵਿੱਚ ਸਲਵਾਨ ਤੋਂ ਕੋਈ ਆਸ ਹੀ ਨਹੀਂ ਰਹੀ। ਗੋਲੀ ਮਰਦਾਂ ਨੂੰ ਖੋਟੇ ਨਿਸ਼ਚੇ (Bad faith) ਵਿੱਚ ਸਿੱਧ ਕਰਦੀ ਹੈ-'ਦਿਨੇ ਹੋਰ ਦੇ ਦਰਾਂ ਤੇ/ ਟੁੱਕ ਖਾਂਦੇ/ਰਾਤੀਂ ਹੋਰ ਦੇ ਦਰਾਂ ਤੇ ਜਾ ਸੁੱਤੇ।' ਇੱਛਰਾਂ ਦਰਦ ਭਰੇ ਲਹਿਜ਼ੇ ਵਿੱਚ ਕਹਿੰਦੀ ਹੈ ਕਿ ਇਸ ਮੁਲਕ ਦੀ ਔਰਤ ਜਿਉਂਦੇ ਜੀਅ ਪਤੀ ਨੂੰ ਨਹੀਂ ਵਿਸਾਰ ਸਕਦੀ। ਇਸ ਪ੍ਰਕਾਰ ਉਸਦੇ ਮਨ ਵਿੱਚ ਘਟੀਆਪਨ ਦਾ ਅਹਿਸਾਸ (Inferi-

ority complex) ਪੈਦਾ ਹੋ ਜਾਂਦਾ ਹੈ :-ਇੱਕ ਨਾਰ ਕਰੂਪੀ ਪਰ ਕੀ ਆਖੇ ?

ਜਿਹੜੀ ਨਾਰ ਨਾ ਕੰਤ/ਰਿਝਾ ਸਕੀ/ਨੀ ਉਹ ਦੋਸ਼ ਕਿਸੇ ਸਿਰ/ਕੀਹ ਥਾਪੇ।[7] ਪਰ ਸ਼ਾਇਦ ਅਜਿਹੀ ਹੀ ਸਥਿਤੀ ਬਾਰੇ ਟਿੱਪਣੀ ਕਰਦਿਆਂ ਡੀ.ਬੋਂਵੇਰ ਲਿਖਦੀ ਹੈ ਕਿ ਇਸਤਰੀ ਦਾ ਘਟੀਆਪਨ ਉਸਦੇ ਤਾਰੀਖੀ ਮਹੱਤਵ ਨੂੰ ਨਹੀਂ ਘਟਾਉਂਦਾ, ਇਹ ਤਾਂ ਉਨ੍ਹਾਂ ਦੀ ਤਾਰੀਖੀ ਮਹੱਤਵਹੀਣਤਾ ਹੈ ਜੋ ਉਨ੍ਹਾਂ ਨੂੰ ਘਟੀਆਪਨ ਵਿੱਚ ਸੁੱਟਦੀ ਹੈ। "It is not women's inferiority that has determined their historical insignificance; it is their historical insignificance that has doomed them to inferiority."[8] ਇਹ ਰਾਜਾਸ਼ਾਹੀ ਯੁਗ ਦਾ ਹੀ ਤਾਂ ਦੁਖਾਂਤ ਹੈ। ਇੱਛਰਾਂ ਆਪਣੇ ਅਜਿਹੇ ਜੀਵਨ ਨੂੰ ਉਜਾੜ ਬੀਆਬਾਨ ਨਾਲ਼ ਤੁਲਨਾ ਦਿੰਦੀ ਹੈ। ਇਉਂ ਉਸਦਾ ਜੀਵਨ ਹੋਂਦ (Being) ਤੋਂ ਸ਼ੂਨਯ (Nothing) ਹੋ ਗਿਆ ਹੈ।

ਪੰਜਵੇਂ ਅੰਕ ਵਿੱਚ ਸੰਕੇਤ ਮਿਲ਼ਦਾ ਹੈ ਕਿ ਪੂਰਨ ਭੋਰਿਉਂ ਬਾਹਰ ਆ ਕੇ ਕੁੱਝ ਦਿਨਾਂ ਤੋਂ ਲੂਣਾਂ ਦੇ ਮਹਿਲਾਂ ਵਿੱਚ ਹੈ। ਲੂਣਾਂ ਮੌਸਮ ਦੀ ਤਾਰੀਫ਼ ਤਾਂ ਕਰਦੀ ਹੈ ਪਰ ਇਤਨੀ ਉਦਾਸ ਹੈ ਕਿ ਆਪੇ ਤੋਂ ਬੇਗਾਨਗੀ (Alienation) ਮਹਿਸੂਸ ਕਰਦੀ ਹੈ ਜਦੋਂ ਉਹ ਕਹਿੰਦੀ ਹੈ 'ਲੂਣਾ ਤੋਂ ਅੱਜ ਲੂਣਾ ਤੀਕਣ/ਸਈਏ ਕੋਈ ਵੀ ਰਾਹ ਨਾ ਜਾਏ।' ਅੱਗ ਦੇ ਜੰਗਲ ਵਿੱਚ ਵੀ ਉਹ ਠਰੀ ਠਰੀ ਹੈ।' ਉਸਦੇ ਜਜ਼ਬਾਤ ਉਸਦੇ ਕਾਬੂ ਵਿੱਚ ਨਹੀਂ। ਉਸਦੀ ਦੇਹ ਹੀ ਉਸ ਲਈ Thing-in-itself ਹੈ। Thus spake Zarthustra ਵਿੱਚ ਨੀਤਸ਼ੇ ਲਿਖਦਾ ਹੈ :-

There is always some madness in love
But there is also, some method in madness.[9]

ਲੂਣਾ ਦੇ ਅੰਦਰ ਅੱਗ ਦਾ ਮਿਰਗ ਚੁੰਗੀਆਂ ਭਰਦਾ ਹੈ ਪਰ ਕੋਈ ਕੋਈ ਪੱਤ 'ਅਕਲ' ਦਾ ਵੀ ਝੜਦਾ ਹੈ ਪਰ ਅੱਗ ਦਾ ਮਿਰਗ ਉਸਨੂੰ ਕੁੱਝ ਸੋਚਣ ਹੀ ਨਹੀਂ ਦਿੰਦਾ। ਅਜਿਹੀ ਸਥਿਤੀ ਵਿੱਚ ਤਾਂ, ਨੀਤਸ਼ੇ ਅਨੁਸਾਰ, ਦਿਲ ਨੂੰ ਕਾਬੂ ਕਰਨਾ ਬਣਦਾ ਹੈ ਕਿਉਂਕਿ ਦਿਲ ਦੇ ਜਾਣ ਨਾਲ਼ ਦਿਮਾਗ ਵੀ ਦੌੜ ਜਾਂਦਾ ਹੈ।

"One should hold one's heart; for when one letteth it go, how quickly doth one's head run away."[10]

ਮਨ ਦੀ ਬੇਕਾਬੂ ਅਵਸਥਾ ਵਿੱਚ ਲੂਣਾ ਨੂੰ ਬਾਗ਼-ਬਗੀਚੇ, ਮਹਿਲਾਂ ਦੀ ਛਾਂ ਕੁੱਝ ਵੀ ਚੰਗਾ ਨਹੀਂ ਲਗਦਾ। ਕਾਲਰਿਜ ਦਾ ਵਿਚਾਰ ਸਹੀ ਹੈ- ਮਨ ਦੀ ਖ਼ੁਸ਼ੀ ਨਾਲ਼ ਹੀ ਬਾਹਰਲੀ ਪ੍ਰਕਿਤਰੀ ਚੰਗੀ ਲਗਦੀ ਹੈ। ਈਰਾ ਲੂਣਾ ਨੂੰ ਸਮਝਾਉਂਦੀ ਹੈ ਕਿ ਪੂਰਨ ਉਸ ਲਈ ਵਿਵਰਜਤ ਅੱਗ ਹੈ। ਇਸ ਲਈ ਉਸ ਪਾਸੋਂ ਅੱਗ ਦੀ ਮੰਗ ਕਰਕੇ ਆਪਣੇ ਬਾਬਲ ਦੇ ਸਿਰ ਖੇਹ ਨਾ ਪਾ ਦਈਂ। ਇਉਂ ਚੰਬਾ

ਮੁਲਕ ਵੀ ਬਦਨਾਮ ਹੋਵੇਗਾ। ਪਰ ਲੂਣਾ ਦਾ ਕਹਿਣਾ ਹੈ ਹਾਣ ਨਾ ਲੱਭਕੇ ਬਾਬਲ ਨੇ ਉਸ ਨਾਲ਼ ਪਾਪ ਕਮਾਇਆ ਹੈ। ਲੂਣਾ ਚਰਿੱਤਰਹੀਣ ਨਹੀਂ। ਉਹ ਤਾਂ ਆਪਣਾ ਹਾਣ ਲੱਭ ਰਹੀ ਹੈ। ਸਲਵਾਨ ਤਾਂ ਉਸ ਦੇ ਬਾਬਲ ਵਰਗਾ ਹੈ। ਸਲਵਾਨ ਦੀ ਸੇਜ ਦੇ ਛਿਣ 'ਲੂਣਾ' 'ਚੋਂ ਲੂਣਾ' ਮਰ ਜਾਂਦੀ ਹੈ ਅਰਥਾਤ ਵਿਅਕਤਿਤਵਹੀਣ (Depersonalize) ਹੋ ਜਾਂਦੀ ਹੈ। ਲੂਣਾ ਦੀ ਹੋਂਦ (Being) ਗੁਆਚ ਜਾਂਦੀ ਹੈ। ਲੂਣਾ ਦਾ ਅਸਤਿਤਵਹੀਣ ਹੋਣਾ ਉਸਦੇ ਆਪਣੇ ਬੋਲਾਂ ਵਿੱਚ ਹੀ ਪੇਸ਼ ਹੈ :

ਮੇਰੇ ਸਿਰ ਦਾ,/ਉਤਲਾ ਅੰਬਰ ਤਿੜਕ ਚੁੱਕਾ ਹੈ
ਹੋਂਦ ਮੇਰੀ ਦਾ ਪੈਰ,/ ਚਿਰਾਂ ਤੋਂ ਥਿੜਕ ਚੁੱਕਾ ਹੈ
ਹੁਣ ਹੋਣੀ ਦੀ ਪੌਣ/ਉਡਾਈ ਫਿਰਦੀ ਹੈ
ਲੂਣਾ ਤੇ ਲੂਣਾ ਦੀ ਮਿੱਟੀ ਕਿਰਦੀ ਹੈ।[11]

ਈਰਾ 'ਈਡੀਪਸ ਕੰਪਲੈਕਸ' ਵੱਲ ਸੰਕੇਤ ਕਰਦੀ ਹੋਈ ਔਰਤ ਦੀ ਦਸ਼ਾ ਨੂੰ ਨਾ ਜਿਉਂਦਿਆਂ, ਨਾ ਮਰਿਆਂ ਵਿੱਚ ਸ਼ੁਮਾਰ ਕਰਦੀ ਹੈ। ਇਹ ਸੰਸਾਰ ਜਿਸ ਵਿੱਚ ਔਰਤ ਨੂੰ ਸੁੱਟਿਆ ਗਿਆ ਹੈ, ਇਸਦੀ ਤਥਾਤਮਕਤਾ (Facticity) ਵੱਲ ਈਰਾ ਇਉਂ ਇਸ਼ਾਰਾ ਕਰਦੀ ਹੈ:

ਇਹ ਧਰਤੀ, ਇੱਕ ਨਗਨ ਨਪੁੰਸਿਕ ਬਸਤੀ ਹੈ
ਏਥੇ ਰੋਟੀ ਮਹਿੰਗੀ,/ਨਾਰੀ ਸਸਤੀ ਹੈ।[12]

ਇਥੇ ਹਰ ਸ਼ੈ ਰੋਟੀ ਬਦਲੇ ਤੁਲਦੀ ਹੈ। ਹਰੇਕ ਲੂਣਾ ਰੋਟੀ ਖ਼ਾਤਰ ਗਿਰਵੀ ਹੈ। ਇਸ ਸੰਸਾਰ ਦਾ ਹਰ ਵਸਨੀਕ 'ਨਿਖੜਵੀਂ ਸ਼ਖ਼ਸੀਅਤ' (Unique personality) ਹੈ। ਈਰਾ ਦੀ ਸਿੱਖਿਆ ਹੈ ਕਿ ਲੂਣਾ ਆਪਣੇ ਅੰਦਰ ਦੀ ਲੂਣਾ (Conscience) ਨੂੰ ਮਾਰ ਲਵੇ, ਤਾਂ ਹੀ ਠੀਕ ਹੈ।

ਲੂਣਾ ਕਹਿੰਦੀ ਹੈ ਕਿ ਹਰ ਧੀ ਬਾਬਲ ਦੇ ਵਿਹੜੇ ਇੱਕ ਸੁਪਨਾ ਲੈਂਦੀ ਹੈ ਪਰ ਉਹ ਸੁਪਨਾ ਬਾਬਲ ਦੇ ਵਿਹੜੇ ਹੀ ਰਹਿ ਜਾਂਦਾ ਹੈ। ਉਹ ਆਪਣੇ ਸਵੈ ਨੂੰ ਪੂਰਨ ਦੇ ਅੰਗਾਂ ਦੀ ਖ਼ੁਸ਼ਬੋ ਕਹਿੰਦੀ ਹੈ। ਈਰਾ ਲੂਣਾ ਦੀ ਸੋਚ ਨੂੰ ਮ੍ਰਿਗਤ੍ਰਿਸ਼ਨਾ ਨਾਲ਼ ਤੁਲਨਾ ਦਿੰਦੀ ਹੈ ਕਿਉਂਕਿ ਇਸ ਸੰਸਾਰ ਵਿੱਚ ਹਰ ਅਸੰਤੁਸ਼ਟ ਕਾਮ ਸੰਤੁਸ਼ਟ ਕਾਮ 'ਤੇ ਮਰਦਾ ਹੈ।

ਏਨੇ ਨੂੰ ਉੱਥੇ ਪੂਰਨ ਵੀ ਪਹੁੰਚ ਜਾਂਦਾ ਹੈ ਅਤੇ ਈਰਾ ਉੱਥੋਂ ਚਲੀ ਜਾਂਦੀ ਹੈ। ਕੁੱਝ ਮੌਸਮ, ਇੰਦਰ ਦੇਵਤਾ ਆਦਿ ਬਾਰੇ ਅਪ੍ਰਤੀਬਿੰਬਤ ਚੇਤਨਾ (unreflected consciousness) ਅਨੁਸਾਰ ਇਧਰਲੀਆਂ ਉਧਰਲੀਆਂ ਗੱਲਾਂ ਮਾਰਨ ਤੋਂ ਬਾਅਦ ਲੂਣਾ ਪ੍ਰਤਿਬਿੰਬਤ ਚੇਤਨਾ (Reflected consciousness) ਵੱਲ ਪਰਤਦੀ ਹੋਈ ਪੂਰਨ ਪ੍ਰਤੀ ਆਪਣੀ ਇੱਛਾ ਦਾ ਇਜ਼ਹਾਰ ਕਰਦੀ ਹੈ।

ਅਜਿਹੀ ਸਥਿਤੀ ਬਾਰੇ ਜਾਂ ਪਾਲ ਸਾਰਤਰ ਦਾ ਕਹਿਣਾ ਹੈ।

"Desire is the desire to invite other's desire"[13]

ਇੱਥੇ ਉਹ Existential symbols ਰਾਹੀਂ ਆਪਣੀ ਮਾਨਸਿਕ ਭਾਵਨਾ ਦਾ ਇੰਜ ਪ੍ਰਗਟਾਵਾ ਕਰਦੀ ਹੈ :

ਉਸ ਕੁੜੀ ਦਾ,/ਆਪਣਾ ਹਾਣੀ,/ਓਸ ਕੁੜੀ ਨੂੰ ਮਾਂ ਹੈ ਕਹਿੰਦਾ/
ਉਸ ਕੁੜੀ ਦੇ, ਪਿਉ ਦਾ ਹਾਣੀ,/ਓਸ ਕੁੜੀ ਨੂੰ ਪਤਨੀ ਕਹਿੰਦਾ।[14]

ਪਰ ਇਸ ਗੱਲ ਦੇ ਜਵਾਬ ਵਿੱਚ ਪੂਰਨ ਉਸਨੂੰ ਮਾਂ ਤੋਂ ਬਿਨਾਂ ਹੋਰ ਕਿਵੇਂ ਸੰਬੋਧਨ ਕਰਨ ਬਾਰੇ ਪੁੱਛਦਾ ਹੈ ਤਾਂ ਲੂਣਾ ਦਾ ਦੂਹਰਾ ਕਿਰਦਾਰ (Double morality) ਖੋਟੇ ਨਿਸ਼ਚੇ (Bad faith) ਵਿੱਚ ਪ੍ਰਗਟ ਹੁੰਦਾ ਹੈ:

ਸਰਪ-ਦੁਫਾੜੀ ਜੀਭਾ ਵਾਕਣ
ਇਕ ਸੰਗ ਮੈਨੂੰ
ਮਾਂ ਮਾਂ ਆਖੇ
ਦੂਜੀ ਸੰਗ ਮਹਿਬੂਬਾ ਆਖੇ।[14]

ਪਰ ਪੂਰਨ ਉਸਨੂੰ 'ਮਮਤਾ' ਦਾ ਸਤਿਕਾਰ ਕਰਨ ਦੀ ਅਪੀਲ ਕਰਦਾ ਹੈ। ਇਸਦੇ ਉਲਟ ਲੂਣਾ ਉਸਦੇ ਮਿਲਾਪ ਤੋਂ ਪੈਦਾ ਹੋਣ ਵਾਲ਼ੇ ਬੱਚੇ ਦੇ ਸੰਭਾਵਿਤ ਸੁਪਨੇ ਵਿੱਚ ਮਮਤਾ ਵੇਖਦੀ ਹੈ। ਪੂਰਨ ਆਪਣੇ 18 ਵਰ੍ਹੇ ਦੇ ਇਕਲਾਪੇ ਅਤੇ ਬਾਹਰ ਆ ਕੇ ਪਿਤਾ ਦੀ ਕਰਤੂਤ ਦਾ ਰੋਣਾ ਰੋਂਦਾ ਹੈ। ਉਸਦਾ ਕਹਿਣਾ ਹੈ :

ਏਥੇ ਸਭ ਅਪੂਰਨ/ਪੂਰਨ ਕੋਈ ਨਹੀਂ
ਏਥੇ ਸਭ ਅਲੂਣੇ/ ਲੂਣਾ ਕੋਈ ਨਹੀਂ।[16]

ਭਾਵ ਕਿਸੇ ਦਾ ਵੀ ਅਸਤਿਤਵ ਕਦੇ ਸੰਪੂਰਨ ਨਹੀਂ ਹੁੰਦਾ। ਬੰਦਿਆਂ ਨੂੰ ਆਪਣੇ ਅਸਤਿਤਵ ਦੀ ਪਛਾਣ ਹੀ ਨਹੀਂ ਰਹਿੰਦੀ। 'ਹਰ ਕੋਈ ਆਪਣੇ/ਘਰ ਦਾ ਰਸਤਾ/ਹੋਰ ਕਿਸੇ ਤੋਂ ਪੁੱਛਣਾ ਚਾਹਵੇ/ਪਰ ਉਹ ਪੁੱਛਣੋਂ ਵੀ ਸ਼ਰਮਾਵੇ।[17]

ਪੂਰਨ ਅਨੁਸਾਰ ਇਸ ਦੁਨੀਆਂ 'ਚ ਕੋਈ ਕਿਸੇ ਨੂੰ ਪਿਆਰ ਨਹੀਂ ਕਰਦਾ- 'ਏਥੇ ਤਾਂ ਬੱਸ ਕਾਮ ਖ਼ੁਦਾ ਹੈ/ ਕਾਮ 'ਚ ਮੱਤੀ ਵਾ ਵਗਦੀ ਹੈ।[18]

Simon De Beauvoir ਠੀਕ ਹੀ ਤਾਂ ਕਹਿੰਦੀ ਹੈ, "A woman finds her dignity only in accepting her vassalage which is bed-service....."[19]

ਅਰਥਾਤ ਇੱਕ ਔਰਤ ਬਿਸਤਰੇ ਦੀ ਸੇਵਾ ਵਿੱਚ ਆਪਣੀ ਅਧੀਨਗੀ ਨੂੰ ਹੀ ਆਪਣੀ ਸ਼ਾਨ ਸਮਝਦੀ ਹੈ। ਇਸ ਅੰਕ ਵਿੱਚ ਲੂਣਾ ਆਪਣੇ ਆਪ ਨੂੰ 'ਦੰਮਾਂ ਬਦਲੇ' ਤੋਲੀ ਹੋਈ ਵਸਤੂ ਸਮਝਦੀ ਹੈ। ਇੰਜ ਉਹ ਸਬਜੈਕਟ ਨਹੀਂ ਸਗੋਂ

ਆਬਜੈਕਟ ਹੈ। ਇਸੇ ਅੰਕ ਵਿੱਚ ਮਾਂ ਕਹਿੰਦਾ ਕਹਿੰਦਾ ਪੂਰਨ ਉਸਨੂੰ ਲੂਣਾ ਨਾਂ ਨਾਲ਼ ਸੰਬੋਧਨ ਕਰਨ ਲੱਗਦਾ ਹੈ ਅਤੇ ਆਦਰਸ਼-ਪਿਆਰ ਦੀ ਪਰਿਭਾਸ਼ਾ ਸਮਝਾਉਂਦਾ ਹੈ ਪਰ ਲੂਣਾ ਨੂੰ ਤਾਂ ਕਾਮ ਦੀ ਤੜਪ ਹੈ। ਉਹ ਲੂਣਾ ਦੇ ਦੁੱਖ ਨੂੰ ਸਮਝਦਾ ਹੈ ਪਰ ਉਸ ਪਾਸ ਇਸਦਾ ਕੋਈ ਹੱਲ ਨਹੀਂ। ਪਰ ਲੂਣਾ ਪੂਰਨ ਦੀ ਅਸਹਿਮਤੀ ਕਾਰਨ ਬਦਲਾਖ਼ੋਰ ਹੋ ਜਾਂਦੀ ਹੈ।

ਛੇਵੇਂ ਕਾਂਡ ਵਿੱਚ ਲੂਣਾ ਅਤੇ ਰਾਜਾ ਸਲਵਾਨ ਸ਼ਾਹੀ ਬਾਗ਼ ਵਿੱਚ ਸ਼ਾਮ ਢਲੇ ਸੈਰ ਕਰ ਰਹੇ ਹਨ। ਇੱਥੇ ਵੀ ਪਹਿਲੋਂ ਪ੍ਰਕਿਰਤੀ ਚਿਤ੍ਰਣ ਹੈ। ਫਿਰ ਸਲਵਾਨ ਲੂਣਾ ਦੇ ਮਿਲਾਪ ਬਾਅਦ ਆਪਣੇ ਆਪ ਨੂੰ ਅਸਤਿਤਵਸ਼ੀਲ ਹੋਣ ਦਾ ਪ੍ਰਗਟਾਵਾ ਕਰਦਾ ਹੈ। ਏਨੇ ਨੂੰ ਗੋਲੀ ਪੂਰਨ ਦਾ ਖ਼ਤ ਲੈ ਕੇ ਆਉਂਦੀ ਹੈ ਜਿਸ ਵਿੱਚ ਦੂਰ ਚਲੇ ਜਾਣ ਦਾ ਸੰਕੇਤ ਕਰਦਾ ਹੈ। ਲੂਣਾ ਸਲਵਾਨ ਕੋਲ਼ ਪੂਰਨ ਦੀ ਸ਼ਿਕਾਇਤ ਕਰਦੀ ਹੋਈ ਧੱਕਾ ਕਰਨ ਦਾ ਦੋਸ਼ ਲਾਉਂਦੀ ਹੈ। ਸਲਵਾਨ ਕਰੋਧ ਵਿੱਚ ਆਉਂਦਾ ਹੈ। ਈਰਾ ਲੂਣਾ ਨੂੰ ਕਹਿੰਦੀ ਹੈ ਕਿ ਉਹ ਪਾਪ ਕਰ ਰਹੀ ਹੈ ਪਰ ਲੂਣਾ ਦਾ ਉੱਤਰ ਹੈ- 'ਪਾਪ ਦੀ ਮੁਕਤੀ ਲਈ/ਕਰਨਾ ਹੀ ਪੈਂਦਾ ਪਾਪ ਹੈ।[29]

ਲੂਣਾ ਆਪਣੇ ਅਸਤਿਤਵ ਨੂੰ ਬੁਲੰਦ ਕਰਦੀ ਹੋਈ ਕਹਿੰਦੀ ਹੈ 'ਹੈ ਪਾਪ ਜਿਉ ਨਾ ਮਾਨਣਾ/ਨਾ ਆਪ ਖ਼ੁਦ ਨੂੰ ਜਾਨਣਾ।[21]

ਉਹ ਦ੍ਰਿੜ੍ਹਤਾ ਨਾਲ਼ ਕਹਿੰਦੀ ਹੈ ਕਿ ਉਸਨੇ ਸੋਚ ਸਮਝਕੇ ਹੀ ਪੂਰਨ ਦੀ ਹੋਂਦ (Being) ਦੀ ਜੜ੍ਹ ਤੇ ਪੈਰ ਮਾਰਿਆ ਹੈ। ਉਸਦੀ ਪਾਕੀਜ਼ਗੀ ਵਿੱਚ ਦੋਸ਼ ਦਾ ਜ਼ਹਿਰ ਘੋਲਿਆ ਹੈ। ਇਸ ਦੋਸ਼ ਨਾਲ਼ ਉਸਦੀ ਹੋਂਦ (Existence) ਨੂੰ ਅਜਿਹੇ ਫੁੱਲ ਲੱਗਣਗੇ ਜੋ ਇਸ ਧਰਤ 'ਤੇ ਹਮੇਸ਼ਾ ਟਹਿਕਦੇ ਰਹਿਣਗੇ। ਲੂਣਾ ਨੂੰ ਲੋਕੀ ਭਾਵੇਂ ਗਾਲਾਂ ਦੇਣਗੇ ਪਰ ਪੂਰਨ ਨੂੰ ਪਿਆਰ ਦੇਣਗੇ। ਕੋਈ ਬਾਬਲ ਆਪਣੀ ਧੀ ਨੂੰ ਸਲਵਾਨਾਂ ਨੂੰ ਨਹੀਂ ਦਏਗਾ।

ਸਤਵੇਂ ਕਾਂਡ ਵਿੱਚ ਇੱਛਰਾ ਅਤੇ ਉਸਦਾ ਬਾਪ ਆਪਸ ਵਿੱਚ ਦੁੱਖ ਸਾਂਝਾ ਕਰਦੇ ਹਨ। ਸੁਨੇਹਾ ਪੁੱਜਦਾ ਹੈ ਕਿ ਇੱਛਰਾਂ ਆਪਣੇ ਪੁੱਤਰ ਨੂੰ ਆਖ਼ਰੀ ਵਾਰ ਮਿਲ ਲਵੇ ਕਿਉਂਕਿ ਰਾਜਾ ਉਸਨੂੰ ਮਾਰਨ ਨੂੰ ਫਿਰਦਾ ਹੈ।

ਅਠਵੇਂ ਕਾਂਡ ਵਿੱਚ ਖੁੱਲ੍ਹੇ ਮੈਦਾਨ ਵਿੱਚ ਭੀੜ ਜੁੜੀ ਹੋਈ ਹੈ। ਪੂਰਨ ਨਾਲ਼ ਨਿਪਟਣ ਲਈ ਜਲਾਦ ਤਿਆਰ ਖੜ੍ਹੇ ਹਨ। ਭੀੜ ਨੂੰ ਚੀਰਦੀ ਇੱਛਰਾਂ ਪੁੱਜਦੀ ਹੈ। ਪੁੱਛਦੀ ਹੈ- ਕੀ ਉਸਦਾ ਪੁੱਤਰ ਪੂਰਨ, ਅਪੂਰਨ ਹੈ ? ਪੂਰਨ ਕਹਿੰਦਾ ਹੈ, ਹਾਂ ਮੈਂ ਅਪੂਰਨ ਹਾਂ। ਪਰ ਇਸ ਸੰਸਾਰ ਵਿੱਚ ਅਪੂਰਨ ਹੀ ਪੂਰਨ ਹਨ। ਹੇਠ ਲਿਖੀ ਪੰਕਤੀ ਵਿਚਾਰਨਯੋਗ ਹੈ :

ਏਥੇ ਜਿਸਦੀ ਹੋਂਦ ਹੈ
ਉਸਦੀ ਹੋਂਦ ਨਹੀਂ।[22]

ਅਰਥਾਤ ਇਥੇ ਜੋ Being ਹੈ, ਉਹ ਹੀ Nothing ਹੈ। ਮਾਂ ਇੱਛਰਾਂ ਤਾਂ ਉਸਨੂੰ ਕਿਸੇ ਬਹੁਤ ਸੋਹਣੀ ਲੜਕੀ ਨਾਲ਼ ਵਿਆਹਣ ਦਾ ਸੁਪਨਾ ਲਈ ਬੈਠੀ ਸੀ। ਇੱਛਰਾਂ ਪੂਰਨ ਨੂੰ ਇਸ ਗੁਨਾਹ ਤੋਂ ਮੁਕਰਨ ਲਈ ਸਲਾਹ ਦਿੰਦੀ ਹੈ। ਪਰ ਪੂਰਨ ਇਸ ਧਰਤੀ ਤੇ ਬੰਦਿਆਂ ਦੀ ਅਪ੍ਰਮਾਣਿਕ ਹੋਂਦ (Inauthentic existence) ਵੱਲ ਸੰਕੇਤ ਕਰਦਾ ਹੈ :

ਏਥੇ ਹਰ ਕੋਈ,
ਆਪਣੀ ਨਜ਼ਰੋਂ ਇਉਂ ਡਿਗ ਜਾਏ
ਕਿ ਸਾਨੂੰ ਆਪਣਾ ਆਪ,
ਨਾ ਆਪਣੇ ਕੋਲ ਬਿਠਾਏ
ਸਾਥੋਂ ਸਾਡਾ ਆਪਣਾ ਆਪ
ਨਜ਼ਰ ਬਚਾਏ
ਸਾਥੋਂ ਸਾਡਾ ਭੇਤ ਛੁਪਾਏ।[23]

ਇੰਜ ਪੂਰਨ ਸੰਸਾਰ ਦੀ ਹੋਂਦ ਨੂੰ ਨਿਰਰਥਕ (Absurd) ਕਹਿੰਦਾ ਹੈ :-

ਮਿੱਟੀ ਨੂੰ ਬਸ ਮਿੱਟੀ ਖਾਏ
ਮਿੱਟੀ ਨੂੰ ਮਿੱਟੀ ਪਰਨਾਏ
ਮਿੱਟੀ ਗਰਭਵਤੀ ਹੋ ਜਾਏ
ਮਿੱਟੀ ਜੰਮੇ ਤੇ ਮਰ ਜਾਏ।[24]

ਜੀਵਨ ਦੇ ਰਾਹ ਦੀ ਭਟਕਣ ਨੂੰ ਉਹ ਲੂਣਾ ਦਾ ਨਾਂ ਦਿੰਦਾ ਹੈ। ਅਜਿਹੀ ਸੰਸਾਰਿਕ ਭਟਕਣ ਜਿਸ ਵਿੱਚ ਖਚਿਤ ਹੋ ਕੇ ਬੰਦਾ ਆਪਣੇ ਅਸਤਿਤਵ ਤੋਂ ਪਤਿਤ ਹੋ ਜਾਂਦਾ ਹੈ।

ਐਲਬੇਅਰ ਕਾਮੂ ਕਹਿੰਦਾ ਹੈ ਕਿ ਮਰਕੇ ਬੰਦਾ ਉਹ ਕੁੱਝ ਬਣ ਜਾਂਦਾ ਹੈ ਜੋ ਉਹ ਪਹਿਲਾਂ ਨਹੀਂ ਹੁੰਦਾ। ਪੂਰਨ ਮਰਕੇ ਇੱਕ ਐਸਾ ਅਸਤਿਤਵੀ ਚਿੰਨ੍ਹ **(Existential symbol)** ਬਣਨਾ ਚਾਹੁੰਦਾ ਹੈ ਤਾਂ ਕਿ ਉਸ ਚਿੰਨ੍ਹ ਤੋਂ ਅਗਵਾਈ ਪ੍ਰਾਪਤ ਕਰਕੇ ਲੋਕੀ ਰਾਹੋਂ ਭਟਕਣ ਤੋਂ ਬਚ ਜਾਣ। ਕੋਈ ਸਲਵਾਨ ਲੂਣਾ ਨੂੰ ਨਾ ਅਪਣਾ ਸਕੇ। ਕੋਈ ਧੀ ਬਾਬਲ ਦੇ ਵਿਹੜੇ ਪਰਤਕੇ ਨਾ ਜਾਏ ਅਤੇ ਕੋਈ ਲੂਣਾ ਪਰਾਏ ਅੰਗਾਂ ਦੀ ਝਾਕ ਨਾ ਰੱਖੇ। ਕੋਈ ਪੈਸੇ ਬਦਲੇ ਕਿਸੇ ਦੀ ਇੱਜ਼ਤ ਨਾ ਲੁੱਟੇ। ਮੁੜ ਕਿਸੇ ਪੂਰਨ ਦੇ ਅੰਗ ਨਾ ਕੱਟੇ ਜਾਣ। ਮੁੜ ਪੂਰਨ ਦਾ 'ਸਵੈ' ਉਸਦੇ ਹੀ 'ਸਵੈ' ਤੋਂ ਨਾ ਡਰੇ। ਧਰਤੀ ਦੇ ਹਰ ਬੰਦੇ ਅਤੇ ਹਰ ਔਰਤ ਦਾ ਆਪੋ-ਆਪਣਾ ਪ੍ਰਮਾਣਿਕ ਅਸਤਿਤਵ ਹੋਵੇ।

*ਅਧਿਆਇ ਦਸਵਾਂ*

# ਖ਼ਾਨਾਬਦੋਸ਼

ਖ਼ਾਨਾਬਦੋਸ਼ ਅਜੀਤ ਕੌਰ ਦੀ ਸਵੈਜੀਵਨੀ ਹੈ ਜੋ ਪਹਿਲੀ ਵਾਰ 1982 ਈ: ਵਿੱਚ ਪ੍ਰਕਾਸ਼ਿਤ ਹੋਈ। ਇਸ ਤੋਂ ਪਹਿਲਾਂ ਅੰਮ੍ਰਿਤਾ ਪ੍ਰੀਤਮ 1976 ਈ: ਵਿੱਚ ਰਸੀਦੀ ਟਿਕਟ ਸਵੈਜੀਵਨੀ ਲਿਖ ਚੁੱਕੀ ਸੀ। ਇੰਜ ਹੀ 1980 ਈ: ਵਿੱਚ ਦਲੀਪ ਕੌਰ ਟਿਵਾਣਾ ਨੇ ਆਪਣੀ ਦਾਸਤਾਂ ਪੇਸ਼ ਕੀਤੀ। ਖ਼ਾਨਾਬਦੋਸ਼ ਪੰਜਾਬੀ ਸਾਹਿਤ ਵਿੱਚ ਕਿਸੇ ਔਰਤ ਦੁਆਰਾ ਲਿਖੀ ਤੀਸਰੀ ਸਵੈਜੀਵਨੀ ਹੈ। ਔਰਤਾਂ ਦੀਆਂ ਸਵੈਜੀਵਨੀਆਂ ਵਿੱਚ ਪਹਿਲੀਆਂ ਦੋ ਸਵੈਜੀਵਨੀਆਂ ਦੇ ਨਾਲ਼ ਨਾਲ਼ ਅਸਤਿਤਵਵਾਦੀ ਦ੍ਰਿਸ਼ਟੀ ਤੋਂ ਖ਼ਾਨਾਬਦੋਸ਼ ਦਾ ਵਿਸ਼ੇਸ਼ ਮਹੱਤਵ ਹੈ।

ਅਜੀਤ ਕੌਰ ਦੇ ਬਚਪਨ ਦਾ ਅਧਿਐਨ ਕਰਦਿਆਂ ਪਤਾ ਚਲਦਾ ਹੈ ਕਿ ਉਸਦਾ ਜਨਮ ਅਤੇ ਪਾਲਨ-ਪੋਸ਼ਣ ਮਨਾਹੀ (ਟੈਬੂ) ਭਰੇ ਸਮਾਜ ਵਿੱਚ ਹੋਇਆ। ਉਂਜ ਤਾਂ ਅੱਜ ਵੀ ਸਮਾਜ ਵਿੱਚ ਬਹੁਤਾ ਪਰਿਵਰਤਨ ਨਹੀਂ ਆਇਆ ਪਰ ਉਦੋਂ ਪਾਬੰਦੀਆਂ ਕੁੱਝ ਜ਼ਿਆਦਾ ਹੀ ਸਨ, ਮਸਲਨ :

(ੳ) 'ਕੁੜੀਆਂ ਨਹੀਂ ਚਿੱਕਾਂ ਤੋਂ ਬਾਹਰ ਝਾਕਦੀਆਂ।'[1]

(ਅ) 'ਕੋਠੇ 'ਤੇ ਜਾ ਕੇ ਨਹੀਂ ਖੇਡਣਾ।'[2]

(ੲ) 'ਉਤਲਾ ਕੋਠਾ ਮੇਰੇ ਲਈ ਵਰਜਿਤ ਸੀ।'[3]

(ਸ) 'ਕੁੜੀਆਂ ਨਹੀਂ ਖਾਂਦੀਆਂ ਪਰੌਂਠੇ।'[4]

(ਹ) 'ਮੇਰਾ ਘਰ ਇਹ ਧੁਰ ਉਤਲਾ ਕੋਠਾ ਹੀ ਸੀ।'
ਅਗਲਾ ਛੱਜਾ ਸੜਕ ਵੱਲ, ਜਿਦ੍ਹੇ ਵੱਲ
....ਚਿੱਕਾਂ ਲਟਕਦੀਆਂ ਰਹਿੰਦੀਆਂ।[5]

(ਕ) 'ਦੂਜਿਆਂ ਦੇ ਘਰਾਂ ਵੱਲ ਏਸ ਤਰ੍ਹਾਂ ਨਹੀਂ
ਵੇਖੀਦਾ, ਤਾੜ ਤਾੜ ਕੇ।'[6]

(ਖ) 'ਏਸ ਤਰ੍ਹਾਂ ਨਹੀਂ, ਮੇਲਿਆਂ ਵਿੱਚ ਗਾਨੀਆਂ
ਗਲ ਪਾਈਦੀਆਂ। ਘਰ ਜਾ ਕੇ ਪਾਵੀਂ।'[7]

(ਗ) 'ਕੁੜੀ ਵੱਡੀ ਹੋ ਗਈ ਏ। ਮੇਲਿਆਂ ਵਿੱਚ
ਲਿਜਾਣ ਦਾ ਕੀ ਕੰਮ?' [8]

(ਘ) ਬੀ ਜੀ ਨੇ ਚੁੰਨੀ ਲੈਣ ਨੂੰ ਆਪਣੇ ਕਾਨਸੀਚਿਊਸ਼ਨ ਵਿੱਚ ਸ਼ਾਮਲ ਕਰ ਲਿਆ।'[9]

(ਙ) ਜਿੰਨੇ ਮਹੀਨੇ ਅਸੀਂ ਜਲੰਧਰ ਰਹੇ, 'ਮੇਰਾ ਘਰ', ਇਹੀ ਅੰਦਰਲੀ ਕੋਠੜੀ ਸੀ।[10]

(ਚ) ਬੀ ਜੀ ਦੀ ਨਜ਼ਰ ਹਰ ਵੇਲੇ ਮੇਰੀ ਨਿਗਰਾਨੀ ਰੱਖਦੀ।[11]

ਅਜਿਹਾ ਹੀ ਵਿਤਕਰਾ ਅਜੀਤ ਕੌਰ ਨੇ ਗੁਆਂਢ ਦੀ ਇੱਕ ਲੜਕੀ 'ਮੂੰਆਂ' ਦੀ ਮੌਤ ਸਮੇਂ ਵੇਖਿਆ। ਅਜੀਤ ਕੌਰ ਦਾ ਡਾਕਟਰ ਪਿਤਾ ਉਸਨੂੰ ਦੱਸਦਾ ਹੈ ਕਿ ਜੇ 'ਮੂੰਆਂ' ਕੁੜੀ ਦੀ ਥਾਂ ਮੁੰਡਾ ਹੁੰਦਾ ਤੇ ਹਜ਼ਾਰਾਂ ਰੁਪਏ ਰੋੜ੍ਹ ਵੀ ਦਿੰਦੇ। ਕੁੜੀ ਵਾਸਤੇ......। ਹਜ਼ਾਰਾਂ ਰੁਪਏ ਖ਼ਰਚ ਕਰਕੇ ਬਚਾ ਵੀ ਲੈਂਦੇ, ਤਾਂ ਅੱਗੋਂ ਵਿਆਹ ਕਿਹੜਾ ਸੌਖਾ ਸੀ।[12]

ਉਪਰੋਕਤ ਵਿਵਰਣ ਦਾ ਭਾਵ ਇਹ ਹੈ ਕਿ ਅਜੀਤ ਕੌਰ ਨੂੰ ਆਪਣੇ ਪਰਿਵਾਰ ਅਤੇ ਸਮੇਂ ਦੇ ਸਮਾਜ ਤੋਂ ਅਜਿਹੀ ਤਥਾਤਮਕਤਾ (Facticity) ਪ੍ਰਾਪਤੀ ਹੋਈ; ਅਜਿਹੀ ਤਥਾਤਮਕਤਾ ਵਿੱਚੋਂ ਹੀ ਸ਼ਾਇਦ ਉਸਦੇ ਮਨ ਵਿੱਚ ਵਿਦਰੋਹ ਦੀ ਸੁਰ ਉਪਜੀ।

ਕਈ ਵਾਰੀ ਮਨੁੱਖੀ ਜੀਵਨ ਵਿੱਚ ਅਜਿਹਾ ਵੀ ਤਾਂ ਹੁੰਦਾ ਹੈ ਕਿਸੇ ਦੀ ਆਖੀ ਹੋਈ ਮਾਮੂਲੀ ਗੱਲ ਨੂੰ ਸਹੀ ਸੰਦਰਭ ਵਿੱਚ ਨਾ ਸਮਝਕੇ ਬੰਦਾ ਆਪਣੀ ਜੂਨ ਬਰਬਾਦ ਕਰ ਲੈਂਦਾ ਹੈ। ਕਾਲਜ ਪੜ੍ਹਦਿਆਂ ਅਜੀਤ ਦੇ ਜੀਵਨ ਵਿੱਚ ਪ੍ਰੋ: ਬਲਦੇਵ ਆਇਆ। ਉਹ ਉਸਦੇ ਮਾਪਿਆਂ ਦੇ ਵੀ ਪਸੰਦ ਆਇਆ ਪਰ ਉਹ ਆਈ.ਏ.ਐਸ. ਕਰਨ ਲੱਗ ਪਿਆ। ਅਜੀਤ ਦੇ ਮਾਪੇ ਵਿਆਹ ਲਈ ਕਾਹਲੇ ਪੈ ਗਏ। ਬਲਦੇਵ ਨੇ ਲਿਖ ਦਿੱਤਾ ਕਿ ਠੀਕ ਹੈ ਵਿਆਹ ਕਰਵਾ ਲੈਂਦਾ ਹੈ, ਜੇ ਤੂੰ ਵੀ ਇਹੀ ਚਾਹਨੀ ਏਂ, ਤਾਂ ਠੀਕ ਏ।' (ਪੰਨਾ 59) ਇਸ ਗੱਲ ਤੇ ਅਜੀਤ ਨੂੰ ਗੁੱਸਾ ਆ ਗਿਆ। ਇਸ ਵਿੱਚ ਅਜੀਤ ਨੇ ਆਪਣੇ ਅਸਤਿੱਤਵ ਦੀ 'ਤੌਹੀਨ' ਮਹਿਸੂਸ ਕੀਤੀ। ਇਹ ਸਾਂਝ ਸਮਾਪਤ ਹੋਈ ਤਾਂ ਉਸਦਾ ਵਿਆਹ ਕਰਨਾਲ਼ ਵਿਖੇ ਡਾ. ਰਾਜਿੰਦਰ ਸਿੰਘ ਨਾਲ਼ ਕਰ ਦਿੱਤਾ ਗਿਆ। ਅਜੀਤ ਦੀ ਕੁੱਖੋਂ ਦੋ ਧੀਆਂ ਜੰਮੀਆਂ। ਉਹ ਮੁੰਡਾ ਨਾ ਜੰਮ ਸਕੀ। ਇਸਦਾ ਦੋਸ਼ੀ ਉਸਨੂੰ ਠਹਿਰਾਇਆ ਗਿਆ। ਉਂਜ ਵੀ ਸਹੁਰੇ ਘਰ ਵਿਖੇ ਅਜੀਤ 'ਤੇ ਹਮੇਸ਼ਾ ਹੀ ਤਾਹਨਿਆਂ, ਮਿਹਣਿਆਂ ਦੀ ਤਲਵਾਰ ਲਟਕਦੀ ਰਹਿੰਦੀ ਸੀ :

> ਰਸੋਈ ਵਿੱਚ ਜਾਵਾਂ ਤਾਂ ਨਨਾਣ ਕਹਿੰਦੀ ਸੀ, ਨਹੀਂ, ਤੁਹਾਡੀ ਬਣੀ ਹੋਈ ਸਬਜ਼ੀ ਵਿੱਚ ਰਸ ਨਹੀਂ ਰਹਿੰਦਾ। ਜੇ ਨਾ ਜਾਵਾਂ ਤਾਂ ਸੱਸ ਛਿੱਬੀਆਂ ਦੇਂਦੀ ਸੀ। ਜਿੱਥੇ ਵੀ ਬੈਠਾਂ, ਲੱਗਦਾ

ਸੀ ਉਥੇ ਮੈਂ ਫ਼ਾਲਤੂ ਆਂ। [13]

ਫਲਸਰੂਪ ਅਜੀਤ ਸਹੁਰਿਆਂ ਦਾ ਘਰ ਛੱਡਕੇ ਖ਼ਾਨਬਦੋਸ਼ ਬਣ ਗਈ। ਉਹ ਵਰਕਿੰਗ ਗਰਲਜ਼ ਹੋਸਟਲ ਵਿੱਚ ਆ ਗਈ। ਇੱਥੇ ਆ ਕੇ ਉਸਨੇ ਸੁਤੰਤਰਤਾ ਮਹਿਸੂਸ ਕੀਤੀ। ਕਾਰਜਕਾਰੀ ਪ੍ਰਿੰਸੀਪਲ ਦੇ ਨਾਲ਼ ਨਾਲ਼ ਉਸਨੇ 'ਰੂਪੀ ਟ੍ਰੇਡ' ਪਰਚਾ ਸ਼ੁਰੂ ਕਰ ਲਿਆ। ਇਨ੍ਹਾਂ ਦਿਨਾਂ ਵਿੱਚ ਉਹ ਇੱਕ ਰਾਜਨੀਤਿਕ ਦੇ ਮਕਾਨ ਵਿੱਚ ਕਿਰਾਏ ਤੇ ਰਹਿਣ ਲੱਗੀ। ਇਤਨੇ ਵਿੱਚ ਡਾਇਰੈਕਟਰੀ ਆਫ਼ ਇੰਡੀਅਨ ਵੂਮੈਨ ਟੂਡੇ' ਛਪ ਗਈ ਜਿਸਦਾ ਫਾਰਵਾਰਡ ਇੰਦਰਾ ਗਾਂਧੀ ਨੇ ਲਿਖਿਆ ਸੀ ਅਤੇ ਇਹ ਉਸੇ ਨੂੰ ਸਮਰਪਿਤ ਸੀ। ਮਾਲਕ ਮਕਾਨ ਨਾਲ਼ ਝਗੜਾ ਖੜ੍ਹਾ ਹੋਇਆ ਜੋ ਮੁਸ਼ਕਲ ਨਾਲ਼ ਨਿਬੇੜਿਆ। ਸੰਕਟ ਭਰੀਆਂ ਸਥਿਤੀਆਂ ਵਿੱਚ ਅਜੀਤ ਕੌਰ ਆਪਣੇ ਅਸਤਿੱਤਵ ਨੂੰ ਗੁਨਾਹਿ (Guilt) ਦੇ ਅਸਤਿਤਵੀ ਚਿੰਨ੍ਹ (Existential symbol) ਰਾਹੀਂ ਇੰਜ ਪੇਸ਼ ਕਰਦੀ ਹੈ

ਗੁਨਾਹਿ ਅੱਵਲ – ਔਰਤ ਹੋਣਾ
ਗੁਨਾਹਿ ਦੋਮ – ਇਕੱਲੀ ਔਰਤ
ਗੁਨਾਹਿ ਸੋਮ – ਇਕੱਲੀ,ਤੇ ਆਪਣੀ ਰੋਟੀ ਆਪ ਕਮਾਂਦੀ ਔਰਤ।
ਗੁਨਾਹਿ ਅਜ਼ੀਮ – ਤਰੀਨ – ਆਪਣੀ ਰੋਟੀ ਆਪ ਕਮਾਂਦੀ, ਜ਼ਹੀਨ, ਖ਼ੁਦਦਾਰ, ਇਕੱਲੀ ਔਰਤ, ਇਸ ਦੇਵਤਿਆਂ ਦੇ ਮੁਲਕ ਹਿੰਦੁਸਤਾਨ ਵਿੱਚ।........

ਇੱਕ ਹੋਰ ਗੁਨਾਹ......ਆਪਣੀਆਂ ਕਦਰਾਂ ਨਾਲ਼ ਜੀਣਾ,
ਤਣ ਕੇ ਜੀਣਾ, ਖ਼ੁਦਦਾਰੀ ਨਾਲ਼ ਜੀਣਾ, ਤੇ ਬਾਕੀ ਦੁਨੀਆਂ
ਦੀਆਂ ਕਦਰਾਂ ਕੀਮਤਾਂ ਨਾਲ਼- ਜੇ ਮਨ ਹੁੰਗਾਰਾ ਨਾ ਭਰੇ
ਤਾਂ ਸਮਝੌਤਾ ਨਾ ਕਰਨਾ।[14]

ਅਸਤਿੱਤਵਵਾਦੀ ਦ੍ਰਿਸ਼ਟੀਕੋਨ ਅਨੁਸਾਰ ਉਪਰੋਕਤ ਵਿਵਰਣ ਦਾ ਬੜਾ ਮਹੱਤਵ ਹੈ। ਪ੍ਰਮਾਣਿਕ ਅਸਤਿੱਤਵ ਵਾਲ਼ੀ ਸ਼ਖ਼ਸੀਅਤ ਚਾਪਲੂਸੀ ਵਾਲ਼ੀ ਜਾਂ ਹਾਂ ਜੀ, ਹਾਂ ਜੀ ਕਰਨ ਵਾਲੀ ਨਹੀਂ ਹੁੰਦੀ। ਚਾਪਲੂਸੀ ਵਿੱਚ ਸੁਖ ਹੈ, ਨਾਂਹ ਕਹਿਣ ਵਿੱਚ ਦੁੱਖ ਹੈ। ਪਰ ਨਾਂਹ ਉਦੋਂ ਹੀ ਕਹਿਣੀ ਹੈ ਜੇ ਕੋਈ ਗੱਲ ਗ਼ਲਤ ਹੈ। ਇਸ ਸੰਬੰਧ ਵਿੱਚ ਨਿਕੋਲਸ ਬਰਦੀਏਵ (Nicolas Berdyaev) ਲਿਖਦਾ ਹੈ :-

Personality is not only capable of experiencing suffering but in a certain sense personality is suffering. The struggle to achieve personality and its consolidation are a painful process. The self- realization of personality pre- supposes resistance; it demands a conflict with the enslaving power of the world, a

refusal to conform to the world. Refusal of personality, acquiescence in dissolution in the surrounding world can lessen the suffering, and man easily goes that way. Acquiescence in slavery diminishes suffering, refusal increases.[15]

Pain in the human world is the birth of personality.

ਅਰਥਾਤ ਸ਼ਖ਼ਸੀਅਤ ਨਾ ਕੇਵਲ ਦੁੱਖ ਨੂੰ ਅਨੁਭਵ ਹੀ ਕਰਦੀ ਹੈ, ਸਗੋਂ ਵਿਸ਼ੇਸ਼ ਅਰਥਾਂ ਵਿੱਚ ਸ਼ਖ਼ਸੀਅਤ ਦੁੱਖ ਹੀ ਤਾਂ ਹੈ। ਸ਼ਖ਼ਸੀਅਤ ਨੂੰ ਪ੍ਰਾਪਤ ਕਰਨ ਦਾ ਸੰਘਰਸ਼ ਅਤੇ ਇਸ ਨੂੰ ਪਕੇਰਿਆਂ ਕਰਨ ਦੀ ਪ੍ਰਕਿਰਿਆ ਹੀ ਕਸ਼ਟਦਾਇਕ ਹੈ। ਸ਼ਖ਼ਸੀਅਤ ਦੀ ਪੂਰਵ-ਧਾਰਣਾ ਹੀ ਵਿਰੋਧ ਹੈ। ਇਹ ਗ਼ੁਲਾਮ ਕਰਨ ਵਾਲੀ ਸ਼ਕਤੀ ਨਾਲ਼ ਦੋ ਹੱਥ ਕਰਨ ਦੀ ਮੰਗ ਕਰਦੀ ਹੈ। ਇਹ ਸੰਸਾਰ ਨਾਲ਼ ਸਹਿਮਤੀ ਤੋਂ ਇਨਕਾਰੀ ਹੁੰਦੀ ਹੈ। ਸੰਸਾਰਕ ਮਾਹੌਲ ਨਾਲ਼ ਸਹਿਮਤ ਹੋ ਕੇ ਦੁੱਖ ਘਟਦਾ ਹੈ। ਇਸ ਮਾਰਗ 'ਤੇ ਚੱਲਕੇ ਬੰਦਾ ਸੌਖਾ ਰਹਿੰਦਾ ਹੈ। ਗ਼ੁਲਾਮੀ ਨਾਲ਼ ਇੱਕ-ਸੁਰ ਹੋਣ 'ਤੇ ਪੀੜ ਘਟਦੀ ਹੈ। ਮਨੁੱਖੀ ਸੰਸਾਰ ਵਿੱਚ ਪੀੜ ਨਾਲ਼ ਹੀ ਸ਼ਖ਼ਸੀਅਤ ਜਨਮ ਧਾਰਦੀ ਹੈ।

ਸੰਸਾਰ ਵਿੱਚ ਬਹੁਤੇ ਲੋਕ ਭੇਡ-ਚਾਲ ਦਾ ਜੀਵਨ ਜਿਉਂਦੇ ਹਨ। ਭੇਡ-ਚਾਲ ਕਦੇ ਵੀ ਪ੍ਰਮਾਣਿਕ ਅਸਤਿੱਤਵ ਦੀ ਜਨਮ-ਦਾਤੀ ਨਹੀਂ ਹੋ ਸਕਦੀ। ਜਿਵੇਂ ਸੁਰਜੀਤ ਪਾਤਰ ਕਹਿੰਦਾ ਹੈ, "ਮੈਂ ਰਾਹਾਂ 'ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ," ਇਹ ਪ੍ਰਮਾਣਿਕ ਅਸਤਿੱਤਵ ਦੀ ਉਦਾਹਰਨ ਹੈ।

ਸਪਸ਼ਟ ਹੈ ਕਿ ਦੁੱਖਾਂ ਨੇ ਅਜੀਤ ਦੀ ਸ਼ਖ਼ਸੀਅਤ ਇਉਂ ਘੜ ਦਿੱਤੀ ਕਿ ਜੇ ਉਸਨੂੰ ਕੋਈ ਗੱਲ ਗ਼ਲਤ ਲਗਦੀ ਹੈ ਤਾਂ ਉਹ ਸਪਸ਼ਟ ਨਾਂਹ ਕਹਿਣ ਤੋਂ ਸੰਕੋਚ ਨਹੀਂ ਕਰਦੀ।

ਇੰਟਰਨੈਸ਼ਨਲ ਟਰੇਡ ਫ਼ੇਅਰ 1972 ਸਮੇਂ ਪੰਜਾਬ ਸਰਕਾਰ ਦੇ ਸਪੈਸ਼ਲ ਸੈਕਟਰੀ ਸ੍ਰੀ ਬਾਗਲਾ ਦੇ ਮੁਕਾਬਲੇ ਹਰਿਆਣਾ ਸਰਕਾਰ ਦੇ ਐਸ.ਕੇ. ਮਿਸ਼ਰਾ ਦੀ ਫ਼ੈਸਲਾ (Decision) ਲੈਣ ਦੀ ਯੋਗਤਾ ਦੀ ਅਜੀਤ ਕੌਰ ਪ੍ਰਸ਼ੰਸਾ ਕਰਦੀ ਹੈ। ਅਸਤਿੱਤਵਵਾਦ ਵਿੱਚ 'ਫ਼ੈਸਲੇ ਦੀ ਯੋਗਤਾ' ਦਾ ਹੀ ਮਹੱਤਵ ਹੈ। ਅਜੀਤ ਕੌਰ ਲਿਖਦੀ ਹੈ :-

*ਤੇ ਫ਼ੈਸਲਾ ਲੈਣ ਵਾਲਾ ਬੰਦਾ ਆਪਣੀ ਜ਼ਿੰਮੇਵਾਰੀ ਨੂੰ ਕਬੂਲ ਕਰਨੋਂ ਤ੍ਰਹਿੰਦਾ ਨਹੀਂ। ਇੱਕ ਅਜੀਬ ਸੁਮੇਲ ਜਿਸ ਵਿੱਚ ਆਪਣੀ ਸਮਰੱਥਾ ਦਾ ਵੀ ਅਹਿਸਾਸ ਹੋਵੇ, ਤੇ ਜ਼ਿੰਮੇਵਾਰੀ ਦਾ ਅਹਿਤਮਾਦ ਵੀ। ਇਹੋ ਜਿਹਾ ਲਾਜਵਾਬ ਬੰਦਾ ਸੀ ਇਹ ਐਸ.ਕੇ. ਮਿਸ਼ਰਾ।* [16]

ਮਿਸ਼ਰਾ ਨੇ ਰੁਪੀ ਟਰੇਡ ਲਈ ਇਸ਼ਤਿਹਾਰ ਦੇਣ ਦਾ ਫ਼ੈਸਲਾ ਹਸਪਤਾਲ ਵਿੱਚ ਬਿਮਾਰ ਪਏ ਨੇ ਹੀ ਮੀਟਿੰਗ ਬੁਲਾਕੇ ਕਰ ਲਿਆ ਸੀ। ਭੁਗਤਾਨ ਤੁਰੰਤ ਕੀਤਾ ਜਦੋਂ ਕਿ ਪੰਜਾਬ ਨੇ 1972-73 ਦਾ ਭੁਗਤਾਨ ਸ਼ਾਇਦ 1975 ਵਿੱਚ ਕੀਤਾ।

ਪਰ ਅਜੀਤ ਕੌਰ ਪ੍ਰੋ: ਬਲਦੇਵ ਸਿੰਘ ਨਾਲ਼ ਸ਼ਾਦੀ ਕਰਵਾਉਣ ਸਮੇਂ ਅਤੇ ਆਪਣੇ ਹਉਮੈਂ ਅਧੀਨ ਉਸਨੂੰ ਠੁਕਰਾਉਣ ਸਮੇਂ ਗ਼ਲਤ ਫ਼ੈਸਲਾ ਲੈ ਬੈਠੀ। ਡਾ. ਰਾਜਿੰਦਰ ਸਿੰਘ ਅਤੇ ਉਸਦੇ ਪਰਿਵਾਰ ਵੱਲੋਂ ਤਾਂ ਠੁਕਰਾ ਹੀ ਦਿੱਤੀ ਗਈ। ਇਸੇ ਭਟਕਣ, ਨਿਰਾਸ਼ਾ ਦੇ ਆਲਮ ਵਿੱਚ ਉਸਨੂੰ ਓਮ ਪ੍ਰਕਾਸ਼ ਪਬਲਿਸ਼ਰ ਜਲੰਧਰ ਨੇ ਆਪਣੇ ਨੇੜੇ ਕਰ ਲਿਆ। ਅਜੀਤ ਨੇ ਕਿੰਨੇ ਹੀ ਵਰ੍ਹੇ ਉਸਦੇ ਸਾਥ ਵਿੱਚ ਗੁਜ਼ਾਰੇ। ਅਜੀਤ ਨੇ ਓਮਾ ਨਾਲ਼ ਦੀਵਾਨਗੀ ਦੀ ਚਰਮ-ਸੀਮਾ ਤੱਕ ਮੁਹੱਬਤ ਕੀਤੀ। ਉਸਦੀਆਂ ਮਿੱਠੀਆਂ ਚੋਪੜੀਆਂ ਗੱਲਾਂ ਵਿੱਚ ਆ ਗਈ। ਉਹ ਝੂਠ ਬੋਲਿਆ ਕਿ ਉਹ ਆਪਣੀ ਪਤਨੀ ਨੂੰ ਤਲਾਕ ਦੇ ਦੇਵੇਗਾ। ਅਜੀਤ ਨੂੰ ਇਸ ਗੱਲ ਦੀ ਪੂਰੀ ਸਮਝ ਸੀ :

*ਔਰਤ ਭਾਵੇਂ ਕਿੰਨੀ ਵੀ ਫ਼ਰਾਖ-ਦਿਲ ਕਿਉਂ ਨਾ ਹੋਵੇ, ਆਪਣੇ ਮਰਦ ਦੇ ਰਸਤੇ ਵਿੱਚ ਖੜੋਣ ਵਾਲੀ ਹਰ 'ਦੂਜੀ ਤੀਵੀਂ' ਉਸਦੀ ਛਾਤੀ 'ਤੇ ਸਿਲ-ਪੱਥਰ ਬਣਕੇ ਬੈਠੀ ਹੁੰਦੀ ਏ।* [17]

ਸਵਿੰਦਰ ਦਾ ਆਲ੍ਹਣਾ ਵੀ ਅਜੀਤ ਤੋਂ ਟੁੱਟਿਆ ਜੋ ਬਲਦੇਵ ਦੀ ਪਹਿਲੀ ਮੰਗ ਸੀ। ਬਲਦੇਵ ਦੀ ਪਤਨੀ ਸਤਵੰਤ ਸਿਲ-ਪੱਥਰ ਅਜੀਤ ਨੂੰ ਸਮਝਦੀ ਸੀ ਜੋ ਪਰ੍ਹਾਂ ਹੋ ਗਈ ਸੀ। ਓਮ ਪ੍ਰਕਾਸ਼ ਦੀ ਜਲੰਧਰ ਬੈਠੀ ਪਤਨੀ ਬਾਰੇ ਅਜੀਤ ਅਜਿਹਾ ਕਿਉਂ ਨਾ ਸੋਚ ਸਕੀ ? ਅਜਿਹੀ ਸਿਲ-ਪੱਥਰ ਉਸ ਉੱਪਰ ਉਦੋਂ ਵੀ ਤਾਂ ਡਿੱਗੀ ਸੀ ਜਦੋਂ ਸਹੁਰੇ ਘਰ ਕਰਨਾਲ਼ ਦੀਆਂ ਪੰਜ ਸੱਤ ਗੁਆਂਢਣਾਂ ਨੇ ਉਹਦਾ ਪਹਿਲੇ ਦਿਨ ਘੁੰਡ ਚੁੱਕ ਕੇ ਵੇਖਦਿਆਂ ਕਿਹਾ ਸੀ :-

'ਲੈ, ਉਹਦੇ ਨਾਲ਼ੋਂ ਤੇ ਦਸ ਗੁਣਾਂ ਵੱਧ ਸੋਹਣੀ ਏ ਇਹ।'

ਤੇ ਅਜੀਤ ਦੇ ਮਨ ਵਿੱਚ ਆਇਆ ਸੀ :-

'ਉਹਦੇ ਨਾਲ਼ੋਂ ? ਕੀਹਦੇ ਨਾਲ਼ੋਂ ?[18]

ਅਜੀਤ ਕੌਰ ਨੂੰ ਇਹ ਵੀ ਤਾਂ ਪਤਾ ਸੀ ਕਿ 46 ਵਰ੍ਹਿਆਂ ਦਾ ਓਮਾ ਜ਼ਾਇਕਾ ਬਦਲਣ ਲਈ ਹੀ ਇਸ਼ਕ ਕਰਦਾ ਸੀ। ਉਹ ਇੱਕ ਟਾਈਪਿਸਟ ਨੂੰ ਵੀ ਪਿਆਰ ਕਰਦਾ ਸੀ। ਲੇਖਿਕਾ ਨੂੰ ਇਤਨੀ ਵੀ ਚੇਤਨਾ ਸੀ :-

*ਤੇ ਮੇਰਾ ਪੱਧਰ ਚਾਹੇ ਕੁਝ ਵੀ ਹੋਵੇ, ਉਸ ਟਾਈਪਿਸਟ*
*ਨਾਲ਼ ਰਲਣੋਂ ਮੈਨੂੰ ਇਕਦਮ ਇਨਕਾਰ ਸੀ।* [19]

ਲੇਖਿਕਾ ਖ਼ੁਦ ਸਵੀਕਾਰ ਕਰਦੀ ਹੈ ਕਿ ਉਹ ਓਮਾ ਅੱਗੇ ਅਸਤਿੱਤਵਹੀਣ (Fallen-entity) ਇਸ ਕਰਕੇ ਹੋਈ ਕਿ ਆਪਣੀਆਂ ਕਿਤਾਬਾਂ ਹਿੰਦੀ ਅਤੇ ਅੰਗਰੇਜ਼ੀ ਵਿੱਚ ਛਪਵਾਉਣ ਦਾ ਲਾਲਚ ਕਰ ਗਈ।

ਦਰਅਸਲ ਅਜੀਤ ਕੌਰ ਦੁਚਿੱਤੀ ਕਾਰਨ ਹੀ ਖੋਟੇ ਨਿਸ਼ਚੇ (Bad faith) ਦਾ ਸ਼ਿਕਾਰ ਹੋ ਗਈ। ਲਿਖਦੀ ਹੈ :-

*'ਮੈਂ ਓਮਾ ਨਾਲ਼ ਸੌਣਾ ਨਹੀਂ ਸਾਂ ਚਾਹੁੰਦੀ ਪਰ ਉਹਨੂੰ*
*ਗੁਆਣਾ ਵੀ ਨਹੀਂ ਸਾਂ ਚਾਹੁੰਦੀ।*[20]

ਜਾਂ ਪਾਲ ਸਾਰਤਰ (Jean-Paul Sartre) ਆਪਣੀ ਪੁਸਤਕ Being and Nothing P.96 ਤੇ ਅਜਿਹੀ ਹੀ ਸਥਿਤੀ ਦੀ ਪਕੜ ਵਿੱਚ ਆਈ, ਇੱਕ ਔਰਤ ਦੀ ਉਦਾਹਰਨ ਦਿੰਦਾ ਹੈ। ਪ੍ਰੇਮੀ ਤੇ ਪ੍ਰੇਮਿਕਾ ਇੱਕ ਮੇਜ਼ ਤੇ ਆਹਮੋ-ਸਾਹਮਣੇ ਬੈਠੇ ਹਨ। ਪ੍ਰੇਮਿਕਾ ਪ੍ਰੇਮੀ ਦੀਆਂ ਉਸ ਪ੍ਰਤੀ ਭਾਵਨਾਵਾਂ ਨੂੰ ਸਮਝਦੀ ਹੋਈ ਵੀ ਨਾ ਸਮਝਣ ਦਾ ਵਿਖਾਵਾ ਕਰਦੀ ਹੈ। ਪ੍ਰੇਮੀ ਨੇ ਉਸਦਾ ਹੱਥ ਆਪਣੇ ਹੱਥ ਵਿੱਚ ਲਿਆ ਹੋਇਆ ਹੈ। ਹੱਥ ਪ੍ਰੇਮੀ ਦੇ ਹੱਥਾਂ ਵਿੱਚ ਹੈ। Sartre says, "The hand rests inert between the warm hands of her companion – neither consenting nor resisting- a thing." Sartre concludes, "we shall say that this woman is in bad faith."

ਬੰਬਈ ਵਿਖੇ ਬੜੀ ਉਤਸੁਕਤਾ ਨਾਲ਼ ਰੰਡੀਆਂ ਦੇ ਕੋਠਿਆਂ ਤੇ ਓਮਾ ਅਤੇ ਗੌਤਮ ਨਾਲ਼ ਘੁੰਮਦੀ ਹੈ ਅਤੇ ਜੇ ਕੋਈ ਪੁੱਛੇ ਕਿ ਇਹ ਔਰਤ ਕਿਉਂ ਨਾਲ਼ ਹੈ ਤਾਂ ਉਨ੍ਹਾਂ ਪਾਸੋਂ ਕਹਾਉਣਾ ਚਾਹੁੰਦੀ ਹੈ :-

*'ਕੋਈ ਪੁੱਛੇ ਤਾਂ ਕਹਿ ਦੇਣਾ, ਇਹ ਵੀ ਇਹੀ ਕੰਮ*
*ਕਰਨਾ ਚਾਹੁੰਦੀ ਏ, ਏਸ ਕਰਕੇ ਆਪਣੇ ਲਈ*
*ਕੋਈ ਚੰਗਾ ਜਿਹਾ ਕੋਨਾ ਲੱਭ ਰਹੀ ਏ।*[22]

ਫਿਰ ਓਮਾ ਕਹਿੰਦਾ ਹੈ ਕਿ ਇਹ ਕੋਠੇ ਦੋ ਘੜੀਆਂ ਦਾ ਜੀਆ ਪਰਚਾਵਾ ਕਰਨ ਲਈ ਉਸਨੇ ਪਹਿਲਾਂ ਵੀ ਦੇਸ਼-ਵਿਦੇਸ਼ ਵਿੱਚ ਵੇਖੇ ਹਨ ਪਰ ਉਸਨੂੰ ਜਾਪਦਾ ਸੀ ਜਿਵੇਂ ਮਕਬਰਿਆਂ ਵਿੱਚ ਘੁੰਮ ਰਿਹਾ ਹੋਵੇ। ਅਜੀਤ ਸਮਝ ਹੀ ਨਹੀਂ ਸਕੀ ਕਿ ਓਮਾ ਦੀਆਂ ਸਾਰੀਆਂ ਗੱਲਾਂ Bad faith ਵਾਲੀਆਂ ਹਨ। ਓਮਾ ਨਾਲ਼ ਗੁਜ਼ਾਰੇ ਸੱਤਾਂ ਵਰ੍ਹਿਆਂ ਵਿੱਚ ਉਹ ਸੱਤਰ, ਸੱਤ ਸੌ, ਸੱਤ ਸਦੀਆਂ ਅਤੇ ਸੱਤ ਜਨਮਾਂ ਦੀ ਵਿੰਭਿੰਨ ਪੱਖਾਂ ਤੋਂ ਪ੍ਰਾਪਤੀ ਸਮਝਦੀ ਹੈ।

ਦਰਅਸਲ ਓਮਾ ਦੇ ਮਿਲਾਪ ਨਾਲ਼ ਅਜੀਤ ਦੀ ਇਕੱਲਤਾ (loneliness) ਨੂੰ ਕੁੱਝ ਰਾਹਤ ਅਵੱਸ਼ ਮਿਲਦੀ ਹੈ। ਕਿਉਂਕਿ ਉਸਨੂੰ ਮਕਬਰੇ ਵਰਗੀ ਸੁੰਨਸਾਨ (Solitude) ਹਮੇਸ਼ਾ ਤੰਗ ਕਰਦੀ ਸੀ। ਪਰ ਜਿਸ ਦਿਨ ਸੁਰਿੰਦਰ (ਓਮਾ

ਦਾ ਪੁੱਤਰ) ਵੀ ਉਸੇ ਘਰ ਵਿੱਚ ਆਪਣੀ ਮਾਂ ਦਾ ਸੁਨੇਹਾ ਲੈ ਕੇ ਆ ਗਿਆ। ਉਸ ਦਿਨ ਅਜੀਤ ਦੀਆਂ ਅੱਖਾਂ ਸਾਹਵੇਂ ਸੱਚ ਸਾਕਾਰ ਹੋ ਉੱਠਦਾ ਹੈ :-

*"ਕਮਲੀ ਨਾ ਬਣ! ਸੁਰਿੰਦਰ ਆ ਗਿਆ ਏ ਹੁਣ।*
*ਮੇਰਾ ਏਥੇ ਰਹਿਣ ਦਾ ਵੀ ਕੀ ਫ਼ਾਇਦਾ ਏ ?*

"ਫ਼ਾਇਦਾ ? ਯਨੀ ਸਿਰਫ਼ ਮੇਰੇ ਨਾਲ਼ ਸੌਣ ਦਾ ਫ਼ਾਇਦਾ ਹੋਣਾ ਚਾਹੀਦਾ ਏ, ਤਾਂ ਹੀ ਏਥੇ ਰਹੋਗੇ ? ਬਾਣੀਏ।" [23]

ਓਮਾ ਅਜੀਤ ਨੂੰ ਹੌਲ਼ੀ ਬੋਲਣ ਲਈ ਕਹਿੰਦਾ ਹੈ ਮਤੇ ਸੁਰਿੰਦਰ ਸੁਣ ਲਵੇ। ਓਮਾ ਦੇ ਜਲੰਧਰ ਜਾਣ ਦੇ ਫ਼ੈਸਲੇ ਨਾਲ਼ ਅਜੀਤ ਨੂੰ ਆਪਣਾ ਅਸਤਿੱਤਵ ਗੁਆਚਿਆ ਪ੍ਰਤੀਤ ਹੁੰਦਾ ਹੈ :-

*ਤੇ ਉਹਦਾ ਏਸ ਤਰ੍ਹਾਂ ਜਾਣ ਦਾ ਫ਼ੈਸਲਾ ਕਰ ਲੈਣਾ, ਮੈਨੂੰ*
*ਲੱਗਾ, ਮੇਰੀ ਹਤਕ ਸੀ। ਮੈਂ ਉਸ ਔਰਤ ਦੇ ਮੁਕਾਬਲੇ*
*ਛੋਟੀ ਹੋ ਰਹੀ ਸਾਂ, ਜਿਹੜੀ ਜਲੰਧਰ ਰਹਿੰਦੀ ਸੀ,* [24]

ਤੇ ਹੁਣ ਓਮਾ ਦੇ ਝੂਠ (Bad faith) ਦਾ ਪਰਦਾ ਫ਼ਾਸ਼ ਹੋ ਜਾਂਦਾ ਹੈ ਜਿਹੜਾ :-

*ਕਿਹਾ ਕਰਦਾ ਸੀ, ਤੂੰ ਇੱਕ ਵਾਰ ਮੇਰੀਆਂ ਬਾਹਾਂ*
*ਵਿੱਚ ਸਮਾ ਜਾ, ਤੇ ਮੈਨੂੰ ਆਪਣਾ ਪਿਆਰ*
*ਦੇ ਦੇਹ, ਮੈਂ ਤੇਰੇ ਨਾਲ਼ ਹੀ ਬਾਕੀ ਜ਼ਿੰਦਗੀ*
*ਬਿਤਾਵਾਂਗਾ, ਓਸ ਔਰਤ ਨੂੰ ਤਲਾਕ ਦੇ ਦਿਆਂਗਾ।* [25]

ਹੁਣ ਸੁਰਿੰਦਰ ਕਹਿੰਦਾ ਹੈ ਕਿ ਪਿਤਾ ਜੀ ਜ਼ਰੂਰ ਜਾਣਗੇ ਕਿਉਂਕਿ ਮਾਤਾ ਜੀ ਨੇ ਉਨ੍ਹਾਂ ਨੂੰ ਬੁਲਾਇਆ ਹੈ। ਅਜੀਤ ਸੋਚਦੀ ਹੈ ਕਿ ਉਹ ਓਮਾ ਦੀ ਰਖੇਲ ਬਣਕੇ ਨਹੀਂ ਰਹਿ ਸਕਦੀ, ਕਿਉਂਕਿ :

*ਜ਼ਿੰਦਾਂ ਤਾਂ ਮੈਂ ਆਪਣੀਆਂ ਹੀ ਸ਼ਰਤਾਂ ਤੇ ਰਹਿਣਾ ਸੀ।*
*ਜਿਉਣਾ ਵੀ ਆਪਣੇ ਸਟਾਈਲ ਨਾਲ਼ ਹੀ।*
*ਖ਼ੁਦਦਾਰੀ ਨਾਲ਼। ਆਪਣੀ ਰੋਟੀ ਆਪ ਕਮਾਕੇ।* [26]

ਸਹਿਜੇ ਸਹਿਜੇ ਉਸ ਨੂੰ ਚਾਨਣ ਹੁੰਦਾ ਹੈ ਕਿ :-

(ੳ) ਓਮਾ ਨੂੰ ਆਪਣੇ ਨਾਂ ਨਾਲ਼ ਮੇਰਾ ਨਾਂ ਜੋੜਕੇ
ਕਿਧਰੇ ਵੀ ਲਿਖਿਆ ਜਾਣਾ ਮਨਜ਼ੂਰ ਨਹੀਂ ਸੀ। [27]

(ਅ) ਮੈਂ ਜਿਵੇਂ ਕੋਈ ਐਂਟਿਟੀ ਹੀ ਨਹੀਂ। ਕੁਰਸੀ ਹਾਂ, ਜਾਂ
ਮੇਜ਼, ਜਿਵੇਂ ਜੀਅ ਕੀਤਾ, ਵਰਤ ਲਿਆ। ਜਿੱਥੇ ਜੀਅ

ਕੀਤਾ, ਲੱਦ ਕੇ ਲੈ ਗਏ। (ਭਾਵ ਇਨਸਾਨ ਨਹੀਂ ਵਸਤੂ) [28]

(ੲ) 'ਤੇ ਜੇ ਮੈਂ ਫ਼ੈਸਲਾ ਕਰ ਲਵਾਂ ਕਿ ਤੁਹਾਡੇ ਨਾਲ਼, ਤੁਹਾਡੇ
ਘਰ ਜਾ ਕੇ ਰਵਾਂਗੀ।'
'ਰਹਿ ਲੈ ਮੇਰੇ ਨਾਲ਼। ਰਹਿ ਮੇਰੇ ਘਰ। ਉਹ ਆਪੇ
ਤੈਨੂੰ ਵੇਲਣਾ ਲੈ ਕੇ ਬਾਹਰ ਕੱਢ ਦੇਵੇਗੀ।
ਇਉਂ ਓਮਾ ਦੇ ਲਫ਼ਜ਼ਾਂ ਵਿੱਚ, ਉਹਦੀ ਆਵਾਜ਼ ਵਿੱਚ,
ਇੱਕ ਕੋਰਾ, ਬੇਗਾਨਾ ਤੇ ਕਮੀਨਗੀ ਨਾਲ਼ ਭਰਿਆ
ਚੈਲੇਂਜ ਸੀ। ਇੱਕ ਨੰਗੀ ਵੰਗਾਰ। [29]

(ਸ) ਮੈਨੂੰ ਸਾਫ਼ ਸਮਝ ਆ ਰਹੀ ਸੀ ਕਿ ਇਹਨੇ ਵੀ ਧੋਖਾ ਕੀਤਾ ਏ।
ਇਹ ਮਰਦ, ਫ਼ਾਲਤੂ ਤੀਵੀਂ, ਜਿਹੜੀ ਕਮਬਖ਼ਤ ਬੀਵੀ ਵੀ ਨਹੀਂ... [30]

(ਹ) ਜੇ ਮੈਂ ਬੀਵੀ ਹੁੰਦੀ, ਤਾਂ ਸਾਰੀ ਦੁਨੀਆਂ ਦੀ
ਹਮਦਰਦੀ ਮੇਰੇ ਨਾਲ਼ ਹੁੰਦੀ, 'ਵਿਚਾਰੀ'
ਕਿੰਜ ਆਪਣੇ ਖਾਵੰਦ ਨੂੰ ਲੱਭਦੀ ਫਿਰਦੀ ਏ। [31]

(ਕ) ਇੱਕ ਕੁਰਸੀ ਵਾਂਗੂੰ, ਜਾਂ ਪੱਥਰ ਵਾਂਗੂੰ ਜਾਂ ਮਿੱਟੀ ਦੇ ਢੇਰ ਵਾਂਗੂੰ ਮੈਂ ਉਥੇ ਬੈਠੀ ਸਾਂ। [32]
(ਇਹੋ ਹੀ ਔਰਤ ਦਾ ਮਨੁੱਖੀ ਹੱਥਾਂ ਵਿੱਚ ਵਸਤੂ ਬਣਨਾ ਹੈ)

(ਖ) ਇਹ ਤਾਂ ਦੁੱਖ ਤੇ ਸੁੱਖ, ਦੋਹਾਂ ਦੀ ਅਣਹੋਂਦ ਸੀ। [33] (Nothingness)

ਸ਼ਾਇਦ ਅਜਿਹੀ ਦਸ਼ਾ ਵਿੱਚ ਅਵਸਥਾ ਵਿੱਚ Joseph Conard ਨੇ ਔਰਤ ਬਾਰੇ ਲਿਖਿਆ ਹੋਣੈ :-

Being a woman is terribly difficult task, since it consists principally in dealing with man. [34]

ਇਸੇ ਨੁਕਤੇ ਨੂੰ ਸਪਸ਼ਟ ਕਰਦਿਆਂ ਸਾਈਮਨ ਡੀ ਬੋਵੇਰ Simon de Beauvoir ਨੇ ਆਪਣੀ ਪੁਸਤਕ The Second Sex ਵਿੱਚ ਲਿਖਿਆ ਹੈ :-

Throughout human history man has occupied the role of self, the subject, the absolute, the free being. He sees woman as the object, the deviation, the inessential. She has value as a sexual partner but not as an independent identity.[35]

ਅਰਥਾਤ ਸਾਰੇ ਮਨੁੱਖੀ ਇਤਿਹਾਸ ਵਿੱਚ ਆਦਮੀ ਹਾਵੀ ਰਿਹਾ ਹੈ ਅਤੇ ਔਰਤ ਨੂੰ ਕੇਵਲ ਕਾਮੁਕ ਵਸਤੂ ਸਮਝਦਾ ਰਿਹਾ ਹੈ।

ਓਮਾ ਇੱਕ ਐਸ਼-ਪ੍ਰਸਤ ਅਸਤਿਤਵ ਵਾਲਾ ਵਿਅਕਤੀ ਸਿੱਧ ਹੁੰਦਾ ਹੈ। ਉਸਦਾ ਆਪਣੀ ਪਤਨੀ ਨਾਲ਼ ਧੋਖਾ ਕਰਕੇ ਅਜੀਤ ਵੱਲ ਝੁਕਣਾ, ਜ਼ਾਇਕਾ

ਬਦਲਣ ਦੇ ਸਮਾਨ ਹੀ ਪ੍ਰਤੀਤ ਹੁੰਦਾ ਹੈ। ਅਜਿਹੀ ਸਥਿਤੀ ਵਿੱਚ ਬੌਵੇਰ ਦੇ ਸ਼ਬਦ ਉੱਲੇਖਨੀਯ ਹਨ :-

To ask two spouses bound by practical, social and moral ties to satisfy each other sexually for their whole lives is pure absurdity.[36]

ਅਰਥਾਤ ਉਸ ਦੰਪਤੀ ਜੋੜੇ ਨੂੰ ਜੋ ਅਮਲੀ ਤੌਰ 'ਤੇ ਸਮਾਜਿਕ ਅਤੇ ਨੈਤਿਕ ਬੰਧਨ ਵਿੱਚ ਬੱਝਾ ਹੋਇਆ ਹੈ, ਇਹ ਪੁੱਛਣਾ ਕਿ ਤੁਸੀਂ ਸਾਰੀ ਆਯੂ ਇੱਕ ਦੂਜੇ ਨੂੰ ਕਾਮੁਕ ਤੌਰ ਤੇ ਸੰਤੁਸ਼ਟ ਕਰਦੇ ਰਹੋ, ਇੱਕ ਫ਼ਜ਼ੂਲ ਗੱਲ ਹੈ।

ਘਟਨਾ ਕਿਰਿਆ ਵਿਗਿਆਨ ਅਨੁਸਾਰ (Phenomenologically) ਕਿਸੇ ਅਸਤਿੱਤਵ ਦੀ ਜਾਣਕਾਰੀ ਲਈ ਕੁੱਝ ਹੋਰ ਨੁਕਤੇ ਵੀ ਵਿਚਾਰਨਯੋਗ ਹੁੰਦੇ ਹਨ। ਇਨ੍ਹਾਂ ਵਿੱਚੋਂ ਇੱਕ ਨੁਕਤਾ ਜੀਵੰਤ ਸਮੇਂ (Lived Time) ਅਤੇ ਘੜੀ ਸਮੇਂ (Clock Time) ਨਾਲ਼ ਸੰਬੰਧਤ ਹੈ। ਸੁਖ ਦਾ ਸਮਾਂ ਛੇਤੀ ਬੀਤਦਾ ਹੈ। ਦੁੱਖ ਦੀ ਘੜੀ ਜਾਂ ਉਡੀਕ ਦੀ ਘੜੀ ਬੀਤਣ ਵਿੱਚ ਹੀ ਨਹੀਂ ਆਉਂਦੀ। ਇਸ ਸਵੈ-ਜੀਵਨੀ ਵਿੱਚੋਂ ਅਜਿਹੇ ਸਮੇਂ ਦੀਆਂ ਕੁੱਝ ਉਦਾਹਰਨਾਂ ਵੇਖੀਆਂ ਜਾ ਸਕਦੀਆਂ ਹਨ :-

(ੳ) ਕੈਂਡੀ ਦੇ ਅੱਗ ਵਿੱਚ ਸੜਨ ਦੀ ਸੂਚਨਾ ਮਿਲਦੀ ਹੈ। ਅਰਪਨਾ ਬੇਦੀ ਅਤੇ ਅਜੀਤ ਕੌਰ ਕੱਜਨ ਦੇ ਫੋਨ ਦਾ ਇੰਤਜ਼ਾਰ ਕਰ ਰਹੀਆਂ ਹਨ – 'ਵਕਤ ਤੁਰ ਹੀ ਨਹੀਂ ਰਿਹਾ,'[37]

(ਅ) ਅਜੀਤ ਕੌਰ ਲਈ ਏਥੋਂ ਫਰੈਂਕਫਰਟ/ਫਰੈਂਕਫਰਟ ਤੋਂ ਪੈਰਿਸ ਦਾ ਸਫ਼ਰ ਅਸੀਮ ਸਮਿਆਂ 'ਤੇ ਫੈਲ ਗਿਆ ਸੀ।[38]

(ੲ) ਲੀਓ ਦੇ ਹਸਪਤਾਲ ਵਿਖੇ-ਜੁਗਾਂ ਜਿੱਡੇ ਲੰਬੇ ਚਿਰ ਮਗਰੋਂ ਇੱਕ ਦਰਵਾਜ਼ੇ ਦਾ ਸਿਰਫ਼ ਉਤਲਾ ਹਿੱਸਾ ਖੁਲ੍ਹਿਆ,[39]

(ਸ) ਹਾਂ ਦੋਸਤੋ, ਮੈਂ ਅਜੇ ਤੱਕ ਉਨ੍ਹਾਂ ਬੈਂਚਾਂ ਤੇ ਬੈਠੀ ਹਾਂ, ਲੀਓ ਦੀ ਕਬਰਗਾਹ ਵਿੱਚ ਪਏ ਬੈਂਚਾਂ ਉੱਤੇ,[40]

(ਹ) ਪਰ ਅੱਜ ਜਦੋਂ ਮੈਂ ਵਾਪਸ ਮੁੜਕੇ ਵੇਖਦੀ ਹਾਂ, ਤਾਂ ਉਹ ਡੇਢ ਦੋ ਸਾਲ ਫੈਲ ਕੇ ਜ਼ਿੰਦਗੀ ਦੀ ਪੂਰੀ ਲੰਬਾਈ ਚੌੜਾਈ ਤੇ ਖਿਲਰ ਜਾਂਦੇ ਹਨ। (ਪ੍ਰੋ: ਬਲਦੇਵ ਸੰਗ ਗੁਜ਼ਾਰਿਆ ਸਮਾਂ)[41]

(ਕ) ਅਜੇ ਤੇ ਪਿਛਲੇ ਮਿੰਟ ਤਿੰਨ ਵਜੇ ਸਨ, ਚਾਰ ਕਿਸ ਤਰ੍ਹਾਂ ਵਜ ਗਏ? ਅੱਖ ਝਮਕਣ ਤੋਂ ਪਹਿਲਾਂ ਤੇ ਅਜੇ ਚਾਰ ਸਨ, ਅੱਖ ਝਮਕਦਿਆਂ ਹੀ ਪੰਜ ਕਿਸ ਤਰ੍ਹਾਂ ਵੱਜ ਗਏ ?[42]

(ਖ) ਪਾਲ ਦੀ ਨਜ਼ਰ ਬਚਾਕੇ ਮੈਂ ਘੜੀ ਵੱਲ ਤੱਕ ਲੈਂਦੀ ਸਾਂ।

ਵਕਤ ਸੀ ਕਿ ਗੁਜ਼ਰ ਨਹੀਂ ਸੀ ਰਿਹਾ। ਮਹਿਜ਼ ਰੀਂਗ ਰਿਹਾ ਸੀ। ਲੱਗਾ
ਇੱਕ ਸਦੀ ਗੁਜ਼ਰ ਗਈ ਸੀ ਜਦੋਂ ਬਾਹਰ ਕਾਲ ਬੈੱਲ ਵੱਜੀ।[43]

ਅਜੀਤ ਕੌਰ ਦੀ ਪਿਆਰੀ ਬੇਟੀ ਕੈਂਡੀ ਦੀ ਮੌਤ ਵੀ ਇੱਕ ਅਸਤਿੱਤਵੀ ਵਰਤਾਰਾ (Existential death) ਹੈ, ਇਹ ਕੁਦਰਤੀ ਮੌਤ (Natural death) ਨਹੀਂ ਹੈ। ਪ੍ਰਿੰ: ਤੇਜਾ ਸਿੰਘ ਦੀ ਬੇਟੀ ਮਾਨਾਂ ਦੀ ਮੌਤ ਉਸ ਦੀਆਂ ਅੱਖਾਂ ਸਾਹਵੇਂ ਹੋਈ। ਇਵੇਂ ਸੁਰਜੀਤ ਸਿੰਘ ਸੇਠੀ ਦੀ ਪਤਨੀ ਮਨੋਹਰ ਦੀ। ਸਵੈਜੀਵਨੀ ਸਾਹਿਤ ਵਿੱਚ ਇਹ ਤੇ ਹੋਰ ਅਜਿਹੀਆਂ ਮੌਤਾਂ ਦਰਦ ਭਰੀਆਂ ਹਨ। ਹਾਈਡਿਗਰ ਅਨੁਸਾਰ ਬੰਦੇ ਨੂੰ ਮੌਤ ਦੀ ਸੰਭਾਵਨਾ ਵਿੱਚ ਸੁੱਟਿਆ ਗਿਆ ਹੈ। ਮੌਤ ਬੰਦੇ ਦੀ ਸੰਭਾਵਨਾ ਹੈ। ਪਰ ਸਾਰਤਰ ਦਾ ਕਹਿਣਾ ਹੈ ਕਿ ਮੌਤ ਬੰਦੇ ਦੀ ਸੰਭਾਵਨਾ ਨਹੀਂ, ਸਗੋਂ ਸੰਭਾਵਨਾ ਦਾ ਅੰਤ ਹੈ। ਬੰਦੇ ਦੀ ਹੋਂਦ ਹੀ Being-unto death ਹੈ। ਇਸ ਸੰਭਾਵਨਾ ਦੇ ਪੂਰੇ ਹੋਣ ਦਾ ਸਮਾਂ ਅਗਿਆਤ ਹੈ। ਮੌਤ ਲਈ ਤਾਂ ਬੰਦਾ ਹਰ ਸਮੇਂ ਬੁੱਢਾ ਹੈ। ਕੈਂਡੀ ਕੇਵਲ 21 ਵਰ੍ਹਿਆਂ ਦੀ ਸੀ।

ਸਾਰਤਰ ਦਾ ਇੱਕ ਹੋਰ ਅਸਤਿੱਤਵੀ ਨੁਕਤਾ ਹੈ-ਭੋਇ (Ground) ਅਤੇ ਆਕਾਰ (Figure) ਕਿਸੇ ਸਥਾਨ ਤੇ ਕਿੰਨੇ ਵੀ ਲੋਕ ਕਿਉਂ ਨਾ ਹੋਣ ਪਰ ਕੇਵਲ ਆਪਣੇ ਮਨ-ਪਸੰਦ ਬੰਦੇ ਨਾਲ਼ ਹੀ ਕੋਈ ਮਹਿਫ਼ਲ ਅਰਥਵਾਨ ਬਣਦੀ ਹੈ। ਮਸਲਨ :-

ਹਜ਼ਾਰਾਂ ਹੀ ਲੋਕ ਸਨ..... ਸਟੇਜ ਦੇ ਸਾਹਮਣੇ ਬੈਠੇ ਬਹੁਤ
ਸਾਰੇ ਖ਼ਾਸ ਮਹਿਮਾਨ ਸਨ ਪਰ ਮੈਨੂੰ ਸਿਰਫ਼ ਬਲਦੇਵ ਦਾ ਮੂੰਹ
ਨਜ਼ਰ ਆ ਰਿਹਾ ਸੀ।[44]

ਇੰਜ ਸਾਰੀ ਗਰਾਉਂਡ ਆਪਣੇ ਪਿਆਰੇ ਦੀ ਫਿਗੂਰ ਨੂੰ ਹੀ ਉਭਾਰਦੀ ਹੈ।

ਅਜੀਤ ਕੌਰ ਦੇ ਸਾਰੇ ਜੀਵਨ ਦੀ ਭਟਕਣ ਦਾ ਕੇਂਦਰ ਬਿੰਦੂ (Kernel code) ਉਸਦੀ ਕੇਵਲ ਇੱਕ ਗ਼ਲਤ ਸੋਚ ਵਿੱਚ ਨਿਹਿਤ ਹੈ- "ਲੱਗਾ ਕਿ ਆਉਣ ਵਾਲੇ ਸਾਲਾਂ ਵਿੱਚ ਬਲਦੇਵ ਹਮੇਸ਼ਾ ਇਹੀ ਕਿਹਾ ਕਰੇਗਾ, 'ਤੂੰ ਹੀ ਤੇ ਚਾਹਦੀਂ ਸੀ ਇਹ। ਇਸ ਕਰਕੇ ਗੱਡੀ ਨੂੰ ਚਲਾਣ ਦੀ ਜ਼ਿੰਮੇਵਾਰੀ ਤੇਰੀ ਹੀ ਏ।"[45] ਇਸ ਗਲ਼ਤ-ਸੋਚ ਦੇ ਸੱਚ ਨੂੰ ਲੇਖਿਕਾ ਖ਼ੁਦ ਸਵੀਕਾਰਦੀ ਹੈ :-

"ਤੁਸੀਂ ਜ਼ਰੂਰ ਕਹੋਗੇ, 'ਬੇਵਕੂਫ਼ ਔਰਤ।" ਅਰੇ, ਤੁਸਾਂ ਤਾਂ ਅੱਜ ਕਿਹਾ ਏ ਦੋਸਤੋ, ਮੈਂ ਤਾਂ ਪਿਛਲੇ ਪੰਝੀਆਂ ਵਰ੍ਹਿਆਂ ਤੋਂ ਇਹੀ ਕਹਿ ਰਹੀ ਹਾਂ।"[46]

ਇਹ ਤਾਂ ਠੀਕ ਹੈ ਉਕਤ ਸੋਚ ਅਜੀਤ ਕੌਰ ਦੀ ਜ਼ਮੀਰ ਦੀ ਆਵਾਜ਼ (Voice of conscience) ਵਿੱਚੋਂ ਉਪਜੀ ਸੀ ਪਰ ਇਹ ਆਵਾਜ਼ ਉਸ ਦੁਆਰਾ ਗ਼ਲਤ ਸੁਣੀਂ ਗਈ। ਇਸੇ ਲਈ ਇਹ ਆਵਾਜ਼- 'ਲੱਗਾ ਕਿ......' ਸਵੈ ਜੀਵਨੀ

ਦੀ ਨਾਇਕਾ ਨਾਲ਼ ਧੋਖਾ ਕਰ ਗਈ।

ਜ਼ਮੀਰ ਦੀ ਆਵਾਜ਼ ਬਾਰੇ Martin Heidegger ਲਿਖਦਾ ਹੈ :-

"The deception of conscience does not lie in the call, but in how it is heard and understood"[47]

ਇੰਜ ਇਸ ਉਪਰੰਤ ਲਏ ਗਏ ਫ਼ੈਸਲੇ ਤੋਂ ਜੋ ਦੁਖਾਂਤ ਅਜੀਤ ਕੌਰ ਦੇ ਸਾਰੇ ਜੀਵਨ ਲਈ ਖੌ ਬਣ ਗਿਆ ਉਸਦੀ ਸਾਰੀ ਜ਼ਿੰਮੇਵਾਰੀ ਉਸਦੇ ਸਿਰ ਹੀ ਆਉਂਦੀ ਹੈ। ਹਰ ਬੰਦੇ ਨੂੰ ਲਏ ਗਏ ਫ਼ੈਸਲੇ ਦਾ ਨਤੀਜਾ ਭੁਗਤਣਾ ਪੈਂਦਾ ਹੈ। ਜਾਂ ਪਾਲ ਸਾਰਤਰ ਦਾ ਕਹਿਣਾ ਹੈ :-

'ਕੋਈ ਬਹਾਨਾ ਨਹੀਂ'

'No excuse'.

*ਅਧਿਆਇ ਗਿਆਰਵਾਂ*

# ਅਮਲ ਜਿ ਕੀਤੇ ਦੁਨੀ ਵਿਚਿ

ਵਿਚਾਰਾਧੀਨ ਸਵੈ-ਜੀਵਨੀ ਪੰਜਾਬੀ ਦੇ ਉੱਚ-ਕੋਟੀ ਦੇ ਵਿਦਵਾਨ ਪ੍ਰੋ: (ਡਾ.) ਰਤਨ ਸਿੰਘ ਜੱਗੀ ਦੀ ਰਚਨਾ ਹੈ। ਪੰਜਾਬੀ ਜਗਤ ਲਈ ਡਾ. ਜੱਗੀ ਕਿਸੇ ਰਸਮੀ ਜਾਣ-ਪਛਾਣ ਦੇ ਮੁਥਾਜ ਨਹੀਂ ਹਨ। ਹਥਲੀ ਆਤਮ-ਕਥਾ ਉਨ੍ਹਾਂ ਦੇ ਜੀਵਨ-ਸੰਘਰਸ਼ ਦੀ ਗਾਥਾ ਨੂੰ ਭਰਵੇਂ ਰੂਪ ਵਿੱਚ ਉਜਾਗਰ ਕਰਦੀ ਹੈ। ਕਿਸੇ ਵੀ ਰਚਨਾ ਦਾ ਵਿਭਿੰਨ ਆਲੋਚਨਾ ਦ੍ਰਿਸ਼ਟੀਆਂ ਅਨੁਸਾਰ ਅਧਿਐਨ ਕੀਤਾ ਜਾ ਸਕਦਾ ਹੈ। ਅਸਾਂ ਇਸ ਰਚਨਾ ਦੇ ਅਧਿਐਨ ਲਈ ਅਸਤਿੱਤਵਵਾਦੀ ਆਲੋਚਨਾ ਪ੍ਰਣਾਲੀ ਨੂੰ ਅਪਨਾਇਆ ਹੈ।

ਇਸ ਪ੍ਰਕਾਰ ਦੇ ਅਧਿਐਨ ਲਈ ਸਭ ਤੋਂ ਪਹਿਲੀ ਗੱਲ ਇਹ ਸਮਝਣੀ ਬਣਦੀ ਹੈ ਕਿ ਇਸ ਰਚਨਾ ਦੇ ਨਾਇਕ (ਡਾ. ਜੱਗੀ) ਨੂੰ ਕਿਸ ਪ੍ਰਕਾਰ ਦੇ ਵਿਰਾਸਤੀ ਗੁਣ ਪ੍ਰਾਪਤ ਹੋਏ। ਇਹੋ ਹੀ ਉਸ ਨਾਇਕ ਦੀ ਤਥਾਤਮਕਤਾ (Facticity) ਸਮਝਣੀ ਬਣਦੀ ਹੈ। ਡਾ. ਜੱਗੀ ਦਾ ਜਨਮ ਪਿੰਡੀਘੇਬ (ਪਾਕਿਸਤਾਨ) ਵਿੱਚ 19 ਜੁਲਾਈ 1927 ਨੂੰ ਪਿਤਾ ਲੋੜੀਂਦਾ ਮੱਲ ਦੇ ਗ੍ਰਹਿ ਵਿਖੇ ਹੋਇਆ। ਜਨਮ ਸਮੇਂ ਰੰਗ ਗੋਰਾ ਸੀ ਪਰ ਧੁਆਂਖੇ ਵਾਤਾਵਰਨ ਦੇ ਪ੍ਰਭਾਵ ਅਧੀਨ ਸਾਂਵਲਾ ਹੋ ਗਿਆ। ਡਾ. ਜੱਗੀ ਦਾ ਨਾਮਕਰਨ ਰਤਨ ਸਿੰਘ ਵਜੋਂ ਨਿਰਮਲੇ ਸੰਤ ਸੁੱਚਾ ਸਿੰਘ ਵੱਲੋਂ ਕੀਤਾ ਗਿਆ ਜਿਨ੍ਹਾਂ ਪ੍ਰਤੀ ਉਸਦੀ ਸ਼ਰਧਾ ਸਾਰੀ ਆਯੂ ਬਣੀ ਰਹੀ। ਪਿੰਡੀਘੇਬ ਦੇ ਇਲਾਕੇ ਵਿੱਚ ਨਾਥ ਜੋਗੀਆਂ ਦਾ ਡੇਰਾ, ਠਾਕਰ ਦੁਆਰਾ, ਮਸੀਤ ਆਦਿ ਤੋਂ ਬਿਨਾਂ ਅਨੇਕਾਂ ਗੁਰਦੁਆਰੇ ਸਨ। ਉਸਨੇ 1943 ਈ: ਵਿੱਚ ਦਸਵੀਂ ਪਾਸ ਕੀਤੀ-ਦੂਜੇ ਦਰਜੇ ਵਿੱਚ। ਹਾਕੀ, ਫੁੱਟਬਾਲ, ਗੁੱਲੀ ਡੰਡਾ ਖੇਡਣ ਵਿੱਚ ਰੁਚੀ ਸੀ। ਪਿੰਡੀਘੇਬ ਉਹੀ ਹੈ ਜਿੱਥੋਂ ਦੇ ਸੇਵਾ ਦਾਸ ਨੂੰ ਪੁਰਾਤਨ ਜਨਮ ਸਾਖੀ ਦਾ ਲੇਖਕ ਮੰਨਿਆ ਜਾਂਦਾ ਹੈ। ਡਾ. ਜੱਗੀ ਕੁਦਰਤ ਵੱਲੋਂ ਬਚਪਨ ਤੋਂ ਹੀ ਚੰਚਲ ਬਿਰਤੀ ਨਾਲ਼ ਵਰੋਸਾਇਆ ਹੋਇਆ ਸੀ। ਬਚਪਨ ਵਿੱਚ ਪ੍ਰਾਪਤ ਇਹੋ ਚੰਚਲਤਾ ਉਸਦੇ ਅਸਤਿੱਤਵ ਦੇ ਵਿਕਾਸ ਵਿੱਚ ਸਾਰੀ ਆਯੂ ਕਾਰਜਸ਼ੀਲ ਹੁੰਦੀ ਵਿਖਾਈ ਦਿੰਦੀ ਹੈ। ਪਰਿਵਾਰ ਦੇ ਸ਼ਰਾਬ ਦੇ ਠੇਕੇ ਸਮੇਂ ਇਹੋ ਚੰਚਲਤਾ ਸ਼ਰਾਬ ਵਿੱਚ ਪਾਣੀ ਮਿਲ਼ਾਉਣ ਅਤੇ ਚੈਕਿੰਗ ਸਮੇਂ ਬਚਾਓ ਵਿੱਚ

ਸਹਾਈ ਹੁੰਦੀ ਰਹੀ। ਭਾਈ ਰਣਧੀਰ ਸਿੰਘ ਦੇ ਜਥੇ ਤੋਂ ਅੰਮ੍ਰਿਤ ਛਕ ਕੇ ਡਾ. ਜੱਗੀ ਸਿੰਘ ਸਜਿਆ।

1947 ਦੇ ਦੰਗਿਆਂ ਸਮੇਂ ਪਰਿਵਾਰ ਜਿਵੇਂ ਕਿਵੇਂ ਬਚ ਬਚਾਕੇ ਭਾਰਤ ਪੁੱਜਿਆ। ਫਿਰ ਕਰਮਵਾਰ ਤਪੇ ਅਤੇ ਨਾਰਾਇਣਗੜ੍ਹ ਵਾਸ ਕੀਤਾ। ਅੰਬਾਲਾ ਵਿਖੇ 7-1-49 ਨੂੰ ਫੀਲਡ ਕੈਸ਼ੀਅਰ ਕਲਰਕ ਵਜੋਂ ਸੇਵਾ-ਮੁਕਤ ਹੋ ਕੇ ਸੀ.ਆਈ.ਡੀ ਦਿੱਲੀ ਪੁਲੀਸ ਵਿੱਚ ਜਾ ਹਾਜ਼ਰ ਹੋਇਆ।

ਅੰਬਾਲੇ ਦੀ ਸੇਵਾ ਸਮੇਂ ਪਿੰਡ ਪਿੰਡੀਘੇਬ ਦੀ ਇੱਕ ਲੜਕੀ ਦੀ ਡਾ. ਜੱਗੀ ਨਾਲ਼ ਸ਼ਾਦੀ ਕਰਨ ਲਈ ਮਾਪਿਆਂ ਨੇ ਚੋਣ ਕੀਤੀ ਜਿਸਦੀ ਖ਼ੂਬੀ ਇਹ ਸੀ ਕਿ ਉਹ ਰੋਟੀ ਚੰਗੀ ਬਣਾ ਸਕਦੀ ਸੀ। ਇੱਕ ਹੋਰ ਲੜਕੀ ਜੋ ਐਫ਼.ਏ.ਫ਼ੇਲ੍ਹ ਸੀ, ਉਸਨੇ ਡਾ. ਜੱਗੀ ਨਾਲ਼ ਵਿਆਹ ਕਰਵਾਉਣੋਂ ਇਸ ਲਈ ਇਨਕਾਰ ਕਰ ਦਿੱਤਾ ਕਿ ਜੱਗੀ ਕੇਵਲ ਦਸਵੀਂ ਪਾਸ ਸੀ ਜਦੋਂ ਕਿ ਉਹ ਐਫ਼.ਏ.ਫ਼ੇਲ੍ਹ ਸੀ। ਇਸੇ 'ਅਸਵੀਕਰਣ' ਨੇ ਡਾ. ਜੱਗੀ ਨੂੰ ਅੱਗੋਂ ਪੜ੍ਹਨ ਲਈ ਜੁੰਬਸ਼ ਪ੍ਰਦਾਨ ਕੀਤੀ। ਇੰਜ ਡਾ. ਜੱਗੀ ਨੇ ਵਿਪਰੀਤ ਪਰਿਸਥਿਤੀਆਂ ਦੇ ਬਾਵਜੂਦ ਆਪਣੀ ਯੋਗਤਾ ਵਧਾਉਣ ਵੱਲ ਕਦਮ ਵਧਾਉਣੇ ਸ਼ੁਰੂ ਕੀਤੇ।

ਇਸ ਆਤਮ-ਕਥਾ ਵਿੱਚ ਅਨੇਕਾਂ ਥਾਵਾਂ ਤੇ ਡਾ. ਜੱਗੀ ਨੇ ਆਪਣੀਆਂ ਸੰਭਾਵਨਾਵਾਂ (Possibilities) ਵੱਲ ਸੰਕੇਤ ਕੀਤੇ ਹਨ। ਅਨੇਕਾਂ ਹਸਤ-ਰੇਖਾਵਾਂ ਦੇ ਜੋਤਸ਼ੀਆਂ ਨੇ ਉਸਦੇ ਇੱਕ ਵੱਡਾ ਵਿਦਵਾਨ ਬਣਨ ਦੀਆਂ ਪੂਰਵ ਸੰਭਾਵਨਾਵਾਂ ਉਜਾਗਰ ਕਰ ਦਿੱਤੀਆਂ ਸਨ। ਪੁਲੀਸ ਦੀ ਨੌਕਰੀ ਤਾਂ ਉਸਦੇ ਜੀਵਨ ਦਾ ਇੱਕ ਪੌੜੀ-ਨੁਮਾ ਪੜਾਅ ਸੀ। ਉਸਨੇ ਐਮ.ਏ.ਪੰਜਾਬੀ,' ਐਮ.ਏ.ਹਿੰਦੀ, ਪੱਤਰਕਾਰਤਾ ਦਾ ਡਿਪਲੋਮਾ ਆਦਿ ਡਿਗਰੀਆਂ ਪੌੜੀ ਦੇ ਇਸੇ ਡੰਡੇ 'ਤੇ ਬਹਿਕੇ ਪ੍ਰਾਪਤ ਕੀਤੀਆਂ। ਫਿਰ ਚਲ ਸੋ ਚਲ ਹਿੰਦੂ ਕਾਲਜ ਸੋਨੀਪਤ, ਗੌ.ਕਾਲਜ ਹਿਸਾਰ, ਮਹਿੰਦਰਾ ਕਾਲਜ ਪਟਿਆਲਾ ਅਤੇ ਪੰਜਾਬੀ ਯੂਨੀਵਰਸਿਟੀ ਦੀ ਪ੍ਰੋਫ਼ੈਸਰੀ ਤੱਕ ਦਾ ਸਫ਼ਰ ਤਹਿ ਕਰਦਿਆਂ ਭਵਿੱਖਬਾਣੀ ਨੂੰ ਸਾਕਾਰ ਰੂਪ ਪ੍ਰਦਾਨ ਕੀਤਾ।

ਸੰਭਾਵਨਾਵਾਂ (Possibilities) ਨੂੰ ਸਾਕਾਰ ਕਰਨ ਲਈ ਜੀਵਨ ਵਿੱਚ 'ਚੋਣ' ਦਾ ਬੜਾ ਮਹੱਤਵ ਹੈ। ਕਈ ਵਾਰ ਤਥਾਤਮਕਤਾ (Facticity) ਮੌਲਿਕ ਯੋਜਨਾ (Original project) ਵਿੱਚ ਤਬਦੀਲੀ ਦਾ ਕਾਰਨ ਬਣ ਜਾਂਦੀ ਹੈ। ਦਿੱਲੀ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਵਿੱਚ ਦਾਖ਼ਲੇ ਸਮੇਂ ਜੇ 143 ਰੁਪਏ ਫੀਸ ਦਾ ਪ੍ਰਬੰਧ ਹੋ ਜਾਂਦਾ ਤਾਂ ਸੰਭਵ ਸੀ ਡਾ. ਜੱਗੀ ਅੱਜ ਇੱਕ ਵਿਦਵਾਨ ਹੋਣ ਦੀ ਥਾਂ ਉੱਥੇ ਵਕੀਲ ਜਾਂ ਜੱਜ ਵਜੋਂ ਆਪਣੀ ਜੀਵਨ-ਬੇੜੀ ਠੇਲ ਲੈਂਦਾ। ਫਲਸਰੂਪ ਮੁਢਲੀ ਯੋਜਨਾ ਵਿੱਚ ਤਬਦੀਲੀ ਆ ਗਈ। ਜੀਵਨ ਵਿੱਚ ਪ੍ਰਾਪਤ ਹੋਇਆ ਕੋਈ ਵੀ ਅਨੁਭਵ ਕਦੇ ਅਕਾਰਥ ਨਹੀਂ ਜਾਂਦਾ। ਪੁਲੀਸ ਵਿੱਚ

ਸੀ.ਆਈ.ਡੀ. ਵੱਲੋਂ ਕੀਤਾ ਕਾਰਜ ਹੀ ਸਾਹਿਤਕ ਖੋਜ ਲਈ ਲਾਭਦਾਇਕ ਸਿੱਧ ਹੋਇਆ। ਡਾ. ਜੱਗੀ ਦਾ ਗੁਰੂ ਨਾਨਕ ਦੇਵ ਜੀ ਦਾ ਸਿੱਖ ਹੋਣਾ, ਹਿੰਦੂ ਕਾਲਜ ਸੋਨੀਪਤ ਵਿਖੇ ਲੈਕਚਰਾਰ ਵਜੋਂ ਚੋਣ ਦਾ ਕਾਰਨ ਬਣਿਆ। ਜੇਕਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਚੋਣ ਸਮੇਂ ਤਥਾਤਮਕ ਤੌਰ ਤੇ ਪਹਿਲੋਂ ਹੀ ਕਿਸੇ ਹੋਰ ਦੀ ਚੋਣ ਨਿਰਧਾਰਿਤ ਨਾ ਹੁੰਦੀ ਤਾਂ ਡਾ. ਜੱਗੀ ਸ਼ਾਇਦ ਉਥੋਂ ਹੀ ਸੇਵਾ ਮੁਕਤ ਹੁੰਦਾ। ਫਿਰ ਉਸਦੀਆਂ ਪ੍ਰਾਪਤੀਆਂ ਹੁਣ ਨਾਲ਼ੋਂ ਸ਼ਾਇਦ ਭਿੰਨ ਹੁੰਦੀਆਂ। ਜੇਕਰ ਡਾ. ਜੱਗੀ ਨੇ ਆਪਣੀ ਪਹਿਲੀ ਜੀਵਨ-ਸਾਥਣ ਦੀ ਚੋਣ ਆਪਣੇ ਪੱਧਰ ਤੇ ਕੀਤੀ ਹੁੰਦੀ ਤਾਂ ਵੀ ਉਸਦਾ ਜੀਵਨ ਹੋਰ ਹੋਣਾ ਸੀ। ਡਾ. ਜੱਗੀ ਆਪਣੇ ਗਾਡ-ਫਾਦਰ (ਗਿਆਨੀ ਕੁਲਦੀਪ ਸਿੰਘ ਕੋਹਲੀ) ਉੱਪਰ ਭਰੋਸਾ ਕਰਕੇ ਆਪਣੇ ਭਵਿੱਖ ਦੀ ਨੁਹਾਰ ਹੋਰ ਦੀ ਹੋਰ ਕਰ ਬੈਠਾ। ਤਦ ਉਸਨੂੰ 'ਹਾਲੀ' ਦਾ ਸ਼ਿਅਰ ਯਾਦ ਆਇਆ:-

> ਜਹਾਂ ਮੇਂ ਹਾਲੀ ਕਿਸੀ ਪਿ ਅਪਨੇ ਸਿਵਾ ਭਰੋਸਾ ਨਾ ਕੀਜੀਏਗਾ,
> ਯੇ ਭੇਦ ਹੈ ਅਪਨੀ ਜ਼ਿੰਦਗੀ ਕਾ, ਬਸ ਇਸ ਕਾ ਚਰਚਾ ਨ ਕੀਜੀਏਗਾ।[1]
> ਫਿਰ ਜੱਗੀ ਨੇ ਅੱਗੋਂ ਲਈ ਇਹ ਸਿੱਖਿਆ ਲੜ ਬੰਨ੍ਹ ਲਈ-
> 'ਆਪਣੀ ਹੋਣੀ ਦਾ ਸਵਾਮੀ ਮੈਨੂੰ ਆਪ ਬਣਨਾ ਚਾਹੀਦਾ ਹੈ।
> ਤੇ, ਬਸ ਉਸ ਦਿਨ ਤੋਂ ਕਿਸੇ ਦੀ ਸਹਾਇਤਾ ਜਾਂ ਸਰਪ੍ਰਸਤੀ ਲੈਣ ਪ੍ਰਤਿ ਮੈਂ ਬੇਰੁਖ ਹੋ ਗਿਆ।'

ਅਸਤਿੱਤਵਵਾਦ ਵਿਅਕਤੀਆਂ ਨੂੰ ਆਪਣੀ ਮਰਜ਼ੀ ਨਾਲ਼ ਬਿਨਾਂ ਕਿਸੇ ਬਾਹਰੀ ਦਬਾਅ ਦੇ ਸੁਤੰਤਰ ਫ਼ੈਸਲੇ ਲੈਣ ਦਾ ਸੰਦੇਸ਼ ਦਿੰਦਾ ਹੈ, ਇਸ ਵਾਦ ਅਨੁਸਾਰ ਬੰਦਾ ਤਾਂ ਪਹਿਲਾਂ ਕੇਵਲ 'ਹੈ' ਹੁੰਦਾ ਹੈ, ਆਪਣਾ ਆਪ ਨਾਲ਼ ਟਕਰਾਉਂਦਾ ਹੈ, ਸੰਸਾਰ ਦੀ ਆਪਾ ਧਾਪੀ ਵਿੱਚ ਅੱਗੇ ਵਧਦਾ ਹੈ ਅਤੇ ਫਿਰ ਆਪਣੇ ਆਪ ਨੂੰ ਪਰਿਭਾਸ਼ਤ ਕਰਦਾ ਹੈ।'

ਸਾਰਤਰ ਦਾ ਵਿਚਾਰ ਹੈ 'Human presence in the world in not a form of being, but a form of doing, of choosing and making itself.[2]

ਆਪਣੀ ਹੋਣੀ ਦਾ ਸਵਾਮੀ ਹੀ ਅਸਤਿੱਤਵਵਾਦੀ ਅਖਵਾਉਂਦਾ ਹੈ। ਉਪਰੋਕਤ ਘਟਨਾ ਤੋਂ ਬਾਅਦ ਜੱਗੀ ਹਮੇਸ਼ਾ ਆਪਣੇ ਫ਼ੈਸਲੇ ਆਪ ਲੈਂਦਾ ਰਿਹਾ। ਆਪਣੀ ਪਹਿਲੀ ਪਤਨੀ 'ਰਾਜ' ਦੀ ਬਿਮਾਰੀ ਕਾਰਨ ਹੋਈ ਮੌਤ ਤੋਂ ਬਾਅਦ ਉਸਨੇ ਤੁਰੰਤ ਸ਼ਾਦੀ ਕਰਵਾਉਣ ਦਾ ਫ਼ੈਸਲਾ ਇਨ੍ਹਾਂ ਸ਼ਬਦਾਂ ਵਿੱਚ ਕੀਤਾ :-

'ਮੈਂ ਸਮਾਜ ਦੀ ਦਿਖਾਵਟੀ ਹਮਦਰਦੀ ਨੂੰ ਪਾਸੇ ਕਰਕੇ ਫ਼ੈਸਲਾ ਕਰ ਲਿਆ ਕਿ ਵਿਆਹ ਕਰਨਾ ਹੈ ਅਤੇ ਇਸ ਫ਼ੈਸਲੇ ਨੂੰ ਸਿਰੇ ਚੜ੍ਹਾਉਣ ਵਿੱਚ ਕਿਸੇ

ਦੀ ਮੱਦਦ ਦੀ ਲੋੜ ਨਹੀਂ, ਖ਼ੁਦ ਹੀ ਪੁਲੇਸਰਾਤ ਪਾਰ ਕਰਨੀ ਹੈ।'[3]

ਗੁਰਸ਼ਰਨ ਨਾਲ਼ ਵਿਆਹ ਤੋਂ ਬਾਅਦ ਅਜੀਬ ਕਿਸਮ ਦੀ ਸਮਾਜਿਕ ਪ੍ਰਤੀ ਕਿਰਿਆ ਹੋਣ ਲੱਗੀ; ਰੂੜ੍ਹੀਵਾਦੀ ਸਮਾਜਿਕ ਠੇਕੇਦਾਰਾਂ ਨੇ ਇਸਨੂੰ ਮਰਯਾਦਾ ਦਾ ਉਲੰਘਣ ਕਿਹਾ। ਇਸ ਸੰਬੰਧੀ ਡਾ. ਜੱਗੀ ਦਾ ਕਥਨ ਹੈ, "ਇਹ ਤਾਂ ਸਾਡੀ ਸੱਭਿਆਚਾਰਕ ਵਿਰਾਸਤ ਹੈ। ਭਾਰਤੀ ਸੰਸਕ੍ਰਿਤੀ ਦੇ ਸੱਚੇ ਵਾਰਸਾਂ ਨੇ ਆਪਣੇ ਪੁਰਖਿਆਂ ਦੇ ਪਦ-ਚਿਨ੍ਹਾਂ ਤੇ ਚਲਣਾ ਹੀ ਸੀ, ਉਹ ਚਲਦੇ ਰਹੇ।[4]

ਇਵੇਂ ਹੀ ਪ੍ਰੋ: ਰਾਮ ਸਿੰਘ ਨਾਲ਼ ਪੀ.ਐਚ.ਡੀ. ਦੇ ਥੀਸਿਸ ਬਾਰੇ ਗੱਲਾਂ ਕਰਦਿਆਂ ਡਾ. ਜੱਗੀ ਨੇ ਆਪਣਾ ਦੋ ਟੁੱਕ ਫ਼ੈਸਲਾ (Decision) ਸੁਣਾ ਦਿੱਤਾ:-

'ਪ੍ਰੋ: ਸਾਹਿਬ ਮੈਂ ਇਸ ਸਿਧਾਂਤ ਵਿੱਚ ਵਿਸ਼ਵਾਸ ਨਹੀਂ ਰੱਖਦਾ ਕਿ ਪੀ.ਐਚ.ਡੀ. ਦੀ ਰਾਜਿਸਟਰੇਸ਼ਨ ਮੈਂ ਕਰਵਾਵਾਂ ਅਤੇ ਥੀਸਿਸ ਮੇਰਾ ਪੋਤਰਾ ਪ੍ਰਸਤੁਤ ਕਰੇ।[5]

ਇੰਜ ਆਪਣੀ ਚੋਣ ਅਤੇ ਸੁਤੰਤਰਤਾ ਨਾਲ਼ ਆਪਣੇ ਫ਼ੈਸਲੇ ਲੈਣਾ ਡਾ. ਜੱਗੀ ਦੀ ਸੋਚ ਦਾ ਹਮੇਸ਼ਾ ਲਈ ਅੰਗ ਬਣ ਗਏ। ਉਸਨੂੰ ਇਸ ਗੱਲ ਦੀ ਸਪਸ਼ਟ ਸਮਝ ਪੈ ਗਈ ਸੀ :-

The self in an ongoing construction recreated in each moment thorough our choices.[6]

ਅੱਗੋਂ ਲਈ ਜੋ ਵੀ ਉਸ ਨੂੰ ਫੁਰਨਾ ਫੁਰਿਆ, ਉਸੇ ਉੱਪਰ ਉਸ ਨੇ ਤੁਰੰਤ ਫ਼ੈਸਲਾ ਲੈ ਕੇ ਅਮਲ ਸ਼ੁਰੂ ਕਰ ਦਿੱਤਾ। ਜੇ ਹਿਸਾਰ ਕਾਲਜ ਵਿੱਚ ਪੀ.ਐਚ.ਡੀ. ਵਾਲਿਆਂ ਦੇ ਗਾਊਨ ਤੇ ਲਾਲ ਪੱਟੀਆਂ ਵੇਖੀਆਂ ਤਾਂ ਪੀ.ਐਚ.ਡੀ. ਕਰਨ ਦਾ ਨਿਰਣਾ ਲੈ ਲਿਆ। ਜੇ ਹੋਰਨਾਂ ਨਾਲ਼ੋਂ ਵਿਲੱਖਣ ਸ਼ਖ਼ਸੀਅਤ ਬਣਨ ਦਾ ਮਨ ਵਿੱਚ ਖ਼ਿਆਲ ਆਇਆ ਤਾਂ ਡੀ.ਲਿੱਟ ਕਰ ਲਈ। ਜਿਸ ਕਿਸੇ ਵੀ ਖੋਜ ਕਾਰਜ ਕਰਨ ਦੀ ਚੋਣ ਕੀਤੀ, ਉਸ ਨੂੰ ਪੂਰੀ ਜ਼ਿੰਮੇਵਾਰੀ (Responsibility) ਨਾਲ਼ ਨੇਪਰੇ ਚਾੜ੍ਹਿਆ। ਪਰ ਜਦੋਂ ਵੀ ਜ਼ਮੀਰ (Conscience) ਨੂੰ ਠੇਸ ਵੱਜੀ ਉਸ ਕੇਸ ਵੱਲ ਮੁੜਕੇ ਮੂੰਹ ਨਾ ਕੀਤਾ।

ਖੋਜ ਖੇਤਰ ਵਿੱਚ ਆਪਣੀ ਚੜ੍ਹਤ (Transcendence) ਬਾਰੇ ਡਾ. ਜੱਗੀ ਨੂੰ ਕਿਸੇ ਕਿਸਮ ਦਾ ਭੁਲੇਖਾ ਨਹੀਂ। ਉਸ ਨੂੰ ਇਸ ਖੇਤਰ ਵਿੱਚ ਆਪਣੇ ਯੋਗਦਾਨ ਦਾ ਭਲੀ-ਭਾਂਤ ਗਿਆਨ ਹੈ :-

ਪੰਜਾਬੀ ਯੂਨੀਵਰਸਿਟੀ ਵਿੱਚ ਅਨੇਕਾਂ ਨੂੰ ਫੈਲੋਸ਼ਿਪ ਮਿਲੀ, ਕਿਸੇ ਨੂੰ ਜੀਵਨ-ਫੈਲੋਸ਼ਿਪ, ਕਿਸੇ ਨੂੰ ਫੈਲੋਸ਼ਿਪ, ਕਿਸੇ ਨੂੰ ਸੀਨੀਅਰ ਫੈਲੋਸ਼ਿਪ। ਜੇ ਇਨ੍ਹਾਂ ਸਾਰਿਆਂ ਫੈਲੋਆਂ ਵੱਲੋਂ ਜੁਟਾਇਆ ਕੰਮ ਇਕੱਠਾ ਕਰ ਲਿਆ ਜਾਏ, ਤਾਂ ਵੀ ਮੇਰੇ ਇਕੱਲੇ ਦਾ ਕੰਮ ਸਭ ਨਾਲ਼ੋਂ ਜ਼ਿਆਦਾ ਹੀ ਨਹੀ ਸਗੋਂ, ਪ੍ਰਮਾਣਿਕ ਵੀ ਹੈ।[7]

ਖੋਜ ਖੇਤਰ ਦੀਆਂ ਅਨੇਕ ਪ੍ਰਾਪਤੀਆਂ ਭਾਵੇਂ ਉਹ ਪੁਸਤਕਾਂ ਦੇ ਰੂਪ ਵਿੱਚ ਹਨ, ਖੋਜ ਪ੍ਰੱਤਿਕਾ ਦੇ ਅੰਕਾਂ ਦੇ ਰੂਪ ਵਿੱਚ ਜਾਂ ਖੋਜ ਪੱਤਰਾਂ ਦੇ ਰੂਪ ਵਿੱਚ; ਇਨ੍ਹਾਂ ਸਭ ਦੀ ਸਮੱਗਰੀ ਦਾ ਰੂਪ, ਪ੍ਰਸਤੁਤੀ, ਸੰਪਾਦਨ ਤਕਨੀਕ ਆਦਿ ਸਭ ਡਾ. ਜੱਗੀ ਦੀ ਚੇਤਨਾ (Consciousness) ਦਾ ਪ੍ਰਤੀਫਲ਼ ਹਨ। ਅਚੇਤ ਤੋਂ ਸੁਚੇਤ ਅਵਸਥਾ ਵਿੱਚ ਤਾਂ ਉਹ ਬਚਪਨ ਤੋਂ ਹੀ ਵਿਚਰਨ ਲੱਗ ਪਿਆ ਸੀ। ਅਪ੍ਰਤੀਬਿੰਬਤ ਚੇਤਨਾ (Unreflected Consciousness) ਤਾਂ ਵਿਹਲੀਆਂ ਗੱਲਾਂ ਹਨ। ਇਸ ਉੱਪਰ ਕੁੱਝ ਮਿੰਟ ਕੇਂਦਰਿਤ ਰਹਿਕੇ ਉਹ ਪ੍ਰਤੀਬਿੰਬਤ ਚੇਤਨਾ (Reflected Consciousness) ਦੇ ਸਨਮੁੱਖ ਹੋ ਜਾਂਦਾ ਹੈ। ਪ੍ਰਤੀਬਿੰਬਤ ਚੇਤਨਾ ਹੀ ਖੋਜ ਖੇਤਰ ਤੇ ਕੇਂਦਰਤ ਹੋਣ ਲਈ ਪਰਮਾਵੱਸ਼ਕ ਹੈ।

ਉਸਨੂੰ ਅਧਿਕਾਰਤ ਵਿਦਵਾਨਾਂ ਨਾਲ਼ ਮੈਂ+ਤੂੰ ਸੰਬੰਧਾਂ ਵਿੱਚ ਵਿਚਰਨਾ ਆਉਂਦਾ ਹੈ। ਇਹੋ ਕਾਰਨ ਹੈ ਕਿ ਖੋਜ ਪੱਤਰਕਾ ਦੇ 20 ਅੰਕ ਕੱਢਣ ਵਿੱਚ ਕਾਮਯਾਬ ਹੋ ਸਕਿਆ। ਉਸਦੀਆਂ ਪ੍ਰੇਮ-ਪੂਰਵਕ ਲਿਖੀਆਂ ਚਿੱਠੀਆਂ ਪੜ੍ਹਕੇ ਵਿਦਵਾਨ ਸੰਬੰਧਤ ਵਿਸ਼ੇ ਤੇ ਲਿਖਕੇ ਭੇਜਣ ਤੋਂ ਰੁਕ ਹੀ ਨਹੀਂ ਸਨ ਸਕਦੇ।

ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਉੱਤੇ ਕੰਮ ਕਰਨ ਲਈ ਉਸਨੇ ਖ਼ੁਦ ਭਾਰਤ ਦੀਆਂ ਉਦਾਸੀਆਂ ਕੀਤੀਆਂ। ਪਰ ਇਹ ਪ੍ਰੋਜੈਕਟ ਡਾ. ਕਿਰਪਾਲ ਸਿੰਘ ਨੂੰ ਦੇ ਦਿੱਤਾ ਗਿਆ। ਡਾ. ਜੱਗੀ ਨੂੰ ਉਸਨੇ ਪ੍ਰੋਜੈਕਟ ਵਿੱਚ ਸ਼ਾਮਲ ਹੋਣ ਲਈ ਕਿਹਾ ਪਰ ਉਸਨੇ ਨਾਂਹ ਕਰ ਦਿੱਤੀ' ਅਤੇ ਆਪਣੀ ਇਕੱਤਰਤ ਸਮੱਗਰੀ ਨੂੰ ਹੋਰਨਾਂ ਪੁਸਤਕਾਂ ਲਈ ਵਰਤ ਲਿਆ। ਉਸਨੂੰ ਪ੍ਰੋਜੈਕਟ ਖੋਹੇ ਜਾਣ ਦਾ ਗਿਲਾ ਸੀ।

ਇਵੇਂ ਡਾ. ਫੌਜਾ ਸਿੰਘ ਨੇ ਉਸ ਪਾਸੋਂ ਐਲਬਮ ਦਾ ਪ੍ਰੋਜੈਕਟ ਆਪ ਲੈਣ ਦਾ ਯਤਨ ਕੀਤਾ ਪਰ ਕਿਸੇ ਕਾਰਨ ਇਹ ਪ੍ਰੋਜੈਕਟ ਰੱਦ ਹੀ ਕਰ ਦਿੱਤਾ ਗਿਆ। ਪੰਜਾਬ ਦੇ ਕੁੱਝ ਪ੍ਰੋਫੈਸਰ ਅਤੇ ਵੀ.ਸੀ. ਡਾ.ਜੱਗੀ ਦੀ ਖੋਜ ਦੌੜ ਵਿੱਚ (Hell is the other people) ਸਾਬਤ ਹੋਏ ਜਦੋਂ ਕਿ ਕੁੱਝ ਵਿਦਵਾਨ ਪ੍ਰੋਫੈਸਰ ਅਤੇ ਵੀ.ਸੀ. ਉਸ ਦੇ ਕੰਮ-ਕਾਜ ਵਿੱਚ (Heaven is the other people) ਸਿੱਧ ਹੋਏ।

ਫ਼ਰਾਂਸੀਸੀ ਅਸਤਿੱਤਵਵਾਦੀ ਦਾਰਸ਼ਨਿਕ ਸਾਰਤਰ ਬਾਰੇ ਇੱਕ ਵਿਦਵਾਨ ਦਾ ਵਿਚਾਰ ਹੈ : 'He (Sartre) resisted fatigue, treated pain as if it was challenge. To step up its productivity he made reckless use of stimulants. He resented the time he had to spend on washing, shaving, cleaning his teeth, taking a bath; excreting and he would economise by carrying conversations through the bath room of

the door. He had no personal vanity...... He looks immeasurable pride in his intellect.

"I have a golden brain."

ਇਨ੍ਹਾਂ ਸਤਰਾਂ ਦੇ ਲੇਖਕ ਨੂੰ ਇਹ ਤਾਂ ਨਹੀਂ ਪਤਾ ਕਿ ਡਾ. ਜੱਗੀ ਨੇ ਸਾਰਤਰ ਦੇ ਜੀਵਨ ਦਾ ਕੋਈ ਪ੍ਰਭਾਵ ਕਬੂਲਿਆ ਜਾਂ ਨਹੀ ਪਰ ਘਟਨਾ ਕਿਰਿਆ ਵਿਗਿਆਨ (Phenomenologically) ਅਨੁਸਾਰ ਇਸ ਸਵੈਜੀਵਨੀ ਦੀ ਇੱਕ ਘਟਨਾ ਉਸਦੇ ਸਾਰਤਰ ਵਾਂਗ ਕੰਮ ਵਿੱਚ ਮਸਤ ਰਹਿਣ ਦੀ ਸਾਖੀ ਭਰਦੀ ਹੈ :-

'ਮੈਂ ਖ਼ੁਦ ਕੰਮ ਕਰਦਾ ਸਾਂ, ਖ਼ੂਬ ਕੰਮ ਕਰਦਾ ਸਾਂ। ਦਿਨ ਨੂੰ ਖਾਣਾ ਖਾਣ ਦੀ ਵੀ ਵਿਹਲ ਨਾ ਹੁੰਦੀ। ਘਰੋਂ ਆਈ ਰੋਟੀ ਨੂੰ ਰੋਲ ਕਰਕੇ ਖੱਬੇ ਹੱਥ ਨਾਲ਼ ਪਕੜਕੇ ਖਾਈ ਜਾਂਦਾ ਅਤੇ ਸੱਜੇ ਹੱਥ ਨਾਲ਼ ਕੰਮ ਕਰੀ ਜਾਂਦਾ। ਦਫ਼ਤਰ ਵਿੱਚ ਬੈਠਿਆਂ ਮੈਂ ਪੂਰੀ ਮਗਨਤਾ ਨਾਲ਼ ਕੰਮ ਕਰਦਾ। ਇੱਕ ਵਾਰ ਵੀ.ਸੀ. ਡਾ. ਭਗਤ ਸਿੰਘ ਰਾਊਂਡ ਉੱਤੇ ਪੰਜਾਬੀ ਭਵਨ ਆ ਗਏ। ਮੇਰੇ ਕਮਰੇ ਵਿੱਚ ਆਏ, ਕੁਝ ਦੇਰ ਖੜੋਤੇ। ਮੈਂ ਕੰਮ ਵਿੱਚ ਮਗਨ ਸਾਂ। ਉਹ ਚੁਪ-ਚੁਪਾਤੇ ਬਾਹਰ ਨਿਕਲ ਗਏ। ਪਿਛੋਂ ਸ. ਤੀਰਥ ਸਿੰਘ ਸੈਕਰੇਟਰੀ ਨੇ ਮੈਨੂੰ ਦੱਸਿਆ, ਤਾਂ ਮੈਂ ਵੀ.ਸੀ. ਸਾਹਿਬ ਨੂੰ, ਜੋ ਉਸ ਵੇਲੇ ਭਾਸ਼ਾ ਵਿਗਿਆਨ ਵਾਲੇ ਪਾਸੇ ਚਲੇ ਗਏ ਸਨ, ਖ਼ੁਦ ਬੁਲਾਕੇ ਲਿਆਇਆ। ਕੁੱਝ ਦੇਰ ਵਿਚਾਰ ਵਟਾਂਦਰਾ ਹੋਇਆ। ਉਨ੍ਹਾਂ ਨੇ ਪਹਿਲਾਂ ਆ ਕੇ ਪਰਤਣ ਦੀ ਗੱਲ ਦੱਸੀ। ਮੇਰੇ ਕੰਮ ਵਿੱਚ ਲੀਨਤਾ ਦੀ ਸਿਫ਼ਤ ਕੀਤੀ। ਕਦਰਦਾਨ ਵੀ.ਸੀ. ਸਾਹਿਬ ਖ਼ੁਸ਼ ਸਨ।[9]

ਲਿਖਣ ਦੇ ਅਜਿਹੇ ਕਾਰਜ ਵਿੱਚ ਉਨ੍ਹਾਂ ਦੀ ਰਗ ਸਾਰਤਰ ਨਾਲ਼ ਮਿਲਦੀ ਪ੍ਰਤੀਤ ਹੁੰਦੀ ਹੈ। ਸਾਰਤਰ ਆਪਣੇ ਸਵੈ-ਜੀਵਨੀ ਵਿੱਚ ਲਿਖਦਾ ਹੈ :-
"My commandments are sewn into my skin : If I go a day without writing, the scar burns me; if I write too easily, it also burns me." ਇਵੇਂ ਹੀ ਡਾ. ਜੱਗੀ ਲਿਖਦਾ ਹੈ।[10] ਜਿਸ ਦਿਨ ਮੈਂ ਕੰਮ ਨਾ ਕਰਾਂ, ਰਾਤ ਨੂੰ ਨੀਂਦ ਨਹੀਂ ਆਉਂਦੀ ਬੇਚੈਨੀ ਬਹੁਤ ਰਹਿੰਦੀ ਹੈ।[11]

ਸਾਰਤਰ ਨੇ 1946 ਈ: ਵਿੱਚ ਇੱਕ ਨਿਬੰਧ ਲਿਖਿਆ :- 'Existentialism is humanism.' ਅਸਤਿੱਤਵਵਾਦ ਮਾਨਵਵਾਦ ਹੈ, 'ਮੈਂ-ਵਾਦ' ਨਹੀਂ, 'ਮੈਂ' ਦਾ ਦੁੱਖ ਸਮਝਕੇ ਹੀ 'ਤੂੰ' ਦੇ ਦੁੱਖ ਦਾ ਅਨੁਭਵ ਹੁੰਦਾ ਹੈ। ਡਾ. ਜੱਗੀ ਦੇ ਜੀਵਨ ਵਿੱਚ ਵਾਪਰੀ ਇੱਕ ਘਟਨਾ ਤੋਂ ਅਸੀਂ ਸਹਿਜੇ ਹੀ ਇਸ ਨਤੀਜੇ 'ਤੇ ਅੱਪੜਦੇ ਹਾਂ ਕਿ ਉਨ੍ਹਾਂ ਵਿੱਚ ਮਾਨਵਵਾਦ ਦੀ ਸੁਰ ਪ੍ਰਧਾਨ ਹੈ।

ਘਟਨਾ ਇਉਂ ਹੈ ਕਿ ਡਾ. ਜੱਗੀ ਲਈ ਦਿੱਲੀ ਯੂਨੀਵਰਸਿਟੀ ਵਿੱਚ

ਦਾਖ਼ਲਾ ਲੈਣ ਲਈ 143 ਰੁਪਏ ਫੀਸ ਦਾ ਪ੍ਰਬੰਧ ਕਰਨਾ ਕਠਿਨ ਸੀ। ਇੱਕ ਦਿਨ ਸਵੇਰੇ ਉੱਠਕੇ ਉਦਾਸੀ ਵਿੱਚ ਹੀ ਉਹ ਸੈਰ ਕਰਨ ਜਾ ਰਿਹਾ ਸੀ। ਰਸਤੇ ਵਿੱਚ ਕੂੜੇ 'ਚੋਂ ਕੋਈ ਚੀਜ਼ ਉਸ ਦੀ ਜੁੱਤੀ ਵਿੱਚ ਅੜ ਗਈ। ਇਹ ਇੱਕ ਸੋਨੇ ਦੀ ਚੈਨੀ ਸੀ। ਉਸਦੇ ਮਨ ਵਿੱਚ ਆਇਆ ਕਿ ਕੁਦਰਤ ਵੱਲੋਂ ਉਸਦੀ ਫ਼ੀਸ ਦਾ ਮਸਲਾ ਹੱਲ ਕਰ ਦਿੱਤਾ ਗਿਆ ਹੈ। ਕਿਉਂਕਿ ਉਹ ਚੈਨੀ ਉਨ੍ਹਾਂ ਦਿਨਾਂ ਵਿੱਚ ਲਗਭਗ 150 ਰੁਪਏ ਦੀ ਹੋਵੇਗੀ। ਜਦ ਉਹ ਸੈਰ ਤੋਂ ਵਾਪਸ ਆਇਆ ਇੱਕ ਗੁਆਂਢੀ ਮੁਟਿਆਰ ਨੂੰ ਚੈਨੀ ਖੋ ਦੇਣ ਬਦਲੇ ਝਿੜਕਾਂ ਪੈ ਰਹੀਆਂ ਸਨ। ਜੱਗੀ ਤੋਂ ਉਹ ਕੁੜੀ ਰੋਂਦੀ ਨਾ ਵੇਖੀ ਗਈ ਅਤੇ ਪੂਰੀ ਪਹਿਚਾਣ ਕਰਵਾਕੇ ਉਹ ਚੈਨੀ ਉਸ ਕੁੜੀ ਨੂੰ ਵਾਪਸ ਕਰ ਦਿੱਤੀ ਗਈ। ਇਉਂ ਜਿਹੜੇ ਵਿਅਕਤੀ ਆਪਣੇ ਅਸਤਿੱਤਵ ਨੂੰ ਅਤੇ ਆਪਣੇ ਦੁੱਖ ਨੂੰ ਸਮਝਦੇ ਹਨ। ਉਹ ਹੀ ਦੂਜੇ ਦੇ ਦੁੱਖ ਨੂੰ ਮਹਿਸੂਸ ਕਰ ਸਕਦੇ ਹਨ। ਇਸ ਘਟਨਾ ਨਾਲ਼ ਭਾਵੇਂ ਜੱਗੀ ਯੂਨੀਵਰਸਿਟੀ ਦਾਖਲੇ ਤੋਂ ਰਹਿ ਗਿਆ ਪਰ ਮੁਹੱਲੇ ਵਿੱਚ ਉਸਦੀ ਇਮਾਨਦਾਰੀ (Sincerity) ਨਾਲ਼ ਉਸਦਾ ਅਸਤਿੱਤਵ ਬੁਲੰਦ ਹੋ ਗਿਆ।

ਸੰਸਾਰ ਵਿੱਚ ਵਿਚਰਦਿਆਂ ਵਿਅਕਤੀ ਨੂੰ ਅਨੇਕਾਂ ਜ਼ਿੰਮੇਵਾਰੀਆਂ (Responsibilities) ਨਿਭਾਉਣੀਆਂ ਪੈਂਦੀਆਂ ਹਨ। ਵਿਅਕਤੀ ਵਿੱਚ ਜ਼ਿੰਮੇਵਾਰੀ ਨਿਭਾਉਣ ਦੀ ਯੋਗਤਾ ਵੀ ਹੋਣੀ ਚਾਹੀਦੀ ਹੈ। **ਪ੍ਰਮਾਣਿਕ ਅਸਤਿੱਤਵ ਵਾਲਾ ਵਿਅਕਤੀ ਮਾੜੇ ਤੋਂ ਮਾੜੇ ਹਾਲਤ ਵਿੱਚ ਵੀ ਸਮੱਸਿਆਵਾਂ ਨੂੰ ਸਿਆਣਪ ਸਹਿਤ ਨਜਿਠ ਲੈਂਦਾ ਹੈ।** ਡਾ. ਜੱਗੀ ਦੀ ਇੱਛਾ ਦੇ ਉਲਟ ਉਸਨੂੰ ਪ੍ਰੋ: ਨਿਰਮਲ ਸਿੰਘ ਦੇ ਨਾਲ਼ ਸਹਾਇਕ ਵਾਰਡਨ ਬਣਾ ਦਿੱਤਾ ਗਿਆ। ਪੱਤਰ ਵਿਹਾਰ ਸਿੱਖਿਆ ਦੇ ਡਾਇਰੈਕਟਰ ਪ੍ਰੋ: ਬਖ਼ਸ਼ੀਸ਼ ਸਿੰਘ ਵਾਰਡਨ ਸਨ। ਡਾ. ਜੱਗੀ ਨੂੰ ਵਾਰਡਨ ਹਾਊਸ ਵਿੱਚ ਰਹਾਇਸ਼ ਰੱਖਣ ਤੋਂ ਮੁਕਤ ਕਰ ਦਿੱਤਾ ਗਿਆ। ਪ੍ਰੋ: ਨਿਰਮਲ ਸਿੰਘ ਦੀ ਠਹਿਰ ਵਾਰਡਨ ਹਾਊਸ ਵਿੱਚ ਹੋ ਗਈ। ਨਕਸਲਬਾੜੀ ਲਹਿਰ ਪੂਰੇ ਜ਼ੋਰਾਂ 'ਤੇ ਸੀ। ਵਿਦਿਆਰਥੀਆਂ ਨੂੰ ਘੂਰਨਾ ਤਾਂ ਇੱਕ ਪਾਸੇ ਰਿਹਾ, ਬੁਲਾਕੇ ਸਮਝਾਉਣ ਦਾ ਸਮਾਂ ਵੀ ਨਹੀਂ ਸੀ। ਉਨ੍ਹਾਂ ਦਿਨਾਂ ਵਿੱਚ ਇੱਕ ਗ਼ਰੀਬ ਚੌਂਕੀਦਾਰ ਦਾ ਕਤਲ ਹੋ ਗਿਆ। ਇੱਕ ਦਿਨ ਕਾਨਵੋਕੇਸ਼ਨ ਵਾਲੇ ਦਿਨ ਹੋਸਟਲ ਨੰ:3 ਵਾਲਿਆਂ ਨੇ ਹੋਸਟਲ ਨੰ: 2 ਤੇ ਹਮਲਾ ਕਰ ਦਿੱਤਾ। ਲੜਦਿਆਂ ਹਟਾਉਣਾ ਵੀ ਮੁਸ਼ਕਲ ਸੀ। ਪੁਲੀਸ ਨੂੰ ਕੇਸ ਦੇਣਾ ਵੀ ਮੂਰਖਤਾ ਹੋਣੀ ਸੀ। ਡਾ. ਜੱਗੀ ਦੀ ਅਗਵਾਈ ਵਿੱਚ ਅਜਿਹਾ ਪ੍ਰਬੰਧ ਕੀਤਾ ਗਿਆ ਕਿ ਕਾਨਵੋਕੇਸ਼ਨ ਅਨੁਸ਼ਾਸ਼ਨ ਭਰਪੂਰ ਵਾਤਾਵਰਨ ਵਿੱਚ ਸਫ਼ਲ ਹੋ ਨਿਬੜੀ। ਤੀਜੀ ਘਟਨਾ ਮਾਰਚ 1973 ਦੇ ਫੇਅਰਵੈਲ ਸਮਾਗਮ ਸਮੇਂ ਵਾਪਰੀ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਮਹਿਮਾਨ ਵਜੋਂ ਬੁਲਾਇਆ ਹੋਇਆ ਸੀ। ਨਕਸਲਬਾੜੀ ਉਸਦੀ ਵਿਚਾਰਧਾਰਾ ਨਾਲ਼ ਅਸਹਿਮਤ ਸਨ। ਗੁਰਬਖ਼ਸ਼

ਸਿੰਘ ਨੂੰ ਦੂਤ ਘੱਲਕੇ ਆਉਣੋਂ ਰੋਕ ਦਿੱਤਾ। ਵੀ.ਸੀ ਸਾਹਿਬ ਨੂੰ ਯੂਨੀਵਰਸਿਟੀ ਤੋਂ ਬਾਹਰ ਚਲੇ ਜਾਣ ਲਈ ਬੇਨਤੀ ਕੀਤੀ। ਨਿਮੰਤਰਤ ਪ੍ਰੋਫੈਸਰ ਹਾਲਾਤ ਬਿਗੜਦੇ ਵੇਖਕੇ ਖਿਸਕ ਗਏ। ਪਿਛੇ ਰਹਿ ਗਏ ਵਾਰਡਨ ਡਾ. ਜੱਗੀ ਅਤੇ ਦੋ ਸਹਾਇਕ ਵਾਰਡਨ-ਡਾ. ਮਨਮੋਹਨ ਕੇਸਰ ਅਤੇ ਡਾ. ਹਰਕੀਰਤ ਸਿੰਘ। ਸਮਾਗਮ ਸਫ਼ਲ ਰਿਹਾ। ਗੁਰਬਖ਼ਸ਼ ਸਿੰਘ ਬਾਰੇ ਇਉਂ ਕਿਹਾ ਗਿਆ ਕਿ ਉਹ ਕਿਸੇ ਮਜਬੂਰੀ ਕਾਰਨ ਨਹੀਂ ਆ ਸਕੇ। ਅਜਿਹੀ ਕਠਿਨ ਜ਼ਿੰਮੇਵਾਰੀ ਨਿਭਾਉਣ ਸਮੇਂ ਆਮ ਵਿਅਕਤੀ ਘਬਰਾ ਜਾਂਦੇ ਹਨ।

ਇਸ ਆਤਮਕਥਾ ਦੇ ਸੰਪੂਰਨ ਹੋਣ ਤੱਕ ਡਾ. ਜੱਗੀ ਪੰਜਾਬੀ ਸਾਹਿਤ ਨੂੰ 52; ਹਿੰਦੀ ਸਾਹਿਤ ਨੂੰ 7; ਅੰਗਰੇਜ਼ੀ (ਸੰ) 3; ਹੋਰ ਅਨੁਵਾਦ 13; ਸਾਹਿਤ-ਜਗਤ ਨੂੰ ਭੇਟ ਕਰ ਚੁੱਕਾ ਹੈ। ਖੋਜ-ਪੱਤ੍ਰਿਕਾ ਦੀ 20 ਅੰਕਾਂ ਦੀ ਸੰਪਾਦਨਾ ਉਸ ਦਾ ਹਾਸਲ ਹੈ। ਵਿਸ਼ੇਸ਼ ਸਨਮਾਨ 8; ਪੁਸਤਕਾਂ ਲਈ 11 ਇਨਾਮਾਂ ਨਾਲ਼ ਉਸ ਦੀ ਸ਼ਖ਼ਸੀਅਤ ਸੁਸਜਿਤ ਹੈ। ਇਨ੍ਹਾਂ ਸਾਰੀਆਂ ਪ੍ਰਾਪਤੀਆਂ ਨੂੰ ਉਹ ਪਰਮਾਤਮਾ ਦੀ ਦੇਣ ਸਮਝਦਾ ਹੈ। ਇਉਂ ਉਸ ਦੀ ਸ਼ਖ਼ਸੀਅਤ ਵਿੱਚ ਧਾਰਮਿਕ-ਅਸਤਿੱਤਵ ਵੀ ਸ਼ਾਮਲ ਹੈ :-

ਖ਼ੁਦਾ ਤੌਫੀਕ ਦੇਤਾ ਹੈ ਜਿਨ੍ਹੇ ਵੋਹ ਯਿਹ ਸਮਝਤੇ ਹੈਂ
ਕਿ ਖ਼ੁਦ ਅਪਨੇ ਹਾਥੋਂ ਸੇ ਬਨਾ ਕਰਤੀ ਹੈ ਤਕਦੀਰੇਂ।[12]

ਪਰ ਉਨ੍ਹਾਂ ਨੂੰ ਇਸ ਗੱਲ ਦਾ ਵੀ ਅਹਿਸਾਸ ਹੈ ਕਿ ਤਕਦੀਰ ਬਦਲਣ ਲਈ ਕਿਸੇ ਕੌਮ ਦੇ ਜਾਗਰਤ ਹੋਣ ਦੀ ਲੋੜ ਹੈ :

ਖ਼ੁਦਾ ਨੇ ਆਜ ਤਕ ਉਸ ਕੌਮ ਕੀ ਤਕਦੀਰ ਨਹੀਂ ਬਦਲੀ
ਨ ਹੋ ਜਿਸ ਕੋ ਖ਼ਿਆਲ ਆਪ ਅਪਨੀ ਹਾਲਤ ਕੇ ਬਦਲਨੇ ਕਾ।[13]

ਇਹੋ ਨੁਕਤਾ 'ਸਵੈ' ਦੇ ਅਸਤਿੱਤਵ ਤੇ ਵੀ ਲਾਗੂ ਹੁੰਦਾ ਹੈ।

ਅਸਤਿੱਤਵਵਾਦੀ ਦ੍ਰਿਸ਼ਟੀ ਤੋਂ ਉਸਨੇ ਨੇ ਆਪਣਾ ਜੀਵਨ ਮੰਥਨ ਕਰਦਿਆਂ ਅਨੇਕ ਅਨੁਭਵ ਪਾਠਕਾਂ ਨਾਲ਼ ਸਾਂਝੇ ਕੀਤੇ ਹਨ ਜਿਨ੍ਹਾਂ ਵਿੱਚੋਂ ਕੁੱਝ ਹੇਠਾਂ ਪ੍ਰਸਤੁਤ ਕੀਤੇ ਜਾਂਦੇ ਹਨ :-

(ੳ) ਔਕੜ ਨਾਲ਼ ਸਮਝੌਤਾ ਨਹੀਂ ਕਰਨਾ ਚਾਹੀਦਾ। [14]

(ਅ) ਜਿੱਥੇ ਮਨ ਨਾ ਮੰਨੇ ਉੱਥੇ ਖਚਿਤ ਹੋਣ ਦੀ ਲੋੜ ਨਹੀਂ ਹੁੰਦੀ।[15]

(ੲ) ਉਦੋਂ ਸਾਧਕ ਸਨ, ਸਾਧਨ ਅਤੇ ਸੁਵਿਧਾਵਾਂ ਨਹੀਂ ਸਨ। ਹੁਣ ਸਾਧਨ ਹਨ; ਪਰ ਸਾਧਕ ਨਹੀਂ ਹਨ। [16]

(ਸ) ਖੋਜ ਕਾਰਜ ਵਿੱਚ ਜਾਗਰਿਤ ਪ੍ਰਪੰਚ ਤੋਂ ਮੁਕਤ ਰਹਿਣਾ ਇਸਦੀ ਬੁਨਿਆਦੀ ਲੋੜ ਹੈ।[17]

(ਹ) ਗ਼ਮ ਕਿੰਨਾ ਵੀ ਵੱਡਾ ਹੋਵੇ, ਸਮਾਂ ਹੌਲੀ-ਹੌਲੀ ਅੱਖਾਂ ਦੇ ਹੰਝੂ ਪੂੰਝ

ਦਿੰਦਾ ਹੈ।[18]

(ਕ) ਫੁੱਲਾਂ ਦੀ ਲਾਲੀ ਅੱਗ-ਰੰਗੀ ਹੋ ਸਕਦੀ ਹੈ, ਪਰ ਉਸ ਵਿੱਚ ਅੱਗ ਵਰਗਾ ਸੇਕ ਨਹੀਂ ਹੁੰਦਾ।[19]

(ਖ) ਕਿਸੇ ਨਾਲ਼ ਗੱਲ ਕੀਤਿਆਂ ਗੱਲ ਪਰਾਈ ਹੋ ਜਾਂਦੀ ਹੈ।[20]

(ਗ) ਦੂਰੀ-ਏ-ਮੰਜ਼ਿਲ ਕਾ ਮਤਲਬ ਕੁਛ ਨਹੀਂ
ਬਸ ਇਰਾਦੋਂ ਕੀ ਕਮੀ ਕਾ ਨਾਮ ਹੈ।[21]

ਸੰਖੇਪ ਰੂਪ ਵਿੱਚ ਆਖਿਆ ਜਾ ਸਕਦਾ ਹੈ ਕਿ ਇਸ ਆਤਮ-ਕਥਾ ਦੇ ਆਧਾਰ ਤੇ ਪ੍ਰੋ (ਡਾ.) ਰਤਨ ਸਿੰਘ ਜੱਗੀ ਆਪਣੇ ਫ਼ੈਸਲੇ ਆਪਣੀ ਮਰਜ਼ੀ ਨਾਲ਼ ਲੈਣ ਅਤੇ ਉਨ੍ਹਾਂ ਉੱਤੇ ਬਿਨਾਂ ਕਿਸੇ ਬਾਹਰੀ ਦਬਾਅ ਦੇ ਅਮਲ ਕਰਨ ਕਾਰਨ ਪ੍ਰਮਾਣਿਕ ਅਸਤਿਤਵ ਅਤੇ ਗਤੀਸ਼ੀਲ ਸ਼ਖ਼ਸੀਅਤ ਦੇ ਸਵਾਮੀ ਵਜੋਂ 'ਸਵੈ' ਦਾ ਪ੍ਰਗਟਾਵਾ ਕਰਨ ਵਿੱਚ ਸਫ਼ਲ ਹੈ। ਮਿਹਨਤ, ਲਗਨ ਅਤੇ ਦ੍ਰਿੜ੍ਹ ਇਰਾਦਾ ਡਾ. ਜੱਗੀ ਦੀ ਸ਼ਖ਼ਸੀਅਤ ਦੇ ਪ੍ਰਮੁੱਖ ਗੁਣਾਂ ਵਜੋਂ ਉੱਭਰਦੇ ਹਨ।

*ਅਧਿਆਇ ਬਾਰ੍ਹਵਾਂ*

# ਯੁੱਧ-ਨਾਦ

'ਯੁੱਧ-ਨਾਦ' ਮਨਮੋਹਨ ਬਾਵਾ ਦਾ ਪਲੇਠਾ ਨਾਵਲ ਹੈ। ਇਹ ਇੱਕ ਇਤਿਹਾਸਕ ਨਾਵਲ ਹੈ ਪਰ ਆਮ ਇਤਿਹਾਸਕ ਨਾਵਲਾਂ ਨਾਲ਼ੋਂ ਵੱਖਰੀ ਕਿਸਮ ਦਾ ਕਿਉਂਕਿ ਇਸ ਨਾਵਲ ਦੇ ਵਿਸ਼ਾ-ਵਸਤੂ ਵਿੱਚ ਪ੍ਰਾਚੀਨ ਇਤਿਹਾਸ (326 ਈ: ਪੂਰਬ) ਦੇ ਸਮਾਨੰਤਰ ਇਤਿਹਾਸ ਦੀ ਸਿਰਜਨਾ ਕੀਤੀ ਗਈ ਹੈ। ਯੂਨਾਨੀ ਸੈਨਾਪਤੀ ਸਿਕੰਦਰ ਦੀ ਸੰਸਾਰ ਜਿੱਤਣ ਦੀ ਆਕਾਂਖਿਆ ਦੇ ਮੁਕਾਬਲੇ ਪੰਜਾਬ ਦੇ ਗਣ-ਪ੍ਰੀਸ਼ਦਾਂ ਜਾਂ ਗਣ-ਰਾਜਾਂ ਦੇ ਜੂਝਣ ਦੀ ਗਾਥਾ ਇਸ ਨਾਵਲ ਦਾ ਕੇਂਦਰੀ ਸਰੋਕਾਰ ਹੈ। ਇੰਜ ਇਸ ਵਿੱਚ ਇੱਕ ਵਿਅਕਤੀ ਦੀ ਖਾਹਿਸ਼ ਦੇ ਸਮਾਨੰਤਰ ਪੰਜਾਬ ਦੇ ਗਣਰਾਜਾਂ ਵੱਲੋਂ ਆਪਣੇ ਅਸਤਿੱਤਵ ਦੀ ਰੱਖਿਆ ਭਰਵੇਂ ਰੂਪ ਵਿੱਚ ਉਜਾਗਰ ਹੁੰਦੀ ਹੈ।

ਅਸੀਂ ਪਹਿਲਾਂ ਵੀ ਇਹ ਜ਼ਿਕਰ ਕਰ ਚੁੱਕੇ ਹਾਂ ਕਿ **ਅਸਤਿੱਤਵਵਾਦ 'ਮੈਂ-ਵਾਦ' ਨਹੀਂ ਹੁੰਦਾ। ਇਹ ਦੂਜਿਆਂ ਦੀ ਹੋਂਦ ਦੇ ਮੁਕਾਬਲੇ ਹੀ ਆਪਣੀ ਹੋਂਦ ਰੱਖਦਾ ਹੈ। ਖਲਾਅ ਵਿੱਚ ਕੋਈ ਅਸਤਿੱਤਵ ਨਹੀਂ ਹੁੰਦਾ।** ਇੰਜ ਵਿਅਕਤੀ ਦਾ ਅਸਤਿੱਤਵ ਅਤੇ ਸਮੁੱਚੀ ਕੌਮ ਦਾ ਅਸਤਿੱਤਵ ਅਰਥ ਗ੍ਰਹਿਣ ਕਰਦਾ ਹੈ। ਇੰਜ ਵਿਅਕਤੀਗਤ ਅਸਤਿੱਤਵ ਅਤੇ ਗਣਰਾਜਾਂ ਦੀ ਪ੍ਰਭੂਸੱਤਾ ਵਡੇਰੇ ਅਰਥਾਂ ਵਿੱਚ ਸਮਾਨਾਰਥੀ ਹੋ ਨਿਬੜਦੇ ਹਨ। ਪ੍ਰਭੂਸੱਤਾ ਕਿਸੇ ਕੌਮ ਲਈ ਜਾਂ ਰਾਜ ਲਈ ਵਰਤਿਆ ਜਾਣ ਵਾਲਾ ਸ਼ਬਦ ਹੈ। ਅੱਜ ਕੱਲ ਅਸਤਿੱਤਵ ਜਾਂ ਹੋਂਦ ਵੀ ਇਸੇ ਸੰਦਰਭ ਵਿੱਚ ਪ੍ਰਯੋਗ ਹੋ ਰਹੇ ਹਨ। **ਅਸਤਿੱਤਵ ਸ਼ਬਦ ਦਾ ਅਰਥ ਵਿਸਤਾਰ ਹੀ ਪ੍ਰਭੂਸੱਤਾ ਹੈ।**

ਨਾਵਲ ਦੇ ਪੰਨਿਆਂ ਦਾ ਭ੍ਰਮਣ ਕਰਦਿਆਂ ਮਕਦੂਨੀਆਂ (ਯੂਨਾਨ) ਤੋਂ ਚੱਲਿਆ ਸਿਕੰਦਰ ਤੁਰਕੀ, ਫ਼ਾਰਸ, ਇਰਾਕ, ਬਲਖ਼-ਬੁਖ਼ਾਰਾ, ਸਮਰਕੰਦ ਅਤੇ ਅਫ਼ਗਾਨਿਸਤਾਨ ਨੂੰ ਫ਼ਤਹਿ ਕਰਦਾ ਹੋਇਆ ਸਿੰਧੂ ਨਦੀ ਪਾਰ ਕਰਕੇ ਤਕਸ਼ਸ਼ਿਲਾ ਆ ਪਹੁੰਚਿਆ ਜਿੱਥੋਂ ਦੇ ਰਾਜਾ ਅੰਭੀ ਨੇ ਉਸ ਨਾਲ਼ ਸੁਲਾਹ ਕਰ ਲਈ। ਫਿਰ ਉਸਨੇ ਪੋਰਸ ਨਾਲ਼ ਯੁੱਧ ਕੀਤਾ ਅਤੇ ਸੁਲਾਹ ਕੀਤੀ। ਸਿਕੰਦਰ ਨੇ ਪੋਰਸ ਦੀ ਸਹਾਇਤਾ ਨਾਲ਼ ਛੋਟੇ ਛੋਟੇ ਗਣਤੰਤਰਾਂ ਨੂੰ ਦਬਾਉਣਾ ਚਾਹਿਆ ਪਰ ਛੋਟੇ

ਗਣਤੰਤਰਾਂ ਨੇ ਸਿਕੰਦਰ ਦੇ ਛੱਕੇ ਛੁਡਾ ਦਿੱਤੇ ਅਤੇ ਨਿਰਾਸ਼ ਵਾਪਸ ਪਰਤਣ ਲਈ ਮਜਬੂਰ ਕਰ ਦਿੱਤਾ। ਇਉਂ ਇਹ ਨਾਵਲ ਵਿਅਕਤੀਗਤ ਅਸਤਿਤਵੀ ਆਕਾਂਖਿਆ ਅਤੇ ਸਮੂਹਕ ਅਸਤਿਤਵ (ਪ੍ਰਭੂਸੱਤਾ) ਦੀ ਰਾਖੀ ਦਰਮਿਆਨ ਤਨਾਓ 'ਚੋਂ ਆਪਣੀ ਇਤਿਹਾਸਕ ਹੋਂਦ ਗ੍ਰਹਿਣ ਕਰਦਾ ਹੈ।

ਸਿਕੰਦਰ ਦੀ ਤਥਾਤਮਕਤਾ (Facticity) ਇਹ ਹੈ ਕਿ ਉਹ ਪ੍ਰਸਿੱਧ ਯੂਨਾਨੀ ਦਾਰਸ਼ਨਿਕ ਅਰਸਤੂ ਦਾ ਸ਼ਗਿਰਦ ਸੀ। ਅਰਸਤੂ ਬਹੁਤ ਵੱਡਾ ਦਾਰਸ਼ਨਿਕ ਮਹਾਂਪੁਰਸ਼ ਮੰਨਿਆ ਜਾਂਦਾ ਹੈ। ਯੁੱਧ-ਨਾਦ ਦੇ ਇੱਕ ਪਾਤਰ ਸ਼ੈਬਾਨੀ ਦੇ ਸ਼ਬਦਾਂ ਵਿੱਚ ਅਰਸਤੂ ਸੰਬੰਧੀ ਵਿਚਾਰ ਇਉਂ ਮਿਲਦੇ ਹਨ।

"ਇਲਮ ਅਤੇ ਅਕਲ ਨੂੰ ਜਦੋਂ ਕੋਈ ਆਪਣੇ ਜਾਂ ਕੇਵਲ ਆਪਣੀ ਜਾਤੀ ਦੇ ਹਿਤ ਲਈ ਵਰਤਣਾ ਆਰੰਭ ਕਰ ਦੇਵੇ ਤਾਂ ਬਹੁਤ ਖ਼ਤਰਨਾਕ ਅਤੇ ਮਹਾਂ ਅਗਿਆਨ 'ਚ ਬਦਲ ਜਾਂਦਾ ਏ। ਉਹ (ਅਰਸਤੂ) ਇੱਕ ਕੱਟੜ ਯੂਨਾਨੀ ਹੈ ਅਤੇ ਯੂਨਾਨੀ ਕੌਮ ਨੂੰ ਅਜ਼ੀਮ ਸਮਝਦਿਆਂ, ਚਾਹੁੰਦਾ ਹੈ ਕਿ ਸਾਰੀ ਦੁਨੀਆਂ 'ਚ ਯੂਨਾਨੀ ਤਹਿਜ਼ੀਬ ਦਾ ਝੰਡਾ ਝੁਲਾਇਆ ਜਾਏ। ਇਸੇ ਨੇ ਸਿਕੰਦਰ ਦੇ ਦਿਮਾਗ 'ਚ ਦੁਨੀਆਂ ਨੂੰ ਫ਼ਤਿਹ ਕਰਨ ਦਾ ਖ਼ਵਾਬ ਜਗਾਇਆ ਸੀ। ਜੇ ਇਹ ਨਾ ਹੁੰਦਾ ਤਾਂ ਸਿਕੰਦਰ ਨਾ ਹੁੰਦਾ ਅਤੇ ਨਾ ਹੀ ਐਨਾ ਖ਼ੂਨ ਖ਼ਰਾਬਾ"[1]

ਇੰਜ ਅਰਸਤੂ ਨੇ ਸਿਕੰਦਰ ਵਰਗੀ ਮਹੱਤਵ-ਆਕਾਂਸ਼ਾ ਸ਼ਖ਼ਸੀਅਤ ਘੜੀ। ਉਂਜ ਵੀ ਯੂਨਾਨੀ ਮਹਾਨ ਵਿਅਕਤਿਤਵ (The Super Man) ਪੈਦਾ ਕਰਨ ਵਿੱਚ ਵਿਸ਼ਵਾਸ ਰੱਖਦੇ ਸਨ। Mrs. Forster-Nietzsche ਜੋ ਫ਼ਰੈਡਰਿਕ ਨੀਤਸ਼ੇ ਦੀ ਭੈਣ ਸੀ, ਲਿਖਦੀ ਹੈ :

"The Greeks are interesting and extremely important because they reared such a vast number of great individuals.[2]

ਕੁੱਝ ਇਸ ਪ੍ਰਕਾਰ ਦੇ ਵਿਚਾਰ ਹੀ Thus spake zarthustra ਵਿੱਚ ਨੀਤਸ਼ੇ ਪੇਸ਼ ਕਰਦਾ ਹੈ :

"With the help of favorable measures great individuals might be reared who would be both different from and higher than those who heretofore have owed their existence to mere chance. Here we may still be hopeful: in the rearing of exceptional men."[3]

ਉਕਤ ਵਿਚਾਰਾਂ ਤੋਂ ਸਵੈਸਿਧ ਹੈ ਕਿ ਅਰਸਤੂ ਦੇ ਵਿਚਾਰਾਂ ਨੇ ਹੀ ਸਿਕੰਦਰ ਪੈਦਾ ਕੀਤਾ। ਅਰਸਤੂ ਤਾਂ ਯੂਨਾਨੀ ਖ਼ੂਨ ਵਿੱਚ ਦੂਸਰੀ ਕੌਮ ਦੀ ਮਿਲਾਵਟ ਵੀ ਪਸੰਦ ਨਹੀਂ ਸੀ ਕਰਦਾ, ਇਸੇ ਕਰਕੇ ਕਾਲਿਸਥਨਸ ਜੋ ਸਿਕੰਦਰ

ਦਾ ਸੈਨਾਪਤੀ ਸੀ, ਸਿਕੰਦਰ ਦੇ ਬਕਤਾਰੀਆ ਦੀ ਸ਼ਹਿਜ਼ਾਦੀ ਰੁਖ਼ਸਾਨਾ ਅਤੇ ਫ਼ਾਰਸ ਦੀ ਸ਼ਹਿਜ਼ਾਦੀ ਸਤਾਤਿਰਾ ਨਾਲ਼ ਵਿਆਹ ਕਰਵਾਉਣ ਕਾਰਨ ਉਸਦਾ ਵਿਰੋਧੀ ਹੋ ਨਿਬੜਿਆ ਅਤੇ ਸਿਕੰਦਰ ਨੂੰ ਮਾਰਨ ਦੀ ਸਾਜ਼ਸ਼ ਰਚਣ ਲੱਗਾ ਸੀ ਪਰ ਅਰਸਤੂ ਦੀ ਵਿਚਾਰਧਾਰਾ ਦਾ ਕੱਟੜ ਸਮਰਥਕ ਕਾਲਿਸਥਨਸ ਸਾਜ਼ਸ਼ ਨੇਪਰੇ ਚਾੜ੍ਹਨ ਤੋਂ ਐਨ ਪਹਿਲਾਂ ਫੜਿਆ ਗਿਆ।

ਅਰਸਤੂ ਦੀ ਇਸੇ ਪ੍ਰਕਾਰ ਦੀ ਵਿਚਾਰਧਾਰਾ ਨੇ ਹੀ ਫ਼ਰੈਡਰਿਕ ਨੀਤਸ਼ੇ ਦੀ ਸੁਪਰਮੈਨ ਵਾਲੀ ਵਿਚਾਰਧਾਰਾ ਨੂੰ ਪ੍ਰਭਾਵਿਤ ਕੀਤਾ ਜਿਸ ਦੇ ਫਲਸਰੂਪ ਮੁਸੋਲੀਨੀ ਅਤੇ ਹਿਟਲਰ ਵਰਗੇ ਪੈਦਾ ਹੋਏ।

ਇਸ ਅਧਿਐਨ ਵਿੱਚ ਪਹਿਲਾਂ ਅਸੀਂ ਅਰਸਤੂ ਦੇ ਸ਼ਗਿਰਦ ਦੀ ਆਕਾਂਖ਼ਸ਼ਾ, ਉਸਦੇ ਸੁਪਰਮੈਨ ਵਜੋਂ ਹੰਕਾਰ ਅਤੇ ਅਸਤਿੱਤਵ ਦੀ ਬੁਲੰਦੀ ਦਾ ਅਧਿਐਨ ਕਰਾਂਗੇ ਅਤੇ ਫਿਰ ਅਜੈ ਮਿੱਤਰ ਦੀ ਅਗਵਾਈ ਵਿੱਚ ਗਣਤੰਤਰਾਂ ਦੇ ਅਸਤਿੱਤਵ ਅਰਥਾਤ ਪ੍ਰਭੂਸਤਾ ਦੀ ਰਾਖੀ ਲਈ ਪਾਏ ਯੋਗਦਾਨ ਦਾ ਮੁਲਾਂਕਣ ਕਰਾਂਗੇ।

ਸਿਕੰਦਰ ਮਹੱਤਵਾਕਾਂਖੀ ਹੈ। ਉਹ ਆਪਣੇ ਬਲਬੂਤੇ ਸੰਸਾਰ ਵਿਜਯ ਦੀ ਤਾਂਘ ਰੱਖਦਾ ਹੈ। ਸਾਰੇ ਸੰਸਾਰ ਨੂੰ ਵੇਖਣ ਦਾ ਇਛੁੱਕ ਹੈ ਪਰ ਕਾਲਜਿੱਤ ਉਸਨੂੰ ਸਮਝਾਉਂਦਾ ਹੈ ਕਿ ਤੈਨੂੰ 'ਮਹੱਤਵਕਾਂਖਿਆ' ਨੇ ਜਕੜਿਆ ਹੋਇਆ ਹੈ। ਕਾਲਜਿੱਤ ਉਸਦਾ ਸਾਥ ਦਿੰਦਾ ਹੈ ਤਾਂ ਕਿ ਉਹ ਨੇੜਿਉਂ ਵੇਖ ਸਕੇ ਕਿ ਬੰਦੇ ਦੀਆਂ ਖ਼ਾਹਿਸ਼ਾਂ (Desires) ਉਸਨੂੰ ਕਿਸ ਹੱਦ ਤੱਕ ਲੈ ਜਾਂਦੀਆਂ ਹਨ। ਕਾਲਜਿੱਤ ਉਸ ਨੂੰ ਸਮਝਾਉਂਦਾ ਹੈ :

"ਐ ਬਾਦਸ਼ਾਹ! ਤੂੰ ਐਨਾ ਕਸ਼ਟ ਕਰਕੇ ਐਨੀ ਦੂਰ ਕੀ ਕਰਨ ਆਇਆ ਹੈ? ਜਦ ਕਿ ਤੂੰ ਜੋ ਵੀ ਜਿੱਤਿਆ ਹੈ, ਉਸ ਵਿੱਚ ਤੇਰਾ ਕੁੱਝ ਵੀ ਨਹੀਂ ਸਿਵਾਏ ਉਸ ਧਰਤੀ ਦੇ ਜੋ ਤੇਰੇ ਪੈਰਾਂ ਥੱਲੇ ਹੈ।"[3]

ਸਿਕੰਦਰ ਉਸ ਸਾਧੂ ਦੀ ਕਿਸੇ ਗੱਲ ਤੇ ਨਾਰਾਜ਼ ਨਹੀਂ ਹੁੰਦਾ। ਅਜਿਹੀਆਂ ਜਿੱਤਾਂ ਜਿੱਤਣ ਵਾਲੇ ਸਿਕੰਦਰ ਵਿੱਚ ਕੁੱਝ ਮਨੁੱਖੀ ਗੁਣ ਵੀ ਹਨ। ਉਹ ਇਤਨਾ ਮਿਲਣਸਾਰ ਹੈ ਕਿ ਕਿਸੇ ਵੀ ਮਾਮੂਲੀ ਸੈਨਿਕ ਨੂੰ ਮਿਲਣ ਤੋਂ ਇਨਕਾਰ ਨਹੀਂ ਕਰਦਾ, ਇੰਜ ਉਹ ਹਰ ਕਿਸੇ ਨੂੰ ਸਮਝਣ ਲਈ 'ਮੈਂ-ਤੂੰ' ਸੰਬੰਧਾਂ ਨੂੰ ਪਹਿਲ ਦਿੰਦਾ ਹੈ। ਉਸਦੇ ਸਿਪਾਹੀ ਉਸਨੂੰ 'ਅਪੋਲੋ' ਦੇਵਤਾ ਦਾ ਅਵਤਾਰ ਮੰਨਦੇ ਹਨ। ਉਹ ਇੱਕ ਦੰਭੀ (Hypocrite) ਬੰਦਾ ਸੀ। ਪੋਰਸ ਨਾਲ਼ ਲੜਦਿਆਂ ਉਸਦਾ ਇੱਕ ਘੋੜਾ ਮਰ ਗਿਆ ਸੀ ਜਿਸਦੇ ਨਾਂ 'ਤੇ ਉਸਨੇ ਇੱਕ ਸ਼ਹਿਰ ਵਸਾਉਣ ਦਾ ਹੁਕਮ ਦੇ ਦਿੱਤਾ ਸੀ। ਅਜਿਹੇ ਦੰਭੀ ਲੋਕ ਆਪਣੀ ਸੰਤਾਨ ਅਤੇ ਆਪਣੇ ਕੁੱਤੇ, ਬਿੱਲੀਆਂ ਨੂੰ ਮਹਾਨਤਾ ਦੇਣਾ ਆਪਣੀ ਇੱਛਾ ਦਾ ਭਾਗ ਮੰਨਿਆ ਕਰਦੇ ਹਨ।

ਵਿਸ਼ਨੂੰ ਗੁਪਤ ਚਾਣਕਯ ਸਿਕੰਦਰ ਬਾਰੇ ਸਪਸ਼ਟ ਰਾਏ ਰੱਖਦਾ ਹੈ ਕਿ ਸਿਕੰਦਰ ਇੱਕ ਵਿਜੇਤਾ ਤਾਂ ਹੈ ਪਰ ਉਸ ਪਾਸ ਦੂਰ-ਦ੍ਰਿਸ਼ਟੀ ਨਹੀਂ ਹੈ। ਮਹੱਤਵਕਾਂਖੀ ਤਾਂ ਹੈ ਪਰ ਲੋਕਾਂ 'ਤੇ ਪੂਰਨ ਵਿਜੇ ਪਾਉਣ ਦੇ ਸਮਰੱਥ ਨਹੀਂ।

ਜੰਡਾਲਾ ਦੁਰਗ ਦੇ ਕਠਾਂ ਨਾਲ਼ ਲੜਾਈ ਸਮੇਂ ਉਸਦੇ ਸੈਨਿਕ ਨਿਰਾਸ਼ ਹੋ ਕੇ ਵਾਪਸੀ ਬਾਰੇ ਸੋਚਣ ਲੱਗਦੇ ਹਨ। ਅਜੈ ਮਿੱਤਰ ਦੇ ਗੁਪਤਚਰ ਜਲਮੇਘ ਨੇ ਦੱਸਿਆ ਕਿ ਵਿਪਾਸ਼ਾ ਤੋਂ ਪਾਰ ਮਗਧ ਸਮਰਾਟ ਧਨਾਨੰਦ ਦੀ ਫੌਜ ਸਿਕੰਦਰ ਨਾਲ਼ ਲੋਹਾ ਲੈਣ ਲਈ ਤਿਆਰ ਖੜ੍ਹੀ ਹੈ ਤਾਂ ਅਜੈ ਮਿੱਤਰ ਸਿਕੰਦਰ ਦੇ ਦ੍ਰਿੜ੍ਹ ਇਰਾਦੇ ਬਾਰੇ ਇਉਂ ਜਾਣਕਾਰੀ ਦਿੰਦਾ ਹੈ :

"ਸਿਕੰਦਰ ਬਹੁਤ ਹਠੀ ਅਤੇ ਇਰਾਦੇ ਦਾ ਪੱਕਾ ਹੈ। ਇਸਦੇ ਉਪਰੰਤ ਉਹ ਇੱਕ ਸੰਪੰਨ ਸੈਨਾਪਤੀ ਅਤੇ ਕੁਸ਼ਲ ਅਭਿਨੇਤਾ ਵੀ ਹੈ। ਉਹ ਜ਼ਰੂਰ ਵਿਪਾਸ਼ਾ ਪਾਰ ਕਰਨ ਵਿੱਚ ਸਫ਼ਲ ਹੋ ਜਾਏਗਾ, ਭਾਵੇਂ ਅੱਗੇ ਜਾ ਕੇ ਉਸਨੂੰ ਹਾਰਨਾ ਹੀ ਪਵੇ।"[5]

ਇਸ ਪ੍ਰਕਾਰ ਸਿਕੰਦਰ ਆਪਣੀ ਸੰਸਾਰ ਜਿੱਤ ਦੀ ਆਕਾਂਖਸ਼ਾ ਹਰ ਹਾਲਾਤ ਵਿੱਚ ਪੂਰੀ ਕਰਨ ਲਈ ਬਜ਼ਿੱਦ ਸੀ।

ਪਰ ਇਸ ਸਮੇਂ ਕਿਉਂਕਿ ਉਹ ਆਪਣੇ ਸੈਨਿਕਾਂ ਨੂੰ ਨਿਰਾਸ਼ ਵੇਖ ਰਿਹਾ ਹੈ। ਮਿਸਰ ਤੋਂ ਲੁੱਟੀ ਹੋਈ ਹੀਰਿਆਂ ਨਾਲ਼ ਜੜੀ ਪੇਟੀ ਲੱਕ ਨਾਲ਼ ਬੰਨ੍ਹਕੇ ਇੱਕ ਅਭਿਨੇਤਾ ਵਾਂਗ ਕੁੱਦਕੇ ਉਹ ਉੱਚੇ ਚਬੂਤਰੇ ਤੇ ਚੜ੍ਹਕੇ ਆਪਣੇ ਸਿਪਾਹੀਆਂ ਨੂੰ ਇਉਂ ਸੰਬੋਧਨ ਕਰਦਾ ਹੈ :

> "ਕੀ ਮੈਂ ਤੁਹਾਡੇ ਖ਼ਤਰਿਆਂ ਨੂੰ ਸਾਂਝਿਆਂ ਨਹੀਂ ਕਰਦਾ ਰਿਹਾ। ਸਭ ਤੋਂ ਅੱਗੇ ਹੋ ਕੇ ਨਹੀਂ ਲੜਦਾ ਰਿਹਾ? ਕੀ ਤੁਸੀਂ ਸ਼ੁਹਰਤ, ਬਹਾਦਰੀ ਅਤੇ ਲੁੱਟ ਮਾਰ ਦੇ ਹਿੱਸੇਦਾਰ ਨਹੀਂ ਬਣੇ......?
>
> ਆਓ ਬਹਾਦਰੋ! ਹੌਸਲਾ ਕਰੋ! ਆਪਣੀ ਮੰਜ਼ਲ ਦੇ ਏਨਾ ਨੇੜੇ ਆ ਕੇ ਮੂੰਹ ਨਾ ਮੋੜੋ। ਸੂਰਮਿਆਂ ਵਾਂਗ ਮਰਨਾ ਅਤੇ ਆਪਣੇ ਪਿੱਛੇ ਆਪਣਾ ਨਾਮ ਛੱਡ ਜਾਣਾ ਹੀ ਬਹਾਦਰਾਂ ਦੀ ਨਿਸ਼ਾਨੀ ਹੁੰਦੀ ਹੈ..........।"[6]

ਪਰ ਸਾਰੇ ਸੈਨਿਕ ਗਰਦਨਾਂ ਝੁਕਾਕੇ ਚੁੱਪ ਖਲੋਤੇ ਰਹੇ। ਕੋਈ ਵੀ ਨਹੀਂ ਸੀ ਬੋਲ ਰਿਹਾ। ਅਜਿਹੇ ਸਮੇਂ ਵੀ ਉਹ ਆਪਣੀ ਸੰਸਾਰ ਜਿੱਤ ਦੀ ਆਕਾਂਖਿਆ (Desire) ਤਿਆਗਣ ਲਈ ਤਿਆਰ ਨਹੀਂ :

"ਮੈਨੂੰ......ਮੈਨੂੰ ਮਹਿਸੂਸ ਹੋਣ ਲੱਗਾ ਏ ਜਿਵੇਂ ਮੈਂ ਬਿਲਕੁੱਲ ਇਕੱਲਾ ਰਹਿ ਗਿਆ ਹੋਵਾਂ। ਪਰ ਮੈਂ ਅੱਗੇ ਵਧਦਾ ਰਹਾਂਗਾ ਚਾਹੇ ਮੈਨੂੰ ਇਕੱਲਿਆਂ ਹੀ ਨਾ ਦਰਿਆ ਪਾਰ ਕਰਨਾ ਪਵੇ। ਜਾਓ! ਕਾਇਰਾਂ ਵਾਂਗ ਆਪਣੇ ਘਰਾਂ ਨੂੰ ਵਾਪਸ ਪਰਤ ਜਾਓ। ਪਰ ਮੈਂ ਤਾਂ ਫ਼ਤਿਹ ਹਾਸਲ ਕਰਾਂਗਾ ਜਾਂ ਇੱਕ ਬਹਾਦਰ

ਦੀ ਮੌਤ ਮਰਾਂਗਾ; ਪਰ ਇਸ ਤਰ੍ਹਾਂ ਡਰਕੇ ਵਾਪਸ ਨਹੀਂ ਜਾਵਾਂਗਾ।"[7]

ਕਾਇਨੋਸ ਨਾਂ ਦਾ ਇੱਕ ਬੁੱਢਾ ਜਰਨੈਲ ਸਿਕੰਦਰ ਨੂੰ ਖਰੀਆਂ ਖਰੀਆਂ ਸੁਣਾਉਂਦਾ ਹੈ :

"ਅਸੀਂ ਮੈਦਾਨ-ਏ-ਜੰਗ 'ਚ ਮਰੇ..... ਲੂਲੇ ਲੰਗੜੇ ਹੋ ਗਏ..... ਰੱਬ ਨੂੰ ਪਿਆਰੇ ਹੋ ਗਏ..... ਬਹੁਤਿਆਂ ਦੀਆਂ ਹੱਡੀਆਂ ਨੂੰ ਕਬਰ ਵੀ ਨਸੀਬ ਨਹੀਂ ਹੋਈ..... ਚੀਥੜਿਆਂ ਵਾਂਗ ਲੱਗ ਰਹੇ ਹਨ ਸਾਰੇ। ਜਦ ਸਿਪਾਹੀ ਨੂੰ ਨਾ ਆਤਮ ਸਨਮਾਨ ਮਿਲੇ ਨਾ ਆਰਾਮ, ਤਾਂ ਉਹ ਨਾ-ਉਮੀਦ ਕਿਸ ਲਈ ਲੜੇ ? ਆਪਣੇ ਘੋੜਿਆਂ ਵੱਲ ਵੇਖੋ, ਜਿਨ੍ਹਾਂ ਦੀਆਂ ਹੱਡੀਆਂ ਨਿਕਲ ਆਈਆਂ ਹਨ.......।"[8]

ਕਾਲਜਿੱਤ, ਜਿਸ ਨੂੰ ਸਿਕੰਦਰ ਤਕਸ਼ਸ਼ਿਲਾ ਤੋਂ ਫੜ੍ਹਕੇ ਲਿਆਇਆ ਸੀ ਅਤੇ ਯੂਨਾਨੀ ਉਸਨੂੰ ਕਲਾਨੋਸ ਕਹਿੰਦੇ ਸਨ, ਨੇ ਸਿਕੰਦਰ ਨੂੰ ਅਰਜਨ ਦੇ ਨਿਸ਼ਕਾਮ ਯੁੱਧ ਬਾਰੇ ਸਮਝਾਉਂਦਿਆਂ ਦੱਸਿਆ ਕਿ ਸੰਘਰਸ਼ ਕਰੋ ਅਤੇ ਉਸਦੇ ਫਲ਼ ਵੱਲ ਨਾ ਵੇਖੋ। ਤਾਂ ਸਿਕੰਦਰ ਬੋਲਿਆ "ਕੀ ਬਿਨਾਂ ਫਲ਼ ਦੀ ਉਮੀਦ ਦੇ ਕੋਈ ਕਰਮ ਕਰ ਸਕਦਾ ਹੈ। ਨਾ ਮੁਮਕਿਨ, ਨਾ ਮੁਮਕਿਨ! ਮੈਂ ਸਿਰਫ਼ ਆਪਣੀ ਸ਼ੁਹਰਤ ਹੀ ਨਹੀਂ, ਬਲਕਿ ਆਪਣੇ ਜੀਵਨ ਤੋਂ ਪਾਰ ਪਹੁੰਚਣਾ ਚਾਹੁੰਦਾ ਹਾਂ। ਜੋ ਨਾਮੁਮਕਿਨ ਹੈ। ਉਸ ਨੂੰ ਮੁਮਕਿਨ ਬਣਾਉਣਾ ਚਾਹੁੰਦਾ ਹਾਂ। ਮੇਰੇ ਅੰਦਰ ਇੱਕ ਅੱਗ ਹੈ ਜੋ ਮੈਨੂੰ ਸਾੜਕੇ ਸੁਆਹ ਕਰਦੀ ਜਾ ਰਹੀ ਹੈ।"[9] ਆਪਣੇ ਜੀਵਨ ਤੋਂ ਪਾਰ ਜਾਣ ਵਾਲੇ ਇਹ ਬੋਲ ਇਨ ਬਿਨ ਉੱਨੀਵੀਂ ਸਦੀ ਦੇ ਦਾਰਸ਼ਨਿਕ ਨੀਤਸ਼ੇ ਨਾਲ਼ ਮਿਲਦੇ ਜੁਲਦੇ ਹਨ :

Man is something that must be surpassed.[10]

ਕਲਾਨੋਸ ਸਿਕੰਦਰ ਨੂੰ ਬੁੱਧ ਮੱਤ ਅਨੁਸਾਰ ਚੇਤਨ ਕਰਦਾ ਹੈ :

"ਚਾਹੇ ਤੂੰ ਸਮਝਦਾ ਏਂ ਕਿ ਤੇਰੀ 'ਮੈਂ' ਬਹੁਤ ਮਹਾਨ ਹੈ ਅਤੇ ਤੂੰ ਹਰ ਵਸਤੂ ਨੂੰ ਕਲਾਵੇ ਵਿੱਚ ਲੈ ਸਕਦਾ ਏਂ ਪਰ ਇਹ ਤੇਰੀ ਮਿਥਿਆ ਹੈ। ਤੇਰੀ 'ਮੈਂ' ਹੀ ਤੇਰੇ ਅੰਦਰ ਬਲ ਰਹੀ ਅਗਨੀ ਹੈ।" ਪਰ ਸਿਕੰਦਰ ਦਾ ਤਾਂ ਅਸਤਿਤਵ ਇੰਜ ਬੋਲਦਾ ਹੈ :

"ਜੇ ਮੇਰੇ ਅੰਦਰ ਇਸ 'ਮੈਂ' ਦੀ ਅੱਗ ਨਾ ਰਹੀ ਤਾਂ ਫਿਰ ਮੈਂ ਹੀ ਕਿੱਥੇ ਰਹਾਂਗਾ ? ਗ਼ੈਰਤਮੰਦੀ ਦੇ ਇਲਾਵਾ ਇਹ ਖੁਹਾਇਸ਼ ਹੀ ਤੇ ਹੁੰਦੀ ਏ ਹਰ ਇਨਸਾਨ ਅੰਦਰ; ਇਸੇ ਤੋਂ ਹੀ ਛੋਟੇ ਵੱਡੇ ਕਰਮ ਉਪਜਦੇ ਹਨ।"[11]

ਕਲਾਨੋਸ ਇਥੇ ਯੂਨਾਨ ਅਤੇ ਭਾਰਤੀ ਮਹਾਤਮਾਵਾਂ ਦੀ ਸੋਚ ਦਾ ਟਾਕਰਾ ਕਰਦਾ ਹੈ :

"ਇਹੀ ਤੇ ਅੰਤਰ ਏ ਤੁਹਾਡੇ ਅਤੇ ਸਾਡੇ ਮਹਾਤਮਾਵਾਂ ਦੇ ਵਿਚਾਰਾਂ ਵਿੱਚ। ਬਾਹਰ ਵੱਲ ਨਹੀਂ, ਅੰਦਰ ਵੱਲ ਝਾਤੀ ਮਾਰਕੇ ਵੇਖੋ, ਵਿਸ਼ਲੇਸ਼ਣ ਕਰੋ।

ਹੌਲੀ-ਹੌਲੀ ਵਾਸ਼ਨਾਵਾਂ, ਇੱਛਾਵਾਂ ਦਾ ਧੂਆਂ ਲੋਪ ਹੋ ਜਾਏਗਾ ਤੇ ਤੁਸੀਂ ਸਾਫ਼ ਸਾਫ਼ ਵੇਖਣ ਦੇ ਸਮਰਥ ਹੋ ਜਾਓਗੇ।"[12]

ਇਨ੍ਹਾਂ ਵਿਚਾਰਾਂ ਵਿੱਚ ਬੁੱਧਮੱਤ ਅਨੁਸਾਰ ਆਪਣੇ ਆਪ ਨੂੰ ਸਮਝੋ, ਆਪਣਾ ਮੂਲ ਪਛਾਣੋਂ (Know thyself) ਦਾ ਗਿਆਨ ਨਿਹਿਤ ਹੈ।

ਸਿਕੰਦਰ ਸ਼ਗਨ/ਅਪਸ਼ਗਨ ਵਿੱਚ ਵੀ ਵਿਸ਼ਵਾਸ ਕਰਦਾ ਸੀ। ਆਪਣੇ ਇਸ਼ਟ ਦੇਵੀ ਮਿੱਤਰਾ ਦੀ ਮੂਰਤੀ ਅੱਗੇ ਸਹਾਇਤਾ ਲਈ ਪ੍ਰਾਰਥਨਾ ਕਰਦੇ ਸਮੇਂ ਜਦੋਂ ਉਹ ਬੱਕਰੇ ਦੀ ਬਲੀ ਦੇਣ ਲੱਗਿਆ ਤਾਂ ਬੱਕਰਾ ਛੁਡਾਉਣ ਲਈ ਹੱਥ ਪੈਰ ਮਾਰਨ ਲੱਗਾ। ਯੂਨਾਨੀਆਂ ਅਨੁਸਾਰ ਇਹ ਅਸ਼ੁੱਭ/ਅਪਸ਼ਗਨ ਸੀ। ਇਸ ਲਈ ਸਿਕੰਦਰ ਐਲਾਨ ਕਰਦਾ ਹੈ :

"ਐਲਾਨ ਕਰ ਦੇਵੋ ਕਿ ਸਿਕੰਦਰ ਦੇਵਤਿਆਂ ਦੀ ਮਰਜ਼ੀ ਦੇ ਖਿਲਾਫ਼ ਨਹੀਂ ਜਾਏਗਾ। ਅਸੀਂ ਵਾਪਸ ਪਰਤ ਰਹੇ ਹਾਂ।"[13]

ਕਾਲਜਿੱਤ ਦੇ ਅਗਨ ਸਮਾਧ ਲੈਣ ਸਮੇਂ ਸਿਕੰਦਰ ਉਸਨੂੰ ਪੁੱਛਦਾ ਹੈ:

"ਕੀ ਫੇਰ ਸਚਮੁੱਚ ਕਦੇ ਦਰਸ਼ਨ ਨਹੀਂ ਹੋਣਗੇ"

"ਅਸੀਂ ਛੇਤੀ ਹੀ ਮਿਲਾਂਗੇ ਇੱਕ ਦੂਜੇ ਨੂੰ। ਤੂੰ ਮਨੁੱਖਤਾ ਦੇ ਸਿਰੇ ਦਾ ਇੱਕ ਪਾਸਾ ਏਂ ਅਤੇ ਮੈਂ ਦੂਜਾ ਪਾਸਾ।" ਕਾਲਜਿੱਤ ਨੇ ਉੱਤਰ ਦਿੱਤਾ।

ਸਿਕੰਦਰ ਉਸਦੀ ਪ੍ਰਤੀਕਾਤਮਕ ਭਾਸ਼ਾ ਨੂੰ ਨਾ ਸਮਝਦਾ ਹੋਇਆ ਪੁੱਛਦਾ ਹੈ- ਕਿੱਥੇ ਮਿਲਾਂਗੇ ?"

ਉੱਤਰ ਮਿਲਿਆ :

ਮਾਰੂਥਲ ਵਿੱਚ।[14]

ਇਹੋ ਤਾਂ ਅਸਤਿਤਵਵਾਦ ਅਨੁਸਾਰ ਸ਼ੂਨਯ ਹੈ ਅਰਥਾਤ ਉਦੋਂ ਮਿਲਾਂਗੇ ਜਦੋਂ Being ਰੂਪਾਂਤਰਿਤ ਹੋ ਕੇ Nothingness ਵਿੱਚ ਬਦਲ ਚੁੱਕਿਆ ਹੋਵੇਗਾ।

ਅਸਤਿਤਵ ਦੇ ਜੋ ਅਰਥ ਕਿਸੇ ਵਿਅਕਤੀ ਲਈ ਹਨ ਉਹ ਅਰਥ ਵਿਸਤਾਰ ਦੇ ਰੂਪ ਵਿੱਚ ਕਿਸੇ ਕੌਮ ਜਾਂ ਰਾਜ ਲਈ ਹਨ, ਬੇਸ਼ੱਕ ਅਸੀਂ ਇਸ ਲਈ ਪ੍ਰਭੂਸਤਾ ਦੇ ਸ਼ਬਦ ਦਾ ਪ੍ਰਯੋਗ ਕਰਦੇ ਹਾਂ। ਇਨ੍ਹਾਂ ਦੋਹਾਂ ਸ਼ਬਦਾਂ ਦੇ ਅਰਥਾਂ ਵਿੱਚ ਉੱਨੀ ਇੱਕੀ ਦਾ ਹੀ ਅੰਤਰ ਹੈ। ਯੁੱਧ ਨਾਦ ਨਾਵਲ ਵਿੱਚ ਸਿਕੰਦਰ ਤਾਂ ਵਿਅਕਤੀਗਤ ਆਕਾਂਖਿਆ ਦਾ ਪ੍ਰਤੀਕ ਹੈ। ਵਿਅਕਤੀਗਤ ਆਕਾਂਖਿਆਵਾਂ ਸੰਬੰਧੀ ਜਾਨ੍ਹ ਮਕੈਰੀ ਦਾ ਕਥਨ ਹੈ :

"So long as he is in flesh, man is never delivered from the temptations of the world."[15]

ਯੁੱਧ-ਨਾਦ' ਨਾਵਲ ਵਿੱਚ ਪੂਰਬ ਈਸਾ ਕਾਲ ਵਿੱਚ ਪੰਜਾਬ 'ਚ ਨਿੱਕੇ ਨਿੱਕੇ ਗਣਰਾਜ ਆਪਣੇ ਹੋਂਦ ਲਈ ਲੜਦੇ ਵਿਖਾਏ ਗਏ ਹਨ। ਇਨ੍ਹਾਂ

ਗਣਰਾਜਾਂ ਵਿੱਚ ਕਠ, ਮਲ੍ਹ, ਕਸ਼ੁਦਰਕ, ਅਸ਼ਵਾਕ, ਨਾਗ, ਤਕਸ਼ਕ ਆਦਿ ਜਨਪਦਾਂ ਦਾ ਜ਼ਿਕਰ ਆਉਂਦਾ ਹੈ। ਬੇਸ਼ੱਕ ਇਤਿਹਾਸ ਇਨ੍ਹਾਂ ਬਾਰੇ ਚੁੱਪ ਹੈ ਪਰ ਨਾਵਲਕਾਰ ਨੇ ਆਪਣੀ ਖੋਜ ਰਾਹੀਂ ਇਨ੍ਹਾਂ ਦੀ ਹੋਂਦ ਅਤੇ ਯੋਗਦਾਨ ਦੀ ਚਰਚਾ ਕੀਤੀ ਹੈ।

ਇਨ੍ਹਾਂ ਜਨਪਦਾਂ (ਗਣਤੰਤਰਾਂ) ਦੇ ਅਸਤਿਤਵ ਦੀ ਰਾਖੀ ਲਈ ਨਾਵਲਕਾਰ ਨੇ ਜੋ ਕਲਪਤ ਪਾਤਰ ਸਿਰਜਿਆ ਹੈ ਉਸਦਾ ਨਾਂ **ਅਜੈ ਮਿੱਤਰ** ਹੈ। ਅਜੈ ਮਿੱਤਰ ਤਿੰਨ ਸਾਲਾਂ ਤੱਕ ਤਕਸ਼ਸ਼ਿਲਾ ਵਿਖੇ ਸਿਕੰਦਰ ਦੇ ਸ਼ਿਵਰ ਵਿੱਚ ਰਥਕਾਰ, ਬੁਤਘਾੜੇ ਅਤੇ ਦੁਭਾਸ਼ੀਏ ਦੇ ਰੂਪ ਵਿੱਚ ਰਹਿੰਦਾ ਹੈ ਪਰ ਉਸਦਾ ਅਸਲ ਮਨੋਰਥ ਆਪਣੇ ਗਣਰਾਜਾਂ/ਜਨਪਦਾਂ ਲਈ ਸਿਕੰਦਰ ਦੀ ਯੁੱਧ-ਨੀਤੀ ਅਤੇ ਹੋਰ ਕਮਜ਼ੋਰੀਆਂ ਦੀ ਜਾਸੂਸੀ ਕਰਨਾ ਹੈ।

ਆਰੰਗਾਸ ਯੁੱਧ ਨੂੰ ਜਾਣ ਸਮੇਂ ਉਧਾਲੀ ਹੋਈ ਇਸਤਰੀ ਮਾਧਵੀ ਦੀ ਨਿਗਰਾਨੀ ਲਈ ਅਜੈ ਮਿੱਤਰ ਨੂੰ ਕਹਿ ਜਾਂਦਾ ਹੈ ਪਰ ਜੈਸਨ ਨਾਂ ਦਾ ਯਵਨ ਮਾਧਵੀ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣਾ ਲੋਚਦਾ ਹੈ। ਅਜੈ ਮਿੱਤਰ ਉਸਨੂੰ ਮੁੱਠ-ਭੇੜ ਵਿੱਚ ਮਾਰ ਦਿੰਦਾ ਹੈ। ਮਾਧਵੀ ਸੋਚਦੀ ਹੈ ਕਿ ਅਜੈ ਨੇ ਉਸਦਾ (ਜੈਸਨ ਦਾ) ਵਧ ਉਸਦੇ ਕਾਰਨ ਕੀਤਾ ਹੈ ਪਰ ਅਜੈ ਨੇ ਦਰਅਸਲ ਉਸਦਾ ਕਤਲ ਆਪਣੀ ਹੋਂਦ (ਅਸਤਿਤਵ) ਲਈ ਕੀਤਾ ਹੈ। ਅਜੈ ਕਹਿੰਦਾ ਹੈ :

**"ਮੈਂ ਉਸਨੂੰ ਮਾਰਿਆ ਹੈ, ਤਾਂ ਉਸ ਸੂਖਮ ਵਸਤੂ ਦੀ ਰੱਖਿਆ ਕਰਦਿਆਂ, ਜੋ ਵਾਸਤਵ 'ਚ 'ਮੈਂ' ਹਾਂ।"**[16]

ਇਸ ਤੋਂ ਸਪਸ਼ਟ ਹੈ ਵਿਜੈ ਮਿੱਤਰ ਨੂੰ ਆਪਣੇ ਸਵੈ ਦੀ ਸਮਝ ਵੀ ਹੈ ਅਤੇ ਕਦਰ ਵੀ। ਪਿਆਰ ਵਿੱਚ ਕਈ ਵਾਰੀ ਵਿਅਕਤੀ ਆਪਣਾ ਅਸਤਿਤਵ ਗੁਆ ਬਹਿੰਦਾ ਹੈ। ਵਿਅਕਤੀ ਦੇ ਅਸਤਿਤਵ ਦੇ ਅਰਥਾਂ ਦੀ ਗੇਂਦ ਉਸ ਸਮੇਂ ਉਸਦੀ ਮਹਿਬੂਬਾ ਦੇ ਹੱਥ ਆ ਜਾਂਦੀ ਹੈ। ਮਾਧਵੀ ਤੋਂ ਵਿਦਾਇਗੀ ਲੈਣ ਸਮੇਂ ਅਜੈ ਦੀ ਹਾਲਤ ਇੰਜ ਹੀ ਹੋ ਜਾਂਦੀ ਹੈ :

"ਅਜੈ ਲਈ ਆਪਣੇ ਆਪ ਨੂੰ ਉਸ ਦੀਆਂ (ਮਾਧਵੀ ਦੀਆਂ) ਬਾਹਾਂ 'ਚੋਂ ਕੱਢਣਾ ਕਠਿਨ ਹੋ ਗਿਆ ਸੀ। ਇਹ ਮੋਹ ਪਿਆਰ ਵੀ ਕਿਸ ਤਰ੍ਹਾਂ ਦੀ ਵਸਤੂ ਹੈ ?[17]

ਉਹ ਤਾਂ ਕਠ ਗਣਪ੍ਰੀਸ਼ਦ ਦੇ ਆਦੇਸ਼ ਤੇ ਦੇਵਯਾਨੀ ਤੋਂ ਛੁੱਟੀ ਲੈ ਕੇ ਤਕਸ਼ਸ਼ਿਲਾ ਗਿਆ ਸੀ। ਫਿਰ ਤਿੰਨ ਸਾਲ ਵਾਪਸ ਨਾ ਆ ਸਕਿਆ।

ਆਚਾਰੀਆ ਗਿਆਨੇਸ਼ਵਰ ਅਜੈ ਮਿੱਤਰ ਨੂੰ ਆਸ਼ਰਮ ਵਿੱਚ ਆਉਣ ਤੇ ਤਕਸ਼ਸ਼ਿਲਾ ਭੇਜੇ ਜਾਣ ਬਾਰੇ ਪ੍ਰਸ਼ਨ ਕਰਦਾ ਹੈ ਕਿ ਉਹ ਉੱਥੇ ਜਾ ਕੇ ਕਿਸ ਪ੍ਰਕਾਰ ਦਾ ਗਿਆਨ ਹਾਸਲ ਕਰੇਗਾ ਤਾਂ ਅਜੈ ਸ਼ਾਸਤਰ ਅਤੇ ਸ਼ਸਤਰ ਬਾਰੇ

ਹੌਲੀ-ਹੌਲੀ ਵਾਸ਼ਨਾਵਾਂ, ਇੱਛਾਵਾਂ ਦਾ ਧੂਆਂ ਲੋਪ ਹੋ ਜਾਏਗਾ ਤੇ ਤੁਸੀਂ ਸਾਫ਼ ਸਾਫ਼ ਵੇਖਣ ਦੇ ਸਮਰਥ ਹੋ ਜਾਓਗੇ।"[12]

ਇਨ੍ਹਾਂ ਵਿਚਾਰਾਂ ਵਿੱਚ ਬੁੱਧਮੱਤ ਅਨੁਸਾਰ ਆਪਣੇ ਆਪ ਨੂੰ ਸਮਝੋ, ਆਪਣਾ ਮੂਲ ਪਛਾਣੋਂ (Know thyself) ਦਾ ਗਿਆਨ ਨਿਹਿਤ ਹੈ।

ਸਿਕੰਦਰ ਸ਼ਗਨ/ਅਪਸ਼ਗਨ ਵਿੱਚ ਵੀ ਵਿਸ਼ਵਾਸ ਕਰਦਾ ਸੀ। ਆਪਣੇ ਇਸ਼ਟ ਦੇਵੀ ਮਿੱਤਰਾ ਦੀ ਮੂਰਤੀ ਅੱਗੇ ਸਹਾਇਤਾ ਲਈ ਪ੍ਰਾਰਥਨਾ ਕਰਦੇ ਸਮੇਂ ਜਦੋਂ ਉਹ ਬੱਕਰੇ ਦੀ ਬਲੀ ਦੇਣ ਲੱਗਿਆ ਤਾਂ ਬੱਕਰਾ ਛੁਡਾਉਣ ਲਈ ਹੱਥ ਪੈਰ ਮਾਰਨ ਲੱਗਾ। ਯੂਨਾਨੀਆਂ ਅਨੁਸਾਰ ਇਹ ਅਸ਼ੁੱਭ/ਅਪਸ਼ਗਨ ਸੀ। ਇਸ ਲਈ ਸਿਕੰਦਰ ਐਲਾਨ ਕਰਦਾ ਹੈ :

"ਐਲਾਨ ਕਰ ਦੇਵੋ ਕਿ ਸਿਕੰਦਰ ਦੇਵਤਿਆਂ ਦੀ ਮਰਜ਼ੀ ਦੇ ਖਿਲਾਫ਼ ਨਹੀਂ ਜਾਏਗਾ। ਅਸੀਂ ਵਾਪਸ ਪਰਤ ਰਹੇ ਹਾਂ।"[13]

ਕਾਲਜਿੱਤ ਦੇ ਅਗਨ ਸਮਾਧ ਲੈਣ ਸਮੇਂ ਸਿਕੰਦਰ ਉਸਨੂੰ ਪੁੱਛਦਾ ਹੈ:

"ਕੀ ਫੇਰ ਸਚਮੁੱਚ ਕਦੇ ਦਰਸ਼ਨ ਨਹੀਂ ਹੋਣਗੇ"

"ਅਸੀਂ ਛੇਤੀ ਹੀ ਮਿਲਾਂਗੇ ਇੱਕ ਦੂਜੇ ਨੂੰ। ਤੂੰ ਮਨੁੱਖਤਾ ਦੇ ਸਿਰੇ ਦਾ ਇੱਕ ਪਾਸਾ ਏਂ ਅਤੇ ਮੈਂ ਦੂਜਾ ਪਾਸਾ।" ਕਾਲਜਿੱਤ ਨੇ ਉੱਤਰ ਦਿੱਤਾ।

ਸਿਕੰਦਰ ਉਸਦੀ ਪ੍ਰਤੀਕਾਤਮਕ ਭਾਸ਼ਾ ਨੂੰ ਨਾ ਸਮਝਦਾ ਹੋਇਆ ਪੁੱਛਦਾ ਹੈ- ਕਿੱਥੇ ਮਿਲਾਂਗੇ ?"

ਉੱਤਰ ਮਿਲਿਆ :

ਮਾਰੂਥਲ ਵਿੱਚ।[14]

ਇਹੋ ਤਾਂ ਅਸਤਿਤਵਵਾਦ ਅਨੁਸਾਰ ਸ਼ੂਨਯ ਹੈ ਅਰਥਾਤ ਉਦੋਂ ਮਿਲਾਂਗੇ ਜਦੋਂ Being ਰੂਪਾਂਤਰਿਤ ਹੋ ਕੇ Nothingness ਵਿੱਚ ਬਦਲ ਚੁੱਕਿਆ ਹੋਵੇਗਾ।

ਅਸਤਿਤਵ ਦੇ ਜੋ ਅਰਥ ਕਿਸੇ ਵਿਅਕਤੀ ਲਈ ਹਨ ਉਹ ਅਰਥ ਵਿਸਤਾਰ ਦੇ ਰੂਪ ਵਿੱਚ ਕਿਸੇ ਕੌਮ ਜਾਂ ਰਾਜ ਲਈ ਹਨ, ਬੇਸ਼ੱਕ ਅਸੀਂ ਇਸ ਲਈ ਪ੍ਰਭੁਸਤਾ ਦੇ ਸ਼ਬਦ ਦਾ ਪ੍ਰਯੋਗ ਕਰਦੇ ਹਾਂ। ਇਨ੍ਹਾਂ ਦੋਹਾਂ ਸ਼ਬਦਾਂ ਦੇ ਅਰਥਾਂ ਵਿੱਚ ਉੱਨੀ ਇੱਕੀ ਦਾ ਹੀ ਅੰਤਰ ਹੈ। ਯੁੱਧ ਨਾਦ ਨਾਵਲ ਵਿੱਚ ਸਿਕੰਦਰ ਤਾਂ ਵਿਅਕਤੀਗਤ ਆਕਾਂਖਿਆ ਦਾ ਪ੍ਰਤੀਕ ਹੈ। ਵਿਅਕਤੀਗਤ ਆਕਾਂਖਿਆਵਾਂ ਸੰਬੰਧੀ ਜਾਨ੍ਹ ਮਕ੍ਰੈਰੀ ਦਾ ਕਥਨ ਹੈ :

"So long as he is in flesh, man is never delivered from the temptations of the world."[15]

ਯੁੱਧ-ਨਾਦ' ਨਾਵਲ ਵਿੱਚ ਪੂਰਬ ਈਸਾ ਕਾਲ ਵਿੱਚ ਪੰਜਾਬ 'ਚ ਨਿੱਕੇ ਨਿੱਕੇ ਗਣਰਾਜ ਆਪਣੇ ਹੋਂਦ ਲਈ ਲੜਦੇ ਵਿਖਾਏ ਗਏ ਹਨ। ਇਨ੍ਹਾਂ

ਗਣਰਾਜਾਂ ਵਿੱਚ ਕਠ, ਮਲ੍ਹ, ਕਸ਼ੁਦਰਕ, ਅਸ਼ਵਾਕ, ਨਾਗ, ਤਕਸ਼ਕ ਆਦਿ ਜਨਪਦਾਂ ਦਾ ਜ਼ਿਕਰ ਆਉਂਦਾ ਹੈ। ਬੇਸ਼ੱਕ ਇਤਿਹਾਸ ਇਨ੍ਹਾਂ ਬਾਰੇ ਚੁੱਪ ਹੈ ਪਰ ਨਾਵਲਕਾਰ ਨੇ ਆਪਣੀ ਖੋਜ ਰਾਹੀਂ ਇਨ੍ਹਾਂ ਦੀ ਹੋਂਦ ਅਤੇ ਯੋਗਦਾਨ ਦੀ ਚਰਚਾ ਕੀਤੀ ਹੈ।

ਇਨ੍ਹਾਂ ਜਨਪਦਾਂ (ਗਣਤੰਤਰਾਂ) ਦੇ ਅਸਤਿਤਵ ਦੀ ਰਾਖੀ ਲਈ ਨਾਵਲਕਾਰ ਨੇ ਜੋ ਕਲਪਤ ਪਾਤਰ ਸਿਰਜਿਆ ਹੈ ਉਸਦਾ ਨਾਂ ਅਜੈ ਮਿੱਤਰ ਹੈ। ਅਜੈ ਮਿੱਤਰ ਤਿੰਨ ਸਾਲਾਂ ਤੱਕ ਤਕਸ਼ਸ਼ਿਲਾ ਵਿਖੇ ਸਿਕੰਦਰ ਦੇ ਸ਼ਿਵਰ ਵਿੱਚ ਰਥਕਾਰ, ਬੁਤਘਾੜੇ ਅਤੇ ਦੁਭਾਸ਼ੀਏ ਦੇ ਰੂਪ ਵਿੱਚ ਰਹਿੰਦਾ ਹੈ ਪਰ ਉਸਦਾ ਅਸਲ ਮਨੋਰਥ ਆਪਣੇ ਗਣਰਾਜਾਂ/ਜਨਪਦਾਂ ਲਈ ਸਿਕੰਦਰ ਦੀ ਯੁੱਧ-ਨੀਤੀ ਅਤੇ ਹੋਰ ਕਮਜ਼ੋਰੀਆਂ ਦੀ ਜਾਸੂਸੀ ਕਰਨਾ ਹੈ।

ਆਰੰਗਸ ਯੁੱਧ ਨੂੰ ਜਾਣ ਸਮੇਂ ਉਧਾਲੀ ਹੋਈ ਇਸਤਰੀ ਮਾਧਵੀ ਦੀ ਨਿਗਰਾਨੀ ਲਈ ਅਜੈ ਮਿੱਤਰ ਨੂੰ ਕਹਿ ਜਾਂਦਾ ਹੈ ਪਰ ਜੈਸਨ ਨਾਂ ਦਾ ਯਵਨ ਮਾਧਵੀ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣਾ ਲੋਚਦਾ ਹੈ। ਅਜੈ ਮਿੱਤਰ ਉਸਨੂੰ ਮੁੱਠ-ਭੇੜ ਵਿੱਚ ਮਾਰ ਦਿੰਦਾ ਹੈ। ਮਾਧਵੀ ਸੋਚਦੀ ਹੈ ਕਿ ਅਜੈ ਨੇ ਉਸਦਾ (ਜੈਸਨ ਦਾ) ਵਧ ਉਸਦੇ ਕਾਰਨ ਕੀਤਾ ਹੈ ਪਰ ਅਜੈ ਨੇ ਦਰਅਸਲ ਉਸਦਾ ਕਤਲ ਆਪਣੀ ਹੋਂਦ (ਅਸਤਿਤਵ) ਲਈ ਕੀਤਾ ਹੈ। ਅਜੈ ਕਹਿੰਦਾ ਹੈ :

**"ਮੈਂ ਉਸਨੂੰ ਮਾਰਿਆ ਹੈ, ਤਾਂ ਉਸ ਸੂਖਮ ਵਸਤੂ ਦੀ ਰੱਖਿਆ ਕਰਦਿਆਂ, ਜੋ ਵਾਸਤਵ 'ਚ 'ਮੈਂ' ਹਾਂ।"**[16]

ਇਸ ਤੋਂ ਸਪਸ਼ਟ ਹੈ ਵਿਜੈ ਮਿੱਤਰ ਨੂੰ ਆਪਣੇ ਸਵੈ ਦੀ ਸਮਝ ਵੀ ਹੈ ਅਤੇ ਕਦਰ ਵੀ। ਪਿਆਰ ਵਿੱਚ ਕਈ ਵਾਰੀ ਵਿਅਕਤੀ ਆਪਣਾ ਅਸਤਿਤਵ ਗੁਆ ਬਹਿੰਦਾ ਹੈ। ਵਿਅਕਤੀ ਦੇ ਅਸਤਿਤਵ ਦੇ ਅਰਥਾਂ ਦੀ ਗੇਂਦ ਉਸ ਸਮੇਂ ਉਸਦੀ ਮਹਿਬੂਬਾ ਦੇ ਹੱਥ ਆ ਜਾਂਦੀ ਹੈ। ਮਾਧਵੀ ਤੋਂ ਵਿਦਾਇਗੀ ਲੈਣ ਸਮੇਂ ਅਜੈ ਦੀ ਹਾਲਤ ਇੰਜ ਹੀ ਹੋ ਜਾਂਦੀ ਹੈ :

"ਅਜੈ ਲਈ ਆਪਣੇ ਆਪ ਨੂੰ ਉਸ ਦੀਆਂ (ਮਾਧਵੀ ਦੀਆਂ) ਬਾਹਾਂ 'ਚੋਂ ਕੱਢਣਾ ਕਠਿਨ ਹੋ ਗਿਆ ਸੀ। ਇਹ ਮੋਹ ਪਿਆਰ ਵੀ ਕਿਸ ਤਰ੍ਹਾਂ ਦੀ ਵਸਤੂ ਹੈ ?[17]

ਉਹ ਤਾਂ ਕਠ ਗਣਪ੍ਰੀਸ਼ਦ ਦੇ ਆਦੇਸ਼ ਤੇ ਦੇਵਯਾਨੀ ਤੋਂ ਛੁੱਟੀ ਲੈ ਕੇ ਤਕਸ਼ਸ਼ਿਲਾ ਗਿਆ ਸੀ। ਫਿਰ ਤਿੰਨ ਸਾਲ ਵਾਪਸ ਨਾ ਆ ਸਕਿਆ।

ਆਚਾਰੀਆ ਗਿਆਨੇਸ਼ਵਰ ਅਜੈ ਮਿੱਤਰ ਨੂੰ ਆਸ਼ਰਮ ਵਿੱਚ ਆਉਣ ਤੇ ਤਕਸ਼ਸ਼ਿਲਾ ਭੇਜੇ ਜਾਣ ਬਾਰੇ ਪ੍ਰਸ਼ਨ ਕਰਦਾ ਹੈ ਕਿ ਉਹ ਉੱਥੇ ਜਾ ਕੇ ਕਿਸ ਪ੍ਰਕਾਰ ਦਾ ਗਿਆਨ ਹਾਸਲ ਕਰੇਗਾ ਤਾਂ ਅਜੈ ਸ਼ਾਸਤਰ ਅਤੇ ਸ਼ਸਤਰ ਬਾਰੇ

ਦੱਸਦਾ ਹੈ। ਇਸ ਸਮੇਂ ਆਚਾਰਯ ਗਿਆਨੇਸ਼ਵਰ ਜੋ ਨੁਕਤਾ ਉਜਾਗਰ ਕਰਦਾ ਹੈ ਉਹ Husserl (ਹੁਸਰਲ) ਦੀ ਬਰੈਕਟਿੰਗ (Epoche) ਵਰਗਾ ਹੀ ਹੈ ਜਿਸ ਅਨੁਸਾਰ ਸਮਝਣ ਵੇਲੇ ਪੂਰਵ-ਗਿਆਨ ਤੇ ਘਟਨਾ-ਵਿਗਿਆਨ ਲਘੂਕਰਣ (Phenomenological reduction) ਕਰਨਾ ਪੈਂਦਾ ਹੈ। ਵੇਖੋ ਆਚਾਰਯ ਗਿਆਨੇਸ਼ਵਰ ਦੇ ਵਿਚਾਰ :

"......ਜਿਵੇਂ ਗੰਗਾ ਜਲ ਗ੍ਰਹਿਣ ਕਰਨ ਲਈ ਇਹ ਜ਼ਰੂਰੀ ਹੈ ਕਿ ਭਾਂਡਾ ਖ਼ਾਲੀ ਹੋਵੇ। ਇਸੇ ਤਰ੍ਹਾਂ ਸ਼ਿਸ ਲਈ ਜ਼ਰੂਰੀ ਹੈ ਕਿ ਉਸਨੇ ਜੋ ਪਹਿਲਾਂ ਸਿੱਖਿਆ, ਪਹਿਲਾਂ ਜਾਣਿਆ, ਉਸ ਤੋਂ ਆਪਣੇ ਆਪਨੂੰ ਖ਼ਾਲੀ ਕਰ ਦੇਵੇ। ਸੁਚੇਤ ਤੌਰ 'ਤੇ ਅਬੋਧ ਅਣਜਾਣ ਬਣ ਜਾਏ।"[18]

ਆਚਾਰੀਆ ਗਿਆਨੇਸ਼ਵਰ ਸੱਚ ਦੀ ਖੋਜ ਬਾਰੇ ਵੀ ਵਿਅਕਤੀਗਤ ਅਨੁਭਵ ਤੇ ਜ਼ੋਰ ਦਿੰਦਾ ਹੈ :

"ਸੱਚ ਸਦਾ ਹੀ ਵਿਅਕਤੀਗਤ ਅਨੁਭਵ ਹੈ। ਦੂਸਰੇ ਦਾ ਗਿਆਨ ਤੁਹਾਡਾ ਗਿਆਨ ਨਹੀਂ ਹੋ ਸਕਦਾ। ਸੱਚ ਦਾ ਕੋਈ ਸ਼ਾਸਤਰ ਨਹੀਂ, ਨਾ ਕੋਈ ਪਰੰਪਰਾ, ਨਾ ਕੋਈ ਨਿਸ਼ਚਤ ਵਿਧਾ ਸੱਚ ਹਰ ਵਾਰ ਨਵਾਂ ਹੈ, ਹਰ ਕਿਸੇ ਲਈ ਨਵਾਂ ਹੈ।"[19]

ਇਵੇਂ ਹੀ ਆਰੀਅਕ ਨਾਗ (ਬੁੱਢੇ-ਵਿਅਕਤੀ) ਦੀ ਕੁਟੀਆ ਵਿੱਚ ਅਜੈ ਮਿੱਤਰ ਕੁੱਝ ਦਾਰਸ਼ਨਿਕ ਸੰਵਾਦ ਰਚਾਉਂਦਾ ਹੈ ਜੋ ਉਸਨੂੰ ਇਕੱਲਤਾ ਵਿੱਚ ਸਮਾਧੀ ਲਾਉਣ ਦੇ ਮਹੱਤਵ ਬਾਰੇ ਦੱਸਦਾ ਹੈ :

".........ਮੈਂ ਭੀੜ ਭਾੜ ਤੋਂ ਦੂਰ ਰਹਿਕੇ ਜੀਵਨ ਦੇ ਵਾਸਤਵ ਤੱਤਾਂ ਅਤੇ ਯਥਾਰਥ ਦਾ ਸਾਹਮਣਾ ਕਰਨਾ ਚਾਹੁੰਦਾ ਹਾਂ।... ਆਪਨੂੰ ਸੰਸਾਰਿਕ ਕੰਮਾਂ 'ਚ ਵਿਅਸਤ ਕਰ ਲੈਣਾ ਕਿ ਪ੍ਰਕਿਰਤੀ ਦੇ ਉਪਹਾਰਾਂ ਨੂੰ ਮਾਨਣ ਦੀ ਵਿਹਲ ਹੀ ਨਾ ਮਿਲੇ............।"[20]

· ਅਜਿਹੇ ਵਿਚਾਰ ਹੀ ਫਰੈਡਰਿਕ ਨੀਤਸ਼ੇ ਦੇ ਹਨ :-

"Flee, my friend, into they solitude!... Admirably do forest and rock know how to be silent with thee.........."[21]

ਭਿਖੂ ਦੇਵ ਘੋਸ਼ ਤੋਂ ਅਜੈ ਮਿੱਤਰ ਕੇਵਲ ਇੱਕ ਪ੍ਰਸ਼ਨ ਪੁੱਛਦਾ ਹੈ ਕਿ ਜੀਵਨ ਕੀ ਹੈ ? ਇਸ ਦੇ ਉੱਤਰ ਵਿੱਚ ਦੇਵ ਘੋਸ਼ ਅਸਤਿਤਵਵਾਦੀਆਂ ਵਾਲਾ ਜਵਾਬ ਹੀ ਦਿੰਦਾ ਹੈ ਕਿ ਜੀਵਨ ਮਿਹਨਤ ਨਾਲ਼ ਉਚਿਆਇਆ (Transcend)ਜਾ ਸਕਦਾ ਹੈ। ਅਰਥਾਤ ਜੀਵਨ ਉਹੀ ਹੈ ਜੋ ਕੁੱਝ ਅਸੀਂ ਇਸ ਨਾਲ਼ ਕਰਦੇ ਹਾਂ।"[22]

ਪਿੰਪਰਮਾ ਗਣਰਾਜ ਦੇ ਗਣਪਤੀ ਸ਼ੁਕਲ ਨੇ ਅਜੈ ਮਿੱਤਰ ਦਾ ਧੰਨਵਾਦ

ਕੀਤਾ ਕਿ ਉਨ੍ਹਾਂ ਦੇ ਕਠ ਗਣਰਾਜ ਨੇ ਪੁਰੂਵਰਗਸ਼ ਅਤੇ ਅਭਿਸਾਰ ਦੇ ਹਮਲਿਆਂ ਤੋਂ ਉਨ੍ਹਾਂ ਦੇ ਗਣਰਾਜ ਦੀ ਦੋ ਵਾਰ ਰੱਖਿਆ ਕੀਤੀ। ਨਾਲ਼ ਹੀ ਉਸਨੇ ਅਜੈ ਮਿੱਤਰ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਆਪਣੀ ਸ਼ਕਤੀ ਦਾ ਵਿਖਾਵਾ ਨਾ ਕਰਕੇ ਦੁਸ਼ਮਣ ਨੂੰ ਭੁਲੇਖੇ ਵਿੱਚ ਰੱਖਣਾ ਠੀਕ ਸਮਝਦੇ ਹਨ ਅਤੇ ਆਪਣੀ ਰਾਖੀ ਲਈ ਸ਼ਕਤੀਸ਼ਾਲੀ ਸੈਨਾ ਰੱਖਦੇ ਹਾਂ :

**"ਇਸ ਬਾਰੇ ਅਸੀਂ ਪੂਰੀ ਤਰ੍ਹਾਂ ਚੇਤੰਨ ਹਾਂ ਅਤੇ ਅਸਤਿਤਵ ਬਣਾਈ ਰੱਖਣ ਲਈ ਇੱਕ ਸ਼ਕਤੀਸ਼ਾਲੀ ਸੈਨਾ ਦੀ ਮਹੱਤਤਾ ਨੂੰ ਚੰਗੀ ਤਰ੍ਹਾਂ ਸਮਝਦੇ ਹਾਂ।"**[23]

ਚਾਣਕਯ ਆਪਣੇ ਸਮੇਂ ਦਾ ਮਹਾਨ ਨੀਤੀਵਾਨ ਸੀ ਪਰ ਕਠ ਗਣਰਾਜ ਦਾ ਅਜੈ ਮਿੱਤਰ ਆਪਣੀ ਹਾਜ਼ਰ-ਜੁਆਬੀ ਕਾਰਨ ਉਸਦੇ ਵਿਚਾਰਾਂ ਨੂੰ ਵੀ ਵੰਗਾਰ ਸਕਣ ਦੀ ਸਮਰੱਥਾ ਰੱਖਦਾ ਸੀ।

ਮਾਰਟਿਨ ਹਾਈਡਿਗਰ ਆਪਣੇ ਅਸਤਿਤਵਵਾਦੀ ਸਿਧਾਂਤ ਵਿੱਚ ਸੰਭਾਵਨਾਵਾਂ (Possibilities) ਨੂੰ ਵਿਸ਼ੇਸ਼ ਸਥਾਨ ਦਿੰਦਾ ਹੈ। ਸਿਕੰਦਰ ਮਾਰ-ਧਾੜ ਕਰਨ ਤੋਂ ਬਾਅਦ ਆਪਣੇ ਸੈਨਾਪਤੀਆਂ, ਸਾਮੰਤਾਂ ਨੂੰ ਰਾਜ ਕਰਨ ਲਈ ਪਿੱਛੇ ਛੱਡ ਜਾਏਗਾ ਅਤੇ ਹੌਲੀ ਹੌਲੀ ਬ੍ਰਾਹਮਣ ਇਨ੍ਹਾਂ ਸਾਰਿਆਂ ਦਾ ਆਰੀਆਕਰਨ ਕਰ ਦੇਣਗੇ- ਚਾਣਕਯ ਅਜਿਹੀ ਸੰਭਾਵਨਾ ਪ੍ਰਗਟ ਕਰਦਾ ਹੈ।

ਅਜੈ ਨਾਲ਼ ਇਸ ਪ੍ਰਕਾਰ ਦੇ ਅਨੇਕਾਂ ਵਾਰਤਾਲਾਪ ਇਸ ਨਾਵਲ ਦੇ ਕਥਾਨਕ ਦਾ ਭਾਗ ਬਣਦੇ ਹਨ। ਇਨ੍ਹਾਂ ਵਿੱਚ ਦਾਰਸ਼ਨਿਕਤਾ ਅਤੇ ਸਿਆਣਪ ਭਰੀ ਹੋਈ ਹੈ। ਵਿਜੈ ਮਿੱਤਰ ਆਪਣੇ ਗਣਤੰਤਰਾਂ ਦੀ ਰੱਖਿਆ ਅਤੇ ਅਸਤਿਤਵ ਦੀ ਬਹਾਲੀ ਲਈ ਯੋਗ ਅਗਵਾਈ ਪ੍ਰਦਾਨ ਕਰਨ ਦੇ ਸਮਰੱਥ ਹੈ। ਯਵਨਾਂ ਨੂੰ ਕਰਾਰੀ ਟੱਕਰ ਦੇਣ ਲਈ ਉਹ ਇੱਕ ਸੰਗਠਨ, ਇੱਕ ਨਵੀਂ ਯੋਜਨਾ ਅਤੇ ਇੱਕ ਨਵੀਂ ਯੁੱਧ-ਵਿਧੀ ਉਲੀਕਦਾ ਹੈ ਕਿਉਂਕਿ ਉਸਨੇ ਸਿਕੰਦਰ ਦੀ ਯੁੱਧ-ਵਿਧੀ ਅਤੇ ਵਿਅਕਤਿਤਵ ਨੂੰ ਬਹੁਤ ਨੇੜਿਉਂ ਤੱਕਿਆ ਹੋਇਆ ਸੀ। ਅਜੈ ਸਾਰੇ ਗਣਰਾਜਾਂ ਵਿੱਚ ਏਕਤਾ ਕਾਇਮ ਕਰਦਾ ਹੈ। ਗੁਰੀਲਾ ਯੁੱਧ ਦੀ ਯੋਜਨਾ ਦੱਸਦਾ ਹੈ। ਸਿਕੰਦਰ ਦੇ 'ਯੁੱਧ-ਵਿਊ' ਦੇ ਮੁਕਾਬਲੇ ਗਣਰਾਜ ਦੀਆਂ ਸੈਨਾਵਾਂ ਦਾ 'ਸ਼ਕਟ-ਵਿਊ' ਤਿਆਰ ਕਰਦਾ ਹੈ। ਵਿਸ਼ਵਜੀਤ ਹੱਥੋਂ ਸਿਕੰਦਰ ਜ਼ਖਮੀ ਹੋ ਜਾਂਦਾ ਹੈ। ਗਣਤੰਤਰਾਂ ਵਿੱਚ ਸਮੂਹ ਦੀ ਰਾਏ ਵਿਅਕਤੀ 'ਤੇ ਹਾਵੀ ਹੋ ਜਾਂਦੀ ਹੈ। ਇਸੇ ਕਾਰਨ ਦੇਵਯਾਨੀ ਨੂੰ ਵਿਸ਼ਵਜੀਤ ਨਾਲ਼ ਸ਼ਾਦੀ ਕਰਨੀ ਪਈ ਸੀ। ਵਿਸ਼ਵਜੀਤ ਦੀ ਮ੍ਰਿਤੂ ਉਪਰੰਤ ਦੇਵਯਾਨੀ ਉਸਦੇ ਬੱਚੇ ਨੂੰ ਪਾਲਨ ਦੀ ਪ੍ਰਤਿਗਿਆ ਲੈਂਦੀ ਹੈ। ਇਹ ਗਣਰਾਜਾਂ ਦੀ ਮਰਯਾਦਾ ਪਾਲਨ ਕਰਕੇ ਹੀ ਸੀ।

ਸਿਕੰਦਰ ਦੇ ਸੈਨਾਪਤੀ ਫਿਲਿਪਸ ਨੇ ਵਲ੍ਹਾਪੁਰ ਗਣਰਾਜ ਵਿੱਚ ਤਬਾਹੀ

ਮਚਾ ਦਿੱਤੀ ਸੀ। ਸੌ ਤੋਂ ਵੱਧ ਨਗਰ ਮਿੱਟੀ ਵਿੱਚ ਮਿਲਾ ਦਿੱਤੇ। ਮਾਵਾਂ, ਧੀਆਂ ਅਤੇ ਬੱਚਿਆਂ ਤੱਕ ਨੂੰ ਵੀ ਮੁਆਫ਼ ਨਾ ਕੀਤਾ। ਅਜੈ ਮਿੱਤਰ ਪੂਰੇ ਕਰੋਧ ਵਿੱਚ ਆ ਕੇ ਆਪਣੇ ਆਪ ਨੂੰ ਕਹਿਣ ਲੱਗਾ :

"ਐ ਨਿਰਦਈ ਫਿਲਿਪਸ, ਮੈਂ ਵਿਪਾਸ਼ਾ ਦੀ ਸਹੁੰ ਖਾਕੇ ਪ੍ਰਤਿਗਿਆ ਕਰਦਾ ਹਾਂ ਕਿ ਇਨ੍ਹਾਂ ਨਿਰਦੋਸ਼ ਬੱਚਿਆਂ, ਇਸਤਰੀਆਂ ਦੀ ਮੌਤ ਦਾ ਬਦਲਾ ਲਵਾਂਗਾ, ਜਦ ਤੱਕ ਮੇਰੀਆਂ ਬਾਹਵਾਂ ਵਿੱਚ ਸ਼ਸਤਰ ਚੁੱਕਣ ਦੀ ਸ਼ਕਤੀ ਹੈ, ਜਦ ਤੱਕ ਮੇਰੇ ਸਵਾਸ ਚਲਦੇ ਹਨ.....।"[24]

ਹੁਣ ਇੱਕ ਪਾਸੇ ਸਿਕੰਦਰ ਦਾ ਵਿਅਕਤੀਗਤ ਅਹੰਕਾਰ ਸੀ ਅਤੇ ਦੂਜੇ ਪਾਸੇ ਗਣਤੰਤਰਾਂ ਦਾ ਸਵੈ-ਅਭਿਮਾਨ। ਦਰਅਸਲ ਸਿਕੰਦਰ ਨੂੰ ਸੰਸਾਰ ਵਿਜੇਤਾ ਕਹਿਲਾਉਣ ਦਾ ਅਹੰਕਾਰ ਅਤੇ ਦੂਜੇ ਬੰਨੇ ਗਣਰਾਜਾਂ ਦੀ ਸੁਤੰਤਰਤਾ ਅਤੇ ਪ੍ਰਤਿਸ਼ਠਾ ਦਾ ਸਵੈ-ਅਭਿਮਾਨ ਸੀ। ਅਜਿਹੇ ਸਵੈ-ਅਭਿਮਾਨ ਸੰਬੰਧੀ ਹੀ ਨੀਤਸ਼ੇ ਵਿਅਕਤੀਆਂ ਨੂੰ ਚੇਤਨ ਕਰਦਾ ਹੈ :

"Behind thy thoughts and feelings, my brother, there is a mighty lord, An unknown sage....it is called Self; it dwelleth in the body, It is thy body."[25]

ਅਜੈ ਮਿੱਤਰ ਨਿਡਰ ਵਿਅਕਤਿਤਵ ਦਾ ਸਵਾਮੀ ਹੈ। ਇਨ੍ਹਾਂ ਗਣਰਾਜਾਂ ਦੇ ਯੁੱਧਾਂ ਵਿੱਚ ਸਿਕੰਦਰ ਨੂੰ ਕਰਾਰੀ ਹਾਰ ਹੁੰਦੀ ਹੈ। ਉਸਦੀ ਫੌਜ ਅਤੇ ਉਹ ਆਪ ਵੀ ਵਾਪਸ ਜਾਣ ਦੀ ਤਿਆਰੀ ਕਰ ਰਹੇ ਹਨ। ਫ਼ਿਲਿਪਸ ਮਾਰਿਆ ਜਾਂਦਾ ਹੈ। ਉਸਦਾ ਜਮ੍ਹਾਂ ਕੀਤਾ ਧਨ ਚਾਣਕਯ ਦੇ ਇਸ਼ਾਰੇ 'ਤੇ ਚੰਦਰ ਗੁਪਤ ਜ਼ਬਤ ਕਰ ਲੈਂਦਾ ਹੈ ਅਤੇ ਮਗਧ ਰਾਜ ਲਈ ਵਰਤਨ ਵਾਸਤੇ ਸੋਚਦਾ ਹੈ। ਸਿਕੰਦਰ ਦੀਆਂ ਜਿੱਤਾਂ ਸਮੇਂ ਹੋਰਨਾਂ ਮੁਲਕਾਂ ਨੇ ਉਸਨੂੰ ਰੁਖ਼ਸਾਨਾ ਅਤੇ ਸਤਾਤਿਰਾ ਵਰਗੀਆਂ ਔਰਤਾਂ ਭੇਟ ਕੀਤੀਆਂ ਪਰ ਕਿਸੇ ਵੀ ਪੰਜਾਬੀ ਗਣਰਾਜ ਨੇ ਉਸਨੂੰ ਆਪਣੀ 'ਧੀ' ਨਹੀਂ ਦਿੱਤੀ। ਜਿਸ ਧੀ ਮਾਧਵੀ ਦਾ ਉਧਾਲਾ ਹੋਇਆ, ਉਸ ਨੇ ਵੀ ਆਪਣੀ ਇੱਜ਼ਤ ਬਚਾਕੇ ਰੱਖੀ। ਅਜੈ ਮਿੱਤਰ ਦੇ ਸੰਘਰਸ਼ ਨੇ ਸਿਕੰਦਰ ਨੂੰ ਮਹਾਨ ਕਹਿਣ ਦੀ ਥਾਂ 'ਧਾੜਵੀ' ਅਤੇ 'ਲੁਟੇਰੇ' ਦੀ ਪਦਵੀ ਜੋਗਾ ਹੀ ਬਣਾਕੇ ਰੱਖ ਦਿੱਤਾ।

ਅਖੀਰ ਤੇ ਵਿਜੈ ਮਿੱਤਰ ਚਾਣਕਯ ਨੂੰ ਮਗਧ ਰਾਜ ਸੰਬੰਧੀ ਜਨਪਦਾਂ ਦੀ ਸਹਾਇਤਾ ਕੇਵਲ ਇਸ ਸ਼ਰਤ ਤੇ ਦੇਣ ਦਾ ਵਾਅਦਾ ਕਰਦਾ ਹੈ ਕਿ ਜਨਪਦਾਂ ਦੀ ਸੁਤੰਤਰਤਾ, ਉਨ੍ਹਾਂ ਦੀ ਪ੍ਰਭੂਸੱਤਾ ਅਤੇ ਅਸਤਿਤਵ ਕਾਇਮ ਰਹਿਣਾ ਚਾਹੀਦਾ ਹੈ।

*ਅਧਿਆਇ ਤੇਰਵਾਂ*

# ਟਾਵਾਂ ਟਾਵਾਂ ਤਾਰਾ

'ਟਾਵਾਂ ਟਾਵਾਂ ਤਾਰਾ' ਪਾਕਿਸਤਾਨੀ ਗਲਪਕਾਰ ਮੁਹੰਮਦ ਮਨਸ਼ਾ ਯਾਦ ਦਾ ਪਹਿਲਾ ਅਤੇ ਵਡ-ਆਕਾਰੀ ਨਾਵਲ ਹੈ ਜੋ 1997 ਵਿੱਚ ਪ੍ਰਕਾਸ਼ਿਤ ਹੋਇਆ। ਇਹ ਆਕਾਰ ਪੱਖੋਂ ਹੀ ਵੱਡਾ ਨਹੀਂ ਸਗੋਂ ਵਿਸ਼ੇ ਅਤੇ ਪ੍ਰਸਤੁਤੀ ਦੀ ਦ੍ਰਿਸ਼ਟੀ ਤੋਂ ਵੀ ਇੱਕ ਮਹਾਨ ਰਚਨਾ ਹੈ। ਜਿਸਨੂੰ ਮਹਾਂ-ਕਾਵਿਕ ਵਾਰਤਕ (Epic in prose) ਵੀ ਆਖਿਆ ਜਾ ਸਕਦਾ ਹੈ। ਸ਼ਾਹਮੁਖੀ ਲਿੱਪੀ ਵਿੱਚ ਇਹ 578 ਪੰਨਿਆਂ ਵਿੱਚ ਪ੍ਰਕਾਸ਼ਿਤ ਹੋਇਆ। ਇਸ ਨਾਵਲ ਦਾ ਪੰਜਾਬੀ ਵਿੱਚ ਲਿਪੀਅੰਤਰ ਤੇ ਸੰਪਾਦਨ ਜਤਿੰਦਰਪਾਲ ਸਿੰਘ ਜੌਲੀ ਅਤੇ ਜਗਜੀਤ ਕੌਰ ਜੌਲੀ ਵੱਲੋਂ ਕੀਤਾ ਗਿਆ। ਸੰਪਾਦਕਾਂ ਅਨੁਸਾਰ ਇਹ ਇੱਕ 'ਹਡਵਰਤੀ ਬਿਰਤਾਂਤ' (Autobiographical novel) ਹੈ। ਇਸ ਨਾਵਲ ਦਾ ਆਰੰਭ ਦੂਜੀ ਵੱਡੀ ਜੰਗ ਵੇਲੇ ਤੋਂ ਸ਼ੁਰੂ ਹੁੰਦਾ ਹੈ, 'ਜਦੋਂ ਉੱਤੇ ਅੱਲਾ ਦਾ ਰਾਜ ਹੈ ਥੱਲੇ ਗੋਰਿਆਂ ਦਾ।'

ਨਾਵਲਕਾਰ ਨੇ ਜਿਸ ਤਥਾਤਮਕਤਾ (Facticity) ਵਿੱਚ ਆਪਣੇ ਪਾਤਰਾਂ ਨੂੰ ਪੇਸ਼ ਕੀਤਾ ਹੈ। ਉਹ ਸਥਿਤੀ ਇਸ ਨਾਵਲ ਦੇ ਨਾਇਕ ਖ਼ਾਲਿਦ ਦੇ ਬੋਲਾਂ ਵਿੱਚੋਂ ਉਜਾਗਰ ਹੁੰਦੀ ਹੈ :

"......ਏਸ ਵਸੇਬ ਵਿੱਚ ਗੁਣ, ਹੁਨਰ ਤੇ ਸੁਹੱਪਣ ਦੀ ਕੋਈ ਕਦਰ ਨਹੀਂ ਮੀਆਂ। ਇਹ ਡੰਗਰਾਂ ਵਰਗੇ ਬੰਦਿਆਂ ਦਾ ਮੁਆਸ਼ਰਾ ਏ। ਤੂੰ ਉਹ ਗੌਂਦਾ ਏ ਨਾ, ਫੁੱਲ ਅੱਗ ਦੇ ਵਿੱਚ ਨਾ ਸਾੜੀਏ ਜੀ। ਪਰ ਏਸ ਰਹਿਤਲ ਵਿੱਚ ਫੁੱਲਾਂ ਨੂੰ ਕੋਈ ਨਹੀਂ ਪੁੰਗਰਨ ਦੇਂਦਾ। ਭਾਅ ਬਾਸੂ ਜੇਹਾ ਕੌਡੀ ਦਾ ਖਿਡਕਾਰ ਜੰਮ ਪਵੇ ਤੇ ਸਾੜੇ ਪਾਰੋਂ ਲੱਤ ਭੰਨ ਦੇਂਦੇ ਨੇ। ਨੱਜੀ ਸੁਨਿਆਰੀ ਵਰਗੀ ਸੋਹਣੀ ਕੁੜੀ ਜੰਮ ਪਵੇ ਤੇ ਕੋਈ ਸਹਵਰ ਉਹਨੂੰ ਉਧਾਲ ਲੈ ਜਾਂਦਾ ਤੇ ਬਰਬਾਦ ਕਰ ਦੇਂਦਾ ਏ। ਮੈਂ ਪੜ੍ਹਾਈ ਵਿੱਚ ਚੰਗਾ ਸਾਂ। ਮਲਿਕ ਮੁਰਾਦ ਅਲੀ ਤੇ ਵਾਰਸ ਮੇਰਾ ਰਾਹ ਡੱਕਣ ਲਈ ਸਾਰਾ ਟਿੱਲ ਲਾਂਦੇ ਰਹੇ ਤੇ ਹੁਣ ਤੇਰੇ ਨਾਲ਼ ਵੀ ਉਹੋ ਗੁਜ਼ਰੀ ਏ ਜਿਹੜੀ ਏਸ ਵਸੇਬੇ ਵਿੱਚ ਹਰ ਗੁਣੀ ਬੰਦੇ, ਜ਼ਨਾਨੀ ਨਾਲ਼ ਵਾਪਰਦੀ ਏ। ਤੂੰ ਹੀਰ ਜ਼ਰੂਰ ਪੜ੍ਹਿਆ ਕਰ ਪਰ ਆਪਣੇ ਸ਼ੌਕ ਲਈ। ਕਿਸੇ ਨੂੰ ਸੁਨਾਣ ਜਾਂ ਰਿਕਾਰਡ ਭਰਾਣ ਦੀ ਲੋੜ ਨਹੀਂ। ਏਹ ਵਸੇਬ ਤੇਰੇ ਜੇਹੇ ਬੰਦੇ ਦੀ ਕਦਰ ਨਹੀਂ ਕਰੇਗਾ।[1]

ਸ਼ਪਸ਼ਟ ਹੈ ਕਿ ਜਿਸ 'ਤਥਾਤਮਕਤਾ' ਵਿੱਚ ਇਹ ਪਾਤਰ ਵਿੱਚਰ ਰਹੇ ਹਨ, ਉੱਥੇ ਬੇਕਦਰੀ ਹੈ। ਪਾਕਿਸਤਾਨ ਬਣਾਉਣ ਦਾ ਸੁਪਨਾ ਵੇਖਣ ਵਾਲਿਆਂ ਨੇ ਜਿਹੋ ਜੇਹਾ ਪਾਕਿਸਤਾਨ ਚਿਤਵਿਆ ਸੀ, ਉਹ ਉਪਰੋਕਤ ਕਿਸਮ ਦੀ ਸਥਿਤੀ ਵਿੱਚ ਨਿਰਾਸ਼ ਹੋਏ ਹਨ। ਮਾ. ਸ਼ਫ਼ਕਤ ਉੱਲ੍ਹਾ ਦੇ ਸ਼ਬਦਾਂ ਵਿੱਚ :-

"ਸੰਨ ਛਤਾਲੀ ਦੀ ਗੱਲ ਏ ਮੈਂ ਰੋਪੜ ਵਿੱਚ ਮੁਸਲਿਮ ਲੀਗ ਦੇ ਜਲਸਿਆਂ ਵਿੱਚ ਤਕਰੀਰ ਕਰਦਾ ਹੁੰਦਾ ਸਾਂ ਪਈ ਪਾਕਿਸਤਾਨ ਇੱਕ ਅਜਿਹਾ ਫ਼ਲਾਹੀ ਇਸਲਾਮੀ ਮੁਲਕ ਬਣੇਗਾ ਜਿੱਥੇ ਹਰ ਬੰਦੇ ਨੂੰ ਆਜ਼ਾਦੀ ਮਸਾਵਾਤ ਤੇ ਇਨਸਾਫ਼ ਮਿਲੇਗਾ।.......ਕਿਸੇ ਕੰਮ ਲਈ ਸਿਫ਼ਾਰਸ਼ ਜਾਂ ਵੱਢੀ ਦੇਣ ਦੀ ਲੋੜ ਨਹੀਂ ਹੋਵੇਗੀ। ਅਫ਼ਸਰ ਲੋਕਾਂ ਦੇ ਖ਼ਾਦਮ ਤੇ ਫ਼ੌਜ, ਵਤਨ ਦੀਆਂ ਸਰਹੱਦਾਂ ਦੀ ਮੁਹਾਫ਼ਜ਼। ਚੋਰੀ, ਡਕੈਤੀ, ਕਤਲ ਤੇ ਉਧਾਲੇ ਨਹੀਂ ਹੋਣਗੇ ਪਰ ਜੇ ਕਿਧਰੇ ਕੋਈ ਵਾਰਦਾਤ ਹੋ ਗਈ ਤੇ ਪੁਲਿਸ ਮੁਜਰਮ ਨੂੰ ਲੱਭ ਕੇ ਸਖ਼ਤ ਸਜ਼ਾ ਦੇਵੇਗੀ। ਹਰ ਕਿਸੇ ਨੂੰ ਪੂਰਾ ਤੇ ਵੇਲੇ ਸਿਰ ਇਨਸਾਫ਼ ਮਿਲੇਗਾ ਤੇ ਬੰਦਿਆਂ ਦੀ ਖ਼ੁਦੀ ਤੇ ਇੱਜ਼ਤ ਨਫ਼ਸ ਨੂੰ ਕੋਈ ਜ਼ਖ਼ਮੀ ਨਹੀਂ ਕਰੇਗਾ।....... ਪਰ ਹੁਣ ਸੋਚਨਾ ਆਂ ਪਈ ਉਹ ਸਾਰੇ ਲੋਕੀ ਜਿਹੜੇ ਮੇਰੀਆਂ ਤਕਰੀਰਾਂ ਉੱਤੇ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾਂਦੇ ਸਨ ਇੱਕ ਥਾਵੇਂ ਇਕੱਠੇ ਹੋ ਜਾਵਣ ਤੇ ਮੇਰਾ ਕੀ ਹਸ਼ਰ ਕਰਨ।[2]

ਇਹੋ ਜੇਹੇ ਪਾਕਿਸਤਾਨ ਦਾ ਸੁਪਨਾ ਆਜ਼ਾਦੀ ਘੁਲਾਟੀਆਂ ਵੱਲੋਂ ਲਿਆ ਗਿਆ, ਗੁਰੂ ਰਵਿਦਾਸ ਦੇ ਬੇਗਮਪੁਰੇ ਵਰਗਾ ਹੀ ਸੀ। ਪਰ ਹਕੀਕਤ ਵਿੱਚ ਜੋ ਕੁੱਝ ਵਾਪਰਿਆ ਜਾਂ ਵਾਪਰ ਰਿਹਾ ਸੀ, ਉਸ ਤੋਂ ਆਜ਼ਾਦੀ ਘੁਲਾਟੀਏ ਅਤੇ ਜਨ-ਸਾਧਾਰਨ ਪੂਰਨ ਰੂਪ ਵਿੱਚ ਨਿਰਾਸ਼ ਹੋ ਗਏ।

ਦਰਅਸਲ, ਇਸ ਵਸੇਬੇ ਵਿੱਚ ਕੰਮ ਕਰਨ ਵਾਲੇ (ਕੰਮੀ ਲੋਕਾਂ) ਦੇ ਅਸਤਿਤਵ ਦਾ ਖ਼ਿਆਲ ਨਹੀਂ ਸੀ ਰੱਖਿਆ ਜਾਂਦਾ। ਉਨ੍ਹਾਂ ਨੂੰ ਘਟੀਆ ਜਾਂ ਕਹੋ ਦੂਜੇ ਦਰਜੇ ਦੇ ਸ਼ਹਿਰੀ ਮੰਨਿਆ ਜਾਂਦਾ ਸੀ। ਚੌਧਰੀ ਅਕਬਰ ਅਤੇ ਹੋਰ ਲੋਕਾਂ ਨੂੰ ਸਮਝਾਉਂਦਿਆਂ ਮਾ. ਗਰਦਾਰੀ ਲਾਲ ਨੇ ਦੱਸਿਆ ਕਿ ਲੁਹਾਰ, ਤਰਖਾਣ, ਘੁਮਿਆਰ, ਨਾਈ, ਮਾਛੀ, ਮਰਾਸੀ ਆਦਿ ਸਭ ਕਿੱਤੇ ਹਨ, ਪੇਸ਼ੇ ਹਨ- ਇਹ ਜ਼ਾਤਾਂ ਨਹੀਂ ਹਨ। ਉਸ ਨੇ ਅੱਗੇ ਸਪਸ਼ਟ ਕੀਤਾ :-

"........ਜ਼ਾਤਪਾਤ ਦੀ ਵੰਡ ਅਸਾਂ ਹਿੰਦੂਆਂ ਵਿੱਚ ਕਰੜੀ ਸੀ ਤੇ ਅਜੇ ਵੀ ਹੈ। ਤੁਸਾਂ ਮੁਸਲਮਾਨਾਂ ਵਿੱਚ ਇਹ ਨਹੀਂ ਹੋਣੀ ਚਾਹੀਦੀ ਸੀ ਕਿਉਂ ਜੇ ਭਾਵੇਂ ਤੁਹਾਡੇ ਬਜ਼ੁਰਗਾਂ ਵਿੱਚੋਂ ਬਹੁਤੇ ਪਹਿਲਾਂ ਹਿੰਦੂ ਈ ਸਨ ਪਰ ਉਹ ਮੁਸਲਮਾਨ ਹੋਏ ਈ ਏਸ ਕਰਕੇ ਸਨ ਪਈ ਇਸਲਾਮ ਵਿੱਚ ਸਾਰੇ ਲੋਕ ਬਰਾਬਰ ਸਮਝੇ ਜਾਂਦੇ ਸਨ ਤੇ ਕੋਈ ਛੂਤ-ਛਾਤ, ਜ਼ਾਤ-ਪਾਤ ਨਹੀਂ ਸੀ।"[3]

ਇਨ੍ਹਾਂ ਵਿਚਾਰਾਂ ਪ੍ਰਤੀ ਹਾਂ-ਪੱਖੀ ਹੁੰਗਾਰਾ ਉੱਥੇ ਬੈਠੇ ਦਵਾਰਕਾ ਦਾਸ,

ਮੌਲਵੀ ਬਰਕਤ ਉੱਲ੍ਹਾ ਅਤੇ ਲਾਲਾ ਗਣਪਤ ਰਾਏ ਨੇ ਵੀ ਭਰਿਆ। ਪਰ ਜਿਵੇਂ ਕਹਿੰਦੇ ਨੇ 'ਪੰਚਾਂ ਦਾ ਕਿਹਾ ਸਿਰ ਮੱਥੇ ਪੰਤਾਲਾ ਉੱਥੇ ਦਾ ਉੱਥੇ' ਹੀ ਰਿਹਾ। ਛੂਤ-ਛਾਤ ਅਤੇ ਜ਼ਾਤ-ਪਾਤ ਹੀ ਸਾਰੇ ਨਾਵਲ ਦੇ ਆਰ-ਪਾਰ ਫੈਲਿਆ ਵਿਖਾਈ ਦਿੰਦਾ ਹੈ।

ਨਾਵਲ ਦੇ ਨਾਇਕ ਖ਼ਾਲਿਦ ਅਤੇ ਉਸਦੇ ਪਰਿਵਾਰ ਨੂੰ ਆਪਣੀ ਦਰਵੇਸ਼ੀ ਅਤੇ ਸਾਊਪੁਣੇ ਕਾਰਨ ਮਲਿਕਾਂ ਦੇ ਧੱਕੇ ਦਾ ਸ਼ਿਕਾਰ ਹੋਣਾ ਪਿਆ। ਖ਼ਾਲਿਦ ਦੇ ਦਾਦੇ ਕੋਲੋਂ ਮਲਿਕ ਖ਼ੁਸ਼ੀ ਮੁਹੰਮਦ ਨੇ ਭੋਇੰ ਹੜੱਪ ਲਈ, ਉਸਦੇ ਅੱਬੇ ਨੂੰ ਮਲਿਕ ਮੁਰਾਦ ਅਲੀ ਤੰਗ ਕਰਦਾ ਰਿਹਾ ਅਤੇ ਉਸਦੀ ਵਾਰੀ ਵਾਰਸ ਅਲੀ ਜੰਮ ਪਿਆ।

ਵਾਰਸ ਅਲੀ ਪੜ੍ਹਨ ਵਿੱਚ ਨਲਾਇਕ ਸੀ। ਪਰ ਸਕੂਲ ਨੂੰ ਘੋੜੇ ਤੇ ਜਾਂਦਾ ਸੀ। ਬਾਕੀ ਸਾਰੇ ਟੁਰਕੇ ਜਾਂਦੇ। ਖ਼ਾਲਿਦ ਫਸਟ ਡਵੀਜ਼ਨ ਵਿੱਚ ਮੈਟਰਿਕ ਕਰ ਗਿਆ। ਜੂਰਾ ਅਤੇ ਵਾਰਸ ਫੇਲ੍ਹ ਹੋ ਗਏ। ਇੰਜ ਵਾਰਸ ਖ਼ਾਲਿਦ ਦਾ ਦੁਸ਼ਮਨ ਬਣ ਗਿਆ। ਖ਼ਾਲਿਦ ਨੂੰ ਕਾਫ਼ੀ ਚੇਤਨਾ ਦਰਿਆਬਾਦ ਸ਼ਹਿਰ ਵਿੱਚ ਪੜ੍ਹਦਿਆਂ ਪ੍ਰਾਪਤ ਹੋ ਗਈ ਸੀ। ਉਸਦਾ ਧਿਆਨ ਹਮੇਸ਼ਾ ਪੜ੍ਹਾਈ ਵੱਲ ਸੀ। ਇੱਕ ਦਿਨ ਜੂਰੇ, ਜੇਰੂ ਆਦਿ ਨਾਲ਼ ਰਲ਼ਕੇ ਉਹ ਬਾਗ਼ਾਂ ਵਾਲੀ ਪਿੰਡ ਜਾਂਦੇ ਹਨ। ਜੂਰੇ ਹੋਰੀਂ ਉੱਥੇ ਵਿਆਹੀ ਪਿੰਡ ਦੀ ਧੀ ਸਕੀਨਾ ਨੂੰ ਨਾਲ਼ ਲੈ ਕੇ ਟੂਬਾਂ ਧੁਆਉਣ ਦੇ ਬਹਾਨੇ ਉੱਥੋਂ ਦੇ ਸੁਨਿਆਰਾਂ ਦੀ ਕੁੜੀ ਨਜ਼ਮਾਂ (ਨੱਜੀ) ਨੂੰ ਵੇਖਣ ਜਾਂਦੇ ਹਨ ਪਰ ਖ਼ਾਲਿਦ ਸਕੀਨਾ ਦੇ ਘਰ ਹੀ ਰਹਿੰਦਾ ਹੈ। ਨੱਜੀ ਸਕੀਨਾਂ ਤੋਂ ਉਸ ਬਾਰੇ ਸੁਣਕੇ ਪ੍ਰਭਾਵਿਤ ਹੁੰਦੀ ਹੈ। ਦੋਵਾਂ ਦਰਮਿਆਨ ਗੀਤਾਂ ਦੇ ਰੀਕਾਰਡਾਂ ਦਾ ਆਦਾਨ-ਪ੍ਰਦਾਨ ਹੁੰਦਾ ਹੈ। ਨੱਜੀ ਖ਼ਾਲਿਦ ਨੂੰ ਖ਼ਤ ਲਿਖਣੇ ਸ਼ੁਰੂ ਕਰਦੀ ਹੈ। ਸਕੀਨਾ ਦੇ ਘਰ ਵਾਲ਼ਾ ਚਾਂਦਾ ਕੁੱਬੇ ਜੁਲਾਹੇ ਪਾਸੋਂ ਹੀ ਚਿੱਠੀਆਂ ਲਿਖਾਕੇ ਨੱਜੀ ਨੂੰ ਦਿੰਦਾ ਰਹਿੰਦਾ ਹੈ। ਸਰਵਰ ਨੂੰ ਇਸ ਦੀ ਸ਼ਰਾਰਤ ਦਾ ਪਤਾ ਚੱਲਦਾ ਹੈ। ਉਹ ਕੁੱਬੇ ਤੋਂ ਖ਼ਾਲਿਦ ਦੀ ਤਰਫ਼ੋਂ ਚਿੱਠੀ ਲਿਖਾਕੇ ਨੱਜੀ ਨੂੰ ਕੁੱਤਿਆਂ ਵਾਲੇ ਡੇਰੇ ਬੁਲਾ ਲੈਂਦਾ ਹੈ। ਨੱਜੀ ਦੇ ਭਾਅ ਦਾ ਉਸਨੂੰ ਖ਼ਾਲਿਦ ਨੇ ਬੁਲਾਇਆ ਹੈ। ਇਉਂ ਨੱਜੀ ਸਰਵਰ ਦੇ ਜਾਲ ਵਿੱਚ ਫਸ ਜਾਂਦੀ ਹੈ। ਪਰ ਇਸਦਾ ਦੋਸ਼ੀ ਖ਼ਾਲਿਦ ਨੂੰ ਠਹਿਰਾਇਆ ਜਾਂਦਾ ਹੈ। ਪੁਲੀਸ ਕੁਟਾਪਾ ਕਰਦੀ ਹੈ। ਪੁਲਿਸ ਗਾਹਲਾਂ ਵੀ ਕੱਢਦੀ ਹੈ। ਅਨਵਰ ਆ ਕੇ ਥਾਣੇਦਾਰ ਨੂੰ ਘੂਰਦਾ ਹੈ :

"ਜੇ ਅਸੀਂ ਬੇਕਸੂਰ ਹੋਏ ਥਾਣੇਦਾਰਾ" ਅਨੂ ਨੇ ਲਲਕਾਰ ਮਾਰੀ, "ਤੇ ਤੇਰੀ ਵਰਦੀ ਨਾ ਲੁਹਾਈ ਤੇ ਮੇਰਾ ਵੀ ਨਾਂ ਅਨੂ ਨਹੀਂ।" ਥਾਣੇਦਾਰ ਨੇ ਸੋਚਿਆ ਏਹੋ ਜੇਹੇ ਜਜ਼ਬਾਤੀ ਤੇ ਜਨੂਨੀ ਬੰਦੇ ਖ਼ਤਰਨਾਕ ਵੀ ਹੋ ਸਕਦੇ ਨੇ।[4]

ਖ਼ਾਲਿਦ ਨੂੰ ਉਸਦੇ ਇੱਕ ਮਿੱਤਰ ਗ਼ੁਲਾਮ ਫ਼ਰੀਦ ਦੀ ਜ਼ਮਾਨਤ ਤੇ ਰਿਹਾ

ਕਰ ਦਿੱਤਾ ਜਾਂਦਾ ਹੈ।

ਅਸਤਿਤਵਵਾਦ ਅਨੁਸਾਰ ਬੰਦੇ ਵੱਲੋਂ ਬਿਨਾਂ ਕਿਸੇ ਬਾਹਰੀ ਦਬਾਅ ਦੇ ਕੀਤੀ ਗਈ ਚੋਣ ਉਸ ਦੀ ਜੀਵਨ ਸ਼ੈਲੀ ਨੂੰ ਨਿਰਧਾਰਤ ਕਰਨ ਵਿੱਚ ਯੋਗਦਾਨ ਪਾਉਂਦੀ ਹੈ।

ਖ਼ਾਲਿਦ ਸਪਸ਼ਟ ਕਰਦਾ ਹੈ :

"ਮੈਂ ਕਾਨੂੰਨ ਪੜ੍ਹਿਆ ਈ ਏਸੇ ਲਈ ਏ ਪਈ ਆਮ ਮਾੜੇ ਬੰਦੇ ਨੂੰ ਇਨਸਾਫ਼ ਦਿਵਾਵਾਂ। .....ਅੱਬਾ ਜੀ ਮੈਨੂੰ ਤਿਬ ਪੜ੍ਹਾਣਾ ਚਾਹੁੰਦੇ ਸਨ ਪਰ ਮੈਂ ਆਖਿਆ ਵਕਾਲਤ ਵੀ ਤੇ ਬੇਇਨਸਾਫ਼ੀ, ਹੱਕ-ਤਲਫ਼ੀ ਤੇ ਧੱਕੇਜ਼ੋਰੀ ਦੀਆਂ ਬੀਮਾਰੀਆਂ ਦਾ ਇਲਾਜ਼ ਕਰਦੀ ਤੇ ਬੇਗੁਨਾਹਾਂ ਨੂੰ ਕੈਦ ਤੇ ਫਾਹੇ ਲੱਗਣ ਤੋਂ ਬਚਾਂਦੀ ਏ।"[5]

ਇਸੇ ਪ੍ਰਕਾਰ ਖ਼ਾਲਿਦ ਨੇ ਜੀਵਨ-ਸਾਥੀ ਵਜੋਂ ਚੋਣ ਮਲਿਕ ਮੁਰਾਦ ਅਲੀ ਦੀ ਬੇਟੀ ਫ਼ਰਹਾ (ਫ਼ਰਹਾਨਾ) ਦੀ ਕੀਤੀ ਸੀ ਪਰ ਨੱਜੀ ਦਾ ਝੂਠਾ ਦੋਸ਼ ਲੱਗ ਜਾਣ ਕਾਰਨ ਮਲਿਕ ਮੁਰਾਦ ਅਲੀ ਦਾ ਵਿਚਾਰ ਮੱਧਮ ਪੈ ਗਿਆ। ਇਤਨੇ ਨੂੰ ਉਸਦੀ ਭੈਣ 'ਆਪਾ' ਨੇ ਉਸ ਲਈ ਜ਼ੀਨਤ ਦੀ ਚੋਣ ਕਰ ਦਿੱਤੀ ਜਿਸਨੂੰ ਖ਼ਾਲਿਦ ਨੇ ਬਿਨ-ਵੇਖੇ ਹੀ ਪਰਵਾਨ ਕਰ ਲਿਆ। ਇਉਂ ਦੂਸਰੇ ਵੱਲੋਂ ਕੀਤੀ ਜਾਣ ਵਾਲੀ ਚੋਣ ਕਾਰਨ ਹੀ ਉਸਨੂੰ ਜੀਵਨ ਵਿੱਚ ਜੋ ਦੁੱਖ ਝੱਲਣੇ ਪਏ ਉਨ੍ਹਾਂ ਕਾਰਨ ਹੀ ਕਈ ਵਾਰੀ ਉਸਦੇ ਅਸਤਿਤਵ ਨੂੰ ਠੇਸ ਪੁੱਜੀ। ਫਿਰ ਉਸਨੇ ਨੱਜੀ ਦੀ ਧੀ ਨੈਨਤਾਰਾ ਨੂੰ ਆਪਣੇ ਘਰ ਲਿਆਕੇ ਬੇਸ਼ੱਕ ਪਰਉਪਕਾਰੀ ਕੰਮ ਕੀਤਾ ਪਰ ਇੰਜ ਕਰਨ ਨਾਲ਼ ਚੋਣਾਂ ਸਮੇਂ ਉਸ ਵਿਰੁੱਧ ਜੋ ਪ੍ਰਚਾਰ ਹੋਇਆ ਉਸਨੇ ਉਸਨੂੰ ਅਸਤਿਤਵਹੀਣ ਕਰ ਦਿੱਤਾ। ਇੱਕ ਅਖ਼ਬਾਰ ਨੇ ਖ਼ਬਰ ਦੀ ਸੁਰਖ਼ੀ ਇਉਂ ਬਣਾਈ:

"ਮੁਕਾਮੀ ਵਕੀਲ ਕਾ ਮਾਂ ਕੇ ਬਾਅਦ ਬੇਟੀ ਸੇ ਇਸ਼ਕ"

ਇਸ ਪ੍ਰਚਾਰ ਦਾ ਉਸਦੇ ਮਨ 'ਤੇ ਬਹੁਤ ਡੂੰਘਾ ਅਸਰ ਪਿਆ। 'ਜਿਵੇਂ ਜਿਵੇਂ ਉਹ ਖ਼ਬਰ ਪੜ੍ਹਦਾ ਗਿਆ, ਗੁੱਸੇ, ਜ਼ਿੱਲਤ ਦੇ ਅਹਿਸਾਸ ਤੇ ਦੁੱਖ ਨਾਲ਼ ਉਹਦਾ ਸਾਰਾ ਵਜੂਦ ਕੰਬਣ ਲੱਗ ਪਿਆ। ਉਹ ਬੜੇ ਏਸਾਬ ਤੇ ਵੱਡੇ ਹੌਂਸਲੇ ਵਾਲਾ ਬੰਦਾ ਸੀ ਪਰ ਬੰਦਾ ਈ ਸੀ ਨਾ, ਪੱਥਰ ਨਹੀਂ ਸੀ।"[6]

ਉਹਨੇ ਜੀਵਨ ਵਿੱਚ ਪਹਿਲੀ ਵਾਰ ਆਤਮ-ਹੱਤਿਆ ਕਰਨ ਬਾਰੇ ਸੋਚਿਆ। ਹਾਲਾਤ ਨੇ ਉਸਨੂੰ Being ਤੋਂ (ਹੋਂਦ ਤੋਂ) Nothingness (ਨਿਰਹੋਂਦ) ਦਾ ਅਹਿਸਾਸ ਕਰਵਾ ਦਿੱਤਾ। ਬੜੇ ਦੋਸਤ ਆਏ, ਹੌਂਸਲਾ ਦਿੱਤਾ ਪਰ ਉਸਨੂੰ ਕੁੱਝ ਸੁਣਾਈ ਨਹੀਂ ਸੀ ਦਿੰਦਾ। 'ਉਹ ਖਲਾਵਾਂ ਵਿੱਚ ਖਾਲੀ ਖਾਲੀ ਨਜ਼ਰਾਂ ਨਾਲ਼ ਵੇਖਦਾ ਰਿਹਾ।'

ਆਫ਼ਤਾਬ ਨੇ ਅਖ਼ਬਾਰ ਦੇ ਖਿਲਾਫ਼ ਹੱਤਕ-ਇੱਜ਼ਤ ਦੇ ਦਾਅਵੇ ਦਾ

ਨੋਟਿਸ ਬਣਾਇਆ, ਡਰਾਫ਼ਟ ਵਖਾਇਆ ਪਰ ਉਹਨੇ ਆਖਿਆ :-

"ਤੂੰ ਜੋ ਬਿਹਤਰ ਸਮਝਨਾ ਏ ਕਰ। ਮੈਨੂੰ ਕੁੱਝ ਚਿਰ ਲਈ ਇਕੱਲਿਆਂ ਛੱਡ ਦੇ।"[7]

ਇੰਜ ਖ਼ਾਲਿਦ ਦੇ ਨੇਕ ਕੰਮਾਂ ਨੂੰ ਬੁਰਿਆਂ ਵਜੋਂ ਪੇਸ਼ ਕੀਤਾ ਗਿਆ। ਇੰਜ ਦੂਜੇ ਲੋਕ ਉਸਦੇ ਅਸਤਿਤਵ ਲਈ Hell is the other people ਸਾਬਤ ਹੋਏ। ਪਰ ਖ਼ਾਲਿਦ ਦੇ ਅਸਤਿਤਵ ਦੀ ਵਡਿਆਈ ਇਹ ਹੈ ਕਿ ਉਹ ਟੁੱਟ ਤਾਂ ਗਿਆ ਪਰ ਝੁਕਿਆ ਨਹੀਂ।

ਜਦੋਂ ਖ਼ਾਲਿਦ ਚੋਣਾਂ ਵਿੱਚ ਹਾਰ ਗਿਆ ਤਾਂ ਉਸਦੇ ਮਿੱਤਰ ਮੂਦੇ ਨੇ ਕਿਹਾ, "ਮੈਂ ਆਖਿਆ ਸੀ ਬਾਊ ਖ਼ਾਲਿਦ ਇਲੈਕਸ਼ਨ ਵਿੱਚ ਨਾ ਖਲੋ। ਇਨ੍ਹਾਂ ਡੰਗਰ ਬੰਦਿਆਂ ਤੇਰੀ ਖ਼ਿਦਮਤ ਤੇ ਕਾਬਲੀਅਤ ਦੀ ਕਦਰ ਨਹੀਂ ਕਰਨੀ। ਉਹੋ ਗੱਲ ਹੋਈ ਨਾ, ਪੈਸਾ ਵੀ ਖ਼ਰਚੋ, ਵਕਤ ਵੀ ਬਰਬਾਦ ਕਰੋ......ਕੀ ਫ਼ਾਇਦਾ ਹੋਇਆ।"

ਪਰ ਖ਼ਾਲਿਦ ਚੋਣ ਲੜਕੇ ਅੱਗੋਂ ਲਈ ਇੱਕ ਸੰਭਾਵਨਾ (Possibility) ਪੈਦਾ ਕਰ ਗਿਆ। ਮੂਦੇ ਨੂੰ ਸੰਬੋਧਨ ਕਰਦਿਆਂ ਉਸ ਆਖਿਆ :-

"ਬੜਾ ਫ਼ਾਇਦਾ ਹੋਇਆ ਮੂਦਿਆ। ਹੋਰ ਨਹੀਂ ਤੇ ਟਿੱਲ ਵਾਲਿਆਂ ਨੂੰ ਜਿੱਤ ਲਈ ਟਿੱਲ ਤੇ ਲਾਉਣਾ ਪਿਆ। ਮਾੜਿਆਂ ਦਾ ਹੌਸਲਾ ਵਧਿਆ ਏ। ਇੱਕ ਦਿਨ ਕੋਈ ਖ਼ਾਲਿਦ, ਕੋਈ ਅਨਵਰ ਘੁਮਿਆਰ ਜ਼ਰੂਰ ਜਿੱਤ ਵੀ ਜਾਵੇਗਾ।"[8]

ਜ਼ਾਤ-ਪਾਤ ਦੇ ਬੰਧਨ ਤੋੜਨਾ ਵੀ ਉਸਦੀ ਹੋਂਦ ਅਤੇ ਇਰਾਦੇ ਦੀ ਮਜ਼ਬੂਤੀ ਨੂੰ ਦਰਸਾਉਂਦਾ ਹੈ। ਉਸਨੇ ਅਨੇਕਾਂ ਵਿਰੋਧਾਂ ਦੇ ਬਾਵਜੂਦ ਆਪਣੀ ਭੈਣ 'ਆਪਾ' ਦੀ ਸ਼ਾਦੀ ਉਸਦੇ ਮਨ-ਪਸੰਦ ਵਿਅਕਤੀ 'ਬਾਸੂ ਘੁਮਿਆਰ' ਨਾਲ਼ ਕਰਕੇ ਜ਼ਾਤ-ਪਾਤ ਦੇ ਬੰਧਨ ਤੇ ਕਰਾਰੀ ਚੋਟ ਮਾਰੀ। ਇਉਂ ਉਹ ਕਹਿਣੀ ਅਤੇ ਕਰਨੀ ਦਾ ਸੂਰਮਾ ਸਿੱਧ ਹੋਇਆ।

ਖ਼ਾਲਿਦ ਦਾ ਅਸਤਿਤਵ ਇੱਕ ਦਰਵੇਸ਼ ਵਜੋਂ ਉਜਾਗਰ ਹੁੰਦਾ ਹੈ। ਇਸ ਸੰਬੰਧ ਵਿੱਚ ਅਨਵਰ ਦੇ ਸ਼ਬਦ ਬੜੇ ਸਾਰਥਕ ਪ੍ਰਤੀਤ ਹੁੰਦੇ ਹਨ :-

"ਸਲੀਮ ਇਹ ਸਭ ਕੁੱਝ ਜਿਹੜਾ ਅਖ਼ਬਾਰ ਵਿੱਚ ਛਪਿਆ ਏ ਝੂਠ ਤੇ ਬਹੁਤਾਨ ਏ। ਖ਼ਾਲਿਦ ਫ਼ਰਿਸਤਾ ਸੀਰਤ ਬੰਦਾ ਏ ਮੇਰੇ ਨਾਲ਼ੋਂ ਵੱਧ ਉਸਨੂੰ ਕੌਣ ਜਾਣ ਸਕਦਾ ਏ। ਉਹ ਸੱਚੀਂ-ਮੁੱਚੀ ਇੱਕ ਫ਼ਕੀਰ ਦਰਵੇਸ਼ ਬੰਦਾ ਏ। ਉਹਨੇ ਇਨ੍ਹਾਂ ਮਾਵਾਂ ਧੀਆਂ ਲਈ ਜ਼ਫ਼ਰ ਜਾਲੇ ਨੇ। ਆਮ ਲੋਕਾਂ ਦੀ ਭਲਾਈ ਲਈ ਹਰ ਵੇਲੇ ਕੁੱਝ ਨਾ ਕੁੱਝ ਕਰਦਾ ਰਹਿੰਦਾ ਏ। ਉਹਨੇ ਆਪਣੇ ਪੁੱਤਰ ਦੀ ਨਾਰਾਜ਼ਗੀ ਤੋਂ ਦੂਜੀ ਸ਼ਾਦੀ ਨਹੀਂ ਕੀਤੀ। ਜੋ ਕੁੱਝ ਹੁਣ ਤੀਕ ਕਮਾਇਆ ਏ, ਦੂਜਿਆਂ ਉੱਪਰ ਖ਼ਰਚ ਕਰਦਾ ਰਹਿੰਦਾ ਏ, ਹੋਰ ਫ਼ਕੀਰੀ ਦਰਵੇਸ਼ੀ ਕੀ ਹੁੰਦੀ ਏ।"[9]

ਅਜਿਹੇ ਦਰਵੇਸ਼ ਨੂੰ ਅੰਤਮ ਸਮੇਂ 'ਰੋੜ ਚੱਬਣੇ' ਅਤੇ 'ਰੇਤ ਫੱਕਣੀ' ਪੈਂਦੀ ਏ। ਏਸੇ ਲਈ ਤਾਂ ਸਾਰਤਰ ਕਹਿੰਦਾ ਹੈ 'Man is a useless passion.'[10]

ਛੂਤ-ਛਾਤ ਅਤੇ ਜ਼ਾਤ-ਪਾਤ ਵਾਲੇ ਅਜਿਹੇ ਮਾਹੌਲ ਵਿੱਚ ਅੱਬਾਸ (ਬਾਸੂ) ਦਾ ਅਸਤਿਤਵ ਵੀ ਉੱਭਰਕੇ ਸਾਹਮਣੇ ਆਉਂਦਾ ਹੈ। ਉਹ ਕਬੱਡੀ ਦਾ ਇੱਕ ਵੱਡਾ ਖਿਡਾਰੀ ਹੈ। ਉਹ ਅਨੂੰ (ਅਨਵਰ ਘੁਮਿਆਰ) ਦਾ ਵੱਡਾ ਭਰਾ ਹੈ। ਉਸਦੇ ਪਿਉ ਦਾ ਨਾਂ ਕਰਮਦੀਨ ਹੈ। ਲਤ ਸ਼ਾਹ ਦੇ ਵਿਸਾਖੀ ਦੇ ਮੇਲੇ ਤੇ ਕਬੱਡੀ ਲਈ ਉਸਨੇ ਸ਼ੀਸ਼ਮ ਸਿੰਘ ਨਾਲ਼ ਖੇਡਣ ਲਈ ਸਾਈ ਫੜ ਲਈ। ਚੌਧਰੀ ਅਕਬਰ ਉਸਨੂੰ ਬੁਲਾਕੇ ਕਹਿੰਦਾ ਹੈ ਕਿ ਇਹ ਮੁਕਾਬਲਾ ਵਕਾਰ ਦਾ ਸਵਾਲ ਹੈ। ਚੌਧਰੀ ਅਕਬਰ ਅਜਿਹੀ ਇੱਛਾ ਕਰੀਮਦੀਨ ਪਾਸ ਪ੍ਰਗਟ ਕਰਦਾ ਹੈ ਪਰ ਬਾਸੂ ਆਪਣੇ ਪਿਤਾ ਨੂੰ ਸਪਸ਼ਟ ਸ਼ਬਦਾਂ ਵਿੱਚ ਕਹਿੰਦਾ ਹੈ :-

"ਮੈਂ ਕੌਡੀ ਕਿਸੇ ਦੀ ਇੱਜ਼ਤ-ਬੇਇੱਜ਼ਤੀ ਵਾਸਤੇ ਨਹੀਂ ਖੇਡਦਾ ਆਂ ਤੇ ਇੰਜ ਮਾਂਗਵੀਆਂ ਰੋਟੀਆਂ ਖਾ ਕੇ ਚੌਧਰੀਆਂ ਅੱਗੇ ਗਹਿਣੇ ਪੈ ਕੇ ਜਿੱਤ ਵੀ ਗਿਆ ਤੇ ਮੈਨੂੰ ਖ਼ੁਸ਼ੀ ਨਹੀਂ ਹੋਣੀ, ਸਗੋਂ ਚੌਧਰੀਆਂ ਦਾ ਦਬੇਲ ਤੇ ਹਿਠਾੜੂ ਬਣ ਜਾਵਾਂਗਾ।"[11]

ਕਰਮਦੀਨ ਨੇ ਕਿਹਾ ਕਿ ਚੌਧਰੀ ਅਕਬਰ ਨਰਾਜ਼ ਹੋ ਜਾਵੇਗਾ ਤਾਂ ਬਾਸੂ ਉੱਤਰ ਦਿੰਦਾ ਹੈ :-

"ਹੋ ਜਾਏ, ਉਹ ਤੇ ਮੁਕਾਬਲੇ ਲਈ ਘੋੜੇ, ਕੁੱਤੇ ਤੇ ਲਵੇਰੇ ਵੀ ਪਾਲਦੇ ਨੇ। ਮੈਂ ਰਾਖਵਾਂ ਬਣਕੇ ਨਹੀਂ ਖੇਡ ਸਕਦਾ।"[12]

ਜਦੋਂ ਖ਼ਾਲਿਦ ਨੇ ਇਹੋ ਗੱਲ ਆਪਣੀ ਭੈਣ (ਬਾਸੂ ਦੀ ਮੰਗੇਤਰ) ਨੂੰ ਦੱਸੀ ਤਾਂ ਉਸ ਆਖਿਆ :-

"ਨਿਰਾ ਜ਼ੋਰ ਹੀ ਨਹੀਂ, ਅੰਦਰੋਂ ਵੀ ਬਹਾਦਰ ਏ ਤੇਰਾ ਭਾਅ ਬਾਸੂ।"

ਕਰੀਮਦੀਨ ਨੇ ਆਖਿਆ ਕਿ ਉਸਦਾ ਪੁੱਤਰ ਬਾਸੂ ਬੱਬਰ ਸ਼ੇਰ ਏ, ਅਤੇ ਜ਼ਰੂਰ ਜਿੱਤੇਗਾ। ਪਰ ਬਾਸੂ ਕਹਿੰਦਾ ਹੈ :-

"ਬਸ ਅੱਬਾ, ਤੂੰ ਮੈਨੂੰ ਬੰਦਾ ਈ ਰਹਿਣ ਦੇ।"[13]

**ਦਰਅਸਲ ਬੰਦਾ ਬਣਨਾ ਹੀ ਮੁਸ਼ਕਲ ਹੈ ਅਤੇ ਇਹੋ ਗੱਲ ਕਿਸੇ ਵਿਅਕਤੀ ਦੇ ਪ੍ਰਮਾਣਿਕ ਅਸਤਿਤਵ ਦੀ ਨਿਸ਼ਾਨੀ ਹੁੰਦੀ ਏ।**

ਇਸੇ ਮੌਕੇ ਹਾਸੇ ਹਾਸੇ ਵਿੱਚ ਅਨੂ ਨੇ ਕਿਹਾ :

"ਅੱਬਾਸ ਅਲੀ ਵਲਦ ਕਰੀਮਦੀਨ ਕੌਮ ਘੁਮਿਆਰ"

ਬਾਸੂ ਨੇ ਉੱਤਰ ਦਿੱਤਾ :-

'ਆਹੋ ਘੁਮਿਆਰ, ਘੁਮਿਆਰ ਬੰਦੇ ਈ ਹੁੰਦੇ ਨੇ।'[14]

ਕਬੱਡੀ ਵਿੱਚ ਸ਼ੀਸ਼ਮ ਸਿੰਘ ਹਾਰ ਜਾਂਦਾ ਹੈ। ਇਸ ਤੋਂ ਬਾਅਦ ਅਖਾੜੇ

ਵਿੱਚ ਹੀ ਫ਼ਸਾਦ ਹੋ ਜਾਂਦਾ ਹੈ। ਹਿੰਦੂ-ਸਿੱਖ ਇੱਕ ਪਾਸੇ ਅਤੇ ਮੁਸਲਮਾਨ ਦੂਜੇ ਬੰਨੇ।

ਇੱਕ ਸਮੇਂ ਬਾਸੂ ਹਲਟੀ 'ਤੇ ਨਹਾਉਣ ਗਿਆ। ਉਹ ਪਾਣੀ ਕੱਢੀਂ ਜਾਵੇ ਤੇ 'ਨੂਰਾ' ਗੁਸਲਖ਼ਾਨੇ ਵਿੱਚ ਵੜਕੇ ਪਾਣੀ ਡੋਲ੍ਹੀ ਜਾਵੇ। ਬਾਸੂ ਨੇ ਕਿਹਾ ਉਸਨੇ ਵੀ ਨਹਾਉਣਾ ਹੈ। ਨੂਰਾ ਕਹੇ ਪਾਣੀ ਕੱਢੀਂ ਚੱਲ। ਬਾਸੂ ਨੇ ਪਾਣੀ ਕੱਢਣਾ ਬੰਦ ਕਰ ਦਿੱਤਾ ਤਾਂ ਨੂਰੇ ਉਸਨੂੰ ਜ਼ਾਤ ਦਾ ਮੇਹਣਾ ਮਾਰਿਆ।

"ਭੁੱਲ ਗਿਆ ਏਂ ਪਈ ਤੂੰ ਸਾਡਾ ਕੰਮੀਂ ਏ। ਪੈਰ ਦੀ ਜੁੱਤੀ।[15]

"ਮੈਂ ਕਿਸੇ ਦਾ ਕੰਮੀਂ ਨਹੀਂ," ਉਹਨੇ ਗੁੱਸਾ ਡੱਕਕੇ ਕਿਹਾ :

'ਬਾਹਰ ਨਿਕਲ ਛੇਤੀ ਕਰ।'[16]

ਬਾਸੂ ਨੇ ਨੂਰੇ ਨੂੰ ਇਉਂ ਧੱਕਾ ਮਾਰਿਆ ਕਿ ਉਸਦਾ ਲੱਕ ਟੁੱਟ ਗਿਆ। ਦਰਅਸਲ ਨੂਰਾ ਆਪਣੀ ਉੱਚੀ ਜ਼ਾਤ ਦੀ ਹੈਂਕੜ ਵਿੱਚ ਸ਼ੇਖਾਂ, ਮੋਚੀਆਂ, ਮੀਆਂ ਸਭ ਨੂੰ ਤੰਗ ਕਰਦਾ ਸੀ।

ਚੌਧਰੀ ਅਕਬਰ ਨੇ ਉਪਰੋਕਤ ਘਟਨਾ 'ਤੇ ਬਰਾਦਰੀ ਦੀ ਮੀਟਿੰਗ ਬੁਲਾਈ ਜਿਸ ਵਿੱਚ ਬਾਸੂ ਨੂੰ ਹਾਜ਼ਰ ਹੋਣ ਦਾ ਸੱਦਾ ਦਿੱਤਾ ਗਿਆ। ਗ਼ਫ਼ੂਰੇ ਦੀ ਮਨਸ਼ਾ ਸੀ ਕਿ ਆਉਂਦੇ ਨੂੰ ਜੁੱਤੀਆਂ ਮਾਰੀਆਂ ਜਾਣਗੀਆਂ ਪਰ ਹਰ ਬਰਾਦਰੀ ਵਿੱਚ ਚੰਗੇ ਬੰਦੇ ਵੀ ਹੁੰਦੇ ਨੇ। ਚੌਧਰੀ ਅਕਬਰ ਦੀ ਧੀ ਬਾਨੋ ਅਤੇ ਸਾਦੋ ਕੰਜਰੀ ਨੇ ਬਾਸੂ ਨੂੰ ਪਹਿਲਾਂ ਹੀ ਸੁਚੇਤ ਕਰ ਦਿੱਤਾ ਕਿ ਉਹ ਡੇਰੇ ਵਿੱਚ ਹੋ ਰਹੀ ਮੀਟਿੰਗ ਵਿੱਚ ਬਿਲਕੁੱਲ ਨਾ ਜਾਵੇ।

ਮੀਟਿੰਗ ਵਿੱਚ ਬਾਸੂ ਦਾ ਪਿਤਾ ਕਰਮਦੀਨ ਗਿਆ ਤਾਂ ਚੌਧਰੀ ਅਕਬਰ ਨੇ ਭਾਸ਼ਣ ਸ਼ੁਰੂ ਕੀਤਾ "ਇਹਦਾ ਮਤਲਬ ਇਹ ਨਹੀਂ ਕਿਸੇ ਇੱਕ ਪਿੜ ਵਿੱਚ ਜਿੱਤਕੇ ਉਹ ਸਾਡੇ ਬਰਾਬਰ ਹੋ ਗਿਆ ਏ। ਉਹਦੀ ਜ਼ਾਤ ਨਹੀਂ ਬਦਲ ਗਈ। ਭਾਵੇਂ ਉਹ ਹੋਰ ਵੀ ਵੱਡਾ ਖਿਡਕਾਰ ਬਣ ਜਾਵੇ, ਰਹੇਗਾ ਤਾਂ ਘੁਮਿਆਰ ਈ।"

ਇਵੇਂ ਹੀ ਗਫ਼ੂਰਾ ਕਰਮਦੀਨ ਨੂੰ ਕਹਿਣ ਲੱਗਾ, "ਕਿਉਂ ਤੂੰ ਘੁਮਿਆਰ ਨਹੀਂ, ਉਹ ਤੇਰਾ ਪੁੱਤਰ ਨਹੀਂ, ਕੀ ਤੁਸੀਂ-ਕੰਮੀਂ ਨਹੀਂ।"[17]

ਕਰਮਦੀਨ ਨੇ ਉੱਤਰ ਦਿੱਤਾ, "ਕੰਮੀਂ ਜ਼ਰੂਰ ਆਂ ਪਰ ਬਾਸੂ ਕਿਸੇ ਦੇ ਪੈਰ ਦੀ ਜੁੱਤੀ ਨਹੀਂ। ਉਹਨੇ ਇਹ ਵੀ ਕਿਹਾ **'ਕੰਮੀਂ ਵੀ ਇਨਸਾਨ ਹੁੰਦੇ ਨੇ; ਉਨ੍ਹਾਂ ਦੀ ਵੀ ਇੱਜ਼ਤ ਪੱਤ ਹੁੰਦੀ ਏ।' 'ਅਜੇ ਉਹ ਆਜ਼ਾਦ ਹੈ, ਕਿਸੇ ਦਾ ਨੌਕਰ ਨਹੀਂ, ਕਿਸੇ ਕੋਲੋਂ ਲੈ ਕੇ ਨਹੀਂ ਖਾਂਦਾ।"**[18]

ਇਸੇ ਸਮੇਂ ਮਾ. ਗਿਰਦਾਰੀ ਲਾਲ ਕਹਿੰਦਾ ਹੈ ਕਿ ਇਹ ਤਾਂ ਸਭ ਬੰਦਿਆਂ ਦੇ ਕਿੱਤੇ ਨੇ।

ਈਰਖਾ ਵਸ ਗ਼ਫ਼ੂਰੇ ਤੇ ਨੂਰੇ ਨੇ ਬਾਸੂ ਦੀਆਂ ਲੱਤਾਂ ਤੋੜ ਦਿੱਤੀਆਂ।

ਨਤੀਜੇ ਵਜੋਂ ਉਸਦੀ ਇੱਕ ਲੱਤ ਕੱਟਣੀ ਪਈ। ਬਾਸੂ ਦੀ ਇਹ ਹਾਲਤ ਵੇਖਕੇ ਬਸ਼ੀਰ ਚੱਧੜ ਵੀ ਕਬੱਡੀ ਖੇਡਣੀ ਬੰਦ ਕਰ ਗਿਆ। ਬਰਾਦਰੀ ਵਾਲਿਆਂ ਜ਼ੋਰ ਵੀ ਪਾਇਆ ਪਰ ਉਹ ਉੱਕਾ ਨਾਂਹ ਕਰ ਗਿਆ ਤੇ ਕਹਿਣ ਲੱਗਾ :-

"ਜਿਸ ਵਸੇਬ ਵਿੱਚ ਖੇਡਾਂ ਦੀ ਇਹ ਕਦਰ ਹੋਵੇ ਉਥੇ ਹੌਲੀ ਹੌਲੀ ਖੇਡਾਂ ਮੁੱਕ ਜਾਂਦੀਆਂ ਨੇ ਸਿਰਫ਼ ਇੱਕ ਖੇਡ ਬਾਕੀ ਰਹਿ ਜਾਂਦੀ ਏ ...ਪੈਸੇ ਦੀ ਖੇਡ..ਜੀਹਦੇ ਵਿੱਚ ਭਰਾ ਭਰਾ ਨੂੰ ਕਤਲ ਕਰਦਾ ਤੇ ਭਾਈ ਆਪਣੀਆਂ ਭੈਣਾਂ ਦੀਆਂ ਸੰਘੀ ਘੁੱਟ ਦੇਂਦੇ ਨੇ। ਜਵਾਨ ਮੁੰਡਿਆਂ ਨੂੰ ਸਿਹਤਮੰਦ ਤਫ਼ਰੀਹ ਨਾ ਲੱਭੇ ਤੇ ਉਨ੍ਹਾਂ ਦਾ ਧਿਆਨ ਚੋਰੀਆਂ, ਡਾਕਿਆਂ ਤੇ ਕਤਲਾਂ ਵੱਲ ਹੋ ਜਾਂਦਾ ਏ।"[19]

ਬਾਸੂ ਦੀ ਲੱਤ ਕੱਟ ਜਾਣ ਤੇ ਉਸਦੇ ਸਾਰੇ ਸੁਪਨੇ ਖੇਰੂੰ ਖੇਰੂੰ ਹੋ ਗਏ। ਬਸ ਹੁਣ ਉਹ ਚੱਕ ਘੁੰਮਾਉਣ ਜੋਗਾ ਹੀ ਰਹਿ ਗਿਆ। ਇੱਕ ਲੱਤ ਵਾਲ਼ੇ ਬਾਸੂ ਦਾ ਹੌਸਲਾ ਅਤੇ ਦਲੇਰੀ ਇੱਕ ਵਾਰੀ ਉਸ ਸਮੇਂ ਪ੍ਰਗਟ ਹੁੰਦੀ ਹੈ ਜਦੋਂ ਖ਼ਾਲਿਦ ਅਤੇ ਉਸਦੇ ਸਾਥੀ ਚੋਣ ਰੈਲੀ ਨੂੰ ਸੰਬੋਧਨ ਕਰਨ ਗਏ ਹੋਏ ਸਨ ਤੇ ਨੈਨਤਾਰਾ ਦੀ ਰਾਖੀ ਲਈ ਬਾਸੂ ਘਰ ਰੁਕ ਗਿਆ ਸੀ। ਉਸ ਸਮੇਂ ਫ਼ਲਕ ਸ਼ੇਰ ਨੈਨਤਾਰਾ ਨੂੰ ਲੈਣ ਆ ਗਿਆ। ਫ਼ਲਕ ਸ਼ੇਰ ਨੂੰ ਨਿਜ਼ਾਮਦੀਨ ਮੋਚੀ ਬੜਾ ਸਮਝਾਉਂਦਾ ਕਿ ਉਹ ਵਾਪਸ ਚਲਿਆ ਜਾਵੇ। ਉਹ ਤਾਂ ਸਗੋਂ ਉਲਟਾ ਹੀ ਪੈ ਗਿਆ ਕਹਿੰਦਾ ਮੋਚੀਆ 'ਆਪਣੀ ਖੱਲ 'ਚ ਰਹਿ।' ਫ਼ਲਕ ਸ਼ੇਰ ਨੇ ਲਲਕਾਰਾ ਮਾਰਿਆ-ਕੁੜੀ ਨੂੰ ਬਾਹਰ ਕੱਢੋ। ਬਾਸੂ ਨੇ ਗੰਡਾਸਾ ਚੁੱਕ ਲਿਆ 'ਤੂੰ ਕੁੜੀ ਆਖਨਾਂ ਏ- ਬੂਹੇ ਨੂੰ ਹੱਥ ਲਾ ਕੇ ਦੇਖ।'[20]

ਜੂਰਾ ਖ਼ਾਲਿਦ ਦਾ ਜਮਾਤੀ ਸੀ। ਪੜ੍ਹਨ ਵਿੱਚ ਨਾਲ਼ਾਇਕ ਦਸਵੀਂ ਵਿੱਚੋਂ ਫ਼ੇਲ੍ਹ। ਪਰ ਸ਼ਰਾਰਤੀ ਪੁੱਜਕੇ। ਟੂੰਬਾਂ ਧੁਆਉਣ ਦੇ ਬਹਾਨੇ ਸੁਨਿਆਰਾਂ ਦੀ ਕੁੜੀ ਨੱਜੀ ਨੂੰ ਵੇਖਣ ਬਾਗਾਂ ਵਾਲੀ ਵਿਖੇ ਸਾਰੇ ਸਾਥੀਆਂ ਨੂੰ ਲੈ ਕੇ ਜਾਂਦਾ ਹੈ। ਸਰਵਰ ਉਸੇ ਕੁੜੀ ਨੂੰ ਗਰਭਵਤੀ ਕਰ ਦਿੰਦਾ ਹੈ। ਉਧਾਲੇ ਦਾ ਦੋਸ਼ੀ ਖ਼ਾਲਿਦ ਬਣਦਾ ਹੈ। ਪਰ ਸਰਵਰ ਨੂੰ ਮਾਰਨ ਅਤੇ ਨੱਜੀ ਨੂੰ ਉਸਦੀ ਕੈਦ ਵਿੱਚੋਂ ਰਿਹਾ ਕਰਵਾਉਣ ਦਾ ਕਾਰਜ ਵੀ ਜੂਰਾ ਹੀ ਕਰਦਾ ਹੈ। ਨੈਨਤਾਰਾ ਨੂੰ ਫ਼ਲਕ ਸ਼ੇਰ ਦੇ ਹੱਥ ਆਉਣ ਤੋਂ ਰੋਕਣ ਲਈ ਗੋਲੀ ਚਲਾਕੇ ਫ਼ਲਕ ਸ਼ੇਰ ਨੂੰ ਮੌਤ ਦੇ ਘਾਟ ਉਤਾਰਦਾ ਹੈ। ਬੇਸ਼ੱਕ ਜੂਰਾ ਫ਼ਲਕ ਸ਼ੇਰ ਦੀ ਬਰਾਦਰੀ ਦਾ ਹੀ ਸੀ। ਉਸਨੇ ਫ਼ਲਕ ਸ਼ੇਰ ਨੂੰ ਮਾਰਨ ਤੋਂ ਪਹਿਲਾਂ ਚੇਤਾਵਨੀ ਵੀ ਦਿੱਤੀ ਸੀ :

"ਫ਼ਲਕ ਸ਼ੇਰ ਮੈਂ ਨਹੀਂ ਸਾਂ ਚਾਹੁੰਦਾ ਤੇਰਾ ਨੁਕਸਾਨ ਕਰਾਂ। ਮੈਂ ਇਸ਼ਤਿਆਰੀ ਕਾਤਲ ਆਂ। ਇਕੋ ਵਾਰੀ ਫਾਹੇ ਲੱਗਣਾ ਏਂ ਪਰ ਤੇਰੇ ਖਾਨਵਾਦੇ ਦਾ ਬੀ ਮਾਰਿਆ ਜਾਣਾ ਏ। ਇਨ੍ਹਾਂ ਮਾਸੂਮ ਜ਼ਨਾਨੀਆਂ ਉੱਤੇ ਤਰਸ ਖਾ...... ਆਪਣੀ ਜਵਾਨੀ ਤੇ ਬੁੱਢੀ ਮਾਂ ਉੱਤੇ ਤਰਸ ਖਾ ਤੇ ਛੱਡ ਦੇ।"[21]

ਖ਼ਾਲਿਦ ਨਾਲ਼ ਇਉਂ ਯਾਰੀ ਨਿਭਾਉਣ ਬਦਲੇ ਅਤੇ ਮਾਨਵੀ ਕੀਮਤਾਂ ਦਾ ਰੱਖਿਅਕ ਹੋਣ ਕਾਰਨ ਉਸਦਾ ਅਸਤਿਤਵ ਪ੍ਰਮਾਣਿਕ ਹੈ।

ਅਨਵਾਰ (ਅਨੂੰ) ਬਾਸੂ ਦਾ ਛੋਟਾ ਭਰਾ ਸੀ। ਜਦੋਂ ਬਾਸੂ ਦੀਆਂ ਲੱਤਾਂ ਨੂਰੇ ਅਤੇ ਗ਼ਫ਼ੂਰੇ ਨੇ ਭੰਨ ਦਿੱਤੀਆਂ ਅਤੇ ਬਾਸੂ ਦੀ ਇੱਕ ਲੱਤ ਕੱਟਣੀ ਪੈ ਗਈ ਤਾਂ ਰੋਟੀ ਖਾਣ ਤੋਂ ਪਹਿਲਾਂ ਰੋਟੀ ਹੱਥ ਵਿੱਚ ਲੈ ਕੇ ਉਸ ਆਖਿਆ :

"ਭਾਅ ਮੈਨੂੰ ਏਸ ਰਿਜ਼ਕ ਦੀ ਸਹੁੰ.....ਜੇ ਤੇਰਾ ਬਦਲਾ ਨਾ ਲਵਾਂ ਦੋਵਾਂ ਭਰਾਵਾਂ ਦੀਆਂ ਦੋਵੇਂ ਲੱਤਾਂ ਨਾ ਵੱਢਾਂ।"[22]

ਇਸ ਘਟਨਾ ਤੋਂ ਬਾਅਦ ਅਨਵਾਰ ਦੇ ਮਨ ਤੇ ਅਜਿਹਾ ਅਸਰ ਹੋਇਆ ਕਿ ਸਾਰੀ ਦੁਨੀਆਂ ਤੋਂ ਹੀ ਬਦਲਾ ਲੈਣ ਦੀ ਸੋਚਣ ਲੱਗਾ। ਹਰ ਇੱਕ ਨੂੰ ਔਖਾ ਹੋ ਕੇ ਬੋਲਣਾ, ਨਿੱਕੀ ਜੇਹੀ ਗੱਲ ਤੇ ਭੜਕਣਾ, ਭਾਂਡੇ ਭੰਨਣੇ, ਬੂਹਾ ਖੁਲ੍ਹਣ 'ਚ ਦੇਰੀ ਹੋਣ 'ਤੇ ਤਖ਼ਤੇ ਭੰਨਣਾ, ਪਸ਼ੂਆਂ ਨੂੰ ਕੁੱਟਣਾ ਆਦਿ। ਉਸਦਾ ਰੋਜ਼ਾਨਾ ਦਾ ਕੰਮ ਹੋ ਗਿਆ ਜਿਸਨੂੰ ਅਸਤਿਤਵਵਾਦੀ ਮਨੋਵਿਗਿਆਨ (Existential psychology) ਅਨੁਸਾਰ ਹੀ ਸਮਝਿਆ ਜਾ ਸਕਦਾ ਸੀ। ਉਹ ਬਾਸੂ ਨੂੰ ਕਹਿੰਦਾ ਹੈ:-

"ਮੇਰਾ ਜੀ ਕਰਦਾ ਏ" ਅਨੂੰ ਕਚੀਚੀ ਵੱਟਕੇ ਆਖਦਾ, "ਮੇਰੇ ਕੋਲ ਮਸ਼ੀਨ ਗੰਨ ਹੋਵੇ ਤੇ ਬੰਦੇ ਮਾਰਨ ਦਾ ਲਸੰਸ 'ਤੇ ਮੈਂ ਹਰ ਰੋਜ਼ ਸੌ ਬੰਦੇ ਮਾਰਾਂ.......।"[23]

ਉਹ ਪੜ੍ਹਾਈ ਛੱਡ ਦੇਣੀ ਚਾਹੁੰਦਾ ਸੀ। ਆਖਦਾ ਸੀ, "ਜਦੋਂ ਮੈਂ ਕਤਲ ਦੇ ਇਲਜ਼ਾਮ ਵਿੱਚ ਇੱਕ ਦੇਹੁੰ ਫਾਹੇ ਈ ਲੱਗਣਾ ਏਂ, ਫੇਰ ਪੜ੍ਹਾਈ ਦਾ ਕੀ ਫ਼ਾਇਦਾ।"[24]

ਤੇ ਫਿਰ ਇੱਕ ਦਿਨ ਵੱਡੀ ਮਸੀਤ ਦੇ ਲਾਊਡ ਸਪੀਕਰ ਤੇ ਲੋਕਾਂ ਨੇ ਸੁਣਿਆ :

"ਇੱਕ ਜ਼ਰੂਰੀ ਐਲਾਨ ਸੁਣੋ, ਮੈਂ ਅਨੂੰ ਘੁਮਿਆਰ ਬੋਲ ਰਿਹਾ ਹਾਂ। ਤੁਹਾਨੂੰ ਪਤਾ ਏ ਗ਼ਫ਼ੂਰਾ ਤੇ ਨੂਰਾ ਜੇਲੋਂ ਛੁੱਟ ਕੇ ਆ ਗਏ ਨੇਂ। ਤੁਹਾਨੂੰ ਇਹ ਵੀ ਪਤਾ ਏ ਪਈ ਉਹਨਾਂ ਮੇਰੇ ਭਾਅ ਬਾਸੂ ਦੀ, ਜਿਹੜਾ ਬਾਰਾਂ- ਵਾਸ ਵਿੱਚ ਕੌਡੀ ਦਾ ਸਭ ਤੋਂ ਵੱਡਾ ਖਿਡਕਾਰ ਸੀ, ਲੱਤ ਭੰਨੀ ਸੀ। ਅਦਾਲਤ ਦੀ ਸਜ਼ਾ ਉਹ ਭੁਗਤ ਆਏ ਨੇਂ ਪਰ ਭਾਅ ਦੀ ਟੁੱਟੀ ਹੋਈ ਲੱਤ ਨਹੀਂ ਜੁੜੀ ਨਾ ਜੁੜ ਸਕਦੀ ਏ ਮੈਂ ਮਸੀਤ ਵਿੱਚ ਖਲੋ ਕੇ ਐਲਾਨ ਕਰਨਾਂ ਆਂ ਪਈ ਮੈਂ ਉਹਨਾਂ ਕੋਲੋਂ ਏਸ ਦਾ ਬਦਲਾ ਜ਼ਰੂਰ ਲਵਾਂਗਾ ਪਰ ਉਹਨਾਂ ਵਾਂਗ ਧੋਖੇ ਨਾਲ਼ ਨਹੀਂ, ਲਲਕਾਰ ਕੇ। ਮੀਏਂ ਹੋਰੀਂ ਬੜੇ ਗੁੱਸੇ ਨਾਲ਼ ਮੇਰੇ ਕੋਲੋਂ ਲਾਊਡ-ਸਪੀਕਰ ਖੋਹਣ ਲੱਗੇ ਆਉਂਦੇ ਨੇ ਪਰ ਮੈਂ ਐਲਾਨ ਕਰ ਦਿੱਤਾ ਏ।"[25]

ਕੁੱਝ ਸਮੇਂ ਬਾਅਦ ਗ਼ਫ਼ੂਰਾ ਤੇ ਨੂਰਾ ਆਪਣੇ ਭਰਾ ਸਰਵਰ ਹੱਥੋਂ ਹੀ

ਮਾਰੇ ਗਏ।

ਨੱਜੀ ਨੂੰ ਆਜ਼ਾਦ ਕਰਵਾਉਣ ਦੀ ਸਾਰੀ ਯੋਜਨਾ ਅਨਵਾਰ ਦੀ ਸੀ ਜਿਸ ਨੂੰ ਜੂਰੇ ਨੇ ਅਮਲ ਵਿੱਚ ਲਿਆਂਦਾ।

ਸਲੀਮ ਅਖ਼ਤਰ ਇਸ ਨਾਵਲ ਦਾ ਇੱਕ ਹੋਰ ਮਹੱਤਵਪੂਰਨ ਪਾਤਰ ਹੈ। ਉਹ ਨੈਨਤਾਰਾ ਨਾਲ਼ ਸੰਬੰਧ ਕਾਇਮ ਕਰਕੇ ਖ਼ਾਲਿਦ ਦੇ ਸੰਪਰਕ ਵਿੱਚ ਆਇਆ। ਉਹ ਬੜਾ ਚੁਸਤ, ਨਾਟਕੀ ਅਤੇ ਤੀਖਣ ਬੁੱਧੀ ਵਾਲਾ ਹੈ। ਉਹਨੇ ਨੈਨਤਾਰਾ ਪਾਸ ਆਪਣੀ ਬੇਰੁਜ਼ਗਾਰੀ ਦੀ ਦੁਹਾਈ ਪਾਈ ਤੇ ਵਕੀਲ ਖ਼ਾਲਿਦ ਦੇ ਗ੍ਰਹਿ ਵਿਖੇ ਕੰਮ ਲੈ ਲਿਆ। ਪਹਿਲਾਂ ਉਹ ਲਾਹੌਰ ਵਿਖੇ ਕਿਰਨ ਨਾਂ ਦੀ ਇੱਕ ਲੜਕੀ ਦੇ ਸੰਪਰਕ ਵਿੱਚ ਆਇਆ। ਫਿਰ ਕਿਰਨ ਦੇ ਕਿਸੇ ਇੰਗਲੈਂਡ ਤੋਂ ਆਏ ਮੁੰਡੇ ਨਾਲ਼ ਤੁਰਨ-ਫਿਰਨ ਕਰਕੇ ਉਸ ਨਾਲ਼ ਨਾਰਾਜ਼ ਹੋ ਗਿਆ। ਕੁੱਝ ਦੇਰ ਬਾਅਦ ਉਹ ਭੁਲੇਖਾ ਵੀ ਦੂਰ ਹੋ ਗਿਆ ਪਰ ਉਸਦਾ ਅੱਬਾ ਅਬਦੁਲ ਹਮੀਦ ਉਸ ਰਿਸ਼ਤੇ ਨਾਲ਼ ਸਹਿਮਤ ਨਾ ਹੋਇਆ। ਭਾਵੇਂ ਸਲੀਮ ਕਿਰਨ ਪ੍ਰਤੀ ਆਪਣੇ ਫੈਸਲੇ (Decision) ਤੇ ਕਾਇਮ ਰਹਿਣਾ ਚਾਹੁੰਦਾ ਸੀ ਪਰ ਉਸਦੀ ਅੰਮੀ ਨੇ ਉਸਨੂੰ ਸਮਝਾ ਦਿੱਤਾ ਕਿ ਕਿਰਨ ਵਾਲੇ ਰਿਸ਼ਤੇ ਵਿੱਚ ਕੋਈ ਖ਼ਾਸ ਹੀ ਘਾਟ ਹੈ, ਨਹੀਂ ਤਾਂ ਤੇਰੇ ਅੱਬਾ ਕਦੀ ਨਾ ਠੁਕਰਾਉਂਦੇ। ਪਰ ਉਹ ਆਪਣੀ ਮਾਤਾ ਨੂੰ ਸਪਸ਼ਟ ਕਹਿੰਦਾ ਹੈ ਕਿ ਹੁਣ ਉਹ ਜਿੱਥੇ ਵਿਆਹ ਕਰਵਾਉਣਾ ਚਾਹੇਗਾ ਉਨ੍ਹਾਂ ਨੂੰ ਵੀ ਉਹਦੀ ਗੱਲ ਮੰਨਣੀ ਪਵੇਗੀ। ਪਰ ਪਿਤਾ ਜੀ ਦੇ ਕਹਿਣ ਅਨੁਸਾਰ ਕਿਰਨ ਨੂੰ ਭੈਣ ਸਮਝਕੇ ਉਹ ਖੋਟੇ ਨਿਸ਼ਚੇ (Bad Faith) ਵਿੱਚ ਨਹੀਂ ਵਿਚਰ ਸਕਦਾ। ਉਹ ਉਸਦੀ ਮਹਿਬੂਬ ਹੀ ਰਹੇਗੀ। ਸਲੀਮ ਦੀ ਭਾਬੀ ਦੇ ਨੈਨਤਾਰਾ ਪਸੰਦ ਆ ਗਈ ਪਰ ਸਾਰਾ ਵਿਸਥਾਰ ਸੁਣਕੇ ਉਸਨੇ ਵੀ ਫ਼ੈਸਲਾ ਦੇ ਦਿੱਤਾ :-

"......ਸਾੜੇ ਕੋਲ ਇੱਜ਼ਤ ਈ ਇੱਜ਼ਤ ਤੇ ਹੈ ਅਸਾਂ ਕਿਸੇ ਗੰਦ ਵਿੱਚ ਪੈਰ ਨਹੀਂ ਪਾਣਾ, ਨਾ ਤੁਹਾਡੇ ਭਾਅ ਜੀ ਮੰਨਣਾ ਏ ਨਾ ਮਾਂ ਪਿਉ"।[26]

ਸਲੀਮ ਦੇ ਨੈਨਤਾਰਾ ਨਾਲ਼ ਸੰਬੰਧਾਂ ਨੂੰ ਘਟਨਾ ਕਿਰਿਆ ਵਿਗਿਆਨ (Phenomenology) ਅਨੁਸਾਰ ਇਉਂ ਸਮਝਿਆ ਜਾ ਸਕਦਾ ਹੈ। ਇੱਕ ਲੰਬੇ ਸੰਵਾਦ ਦਾ ਅੰਸ਼ ਵੇਖੋ :

> "ਸ਼ਾਇਰ ਸਾਹਿਬ...ਮੈਂ ਤੁਹਾਨੂੰ ਦੱਸਿਆ ਏ ਮੈਂ ਤਿੰਨ ਚਾਰ ਵਰ੍ਹੇ ਤੁਹਾਡੇ ਨਾਲ਼ੋਂ ਵੱਡੀ ਆਂ, ਲਿਹਾਜ਼ ਕਰਿਆ ਕਰੋ।"
> "ਡਾਕਟਰਨੀ ਸਾਹਿਬਾ... ਮੈਂ ਵੀ ਤੁਹਾਨੂੰ ਦੱਸ ਦਿਆਂ ਮੈਂ ਬੀ.ਏ ਤੱਕ ਚਾਰ ਵਾਰੀ ਫ਼ੇਲ੍ਹ ਹੋਇਆਂ।"[27]

ਦੇਕਾਰਤ ਦਾ ਅਸਤਿਤਵਵਾਦੀ ਸਿਧਾਂਤ ਹੈ :

**"I think therefore I am."**

"ਮੈਂ ਸੋਚਦਾ ਹਾਂ ਇਸ ਲਈ ਮੈਂ ਹਾਂ।

ਸਲੀਮ ਆਪਣੀ ਹੋਂਦ ਨੈਨਾ ਪਾਸੋਂ ਇਨ੍ਹਾਂ ਸ਼ਬਦਾਂ ਵਿੱਚ ਪੁੱਛਦਾ ਹੈ:

"ਨੈਨਾ, ਮਾਈ ਲਵ"

"ਮੈਨੂੰ ਟੋਹ ਕੇ ਵੇਖ....ਮੈਂ ਹੈ ਆਂ ਨਾ।"

"ਤੁਸੀਂ ਤੇ ਹੈ ਓ....ਸਗੋਂ ਹਰ ਪਾਸੇ ਤੁਸੀਂ ਈ ਤੁਸੀਂ ਓ...ਮੈਂ ਨਹੀਂ ਆਂ।"

"ਤੂੰ ਵੀ ਏਂ! ਮੇਰੇ ਸਾਹਮਣੇ ਖਲੋਤੀ ਏਂ!....."[28]

ਇਹ ਇੱਕ ਦੂਜੇ ਦੀ ਹੋਂਦ ਨੂੰ ਸਮਝਣ ਦੀ ਵਿਧੀ ਹੈ।

ਨੈਨਤਾਰਾ ਨਾਲ਼ ਸਲੀਮ ਦੀ ਨੇੜਤਾ ਨੂੰ ਘਟਨਾ-ਕਿਰਿਆ-ਵਿਗਿਆਨ ਅਨੁਸਾਰ ਉਸਦੀ ਭਾਬੀ ਇੰਜ ਸਮਝ ਜਾਂਦੀ ਹੈ :

"ਭਾਬੀ ਤੁਸਾਂ ਕੱਲ ਦੇ ਮੈਨੂੰ ਹੋਰ ਈ ਤਰ੍ਹਾਂ ਵੇਖ ਰਹੇ ਹੋ ?"

"ਤੂੰ ਵੀ ਤਾਂ ਅੱਜ ਹੋਰ ਈ ਤਰ੍ਹਾਂ ਨਾ ਦਿਸਨਾ ਏ ਨਾ।"

ਭਾਬੀ ਹੋਰ ਮੁਸਕਰਾਈ।

"ਨਾ ਮੈਂ ਕਿਹੜਾ ਕੋਈ ਅਚਰਜ ਕੰਮ ਕੀਤਾ ਏ ਅੱਜ?"

"ਅਚਰਜ ਕੰਮ ਤੇ ਕੋਈ ਨਹੀਂ ਕੀਤਾ ਪਰ ਇਕ ਤੇ ਤੂੰ ਕੰਮ
ਬਹੁੰ ਕੀਤੇ ਨੇ।
ਜੁੱਤੀਆਂ ਪਾਲਸ਼ ਕੀਤੀਆਂ ਨੇਂ, ਕੱਪੜੇ ਇਸਤਰੀ ਕੀਤੇ ਨੇਂ,
ਹਜਾਮਤ ਬਣਵਾਈ ਤੇ.......ਸੱਚ ਦੱਸ ਬੇਈਮਾਨਾਂ ਅਸਲ ਗੱਲ ਕੀ ਏ,
ਤੂੰ ਨੌਕਰੀ ਤੇ ਚੱਲਿਆ ਏਂ ਜਾਂ ?"[29]

ਇਸ ਤੋਂ ਬਿਨਾਂ ਸਲੀਮ ਦੀ ਲਿਖ਼ਤ ਵਿੱਚ ਵੀ ਸ਼ਕਤੀ ਸੀ। ਜਿਸ ਦਿਨ ਚੋਣਾਂ ਵੇਲੇ ਉਸਦਾ ਅਖ਼ਬਾਰ ਵਿੱਚ ਸਪਸ਼ਟੀਕਰਨ ਬਾਰੇ ਲੇਖ ਛਪਿਆ ਤਾਂ ਸਭ ਗੱਲਾਂ ਕਰਦੇ ਸੀ ਪਈ ਇਹ ਸਲੀਮ ਅਖ਼ਤਰ ਕੌਣ ਹੋਇਆ।

ਵਾਰਸ ਮਲਿਕ ਮੁਰਾਦ ਅਲੀ ਦਾ ਪੁੱਤਰ ਸੀ। ਜੋ ਨਿੱਕੇ ਪਿੰਡ ਦਾ ਹੀ ਸੀ। ਉਹ ਖ਼ਾਲਿਦ ਦਾ ਜਮਾਤੀ ਸੀ। ਵਾਰਸ ਦੇ ਵਕੀਲ ਬਣ ਜਾਣ ਤੇ ਉਸਦੇ ਮਨ ਵਿੱਚ ਈਰਖਾ ਉਪਜੀ। ਵੱਡੇ ਪਿੰਡ ਮੁਲਵਾਣਿਆਂ ਦੀ ਜੰਨ ਵਿੱਚ ਖ਼ਾਲਿਦ ਵੀ ਪਹੁੰਚਿਆ। ਨੱਜੀ ਤੇ ਸਕੀਨਾ ਵੀ। ਪਰ ਉਨ੍ਹਾਂ ਦੀ ਸਕੀਨਾ ਨੇ ਮੁਲਾਕਾਤ ਨਾ ਹੋਣ ਦਿੱਤੀ। ਸਰਵਰ ਨੱਜੀ ਨੂੰ ਵੇਖਕੇ ਲੁੱਟਿਆ ਗਿਆ। ਵਾਰਸ ਨੇ ਚਾਂਦੇ ਅਤੇ ਕੁੱਬੇ ਦੀ ਸਾਜਸ਼ ਦਾ ਭੇਦ ਪਾ ਲਿਆ। ਮਲਿਕ ਮੁਰਾਦ ਦੇ ਦਬਕਾ ਮਾਰਨ ਤੇ ਕੁੱਬਾ ਜੁਲਾਹਾ ਮੰਨ ਗਿਆ ਅਤੇ ਖ਼ਾਲਿਦ ਵੱਲੋਂ ਇੱਕ ਅੰਤਮ ਚਿੱਠੀ ਲਿਖਕੇ ਦੇਣ ਲਈ ਰਾਜ਼ੀ ਹੋ ਗਿਆ। ਨੱਜੀ ਪਾਸ ਚਿੱਠੀ ਪੁੱਜੀ ਜਿਸ ਵਿੱਚ ਖ਼ਾਲਿਦ ਵੱਲੋਂ ਕੁੱਤਿਆਂ ਦੇ ਡੇਰੇ ਪੁੱਜਣ ਲਈ ਕਿਹਾ ਗਿਆ ਸੀ। ਅੱਗੋਂ ਸਰਵਰ ਟੱਕਰਿਆ

ਜਿਸਨੇ ਉਸ ਨਾਲ਼ ਮੂੰਹ ਕਾਲਾ ਕੀਤਾ। ਹਮੇਸ਼ਾ ਲਈ ਡੇਰੇ ਵਿੱਚ ਬੰਦ ਕਰਕੇ ਰੱਖ ਲਈ। ਉਸ ਨੇ ਸਤਮਾਹੀਂ ਕੁੜੀ ਨੂੰ ਜਨਮ ਦਿੱਤਾ। ਨੱਜੀ ਨੂੰ ਜੂਰੇ ਨੇ ਸਰਵਰ ਦੀ ਕੈਦ 'ਚੋਂ ਕਿੰਜ ਛੁਡਾਇਆ, ਇਹ ਅਸੀਂ ਪਹਿਲੋਂ ਵੇਖ ਚੁੱਕੇ ਹਾਂ। ਇੰਜ ਸਰਵਰ (ਨੂਰੇ, ਗ਼ਫ਼ੂਰੇ ਦਾ ਛੋਟਾ ਭਰਾ) ਨੱਜੀ ਦੀ ਜ਼ਿੰਦਗੀ ਬਰਬਾਦ ਕਰਨ ਵਾਲਾ ਹੋ ਨਿਬੜਿਆ। ਵਾਰਸ ਨੇ ਬਾਅਦ ਵਿੱਚ ਚੋਣਾਂ ਦੌਰਾਨ ਵੀ ਖ਼ਾਲਿਦ ਦੇ ਖਿਲਾਫ਼ ਹੱਥ-ਕੰਡੇ ਵਰਤਕੇ ਉਸਨੂੰ ਬਦਨਾਮ ਕੀਤਾ। ਵਾਰਸ ਦਾ ਵਿਆਹ ਆਸ਼ੀ ਨਾਲ਼ ਹੋਇਆ ਸੀ। ਇਸ ਵਿਆਹ ਵਿੱਚ ਖ਼ਾਲਿਦ ਨੂੰ ਨਹੀਂ ਬੁਲਾਇਆ ਗਿਆ। ਜੇ ਬੁਲਾਇਆ ਵੀ ਜਾਂਦਾ ਤਾਂ ਵੀ ਉਸਨੇ ਨਹੀਂ ਜਾਣਾ ਸੀ। ਉਹ ਤੇ ਆਸ਼ੀ ਦੇ ਸਾਹਮਣੇ ਉਸ ਦਿਨ ਤੋਂ ਆਉਣੋਂ ਡਰਦਾ ਸੀ ਜਿਸ ਦਿਨ ਆਸ਼ੀ ਤੇ ਉਸਦੀ ਮਾਂ ਨੇ ਝ਼ਾਤੂ ਮੋਚੀ ਦੀ ਜ਼ਨਾਨੀ ਰਾਜ਼ਾਂ ਦਾ ਕੁਟਾਪਾ ਕੀਤਾ ਸੀ। ਵਾਰਸ ਦੇ ਆਸ਼ੀ ਤੋਂ ਕੋਈ ਔਲਾਦ ਨਾ ਹੋਈ। ਉਸਨੇ ਆਸ਼ੀ ਨੂੰ ਤਲਾਕ ਦੇ ਦਿੱਤਾ। ਆਸ਼ੀ ਦੇ ਭਰਾਵਾਂ ਤਲਾਕ ਤੋਂ ਬਾਅਦ ਵਾਰਸ ਨੂੰ ਕੁੱਟਿਆ ਮਾਰਿਆ। ਆਸ਼ੀ ਦਾ ਦੂਜਾ ਵਿਆਹ ਤਾਜੇ ਨਾਲ਼ ਹੋਇਆ। ਉਸਦੇ ਦੋ ਬੱਚੇ ਹੋਏ। ਸਪਸ਼ਟ ਹੋ ਗਿਆ ਕਿ ਔਲਾਦ ਨਾ ਹੋਣ ਦਾ ਕਾਰਨ ਵਾਰਸ ਵਿੱਚ ਹੀ ਕੋਈ ਨੁਕਸ ਸੀ। ਆਸ਼ੀ ਦੇ ਤਲਾਕ ਪਿੱਛੇ Simone de Beauvoir ਦੇ ਸ਼ਬਦ ਪੂਰਨ ਰੂਪ ਵਿੱਚ ਢੁਕਦੇ ਨੇ:

"No one is more arrogant toward women, more aggressive or, scornful, than the man who is anxious, about his virility."

ਅਰਥਾਤ ਉਹ ਬੰਦਾ ਜਿਸਨੂੰ ਆਪਣੇ ਮਰਦਊਪੁਣੇ ਦਾ ਫ਼ਿਕਰ ਹੁੰਦਾ ਹੈ, ਉਹ ਹੀ ਔਰਤ ਪ੍ਰਤੀ ਜ਼ਿਆਦਾ, ਹੰਕਾਰੀ, ਲੜਾਕਾ ਜਾਂ ਅਪਮਾਨਜਨਕ ਹੁੰਦਾ ਹੈ। ਅਸਤਿਤਵਵਾਦੀ ਦ੍ਰਿਸ਼ਟੀ ਤੋਂ ਇੱਕ ਹੋਰ ਪਾਤਰ ਯੂਨਸ ਸਮਝਣ ਯੋਗ ਹੈ। ਉਹ ਖ਼ਾਲਿਦ ਦਾ ਵੱਡਾ ਭਰਾ ਸੀ। ਹਰ ਵੇਲੇ ਪਿੰਡ ਦੀਆਂ ਗਲ਼ੀਆਂ ਵਿੱਚ ਘੁੰਮਦਾ ਰਹਿੰਦਾ। ਨਿੱਕੇ ਹੁੰਦਿਆਂ ਨੰਗਾ ਹੀ ਫਿਰਦਾ ਰਹਿੰਦਾ। ਫਿਰ ਉਹਦੀ ਅੰਮੀ ਉਸਦੇ ਤੰਬੀ ਪਾਉਣ ਲੱਗੀ। ਹੇਠਾਂ ਦੀ ਕੱਛਾ ਵੀ ਪਾਉਂਦੀ ਕਿਉਂਕਿ ਉਹ ਤੰਬੀ ਪਾੜ ਲੈਂਦਾ ਸੀ। ਮੂੰਹ ਵਿੱਚੋਂ ਹਰ ਸਮੇਂ ਰਾਲਾਂ ਵਗਦੀਆਂ ਰਹਿੰਦੀਆਂ। ਵਰਾਛਾਂ ਖੋਲ੍ਹਕੇ ਹੱਸਦਾ। ਪਰ ਅਜੀਬ ਗੱਲ ਇਹ ਸੀ ਕਿ ਪਿੰਡ ਦੇ ਲੋਕ ਉਸਨੂੰ ਪਹੁੰਚਿਆ ਹੋਇਆ ਕਹਿੰਦੇ। ਕੁੱਝ ਲੋਕ ਉਸਨੂੰ ਫੜਕੇ ਘਰ ਲੈ ਜਾਂਦੇ। ਉਸਦੀ ਪੂਰੀ ਸੇਵਾ ਕਰਦੇ। ਰਾਤ ਨੂੰ ਸੁੱਤਾ ਪਿਆ ਉੱਠਕੇ ਕਿਧਰੇ ਟੁਰ ਜਾਂਦਾ। ਛੱਪੜ 'ਚ ਜਾ ਵੜਦਾ ਜਾਂ ਰੁੱਖਾਂ ਤੇ ਚੜ੍ਹ ਜਾਂਦਾ। ਉਸਨੂੰ ਕੇਵਲ ਆਪਣਾ ਨਾਂ ਜਾਂ 'ਅੱਲ੍ਹਾ ਹੂ' ਹੀ ਬੋਲਣਾ ਆਉਂਦਾ ਸੀ। ਲੋਕਾਂ ਦਾ ਵਿਸ਼ਵਾਸ ਸੀ ਕਿ ਉਸਦੀ ਹਰ ਦੁਆ ਪੂਰੀ ਹੁੰਦੀ ਹੈ।ਖ਼ਾਲੀ ਵਿਹੜੇ ਵੱਲ ਤੱਕਦਾ, ਕਹਿ ਦਿੰਦਾ 'ਅੰਮਾ ਮੋਰ'। ਕਿਸੇ ਬੰਦੇ ਜਾਂ

ਜ਼ਨਾਨੀ ਪਿੱਛੇ ਹੋ ਟੁਰਦਾ। ਇੱਕ ਦਿਨ ਗੁਆਚਿਆ ਮੁੜਕੇ ਨਾ ਲੱਭਾ। ਉਹ ਤਾਂ ਜਮਾਂਦਰੂ ਫ਼ਕੀਰ ਸੀ। ਖ਼ਾਲਿਦ ਦਾ ਅੱਬਾ ਜਾਂ ਖ਼ਾਲਿਦ ਜੇ ਕਿਤੋਂ ਆਉਂਦੇ 'ਅੰਮੀ' ਹਮੇਸ਼ਾ ਪੁੱਛਦੀ ਪਈ ਯੂਨਸ ਦਾ ਕੁੱਝ ਪਤਾ ਲੱਗਾ। ਇੱਕ ਵਾਰੀ ਮੀਆਂ ਤੀੜ੍ਹੇ ਨੇ ਦੱਸਿਆ ਕਿ ਉਹ ਗੁਜਰਾਤ ਗਿਆ ਸੀ। ਉੱਥੇ ਯੂਨਸ ਨੂੰ ਵੇਖਿਆ। ਖ਼ਾਲਿਦ ਗੁਜਰਾਤ ਗਿਆ। ਦੋ ਦਿਨ ਯੂਨਸ ਨੂੰ ਲੱਭਦਾ ਰਿਹਾ। ਕਿਤੋਂ ਨਾ ਮਿਲਿਆ। ਨਿੱਕੇ ਪਿੰਡ ਲਤ ਸ਼ਾਹ ਦੇ ਮੇਲੇ ਤੇ ਇੱਕ ਕਲੰਦਰ ਉਸਨੂੰ ਰਿੱਛ ਬਣਾਈ ਫਿਰਦਾ ਸੀ। ਮੂਦੇ ਨੇ ਖ਼ਾਲਿਦ ਨੂੰ ਘਰ ਆ ਕੇ ਦੱਸਿਆ 'ਸਾਈਂ ਯੂਨਸ ਲੱਭ ਗਿਆ ਏ,' ਹੁਣ ਉਹ ਹਕੀਮ ਸਾਹਿਬ ਅਤੇ ਮਾਂ ਜੀ ਨੂੰ ਰੋਂਦੇ। ਦੋ ਜੀਅ ਦੇ ਕੇ ਇੱਕ ਲੱਭਿਆ ਸੀ। ਫ਼ਲਕ ਸ਼ੇਰ ਦੀਆਂ ਗੋਲੀਆਂ ਯੂਨਸ ਦੇ ਢਿੱਡ ਅਤੇ ਬਾਸੂ ਦੇ ਲੱਤ ਵਿੱਚ ਲੱਗੀਆਂ ਸਨ। ਹਸਪਤਾਲ ਅਪੜਨ ਤੋਂ ਪਹਿਲਾਂ ਹੀ 'ਅੱਲ੍ਹਾ ਹੂ, ਅੱਲ੍ਹਾ' ਦਾ ਵਿਰਦ ਕਰਦੇ ਸਾਈਂ ਯੂਨਸ ਦੇ ਸਾਹ ਪੂਰੇ ਹੋ ਗਏ। ਲੋਕਾਂ ਦਾ ਵਿਸ਼ਵਾਸ ਸੀ ਇਸ ਖ਼ਾਨਦਾਨ 'ਚ ਇੱਕੋ ਪੁੱਤਰ ਜੰਮਦਾ ਜਾਂ ਬਚਦਾ ਹੈ। ਬਾਸੂ ਅਤੇ ਖ਼ਾਲਿਦ ਨੇ ਰੋਂਦੇ ਜੀਆਂ ਨੂੰ ਕਿਹਾ ਉਹ ਪਰਿਵਾਰ ਖ਼ਾਤਰ ਸ਼ਹੀਦ ਹੋਇਆ ਹੈ। ਘਰ ਵਾਲੇ ਤਾਂ ਦਫ਼ਨਾ ਆਏ ਪਰ ਪਿੱਛੋਂ ਲੋਕ ਉਸਦੀ ਕਬਰ ਤੇ ਚੜ੍ਹਾਵੇ ਚੜ੍ਹਾਉਣ ਲੱਗੇ ਅਤੇ ਪੱਕੀ ਕਬਰ ਬਣਾਉਣੀ ਸ਼ੁਰੂ ਕਰ ਦਿੱਤੀ। ਪਰ **ਅਸਤਿਤਵਵਾਦੀ ਦ੍ਰਿਸ਼ਟੀ ਅਨੁਸਾਰ ਉਹ ਸਵੈ ਹੋਂਦ (Being-in-itself) ਹੀ ਰਿਹਾ-ਦੁਨਿਆਵੀ ਸਮਝ ਤੋਂ ਦੂਰ।**

**ਇਸਤਰੀ ਪਾਤਰਾਂ ਵਿੱਚ 'ਆਪਾ' ਖ਼ਾਲਿਦ ਦੀ ਭੈਣ ਹੈ ਜੋ ਪਹਿਲੀ ਸ਼ਾਦੀ ਤੋਂ ਬਾਅਦ ਵਿਧਵਾ ਹੋ ਗਈ ਸੀ।** ਬਾਲ-ਬੱਚਾ ਕੋਈ ਨਾ ਹੋਇਆ। ਸਹੁਰਿਆਂ ਆਖਿਆ ਹੁਣ ਉਨ੍ਹਾਂ ਕੀ ਕਰਨੀ ਏ। ਕਿਤੇ ਉਹਦਾ ਸਾਇਆ ਮਨਹੂਸ ਨਾ ਹੋਵੇ। ਉਹ ਨਿੱਕੇ ਬਾਲਾਂ ਨੂੰ ਪੜ੍ਹਾਉਣ ਵਿੱਚ ਸਮਾਂ ਬਤੀਤ ਕਰਨ ਲੱਗੀ।

ਹੁਣ 'ਆਪਾ' ਬਾਸੂ ਦੀ ਖੇਡ ਤੋਂ ਪ੍ਰਭਾਵਿਤ ਸੀ ਅਤੇ ਮਨ ਵਿੱਚ ਉਸ ਪ੍ਰਤੀ ਪਿਆਰ ਦੀ ਭਾਵਨਾ ਸੀ। ਖ਼ਾਲਿਦ ਨੇ ਮਾਂ ਨਾਲ਼ 'ਆਪਾ' ਦੇ ਰਿਸ਼ਤੇ ਦੀ ਗੱਲ ਟੋਰੀ ਪਰ ਮਾਂ ਨੇ ਆਖਿਆ ਕਿ ਉਹ ਕੁੱਝ ਅਕਲ ਤੋਂ ਕੰਮ ਲਵੇ। ਬਾਸੂ ਉਨ੍ਹਾਂ ਦੀ ਜ਼ਾਤ ਦਾ ਨਹੀਂ। ਪਰ ਖ਼ਾਲਿਦ ਨੇ ਆਖਿਆ ਕਿ ਪੁਰਾਣੀਆਂ ਰਸਮਾਂ ਤੋੜਨੀਆਂ ਬਣਦੀਆਂ ਹਨ। ਜਦੋਂ ਖ਼ਾਲਿਦ ਤੇ ਨੱਜੀ ਵਾਲਾ ਕੇਸ ਬਣ ਗਿਆ ਤਾਂ 'ਆਪਾ' ਨੇ ਕਿਹਾ ਕਿ ਜੋ ਚਿੱਠੀਆਂ ਖ਼ਾਲਿਦ ਵੱਲੋਂ ਲਿਖੀਆਂ ਦੱਸੀਆਂ ਜਾਂਦੀਆਂ ਹਨ, ਉਹ ਲਿਖਾਈ ਖ਼ਾਲਿਦ ਦੀ ਨਹੀਂ ਹੈ। ਬਾਸੂ ਨਾਲ਼ 'ਆਪਾ' ਦੀ ਸ਼ਾਦੀ ਬਾਰੇ ਖ਼ਾਲਿਦ ਦੇ ਦੋਸਤ ਵੀ ਜ਼ਾਤ-ਪਾਤ ਦਾ ਅੜਿੱਕਾ ਲਾਉਂਦੇ ਸਨ। ਮਲਿਕ ਮੁਰਾਦ ਅਲੀ ਵਰਗੇ 'ਆਪਾ' ਦੇ ਵਿਆਹ ਵਾਲੇ ਦਿਨ ਚੁਭਵੀਆਂ ਗੱਲਾਂ ਕਰਕੇ ਮਖ਼ੌਲ ਉੱਡਾ ਰਹੇ ਸਨ ਪਈ ਘੁਮਿਆਰਾਂ ਫ਼ਕੀਰਾਂ ਵੱਲ ਢੁਕਣਾ ਏ। ਜੰਞ ਖੋਤਿਆਂ 'ਤੇ ਆਏਗੀ ਅਤੇ ਵਹੁਟੀ ਖੋਤੇ ਦੀ ਅਸਵਾਰੀ ਕਰਕੇ ਸਹੁਰੇ ਘਰ

ਜਾਏਗੀ। ਰਾਹ ਵਿੱਚ ਕਿਤੇ ਲਾੜੇ ਦੀ ਇੱਕ ਲੱਤ ਹੀ ਨਾ ਡਿੱਗ ਪਵੇ। ਮਲਿਕ ਮੁਰਾਦ ਅਲੀ ਨੇ ਤਾਂ ਕੁੱਝ ਦਿਨ ਪਹਿਲਾਂ ਖ਼ਾਲਿਦ ਨੂੰ ਬੁਲਾਕੇ ਵੀ ਕਿਹਾ ਸੀ :

"ਇਹ ਕੀ ਖੱਚ ਵੱਢਣ ਲੱਗਾ ਏਂ। ਕਦੀ ਇੰਝ ਵੀ ਹੋਇਆ ਏ...... ਪੜ੍ਹੀ ਲਿਖੀ ਤੇ ਦਾਨੀ ਕੁੜੀ ਖੋਤੀਆਂ ਚਰਾਣ ਵਾਲਿਆਂ ਨੂੰ ਦੇਣ ਲੱਗਾ ਏਂ। ਕਦੀ ਵੱਖਰੀਆਂ ਜ਼ਾਤਾਂ ਦਾ ਮੇਲ ਵੀ ਹੋਇਆ। ਉਹ ਘੁਮਿਆਰ ਤੁਸੀਂ ਵਲੀ ਬੰਦੇ। ਕੀ ਜੋੜ ਏ ਉਹਨਾਂ ਦਾ ਤੁਹਾਡਾ।"[31]

ਪਰ ਖ਼ਾਲਿਦ ਨੇ ਆਖਿਆ ਕਿ ਉਹ ਇਨਸਾਨ ਤੇ ਮੁਸਲਮਾਨ ਨੇ। ਸ਼ਰੀਅਤ ਅਨੁਸਾਰ ਜਾਇਜ਼ ਹੈ। ਜ਼ਾਤ-ਪਾਤ ਮੰਨਣ ਤੋਂ ਉਹ ਪਹਿਲਾਂ ਹੀ ਇਨਕਾਰੀ ਸੀ। ਪਿੰਡ ਦੀਆਂ ਜ਼ਨਾਨੀਆਂ ਵੀ ਖ਼ਾਲਿਦ ਨੂੰ ਸਮਝਾਉਂਦੀਆਂ ਕਿ ਉਹ ਅਜਿਹਾ ਨਾ ਕਰੇ। ਬਾਸੂ ਦਾ ਪਰਿਵਾਰ ਵੀ ਖ਼ਾਲਿਦ ਦੇ ਇਸ ਕਦਮ 'ਤੇ ਹੈਰਾਨ ਸੀ। ਖ਼ਾਲਿਦ ਨੇ ਬਾਸੂ ਨੂੰ ਆਖਿਆ :

"ਤੂੰ ਮੇਰਾ ਵੱਡਾ ਭਰਾ ਏਂ। ਹੀਰੋ ਬੰਦਾ ਏਂ। ਲੱਤ ਨਹੀਂ ਤਾਂ ਵੀ ਹੀਰਾ ਏਂ ਮਲਿਕ ਮੁਰੀਦ ਵੀ ਆ ਗਿਆ ਤੇ ਭਿੱਜੀਆਂ ਅੱਖਾਂ ਨਾਲ਼ 'ਆਪਾ' ਦੇ ਸਿਰ ਤੇ ਪਿਆਰ ਦਿੱਤਾ। 'ਆਪਾ' ਨੇ ਹੀ ਜ਼ੀਨਤ ਨਾਲ਼ ਖ਼ਾਲਿਦ ਦੇ ਵਿਆਹ ਦਾ ਸਾਰਾ ਆਯੋਜਨ ਕੀਤਾ। ਉਸ ਨੇ ਨੱਜੀ ਅਤੇ ਨੈਨਤਾਰਾ ਦੀ ਸੁਰੱਖਿਆ ਲਈ ਵੀ ਜੂਰੇ ਨੂੰ ਫ਼ਰਿਆਦ ਕੀਤੀ ਸੀ। ਇੰਜ ਫ਼ਲਕ ਸ਼ੇਰ ਜੂਰੇ ਹੱਥੋਂ ਮਾਰਿਆ ਗਿਆ ਸੀ। **ਵੀਰ ਪਿਆਰ ਕਾਰਨ 'ਆਪਾ' ਦਾ ਅਸਤਿਤਵ ਪ੍ਰਮਾਣਿਕ ਹੈ।**

**ਜ਼ੀਨਤ ਖ਼ਾਲਿਦ ਦੀ ਪਤਨੀ ਹੈ।** ਇਹ ਰਿਸ਼ਤਾ 'ਆਪਾ' ਨੇ ਕਰਵਾਇਆ ਸੀ। ਮੀਆਂ ਅਬਦੁਲ ਜੰਨ ਦੀ ਵਿਦਾਇਗੀ ਵੇਲੇ ਪਿੰਡ ਦੀਆਂ ਜ਼ਨਾਨੀਆਂ ਦੇ ਨਾਲ਼ ਹੀ ਰੋਣ ਲੱਗ ਪਿਆ। ਅਨੂ ਨੇ ਪੁੱਛਿਆ ਕਿ ਉਹ ਕਿਉਂ ਰੋਂਦਾ ਹੈ। ਉਸ ਕਿਹਾ ਕਿ ਅਜਿਹੇ ਸਮੇਂ ਰੋਣ ਆ ਹੀ ਜਾਂਦਾ ਹੈ। ਅਨੂ ਨੇ ਆਖਿਆ ਤੂੰ ਤਾਂ ਜਾਂਞੀ ਏਂ। **ਮੀਆਂ ਦਾ ਉੱਤਰ ਅਸਤਿਤਵ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਹੈ।**

**"ਜਾਂਞੀ ਆਂ ਪਰ ਬੰਦਾ ਵੀ ਤੇ ਆਂ"**

**ਬੰਦੇ ਵਜੋਂ ਬੰਦਾ ਹੋਣਾ ਹੀ ਅਸਤਿਤਵਵਾਦੀ ਲੱਛਣ ਹੈ।** ਖ਼ੈਰ ਜਿੱਥੋਂ ਤੱਕ ਜ਼ੀਨਤ ਦਾ ਸੰਬੰਧ ਹੈ ਉਹ ਧਾਰਮਿਕ ਅਤੇ ਚੰਗੀ ਔਰਤ ਸੀ। ਆਪਣੀ ਮਾਂ ਦੇ ਬਿਮਾਰ ਹੋਣ ਤੇ ਉਹ ਛੇ ਮਹੀਨੇ ਪੇਕੀਂ ਰਹੀ। ਉਹਨੂੰ ਆਪਣੇ ਖਾਵੰਦ ਨਾਲੋਂ ਮਾਂ ਪਿਉ ਦਾ ਵੱਧ ਖ਼ਿਆਲ ਸੀ। ਉਹਨੂੰ ਤਾਂ ਜੰਨਤ-ਦੋਜ਼ਖ਼ ਦੀ ਹੀ ਚਿੰਤਾ ਲੱਗੀ ਰਹਿੰਦੀ ਸੀ। ਪਿਆਰ ਵੀ ਉਹ ਗਿੱਠਾਂ ਮਿਣ ਮਿਣ ਹੀ ਕਰਦੀ ਸੀ। ਖ਼ਾਲਿਦ ਨੱਜੀ ਨਾਲ਼ ਵਿਆਹ ਬਾਰੇ ਸੋਚਦਾ ਰਹਿੰਦਾ ਸੀ ਕਿਉਂਕਿ ਉਸਦੇ ਜੀਵਨ ਵਿੱਚ ਨੀਰਸਤਾ ਆ ਗਈ ਸੀ। ਉਹ ਸੋਚਦਾ ਜੇ ਜ਼ੀਨਤ ਮੰਨ ਜਾਏ ਤਾਂ ਦੋਹਾਂ ਨਾਲ਼ ਇਨਸਾਫ਼ ਕਰ ਸਕਦਾ ਹੈ। ਇੰਜ ਫ਼ਰਹ ਦੀ ਜੁਦਾਈ ਦਾ ਖੱਪਾ ਵੀ ਭਰ ਸਕਦਾ

ਸੀ। ਧੀ ਨੂੰ ਮਾਂ ਅਤੇ ਉਹਨੂੰ ਇੱਕ ਦਿਲਦਾਰ ਬੀਵੀ ਮਿਲ ਜਾਏਗੀ।

ਪਰ ਜ਼ੀਨਤ ਜਦੋਂ ਘਰ ਆਈ ਤਾਂ ਨੈਨਤਾਰਾ ਨੂੰ ਬਹੁਤ ਬੁਰਾ ਭਲਾ ਬੋਲੀ। ਘਰੋਂ ਨਿੱਕਲ ਜਾਣ ਲਈ ਕਹਿ ਦਿੱਤਾ। ਉਸ ਨੇ ਧਮਕੀ ਦਿੱਤੀ ਕਿ ਜੇ ਨੱਜੀ ਅਤੇ ਨੈਨਾ ਇਸ ਘਰ ਆਈਆਂ ਤਾਂ ਉਹ ਆਤਮ ਹੱਤਿਆ ਕਰ ਲਵੇਗੀ। ਖ਼ਾਲਿਦ ਦੇ ਇਹ ਕਹਿਣ ਤੇ ਕਿ ਇਹ ਕੁੜੀ ਯਤੀਮ ਏ। ਜ਼ੀਨਤ ਨੇ ਆਖਿਆ ਕਿ ਇਹ ਉਸਦਾ ਘਰ ਹੈ ਯਤੀਮਖ਼ਾਨਾ ਨਹੀਂ। ਫਲਸਰੂਪ ਨੈਨਤਾਰਾ ਨੂੰ ਇੱਕ ਹੋਸਟਲ ਵਿੱਚ ਘੱਲ ਦਿੱਤਾ ਗਿਆ। ਨੈਨਤਾਰਾ ਦੇ ਜਾਣ ਤੋਂ ਬਾਅਦ ਘਰ ਨੂੰ ਧਾਰਮਿਕ ਰੀਤੀ-ਰਿਵਾਜ਼ ਅਨੁਸਾਰ ਪਵਿੱਤਰ ਕੀਤਾ ਗਿਆ। ਖ਼ਾਲਿਦ ਤੋਂ ਕੁਰਾਨ ਤੇ ਹੱਥ ਰੱਖਕੇ ਕਸਮ ਖ਼ੁਆਈ ਕਿ ਉਹ ਦੂਜਾ ਵਿਆਹ ਨਹੀਂ ਕਰੇਗਾ। ਜ਼ੀਨਤ ਦਾ ਪਿਉ, ਮਲਿਕ ਮੁਰਾਦ ਪਾਸ, ਆਪਣੀ ਧੀ ਦੀ ਮੱਦਦ ਲਈ ਆਇਆ ਪਰ ਮਲਿਕ ਦੀ ਨੂੰਹ ਆਸ਼ੀ ਨੇ ਸਹੁਰੇ ਨੂੰ ਇਸ ਕੰਮ ਵਿੱਚ ਦਖ਼ਲ ਦੇਣੋਂ ਵਰਜ ਦਿੱਤਾ। ਪਰ ਮਲਿਕ ਤਾਂ ਔਰਤਾਂ ਨੂੰ ਦੂਜੇ ਦਰਜੇ ਦੀਆਂ ਸ਼ਹਿਰੀ ਮੰਨਦਾ ਸੀ। ਉਸ ਆਖਿਆ :-

ਇਹ ਮਰਦਾਂ ਦੇ ਕਰਨ ਵਾਲੀਆਂ ਗੱਲਾਂ ਨੇ ਅਸੀਂ ਔਰਤਾਂ ਤੋਂ ਸਲਾਹਵਾਂ ਨਹੀਂ ਲੈਂਦੇ। ਪਰ ਕੁੱਝ ਸਮੇਂ ਬਾਅਦ ਕਿਸੇ ਗੱਡੀ ਦੀ ਟੱਕਰ ਨਾਲ਼ ਖ਼ਾਲਿਦ ਦਾ ਸਕੂਟਰ ਨਹਿਰ ਵਿੱਚ ਡਿੱਗ ਪਿਆ। ਖ਼ਾਲਿਦ ਤਾਂ ਤੈਰ ਕੇ ਬਚ ਗਿਆ ਪ੍ਰੰਤੂ ਜ਼ੀਨਤ ਨਹਿਰ ਵਿੱਚ ਡੁੱਬਦਿਆਂ ਪੁਕਾਰਦੀ ਰਹੀ, ਬਚ ਨਾ ਸਕੀ। ਬੇਸ਼ੱਕ ਜ਼ੀਨਤ ਖ਼ਾਲਿਦ ਦੀ ਵਫ਼ਾਦਾਰ ਪਤਨੀ ਸੀ। ਉਹ ਘਰ ਨੂੰ ਮਸੀਤ ਵਾਂਗ ਪਵਿੱਤਰ ਰੱਖਣਾ ਆਪਣਾ ਫ਼ਰਜ਼ ਸਮਝਦੀ ਸੀ। ਉਸਦੀਆਂ ਅੱਖਾਂ ਦੁਨਿਆਵੀਂ ਜਜ਼ਬਿਆਂ ਤੋਂ ਖ਼ਾਲੀ ਸਨ। ਉਸਦਾ ਅਸਤਿਤਵ ਵਿਕਾਸ **(Transcend)** ਨਹੀਂ ਕਰ ਸਕਿਆ ਅਤੇ ਉਹ ਜ਼ਿਆਦਾਤਰ ਸਵੈ ਦੀ ਹੋਂਦ ਵਿੱਚ **(Being-in-itself)** ਹੀ ਰਹੀ: ਬੇਸ਼ੱਕ ਉਹ ਇੱਕ ਚੰਗੀ ਔਰਤ ਸੀ ਪਰ ਇਹ ਗੱਲ ਬਰਦਾਸ਼ਤ ਨਹੀਂ ਸੀ ਕਰ ਸਕਦੀ ਕਿ ਕੋਈ ਉਹਦੀ ਮੁਹੱਬਤ ਤੇ ਸੁਹਾਗ ਉੱਤੇ ਡਾਕਾ ਮਾਰੇ।

ਸਕੀਨਾ ਖੋਟੇ ਨਿਸ਼ਚੇ **(Bad faith)** ਵਾਲੀ ਪਾਤਰ ਹੈ। ਉਹਨੇ ਆਪਣੇ ਪਤੀ ਨਾਲ਼ ਮਿਲਕੇ ਸੁਨਿਆਰਾਂ ਦੀ ਕੁੜੀ ਨਜਮਾ (ਨੱਜੀ) ਨਾਲ਼ ਧੋਖਾ ਕੀਤਾ। ਉਹਦਾ ਪਤੀ ਖ਼ਾਲਿਦ ਵੱਲੋਂ ਕੁੱਬੇ ਜੁਲਾਹੇ ਤੋਂ ਚਿੱਠੀਆਂ ਲਿਖਵਾਉਂਦਾ ਅਤੇ ਨੱਜੀ ਨੂੰ ਜਾ ਦਿੰਦਾ। ਇਸੇ ਵਿਸ਼ਵਾਸ ਵਿੱਚ ਨੱਜੀ ਸਰਵਰ ਦੇ ਕੁੱਤਿਆਂ ਵਾਲੇ ਡੇਰੇ ਜਾ ਫਸੀ ਅਤੇ ਆਪਣੀ ਜ਼ਿੰਦਗੀ ਬਰਬਾਦ ਕਰ ਬੈਠੀ। ਸਕੀਨਾ ਅਤੇ ਚਾਂਦੇ ਦੇ ਰੋਲ ਕਾਰਨ ਹੀ ਪੁਲਿਸ ਨੇ ਥਾਣੇ ਬੁਲਾਕੇ ਖ਼ਾਲਿਦ ਦਾ ਕੁਟਾਪਾ ਕੀਤਾ। ਏਸੇ ਘਟਨਾ ਕਾਰਨ ਮਲਿਕ ਅੱਲਾ ਯਾਰ ਦਾ ਪਰਿਵਾਰ ਕੁੱਝ ਸਮੇਂ ਲਈ ਖ਼ਾਲਿਦ ਤੋਂ ਨਿਰਾਸ਼ ਹੋ ਗਿਆ। ਇਹ ਤਾਂ ਇੱਕ ਵੱਖਰੀ ਗੱਲ ਹੈ ਕਿ ਨਜਮਾ ਅਤੇ ਖ਼ਾਲਿਦ ਨੇ ਉਸਨੂੰ

ਮੁਆਫ਼ ਕਰ ਦਿੱਤਾ। ਬਾਅਦ ਵਿੱਚ ਜ਼ਰੂਰ ਉਹ ਉਨ੍ਹਾਂ ਦੀ ਮੁੜਕੇ ਵਿਸ਼ਵਾਸ ਪਾਤਰ ਬਣ ਗਈ ਸੀ। ਸਕੀਨਾ ਦੇ ਕਹਿਣ ਤੇ ਹੀ ਖ਼ਾਲਿਦ ਨੇ ਨੈਨਤਾਰਾ ਨੂੰ ਲਾਹੌਰ ਤੋਂ ਲਿਆਉਣ ਦਾ ਜਤਨ ਕੀਤਾ। ਆਪਣੀ ਸੁੰਦਰਤਾ ਬਾਰੇ ਉਸਦਾ ਕਹਿਣਾ ਹੈ ਕਿ ਉਹ ਕਦੀ 'ਤਿਲੇ ਦੀ ਤਾਰ' ਹੁੰਦੀ ਸੀ ਅਤੇ ਸਮੇਂ ਦੇ ਬੀਤਣ ਨਾਲ਼ ਕੇਵਲ ਟੁੱਟੀ ਹੋਈ ਤੰਦ ਰਹਿ ਗਈ ਜਿਸ 'ਤੇ ਥਾਂ-ਥਾਂ ਤੇ ਗੰਢਾਂ ਲੱਗੀਆਂ ਹੋਈਆਂ ਹਨ। ਝਾਤੂ ਮੋਚੀ ਦੀ ਇਸ ਭੈਣ ਨੂੰ ਪਿੰਡ ਦੇ ਮੁੰਡੇ ਵੀ 'ਤਿੱਲੇ ਦੀ ਤਾਰ' ਹੀ ਕਿਹਾ ਕਰਦੇ ਸਨ।

ਨਜਮਾ ਜਾਂ ਨੱਜੀ ਦਾ ਇਸ ਨਾਵਲ ਵਿੱਚ ਵਿਸ਼ੇਸ਼ ਰੋਲ ਹੈ। ਉਹ ਬਾਗ਼ਾਂਵਾਲੀ ਪਿੰਡ ਦੇ ਵਲੀ ਮੁਹੰਮਦ ਸੁਨਿਆਰੇ ਦੀ ਧੀ ਸੀ ਜੋ ਰੌਲ਼ਿਆਂ ਵੇਲੇ ਭਗਤ ਰਾਮ ਤੋਂ ਵਲ਼ੀ ਮੁਹੰਮਦ ਬਣ ਗਿਆ ਸੀ। ਜੂਰਾ ਨਜਮਾ ਦੀ ਪ੍ਰਸ਼ੰਸਾ ਕਰਦਿਆਂ ਕਹਿੰਦਾ ਹੈ, 'ਉਹਦੀ ਇੱਕ ਧੀ ਏ ਯਾਰ, ਨਜਮਾ ਨਾਂ ਸੂ, ਨੱਜੀ-ਨੱਜੀ ਕਹਿੰਦੇ ਨੇ। ਸੁਣਿਆ ਏ ਬੜੀ ਸੂਰਤ ਵਾਲੀ ਏ, ਜਿਹੜਾ ਵੇਖ ਲੈਂਦਾ ਏ ਸ਼ੁਦਾਈ ਹੋ ਜਾਂਦਾ ਹੈ। ਅਸੀਂ ਵੀ ਹੋਣਾ ਚਾਹੁੰਦੇ ਆਂ।'

ਬੰਦਾ ਸੁਹੱਪਣ ਦੀਆਂ ਗੱਲਾਂ ਸੁਣਕੇ ਭਰਮਾਇਆ ਜਾਂਦਾ ਹੈ। ਐੱਚ.ਐੱਲ.ਮੈਂਕਨ (H.S. Mencken) ਨੇ ਠੀਕ ਹੀ ਕਿਹਾ ਹੈ: "Temptation is a woman's weapon and man's excuse."[32] ਭਾਵ ਭਰਮਾਉਣਾ ਔਰਤ ਦਾ ਹਥਿਆਰ ਹੈ ਅਤੇ ਬੰਦੇ ਲਈ ਬਹਾਨਾ। ਜੂਰੇ ਹੋਰੀਂ ਟੂਬਾਂ ਧੁਆਉਣ ਦੇ ਬਹਾਨੇ ਨਜਮਾ ਨੂੰ ਵੇਖਣ ਜਾਂਦੇ ਨੇ। ਪਰ ਖ਼ਾਲਿਦ ਸਕੀਨਾ ਦੇ ਘਰ ਹੀ ਬੱਚਿਆਂ ਕੋਲ ਰਹਿੰਦਾ ਹੈ। ਖ਼ਾਲਿਦ ਦਾ ਘਰੇ ਹੀ ਰਹਿਣਾ ਅਤੇ ਨਜਮਾ ਦਾ ਸਕੀਨਾ ਹੱਥੋਂ ਟੁੱਟਿਆ ਰੀਕਾਰਡ ਲਿਆਕੇ ਦੇਣ ਨਾਲ਼ ਅਤੇ ਇਉਂ ਰੀਕਾਰਡਾਂ ਦੇ ਆਦਾਨ ਪ੍ਰਦਾਨ ਦਾ ਸਿਲਸਿਲਾ ਚਾਲੂ ਹੋ ਜਾਣ ਨਾਲ਼ ਉਨ੍ਹਾਂ ਦਰਮਿਆਨ 'ਅਣਵੇਖੇ ਪਿਆਰ' ਪ੍ਰਤੀ ਮਨੋਮਨੀ ਨੇੜਤਾ ਹੋ ਜਾਂਦੀ ਹੈ ਪਰ ਨਜਮਾ ਦਾ ਭਾਵੁਕ ਚਿੱਠੀ ਲਿਖਣਾ ਅਤੇ ਇਸ ਚਿੱਠੀ ਦਾ ਜਵਾਬ ਚਾਂਦੇ ਵੱਲੋਂ ਕੁੱਬੇ ਜੁਲਾਹੇ ਤੋਂ ਲਿਖਾਇਆ ਜਾਣਾ ਅੱਗੋਂ ਚਾਰ ਸੌ ਬੀਹ ਨਾਲ਼ ਲਿਖਾਈਆਂ ਹੋਰ ਚਿੱਠੀਆਂ ਦੇ ਸਿਲਸਲੇ ਨੇ ਨਜਮਾ ਦਾ ਜੀਵਨ ਬਰਬਾਦ ਕੀਤਾ ਅਤੇ ਖ਼ਾਲਿਦ ਦੇ ਮੱਥੇ ਕਾਲਖ ਦਾ ਟਿੱਕਾ ਲਾਇਆ ਜਿਸਦੇ ਦੂਰਵਰਤੀ ਨਤੀਜੇ ਨਿਕਲੇ। ਨਜਮਾ ਦਾ ਸਰਵਰ ਦੇ ਕੁੱਤਿਆਂ ਵਾਲੇ ਡੇਰੇ ਜਾਣਾ, ਗਰਭਵਤੀ ਹੋਣਾ; ਸਤਮਾਹੀਂ ਧੀ ਜੰਮਣਾ; ਜੂਰੇ ਵੱਲੋਂ ਨਜਮਾ ਨੂੰ ਸਰਵਰ ਦੀ ਕੈਦ 'ਚੋਂ ਛੁਡਾਇਆ ਜਾਣਾ; ਅਸਲ ਵਿੱਚ ਜਿਉਂਦੀ ਬੱਚੀ ਨੂੰ 120 ਵਿੱਚ ਸ਼ਾਦੋ ਕੰਜਰੀ ਨੂੰ ਵੇਚਿਆ ਜਾਣਾ; ਖ਼ਾਲਿਦ ਦੀ ਪਤਨੀ ਜ਼ੀਨਤ ਵੱਲੋਂ ਬੱਚੀ (ਨੈਨਤਾਰਾ) ਨੂੰ ਘਰੋ ਕੱਢਿਆ ਜਾਣਾ; ਚੋਣਾ ਸਮੇਂ ਖ਼ਾਲਿਦ ਤੇ ਆਚਰਨਹੀਣਤਾ ਦੇ ਦੋਸ਼ ਆਰੋਪਿਤ ਹੋਣਾ; ਆਦਿ ਸਾਰੀਆਂ ਘਟਨਾਵਾਂ ਦੇ

ਪਿਛੋਕੜ ਵਿੱਚ ਨਜਮਾ ਦੀ ਹੋਣੀ ਹੀ ਕਾਰਜਸ਼ੀਲ ਹੈ। ਇੱਥੋਂ ਤੱਕ ਕਿ ਮਲਿਕ ਅੱਲ੍ਹਾ ਯਾਰ ਦੇ ਪਰਿਵਾਰ ਵੱਲੋਂ ਬੇਮੁੱਖ ਹੋਣ ਪਿੱਛੇ ਇਹੋ ਘਟਨਾ ਮੁੱਖ ਕਾਰਨ ਬਣਦੀ ਹੈ। ਇਨ੍ਹਾਂ ਹਾਲਾਤਾਂ ਦੇ ਮੱਦ-ਏ-ਨਜ਼ਰ ਨੱਜੀ ਆਪਣੇ ਆਪ ਨੂੰ ਅਸਤਿਤਵਹੀਣ ਮਹਿਸੂਸ ਕਰਦੀ ਹੈ ਜਦੋਂ 'ਆਪਾ' ਉਸਨੂੰ ਨਿਕਾਹ ਕਰਨ ਲਈ ਕਹਿੰਦੀ ਹੈ ਤਾਂ ਨੱਜੀ ਕਹਿੰਦੀ ਹੈ :

"......ਮੇਰੇ ਦਿਲ ਵਿੱਚ ਕੋਈ ਜਜ਼ਬਾ ਨਹੀਂ, ਨਾ ਮੇਰੀ ਉਮਰ ਰਹੀ ਏ।"

"ਮੈਂ ਤੋਤੇ ਟੁੱਕਿਆ ਅਮਰੂਦ, ਉਗਲੱਛੀ ਹੋਈ ਹੱਡੀ,
ਮੇਰਾ ਅਜੇ ਦਿਲ ਨਹੀਂ ਮੰਨਦਾ।"[33]

ਬੇਸ਼ੱਕ ਨੱਜੀ ਖ਼ਾਲਿਦ ਦੇ ਮਨ ਵਿੱਚ ਵੀ ਵਸੀ ਹੋਈ ਸੀ ਪਰ ਅਨੂੰ (ਅਨਵਾਰ) ਉਸ ਨਾਲ਼ ਨਿਕਾਹ ਕਰਵਾਉਣ ਵਿੱਚ ਸਫ਼ਲ ਰਿਹਾ।

ਦਰਅਸਲ, ਅੱਲ੍ਹੜ ਜਵਾਨੀ ਦੇ ਆਖੇ ਲੱਗਕੇ ਜਦੋਂ ਨਜਮਾ ਸਰਵਰ ਦੇ ਕੁੱਤਿਆਂ ਵਾਲੇ ਡੇਰੇ ਪੁੱਜੀ, ਉਦੋਂ ਉਹ ਸਵੈ-ਹੋਂਦ **(Being-in-itself)** ਸੀ। ਉਸਨੂੰ ਦੁਨੀਆਂ ਦੀਆਂ ਠੱਗੀਆਂ, ਚਲਾਕੀਆਂ ਅਤੇ ਧੋਖਿਆਂ ਦਾ ਗਿਆਨ ਨਹੀਂ ਸੀ। ਪਰ ਮੰਦ ਭਾਗੀਆਂ ਘਟਨਾਵਾਂ ਤੋਂ ਬਾਅਦ ਉਸਦੇ ਅਸਤਿਤਵ ਨੇ ਵਿਕਾਸ **(Transcend)** ਕੀਤਾ ਅਤੇ ਉਹ ਆਪਣੇ ਫ਼ੈਸਲੇ ਆਪ ਕਰਨ ਲੱਗੀ। ਅਸਤਿਤਵਵਾਦ ਤਾਂ ਇਹੋ ਹੈ ਕਿ ਬੰਦਾ ਆਪਣੇ ਫ਼ੈਸਲੇ ਆਪ ਲਵੇ। **Delmore** Schwartz ਲਿਖਦਾ ਹੈ, "Existentialism means no one can take a bath for you."[34] ਜਿਵੇਂ ਪੰਜਾਬੀ ਅਖਾਣ ਏ ਪਈ ਆਪ ਮਰੇ ਬਿਨਾਂ ਸੁਰਗ ਨਹੀਂ ਜਾਇਆ ਜਾ ਸਕਦਾ। ਇੰਜ ਉਸਨੇ ਆਪਣੀ ਮਰਜ਼ੀ ਨਾਲ਼ ਅਨੂੰ (ਅਨਵਰ) ਨਾਲ਼ ਵਿਆਹ ਕਰਵਾਇਆ। ਨੈਨਾਂ ਨੂੰ ਕੰਜਰਾਂ ਤੋਂ ਸੁਤੰਤਰ ਕਰਵਾਉਣ ਸਮੇਂ ਵੀ ਉਹ ਦੋਚਿੱਤੀ (Bad faith) ਵਿੱਚ ਸੀ ਪਰ ਹੌਲੀ ਹੌਲੀ ਉਸਦੀ ਮਮਤਾ ਜਾਗੀ ਅਤੇ ਉਹ ਅਨੂੰ ਅਤੇ ਖ਼ਾਲਿਦ ਦੀ ਸਹਾਇਤਾ ਨਾਲ਼ ਨੈਨਤਾਰਾ ਨੂੰ ਨਰਕ-ਕੁੰਡ ਵਿੱਚੋਂ ਕੱਢਣ ਵਿੱਚ ਸਫ਼ਲ ਹੋਈ। ਪਰ ਯਤੀਮ ਨੈਨਤਾਰਾ ਨੂੰ ਪਨਾਹ ਦੇਣ ਬਦਲੇ ਖ਼ਾਲਿਦ ਨੂੰ ਬੜੀ ਬਦਨਾਮੀ ਪੱਲੇ ਪਈ।

ਨਾਵਲ ਵਿੱਚ ਉਸਦੀ ਪੇਸ਼ਕਾਰੀ ਇਹ ਵੀ ਸਿੱਧ ਕਰਦੀ ਹੈ ਕਿ ਮਨੁੱਖ ਔਰਤ ਨੂੰ ਵਰਤਣ ਵਾਲੀ ਸ਼ੈਅ (Commodity) ਤੋਂ ਵੱਧ ਕੁੱਝ ਨਹੀਂ ਸਮਝਦਾ। ਉਹ ਸਰਵਰ ਦੇ ਪੰਜੇ ਵਿੱਚ ਆਈ ਉਸਨੂੰ ਕਹਿੰਦੀ ਹੈ :

"ਮੈਂ ਏਹੋ ਜੇਹੀ ਨਹੀਂ, ਮੈਨੂੰ ਛੱਡ ਦਿਓ।"

ਤਾਂ ਸਰਵਰ ਕਹਿੰਦਾ ਹੈ :

"ਤੂੰ ਕੋਈ ਛੱਡਣ ਵਾਲੀ ਸ਼ੈਅ ਏਂ"[35]

ਮਲਿਕ ਅੱਲ੍ਹਾ ਯਾਰ ਖਾਂ ਦੀਆਂ ਤਿੰਨ ਕੁੜੀਆਂ ਸਨ, ਮੁੰਡਾ ਕੋਈ ਨਹੀਂ

ਸੀ। ਉਸਦਾ ਕਾਰੋਬਾਰ ਬੜਾ ਵੱਡਾ ਸੀ। ਉਸਦੀਆਂ ਤਿੰਨਾਂ ਧੀਆਂ ਦੇ ਨਾਂ ਸਨ- ਫ਼ਰਹਾਨਾ, ਰਿਜ਼ਵਾਨਾ ਤੇ ਫ਼ਰਜ਼ਾਨਾ। ਖ਼ਾਲਿਦ ਲਾਹੌਰ ਵਿੱਚ ਲਾਅ ਕਰ ਰਿਹਾ ਸੀ। ਕਦੇ ਕਦੇ ਉਹ ਮਲਿਕ ਅੱਲਾ ਯਾਰ ਖਾਂ ਦੇ ਘਰ ਜਾਂਦਾ। ਇੱਕ ਦਿਨ ਉਹ ਵੇਖਕੇ ਹੈਰਾਨ ਹੋਇਆ ਕਿ ਉਸਦੀ ਚੰਗੀ ਸੇਵਾ ਹੋ ਰਹੀ ਹੈ। ਫ਼ਰਹਾਨਾ ਉਸਨੂੰ ਸਾਰਿਆਂ ਸਾਹਮਣੇ ਦੁਪੱਟੇ ਤੇ ਉਂਗਲੀ ਵਲ੍ਹੇਟਦੀ ਮਿਲੀ। ਦ੍ਰਿਸ਼ ਵਿਗਿਆਨ ਅਨੁਸਾਰ ਇਹ ਉਸਦੇ ਮੁਟਿਆਰ ਹੋਣ ਦਾ ਚਿੰਨ੍ਹ ਬਣਦਾ ਹੈ। ਖ਼ਾਲਿਦ ਐਲ.ਐਲ.ਬੀ ਪਰੀਖਿਆ ਦੇ ਚੁੱਕਾ ਸੀ। ਉਸਦੀ ਰਿਹਾਇਸ਼ ਲਈ ਮਲਿਕ ਪਰਿਵਾਰ ਨੇ ਅਨੈਕਸੀ ਵਾਲ਼ਾ ਕਮਰਾ ਖ਼ਾਲੀ ਕਰ ਦਿੱਤਾ ਸੀ। ਉਸ ਨੂੰ ਘਰ ਦਾ ਜੀਅ ਹੀ ਸਮਝਿਆ ਜਾਂਦਾ ਸੀ। ਫ਼ਰਹਾਨਾ ਨਾਲ਼ ਉਸਦੀ ਨੇੜਤਾ ਵਧਦੀ ਗਈ। ਇਕੱਠੇ ਫ਼ਿਲਮ ਵੇਖਣ ਜਾਂਦੇ। ਉਹ ਇੱਕ ਦਿਨ ਪਿੰਡ ਲਈ ਤਿਆਰ ਹੋਇਆ ਅੰਦਰੋਂ ਗਾਣੇ ਰਿਕਾਰਡ ਦੀ ਆਵਾਜ਼ ਆ ਰਹੀ ਸੀ, 'ਅਬ ਕਬ ਆਉਗੇ'। ਖ਼ਾਲਿਦ ਘਰ ਪੁੱਜਾ। ਉਹ ਅਸਮਾਨ ਦੇ ਤਾਰੇ ਵੇਖਣ ਲੱਗਾ। ਇੱਕ ਥਾਵੇਂ ਤਿੰਨ ਤਾਰੇ ਨਾਲ਼ੋ ਨਾਲ਼ ਸਨ। ਇੱਕ ਸ਼ੋਖ, ਦੂਜਾ ਜਰਾ ਮੱਧਮ ਤੇ ਤੀਜਾ ਬਿਲਕੁੱਲ ਫ਼ਿੱਕਾ ਫਿੱਕਾ। ਦ੍ਰਿਸ਼ ਵਿਗਿਆਨ ਅਨੁਸਾਰ ਇਹ ਤਿੰਨੋਂ ਤਾਰੇ ਫ਼ਰਹਾਨਾ, ਰਿਜ਼ਵਾਨਾ ਅਤੇ ਫ਼ਰਜ਼ਾਨਾ ਦਾ ਪ੍ਰਤਿਨਿਧਤਵ ਕਰਦੇ ਪ੍ਰਤੀਤ ਹੁੰਦੇ ਹਨ।

ਇੱਕ ਵਾਰ ਰਾਵਲ ਪਿੰਡੀ ਤੋਂ ਸ਼ਹਿਨਾਜ ਆਉਂਦੀ ਐ ਜੋ ਖ਼ਾਲਿਦ ਨਾਲ਼ ਸਾਲੀਆਂ ਵਾਲੇ ਮਖ਼ੌਲ ਕਰਦੀ ਰਹਿੰਦੀ ਸੀ। ਅਨੈਕਸੀ ਵਿੱਚ ਸਾਰੇ ਗਾ ਰਹੇ ਸਨ ਵਾਰੋ ਵਾਰੀ। ਜਦੋਂ ਖ਼ਾਲਿਦ ਨੇ ਗਾਣਾ ਗਾਇਆ ਤਾਂ ਸ਼ਹਿਨਾਜ਼ ਆਖਿਆ:

"ਹੱਛਾ, ਆਵਾਜ਼ ਵੀ ਚੰਗੀ ਏ,ਮੈਂ ਤਾਂ ਸਮਝੀ ਸਾਂ ਘੱਗੂ ਘੋੜਾ ਈ ਏ।"

ਖ਼ਾਲਿਦ ਆਖਿਆ :

"ਤੁਸੀਂ ਠੀਕ ਸਮਝਿਆ ਸੀ, ਅਜੇ ਤੱਕ ਘੱਗੂ
ਘੋੜਾ ਈ ਆਂ, ਬੰਦਾ ਨਹੀਂ ਬਣਿਆ।"[35]

ਅਸਤਿਤਵਵਾਦੀ ਦ੍ਰਿਸ਼ਟੀ ਅਨੁਸਾਰ ਇਹ ਸੰਵਾਦ ਮਹੱਤਵਪੂਰਨ ਹੈ, ਅਜੇ ਤਾਂ ਉਹ ਪੜ੍ਹਦਾ ਹੀ ਰਿਹਾ। ਅਸਤਿਤਵ ਦਾ ਵਿਕਾਸ ਮੈਂ ਤੂੰ ਸੰਬੰਧਾਂ ਰਾਹੀਂ ਦੁਨੀਆਂ ਵਿੱਚ ਵਿਚਰਕੇ ਹੁੰਦਾ ਹੈ।

ਉਨ੍ਹਾਂ ਦੋਵਾਂ (ਫ਼ਰਹਾਨਾ ਅਤੇ ਖ਼ਾਲਿਦ) ਦੇ ਜੀਵਨ ਦਾ ਮਹੱਤਵਪੂਰਨ ਸਮਾਂ ਉਹ ਸੀ ਜਦੋਂ ਉਹ ਰੇਲਗੱਡੀ (ਰੇਲਕਾਰ) ਵਿੱਚ ਲਾਹੌਰ ਤੋਂ ਰਾਵਲਪਿੰਡੀ ਤੱਕ ਦਾ ਪੰਜ ਘੰਟਿਆ ਦਾ ਸਫ਼ਰ ਇਕੱਠੇ ਕਰਦੇ ਨੇ। ਇੱਕ ਔਰਤ ਅਤੇ ਇੱਕ ਬੰਦਾ ਉਨ੍ਹਾਂ ਨੂੰ ਵੇਖ ਰਹੇ ਨੇ ਅਤੇ ਉਹ ਦੋਵੇਂ ਉਨ੍ਹਾਂ ਪਾਸੋਂ ਉਨ੍ਹਾਂ ਦਾ ਸਵੈ ਖੋਹ ਕੇ ਉਨ੍ਹਾਂ ਦੇ ਮਿਲ ਬੈਠਣ ਤੇ Hell in the other people ਸਾਬਤ ਹੋ ਰਹੇ ਹਨ। ਫ਼ਰਹਾਨਾ ਅੱਗੇ ਉਹ ਆਪਣੀ ਚੇਤਨਾ ਦੁਆਰਾ ਆਪਣੇ 'ਸਵੈ' ਦੀ ਢੂੰਡ ਨੂੰ

ਇੰਜ ਪੇਸ਼ ਕਰਦਾ ਹੈ :

"ਤੇਰੇ ਮਾਪੇ ਤੇ ਭੈਣਾਂ ਵੀ ਮੈਨੂੰ ਚੰਗਾ ਸਮਝਦੇ ਨੇਂ"

ਸਿਰਫ਼ ਇੱਕ ਤੂੰ ਏਂ, ਜਿਹੜੀ ਮੇਰੇ ਵਜੂਦ (**Existence?**) ਦੀ ਨਫ਼ੀ ਕਰ ਦੇਨੀਂ ਏਂ ਜਿਹਨੂੰ ਮੈਂ ਕਈ ਵਾਰੀ ਦਿਸਦਾ ਈ ਨਹੀਂ ਤੇ ਮੈਨੂੰ ਆਪਣੇ ਆਪ ਨੂੰ ਲੱਭਣਾ ਪੈਂਦਾ ਏ।

ਆਪਦੀ ਹੋਂਦ, ਆਪਣੇ ਵਜੂਦ ਨੂੰ ਢੂੰਡਣਾ ਪੈਂਦਾ ਏ। ਕਦੇ ਛੇਤੀ ਲੱਭ ਲੈਨਾਂ, ਕਦੀ ਚਿਰ ਹੋ ਜਾਂਦਾ ਏ। ਲੱਭਣ ਦੇ ਏਸ ਵਕਫ਼ੇ ਵਿੱਚ ਮੈਂ ਬਾਅਜ਼ੇ ਵੇਲੇ ਮਰ ਜਾਨਾਂ ਤੇ ਔਕੜ ਦਾ ਵੇਲਾ ਲੰਘ ਜਾਂਦਾ ਏ, ਮਰਾਂ ਨਾ ਤੇ ਕਿਵੇਂ ਲੰਘੇ।"[37]

ਇਹੋ ਸਵੈ ਦੀ ਪਛਾਣ (**Know thyself**) ਦੀ ਘੜੀ ਹੁੰਦੀ ਹੈ। ਇਸੇ ਸਮੇਂ ਵਿੱਚ ਉਹ ਪ੍ਰਤੀਬਿੰਬਤ ਚੇਤਨਾ (Reflected consciousness) ਅਤੇ ਅਪ੍ਰਤੀਬਿੰਬਤ ਚੇਤਨਾ (unreflected consciousness) ਵਿੱਚੋਂ ਗੁਜ਼ਰਦਾ ਪ੍ਰਤੀਤ ਹੁੰਦਾ ਹੈ।

ਇਸੇ ਸਮੇਂ ਫ਼ਰਹਾਨਾ ਆਪਣੀ ਨਾਰੀਤਵ ਦੇ ਅਸਤਿਤਵ ਨੂੰ ਪ੍ਰਸਤੁਤ ਕਰਦੀ ਹੈ :-

"ਸਾਨੂੰ ਔਰਤਾਂ ਨੂੰ ਵੀ ਰੱਬ ਨੇ ਦਿਮਾਗ ਦਿੱਤਾ ਏ,
ਅਸੀਂ ਵੀ ਸੋਚ ਸਕਦੀਆਂ।"[38]

ਇਸੇ ਸਮੇਂ ਗੱਲ ਕਰਦਿਆਂ ਸਪੇਸ ਦਾ ਨੁਕਤਾ ਉੱਪਰਦਾ ਹੈ :-

ਜੀਵੰਤ ਸਪੇਸ (Lived space) ਵਿੱਚ ਸਫ਼ਰ ਦਾ ਪਤਾ ਹੀ ਨਹੀਂ ਲੱਗਿਆ। ਪਰ ਖ਼ਾਲਿਦ ਦੀ ਵਾਪਸੀ ਸਮੇਂ ਇਸੇ ਜੀਵੰਤ ਸਪੇਸ ਨੇ ਦੂਰੀ ਦੀ (ਮੀਲਾਂ ਵਾਲੀ) ਸਪੇਸ (Mapped space) ਵਿੱਚ ਬਦਲ ਜਾਣਾ ਏ :

"ਉਹ ਫ਼ਾਸਲਾ, ਜੀਹਦਾ ਤੇਰੇ ਨਾਲ਼ ਗੱਲਾਂ ਕਰਦਿਆਂ ਪਤਾ ਈ
ਨਹੀਂ ਲੱਗਾ, ਬੜਾ ਲੰਮਾਂ ਹੋ ਜਾਣਾ ਏਂ........।"[39]

ਇਸੇ ਸਮੇਂ ਫ਼ਰਹਾਨਾ ਇੱਕ ਸ਼ਬਦ 'ਪਰ' ਬੋਲ ਗਈ ਜਿਸਦੇ ਅਸਤਿਤਵੀ ਅਰਥ ਬੜੇ ਡੂੰਘੇ ਸਨ। ਤੇ ਇਹੋ 'ਪਰ' ਉਨ੍ਹਾਂ ਦੇ ਜੀਵਨ ਸਾਥੀ ਬਣਨ ਵਿੱਚ ਅਟਕਾਰ ਪਾ ਗਿਆ। ਬੇਸ਼ੱਕ ਫ਼ਰਹਾਨਾ ਦੀ ਚੁੱਪ ਨੇ ਖ਼ਾਲਿਦ ਦੀ ਪ੍ਰਾਪਤੀ ਲਈ 40 ਜਾਗਰਾਤੇ ਕੱਟੇ ਸੀ।

ਇਸ ਸਮੇਂ ਘੜੀ ਸਮਾਂ (Clock time) ਅਤੇ ਜੀਵੰਤ ਸਮਾਂ (Lived time) ਉਨ੍ਹਾਂ ਦੀ ਚੇਤਨਾ ਨੂੰ ਟੁੰਬਦਾ ਹੈ :

ਖ਼ਾਲਿਦ : "ਇਹ ਗੱਡੀ ਅੱਜ ਕੁੱਝ ਤੇਜ਼ ਨਹੀਂ ਚਲਦੀ ਪਈ,"
ਫ਼ਰਹਾਨਾ : "ਚਾਰ ਘੰਟੇ ਹੋ ਗਏ ਨੇ ਜਨਾਬ ਲਾਹੌਰੋਂ ਟੁਰਿਆਂ"
ਖ਼ਾਲਿਦ : "ਮੈਨੂੰ ਤੇ ਚਾਰ ਮਿੰਟ ਲਗਦੇ ਨੇ"[40]

ਫ਼ਰਹਾਨਾ ਦੇ ਘਰ ਹੀ ਉਸਨੇ ਆਪਣੇ ਅਸਤਿਤਵ ਦੀ ਉਸਾਰੀ ਸੰਬੰਧੀ ਸੰਕੇਤ ਕੀਤਾ :

"ਆਪਣੇ ਸਾਰੇ ਕੰਮ ਮੈਂ ਆਪੂੰ ਕਰਨਾ ਚਾਹੁੰਨਾ"[41]

"ਉਸਨੂੰ ਪਤਾ ਸੀ ਪਈ ਉਹ ਉਹਨੂੰ ਘਰ ਜਵਾਈ ਬਣਾਕੇ ਆਪਣੇ ਕੋਲ ਰੱਖਣਾ ਚਾਹੁੰਦੇ ਸਨ ਪਰ ਕਿਉਂ ਨਾ ਆਪਣੀ ਬਾਲ ਕੇ ਸੇਕੇ।"[42]

ਅਜਿਹੀ ਪ੍ਰੇਰਣਾ ਉਸਨੂੰ ਭਾਅ ਬਾਸੂ ਤੋਂ ਵੀ ਮਿਲੀ ਸੀ "ਪਈ ਉਹ ਕਿਸੇ ਦਾ ਰਾਖਵਾਂ ਬਣਕੇ ਕੌਡੀ ਨਹੀਂ ਖੇਡਣਾ ਚਾਹੁੰਦਾ।"[42]

ਇਕ ਵਾਰੀ ਫ਼ਰਹਾਨਾ ਰਾਤ ਦੇ ਹਨੇਰੇ ਵਿੱਚ ਆਪਣਾ ਬਿਸਤਰਾ ਤਿਆਗਕੇ ਉਹਦੀ ਅਨੈਕਸੀ ਵਿੱਚ ਆਈ :

"ਉਹਨੇ ਉਹਦੇ ਹੱਥ ਉੱਤੇ ਹੱਥ ਰੱਖ ਦਿੱਤਾ ਤੇ ਕਿੰਨਾ ਚਿਰ ਰੱਖੀ ਰੱਖਿਆ ਪਰ ਇਹ ਬੜਾ ਕੀਮਤੀ ਵੇਲਾ ਸੀ। ਇਹਦਾ ਹਰ ਪਲ ਸਹਿਕਵਾਨੀ ਦਾ ਸੀ। ਉਹਨੂੰ ਹੱਥ ਉੱਤੇ ਹੱਥ ਰੱਖਕੇ ਬਹੁਤਾ ਚਿਰ ਜ਼ਾਇਆ ਨਹੀਂ ਸੀ ਕੀਤਾ ਜਾ ਸਕਦਾ। ਉਹਨੇ ਹੱਥ ਫੜਕੇ ਚੁੰਮਿਆ ਤੇ ਉਹਨੂੰ ਆਪਣੇ ਵੱਲ ਖਿੱਚਿਆ ਪਰ ਉਹ ਖਲੋਤੀ ਰਹੀ।"[44]

"ਬਹਿ ਜਾ" ਉਹਨੇ ਹੱਥ ਨਾਲ਼ ਬੋਲਕੇ ਆਖਿਆ। "ਨਹੀਂ ਮੈਂ ਏਸੇ ਤਰ੍ਹਾਂ ਠੀਕ ਆਂ" ਉਹਦੇ ਹੱਥ ਦੱਸਿਆ।

ਇਥੇ 'ਵਾਰਸ' ਲਈ ਮਲਿਕ ਅੱਲ੍ਹਾ ਯਾਰ ਵੱਲੋਂ ਦਫ਼ਤਰ ਢੂੰਡਣ ਦਾ ਸੰਕੇਤ ਆਇਆ ਪਰ ਖ਼ਾਲਿਦ ਕਹਿੰਦਾ ਹੈ "ਤੂੰ ਕਾਇਮ ਰਹੀਂ"

"ਮੇਰਾ ਵਾਅਦਾ ਏ ਤੈਨੂੰ ਇੱਕ ਦਿਨ ਆ ਕੇ ਲੈ ਜਾਵਾਂਗਾ"[45]

**ਅਨੈਕਸੀ ਦੇ ਹਨੇਰੇ ਵਿੱਚ ਉਪਰੋਕਤ ਘਟਨਾ ਕਿਰਿਆ ਨੂੰ ਡੀ.ਕੋਡ ਕੀਤਿਆਂ ਸਪਸ਼ਟ ਹੋ ਜਾਂਦਾ ਹੈ "ਏਸੇ ਤਰ੍ਹਾਂ ਠੀਕ" ਕਹਿਣ ਪਿੱਛੇ ਪਰ ਹੱਥ ਵਿੱਚ ਹੱਥ ਰੱਖਣ ਪਿੱਛੇ, ਵਾਰਿਸ ਦਾ ਸੰਕੇਤ ਆ ਜਾਣ ਕਾਰਨ, ਫ਼ਰਹਾਨਾ ਖੋਟੇ ਨਿਸ਼ਚੇ (Bad faith) ਵਿੱਚ ਵਿਚਰਦੀ ਅਤੇ ਸ਼ੰਕਾ ਦੀ ਸਥਿਤੀ ਵਿੱਚ ਹੈ।** ਫਿਰ ਵੀ ਆਪਣਾ ਪੱਕਾ ਵਾਅਦਾ ਦਿੰਦੀ ਹੈ ਤੇ ਕਹਿੰਦੀ ਏ ਉਹ ਸਾਰੀ ਹਯਾਤੀ ਉਸਦੀ ਉਡੀਕ ਕਰ ਸਕਦੀ ਹੈ।

ਮਲਿਕ ਮੁਰਾਦ ਅਲੀ ਵੱਲੋਂ ਮਲਿਕ ਅੱਲ੍ਹਾ ਯਾਰ ਦੀ ਜਾਇਦਾਦ ਤੇ ਅੱਖ ਰੱਖਣ ਕਾਰਨ ਅਤੇ ਫ਼ਰਹ ਦੇ ਇਨਕਾਰ ਕਾਰਨ, ਵਾਰਸ ਨਾਲ਼ ਰਿਸ਼ਤੇ ਦੀ ਗੱਲ ਖ਼ਤਮ ਹੋ ਗਈ। ਵਾਰਸ ਦੀਆਂ ਗ਼ਲਤ ਆਦਤਾਂ ਦਾ ਵੀ ਉਹ ਭੇਦ ਪਾ ਗਏ ਸਨ। ਫ਼ਰਹ ਨੇ ਦਰਿਆਬਾਦ ਵਿਖੇ ਖ਼ਾਲਿਦ ਦੇ ਮਕਾਨ ਦੇ ਨਕਸ਼ੇ ਦੀਆਂ ਲਕੀਰਾਂ ਵਾਹ ਕੇ ਵੀ ਭੇਜੀਆਂ।

ਪਰ 'ਆਪਾ' ਅਤੇ ਬਾਸੂ ਵੱਲੋਂ ਲਾਹੌਰ ਆ ਕੇ ਰਿਸ਼ਤੇ ਦੀ ਗੱਲ ਕਰਨ

ਤੇ ਮਾਹੌਲ ਵਿਗੜ ਗਿਆ। ਮਾਲਕਾਣੀ ਆਖਿਆ ਘੁਮਿਆਰ ਹੋ ਕੇ ਉਹਨਾਂ ਨੂੰ ਸਾਡੇ ਘਰ ਆਉਂਦਿਆਂ ਸ਼ਰਮ ਨਾ ਆਈ। ਖ਼ਾਲਿਦ ਨੂੰ ਮਹਿਸੂਸ ਹੋਇਆ ਕਿ ਇਹ ਨਿਰਾਸ਼ਾ ਉਸਨੂੰ ਵਸੇਬੇ ਦੀ ਫੈਕਟੀਸਿਟੀ ਕਾਰਨ ਪੱਲੇ ਪਈ ਏ।

ਫ਼ਰਹਾ ਨੇ ਖ਼ਾਲਿਦ ਨੂੰ ਖ਼ਤ ਲਿਖਿਆ ਕਿ ਹੁਣ ਆਪਣੀ ਮਰਜ਼ੀ ਦੀ ਮਾਲਕ ਹੈ। ਉਸ ਨੇ ਵਾਰਸ ਤੋਂ ਬਾਅਦ ਦੂਜੀ ਥਾਵੇਂ ਫੇਰ ਇਨਕਾਰ ਕਰ ਦਿੱਤਾ ਤੇ ਖ਼ਾਲਿਦ ਨੂੰ ਤਾਅਨਾ ਦਿੱਤਾ ਕਿ ਉਹ ਮਰਦ ਹੋ ਕੇ ਸਾਰੇ ਕੌਲ-ਕਰਾਰ ਭੁੱਲ ਗਿਆ ਏ ਪਰ ਉਹ ਕਮਜ਼ੋਰ ਔਰਤ ਹੋ ਕੇ ਵੀ ਹਾਲਾਤ ਦਾ ਮੁਕਾਬਲਾ ਕਰ ਰਹੀ ਹੈ। ਆਪਾ ਅਤੇ ਬਾਸੂ ਦੇ ਜਤਨਾਂ ਨਾਲ਼ ਖ਼ਾਲਿਦ ਦੀ ਸ਼ਾਦੀ ਜ਼ੀਨਤ ਨਾਲ਼ ਹੋ ਜਾਂਦੀ ਹੈ।

ਫ਼ਰਹਾ ਹਕੀਮ ਸਾਹਿਬ, ਖ਼ਾਲਿਦ ਦੀ ਮਾਂ ਅਤੇ ਜ਼ੀਨਤ ਦੀ ਮੌਤ ਦਾ ਅਫ਼ਸੋਸ ਕਰਨ ਆਈ ਤਾਂ ਉਸ ਸਮੇਂ ਅਧੱਖੜ ਉਮਰ ਦੀ ਹੋ ਗਈ ਸੀ। ਉਸਦੇ ਨਜ਼ਰ ਦੀਆਂ ਐਨਕਾਂ ਲੱਗੀਆਂ ਹੋਈਆਂ ਸਨ। ਫ਼ਰਹਾ ਅਜੇ ਵੀ ਉਸ ਪ੍ਰਤੀ ਹਮਦਰਦੀ, ਵਫ਼ਾ, ਪਿਆਰ ਦਾ ਅਹਿਸਾਸ ਰੱਖਦੀ ਸੀ। ਸਿਆਸਤ ਨੂੰ ਤਿਆਗਣ ਲਈ ਕਹਿੰਦੀ ਹੈ। ਫ਼ਰਹਾ ਨੇ ਦੱਸਿਆ ਕਿ ਉਸਦਾ ਦਿਨ ਸਕੂਲ ਵਿੱਚ, ਰਾਤ ਬੱਚਿਆਂ ਦੀਆਂ ਕਾਪੀਆਂ ਚੈੱਕ ਕਰਦਿਆਂ ਅਤੇ ਵਿਹਲ ਮਿਲੇ ਤਾਂ ਕੋਈ ਨਾਵਲ ਪੜ੍ਹ ਲੈਂਦੀ ਹਾਂ ਜਾਂ ਪੁਰਾਣੀਆਂ ਫ਼ਿਲਮਾਂ ਦੇ ਗੀਤ ਸੁਣਦਿਆਂ ਬੀਤ ਜਾਂਦਾ ਹੈ। ਫ਼ਰਹਾ ਉਸਨੂੰ ਆਪਣੇ ਅਸਤਿਤਵ ਬਾਰੇ ਸੋਚਣ ਲਈ ਕਹਿੰਦੀ ਹੈ :

> "ਹਰ ਬੰਦੇ ਨੂੰ ਕਦੀ ਕਦੀ ਆਪਣੇ ਲਈ ਵੀ ਕੁੱਝ ਵਕਤ ਕੱਢਣਾ ਚਾਹੀਦਾ ਏ।
> ਕੁੱਝ ਚਿਰ ਆਪਣੇ ਆਪ ਨਾਲ਼ ਵੀ ਰਹਿਣਾ ਚਹੀਦਾ ਏ।"[46]

ਫ਼ਰਹਾ ਨੂੰ ਉਸ ਸਮੇਂ ਆਪਣਾ ਅਸਤਿਤਵ ਗੁਆਚਿਆ ਗੁਆਚਿਆ ਪ੍ਰਤੀਤ ਹੋਇਆ ਜਦੋਂ ਖ਼ਾਲਿਦ ਦੇ ਬੱਚੇ ਸਕੂਲੋਂ/ ਕਾਲਜੋਂ ਆ ਗਏ। ਛੋਟੇ ਬੱਚਿਆਂ ਨੇ ਉਸ ਪਾਸੋਂ ਰੱਜਵਾਂ ਪਿਆਰ ਲਿਆ। ਪਰ ਨਈਮ ਨੇ ਉਸ ਨਾਲ਼ ਖਾਣਾ ਵੀ ਨਾ ਖਾਧਾ। ਆਪਾ ਨੇ ਫ਼ਰਹਾ ਤੇ ਉਸਦੀ ਮਾਂ ਨੂੰ ਸੂਟ ਦਿੱਤੇ। ਨਈਮ ਨੂੰ ਉਨ੍ਹਾਂ ਦਾ ਸਮਾਨ ਗੱਡੀ ਵਿੱਚ ਰੱਖਣ ਲਈ ਕਿਹਾ ਗਿਆ ਤਾਂ ਉਸਨੇ ਅਟੈਚੀ ਕੇਸ ਤੇ ਥੈਲਾ ਬਾਹਰ ਬੂਹੇ ਅੱਗੇ ਸੁੱਟਕੇ ਡਰਾਇਵਰ ਨੂੰ ਕਿਹਾ "ਇਹ ਲੈ ਜਾ ਬਾਬਾ"। ਨਈਮ ਇਹ ਕਹਿਕੇ ਉਪਰਲੀ ਮੰਜ਼ਲ ਚੜ੍ਹ ਗਿਆ। "ਫ਼ਰਹਾ ਦਾ ਦਿਲ ਹੋਰ ਬਹਿ ਗਿਆ।" ਨਈਮ ਦੇ ਅੜਿੱਕੇ ਕਾਰਨ ਅੰਤਮ ਸਮੇਂ ਤੱਕ, ਦਿਲੋਂ ਚਾਹੁੰਦਾ ਹੋਇਆ ਵੀ ਖ਼ਾਲਿਦ ਫ਼ਰਹਾ ਨੂੰ ਆਪਣੇ ਘਰ ਨਹੀਂ ਲਿਆ ਸਕਿਆ।

ਇੰਜ ਫ਼ਰਹਾ ਨੇ ਆਪਣਾ ਸਾਰਾ ਜੀਵਨ ਖ਼ਾਲਿਦ ਨਾਲ਼, ਕਿਸੇ ਸਮੇਂ ਆਪਣੇ ਕੀਤੇ ਵਾਅਦੇ ਨੂੰ ਨਿਭਾਉਣ ਵਿੱਚ ਵਿਅਰਥ ਗੁਆ ਦਿੱਤਾ। ਇੰਜ

ਉਸਦਾ ਜੀਵਨ ਕਹਿਣੀ ਅਤੇ ਕਥਨੀ 'ਚ ਪੂਰਾ ਰਿਹਾ। ਇਉਂ ਸਾਡੇ ਮੱਤ ਅਨੁਸਾਰ ਉਸਨੂੰ ਇਸ ਨਾਵਲ ਦੀ ਨਾਇਕਾ ਆਖਿਆ ਜਾ ਸਕਦੈ। ਚੂੰਕਿ ਉਸਦਾ ਅਸਤਿਤਵ ਪ੍ਰਮਾਣਿਕਤਾ ਦੀ ਸਿਖ਼ਰ ਛੂੰਹਦਾ ਹੈ।

ਨੈਨਤਾਰਾ ਨਜਮਾ ਦੀ ਧੀ ਹੈ। ਉਸਦਾ ਜਨਮ ਨਜਮਾ ਨਾਲ਼ ਸਰਵਰ ਵੱਲੋਂ ਕੁੱਤਿਆਂ ਦੇ ਡੇਰੇ ਵਿਖੇ ਧੱਕੇ ਨਾਲ਼ ਕੀਤੇ ਜਬਰ-ਜਨਾਹ ਦੇ ਫਲਸਰੂਪ ਹੋਇਆ। ਸਰਵਰ ਨੂੰ ਦਾਈ ਹਾਕਾਂ ਨੇ ਦੱਸਿਆ ਸੀ ਕਿ ਬੱਚੀ ਨੂੰ ਗਲ-ਅੰਗੂਠਾ ਦੇ ਕੇ ਮਾਰਕੇ ਦਬਾ ਦਿੱਤਾ ਹੈ ਪਰ ਅਸਲ ਵਿੱਚ ਉਸਨੇ 120 ਰੁਪਏ ਵਿੱਚ ਸ਼ਾਦੋ ਕੰਜਰੀ ਨੂੰ ਵੇਚ ਦਿੱਤੀ ਸੀ। ਇਹ ਭੇਦ ਦਾਈ ਹਾਕਾਂ ਨੇ ਨਜਮਾ ਅੱਗੇ ਮਰਨ ਤੋਂ ਪਹਿਲਾਂ ਖੋਲ੍ਹ ਦਿੱਤਾ ਸੀ। ਖ਼ਾਲਿਦ ਅਤੇ ਅਨਵਰ ਦੇ ਜਤਨਾਂ ਨਾਲ਼ ਉਸਨੂੰ ਖ਼ਾਲਿਦ ਨੇ ਯਤੀਮ ਸਮਝਕੇ ਸ਼ਰਨ ਦਿੱਤੀ ਪਰ ਖ਼ਾਲਿਦ ਦੀ ਪਤਨੀ ਜ਼ੀਨਤ ਨੇ ਇਸਨੂੰ ਬਰਦਾਸ਼ਤ ਨਾ ਕੀਤਾ। ਫਲਸਰੂਪ ਨੈਨਤਾਰਾ ਨੂੰ ਲੜਕੀਆਂ ਦੇ ਹੋਸਟਲ ਜਾਣਾ ਪਿਆ। ਜ਼ੀਨਤ ਨੇ ਉਸਦੇ ਘਰ ਆਉਣ ਨੂੰ ਘਰ ਨੂੰ ਪਲੀਤ ਕਰਨਾ ਦੱਸਿਆ। ਸਲੀਮ ਨੇ ਉਸ ਨਾਲ਼ ਪਿਆਰ ਸੰਬੰਧ ਕਾਇਮ ਕੀਤੇ ਪਰ ਇਹ ਸੰਬੰਧ ਵੀ ਨਾਵਲ ਦੇ ਅਖ਼ੀਰਲੇ ਪੰਨਿਆਂ ਤੱਕ ਪੂਰ ਨਾ ਚੜ੍ਹ ਸਕੇ। ਜੂਰੇ ਨੇ ਬਾਸੂ ਦੇ ਘਰ ਨਜਮਾ ਤੇ ਨੈਨਤਾਰਾ ਦੀ ਰੱਖਿਆ ਕਰਦਿਆਂ ਸਰਵਰ ਦੇ ਭਤੀਜੇ ਫ਼ਲਕ ਸ਼ੇਰ ਨੂੰ ਮਾਰ ਦਿੱਤਾ। ਮੀਆਂ ਤੀਫ਼ਾ ਨੇ ਮਾਂ-ਧੀ ਦੇ ਬਾਸੂ ਦੇ ਘਰ ਹੋਣ ਨੂੰ ਮਸੀਤ ਦੇ ਲਾਊਡ ਸਪੀਕਰ ਤੋਂ ਨਿੰਦਿਆ ਸੀ :

"....ਜਿਹੜੇ ਘਰ ਵਿੱਚ ਹਰਾਮ ਦਾ ਇੱਕ ਜੀਅ ਹੋਵੇ ਓਸ ਘਰ ਦੀ ਹਰ ਚੀਜ਼ ਹਰਾਮ ਹੋ ਜਾਂਦੀ ਹੈ। ਅਜਿਹੇ ਘਰ ਨਾਲ਼ ਤਾਅਲੁਕਾਤ ਵਾਸਤਾ ਰੱਖਣਾ ਵੱਡਾ ਗੁਨਾਹ ਹੈ। ਅੱਲ੍ਹਾ ਤਾਅਲਾ ਝੂਠਿਆਂ ਅਤੇ ਹਰਾਮਕਾਰਾਂ ਨੂੰ ਸੰਗਸਾਰ ਕਰਨ ਦਾ ਹੁਕਮ ਦਿੱਤਾ ਹੈ।"[47]

ਨਾਵਲ ਦੇ ਪਾਠਕ ਅਕਸਰ ਬਹੁਤੇ ਪੰਨਿਆਂ 'ਚ ਥਾਂ ਘੇਰਨ ਵਾਲੇ ਕਿਸੇ ਪਾਤਰ ਨੂੰ ਮਹੱਤਵਪੂਰਨ ਸਮਝਣ ਦਾ ਭੁਲੇਖਾ ਖਾ ਸਕਦੇ ਹਨ। ਪਰ ਇਨਸਾਨੀ ਗੁਣਾਂ ਵਾਲੇ ਕਿਸੇ ਪਾਤਰ ਬਾਰੇ ਨਾਵਲਕਾਰ ਕਈ ਵਾਰ ਇੱਕ ਦੋ ਪੰਨਿਆਂ ਵਿੱਚ ਵਰਨਣ ਕਰ ਜਾਂਦੇ ਹਨ। ਅਜਿਹਾ ਹੀ ਰੌਲਿਆਂ ਸਮੇਂ ਜ਼ਮੀਰ ਹਲੂਣੀ ਜਾਣ ਵਾਲੇ ਇੱਕ ਪਾਤਰ ਦਾ ਇਸ ਨਾਵਲ ਵਿੱਚ ਜ਼ਿਕਰ ਹੋਇਆ ਹੈ, ਉਸਦਾ ਨਾਂ ਹੈ **ਸੈਦੋ** ਤਰਖਾਣ। ਸੰਤਾਲੀ ਵੇਲੇ ਲੁੱਟ-ਮਾਰ ਕਰਨ ਵਾਲੇ ਇੱਕ ਮੁਸਲਿਮ ਜਥੇ ਦਾ ਆਗੂ ਸੀ- ਤਾਜਾ। ਉਹ ਲੱਕੜੀਆਂ ਚੀਰਦੇ ਸੈਦੂ ਤਰਖਾਣ ਕੋਲੋਂ ਲੰਘਿਆ ਤੇ ਕਹਿਣ ਲੱਗਾ ਕਿ ਤੂੰ ਲੱਕੜਾਂ ਹੀ ਚੀਰੀਂ ਜਾਨੈਂ, ਅਸੀਂ ਕਾਫ਼ਰਾਂ ਦੇ ਡੱਕਰੇ ਕਰ ਰਹੇ ਹਾਂ। ਸਾਡਾ ਸਾਥ ਦੇਹ। ਥਾਣੇਦਾਰ ਫ਼ਜ਼ਲਸ਼ਾਹ ਦੇ ਹੁਕਮ ਅਨੁਸਾਰ ਹਿੰਦੂ-ਸਿੱਖਾਂ ਦੇ ਕਾਫ਼ਲੇ ਨੂੰ ਸੁਰੱਖਿਅਤ ਕੈਂਪ ਵਿੱਚ ਛੱਡਣ ਦਾ ਹੁਕਮ

ਹੋਇਆ। ਸੈਦੋ ਤਰਖਾਣ ਵੀ ਚੱਲ ਪਿਆ ਪਰ ਉਸਨੂੰ ਕਿਸੇ ਕਾਫ਼ਰ ਨੂੰ ਵੱਢਣ ਦਾ ਸੁਆਦ ਨਾ ਆਇਆ ਜਿਵੇਂ ਕਿ ਉਸਨੂੰ ਤਾਜਾ ਕਹਿੰਦਾ ਸੀ ਕਿ ਸੁਆਦ ਹੀ ਵੱਖਰਾ ਏ। ਤਾਜੇ ਨੇ ਸੈਦੋ ਨੂੰ ਜਥੇ ਤੋਂ ਪਿੱਛੇ ਰਹਿ ਜਾਣ ਦਾ ਸੰਕੇਤ ਕੀਤਾ। ਇੱਕ ਬੁੱਢਾ ਲੰਙ ਮਾਰਦਾ ਪਿੱਛੇ ਆ ਰਿਹਾ ਸੀ। ਸੈਦੋ ਨੇ ਉਸਨੂੰ ਲੰਮਾ ਪੈਣ ਤੇ ਸਿਰ ਪਿੱਛੇ ਕਰਨ ਲਈ ਆਖਿਆ। ਤੁਰੰਤ ਉਸਦੀ ਗਰਦਨ ਤੇ ਛੁਰਾ ਖੋਭ ਦਿੱਤਾ। ਬੁੱਢੇ ਨੇ ਹਾਏ ਬੂ ਬਿਲਕੁੱਲ ਨਾ ਕੀਤੀ। ਸੈਦੂ ਨੂੰ ਉਸਤੋਂ ਭੈਅ ਆਉਣ ਲੱਗ ਪਿਆ। ਸੈਦੂ ਪਛਤਾਇਆ ਕਿ ਉਸ ਪਹਿਲਾਂ ਹੀ ਮਰੇ ਬੰਦੇ ਨੂੰ ਮਾਰ ਦਿੱਤਾ। ਕਤਲ ਹੋਣ ਵਾਲੇ ਦੀਆਂ ਬਿਟ ਬਿਟ ਕਰਦੀਆਂ ਅੱਖਾਂ ਉਸਦਾ ਹਮੇਸ਼ਾ ਪਿੱਛਾ ਕਰਦੀਆਂ ਰਹਿੰਦੀਆਂ ਸਨ। ਛੁਰੀ ਨਹਿਰ ਵਿੱਚ ਸੁੱਟਕੇ ਉਹ ਪਿੱਛੇ ਵੱਲ ਨੱਸਿਆ। ਉਸਦੀ ਅੰਤਹ-ਕਰਨ/ਜ਼ਮੀਰ 'ਤੇ ਬੋਝ ਪੈ ਗਿਆ। ਇਹ ਜ਼ਮੀਰ ਕੀ ਹੈ ? ਇਸ ਬਾਰੇ ਮਾਰਟਿਨ ਹਾਡੀਡਿਗਰ ਲਿਖਦਾ ਹੈ :

"Conscience is the call of the self to the self-the authentic self to the fallen self. It belongs to the very structure of man's being as having a relation to himself."[48]

ਅਰਥਾਤ ਜ਼ਮੀਰ ਸਵੈ ਨੂੰ ਸਵੈ ਦਾ ਬੁਲਾਵਾ ਹੁੰਦਾ ਹੈ-ਪ੍ਰਮਾਣਿਕ ਅਸਤਿਤਵ ਦੀ ਪਤਿਤ ਅਸਤਿਤਵ ਨੂੰ ਆਵਾਜ਼ ਹੁੰਦੀ ਹੈ। ਇਸਦਾ ਸੰਬੰਧ ਬੰਦੇ ਦੀ ਹੋਂਦ ਦੀ ਬਣਤਰ ਨਾਲ਼ ਹੁੰਦਾ ਹੈ ਜਿਸਦਾ ਉਸਦੀ ਖ਼ੁਦੀ ਨਾਲ਼ ਰਿਸ਼ਤਾ ਹੁੰਦਾ ਹੈ।

ਅਜਿਹੀ ਜ਼ਮੀਰ ਉਦੋਂ ਜਾਗਦੀ ਹੈ ਜਦੋਂ ਬੰਦਾ ਭੀੜ ਤੋਂ ਵੱਖ ਹੋ ਕੇ ਪੂਰੀ ਚਿੰਤਾ ਵਿੱਚ ਆਪਣੇ ਸਵੈ ਦੇ ਸਨਮੁਖ ਹੁੰਦਾ ਹੈ।

ਸੈਦੂ ਨਾਲ਼ ਵੀ ਅਜਿਹਾ ਹੀ ਵਾਪਰਦਾ ਹੈ। ਉਸ ਤੋਂ ਬਾਅਦ ਉਹ ਘੱਟ ਬੋਲਦਾ ਹੈ। ਉਸਦਾ ਹਾਸਾ ਉੱਡ ਗਿਆ ਹੈ। ਕਿਸੇ ਦੇ ਸਵਾਲ ਦਾ ਜਵਾਬ ਕੇਵਲ 'ਹਾਂ' 'ਨਾਂ' ਵਿੱਚ ਦਿੰਦਾ ਹੈ। ਨਮਾਜ਼ ਪੜ੍ਹਦਾ ਹੈ ਪਰ ਲੋਕਾਂ ਤੋਂ ਵੱਖਰਾ ਹੋ ਕੇ। ਲੋਕੀ ਨਮਾਜ਼ ਪੜ੍ਹਕੇ ਚਲੇ ਜਾਂਦੇ। ਉਹ ਵੁਜ਼ੂ ਹੀ ਕਰਦਾ ਰਹਿੰਦਾ। ਉਹ ਕਤਲ ਦੀ ਵਾਰਦਾਤ ਦਾ ਵੀ ਕਿਸੇ ਨਾਲ਼ ਜ਼ਿਕਰ ਨਹੀਂ ਕਰਦਾ। ਥੋੜਾ ਬਹੁਤ ਤਾਜੇ ਨੂੰ ਪਤਾ ਹੋ ਸਕਦਾ ਹੈ। ਮੌਲਵੀ ਉਸਨੂੰ ਇੱਕ ਦਿਨ ਕਹਿੰਦਾ ਹੈ :

"ਨਮਾਜ਼ ਸੁਣਾ"

"ਕਿਉਂ ?"

"ਤਾਂ ਜੋ ਪਤਾ ਲੱਗੇ ਤੈਨੂੰ ਆਉਂਦੀ ਏ ਕਿ ਨਹੀਂ ?"

"ਜਿਵੇਂ ਦੀ ਵੀ ਆਉਂਦੀ ਏ ਇਹ ਮੇਰਾ ਤੇ ਰੱਬ ਦਾ ਮਾਮਲਾ ਏ ਤੁਹਾਨੂੰ ਕਿਉਂ ਸੁਣਾਵਾਂ ?"[49]

ਅਜਿਹਾ ਪ੍ਰਤੀਤ ਹੁੰਦਾ ਹੈ ਕਿ ਉਸਦੇ ਗੁਨਾਹ ਨੇ ਉਸਨੂੰ ਚਿੰਤਾ ਵਿੱਚ ਡੁਬੋ ਦਿੱਤਾ। ਇਉਂ ਚਿੰਤਾ ਵਿੱਚ ਡੁੱਬਿਆ ਉਹ ਰੱਬ ਵੱਲ ਹੋ ਟੁਰਿਆ। ਧਾਰਮਿਕ ਅਸਤਿਤਵਵਾਦੀਆਂ ਅਨੁਸਾਰ :

In anxiety man is disclosed to himself in his specific creatureliness, and it is anxiety, therefore, which makes possible the quest of God.[50]

ਕੁੱਲ ਮਿਲਾਕੇ ਇਹ ਨਾਵਲ ਪਾਕਿਸਤਾਨ ਦੇ ਹਾਲਾਤ ਵਿੱਚ ਵਿਚਰਦੇ ਵਿਭਿੰਨ ਸ਼੍ਰੇਣੀਆਂ ਦੇ ਵਿਅਕਤੀਆਂ ਦਾ ਪ੍ਰਮਾਣਿਕ ਅਤੇ ਅਪ੍ਰਮਾਣਿਕ ਅਸਤਿਤਵ ਉਜਾਗਰ ਕਰਦਾ ਇੱਕ ਵਿਲੱਖਣ ਦਸਤਾਵੇਜ਼ ਹੋ ਨਿਬੜਿਆ ਹੈ।

(ਨੋਟ : ਨਾਵਲ ਵਿੱਚ ਬਾਸੂ ਦੇ ਪਿਤਾ ਦਾ ਨਾਂ ਕਿਤੇ ਕਰੀਮਦੀਨ ਹੈ ਅਤੇ ਕਿਤੇ ਕਰਮਦੀਨ)

*ਅਧਿਆਇ ਚੌਦਵਾਂ*

# ਮੁਸੱਲੀ

'ਮੁਸੱਲੀ' ਨਾਟਕ ਪਾਕਿਸਤਾਨੀ ਤਰੱਕੀ-ਪਸੰਦ ਅਦੀਬ ਮੇਜਰ ਇਸਹਾਕ ਮੁਹੰਮਦ ਦੀ ਪਲੇਠੀ ਪਰ ਉਦੇਸ਼-ਪੂਰਨ ਸਫ਼ਲ ਰਚਨਾ ਹੈ। ਇਹ ਇੱਕ ਸਥਾਪਤ ਸੱਚ ਹੈ ਕਿ ਜਿਸ ਰਚਨਾ ਵਿੱਚ ਵੀ ਮਾਨਵੀ ਕਿਰਦਾਰ ਕਿਸੇ ਨਾ ਕਿਸੇ ਰੂਪ ਵਿੱਚ ਸ਼ਾਮਲ ਹੁੰਦੇ ਹਨ, ਉਹ ਸਭ ਕਿਰਦਾਰ ਆਪਣੇ ਅਸਤਿਤਵ ਦਾ ਰਚਨਾ ਵਿੱਚ ਪ੍ਰਗਟਾਵਾ ਕਰਦੇ ਹਨ। ਤਰੱਕੀ ਪਸੰਦ ਰਚਨਾਵਾਂ ਵਿੱਚ ਪ੍ਰਸਤੁਤ ਪਾਤਰਾਂ ਦਾ ਅਸਤਿਤਵਵਾਦੀ ਅਧਿਐਨ ਆਪਣਾ ਵਿਸ਼ੇਸ ਮਹੱਤਵ ਰੱਖਦਾ ਹੈ ਕਿਉਂਜੋ ਅਜਿਹੇ ਪਾਤਰਾਂ ਦਾ ਕਿਰਦਾਰ ਹੀ ਮਾਨਵੀ ਜੀਵਨ ਨੂੰ ਅਗਾਂਹ-ਵਧੂ ਲੀਹਾਂ ਤੇ ਚੱਲਣ ਲਈ ਮਾਰਗ-ਦਰਸ਼ਨ ਵਿੱਚ ਮੋਢੀਆਂ ਵਾਲੀ ਭੂਮਿਕਾ ਨਿਭਾਉਣ ਵਿੱਚ ਸਹਾਈ ਹੁੰਦਾ ਹੈ। ਇਸ ਪ੍ਰਕਾਰ ਦਾ ਅਧਿਐਨ ਨਾਂਹ-ਪੱਖੀ ਰੋਲ ਅਦਾ ਕਰਨ ਵਾਲੇ ਪਾਤਰਾਂ ਦਾ ਵਿਸ਼ਲੇਸ਼ਨ ਕਰਨ ਵਿੱਚ ਵੀ ਸਹਾਈ ਹੁੰਦਾ ਹੈ।

'ਮੁਸੱਲੀ' ਨਾਟਕ ਤਿੰਨ ਅੰਕਾਂ ਵਿੱਚ ਵੰਡਿਆ ਹੋਇਆ ਹੈ, ਪਹਿਲੇ ਐਕਟ ਦੇ ਤਿੰਨ ਸੀਨ; ਦੂਜੇ ਦੇ ਦੋ ਸੀਨ ਅਤੇ ਤੀਜੇ ਐਕਟ ਦੇ ਤਿੰਨ ਸੀਨ ਹਨ। ਐਕਟ ਪਹਿਲਾ, ਸੀਨ ਪਹਿਲਾ, ਵਿੱਚ ਨਾਟਕਕਾਰ ਨੇ ਨਾਇਕ ਅਤੇ ਨਾਇਕਾ ਨੂੰ ਇੱਕ ਉਜਾੜ ਬੀਆਬਾਨ ਵਿੱਚ ਆਪਣੇ ਲੋੜੀਂਦੇ ਸਾਮਾਨ ਸਮੇਤ ਬੇਵਸੀ ਦੀ ਹਾਲਤ ਵਿੱਚ ਪੇਸ਼ ਕੀਤਾ ਹੈ। ਨਾਟਕ ਦੇ ਆਰੰਭ ਵਿੱਚ 'ਰੁੱਤਾ' ਨਾਇਕ ਸੁਲਤਾਨ ਬਾਹੂ ਦੀ ਸੀਹਰਫ਼ੀ ਦਾ ਇੱਕ ਬੰਦ ਕੰਨ 'ਤੇ ਹੱਥ ਧਰਕੇ ਪੂਰੀ ਦਰਦ ਭਰੀ ਆਵਾਜ਼ ਵਿੱਚ ਗਾਉਂਦਾ ਹੈ- "ਕਾਫ਼: ਕੂਕ ਦਿਲਾ, ਮਤਾਂ ਰੱਬ ਮੰਨੇ/ ਦਰਦਮੰਦਾਂ ਦੀਆਂ ਆਹੀਂ ਹੂ।" ਇਤਨੇ ਨੂੰ ਪੁਲੀਸ ਦਾ ਇੱਕ ਸਿਪਾਹੀ ਆਉਂਦਾ ਹੈ। ਜਿਸਨੂੰ 'ਸਾਬਾਂ' ਨਾਇਕਾ ਬਿਜੂ ਨਾਲ਼ ਤੁਲਨਾ ਦਿੰਦੀ ਹੈ। ਇਹ ਦੋਵੇਂ ਜਿਸ ਨਗਰ ਵਿੱਚੋਂ ਉਜੜਕੇ ਆਏ ਨੇ ਉਥੋਂ ਦਾ ਰਾਏ ਸਲਾਬਤ 'ਸਾਬਾਂ' ਨਾਲ਼ ਸ਼ਾਦੀ ਕਰਵਾਉਣੀ ਚਾਹੁੰਦਾ ਸੀ ਪਰ 'ਸਾਬਾਂ' ਤਾਂ ਪਹਿਲਾਂ ਹੀ 'ਰੁੱਤਾ' ਦੀ ਹੋ ਚੁੱਕੀ ਸੀ। ਜ਼ਦੋਂ ਰਾਏ ਸਲਾਬਤ ਨੂੰ ਉਸਦੇ ਪੇਟ ਵਿੱਚ ਕਿਸੇ ਹੋਰ ਦੇ ਬੱਚੇ (ਅਨਾਇਤੇ) ਦਾ ਪਤਾ ਚੱਲਦਾ ਹੈ ਤਾਂ 'ਰਾਏ' ਆਪਣੇ ਆਪ ਹੀ ਇਸ ਵਿਆਹ ਤੋਂ ਇਨਕਾਰ ਕਰ ਦਿੰਦਾ ਹੈ। ਇਸ ਉਜਾੜ ਵਿੱਚ ਆਉਣ ਤੋਂ ਪਹਿਲਾਂ ਉਹ 'ਅਨਾਇਤੇ' ਨੂੰ

ਉਸਦੀ ਦਾਦੀ ਪਾਸ ਛੱਡ ਚੁੱਕੇ ਹੁੰਦੇ ਹਨ। 'ਸਾਬਾਂ' ਦੀ ਮਮਤਾ ਆਪਣੇ ਪਿੱਛੇ ਰਹੇ ਬੱਚੇ ਲਈ ਮੋਹ ਦਾ ਪ੍ਰਗਟਾਵਾ ਕਰਦੀ ਹੋਈ ਉਦਾਸ ਹੁੰਦੀ ਹੈ ਪਰ 'ਰੁੱਤਾ' ਉਸ ਨੂੰ ਮੁਸੱਲੀ-ਜੀਵਨ ਤੇ ਝਾਤ ਪੁਆਉਂਦਾ ਸਮਝਾਉਂਦਾ ਹੈ ਕਿ ਉਨ੍ਹਾਂ ਦੇ ਸਦੀਆਂ ਤੋਂ ਤਿੰਨ ਹੁਨਰ ਹਨ ਜਿਨ੍ਹਾਂ ਸਦਕਾ ਉਹ ਦਿਨ-ਕਟੀ ਕਰਦੇ ਆ ਰਹੇ ਹਨ-ਇਹ ਹਨ 'ਕਰਾਂ ਪੈਰਾਂ ਦੀ ਵਰਤੋਂ,' ਚੋਰੀ ਤੇ ਝੁੰਮਰ। ਉਹ ਹਮੇਸ਼ਾ ਕਰਕੇ ਖਾਂਦੇ ਨੇ। ਕੰਮ ਨਾ ਲੱਭੇ ਚੋਰੀ ਕਰਦੇ ਹਨ ਪਰ ਮੰਗਦੇ ਨਹੀਂ। ਮੰਗਣ ਦੀ ਥਾਂ ਉਧਾਰ ਲੈ ਸਕਦੇ ਹਨ। ਉਨ੍ਹਾਂ ਲਈ ਕਿਸੇ ਵੀ ਕੰਮ ਦਾ ਮੇਹਣਾ ਨਹੀਂ। ਹਰ ਕੰਮ ਦੀ ਤਕਨੀਕ ਹੁੰਦੀ ਹੈ। ਬੰਦੇ ਨੂੰ ਕੰਮ ਕਰਨ ਦੀ ਜਾਚ ਨੂੰ ਹੀ ਤਕਨੀਕ ਕਹਿੰਦੇ ਹਨ। ਬਿਜਲੀ ਦੇ ਆਉਣ ਨਾਲ਼ ਉਨ੍ਹਾਂ ਦੀ ਚੋਰੀ ਦੀ ਤਕਨੀਕ ਨੂੰ ਢਾਹ ਲੱਗੀ ਹੈ। ਸੰਸਾਰ ਵਿੱਚ ਆ ਰਹੀ ਤਬਦੀਲੀ ਤੋਂ 'ਰੁੱਤਾ' ਪਰੇਸ਼ਾਨ ਹੈ। 'ਰੁੱਤਾ' ਕੁਵੇਲਾ ਹੁੰਦਾ ਵੇਖਕੇ ਸਾਹਮਣੇ 'ਸੱਯਦਾਂ' ਦੇ ਪਿੰਡ ਠਹਿਰਨ ਦੀ ਸੰਭਾਵਨਾ (Possibility) ਪ੍ਰਗਟ ਕਰਦਾ ਹੈ। ਸਿਪਾਹੀ ਦੇ ਮੁੜ ਆਉਣ ਤੇ ਉਹ ਦੱਸਦੇ ਹਨ ਕਿ ਉਹ ਰਾਏ ਸਲਾਬਤ ਦੀ ਝੋਕ ਤੋਂ ਉਜੜਕੇ ਆਏ ਹਨ। ਇਹੋ ਇਸ ਨਾਟਕ ਦੇ ਮੁੱਖ ਪਾਤਰਾਂ ਦੀ ਫੈਕਟੀਸਿਟੀ ਹੈ।

ਇਤਨੇ ਨੂੰ ਸੱਯਦ ਇਕਤਦਾਰ ਅਲੀ, ਇੱਕ ਵੱਡੇ ਸਰਦਾਰ ਦਾ ਪੁੱਤਰ, ਜੋ ਲਾਹੌਰ ਯੂਨੀਵਰਸਿਟੀ ਵਿੱਚ ਰਹਿਕੇ, ਮੁਸੱਲੀਆਂ ਬਾਰੇ ਥੀਸਿਸ ਲਿਖ ਰਿਹਾ ਹੈ, ਪ੍ਰਵੇਸ਼ ਕਰਦਾ ਹੈ ਅਤੇ ਮੁਢਲੀ ਜਾਣਕਾਰੀ ਉਪਰੰਤ ਆਪਣੇ ਘਰ ਵੱਖਰੇ ਕਮਰੇ ਵਿੱਚ ਉਨ੍ਹਾਂ ਦੀ ਠਹਿਰ ਕਰ ਦਿੰਦਾ ਹੈ। ਬਦਲੇ ਵਿੱਚ ਉਹ ਦੋਵੇਂ ਸੱਯਦਾਂ ਦੇ ਘਰ ਕੰਮ-ਕਾਰ ਕਰਨ ਲੱਗ ਜਾਂਦੇ ਹਨ। ਸੀਨ ਦੂਜੇ ਵਿੱਚ ਉਹ ਇਕਤਦਾਰ ਦੇ ਘਰ ਸੈੱਟ ਹੋ ਕੇ ਪ੍ਰਸੰਨ ਹਨ। ਇਸੇ ਸੀਨ ਵਿੱਚ ਇਕਤਦਾਰ ਮੁਸੱਲੀ ਰੁੱਤੇ ਨੂੰ ਉਨ੍ਹਾਂ ਦੀ ਇਤਿਹਾਸਕਤਾ ਤੋਂ ਚੇਤਨ ਕਰਦਾ ਹੋਇਆ ਦੱਸਦਾ ਹੈ :-

'ਰੁੱਤਿਆ, ਮੁਸੱਲੀ ਪੰਜਾਬ ਦਾ ਮੁੱਢ ਕਦੀਮ ਨੇ, ਮੁੱਢ ਕਦੀਮ। ਪੰਜਾਬ ਨੇ ਪਹਿਲਾਂ ਪਹਿਲ ਤੁਹਾਨੂੰ ਹੀ ਜਨਮ ਦਿੱਤਾ ਏ ਤੇ ਪਹਿਲਾਂ ਪਹਿਲ ਤੁਸੀਂ ਈ ਪੰਜਾਬ ਦੀ ਕੰਘੀ ਪੱਟੀ ਕੀਤੀ ਏ।'[1]

ਇਕਤਦਾਰ ਦੀਆਂ ਗੱਲਾਂ ਤੋਂ ਪ੍ਰਭਾਵਿਤ ਹੋ ਕੇ ਰੁੱਤਾ ਜੋ ਕਿ ਪੂਰੇ ਦਾ ਪੂਰਾ Being-in-itself ਸੀ, ਉਸ ਵਿੱਚ Being-for-itself ਬਣਨ ਦੀ ਸੰਭਾਵਨਾ ਉਜਾਗਰ ਹੁੰਦੀ ਵਿਖਾਈ ਦਿੰਦੀ ਹੈ :

ਰੁੱਤਾ : 'ਕਿੰਨੀ ਭੈੜੀ ਗੱਲ ਏ ਸ਼ਾਹ ਜੀ! ਆਪਣਾ ਵਜੂਦ
ਭੁਲਾ ਦਿੱਤਾ ਏ, ਜੀਹਨੇ ਆਪਣੇ ਆਪ ਨੂੰ ਨਾ ਲੱਧਾ,
ਉਹਨੇ ਰੱਬ ਨੂੰ ਨਾ ਲੱਧਾ?[2]

ਇਕਤਦਾਰ ਦੱਸਦਾ ਹੈ ਕਿ ਹਮਲਾਵਰਾਂ ਨੇ ਸਾਨੂੰ ਸਾਡੇ ਪੰਜਾਬੀ ਅਦਬ

ਤੋਂ ਵਿਛੋੜੀ ਰੱਖਿਆ। ਪੰਜਾਬ ਵਿੱਚ ਹੀ ਇਨਸਾਨੀ ਤਹਿਜ਼ੀਬ ਨੇ ਜਨਮ ਲਿਆ। ਇਹ ਤਹਿਜ਼ੀਬ 'ਹੜੱਪੇ' ਵਿੱਚ ਜਵਾਨ ਹੋਈ। ਤੀਜੇ ਸੀਨ ਵਿੱਚ ਪਤਾ ਲੱਗਦਾ ਹੈ ਕਿ ਇਕਤਦਾਰ 'ਰੁੱਤਾ' ਅਤੇ 'ਸਾਬਾਂ' ਨੂੰ ਰੋਜ਼ਾਨਾ 'ਆਪਣਾ ਮੂਲ ਪਛਾਣਨ' ਦੇ ਸਬਕ ਦਿੰਦਾ ਹੈ। ਇਕਤਦਾਰ, ਰੁੱਤਾ, ਸਾਬਾਂ ਤਿੱਖੇ ਸੰਵਾਦ (Dialogue) ਵਿੱਚ ਰੁੱਝੇ ਹੋਏ ਹਨ। 'ਰੁੱਤਾ' ਦੇ ਸੰਵਾਦ ਵਿੱਚ ਸਾਰੇ ਧਰਮਾਂ 'ਤੇ ਬ੍ਰਾਹਮਣੀ ਸੋਚ ਦਾ ਪ੍ਰਭਾਵ ਦਰਸਾਇਆ ਗਿਆ ਹੈ ਜਿਨ੍ਹਾਂ ਨੇ ਮੁਸੱਲੀਆਂ ਨੂੰ ਗੰਦ-ਮੰਦ ਦੇ ਕੰਮ ਤੇ ਹੀ ਲਾਈ ਰੱਖਿਆ :

ਰੁੱਤਾ : ਸ਼ਾਹ ਜੀ! ਭਿਕਸ਼ੂ, ਮੌਲਵੀ, ਗਿਆਨੀ ਤੇ ਪਾਦਰੀ,
ਬਾਹਮਣ ਦੇ ਭਾਵੇਂ ਸੌ ਦੁਸ਼ਮਣ ਹੋਵਣ, ਪਰ
ਏਹਨਾਂ ਸਾਰਿਆਂ ਉਹਦਾ ਫ਼ਲਸਫ਼ਾ ਨਾ ਛੱਡਿਆ।[3]

ਸਾਬਾਂ ਕਹਿੰਦੀ ਹੈ ਕਿ ਜਾਤ-ਪਾਤ ਨਾਲ਼ ਬੰਦੇ ਦੇ ਅਸਤਿਤਵ ਨੂੰ ਠੇਸ ਪਹੁੰਚਦੀ ਹੈ। ਉਸਦੀ ਰੂਹ ਉੱਕਾ ਹੀ ਮਰ ਜਾਂਦੀ ਹੈ। ਉਸਦਾ ਅਸਤਿਤਵ ਪਤਨਮੁਖੀ (Fallenness) ਹੋ ਕੇ ਵਿਅਕਤਿਤਵਹੀਣ (Depersonalize) ਹੋ ਜਾਂਦਾ ਹੈ। ਇੰਜ ਸਾਬਾਂ ਦੇ ਸ਼ਬਦਾਂ ਵਿੱਚ :

'ਤੇ ਆਪਣੇ ਆਪ ਈ ਕੰਨ੍ਹ ਪੰਜਾਲੀ ਥੱਲੇ ਡਾਹ ਦਿੰਦਾ ਏ।[4]

ਇਕਤਦਾਰ ਉੱਠਕੇ ਜਾਣ ਲੱਗਦਾ ਹੈ। ਰੁੱਤਾ ਉਸਨੂੰ ਕੁੱਝ ਦੇਰ ਹੋਰ ਬੈਠਣ ਲਈ ਮਨਾ ਲੈਂਦਾ ਹੈ। ਸਚੇਤ ਜਾਂ ਅਚੇਤ ਮੇਜਰ ਇਸਹਾਕ ਮੁਹੰਮਦ ਅਸਤਿਤਵਵਾਦ ਦੇ ਤਿੰਨ ਮੁੱਖ ਨੁਕਤੇ ਜੋ ਅਸੀਂ ਮਾਰਟਿਨ ਹਾਈਡਿਗਰ (Martin Heidegger) ਦਾ ਅਧਿਐਨ ਕਰਦਿਆਂ ਵੇਖੇ ਹਨ, ਆਪਣੇ ਪਾਤਰਾਂ ਦੇ ਸੰਵਾਦ ਦੁਆਰਾ ਇੰਜ ਪੇਸ਼ ਕਰ ਜਾਂਦਾ ਹੈ :

ਰੁੱਤਾ : ਇਹ ਖ਼ੁਦੀ (ਅਸਤਿਤਵ ?) ਦੀ ਗੱਲ ਏ।
ਖ਼ੁਦੀ ਦੀਆਂ ਤ੍ਰੈ-ਮੰਜ਼ਿਲਾਂ ਨੇ, ਜਿਵੇਂ ਇੱਕ
ਰੁੱਖ ਦੇ ਤਿੰਨ ਹਿੱਸੇ ਹੋਂਦੇ ਨੇ-ਜੜ੍ਹਾਂ, ਤਨਾ ਫਲ।

ਸਾਬਾਂ : ਖ਼ੁਦੀ ਦੀਆਂ ਜੜ੍ਹਾਂ ਤੇ ਹੋਈਆਂ ਤਾਰੀਖ਼ ਦਾ ਡੂੰਘਾ
ਵੇਰਵਾ ਤੇ ਤਨਾ, ਜਿਸ ਸੋਸਾਇਟੀ ਵਿੱਚ ਬੰਦਾ
ਜੀਉਂਦਾ ਹੋਵੇ, ਓਹਦਾ ਪਤਾ-ਥਹੁ।

ਰੁੱਤਾ : ਤੇ ਖ਼ੁਦੀ ਦਾ ਫਲ ਹੋਇਆ ਜੋ ਬੰਦਾ ਅੱਗੇ ਕਰਨਾ
ਚਾਹਵੇ ਤੇ ਕਰ ਸਕਦਾ ਹੋਵੇ। ਉਹਦਾ ਇਰਾਦਾ,
ਓਹਦਾ ਆਦਰਸ਼।

ਸਾਬਾਂ : ਜੋ ਬੀਤ ਚੁੱਕੀ, ਜੋ ਬੀਤ ਰਹੀ, ਜੋ ਬੀਤਸੀ-

ਇਹ ਤਿੰਨੋਂ ਮਿਲਕੇ ਬੰਦੇ ਦੀ ਖ਼ੁਦੀ ਬਣਦੀਆਂ ਹਨ[5]

ਅਸਤਿਤਵਵਾਦੀ ਦ੍ਰਿਸ਼ਟੀ ਤੋਂ ਇਨ੍ਹਾਂ ਤਿੰਨਾਂ ਹਾਲਤਾਂ ਦਾ ਅਧਿਐਨ-ਇਤਿਹਾਸਕਤਾ (Historicity), ਤਥਾਤਮਕਤਾ (Facticity), ਅਤੇ ਸੰਭਾਵਨਾ (Possibility) ਦੇ ਅੰਤਰਗਤ ਕੀਤਾ ਜਾਂਦਾ ਹੈ।

ਇਤਿਹਾਸ ਅਨੁਸਾਰ ਅਤੇ ਵਰਤਮਾਨ ਸਮੇਂ ਵਿੱਚ ਜੋ ਕੁੱਝ ਮੁਸੱਲੀਆਂ ਨਾਲ਼ ਹੋ ਚੁੱਕਾ ਜਾਂ ਹੋ ਰਿਹਾ ਹੈ, ਉਸਦੀ ਸਮਝ ਤਾਂ 'ਰੁੱਤਾ' ਨੂੰ ਪੈ ਗਈ ਹੈ ਪਰ ਉਹ ਅਗਲੇਰੀ ਸੰਭਾਵਨਾ ਬਾਰੇ ਇਕਤਦਾਰ ਤੋਂ ਮਾਰਗ-ਦਰਸ਼ਨ ਮੰਗਦਾ ਹੈ ਜਿਸਦਾ ਸਪਸ਼ਟ ਉੱਤਰ ਦਿੰਦਿਆਂ ਇਕਤਦਾਰ ਕਹਿੰਦਾ ਹੈ ਕਿ ਉਹ ਇਨਕਲਾਬ ਦੀ ਥਿਊਰੀ ਤਾਂ ਸਮਝਾ ਸਕਦਾ ਹੈ। ਪਰ ਇਸ ਨੂੰ ਅਮਲ ਵਿੱਚ ਲਿਆਉਣ ਲਈ ਉਨ੍ਹਾਂ ਨੂੰ ਕੋਈ ਹੋਰ ਗੁਰੂ ਧਾਰਨ ਕਰਨਾ ਪਵੇਗਾ। ਇਹ ਅਸਲ ਵਿੱਚ ਸਮਕਾਲੀ ਬੁੱਧੀਜੀਵੀਆਂ ਤੇ ਵਿਅੰਗ ਹੈ ਜੋ ਇਨਕਲਾਬੀ ਸਿਧਾਂਤ ਦੇ ਗਿਆਤਾ ਤਾਂ ਹਨ ਪਰ ਇਸਨੂੰ ਅਮਲ ਵਿੱਚ ਲਿਆਉਣ ਤੋਂ ਕੰਨੀਂ ਕਤਰਾਉਂਦੇ ਹਨ ਕਿਉਂਕਿ ਉਨ੍ਹਾਂ ਦੀਆਂ ਤਾਂ ਜੀਵਨ ਦੀਆਂ ਸਭ ਲੋੜਾਂ ਪੂਰੀਆਂ ਹਨ। ਇਥੇ ਇਕਤਦਾਰ ਗੁੱਡ-ਫੇਥ ਵਿੱਚ ਗੱਲ ਕਰ ਰਿਹਾ ਹੈ ਪਰ ਰੁੱਤਾ ਨੂੰ ਜੋ ਚੇਤਨਾ ਪ੍ਰਾਪਤ ਹੋ ਗਈ, ਉਸਨੇ ਉਸਨੂੰ ਬੇਚੈਨ ਕੀਤਾ ਹੋਇਆ ਹੈ। ਇਸ ਥਾਂ ਤੇ ਇਕਤਦਾਰ ਪ੍ਰਤਿਬਿੰਬਤ ਚੇਤਨਾ (Reflected consciousness) ਨੂੰ ਅਪ੍ਰਤੀਬਿੰਬਤ ਚੇਤਨਾ (unreflected consciousness) ਵਿੱਚ ਤਬਦੀਲ ਕਰ ਦਿੰਦਾ ਹੈ ਅਤੇ ਸੰਸਾਰ ਦੇ ਵੱਖ-ਵੱਖ ਮੁਸੱਲੀਆਂ ਦੇ ਨਾਂ ਦੱਸਣ ਲੱਗ ਪੈਂਦਾ ਹੈ ਜਿਵੇਂ ਰੂਮ ਵਿੱਚ ਸਪਾਰਟੀਕਸ, ਮੱਕੇ ਵਿੱਚ ਬਲਾਲ ਹਬਸ਼ੀ ਅਤੇ ਮਦੀਨੇ ਵਿੱਚ ਅਬੂ ਜ਼ਰਗੁਫ਼ਾਰੀ ਆਦਿ। ਇਕਤਦਾਰ ਹੜੱਪੇ, ਮੋਹਿੰਜੋਦਾਰੋ ਅਤੇ ਸਾਂਦਲਬਾਰ ਦੀ ਗੱਲ ਕਰਦਿਆਂ ਆਪਣੇ ਸੰਵਾਦ ਦੇ ਅਸਲ ਨੁਕਤੇ ਤੋਂ ਪਰਾਹਨ ਕਰਨ ਵਿੱਚ ਸਫ਼ਲ ਹੋ ਜਾਂਦਾ ਹੈ। ਉਹ ਜਾਤ-ਪਾਤ ਦੀ ਵਿਆਖਿਆ ਕਰਦਿਆਂ ਸਾਰਿਆਂ ਤੋਂ ਹੇਠ ਮੁਸੱਲੀਆਂ ਨੂੰ ਸਮਝਦਾ ਹੈ। ਮੁਸੱਲੀਆਂ ਪਾਸੋਂ ਜਲਾਦਾਂ ਦਾ ਕੰਮ ਲੈਣ ਸੰਬੰਧੀ ਸਾਬਾਂ ਆਪਣਾ ਸੰਵਾਦ ਪੇਸ਼ ਕਰਦੀ ਹੈ। ਇਕਤਦਾਰ ਦੇ ਸਿਧਾਂਤ ਅਨੁਸਾਰ ਜੇਕਰ ਰੁੱਤਾ ਅਤੇ ਸਾਬਾਂ ਆਪਣਾ ਅਸਤਿਤਵ ਬੁਲੰਦ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਵਿਵਸਥਾ ਦੀ ਪੌੜੀ ਨੂੰ ਉਲਟਾਉਣਾ ਪਵੇਗਾ, ਉਸਦਾ ਇਹ ਕਹਿਣਾ ਵੀ ਸੱਚ ਹੈ ਕਿ ਉਨ੍ਹਾਂ ਵਰਗੇ ਬੰਦਿਆਂ (ਮੱਧ-ਵਰਗ) ਨੂੰ ਇਸ ਉਲਟਾ ਨਾਲ਼ ਹੋਈ ਫ਼ਰਕ ਨਹੀਂ ਪੈਣਾ ਕਿਉਂਜੋ ਉਹ ਪਹਿਲਾਂ ਹੀ ਵਿਚਕਾਰਲੇ ਡੰਡੇ ਹਨ। ਇੰਜ ਇਕਤਦਾਰ ਮੱਧ-ਵਰਗ ਨੂੰ ਸੁਰੱਖਿਅਤ ਰੱਖਣ ਦਾ ਇਛੁੱਕ ਹੈ, ਉਹ ਇਹ ਵੀ ਸੁਝਾਓ ਦਿੰਦਾ ਹੈ ਕਿ ਮੱਧ-ਵਰਗ ਦੇ ਖਿਲਾਫ਼ ਉਨ੍ਹਾਂ ਨੂੰ ਕੁੱਝ ਕਰਨ ਦੀ ਲੋੜ ਨਹੀਂ, ਕੇਵਲ ਨਾਲ਼ ਮਿਲ ਕੇ ਰੱਖਣ ਦੀ ਲੋੜ ਹੈ। ਉਸਦੀ ਸਿੱਖਿਆ ਹੈ ਕਿ ਵਿਸ਼ਵਾਸ ਕੇਵਲ

ਹੇਠਲਿਆਂ ਤੇ ਕਰੋ। ਉਪਰਲਿਆਂ ਖ਼ਿਲਾਫ਼ ਸਾਂਝੇ ਤੌਰ ਤੇ ਚੱਲੋ। ਇਨਕਲਾਬ ਦਾ ਇਹੋ ਰਸਤਾ ਹੈ।

ਇਕਤਦਾਰ ਦਾ ਅੱਬਾ ਬੁੱਢਣਸ਼ਾਹ ਮੰਚ ਤੇ ਆਉਂਦਾ ਹੈ ਅਤੇ ਉਹ ਉਸ ਵੱਲੋਂ ਰੁੱਤਾ ਅਤੇ ਸਾਬਾਂ ਨੂੰ ਜ਼ਿਆਦਾ ਜਾਗਰਤ ਕਰਨ ਦਾ ਵਿਰੋਧ ਕਰਦਾ ਹੈ ਅਤੇ ਪਿੰਡ ਵਿੱਚ ਉਨ੍ਹਾਂ ਦੀਆਂ ਗਤੀਵਿਧੀਆਂ ਨਾਲ਼ ਪੈ ਰਹੇ ਮਾੜੇ ਪ੍ਰਭਾਵ ਵੱਲ ਸੰਕੇਤ ਕਰਦਾ ਹੈ। ਅੱਬਾ ਕਹਿੰਦਾ ਹੈ ਕਿ ਤੇਰਾ ਇਨ੍ਹਾਂ ਨੂੰ ਥਿਊਰੀ ਪੜ੍ਹਾਉਣ ਦਾ ਕੰਮ ਤਾਂ ਮੁੱਕ ਗਿਆ, ਹੁਣ ਇਹ ਆਪਣਾ ਕੰਮ ਸ਼ੁਰੂ ਕਰਨਗੇ। ਇਨ੍ਹਾਂ ਦੇ ਸਦੀਆਂ ਦੇ ਦੁੱਖਾਂ ਦਾ ਬੰਨ੍ਹ ਟੁੱਟਕੇ ਹੜ੍ਹ ਦੀ ਸੰਭਾਵਨਾ (Possibility) ਹੋ ਸਕਦੀ ਹੈ :

'ਏਹਨਾਂ ਮੁਸੱਲੀਆਂ ਦੀਆਂ ਸੱਧਰਾਂ ਦੀ ਰਾਵੀ ਅੱਗੇ ਹਜ਼ਾਰਾਂ ਸਾਲ ਦਾ ਪਹਾੜ ਡਿੱਗਿਆ ਹੋਇਆ ਹੈ। ਏਸ ਡੱਕੇ ਵਿੱਚ ਜ਼ਰਾ ਵੀ ਮੋਰੀ ਹੋ ਗਈ ਤਾਂ ਤੂਫ਼ਾਨਿ-ਨੂਹ ਦਾ ਸਮਾਂ ਬੱਝ ਜਾਵੇਗਾ।'[6]

ਬੁੱਢਣ ਸ਼ਾਹ ਯੂਨੀਵਰਸਿਟੀਆਂ ਦੀਆਂ ਪੜ੍ਹਾਈ ਨੂੰ ਮੁਲੱਮੇ ਵਾਲੀ ਦੱਸਦਾ ਹੈ ਜੋ ਤੇਜ਼ਾਬ ਦੇ ਇੱਕ ਕਤਰੇ ਨਾਲ਼ ਲਹਿ ਸਕਦਾ ਹੈ। ਨਾਲ਼ ਹੀ ਇਹ ਵੀ ਕਹਿੰਦਾ ਹੈ ਕਿ ਰੁੱਤਾ ਅਤੇ ਸਾਬਾਂ ਦੀ ਹਉਂ ਵਡੇਰੀ (Transcendence of ego) ਹੋ ਗਈ ਹੈ। ਉਹ ਆਪਣੇ ਪੁੱਤ ਨੂੰ ਇਸ ਹਉਂ ਦਾ ਪ੍ਰਮਾਣ ਪੇਸ਼ ਕਰਦਾ ਹੈ :

'ਵੇਖਦਾ ਨਹੀਂ, ਬੈਠੇ ਹੋਏ ਕਿਵੇਂ ਨੇ, ਜਿਵੇਂ ਕਿਤੇ ਜੰਜੇ ਉਤਰੇ ਹੋਵਣ। ਤੂੰ ਮੇਰੇ ਆਇਆਂ ਖਲੋ ਗਿਆ (ਭਾਵ ਸਤਿਕਾਰ ਵਿੱਚ) ਇਹ ਹੋਏ ਨੇ ਟਸ ਤੋਂ ਮਸ ?[7]

ਇਕਤਦਾਰ ਆਪਣੀ ਖੋਜ ਪ੍ਰਕਿਰਿਆ ਦੇ ਤਿੰਨ ਪੜਾਵਾਂ ਦੀ ਚਰਚਾ ਕਰਦਾ ਹੈ ਪਹਿਲਾ ਮੁਸੱਲਿਆਂ ਦੀ ਤਵਾਰੀਖ (ਹਿਸਟਰੀ); ਦੂਜਾ ਇਨ੍ਹਾਂ ਦੀ ਵਰਤਮਾਨ ਹਾਲਾਤ (ਫੈਕਟੀਸਿਟੀ) ਅਤੇ ਤੀਜਾ ਇਨ੍ਹਾਂ ਦਾ ਭਵਿੱਖ ਦਾ ਇਰਾਦਾ ਅਤੇ ਸੰਘਰਸ਼ (ਸੰਭਾਵਨਾ) ਪਹਿਲਾ ਭਾਗ ਤਾਂ ਕਿਤਾਬਾਂ ਵਿੱਚੋਂ ਮਿਲ ਗਿਆ। ਦੂਜਾ ਇਨ੍ਹਾਂ ਦੇ ਬੰਦਿਆਂ ਦੇ ਘਰੀਂ ਜਾ ਕੇ ਅਤੇ ਤੀਜਾ ਰੁੱਤਾ ਅਤੇ ਸਾਬਾਂ ਦੀ ਘਰੇ ਠਹਿਰ ਕਰਵਾਕੇ ਸਮਝ ਲਿਆ ਹੈ। ਬੁੱਢਣ ਸ਼ਾਹ ਦਾ ਵਿਚਾਰ ਹੈ ਕਿ ਮੁਸੱਲਿਆ ਨਾਲ਼ ਜ਼ਿਆਦਾ ਨੇੜਤਾ ਪੈਦਾ ਕਰਕੇ ਇਕਤਦਾਰ ਨੇ ਡੂੰਮਣਾ ਖੱਖਰ ਛੇੜ ਲਿਆ ਹੈ। ਇਕਤਦਾਰ ਦੱਸਦਾ ਹੈ ਕਿ ਇਨ੍ਹਾਂ ਬੇਘਰਿਆਂ ਨੂੰ ਰੜੀ ਵਿੱਚ ਝੁੰਮਰ ਪਾਉਂਦਿਆਂ ਵੇਖਕੇ ਉਹ ਇਨ੍ਹਾਂ ਨੂੰ ਘਰ ਲਿਆਇਆ ਸੀ ਪਰ ਇਹ ਤਾਂ ਨਿਰਾ ਬਾਰੂਦ ਸਾਬਤ ਹੋ ਰਹੇ ਹਨ। ਇਨ੍ਹਾਂ ਪੁਰਾਣਿਆਂ ਦੀਵਿਆਂ ਵਿੱਚ ਤਾਂ ਜਿੰਨ ਬੰਦ ਹੈ। ਇਨ੍ਹਾਂ ਨੂੰ ਇਲਮ ਦਾ ਥੋੜਾ ਜੇਹਾ ਜਾਗ ਲਾਇਆ, ਇਹ ਤਾਂ ਤੁਰੰਤ ਅਮਲ ਲਈ ਤਤਪਰ ਹੋ ਗਏ। ਅਜਿਹੀ ਸਥਿਤੀ ਵੇਖਕੇ ਇਕਤਦਾਰ ਚਿੰਤਾ (Anxiety) ਵਿੱਚ ਹੈ।'

ਬੁੱਢਣ ਸ਼ਾਹ ਆਪਣੇ ਪੁੱਤ ਨੂੰ ਚੌਕਸ ਕਰਦਾ ਹੈ ਕਿ ਉਸਨੇ ਬਲਾਵਾਂ ਵਾਲ਼ੀ ਪਟਾਰੀ ਦਾ ਮੂੰਹ ਖੋਲ੍ਹ ਦਿੱਤਾ ਹੈ। ਇਨਸਾਨ ਵਿੱਚ ਇਰਾਦਾ (Will to power) ਹੀ ਤਾਂ ਇੰਜਨ ਹੁੰਦਾ ਹੈ। ਮੱਕੇ ਦੇ ਬੱਦੂ ਅਜਿਹੀ ਮੋਟੀਵੇਸ਼ਨ ਨਾਲ਼ ਹੀ ਦੁਨੀਆਂ ਦੇ ਮਾਲਕ ਬਣੇ। ਚੀਨੀਆਂ ਨੂੰ ਖੰਭ ਲੱਗੇ। ਵੀਤਨਾਮ ਵਾਲੇ ਅਮਰੀਕਾ ਦੇ ਛੱਕੇ ਛੁਡਾ ਰਹੇ ਨੇ। ਰੁੱਤਾ ਤੇ ਸਾਬਾਂ ਤਾਂ ਤੇਰੀ ਮੋਟੀਵੇਸ਼ਨ ਦਾ ਤੁਰੰਤ ਹੀ ਪ੍ਰਭਾਵ ਕਬੂਲਣ-ਯੋਗ ਨੇ। ਅਜਿਹੇ ਵਿਚਾਰ ਹੀ ਨੀਤਸ਼ੇ ਰੱਖਦਾ ਸੀ :

"…….Even in the will of the servant found I the will to master."[8]

ਇੰਜ ਬੁੱਢਣ ਸ਼ਾਹ ਨੂੰ ਰੁੱਤੇ ਵਿੱਚੋਂ ਇਨਕਲਾਬ ਦੀ ਸੰਭਾਵਨਾ ਨਜ਼ਰ ਆਉਂਦੀ ਹੈ। ਉਹ ਆਪਣੀ ਪਤਨੀ (ਅੰਮਾਂ) ਨੂੰ ਸੰਬੋਧਨ ਕਰਦਿਆਂ ਕਹਿੰਦਾ ਹੈ:

"ਤੇਰੇ ਪੁੱਤ ਕੀ ਕਿਤਾਬ ਲਿਖਣੀ ਏ। ਉਹਨੇ ਤੇ ਦੀਬਾਚਾ (ਭਾਵ ਮੁੱਖਬੰਦ) ਹੀ ਲਿਖਿਆ ਏ (ਰੁੱਤੇ ਵੱਲ ਇਸ਼ਾਰਾ ਕਰਕੇ) ਕਿਤਾਬ ਲਿਖਣਗੇ ਏਹ ਸਾਡੀ ਰੱਤ ਨਾਲ਼।"[9]

ਇਹ ਅੱਗੋਂ ਵਾਪਰਨ ਵਾਲੀ ਮਾੜੀ ਘਟਨਾ ਦਾ ਪੂਰਵ ਸੰਕੇਤ ਹੈ।

ਥੀਸਿਸ ਦਾ ਕੰਮ ਨਿਬੜ ਜਾਣ ਤੇ ਇਕਤਦਾਰ ਆਪਣੇ ਅੱਬਾ ਅੰਮਾਂ ਨੂੰ ਪੁੱਛਦਾ ਹੈ ਕਿ ਰੁੱਤੇ ਤੇ ਸਾਬਾਂ ਨੂੰ ਰੱਖਣਾ ਹੈ ਜਾਂ ਟੋਰ ਦੇਈਏ ਤਾਂ ਉਸਦਾ ਅੱਬਾ ਅੰਮਾਂ ਦੇ ਸਾਬਾਂ ਨਾਲ਼ ਮੋਹ ਦੀ ਗੱਲ ਕਰਦਾ ਹੈ ਅਤੇ ਦੱਸਦਾ ਹੈ ਕਿ ਰੁੱਤੇ ਨੂੰ ਪੰਚਾਇਤ ਨੇ ਬੁਲਾਇਆ ਹੈ ਕਿਉਂਕਿ ਉਸਨੇ ਮੌਲਵੀ ਅਹਿਮਦ ਦੀਨ ਉੱਤੇ ਬੱਕਰੇ ਬੁਲਾਏ ਨੇ। ਇਮਾਮ-ਮਸਜਿਦ ਮੁਸੱਲੀ ਦਾ ਠੱਠਾ ਕਿਵੇਂ ਬਰਦਾਸ਼ਤ ਕਰ ਸਕਦਾ ਹੈ? ਉੱਧਰ ਰੁੱਤਾ ਵੀ ਆਪਣੇ ਆਪ ਨੂੰ ਮੁਸਲਿਮ ਸ਼ੇਖ਼ ਸਮਝਦਾ ਹੈ। ਰੁੱਤੇ ਨੂੰ ਮੌਲਵੀ ਤੇ ਇਹ ਗਿਲਾ ਹੈ ਕਿ ਉਹ ਉਹਨਾਂ ਵਰਗਾ ਕੰਮੀ ਹੁੰਦਾ ਹੋਇਆ ਚੌਧਰੀਆਂ ਦੇ ਨੇੜੇ ਕਿਉਂ ਲੱਗਿਆ ਹੋਇਆ ਹੈ।

ਦੂਜੇ ਐਕਟ ਦੇ ਪਹਿਲੇ ਦ੍ਰਿਸ਼ ਵਿੱਚ ਇਕਤਦਾਰ ਅਤੇ ਉਸਦਾ ਹਾਣੀ (ਨਾਦਿਰ) ਇੱਕ ਹੋਰ ਅਮੀਰ ਮੁੰਡਾ ਬੈਠੇ ਦਾਰੂ ਪੀਂਦੇ ਹਨ। ਇਕਤਦਾਰ ਉਸ ਨੂੰ ਆਪਣੀ ਖੋਜ ਬਾਰੇ ਦੱਸ ਰਿਹਾ ਹੈ। ਮੈਂ-ਤੂੰ (I thou) ਸੰਵਾਦ ਜਾਰੀ ਹੈ। ਇਕਤਦਾਰ ਨੇ ਅਮਰੀਕਨਾਂ ਦੇ ਕਹਿਣ ਤੇ ਤਵਾਰੀਖ਼ ਪੜ੍ਹੀ। ਮਾਰਕਸਵਾਦ ਪੜ੍ਹਿਆ। ਉਨ੍ਹਾਂ ਦੇ ਕਹਿਣ ਤੇ ਮੁਸੱਲੀਆਂ ਬਾਰੇ ਵਿਵਹਾਰਿਕ ਜਾਣਕਾਰੀ ਪ੍ਰਾਪਤ ਕੀਤੀ। ਮੁਸੱਲੀਆਂ ਬਾਰੇ ਉਸ ਦੱਸਿਆ ਕਿ ਇਹ ਖੇਤ-ਮਜ਼ਦੂਰ, ਮਿੱਲਾਂ ਦੇ ਕਾਮਿਆਂ ਆਦਿ ਦੀ ਕੈਟਾਗਰੀ ਵਿੱਚ ਆਉਂਦੇ ਹਨ। ਨਾਦਿਰ ਮੌਲਵੀ ਦੇ ਹਵਾਲੇ ਨਾਲ਼ ਉਚ-ਨੀਚ ਨੂੰ ਰੱਬ ਦੀ ਦੇਣ ਕਹਿੰਦਾ ਹੈ। ਸਾਬਾਂ ਕਮਰੇ ਵਿੱਚ ਆ ਕੇ ਕਬਾਬ ਦੀ ਪਲੇਟ ਰੱਖ ਜਾਂਦੀ ਹੈ। ਨਾਦਿਰ ਇਕਤਦਾਰ ਨੂੰ ਸਾਬਾਂ ਨਾਲ਼

ਜਬਰਦਸਤੀ ਕਰਨ ਲਈ ਪ੍ਰੇਰਦਾ ਹੈ ਅਤੇ ਦੱਸਦਾ ਹੈ ਕਿ ਉਸਨੇ ਤਾਂ ਕਦੇ ਕਿਸੇ ਮੁਜ਼ਾਰਨ ਨੂੰ ਮਾਫ਼ ਨਹੀਂ ਕੀਤਾ ਪਰ ਇਕਤਦਾਰ ਦਾ ਹੀਆ ਨਹੀਂ ਪੈਂਦਾ। ਨਾਦਿਰ ਰੁੱਤੇ ਨੂੰ ਕਿਧਰੇ ਬਾਹਰ ਭੇਜਣ ਦਾ ਸੁਝਾਓ ਦਿੰਦਾ ਹੈ ਜਿਸਨੂੰ ਇਕਤਦਾਰ ਪੈਸੇ ਨਾਲ਼ ਹੱਲ ਕਰਨਾ ਲੋਚਦਾ ਹੈ ਪਰ ਉਹ ਆਪਣੀ ਤਬੀਅਤ ਨੂੰ ਸ਼ਹਿਰ ਰਹਿਕੇ, ਸੋਹਲ ਹੋ ਗਈ ਵੀ ਮੰਨਦਾ ਹੈ ਜੋ ਬੈਠੇ ਉੱਤੇ ਬੰਦੂਕ ਨਹੀਂ ਚਲਾ ਸਕਦਾ। ਸਾਈਮਨ ਡੀ-ਬੋਵੇਰ ਨੇ ਸ਼ਾਇਦ ਇਸੇ ਸਥਿਤੀ ਸੰਬੰਧੀ ਲਿਖਿਆ ਹੋਣੈਂ :

"No one is more arrogant towards women, more aggressive or scornful than the man who is anxious about his virility."[10]

ਨਾਦਿਰ ਤਾਂ ਇਕਤਦਾਰ ਨੂੰ ਕਮਰੇ 'ਚ ਆਉਂਦੀ ਨੂੰ ਹੀ ਢਾਹ ਲੈਣ ਦਾ ਸੁਝਾਓ ਦਿੰਦਾ ਹੈ। ਦਾਰੂ ਪੀ ਕੇ ਗੱਲਾਂ ਉਪਰੰਤ ਉਹ ਲੁੱਡੀ ਪਾਉਂਦੇ ਹਨ। ਸਾਬਾਂ ਨੂੰ ਬੁਲਾਇਆ ਜਾਂਦਾ ਜੋ ਲੁੱਡੀ ਦਾ ਇੱਕ ਚੱਕਰ ਲਾ ਕੇ ਚਲੀ ਜਾਂਦੀ ਹੈ। ਅਜਿਹਾ ਹੋਣ ਤੇ ਨਾਦਿਰ ਹਤਕ ਮਹਿਸੂਸ ਕਰਦਾ ਹੈ। ਫਿਰ ਉਹ ਇੱਕ ਦੂਜੇ ਨੂੰ ਨੀਵੀਂ ਜਾਤ ਦੇ ਮੇਹਣੇ ਮਾਰਨ ਲੱਗ ਜਾਂਦੇ ਹਨ।

ਐਕਟ ਦੂਜੇ ਦੇ ਦੂਜੇ ਦ੍ਰਿਸ਼ ਵਿੱਚ ਰੁੱਤੇ ਨੂੰ ਲਾਂਭੇ ਭੇਜੇ ਜਾਣ ਦਾ ਹੁਕਮ ਸੁਣਾਇਆ ਜਾਂਦਾ ਹੈ। ਰੁੱਤਾ ਆਉਣ ਵਾਲੇ ਖ਼ਤਰੇ ਦੀ ਸੰਭਾਵਨਾ ਤੋਂ ਵਾਕਫ਼ ਹੈ। ਜਾਣ ਤੋਂ ਪਹਿਲਾਂ ਸਾਬਾਂ ਨੂੰ ਸਾਵਧਾਨ ਕਰਦਾ ਹੈ ਕਿ ਉਹ ਪੈਸਿਆਂ ਦੇ ਲਾਲਚ ਵਿੱਚ ਨਾ ਆ ਜਾਵੇ। **ਪਰ ਅਸਤਿਤਵਵਾਦੀਆਂ ਅਨੁਸਾਰ ਪੈਸਿਆਂ ਨਾਲ਼ ਅਸਤਿਤਵ ਖਰੀਦਿਆ ਨਹੀਂ ਜਾ ਸਕਦਾ, ਨਾ ਹੀ ਇਹ ਪੈਸਿਆਂ ਨਾਲ਼ ਬਣਦਾ ਹੈ।** ਰੁੱਤਾ ਜਾਂਦਾ ਹੋਇਆ ਸਾਬਾਂ ਨੂੰ 'ਹੜੱਪੇ' ਦੀ ਲਾਜ ਰੱਖਣ ਲਈ ਕਹਿੰਦਾ ਹੈ। ਅਤਰ ਦੀਆਂ ਖ਼ੁਸ਼ਬੋਆਂ ਲੱਦਾ ਇਕਤਦਾਰ ਹਾਜ਼ਰ ਹੁੰਦਾ ਹੈ। ਸਾਬਾਂ ਨੂੰ ਸੋਫ਼ੇ ਤੇ ਬਰਾਬਰ ਬੈਠਣ ਲਈ ਕਹਿੰਦਾ ਹੈ। ਇਕਤਦਾਰ ਹੀਰ ਨੂੰ ਪੰਜਾਬ ਦੇ ਮੱਥੇ ਦਾ ਟਿੱਕਾ ਕਹਿੰਦਾ ਹੈ, ਸਾਬਾਂ ਆਪਣੇ ਆਪ ਨੂੰ ਹੜੱਪੇ ਦੇ ਮੱਥੇ ਦਾ ਟਿੱਕਾ ਕਹਿੰਦੀ ਹੈ। ਸਾਬਾਂ ਦੇ ਹੁਸਨ ਦੀ ਤਾਰੀਫ਼ ਕਰਦਾ ਇਕਤਦਾਰ ਉਸ ਵੱਲ ਵਧਦਾ ਹੈ। ਖੀਸੇ 'ਚੋਂ ਕੱਢਕੇ ਨੋਟ ਪੇਸ਼ ਕਰਦਾ ਹੈ। ਇਕਤਦਾਰ ਜਬਰਦਸਤੀ ਕਰਨ ਲੱਗਦਾ ਹੈ, ਸਾਬਾਂ ਉਸਨੂੰ ਧੱਕਾ ਦੇ ਕੇ ਪਰੇ ਸੁੱਟਦੀ ਹੈ। ਉਸਦੀਆਂ ਚੂੜੀਆਂ ਟੁੱਟ ਜਾਂਦੀਆਂ ਹਨ। ਇਕਤਦਾਰ ਨੂੰ ਪਲੰਘ 'ਤੇ ਪਾਉਣ ਲੱਗਦੀ ਹੈ। ਰੁੱਤਾ ਦਾਖ਼ਲ ਹੁੰਦਾ ਹੈ। ਇਕਤਦਾਰ ਨੂੰ ਸਿਰ ਵਿੱਚ ਡਾਂਗ ਮਾਰਕੇ ਮਾਰ ਦਿੰਦਾ ਹੈ। ਸਾਬਾਂ ਆਪਣੇ **ਅਸਤਿਤਵ ਦੀ ਪ੍ਰਮਾਣਿਕਤਾ (Authenticity) ਪੇਸ਼ ਕਰਦੀ ਹੋਈ ਕਹਿੰਦੀ ਹੈ:**

"ਚੂੜੀਆਂ ਕਦੀ ਪਵਾਂਦੀ ਵੱਲ ਵੀ ਭੱਜੀਆਂ ਨੇ। ਔਹ ਵੇਖ ਮੇਰੇ ਦਰਕਾਰੇ ਹੋਏ ਨੋਟ। ਧੱਕਾ ਦੇ ਕੇ ਵਿਚਾਰੇ ਨੂੰ ਸੁੱਟ ਛੱਡਿਆ ਹਈ। ਹੁਣ ਪਲੰਘ ਤੇ ਪਾਉਂਦੀ ਪਈ ਸਾਂ, ਲੋਹੜਾ ਕੀਤਾ ਈ।"[11]

ਰੁੱਤਾ ਉਸਦੇ ਸਾਰੇ ਗਹਿਣੇ ਲੁਹਾ ਲੈਂਦਾ ਹੈ ਤਾਂ ਕਿ ਇਨ੍ਹਾਂ ਨਾਲ਼ ਮੁਕੱਦਮਾ ਲੜ ਸਕੇ। ਉਸਦੇ ਦੌੜ ਜਾਣ ਤੇ ਸਾਬਾਂ ਸ਼ੋਰ ਮਚਾਉਂਦੀ ਹੈ ਕਿ ਕੋਈ ਸਾਹਿਬ ਜੀ ਨੂੰ ਮਾਰ ਗਿਆ। ਬੁੱਢਣ ਸ਼ਾਹ ਤੇ ਅੰਮਾਂ ਦੋਵੇਂ ਵੈਣ ਪਾਉਂਦੇ ਹਨ ਬੁੱਢਣ ਸ਼ਾਹ ਆਪਣੇ ਪੁੱਤ ਦੇ ਅਜਾਈਂ ਜੀਵਨ ਗੁਆ ਦੇਣ 'ਤੇ ਦੁਖੀ ਹੈ। ਉਸਨੂੰ ਦੁੱਖ ਹੈ ਕਿ ਉਸਦਾ ਪੁੱਤਰ ਨਾ ਹੀਰੋ ਬਣ ਸਕਿਆ, ਨਾ ਵਿਲੇਨ। ਏਦੂੰ ਤਾਂ ਕਮਿਊਨਿਸਟ ਹੀ ਬਣ ਜਾਂਦਾ। ਉਹ ਤਾਂ ਵਿੱਚ ਵਿਚਾਲੇ ਹੀ ਲਟਕਦਾ ਰਹਿ ਗਿਆ।

ਥਾਣੇਦਾਰ ਚੌਧਰੀ ਹਸਨ ਮੁਹੰਮਦ ਦੇ ਆਉਣ ਤੇ ਬੁੱਢਣ ਸ਼ਾਹ ਨੂੰ ਆਪਣੀ ਇੱਜ਼ਤ ਬਚਾਉਣ ਦੀ ਕਾਹਲ ਪੈ ਜਾਂਦੀ ਹੈ। ਉਹ ਥਾਣੇਦਾਰ ਨੂੰ ਰਿਸ਼ਵਤ ਦਿੰਦਾ ਹੈ। ਥਾਣੇਦਾਰ ਤਫ਼ਤੀਸ਼ ਕਿਸੇ ਹੋਰ ਪਾਸੇ ਟੋਰਨ ਲਈ ਸਹਿਮਤ ਹੋ ਜਾਂਦਾ ਹੈ। ਸਾਬਾਂ ਤੋਂ ਥਾਣੇਦਾਰ ਪੁੱਛਦਾ ਹੈ ਕਿ ਇਸਦਾ ਦੁਸ਼ਮਣ ਕੌਣ ਹੋ ਸਕਦਾ ਹੈ ਤਾਂ ਸਾਬਾਂ ਦੇ ਬੋਲ ਨੋਟ ਕਰਨੇ ਬਣਦੇ ਹਨ :

"ਮੈਨੂੰ ਗ਼ਰੀਬਣੀ ਨੂੰ ਕਾਹਦਾ ਪਤਾ, ਚੌਧਰੀ ਜੀ? ਕੁੱਝ ਦਿਹਾੜੇ ਹੋਏ ਨੇ, ਨਾਦਿਰ ਖਾਂ ਏਥੇ ਬਹਿ ਕੇ ਸਾਹਿਬ ਜੀ ਨੂੰ ਮੰਦਾ ਬੋਲਿਆ ਹਾ। ਨਾਲ਼ੇ ਧਮਕਾਇਉਸ। ਡਾਢਾ ਰੌਲਾ ਪਿਆ ਆਹੀ।"[12]

ਥਾਣੇਦਾਰ ਮੁਸੱਲੀਆਂ ਦੀ ਪਾਰਗਾਮੀ ਚੇਤਨਾ (Transcendence of consciousness) ਤੇ ਹੈਰਾਨ ਹੈ ਜਿਨ੍ਹਾਂ ਨੂੰ ਫ਼ੌਜਦਾਰੀ ਕਾਨੂੰਨ ਦੇ ਅੱਗੋ ਪਿੱਛੋ ਦੀ ਪੂਰੀ ਸਮਝ ਹੈ। ਨਾਦਿਰ ਤੇ ਇਕਤਦਾਰ ਦੋ ਵੱਖ ਵੱਖ ਰਾਜਨੀਤਕ ਪਾਰਟੀਆਂ ਨਾਲ਼ ਸੰਬੰਧਤ ਹਨ। ਨਾਦਿਰ ਦੀ ਪਾਰਟੀ ਦੀ ਚੋਣਾਂ ਵਿੱਚ ਹਾਰ ਵੀ ਇਸ ਕੇਸ ਦੇ ਉੱਧਰ ਪਲਟਣ ਦਾ ਕਾਰਨ ਬਣੀਂ। ਸਾਬਾਂ ਨੂੰ ਥਾਣੇਦਾਰ ਆਪਣੇ ਨਾਲ਼ ਲੈ ਜਾਂਦਾ ਹੈ।

ਇਨ੍ਹਾਂ ਸਾਰੀਆਂ ਘਟਨਾਵਾਂ ਨੂੰ ਘਟਨਾ-ਕਿਰਿਆ-ਵਿਗਿਆਨ ਦੀ ਦ੍ਰਿਸ਼ਟੀ (Phenomenologically) ਤੋਂ ਵਾਚਦਿਆਂ ਇਉਂ ਪ੍ਰਤੀਤ ਹੁੰਦਾ ਹੈ ਕਿ ਕਿਤਨੀ ਦੇਰ ਤੋਂ ਰੁੱਤਾ ਅਤੇ ਸਾਬਾਂ ਇਕਤਦਾਰ ਦੇ ਘਰ ਵਿੱਚ ਰਹਿ ਰਹੇ ਸਨ। ਕਿੰਨੀ ਦੇਰ ਤੋਂ ਉਹ ਉਸ ਪਾਸੋਂ ਆਪਣੇ ਵਾਸਤਵਿਕ ਆਪੇ ਬਾਰੇ ਸਮਝ ਪ੍ਰਾਪਤ ਕਰ ਰਹੇ ਸਨ। ਪਹਿਲਾਂ ਕਿਉਂ ਨਾ ਕਦੇ ਇਕਤਦਾਰ ਦੇ ਮਨ ਵਿੱਚ ਸਾਬਾਂ ਪ੍ਰਤੀ ਕਾਮੁਕ ਸੋਚ ਆਈ। ਕਾਰਨ ਸਪਸ਼ਟ ਹੈ ਕਿ ਉਹ ਨਾਦਿਰ ਸ਼ਾਹ ਦੀਆਂ ਉਨ੍ਹਾਂ ਗੱਲਾਂ ਦੇ ਅਸਰ ਹੇਠ ਆ ਗਿਆ ਜਿਨ੍ਹਾਂ ਵਿੱਚ ਉਹ ਦੱਸ ਗਿਆ ਕਿ ਉਹ ਤਾਂ ਆਪਣੇ ਰਾਹਕਾਂ ਦੀਆਂ ਧੀਆਂ/ਨੂੰਹਾਂ ਨਾਲ਼ ਹਮੇਸ਼ਾ ਹੀ ਆਨੰਦ ਮਾਣਦਾ ਰਿਹਾ ਹੈ। ਇਉਂ ਨਾਦਿਰ ਸ਼ਾਹ ਦੀਆਂ ਗੱਲਾਂ ਨੇ ਇਕਤਦਾਰ ਦੇ ਮਨ ਵਿੱਚ ਸਾਬਾਂ ਪ੍ਰਤੀ ਕਾਮੁਕ ਰੁਚੀ ਪੈਦਾ ਕਰ ਦਿੱਤੀ। ਇਉਂ ਅਜਿਹਾ ਕਾਰਾ ਕਰਨਾ ਉਸਦੇ ਆਪਣੇ ਮਨ

ਦੀ ਚੋਣ ਨਹੀਂ ਸੀ। ਪਰਾਈ ਚੋਣ ਉਸਦੇ ਮਨ ਤੇ ਹਾਵੀ ਹੋ ਗਈ। ਉਹ ਇਸ ਚੋਣ ਤੇ ਅਮਲ ਕਰ ਬੈਠਾ। ਫਲਸਰੂਪ ਇਸਦੇ ਭਿਆਨਕ ਨਤੀਜਿਆਂ ਲਈ ਇਕਤਦਾਰ ਖ਼ੁਦ ਜ਼ਿੰਮੇਵਾਰ (**Responsible**) ਹੈ।

ਤੀਜੇ ਐਕਟ ਦੇ ਪਹਿਲੇ ਦ੍ਰਿਸ਼ ਵਿੱਚ ਰੁੱਤਾ ਰਾਤ ਵੇਲੇ ਉਜਾੜ, ਬੀਆਬਾਨ ਵਿੱਚ ਵਿਖਾਈ ਦਿੰਦਾ ਹੈ। ਪੁਲੀਸ ਉਸਦੀ ਢੂੰਡ ਵਿੱਚ ਹੈ। ਦਿਨ ਵੇਲੇ ਫ਼ਸਲਾਂ ਵਿੱਚ ਛੁਪਕੇ ਵਕਤ ਕੱਟਦਾ ਹੈ। ਉਹ ਡਰਿਆ ਹੋਇਆ ਹੈ। ਉਸਨੂੰ ਹਨੇਰੇ ਵਿੱਚ ਦੂਰ ਖੜੇ ਬੂਟੇ ਵੀ ਇਉਂ ਜਾਪਦੇ ਹਨ ਜਿਵੇਂ ਉਸ ਵੱਲ ਕੋਈ ਬੰਦਾ ਟੁਰਿਆ ਆਉਂਦਾ ਹੋਵੇ। ਉਹ ਆਪਣਾ ਸਿਰ ਫੜਦਾ ਹੈ ਜਿਵੇਂ ਉਸ ਨੂੰ ਚੱਕਰ ਆਉਂਦਾ ਹੋਵੇ। ਅਜਿਹੇ ਭੈਅ (Dread) ਵਿੱਚ ਬੰਦਾ ਚਕਰਾਉਂਦਾ ਹੈ। ਕੀਰਕੇਗਾਰਦ ਲਿਖਦਾ ਹੈ :-

One may liken dread to dizziness. He whose eye chances to look down Into the yawning abyss becomes dizzy .........Thus dread is the dizziness of freedom, which occurs when freedom gazes down into its own possibility.[13]

ਜੰਗਲ ਬੀਆਬਾਨ ਵਿੱਚ ਭੈਅ ਅਧੀਨ ਵਿਚਰਦੇ ਨੂੰ ਹੁਣ ਸਹਾਰਾ ਕੌਣ ਦੇਵੇ? ਇਕਤਦਾਰ ਇੱਕੋ ਇੱਕ ਮਿੱਤਰ ਸੀ ਜਿਸਨੂੰ ਉਹ ਮੁਕਾ ਚੁੱਕਾ ਹੈ। ਉਹ ਆਪਣੇ ਆਪ ਨੂੰ 'ਲੱਖ ਲਾਹਨਤਾਂ' ਪਾਉਂਦਾ ਹੈ। ਭਾਵ ਉਹ ਸਮਝਦਾ ਹੈ ਕਿ ਉਹ ਇਕਤਦਾਰ ਨੂੰ ਮਾਰਨ ਦਾ ਜ਼ਿੰਮੇਵਾਰ ਹੈ। ਜਾਨ੍ਹ ਮਕੈਰੀ ਲਿਖਦਾ ਹੈ :-

"Guiltness thus comes before every guilty act as soon as I accept responsibility."[14]

ਉਸਨੂੰ ਯਾਦ ਆਉਂਦਾ ਕਿ ਜਦੋਂ ਉਸਨੇ ਇਕਤਦਾਰ ਦੇ ਸਿਰ ਵਿੱਚ ਡਾਂਗ ਮਾਰਕੇ ਮਾਰ ਦਿੱਤਾ ਤਾਂ ਸਾਬਾਂ ਨੇ ਕਿਹਾ ਸੀ, 'ਰੁੱਤਿਆ ਲੋਹੜਾ ਕੀਤਾ ਈ।' ਉਸਦੀ ਇਹ ਕੂਕ ਮੇਰੀ ਹਿੱਕ ਵਿੱਚ ਦੋਗਾੜਾ ਬਣਕੇ ਵਜਦੀ ਏ। ਇਸਦੇ ਨਾਲ਼ੋਂ ਵੱਡਾ ਲੋਹੜਾ ਕੀ ਹੋ ਸਕਦਾ ਏ, ਪਈ ਇੱਕ ਭਲੇਮਾਣਸ ਨੂੰ.....?' ਇਉਂ ਰੁੱਤੇ ਦੀ ਜ਼ਮੀਰ (Conscience) ਉਸਨੂੰ ਝੰਜੋੜਦੀ ਹੈ। ਜ਼ਮੀਰ ਦੀ ਇਸ ਸਥਿਤੀ ਵਿੱਚ ਕੋਈ ਬਾਹਰੋਂ ਉਸਨੂੰ ਕੁੱਝ ਨਹੀਂ ਕਹਿੰਦਾ ਸਗੋਂ ਬੰਦੇ ਦਾ ਸਵੈ ਹੀ ਉਸਨੂੰ ਅੰਦਰੋਂ ਪੁਕਾਰਦਾ ਹੈ। ਜਾਨ੍ਹ ਮਕੈਰੀ ਲਿਖਦਾ ਹੈ :-

"Who is that calls in conscience ........no some external power breaking in upon me.....man is the caller as well as called?"[15]

ਜ਼ਮੀਰ ਦੇ ਇਸ ਬੋਝ ਨੂੰ ਪਾਸੇ ਕਰਕੇ ਉਹ ਨਵੀਂ ਸੰਭਾਵਨਾ ਪ੍ਰਤੀ

ਚੇਤਨ ਹੁੰਦਾ ਹੈ। ਹੁਣ ਉਸ ਥਾਣੇਦਾਰ ਦਾ ਕੁੱਝ ਕਰਨਾ ਹੈ ਜੋ ਸਾਬਾਂ ਨੂੰ ਕਾਬੂ ਕਰੀ ਬੈਠਾ ਹੈ। ਜਿਸ ਮਨਬਚਨੀ ਵਿੱਚ ਰੁੱਤਾ ਆਪਣੀ ਮਾਨਸਿਕ ਉਧੇੜ-ਬੁਣ ਕਰਦਾ ਹੈ, ਇਸਦੀ ਮੰਚ ਉੱਪਰ ਪੇਸ਼ਕਾਰੀ ਕਾਫ਼ੀ ਲੰਬੀ ਹੈ ਪਰ ਇਸ ਵਿੱਚ ਉਸਦੀ ਚੇਤਨਾ ਭਟਕਨ ਵਿੱਚ ਹੈ। ਇੱਕ ਥਾਂ ਟਿਕ ਨਹੀਂ ਰਹੀ। ਬੀਤ ਚੁੱਕੀ ਘਟਨਾ ਦਾ ਪੂਰਾ ਵਿਸ਼ਲੇਸ਼ਣ ਕਰਦਿਆਂ ਕਦੀ ਉਹ ਬੁੱਢਣ ਸ਼ਾਹ ਨੂੰ ਦੋਸ਼ੀ ਠਹਿਰਾਉਂਦਾ ਹੈ; ਕਦੇ ਆਪਣੇ ਆਪ ਨੂੰ; ਕਦੇ ਸਾਬਾਂ ਨੂੰ। ਇੱਥੇ ਉਹ ਇਕਤਦਾਰ ਅਲੀ ਨੂੰ ਦੋਸ਼-ਮੁਕਤ ਕਰਦਾ ਹੈ। ਕੀ ਹੋਇਆ ਜੇ ਇੱਕ ਪੈਰ ਥਿੜਕ ਗਿਆ ਸੀ। ਇੱਥੇ ਉਹ, ਦਰਅਸਲ, ਅਸਤਿਤਵਵਾਦੀ ਮਨੋਵਿਗਿਆਨੀ (Existential psychologist) ਵਾਂਗ ਸੋਚਦਾ ਪ੍ਰਤੀਤ ਹੁੰਦਾ ਹੈ। ਸਾਬਾਂ ਜ਼ਰੂਰ ਇਕਤਦਾਰ ਅਲੀ ਦੇ ਸਾਹਵੇਂ ਬਣ ਠਣਕੇ ਲੰਘਦੀ ਹੋਣੀ ਐਂ। ਇਕਤਦਾਰ ਨੂੰ ਉਹ ਚੰਗਾ ਇਸ ਲਈ ਸਮਝਦਾ ਹੈ ਕਿ ਉਸਨੇ ਹੀ ਤਾਂ ਮੁਸੱਲੀਆਂ ਨੂੰ ਪੰਜ ਹਜ਼ਾਰ ਵਰ੍ਹਿਆਂ ਦੀ ਜਾਤ-ਪਾਤੀ ਪ੍ਰਥਾ ਤੋਂ ਮੁਕਤ ਕਰਨ ਲਈ ਉਨ੍ਹਾਂ ਨੂੰ ਚੇਤਨਾ ਪ੍ਰਦਾਨ ਕੀਤੀ ਸੀ। ਇਉਂ ਰੁੱਤੇ ਦੀ ਜ਼ਮੀਰ ਵਾਰ ਵਾਰ ਇਸ ਸਥਿਤੀ ਬਾਰੇ ਸੋਚਦੀ ਹੈ। ਕਦੇ ਆਪਣੇ ਆਪ ਨੂੰ ਕਸੂਰਵਾਰ ਮੰਨਦਾ ਹੈ ਕਿਉਂਕਿ ਉਸਨੇ ਪਹਿਲਾ ਹੱਕ ਦਾ ਵਾਰ ਆਪਣੇ ਗੁਰੂ ਤੇ ਹੀ ਕਰ ਦਿੱਤਾ। ਸਾਬਾਂ ਵੀ ਜ਼ਰੂਰ ਰੁੱਤੇ ਉੱਪਰ ਦੋਸ਼ ਲਾਉਂਦੀ ਹੋਏਗੀ ਕਿ ਉਸਨੇ ਉਸ ਉੱਪਰ ਵਿਸ਼ਵਾਸ ਕਿਉਂ ਨਾ ਕੀਤਾ। ਇਸ ਮਨਬਚਨੀ ਨੂੰ ਘਟਨਾ ਕਿਰਿਆ ਵਿਗਿਆਨ (Understanding Phenomenologically) ਅਨੁਸਾਰ ਸਮਝਦਿਆਂ ਰੁੱਤਾ ਫ਼ਜ਼ੂਲ ਜਜ਼ਬਾਤਾਂ ਵਿੱਚ ਉਲਝਿਆ ਪ੍ਰਤੀਤ ਹੁੰਦਾ ਹੈ। ਕਦੀ ਕਿਸੇ ਗੱਲ ਨੂੰ ਠੀਕ ਕਹਿੰਦਾ ਹੈ, ਫਿਰ ਉਸੇ ਨੂੰ ਗ਼ਲਤ। ਸਾਰਤਰ ਦੀ ਟਿੱਪਣੀ ਸ਼ਾਇਦ ਅਜਿਹੀ ਮਾਨਸਿਕ ਸਥਿਤੀ ਬਾਰੇ ਹੀ ਹੈ :

Sartre argues that there is no moral law, that "man is a useless passion" that no one can really respect the freedom of others, that the basis of all relations between human beings is conflict.[16]

ਰੁੱਤਾ ਆਪਣੇ ਆਪ ਨੂੰ ਬੀਤੇ ਪੰਜ ਹਜ਼ਾਰ ਵਰ੍ਹਿਆਂ ਦੇ ਮੁਸੱਲਿਆਂ ਦਾ ਪ੍ਰਤਿਨਿਧੀ ਸਮਝ ਰਿਹਾ ਹੈ। ਉਸਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਮੁਸੱਲੀ ਕਿਰਤੀ-ਕਾਮੇ ਉਸਦੀਆਂ ਗੱਲਾਂ ਵੱਲ ਧਿਆਨ ਦੇਣ ਲੱਗ ਪਏ ਹਨ। ਸਾਬਾਂ ਨੂੰ ਉਹ ਹੜੱਪੇ ਦੀ ਬਰਬਾਦੀ ਸਮੇਂ ਔਰਤਾਂ ਦੀ ਹੋਈ ਦਸ਼ਾ ਦੀ ਪ੍ਰਤਿਨਿਧਤਾ ਕਰਨ ਵਾਲੀ ਸਮਝਦਾ ਹੈ। ਹੜੱਪੇ ਦੇ ਸਮੇਂ ਦੇ ਧਾੜਵੀ ਜ਼ਾਲਮ ਸਨ ਪਰ ਅਜੋਕੇ ਧਾੜਵੀ ਤਾਂ ਰੱਬ/ਅੱਲ੍ਹਾ ਦਾ ਨਾਂ ਜਪਣ ਵਾਲੇ ਹਨ। ਫਿਰ ਉਹ ਏਦਾਂ ਵਿਵਹਾਰ ਕਿਉਂ ਕਰਦੇ ਹਨ।

ਐਕਟ ਤੀਜੇ ਦਾ ਸੀਨ ਦੂਜਾ ਥਾਣੇ ਦੇ ਇੱਕ ਕਮਰੇ ਦਾ ਹੈ ਜਿਸ ਵਿੱਚੋਂ ਇੱਕ ਬਾਰੀ ਬਾਹਰ ਵੱਲ ਖੁਲ੍ਹਦੀ ਹੈ। ਸਾਬਾਂ ਇਸ ਕਮਰੇ ਵਿੱਚ ਅੱਜ ਪੂਰੀ ਦੁਖੀ ਹੈ ਕਿਉਂਕਿ ਉਸ ਪਾਸ ਸੌਣ ਵਾਲੀ ਮਾਈ ਵੀ ਚਲੀ ਗਈ ਹੈ। ਉਹ ਇਕੱਲੀ ਹੈ। ਕੁੱਝ ਸਮੇਂ ਤੱਕ ਉਸਨੂੰ ਥਾਣੇਦਾਰ ਦੀ ਹਵਸ ਦਾ ਸ਼ਿਕਾਰ ਹੋਣ ਦੀ ਸੰਭਾਵਨਾ ਸਪਸ਼ਟ ਨਜ਼ਰ ਆਉਂਦੀ ਹੈ। ਕਦੀ ਉਹ ਰੁੱਤੇ ਬਾਰੇ ਸੋਚਦੀ ਹੈ ਖ਼ਬਰੇ ਉਸਦਾ ਕੀ ਹਾਲ ਹੋਵੇਗਾ। ਕਦੀ ਬੁੱਢਣ ਸਾਹ ਅਤੇ ਅੰਮਾਂ ਦੇ ਬਦਲੇ ਵਤੀਰੇ ਬਾਰੇ ਸੋਚਦੀ ਹੈ। ਕਦੀ ਰੱਬ ਨੂੰ ਪ੍ਰਾਰਥਨਾ ਕਰਦੀ ਹੈ, ਪਰ ਰੱਬ ਤਾਂ ਖ਼ਾਨਮ (ਇੱਕ ਗੁਜਰਾਤੀ ਔਰਤ ਨਾਲ਼ ਵਾਪਰੇ ਦੁਖਾਂਤ) ਵੇਲੇ ਵੀ ਨਹੀਂ ਸੀ ਬਹੁੜਿਆ। ਇਉਂ ਹਾਈਡਿਗਰ ਦੀ ਟਰਮੀਨਾਲ਼ੋਜੀ ਅਨੁਸਾਰ ਰੱਬ ਉਦੋਂ ਵੀ ਗ਼ੈਰਹਾਜਰ (Absence of God ) ਰਿਹਾ। ਉਹ ਆਤਮ-ਹੱਤਿਆ ਕਰਨਾ ਚਾਹੁੰਦੀ ਵੀ ਹੈ, ਨਹੀਂ ਵੀ। ਇਥੇ ਗੈਬਰੀਲ ਮਾਰਸ਼ਲ ਦਾ ਨੁਕਤਾ ਵਿਚਾਰਨਯੋਗ ਹੈ। ਉਹ ਕਿਹੜੀ 'ਮੈਂ' ਹੈ ਜੋ ਉਸਨੂੰ ਜਿਉਣ ਲਈ ਪ੍ਰੇਰਦੀ ਹੈ ਅਤੇ ਉਹ ਕਿਹੜੀ 'ਮੈਂ' ਹੈ ਜੋ ਮਰਨ ਲਈ ਪ੍ਰੇਰਦੀ ਹੈ। ਸਾਬਾਂ ਨੇ ਆਪਣੇ ਪੁੱਤਰ ਅਨਾਇਤੇ ਦੇ ਸਿਹਰੇ ਲੱਗਦੇ ਨਹੀਂ ਵੇਖੇ-ਇਸ ਲਈ ਉਹ ਜਿਉਣਾ ਚਾਹੁੰਦੀ ਹੈ। ਪਰ ਲੋਕ ਕਹਿਣਗੇ ਤੇਰੀ ਮਾਂ ਥਾਣੇਦਾਰ ਕੋਲ ਰਹੀ ਸੀ-ਇਸ ਲਈ ਉਹ ਅਨਾਇਤੇ ਖ਼ਾਤਰ ਹੀ ਉਸਨੂੰ 'ਬੋਲ' ਤੋਂ ਬਚਾਉਣ ਲਈ ਮਰਨਾ ਚਾਹੁੰਦੀ ਹੈ। ਫਾਹਾ ਤਿਆਰ ਕਰ ਲੈਂਦੀ ਹੈ। ਜਦ ਨੂੰ ਰੁੱਤਾ ਪਹੁੰਚ ਜਾਂਦਾ ਹੈ। ਸਾਬਾਂ ਉਸਨੂੰ ਫੜੇ ਜਾਣ ਤੋਂ ਸਾਵਧਾਨ ਕਰਦੀ ਹੈ, ਅਨਾਇਤੇ ਦਾ ਧਿਆਨ ਰੱਖਣ ਲਈ ਕਹਿੰਦੀ ਹੈ। ਉਹ ਅਨਾਇਤੇ ਨੂੰ ਆਖੇ ਕਿ ਤੇਰੀ ਮਾਂ ਤਾਪ ਨਾਲ਼ ਮਰ ਗਈ। ਉਸ ਦੇ ਮਾਪਿਆਂ ਨੂੰ ਆਖੇ ਕਿ ਸਵੇਰੇ ਉਸਦੀ ਲੋਥ ਲੈ ਜਾਣ। ਰੁੱਤਾ ਉਸਨੂੰ ਆਤਮ-ਹੱਤਿਆ ਤੋਂ ਵਰਜਦਾ ਹੈ। ਸਾਬਾਂ ਦੱਸਦੀ ਹੈ ਕਿ ਅੱਜ ਤੱਕ ਤਾਂ ਉਹ ਥਾਣੇਦਾਰਨੀ ਦੀ ਮਿਹਰ ਨਾਲ਼ ਬਚੀ ਰਹੀ। ਰੁੱਤਾ ਸਾਬਾਂ ਨੂੰ ਚਾਕੂ ਦਿੰਦਾ ਹੈ ਜਿਸ ਨਾਲ਼ ਸਾਬਾਂ ਧੱਕਾ ਕਰਨ ਲੱਗੇ ਥਾਣੇਦਾਰ ਨੂੰ ਮਾਰ ਦਿੰਦੀ ਹੈ। ਰੁੱਤਾ ਬਾਰੀ ਕੋਲ ਆ ਕੇ ਸਾਬਾਂ ਤੋਂ ਚਾਕੂ ਵਾਪਸ ਲੈ ਲੈਂਦਾ ਹੈ। ਰੁੱਤਾ ਦੂਰ ਜਾ ਕੇ ਨਾਹਰੇ ਮਾਰਦਾ ਹੈ। ਸਾਬਾਂ ਮਾਰ ਗਏ ਮਾਰ ਗਏ ਦੀਆਂ ਚੀਕਾਂ ਮਾਰਦੀ ਹੈ।

ਤੀਜੇ ਐਕਟ ਦੇ ਤੀਜੇ ਦ੍ਰਿਸ਼ ਵਿੱਚ ਇੱਟਾਂ ਦੇ ਭੱਠੇ 'ਤੇ ਰੁੱਤਾ ਆਪਣੀ ਮਨਬਚਨੀ ਵਿੱਚ ਲੋਕਾਂ ਨੂੰ ਉਡੀਕਦਾ ਹੈ। ਲੋਕ ਕੰਮ ਤੇ ਹਨ। ਸੋਚਦਾ ਹੈ ਸ਼ਾਇਦ ਉਸਨੂੰ ਕੰਮ ਮਿਲ ਜਾਵੇ ਥਾਣੇਦਾਰ ਦੇ ਕਤਲ ਮਗਰੋਂ ਲੋਕ ਉਸ ਤੋਂ ਡਰਨ ਲੱਗ ਪਏ ਹਨ। **ਸ਼ਾਇਦ ਉਹ ਆਪਣੀ ਨਜਾਤ (Freedom) ਤੋਂ ਡਰਦੇ ਹੋਣ ਮਤੇ ਗ਼ੁਲਾਮੀ ਦਾ ਆਸਰਾ ਵੀ ਜਾਂਦਾ ਰਹੇ। ਨੀਤਸ਼ੇ ਗ਼ਰੀਬਾਂ/ਕਮਜ਼ੋਰਾਂ ਲਈ ਦਾਸ ਮਾਨਸਿਕਤਾ (Slave morality) ਨੂੰ ਸਹੀ ਠਹਿਰਾਉਂਦਾ ਹੈ।** ਇਕਤਦਾਰ

ਨੇ ਨੂਰੇ ਨੂੰ ਕਿਸੇ ਸਮੇਂ ਸੁਝਾਓ ਦਿੱਤਾ ਸੀ ਕਿ ਰੁੱਤਾ ਕੋਈ ਮੁਰਸ਼ਦ ਧਾਰਨ ਕਰੇ। ਇਤਨੇ ਨੂੰ ਮਿਲ ਦਾ ਕਾਮਾ ਨੂਰਾ ਬਹੁੜਦਾ ਹੈ। ਉਹ ਦੋਵੇਂ ਮਿੱਤਰ ਬਣ ਜਾਂਦੇ ਹਨ। ਨੂਰਾ ਛੁੱਟੀ ਕੱਟਣ ਘਰ ਜਾਂਦਾ ਨਿਆਣਿਆਂ ਨੂੰ ਜਿਹੜੀ ਚੀਜ਼ੀ ਲੈ ਕੇ ਚੱਲਿਆ ਸੀ, ਉਹ ਉਸਨੇ ਰੁੱਤੇ ਨੂੰ ਖਾਣ ਲਈ ਦੇ ਦਿੱਤੀ। ਇਹ ਭੁੱਖਿਆਂ ਨੂੰ ਭੋਜਨ ਖਵਾਉਣ ਦੀ ਧਾਰਮਿਕਤਾ ਵੀ ਅਸਤਿਤਵੀ ਸਰੋਕਾਰ ਹੈ। ਨੂਰਾ ਕਾਦਰੀ ਮੁਸੱਲੇ ਨਾਲ਼ ਮਿੱਲ ਵਿੱਚ ਕੰਮ ਕਰਦਾ ਹੈ। ਉਹ ਰੁੱਤੇ ਨੂੰ ਜ਼ਮਾਨੇ ਦੀ ਨਵੀਂ ਬਹਾਰ ਦਾ ਪਹਿਲਾ ਪੋਗਾ ਕਹਿੰਦਾ ਹੈ। ਨੂਰਾ ਜਦੋਂ ਕਾਮਿਆਂ ਦੇ ਅਸਤਿਤਵੀ ਲੱਛਣ ਬਿਆਨ ਕਰਦਾ ਹੈ ਤਾਂ ਕਹਿੰਦਾ ਹੈ ਕਿ ਉਨ੍ਹਾਂ ਵਿੱਚ ਜਾਤ-ਪਾਤ, ਰੰਗ, ਨਸਲ, ਮਜ਼੍ਹਬ ਦਾ ਕੋਈ ਅੰਤਰ ਨਹੀਂ ਹੈ। ਅਜਿਹਾ ਸੰਦੇਸ਼ ਹੀ ਸਾਰਤਰ **Existentialism is humanism** ਵਿੱਚ ਦਿੰਦਾ ਹੈ। ਨੂਰਾ ਗੱਲਬਾਤ ਦੌਰਾਨ ਰੁੱਤੇ ਨੂੰ ਸਪੱਸ਼ਟ ਕਹਿੰਦਾ ਹੈ "ਤੈਨੂੰ ਹੜੱਪਾ ਹੋ ਗਿਆ ਸੁਣੀਂਦਾ ਹੈ।" ਨੂਰਾ ਜਾਤ-ਪਾਤ, ਊਚ-ਨੀਚ ਦੇ ਬੰਧਨ ਤੋੜਨ ਦੇ ਨਾਲ਼ ਨਾਲ਼ ਔਰਤ ਦੀ ਸੁਤੰਤਰਤਾ ਲਈ ਵੀ ਆਵਾਜ਼ ਉਠਾਉਂਦਾ ਹੈ। ਇਵੇਂ In all his works Sartre puts the strongest emphasis on the belief of indeterminism or human freedom.[17]

ਸਾਰਤਰ ਨੇ 1960-64 ਦਰਮਿਆਨ ਦੋ ਗ੍ਰੰਥ ਰਚੇ **Critique of dialectical Reason** ਅਤੇ **The problems of method.** ਇਨ੍ਹਾਂ ਵਿੱਚ ਉਹ ਮਾਰਕਸਵਾਦੀ ਸਮਾਜ ਸ਼ਾਸਤਰ (**Marxist Sociology**) ਨੂੰ ਨਵੀਂ ਊਰਜਾ (**Revitalize**) ਦਿੰਦਾ ਹੈ ਅਤੇ ਇਉਂ ਉਨੀਵੀਂ ਸਦੀ ਦੇ ਇਤਿਹਾਸਕ ਕਾਲ-ਦੋਸ਼ ਅਤੇ ਨਿਸ਼ਚਿਤਤਾਵਾਦ ਨੂੰ ਖਾਰਜ ਕਰਕੇ ਇਸ ਵਿੱਚ ਅਸਤਿਤਵਾਦ (**Existentialism**) ਦਾ ਪ੍ਰਵੇਸ਼ ਕਰਵਾਉਂਦਾ ਹੈ। ਇਹੋ ਕਾਰਜ ਇਥੇ ਨੂਰਾ ਕਰਦਾ ਪ੍ਰਤੀਤ ਹੁੰਦਾ ਹੈ। ਨੂਰਾ ਕਹਿੰਦਾ ਹੈ 'ਮਿੱਲ ਮਜ਼ਦੂਰ ਜਦ ਸੇਠਾਂ ਕੋਲੋਂ ਮਿੱਲਾਂ ਲੈ ਲੈਂਦੇ ਤੇ ਕਿਸਾਨ ਜ਼ਿੰਮੀਦਾਰਾਂ ਕੋਲੋਂ ਜ਼ਿਮੀਆਂ, ਜਿਵੇਂ ਚੀਨ ਵਿੱਚ ਹੋਇਆ ਏ ਤੇ ਉਹ ਮਿੱਲ ਮਜ਼ਦੂਰ ਤੇ ਮੁਜ਼ਾਰੇ ਨਹੀਂ ਰਹਿੰਦੇ, ਮਾਲਕ ਬਣ ਜਾਂਦੇ ਨੇ, ਇੱਕ ਨਵੇਂ ਰੰਗ ਦੇ ਮਾਲਕ।' ਤਾਂ ਰੁੱਤੇ ਨੂੰ ਮਹਿਸੂਸ ਹੁੰਦਾ ਜਿਵੇਂ ਨੂਰਾ ਉਸਦਾ ਈਮਾਨ ਤੋੜ ਰਿਹਾ ਹੋਵੇ ਪਰ ਨੂਰੇ ਦਾ ਉੱਤਰ ਵੇਖੋ :

ਨੂਰਾ : ਤੇਰਾ ਈਮਾਨ ਕਮਜ਼ੋਰ ਨਹੀਂ ਕਰਦਾ ਪਿਆ ਤੇਰਾ ਤਅੱਸਬ ਤੋੜਨਾ ਚਾਹੁੰਦਾ ਹਾਂ। ਇਨਸਾਨੀਅਤ (Humanism) ਵਿੱਚ ਈਮਾਨ ਹਮੇਸ਼ਾ ਰਹਿਣ ਵਾਲੀ ਰੂਹ ਪਰਵਰ ਰੌਸ਼ਨੀ ਏ।.....
ਈਮਾਨ ਤੇ ਤਅੱਸਬ ਦਾ ਫ਼ਰਕ ਨਾ ਭੁੱਲ।
ਜ਼ਾਲਮ ਨਾਲ਼ ਨਫ਼ਰਤ ਈਮਾਨ ਦੀ ਨਿਸ਼ਾਨੀ ਏ।[18]

ਨੂਰਾ ਸ਼ੰਕਾ ਕਰਦਾ ਹੈ ਕਿ ਸੰਸਾਰ ਵਿੱਚੋਂ ਬੰਦੇ ਬੰਦੇ ਦਰਮਿਆਨ ਫ਼ਰਕ ਮੁੱਕਦਾ ਨਜ਼ਰੀਂ ਨਹੀਂ ਪੈਂਦਾ। ਨੂਰਾ ਉਸਨੂੰ ਸਮਝਾਉਂਦਾ ਹੈ ਕਿ ਉਸਦਾ ਮਸ਼ੀਨ ਨਾਲ਼ ਵਾਹ ਨਹੀਂ ਪਿਆ। ਮਸ਼ੀਨ ਤਾਂ ਜ਼ਾਤ-ਪਾਤ ਪਿੰਜਕੇ ਰੱਖ ਦਿੰਦੀ ਏ।.....ਜਿਸ ਵੇਲੇ ਮਿੱਲ ਗੇਟ ਤੇ ਹਾਜ਼ਰ ਹੋਈਦਾ ਏ, ਜ਼ਾਤ-ਪਾਤ ਮਜ਼੍ਹਬ, ਨਸਲ, ਕਬੀਲਾ ਇਵੇਂ ਹੀ ਬਾਹਰ ਛੱਡ ਦਈਦੇ ਨੇ, ਜਿਵੇਂ ਮਸੀਤੇ ਵੜਨ ਲੱਗਿਆਂ ਜੁੱਤੀਆਂ ਲਾਹ ਦਈ ਦੀਆਂ ਨੇ।' ਮਾਰਟਿਨ ਬੂਬਰ (**Martin Buber**) ਦਾ ਵਿਚਾਰ ਹੈ ਕਿ ਇੱਕ ਕਿਰਤੀ ਇੱਕ ਮਸ਼ੀਨ ਨਾਲ਼ ਵੀ ਸੰਵਾਦ (**Dialogue**) ਰਚਾ ਲੈਂਦਾ ਹੈ।

ਮਾਰਟਿਨ ਹਾਈਡਿਗਰ ਸੰਸਾਰ ਨੂੰ ਸੰਦਾ ਦਾ ਸਿਸਟਮ (System of instruments) ਘੋਸ਼ਿਤ ਕਰਦਾ ਹੈ। ਨੂਰਾ ਰੁੱਤੇ ਨੂੰ ਹੜੱਪਿਉਂ ਕੱਢਕੇ ਅਜੋਕੀ ਸੂਝ ਪ੍ਰਦਾਨ ਕਰਦਾ ਹੈ। ਉਸਦਾ ਸਮਝਾਉਣਾ ਹੈ ਕਿ ਬ੍ਰਾਹਮਣਾ/ਪਾਦਰੀਆਂ ਆਦਿ ਨੇ ਜਿੱਥੇ ਅਸ਼ੁੱਭ ਕਾਰਜ ਕੀਤੇ ਹੋਣਗੇ ਉਥੇ ਨਾਲ਼ ਹੀ ਚੰਗੇ ਕੰਮ ਵੀ ਕੀਤੇ ਨੇ :-

"....ਉਨ੍ਹਾਂ ਅੰਬ ਦਾ 'ਅਲਫ਼' ਤੇ ਬਿੱਲੀ ਦੀ 'ਬੇ' ਬਣਾ ਕੇ ਇਲਮ ਦੇ ਦਰਵਾਜ਼ੇ ਸਭ ਲਈ ਖ਼ੋਲ੍ਹ ਦਿੱਤੇ ਨੇ- ਤੇ ਆਪਣਿਆਂ ਪੈਰਾਂ ਤੇ ਆਪ ਕੁਹਾੜੀ ਮਾਰ ਲਈ।[19]

ਨੂਰੇ ਦੇ ਨਿਮਨਲਿਖਤ ਵਿਚਾਰ ਵੀ ਮਾਰਟਿਨ ਹਾਈਡਿਗਰ ਦੇ ਵਿਚਾਰ ਸੰਸਾਰ ਸੰਦਾ ਦਾ ਸਿਸਟਮ ਨਾਲ਼ ਕਿਸੇ ਹੱਦ ਤੱਕ ਮੇਲ ਖਾਂਦੇ ਹਨ :

'ਮਸ਼ੀਨ ਜਦ ਚੱਲਦੀ ਏ ਤੇ ਇਹਦੇ ਉੱਤੇ ਕੰਮ ਕਰਨ ਵਾਲੇ ਦਸ ਹਜ਼ਾਰ ਆਦਮੀਆਂ ਦਾ ਇੱਕੋ ਆਦਮੀ ਬਣਾ ਦੇਂਦੀ ਏ। ਕਿਵੇਂ ਉਹਦੇ ਪਾਰੋਂ ਸੁਸਾਇਟੀ ਦੇ ਕੰਮ ਦੇ ਲਿਹਾਜ਼ ਨਾਲ਼ ਤਕਸੀਮ ਹੋਂਦੀ ਏ। ਕੋਈ ਫਿਟਰ, ਕੋਈ ਮਸ਼ੀਨਮੈਨ, ਕੋਈ ਅਲੈਕਟ੍ਰੀਸ਼ਨ, ਕੋਈ ਫੋਰਮੈਨ।'[20]

ਤੁੱਲਾ ਇੱਥੇ ਇੱਕ ਹੋਰ ਅਸਤਿਤਵੀ ਸੱਚ ਉਜਾਗਰ ਕਰਦਾ ਹੈ ਕਿ ਕਿਰਤੀ ਜਿਹੜਾ ਸੰਦ ਵੀ ਹੱਥ ਵਿੱਚ ਫੜ ਲੈਂਦਾ ਹੈ, ਉਹੋ ਜਿਹੀ ਹੀ ਉਸਦੀ ਪਛਾਣ ਬਣ ਜਾਂਦੀ ਹੈ। ਨੂਰਾ ਦੱਸਦਾ ਹੈ ਕਿ ਪਿੰਡਾਂ ਵਿੱਚ ਜ਼ਮੀਨ ਦੀ ਮਾਲਕੀ (Having land) ਦਾ ਮਹੱਤਵ ਹੈ। ਉਹ ਪਿੰਡ ਦੇ ਮਜ਼ਦੂਰ ਨੂੰ ਆਪਣਾ ਸੰਬੰਧੀ ਸਮਝਦਾ ਹੈ ਪਰ ਮਸ਼ੀਨ ਦਾ ਮਹੱਤਵ ਇਹ ਹੈ ਕਿ ਉਹ ਦਸ ਹਜ਼ਾਰ ਮਜ਼ਦੂਰਾਂ ਨੂੰ ਅਨੁਸ਼ਾਸ਼ਨ ਵਿੱਚ ਲਿਆਉਂਦੀ ਹੈ। ਵਹਿਮ ਭਰਮ ਕੱਢ ਦਿੰਦੀ ਹੈ ਅਤੇ ਸੇਠ ਦੀ ਹੋਂਦ ਨੂੰ ਬੇਕਾਰ ਕਰ ਦਿੰਦੀ ਹੈ। ਰਲ ਮਿਲਕੇ ਮਜ਼ਦੂਰੀ ਕਰਨ ਨਾਲ਼ ਸਮਾਜਵਾਦ ਦਾ ਬੂਟਾ ਪੁੰਗਰਦਾ ਹੈ। ਰੁੱਤਾ ਏਸੇ ਨੂੰ ਜਿਹੜਾ ਵਾਹਵੇ, ਉਹੀਓ ਖਾਵੇ ਕਹਿੰਦਾ ਹੈ। ਸਮਾਜਵਾਦ ਇਕੱਲਿਆ ਖਲੋਣ ਦਾ ਨਹੀਂ। ਰਲ ਮਿਲਕੇ ਕੰਮ ਕਰਨ ਦਾ ਨਾਂ ਹੈ।

ਇਵੇਂ ਅਸਤਿਤਵਵਾਦ ਵੀ 'ਮੈਂ-ਵਾਦ' (**Solipsism**) ਨਹੀਂ ਹੈ, ਮੈਂ+ਤੂੰ ਤੋਂ ਅੱਗੇ 'ਅਸੀਂ' ਬਣਨਾ ਹੈ।

ਅੱਜ ਦਾ ਇਨਸਾਨ, ਨੂਰੇ ਦੇ ਸ਼ਬਦਾਂ ਵਿੱਚ, ਜੋ ਕੁੱਝ ਆਪਣੇ ਲਈ ਮੰਗਦਾ ਏ, ਬਾਕੀਆਂ ਲਈ ਵੀ ਉਹੋ ਈ ਚਾਹੁੰਦਾ ਏ।

ਨੂਰੇ ਦੇ ਇਨ੍ਹਾਂ ਵਿਚਾਰਾਂ ਦੀ ਤੁਲਨਾ ਸਾਰਤਰ ਦੇ ਹੇਠ ਲਿਖੇ ਸ਼ਬਦਾਂ ਨਾਲ਼ ਕਰਨੀ ਲਾਹੇਵੰਦ ਰਹੇਗੀ :-

"To choose this or that is to affirm at the same time the value of what we choose, because we can never choose evil. We always choose the good, and nothing can be good for us without being good for all."[21]

ਇਹ ਨਾਟਕ ਮਜ਼ਦੂਰਾਂ ਦੀ ਏਕਤਾ ਨਾਲ਼ ਆਪਣੀ ਚਰਮ-ਸੀਮਾ ਨੂੰ ਅਪੜਦਾ ਹੈ। ਕਿਰਤੀਆਂ ਦੇ ਹੱਥ ਵਿੱਚ ਹਥੌੜਾ ਦਾਤੀ ਅਤੇ ਲਾਲ ਝੰਡਾ ਹੁੰਦਾ ਹੈ। ਕੁੱਲ ਮਿਲਾਕੇ ਇਹ ਨਾਟਕ ਮਾਰਕਸਵਾਦ ਅਤੇ ਅਸਤਿਤਵਵਾਦ ਦਾ ਸੁਮੇਲ ਹੋ ਨਿਬੜਿਆ ਹੈ।

*ਅਧਿਆਇ ਪੰਦਰਵਾਂ*

# ਬੁੱਤ ਸ਼ਿਕਨ

ਬੁੱਤ ਸ਼ਿਕਨ ਇੰਦਰ ਸਿੰਘ ਖਾਮੋਸ਼ ਦਾ ਵੋਲਟੇਅਰ ਦੀ ਜ਼ਿੰਦਗੀ ਤੇ ਆਧਾਰਿਤ ਨਾਵਲ ਹੈ ਅਰਥਾਤ ਇਸ ਨਾਵਲ ਦਾ ਆਧਾਰ ਫ਼ਰਾਂਸ ਦੇ ਜਗਤ ਪ੍ਰਸਿੱਧ ਲੇਖਕ ਵੋਲਟੇਅਰ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਤੇ ਆਧਾਰਿਤ ਹੈ। ਇੰਦਰ ਸਿੰਘ ਖਾਮੋਸ਼ ਪਹਿਲਾਂ ਵੀ ਸੰਸਾਰ ਪ੍ਰਸਿੱਧ ਹਸਤੀਆਂ ਦੀਆਂ ਜੀਵਨੀਆਂ ਤੇ ਆਧਾਰਿਤ ਕਈ ਨਾਵਲ ਪੰਜਾਬੀ ਜਗਤ ਨੂੰ ਦੇ ਚੁੱਕਿਆ ਹੈ। ਬਾਇਓਗ੍ਰਾਫੀਕਲ ਨਾਵਲਾਂ ਦੀ ਲੜੀ ਵਿੱਚ ਇਹ ਉਸਦਾ ਛੇਵਾਂ ਨਾਵਲ ਹੈ। ਇਸ ਤੋਂ ਪਹਿਲਾਂ ਉਹ ਰੂਸ ਦੀਆਂ ਸਾਹਿਤਕ ਸ਼ਖ਼ਸੀਅਤਾਂ ਤਾਲਸਤਾਏ, ਚੈਖੋਵ, ਦੋਸਤੋਵਸਕੀ, ਪੁਸ਼ਕਿਨ ਅਤੇ ਗੋਗੋਲ ਦੀਆਂ ਜੀਵਨੀਆਂ ਨੂੰ ਨਾਵਲੀ-ਵਿਧਾ ਵਿੱਚ ਪ੍ਰਸਤੁਤ ਕਰ ਚੁੱਕਿਆ ਹੈ। ਸਵੈ ਸਿੱਧ ਹੈ ਕਿ ਉਸ ਨੂੰ ਕਿਸੇ ਵੀ ਸਾਹਿਤਕਾਰ ਦੀ ਜੀਵਨੀ ਨੂੰ ਨਾਵਲੀ ਰੂਪ ਪ੍ਰਦਾਨ ਕਰਨ ਦਾ ਹੁਨਰ ਹਾਸਲ ਹੈ।

ਅਸਾਂ ਇਸ ਨਾਵਲ ਨੂੰ ਅਸਤਿਤਵਵਾਦੀ ਦ੍ਰਿਸ਼ਟੀਕੋਣ ਤੋਂ ਪਰਖਣ ਦਾ ਟੀਚਾ ਮਿਥਿਆ ਹੈ। ਨਾਵਲ ਦਾ ਨਾਇਕ ਵੋਲਟੇਅਰ ਹੈ। ਨਿਰਸੰਦੇਹ ਉਹ ਜਗਤ ਪ੍ਰਸਿੱਧ ਸਾਹਿਤਕਾਰ ਹੈ। ਪਰਖ ਕਰਨੀ ਬਣਦੀ ਹੈ ਕਿ ਉਸ ਦਾ ਅਸਤਿਤਵ ਆਪਣੀ ਚੁਰਾਸੀ ਵਰ੍ਹਿਆਂ ਦੀ ਆਯੂ ਵਿੱਚ ਕਿੰਨਾ ਕੁ ਪ੍ਰਮਾਣਿਕ ਰਿਹਾ ਅਤੇ ਕਿੰਨਾ ਕੁ ਅਪ੍ਰਮਾਣਿਕ। ਪ੍ਰਸਿੱਧੀ ਅਤੇ ਪ੍ਰਾਪਤੀਆਂ ਆਪਣੀ ਥਾਂ ਹੁੰਦੀਆਂ ਹਨ ਪਰ ਅਸਤਿਤਵ ਆਪਣੀ ਥਾਂ।

ਸਭ ਤੋਂ ਪਹਿਲਾਂ ਅਸੀਂ ਫ਼ਰਾਂਸ ਦੀਆਂ ਪਰਿਸਥਿਤੀਆਂ ਜਿਨ੍ਹਾਂ ਵਿੱਚ ਉਸਨੇ ਜਨਮ ਲਿਆ, ਉਨ੍ਹਾਂ ਬਾਰੇ ਵਿਚਾਰ ਕਰਾਂਗੇ। ਉਨ੍ਹਾਂ ਦਿਨਾਂ ਵਿੱਚ, ਅਰਥਾਤ ਸਤਾਰਵੀਂ-ਅਠਾਰਵੀਂ ਸਦੀ ਵਿੱਚ, ਉਥੋਂ ਦੇ ਲੋਕਾਂ ਨੂੰ ਕਾਨੂੰਨ ਦੇ ਸਾਹਮਣੇ ਸਮਾਨਤਾ ਹਾਸਲ ਨਹੀਂ ਸੀ। ਨਿਆਂ ਦਾ ਆਧਾਰ ਸਮਾਜਿਕ ਦਰਜਾਬੰਦੀ ਸੀ। ਪਤਵੰਤੇ ਸੱਜਣ ਅਪਰਾਧ ਕਰਨ ਤਾਂ ਸਜ਼ਾ ਹੋਰ ਹੁੰਦੀ ਸੀ, ਆਮ ਆਦਮੀ ਲਈ ਹੋਰ। ਕੁੱਝ ਕਾਨੂੰਨ ਤਾਂ ਅਜਿਹੇ ਸਨ ਜੋ ਆਮ ਲੋਕਾਂ ਉੱਪਰ ਹੀ ਲਾਗੂ ਹੁੰਦੇ ਸਨ। ਮੁਲਕ ਦੇ ਵਿਭਿੰਨ ਖੇਤਰਾਂ ਦੀ ਕਾਨੂੰਨ ਵਿਵਸਥਾ ਇੱਕ ਨਹੀਂ ਸੀ। ਕਾਨੂੰਨ ਲੋੜ ਅਨੁਸਾਰ ਤਰੋੜੇ ਮਰੋੜੇ ਜਾਂਦੇ ਸਨ। ਕਾਨੂੰਨ ਧਾਰਮਿਕ ਕੱਟੜਵਾਦ ਦੀ

ਜਕੜ ਵਿੱਚ ਸਨ।

ਸਮਾਜ ਜਾਂ ਕਿਸੇ ਵਿਅਕਤੀ ਵਿਰੁੱਧ ਜੁਰਮ ਨੂੰ ਰੱਬ ਦੇ ਵਿਰੁੱਧ ਜੁਰਮ ਘੋਸ਼ਿਤ ਕੀਤਾ ਜਾਂਦਾ ਸੀ। ਅਠਾਰਵੀਂ ਸਦੀ ਦੇ ਅੱਧ ਤੱਕ ਜਾਦੂਗਰਾਂ ਅਤੇ ਚਮਤਕਾਰ ਵਿਖਾਉਣ ਵਾਲਿਆਂ ਲਈ ਦੰਡ ਸਮਾਪਤ ਕਰ ਦਿੱਤੇ ਗਏ ਸਨ। ਮੌਤ ਦੀ ਸਜ਼ਾ, ਜਲਾਵਤਨੀ, ਸਰੀਰ ਦੇ ਅੰਗ ਕੱਟਣਾ, ਖੰਭੇ ਨਾਲ਼ ਨੂੜਕੇ ਅੱਗ ਲਾਉਣੀ, ਸਰੀਰ ਨੂੰ ਪੁਰਜਾ ਪੁਰਜਾ ਕੱਟਣਾ, ਚਰਖੜੀ ਤੇ ਚਾੜ੍ਹਕੇ ਪੀੜ੍ਹਨਾ, ਫਾਹੇ ਲਾਉਣਾ, ਗਲਾ ਘੁੱਟਕੇ ਮਾਰਨਾ ਅਤੇ ਸਿਰ ਕਲਮ ਕਰਨਾ ਆਦਿ ਸਜ਼ਾਵਾਂ ਨੇ ਲੋਕਾਂ ਦੀ ਸੁਤੰਤਰ ਸੋਚ ਅਤੇ ਅਸਤਿਤਵ ਨੂੰ ਪੂਰੀ ਤਰ੍ਹਾਂ ਕੁਚਲਿਆ ਹੋਇਆ ਸੀ। ਮੁਲਜ਼ਮ ਨੂੰ ਹਰ ਹਾਲਤ ਵਿੱਚ ਇਕਬਾਲ ਕਰਾਉਣ ਲਈ ਹਰ ਤਸੀਹਾ ਵਰਤਿਆ ਜਾਂਦਾ ਸੀ। ਅੰਗੂਠੇ ਮਰੋੜਨੇ, ਲੱਤਾਂ ਤੋੜਨੀਆਂ, ਬਾਹਾਂ ਪਿੱਠ ਪਿੱਛੇ ਬੰਨ੍ਹਕੇ ਚੱਕਰ ਵਿੱਚ ਘੁੰਮਾਉਣਾ ਅਤੇ ਉੱਪਰ ਵੱਲ ਖਿਚਣਾ ਆਦਿ ਤਾਂ ਆਮ ਜਿਹੇ ਤਸੀਹੇ ਸਨ। ਨਿਆਂ ਕਰਨ ਵਾਲੇ ਜੱਜਾਂ ਦੀਆਂ ਸੀਟਾਂ ਖਰੀਦੀਆਂ ਅਤੇ ਵੇਚੀਆਂ ਜਾਂਦੀਆਂ ਸਨ। ਸੁਣੀਆਂ ਸੁਣਾਈਆਂ ਗੱਲਾਂ ਦਾ ਚੌਥਾ ਹਿੱਸਾ ਅਤੇ ਅਫਵਾਹਾਂ ਦਾ ਅੱਠਵਾਂ ਹਿੱਸਾ ਮਿਲਾਕੇ ਇਹ ਮੰਨ ਲਿਆ ਜਾਂਦਾ ਕਿ ਦੋ ਚਸ਼ਮਦੀਦ ਗਵਾਹਾਂ ਦੇ ਬਰਾਬਰ ਹੋ ਗਿਆ। ਨਿਆਂ ਦੀ ਸਾਰੀ ਪ੍ਰਕਿਰਿਆ ਗੁਪਤ ਰੱਖੀ ਜਾਂਦੀ ਸੀ। ਆਮ ਬੰਦੇ ਨੂੰ ਬੰਦਾ ਹੀ ਨਹੀਂ ਸੀ ਸਮਝਿਆ ਜਾਂਦਾ। ਮੁਲਜ਼ਮ ਦੇ ਇਕਬਾਲ ਨੂੰ ਅਜਿਹਾ ਗੁਣ ਮੰਨਿਆ ਜਾਂਦਾ ਸੀ ਕਿ ਉਹ ਸਿੱਧਾ ਸੁਰਗ ਜਾਵੇਗਾ।

ਸਿੱਖਿਆ ਦੇ ਖ਼ੇਤਰ ਵਿੱਚ ਚੋਣ ਕਰਨ ਲਈ ਬਾਪ ਦਾ ਫ਼ੈਸਲਾ ਅਟੱਲ ਮੰਨਿਆ ਜਾਂਦਾ ਸੀ। ਜਿਹੜਾ ਪੁੱਤਰ ਬਾਪ ਦੀ ਗੱਲ ਨਾ ਮੰਨੇ ਉਸਨੂੰ ਚੰਗਾ ਨਹੀਂ ਸੀ ਸਮਝਿਆ ਜਾਂਦਾ। ਵੋਲਟੇਅਰ ਦਾ ਪਿਤਾ ਉਸਨੂੰ ਵਕੀਲ ਬਣਾਉਣਾ ਚਾਹੁੰਦਾ ਸੀ ਪਰ ਉਸਨੇ ਸਾਹਿਤਕਾਰ ਬਣਨ ਦੀ ਚੋਣ ਕੀਤੀ। ਇਹੋ ਚੋਣ ਉਸਦੇ ਜੀਵਨ ਨੂੰ ਨਿਰਧਾਰਿਤ ਕਰਨ ਵਾਲੀ ਕਸਵੱਟੀ ਬਣ ਗਈ। ਇਸੇ ਚੋਣ ਕਾਰਨ ਉਸਨੇ 'ਓਪੀਡੀ' ਨਾਟਕ 21 ਸਾਲ ਦੀ ਉਮਰ ਵਿੱਚ ਲਿਖਿਆ। ਇਸ ਵਿੱਚ ਰੀਜੈਂਟ ਦੀ ਧੀ ਦੇ ਵਿਭਚਾਰ ਵੱਲ ਸੰਕੇਤ ਸੀ। ਫਲਸਰੂਪ ਵੋਲਟੇਅਰ ਨੂੰ ਦੇਸ਼ ਨਿਕਾਲੇ ਦੀ ਸਜ਼ਾ ਮਿਲੀ ਜੋ ਉਸਦੇ ਬਾਪ ਦੇ ਅਸਰ ਰਸੂਖ ਨਾਲ਼ ਘਟਾ ਦਿੱਤੀ ਗਈ। ਫਿਰ ਉਸਨੇ 'ਕਾਮੇਡੀ ਫਰੈਂਕਾਈਸ' ਵਾਸਤੇ ਸੋਧਿਆ ਹੋਇਆ ਨਾਟਕੀ ਰੂਪ ਪੇਸ਼ ਕੀਤਾ। ਬੈਸਲੇ ਜੇਲ੍ਹ ਦੀ ਹਵਾ ਵੀ ਖਾਣੀ ਪਈ। ਇਸੇ ਜੇਲ੍ਹ ਵਿੱਚ ਉਸਨੇ ਅਪਣਾ ਨਾਮ ਅਰਾਊਟ.ਡੀ.ਵੋਲਟੇਅਰ ਰੱਖ ਲਿਆ। ਨਵੰਬਰ 1718 ਵਿੱਚ ਇਸ ਨਾਟਕ ਨੇ 45 ਰਾਤਾਂ ਲਈ ਲੋਕਾਂ ਨੂੰ ਪ੍ਰਭਾਵਿਤ ਕੀਤਾ। ਹੁਣ ਉਹ ਸਾਹਿਤਕ ਸਤਾਰਾ ਬਣ ਗਿਆ ਅਤੇ 300 ਪੌਂਡ ਵਾਰਸ਼ਿਕ ਪੈਨਸ਼ਨ ਦਾ ਹੱਕਦਾਰ ਹੋ ਗਿਆ।

ਉਸਦੀ 'ਈਪਿਕ' ਕਵਿਤਾ 'ਲਾ ਹੈਨਰੀਆਡ' ਵਿੱਚ ਫ਼ਰਾਂਸੀਸੀ ਸ਼ਾਸਨ ਪ੍ਰਣਾਲੀ ਦੀ ਤਿੱਖੀ ਆਲੋਚਨਾ ਕੀਤੀ ਗਈ ਸੀ ਜਿਸ ਨਾਲ਼ ਸ਼ਾਹੀ ਦਰਬਾਰ ਨਰਾਜ਼ ਹੋ ਗਿਆ। ਉਸਦੀਆਂ ਹੋਰ ਰਚਨਾਵਾਂ ਵਿੱਚ- ਹਿਸਟਰੀ ਚਾਰਲਸ ਦੂਜਾ, ਲੂਈ ਚੌਧਵੇਂ ਅਤੇ ਲੂਈ ਪੰਦਰਵੇਂ ਦਾ ਸਮਾਂ, ਇੰਗਲਿਸ਼ ਲੈਟਰਜ਼, ਨਿਊਟਨ ਦੀ ਫ਼ਿਲਾਸਫ਼ੀ ਦੇ ਤੱਤ; ਰੌਮਸੌਵੀ ਅਤੇ ਓਰੈਸਟੀ (ਦੋਵੇਂ ਦੁਖਾਂਤ ਨਾਟਕ), ਫੇਨੀਮ ਮੋਰੀਬੰਦ, ਈਰੀਨ ਆਖਰੀ ਨਾਟਕ ਅਤੇ ਕਹਾਣੀ 'ਕੈਂਡਾਈਡ' ਆਦਿ ਸ਼ਾਮਲ ਹਨ। ਕੈਂਡਾਈਡ ਕਹਾਣੀ ਬਾਰੇ ਅਨਾਤੋਲ ਫ਼ਰਾਂਸ ਦੇ ਵਿਚਾਰ ਉੱਲੇਖਨੀਯ ਹਨ:-

ਵੋਲਟੇਅਰ ਦੀਆਂ ਉਂਗਲਾਂ ਵਿੱਚ ਕਲਮ ਨੱਚਦੀ ਅਤੇ ਹੱਸਦੀ ਹੈ, ਸਾਰੇ ਸਾਹਿਤ ਵਿੱਚ ਇਹ ਸ਼ਾਇਦ ਸਭ ਤੋਂ ਵੱਧ ਮਨੋਹਰ ਕਹਾਣੀ ਹੈ।[1]

ਵਿਸ਼ਵਕੋਸ਼ ਦੀ ਸੱਤਵੀਂ ਜਿਲਦ ਦੀ ਪ੍ਰਕਾਸ਼ਨਾ ਨਾਲ਼ ਬੜਾ ਪੁਆੜਾ ਖੜ੍ਹਾ ਹੋ ਜਾਂਦਾ ਹੈ। ਇਸ ਵਿੱਚ ਧਰਮ ਦੀ ਸਖ਼ਤ ਆਲੋਚਨਾ ਕੀਤੀ ਗਈ ਹੈ। ਉਹ ਆਪਣੀ ਇੱਕ ਕਵਿਤਾ ਵਿੱਚ ਮਨੁੱਖ ਨੂੰ ਆਪਣੇ ਅਸਤਿਤਵ ਤੋਂ ਅਣਜਾਨ ਵਿਖਾਉਂਦਾ ਹੈ। ਲਿਖਦਾ ਹੈ :

**ਮਨੁੱਖ ਅਣਜਾਨ ਹੈ ਆਪਣੀ ਖੋਜ ਪ੍ਰਤੀ, ਉਸਨੂੰ ਪਤਾ ਨਹੀਂ, ਉਹ ਕਿਥੋਂ ਆਉਂਦਾ ਹੈ, ਨਾ ਇਹ ਕਿ ਕਿਥੇ ਜਾਂਦਾ ਹੈ।[2]**

ਇਸ ਨਾਵਲ ਵਿੱਚ ਦੋ ਸ਼ਬਦ ਚਿੱਤਰ ਉਪਲਬਧ ਹਨ। ਵੋਲਟੇਅਰ ਦੀ ਸ਼ਖ਼ਸੀਅਤ ਬਾਰੇ ਇੱਕ ਸ਼ਬਦ-ਚਿੱਤਰ ਕਿਸੇ ਅਗਿਆਤ ਲੇਖਕ ਦਾ, ਜਿਸ ਵਿੱਚ ਉਹ ਉਸਦੇ ਕਈ ਗੁਣਾਂ ਦੀ ਪ੍ਰਸ਼ੰਸਾ ਕਰਦਾ ਹੈ ਪਰ ਕਈ ਗੱਲਾਂ ਵਿੱਚ ਨਿੰਦਿਆ ਕੀਤੀ ਗਈ ਹੈ।. ਇਹ ਸ਼ਬਦ ਚਿੱਤਰ ਪੜ੍ਹਕੇ ਵੋਲਟੇਅਰ ਨੂੰ ਬਹੁਤ ਕ੍ਰੋਧ ਆਉਂਦਾ ਹੈ। ਉਹ ਲਿਖਦਾ ਹੈ :

"ਮੈਂ ਉਹ ਸ਼ਬਦ ਚਿੱਤਰ ਪੜ੍ਹਿਆ ਹੈ ਜਿਹੜਾ ਮੇਰੇ ਬਾਰੇ ਲਿਖਿਆ ਗਿਆ ਹੈ। ਮੇਰਾ ਖਿਆਲ ਹੈ ਕਿ ਇਹ ਮੇਰੇ ਨਾਲ਼, ਬਿਲਕੁੱਲ ਨਹੀਂ ਮਿਲਦਾ। ਮੇਰੇ ਵਿੱਚ ਉਨ੍ਹਾਂ ਗੁਣਾਂ ਨਾਲ਼ੋਂ ਜ਼ਿਆਦਾ ਔਗੁਣ ਹਨ। ਪਰ ਮੈਂ ਵਿਸ਼ਵਾਸ ਨਾਲ਼ ਆਖ ਸਕਦਾ ਹਾਂ ਕਿ ਮੈਂ ਲਾਲਚ ਅਤੇ ਅਸੰਵੇਦਨਾ ਜਿਹੇ ਔਗੁਣਾਂ ਦਾ ਹੱਕਦਾਰ ਨਹੀਂ ਜਿਹੜੇ ਮੇਰੇ ਬਾਰੇ ਲਿਖੇ ਗਏ ਹਨ।[3]

ਦੂਜਾ ਸ਼ਬਦ ਚਿੱਤਰ ਜੇਮਜ਼ ਬਾਸਵੈਲ ਨੇ ਲਿਖਿਆ ਹੈ ਜਿਸ ਵਿੱਚ ਉਹ ਲਿਖਦਾ ਹੈ ਕਿ (ਵੋਲਟੇਅਰ) ਇੱਕ ਸਾਕਾਰ ਪ੍ਰਤਿਭਾ ਹੈ......ਵਧੀਆ ਇੰਗਲਿਸ਼ ਬੋਲਦਾ ਸੀ.......ਉਸ ਕੋਲ ਹਾਸਾ ਮਜ਼ਾਕ ਕਰਨ ਦੀ ਕਲਾ ਹੈ......ਉਹ ਕਸਮਾਂ ਬਹੁਤ ਖਾਂਦਾ ਸੀ.......।[4]

ਜਿੱਥੋਂ ਤੱਕ ਸਾਹਿਤਕ ਖੇਤਰ ਦਾ ਸੰਬੰਧ ਹੈ, ਵੋਲਟੇਅਰ ਦੀ ਪ੍ਰਸਿੱਧੀ

ਸਿਖਰਾਂ ਛੋਹ ਗਈ। 'ਕਦੇ ਵੀ ਕਿਸੇ ਲੇਖਕ ਨੇ ਵੋਲਟੇਅਰ ਜਿਨ੍ਹਾਂ ਪ੍ਰਭਾਵ ਨਹੀਂ ਪਾਇਆ ਸੀ। ਜਲਾਵਤਨੀ, ਕੈਦ, ਚਰਚ ਅਤੇ ਰਾਜ ਦੇ ਅਧਿਕਾਰੀਆਂ ਨੇ ਲਗਭਗ ਉਸਦੀ ਹਰ ਕਿਤਾਬ ਉੱਪਰ ਪਾਬੰਦੀ ਲਗਾਈ। ਪਰ ਅਜਿਹੀਆਂ ਰੁਕਾਵਟਾਂ ਅਤੇ ਪਾਬੰਦੀਆਂ ਦੇ ਬਾਵਜੂਦ ਉਹ ਬੜੇ ਸ਼ਕਤੀਸ਼ਾਲੀ ਢੰਗ ਨਾਲ਼ ਸਚਾਈ ਦੇ ਰਸਤੇ ਉੱਪਰ ਤੁਰਦਾ ਗਿਆ ਅਤੇ ਅਖੀਰ ਬਾਦਸ਼ਾਹ, ਪੋਪ, ਸ਼ਹਿਨਸ਼ਾਹ ਉਸਨੂੰ ਦਾਅਵਤਾਂ ਦੇਣ ਲੱਗੇ। ਤਖ਼ਤ ਉਸਦੇ ਸਾਹਮਣੇ ਕੰਬਣ ਲੱਗੇ ਅਤੇ ਅੱਧੀ ਦੁਨੀਆਂ ਉਸਦਾ ਹਰ ਸ਼ਬਦ ਧਿਆਨ ਨਾਲ਼ ਸੁਣਨ ਲਈ ਮਜਬੂਰ ਹੋ ਗਈ।[5]

ਪਰ ਅਜਿਹੀਆਂ ਪ੍ਰਾਪਤੀਆਂ, ਅਸਤਿਤਵਵਾਦੀ ਦ੍ਰਿਸ਼ਟੀਕੋਨ ਤੋਂ ਵਾਚਿਆਂ, ਉਸਨੂੰ ਬੜੇ ਮਹਿੰਗੇ ਭਾਅ ਪ੍ਰਾਪਤ ਹੋਈਆਂ। ਉਹ ਆਪਣੀਆਂ ਪ੍ਰਕਾਸ਼ਨਾਵਾਂ ਦੇ ਸੰਬੰਧ ਵਿੱਚ ਹਮੇਸ਼ਾ ਹੀ ਭੈ ਅਤੇ ਤੌਖ਼ਲੇ ਵਿੱਚ ਵਿਚਰਦਾ ਰਿਹਾ। ਚਿੰਤਾ ਹਮੇਸ਼ਾ ਉਸਦੇ ਜੀਵਨ ਦੇ ਅੰਗ ਸੰਗ ਰਹੀ। ਆਪਣੀ ਇੱਛਾ ਦੇ ਵਿਰੁੱਧ ਉਸਨੇ ਕਈ ਵਾਰੀ ਰਾਜ ਦਰਬਾਰੀ ਬਣਨਾ ਲੋਚਿਆ। ਇੰਜ ਉਹ ਮਰ ਮਰਕੇ ਜਿਉਂਦਾ ਅਤੇ ਜਿਉਂ ਜਿਉਂਕੇ ਮਰਦਾ ਰਿਹਾ। ਉਹ ਆਪਣੇ ਇੱਕ ਮਿੱਤਰ ਥੀਰੀਓਟ ਨੂੰ ਲਿਖਦਾ ਹੈ :

"ਮੇਰੇ ਪਿਆਰੇ ਥੀਰੀਓਟ! ਤੂੰ ਵਿਸ਼ਵਾਸ ਨਹੀਂ ਕਰਨਾ ਕਿ ਬਤੌਰ ਇੱਕ ਦਰਬਾਰੀ ਮੈਂ ਆਪਣੀ ਜ਼ਿੰਦਗੀ ਤੋਂ ਤੰਗ ਆ ਗਿਆ ਹਾਂ। ਰਾਣੀ ਨੂੰ ਹਰ ਰੋਜ਼ ਫ਼ਜ਼ੂਲ ਕਵਿਤਾਵਾਂ ਸੁਣਾਕੇ ਬੋਰ ਕੀਤਾ ਜਾਂਦਾ ਹੈ।......ਪਰ ਇੱਕ ਸਾਹਿਤਕਾਰ ਦਾ ਇੱਥੇ ਹੋਣਾ ਬਹੁਤ ਵੱਡਾ ਪਾਗਲਪਣ ਹੈ।[6]

"......ਬਦਕਿਸਮਤੀ ਨਾਲ਼ ਨਿਰੀ ਪ੍ਰਸ਼ੰਸਾ ਕਿਸੇ ਕੰਮ ਨਹੀਂ ਆਉਂਦੀ। ਇੱਕ ਦਰਬਾਰੀ ਕਵੀ ਦਾ ਰੋਲ ਭਾਵੇਂ ਕਿੰਨਾ ਹੀ ਮਨਭਾਉਂਦਾ ਹੋਵੇ, ਪਰ ਉਸਦੇ ਪਿੱਛੇ ਇੱਕ ਮਖੌਲ ਲਮਕਦਾ ਆਉਂਦਾ ਹੈ।[7]

ਇਉਂ ਨਾ ਚਾਹੁੰਦਿਆਂ ਹੋਇਆ ਦਰਬਾਰੀ ਕਵੀ ਬਣਕੇ ਉਹ ਬੁਰੇ ਨਿਸ਼ਚੇ (Bad faith) ਵਿੱਚ ਵਿਚਰ ਰਿਹਾ ਹੈ, ਸਵੈ-ਹੋਂਦ ਨਾਲ਼ ਧੋਖਾ ਕਰ ਰਿਹਾ ਹੈ।

'ਲੈਟਰਜ਼ ਇੰਗਲਿਸ਼ੀਆ' ਦਾ ਫ਼ਰਾਂਸੀਸੀ ਅਨੁਵਾਦ ਫ਼ਰਾਂਸ ਵਿੱਚ ਉਸਦੀ ਮਰਜ਼ੀ ਤੋਂ ਬਿਨਾਂ ਰਿਲੀਜ਼ ਹੋ ਗਿਆ। ਉਸ ਸਮੇਂ ਉਹ ਬਾਦਸ਼ਾਹ ਦੇ ਚੀਫ਼ ਮਨਿਸਟਰ ਨੂੰ ਲਿਲਕੜੀਆਂ ਭਰੀ ਚਿੱਠੀ ਲਿਖਦਾ ਹੈ।

ਇੱਕ ਯਹੂਦੀ ਨਾਲ਼ ਝਗੜਾ ਹੋ ਜਾਣ 'ਤੇ ਉਹ ਪਰਸ਼ੀਆ ਦੇ ਫਰੈਡਰਿਕ ਅੱਗੇ ਇੰਜ ਗੋਡੇ ਟੇਕਦਾ ਹੈ :

**"ਯੂਅਰ ਮੈਜੇਸਟੀ, ਤੁਹਾਡੀ ਫ਼ਿਲਾਸਫ਼ੀ ਅਤੇ ਤੁਹਾਡੀ ਨੇਕੀ ਤੋਂ ਮੁਆਫ਼ੀ ਮੰਗਦਾ ਹਾਂ। ਜਿਵੇਂ ਚਾਹੋ, ਜਿਵੇਂ ਤੁਹਾਡੀ ਮਰਜ਼ੀ ਹੋਵੇ ਭਰਾ ਵੋਲਟੇਅਰ ਉਪਰ ਰਹਿਮ ਕਰੋ।**[8]

ਵੋਲਟੇਅਰ ਨੇ ਪਰਸ਼ੀਆ ਵਿਖੇ ਆਪਣੀ ਠਹਿਰ ਲਈ ਫਰੈਡਰਿਕ ਨਾਲ਼ ਅਜਿਹੀ ਸੌਦੇਬਾਜ਼ੀ ਕੀਤੀ ਕਿ ਉਹ ਆਪਣੀ ਆਜ਼ਾਦੀ (ਅਸਤਿਤਵ) ਦੇ ਕੁੱਝ ਹਿੱਸੇ ਦੀ ਵੀ ਸੌਦੇਬਾਜ਼ੀ ਕਰ ਗਿਆ।[9]

ਉਸਨੂੰ ਇਹ ਗੱਲ ਮੰਨਣੀ ਪੈਂਦੀ ਹੈ ਕਿ 'ਜਿਹੋ ਜਿਹਾ ਫ਼ੈਸਲਾ ਮੈਂ ਕੀਤਾ ਹੈ, ਇਸਦੀ ਕੀਮਤ ਦੇਣੀ ਪੈਣੀ ਹੈ।' ਉਸਦੇ ਇਹ ਸ਼ਬਦ ਪ੍ਰਸਿੱਧ ਅਸਤਿਤਵਵਾਦੀ ਚਿੰਤਕ ਜਾਂ ਪਾਲ ਸਾਰਤਰ ਦੀ ਹੀ ਪੁਸ਼ਟੀ ਕਰਦੇ ਹਨ ਜਦੋਂ ਉਹ ਕਹਿੰਦਾ ਹੈ ਕਿ ਬੰਦੇ ਨੂੰ ਆਪਣੇ ਕੀਤੇ ਫ਼ੈਸਲੇ ਲਈ ਕੋਈ ਬਹਾਨੇ ਨਹੀਂ (No Excuse) ਘੜਨੇ ਚਾਹੀਦੇ, ਕੀਤੇ ਦਾ ਫਲ਼ ਭੁਗਤਣਾ ਹੀ ਪੈਂਦਾ ਹੈ।

ਪਰਸ਼ੀਆ ਵਿੱਚ ਰਹਿੰਦਿਆਂ ਉਹ ਉਸੇ ਸਮੇਂ ਫ਼ਰਾਂਸ ਦੇ ਬਾਦਸ਼ਾਹ ਪ੍ਰਤੀ ਵੀ ਆਪਣੀ ਵਫ਼ਾਦਾਰੀ ਪ੍ਰਗਟ ਕਰਦਾ ਹੈ :

"ਮੈਂ ਇਹ ਗੱਲ ਕਹਿਣ ਵਿੱਚ ਫ਼ਖਰ ਮਹਿਸੂਸ
ਕਰਦਾ ਹਾਂ ਕਿ ਬਾਦਸ਼ਾਹ ਇਹ ਜਾਣਕੇ ਖ਼ੁਸ਼ ਹੋਵੇਗਾ
ਕਿ ਮੈਂ ਅਜੇ ਵੀ ਆਪਣੇ ਆਪ ਨੂੰ ਉਹਨਾਂ ਦੀ
ਵਫ਼ਾਦਾਰ ਪਰਜਾ ਸਮਝਦਾ ਹਾਂ।[10]

ਪਰਸ਼ੀਆ ਵਿੱਚ ਫਰੈਡਰਿਕ ਤੋਂ 20,000 ਪੌਂਡ ਤਨਖਾਹ ਅਤੇ ਆਰਡਰ ਆਫ਼ ਮੈਰਿਟ ਨਾਲ਼ ਸਨਮਾਨਿਤ ਹੋ ਕੇ ਉਹ ਸਤਿਕਾਰਯੋਗ ਮਹਿਮਾਨ ਤੋਂ ਬਦਲਕੇ ਪਰਸ਼ੀਆ ਦੇ ਬਾਦਸ਼ਾਹ ਦਾ ਨੌਕਰ ਬਣ ਜਾਂਦਾ ਹੈ। ਇਉਂ ਸੌਦੇਬਾਜ਼ੀ ਵਿੱਚ ਉਹ ਆਪਣਾ ਅਸਤਿਤਵ ਗਹਿਣੇ ਕਰ ਬਹਿੰਦਾ ਹੈ।

ਪਰ ਅਜਿਹੀ ਪਦਾਰਥਕ ਸੁਰੱਖਿਆ ਰੇਤੇ ਉੱਪਰ ਉਸਰੀ ਕੰਧ ਸਮਾਨ ਹੁੰਦੀ ਹੈ। ਇਹ ਪ੍ਰਮਾਣਿਕ ਨਹੀਂ ਹੁੰਦੀ। ਸ਼ਾਇਦ ਅਜਿਹੀ ਸਥਿਤੀ ਵਿੱਚ ਸ਼ੇਖ਼ ਫ਼ਰੀਦ ਲਿਖਦੇ ਹਨ:

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥
ਜੇ ਤੂੰ ਏਵੈ ਰਖਸੀ ਜੀਉ ਸਰੀਰਹੁ ਲੇਹਿ॥[11]

ਇਸ ਸਥਿਤੀ ਵਿੱਚ ਵੋਲਟੇਅਰ ਦੀ ਸਥਿਤੀ 'ਫਸੀ 'ਤੇ ਫਟਕਣ ਕੀ'? ਵਾਲੀ ਹੋ ਜਾਂਦੀ ਹੈ।

ਵੋਲਟੇਅਰ ਲੋਕਾਂ ਨੂੰ ਬੋਲਕੇ ਕਿੰਜ ਸੰਬੋਧਨ ਕਰਦਾ ਸੀ, ਉਹ ਬੋਲ ਤਾਂ ਹਵਾ ਵਿੱਚ ਉੱਡ ਗਏ ਪਰ ਇਸ ਨਾਵਲ ਵਿੱਚ ਉਸਦੀਆਂ ਚਿੱਠੀਆਂ ਦੀ ਭਰਮਾਰ ਹੈ। ਦਰਅਸਲ ਨਾਵਲਕਾਰ 'ਖਾਮੋਸ਼' ਚਿੱਠੀਆਂ ਦੇ ਮਾਧਿਅਮ ਰਾਹੀਂ ਹੀ ਸਾਰੇ ਨਾਵਲ ਦੀ ਉਸਾਰੀ ਕਰ ਰਿਹਾ ਹੈ। ਇਸ ਨਾਵਲ ਦਾ ਆਧਾਰ ਜ਼ਿਆਦਾਤਰ ਉਹ ਚਿੱਠੀਆਂ ਹਨ ਜਿਹੜੀਆਂ ਉਹ ਆਪਣੇ ਦੋਸਤਾਂ ਨਿਕੋਲਸ ਕਲਾਡ, ਥੀਰੀਓਟ, ਡਿਊਕ ਡੀ ਰੀਚੈਲੀਓ, ਸਿਡੀਵਿਲ, ਡੀ.ਆਰਜੈਂਟਲ ਤੋਂ ਬਿਨਾਂ

ਆਪਣੀਆਂ ਪ੍ਰੇਮਕਾਵਾਂ ਨੂੰ ਲਿਖਦਾ ਹੈ। ਇਉਂ ਨਾਵਲ ਦੇ ਵਿਕਾਸ ਵਿੱਚ ਬੇਸ਼ੁਮਾਰ ਇੱਕ-ਪਾਸੜ ਚਿੱਠੀਆਂ ਹਨ। ਉੱਤਰ ਕਿਧਰੇ ਕਿਧਰੇ ਹੀ ਉਪਲੱਬਧ ਹੈ।

ਵੋਲਟੇਅਰ ਨੇ ਸ਼ਾਦੀ ਨਹੀਂ ਸੀ ਕਰਵਾਈ ਅਤੇ ਨਾ ਹੀ ਉਸਦੇ ਕੋਈ ਬੱਚਾ ਸੀ। ਫਿਰ ਵੀ ਉਸਦੇ ਜੀਵਨ ਵਿੱਚ ਅਨੇਕਾਂ ਔਰਤਾਂ ਆਈਆਂ ਜਿਵੇਂ ਪਿੰਪਟੀ, ਸਜ਼ਾਨੀ ਡੀ ਲਿਵਰੀ, ਮਾਰਗਰੇਟ ਮੈਡੀਲੀਨ ਬਰਨੀਅਰਜ਼ (ਜੋ ਇੱਕ ਜੱਜ ਦੀ ਪਤਨੀ ਸੀ), ਐਮਿਲੀ ਡੂ ਚੈਟੀਲਿਟ, ਐਡਰੀਨੀ ਲੀ ਕੋਵਰਰ, ਮੈਡਮ ਡੂ ਲਾ ਨੌਵਿਲੀ, ਸੋਫ਼ੀ ਬੈਟਿੰਕ ਅਤੇ ਅਖੀਰ ਵਿੱਚ ਉਹ ਮੈਰੀ ਲੂਸੀ ਮਿਗਨਾਟ (ਡੈਨਿਸ਼ ਚਾਰਲਸ)-ਜੋ ਕਿ ਉਸਦੀ ਸਕੀ ਭਾਣਜੀ ਸੀ-ਨਾਲ਼ ਪ੍ਰੇਮ ਸੰਬੰਧ ਕਾਇਮ ਕਰਦਾ ਹੈ। ਇਨ੍ਹਾਂ ਔਰਤਾਂ ਨਾਲ਼ ਵਰਤ-ਵਿਉਹਾਰ ਸਮੇਂ ਵੀ ਉਹ ਇੱਕ ਕਮਜ਼ੋਰ ਨਾਇਕ ਵਜੋਂ ਹੀ ਸਾਹਮਣੇ ਆਉਂਦਾ ਹੈ। ਇੱਕ ਹੋਰ ਔਰਤ ਮੈਡਮ ਡੀ ਫੋਨਟੇਅਰ ਪਾਸ ਤਾਂ ਉਸਨੂੰ ਬ੍ਰਹਮਚਾਰੀ ਬਣਕੇ ਹੀ ਉਸਦੇ ਘਰ ਰਹਿਣਾ ਪੈਂਦਾ ਹੈ। ਪਿਆਰ ਦੇ ਖੇਤਰ ਵਿੱਚ ਵੀ ਉਹ ਜੋ ਪ੍ਰਾਪਤ ਕਰਦਾ ਹੈ ਆਪਣਾ ਅਸਤਿਤਵ ਗੁਆਕੇ ਹੀ ਹਾਸਲ ਕਰਦਾ ਹੈ। ਉਹ ਆਪਣੀ ਸਕੀ ਭਾਣਜੀ ਮੈਡਮ ਡੈਨਿਸ (ਜੋ ਕਿ ਵਿਧਵਾ ਹੈ) ਪ੍ਰਤੀ ਆਪਣਾ ਪ੍ਰੇਮ ਇਹਨਾਂ ਸ਼ਬਦਾਂ ਵਿੱਚ ਪ੍ਰਗਟ ਕਰਦਾ ਹੈ :

"ਪਿਆਰੀ ਭਾਣਜੀ, ਜਦ ਮੈਂ ਇਹ ਚਿੱਠੀ ਲਿਖ ਰਿਹਾ ਹਾਂ ਮੇਰੇ ਹੰਝੂਆਂ ਨਾਲ਼ ਕਾਗਜ਼ ਗਿੱਲਾ ਹੋ ਰਿਹਾ ਹੈ। ਜੇਕਰ ਮੇਰੀ ਸਿਹਤ ਇਜਾਜ਼ਤ ਦਿੰਦੀ ਤਾਂ ਸਫ਼ਰ ਕਰਨ ਵਾਲੀ ਗੱਡੀ ਵਿੱਚ ਬਹਿਕੇ ਤੇਰੇ ਕੋਲ ਜ਼ਰੂਰ ਪਹੁੰਚਦਾ ਤੈਨੂੰ ਜੱਫੀ ਪਾਉਣ ਲਈ ਮੈਂ ਅਕਤੂਬਰ ਵਿੱਚ ਆਉਣ ਦੀ ਕੋਸ਼ਿਸ਼ ਕਰਾਂਗਾ। ਮੇਰੇ ਗ਼ਮ ਵਿੱਚ ਇੱਕ ਗ਼ਮ ਇਹ ਵੀ ਸ਼ਾਮਲ ਹੈ ਕਿ ਮੈਂ ਬਾਕੀ ਦੀ ਜ਼ਿੰਦਗੀ ਬਿਤਾਉਣ ਦੇ ਸਮਰੱਥ ਨਹੀਂ ਹੋ ਸਕਾਂਗਾ। ......ਪਰ ਤੈਨੂੰ ਆਪਣੇ ਦੋਸਤਾਂ ਲਈ, ਖ਼ਾਸ ਕਰ ਮੇਰੇ ਲਈ ਜਿਊਣਾ ਚਾਹੀਦਾ ਕਿਉਂਕਿ ਮੈਂ ਤੈਨੂੰ ਬਹੁਤ ਜ਼ਿਆਦਾ ਪਿਆਰ ਕਰਦਾ ਹਾਂ। ਕਾਸ਼! ਰੱਬ ਇਸ ਗੱਲੋਂ ਖ਼ੁਸ਼ ਹੋਵੇ ਕਿ ਆਪਾਂ ਇਕੱਠੇ ਰਹੀਏ। ਤੂੰ ਮੇਰੀ ਜ਼ਿੰਦਗੀ ਦਾ ਧਰਵਾਸ ਬਣੇਂਗੀ। ਮੈਂ ਤੇਰੀ ਜ਼ਿੰਦਗੀ ਦਾ ਧਰਵਾਸ ਬਣਨ ਦੀ ਕੋਸ਼ਿਸ਼ ਕਰਾਂਗਾ।[12]

ਉਸਦਾ ਬਿਮਾਰ ਸਰੀਰ 29-30 ਸਾਲ ਦੀ ਭਾਣਜੀ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਅਸਮਰਥ ਸੀ (ਵੋਲਟੇਅਰ 52 ਸਾਲਾਂ ਦਾ ਸੀ) ਪਰ ਪਿਆਰ ਦੀ ਉਸਨੂੰ ਲੋੜ ਸੀ। ਇਸੇ ਲਈ ਉਹ ਲਿਲਕੜੀ ਲੈਂਦਾ ਹੋਇਆ ਲਿਖਦਾ ਹੈ:

"ਮੈਂ ਆਪਣੇ ਲੰਗੜੇਪਣ (ਭਾਵ ਸਰੀਰਕ ਕਮਜ਼ੋਰੀ) ਨਾਲ਼ ਆਉਣ ਦੀ ਆਗਿਆ ਮੰਗਦਾ ਹਾਂ। ਤੈਨੂੰ ਸੰਤੁਸ਼ਟ ਕਰਨ ਲਈ ਮੈਂ ਆਪਣੀ ਪੂਰੀ ਵਾਹ ਲਾਉਣ ਦੀ ਕੋਸ਼ਿਸ਼ ਕਰਾਂਗਾ, ਭਾਵੇਂ ਮੈਂ ਅਜਿਹਾ ਕੁੱਝ ਨਾ ਕਰ ਸਕਾਂ। ਪਰ ਤੈਨੂੰ ਹਮੇਸ਼ਾ ਪਿਆਰ ਕਰਦਾ ਰਹਾਂਗਾ।[13]

ਪਰ ਮੈਡਮ ਡੈਨਿਸ,'ਵੋਲਟੇਅਰ ਦੇ ਕਈ ਦੋਸਤਾਂ ਨੂੰ ਹੀ ਆਪਣਾ ਪ੍ਰੇਮੀ

ਬਣਾ ਲੈਂਦੀ ਹੈ। ਦਰਅਸਲ ਉਹ ਵੋਲਟੇਅਰ ਨਾਲ਼ ਕਦੇ ਪਿਆਰ ਕਰਨ ਦੀ ਇਛੁੱਕ ਨਹੀਂ ਸੀ।

ਸਾਰਤਰ ਲਿਖਦਾ ਹੈ "Desire is the desire to invite other's desire."[14]

ਡੈਨਿਸ ਦੀ ਖਾਹਸ਼ ਨੂੰ ਉਤੇਜਿਤ ਕਰਨ ਲਈ ਉਹ ਕਾਮੁਕ ਭਾਸ਼ਾ ਦਾ ਪ੍ਰਯੋਗ ਕਰਦਾ ਹੈ :

"ਮੈਂ ਤੈਨੂੰ ਹਜ਼ਾਰ ਵਾਰ ਚੁੰਮਦਾ ਹਾਂ, ਮੇਰੀ ਆਤਮਾ ਤੇਰੀ ਆਤਮਾ ਨੂੰ ਚੁੰਮਦੀ ਹੈ, ਮੇਰਾ ਦਿਲ ਤੇਰੇ ਨਾਲ਼ ਪਿਆਰ ਕਰਦਾ ਹੈ। ਮੈਂ ਤੇਰੇ ਸਰੀਰ ਦੇ ਸਾਰੇ ਮਨੋਹਰ ਅੰਗਾਂ ਨੂੰ ਚੁੰਮਦਾ ਹਾਂ।[15]

ਅਜਿਹੀਆਂ ਭਾਵਨਾਵਾਂ ਵਾਲੀ ਚਿੱਠੀ ਪੜ੍ਹਕੇ ਮੈਡਮ ਡੈਨਿਸ ਬਹੁਤ ਖੁਸ਼ ਹੁੰਦੀ ਹੈ ਅਤੇ ਚਿੱਠੀ ਦਾ ਉੱਤਰ ਦਿੰਦੀ ਹੈ :

"ਤੁਸੀਂ ਮੈਨੂੰ ਮਨਮੋਹਕ ਚਿੱਠੀ ਲਿਖੀ ਹੈ। ਚਿੱਠੀ ਪੜ੍ਹਕੇ ਮੈਂ ਇਸਨੂੰ ਚੁੰਮਿਆ। ਰੱਬ ਦੀ ਸਹੁੰ ਮੈਂ ਵਿਸ਼ਵਾਸ ਨਹੀਂ ਕਰ ਸਕਦੀ ਕਿ ਤੁਹਾਡੀ ਕੋਈ ਪ੍ਰੇਮਕਾ ਨਹੀਂ। ਤੁਸੀਂ ਕਿਵੇਂ ਗੁਜ਼ਾਰਾ ਕਰਦੇ ਹੋ? ਤੁਸੀਂ ? ਅਤੇ ਪਿਆਰ ਨਾ ਕਰੋਂ? ......ਤੁਹਾਡੀ ਪਿਆਰੀ ਚਿੱਠੀ ਲਈ ਮੇਰਾ ਹੁੰਗਾਰਾ ਇਹ ਹੈ ਕਿ ਤੁਹਾਡੇ ਪਿਆਰ ਭਰੇ ਸ਼ਬਦ ਪੜ੍ਹਕੇ ਮੈਂ ਦਿਲ ਦੀਆਂ ਡੂੰਘਾਣਾਂ ਤੱਕ ਬਬੂਕੇ ਵਾਂਗ ਲਾਟਾਂ ਬਣਨੋਂ ਨਾ ਰਹਿ ਸਕੀ। ਮੈਂ ਤੁਹਾਨੂੰ ਹਜ਼ਾਰ ਵਾਰ ਚੁੰਮਦੀ ਹਾਂ।[15]

**ਅਸਤਿਤਵਵਾਦੀ ਨਜ਼ਰੀਏ ਤੋਂ ਦੋਵੇਂ ਧਿਰਾਂ ਸਵੈ-ਧੋਖਾ (Bad faith) ਵਿੱਚ ਹਨ। ਇੱਕ ਧਿਰ ਦੂਜੀ ਪਾਸੋਂ ਆਪਣਾ ਮਤਲਬ ਕੱਢਣ ਲਈ ਜਤਨਸ਼ੀਲ ਹੈ।** ਇਸੇ ਤਰ੍ਹਾਂ ਐਮਲੀ ਡੂ ਚੈਟੀਲਿਟ ਦਾ ਵੋਲਟੇਅਰ ਨਾਲ਼ ਪਿਆਰ ਦੁਚਿੱਤੀ ਭਰਿਆ ਹੈ। ਉਹ ਮੌਪਰਤੀਊਸ ਨੂੰ ਚਿੱਠੀਆਂ ਲਿਖਦੀ ਹੈ :

".......ਜਿਵੇਂ ਤੁਸੀਂ ਸੋਚੋਗੇ, ਮੈਂ ਕਿਧਰੇ ਬਾਹਰ ਨਹੀਂ ਜਾਵਾਂਗੀ ਜੇਕਰ ਤੁਸੀਂ ਮੈਨੂੰ ਧਰਵਾਸ ਦੇਣਾ ਚਾਹੁੰਦੇ ਹੋ ਤਾਂ ਤੁਸੀਂ ਮੈਨੂੰ ਘਰ ਵਿੱਚ ਇਕੱਲੀ ਵੇਖੋਗੇ। ਮੈਂ ਦਰਵਾਜ਼ਾ ਬੰਦ ਕਰ ਲਿਆ ਸੀ। ਪਰ ਮੈਂ ਮਹਿਸੂਸ ਕਰਦੀ ਹਾਂ ਕਿ ਅਜਿਹਾ ਕੋਈ ਸਮਾਂ ਨਹੀਂ ਜਦ ਤੁਹਾਨੂੰ ਮਿਲਕੇ ਮੈਨੂੰ ਜ਼ਿਆਦਾ ਆਨੰਦ ਨਹੀਂ ਆਵੇਗਾ।[17]

ਦਰਅਸਲ ਵੋਲਟੇਅਰ ਸਾਰੀ ਆਯੂ ਕਿਸੇ ਨਾ ਕਿਸੇ ਬਿਮਾਰੀ ਤੋਂ ਪੀੜਤ ਰਹਿੰਦਾ ਹੈ। ਬਿਮਾਰੀਆਂ ਅਤੇ ਦੁੱਖਾਂ ਕਾਰਨ ਉਸਦਾ ਲਹਿਜਾ ਤਰਸ ਭਰਿਆ ਹੋ ਜਾਂਦਾ ਹੈ। ਇੱਕ ਵਾਰੀ ਉਹ ਮੈਡਮ ਡੀ ਬਰਨੀਅਰਜ਼ ਨੂੰ ਤਰਲੇ ਵਾਲੇ ਲਹਿਜੇ ਵਿੱਚ ਕਹਿੰਦਾ ਹੈ :

"ਜਿੰਨਾਂ ਛੇਤੀ ਹੋ ਸਕੇ ਪੈਰਿਸ ਆ ਜਾਵੋ। ਮੈਂ ਤੁਹਾਨੂੰ ਹੱਥ ਬੰਨ੍ਹਕੇ ਬੇਨਤੀ ਕਰਦਾ ਹਾਂ। ਤੁਸੀਂ ਮੈਨੂੰ ਅਜਿਹੀ ਭਿਆਨਕ ਖਾਰਸ਼ ਨਾਲ਼ ਪੀੜਤ ਵੇਖੋਗੇ

ਜਿਹੜੀ ਮੇਰੇ ਸਾਰੇ ਸਰੀਰ ਉੱਪਰ ਫੈਲੀ ਹੋਈ ਹੈ।

ਖੁਸ਼ਕਿਸਮਤੀ ਨਾਲ਼ ਮੈਂ ਜਾਣਦਾ ਹਾਂ ਕਿ ਮੇਰੇ ਵਰਗੇ ਬੀਮਾਰ ਬੰਦੇ ਨਾਲ਼ ਰਹਿਣ ਵਾਸਤੇ ਤੁਹਾਡੇ ਵਿੱਚ ਕਾਫ਼ੀ ਨੇਕੀ ਅਤੇ ਦੋਸਤੀ ਹੈ। ਜਦ ਤੁਸੀਂ ਵਾਪਸ ਆਓਗੇ, ਆਪਾਂ ਇੱਕ ਦੂਜੇ ਨੂੰ ਚੁੰਮਾਂਗੇ ਨਹੀਂ, ਪਰ ਆਪਣੇ ਦਿਲ ਬੋਲਣਗੇ।"[18]

ਪਰ ਮੈਡਮ ਪੈਰਿਸ ਨਹੀਂ ਆਉਂਦੀ। ਉਸਦੀ ਹੋਂਦ ਦਾ ਦੁਖਾਂਤ ਇਹ ਹੈ ਕਿ ਉਹ ਇਤਨੀ ਗੱਲ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦਾ ਕਿ ਮੁਟਿਆਰ/ ਅਧੇੜ ਔਰਤਾਂ ਨੇ ਬਿਮਾਰ ਬੰਦੇ ਨੂੰ ਪਿਆਰ ਕਰਕੇ ਕੀ ਲੈਣਾ? ਜੇ ਕੋਈ ਉਸਦੇ ਸੰਪਰਕ ਵਿੱਚ ਆਕੇ ਕੁੱਝ ਸਮਾਂ ਠਹਿਰਦੀ ਵੀ ਹੈ ਤਾਂ ਉਸਦੇ ਪੈਸੇ ਕਰਕੇ। ਅਜਿਹੀ ਸਥਿਤੀ ਵਿੱਚ ਜਾਨ੍ਹ ਮਕੈਰੀ ਨਾਲ਼ ਸਹਿਮਤ ਹੋਣਾ ਪੈਂਦਾ ਹੈ :

"Man exists authentically when his original possibilities, belonging to his being as man, are fulfilled. His existence is inauthentic when his possibilities are projected on something alien to himself. In that case the self in lost and scattered."[19]

ਵੋਲਟੇਅਰ ਦੀ ਕਲਮ ਸ਼ੁਰੂ ਤੋਂ ਫ਼ਰਾਂਸ ਦੇ ਕੁਸ਼ਾਸ਼ਨ ਅਤੇ ਧਰਮ ਦੀ ਦੁਰਵਰਤੋਂ ਵਿਰੁੱਧ ਵਗਦੀ ਰਹੀ। ਉਹ ਇਨ੍ਹਾਂ ਵਿਰੁੱਧ ਲਿਖਦਾ ਵੀ ਰਿਹਾ, ਸਜ਼ਾ ਦੇ ਡਰ ਤੋਂ ਬਚਣ ਲਈ ਕਈ ਪ੍ਰਕਾਸ਼ਨਾਵਾਂ ਤੋਂ ਮੁਕਰਦਾ ਵੀ ਰਿਹਾ। ਸਮਾਂ ਹੀ ਅਜਿਹਾ ਸੀ। ਉਹ ਕਲਮ ਨੂੰ ਤਲਵਾਰ ਵਾਂਗ ਚਲਾਉਂਦਾ ਹੋਇਆ, ਬਚਾਓ ਵਿੱਚ ਹੀ ਬਚਾਓ ਹੈ ਦੇ ਸਿਧਾਂਤ ਤੇ ਵੀ ਚਲਦਾ ਰਿਹਾ। ਵਿਸ਼ਵਕੋਸ਼ ਦੀ ਸੱਤਵੀਂ ਜਿਲਦ ਦੇ ਪ੍ਰਕਾਸ਼ਿਤ ਹੋਣ ਨਾਲ਼ ਹਾਲਾਤ ਬਿਗੜ ਜਾਂਦੇ ਹਨ। ਵੋਲਟੇਅਰ ਆਪਣਾ ਗੁੱਸਾ ਪ੍ਰਗਟ ਕਰਦਿਆਂ ਡੀ. ਐਲਮਬਰਟ ਨੂੰ ਲਿਖੀ ਚਿੱਠੀ ਵਿੱਚ ਧਾਰਮਿਕ ਕੱਟੜਵਾਦੀਆਂ ਦੀ ਨਿੰਦਿਆ ਕਰਦਾ ਹੈ। ਫਿਰ ਵੀ ਕਿਸੇ ਡਰ ਅਧੀਨ ਉਹ ਆਪਣੀ ਸੋਚ ਵਿੱਚ ਤਿਲਕਦਾ ਰਹਿੰਦਾ ਹੈ। ਕਦੇ ਇੱਕ ਪਾਸੇ ਹੋ ਜਾਂਦਾ ਹੈ, ਕਦੇ ਦੂਜੇ ਪਾਸੇ। ਵਿਸ਼ਵਕੋਸ਼ ਨਾਲੋਂ ਸੰਬੰਧ ਖ਼ਤਮ ਕਰਨ ਦਾ ਐਲਾਨ ਵੀ ਕਰ ਦਿੰਦਾ ਹੈ। ਫਰਨੀ ਟਰਨੀ ਦੀਆਂ ਜਾਇਦਾਦਾਂ ਖਰੀਦਕੇ ਖੇਤੀ ਆਰੰਭ ਕਰਦਾ ਹੈ। ਆਪਣੀ ਮੌਲਿਕ ਯੋਜਨਾ (Original project) ਵਿੱਚ ਤਬਦੀਲੀ ਲਿਆਕੇ ਲੋਕਾਂ ਦੇ ਦੁਖ-ਸੁਖ ਦਾ ਭਾਈਵਾਲ ਬਣਦਾ ਹੈ। ਗਰੀਬੀ ਨੂੰ ਨੇੜਿਉਂ ਤੱਕਦਾ ਹੈ। ਲੋਕਾਂ ਦੀ ਮੱਦਦ ਕਰਦਾ ਹੈ। ਇੱਕ ਲੜਕੀ ਨੂੰ ਗੋਦ ਲੈ ਕੇ ਉਸਦੀ ਚੰਗੀ ਸਿੱਖਿਆ ਦਾ ਪ੍ਰਬੰਧ ਕਰਦਾ ਹੈ। ਫ਼ਿਲਾਸਫ਼ੀ ਆਫ਼ ਡਿਕਸ਼ਨਰੀ ਤਿਆਰ ਕਰਦਾ ਹੈ। ਭਿਖਾਰੀਆਂ ਵਰਗੇ ਜੀਵਨ ਤੋਂ ਤਰੱਕੀ ਕਰਕੇ ਬਹੁਤ ਅਮੀਰ ਹੋ ਜਾਂਦਾ ਹੈ। ਵੱਡੇ ਵੱਡੇ ਲੋਕਾਂ ਨੂੰ ਵਿਆਜ 'ਤੇ ਰਕਮਾਂ ਦਿੰਦਾ ਹੈ। ਵਿਆਜ ਮਰਦਾ ਵੇਖਕੇ ਦੁਖੀ ਹੁੰਦਾ ਹੈ।

ਜਦੋਂ ਫ਼ਰਾਂਸ ਵਿੱਚ ਨਿਰਦੋਸ਼ੇ ਜੀਨ ਕੈਲਸ ਅਤੇ ਸਿਰਵਨ ਨੂੰ ਬਿਨਾਂ ਅਪੀਲ, ਵਕੀਲ, ਦਲੀਲ ਤਸੀਹੇ ਦੇ ਕੇ ਮਾਰਿਆ ਜਾਂਦਾ ਹੈ ਤਾਂ ਉਸਦਾ ਅੰਦਰਲਾ ਇਨਸਾਨ (Conscience) ਉਚੇਰੇ ਸਰੋਕਾਰਾਂ ਲਈ ਕਿਰਿਆਸ਼ੀਲ ਹੋ ਜਾਂਦਾ ਹੈ। ਉਸ ਸਮੇਂ ਦੇ ਫਰਾਂਸ ਨੂੰ ਉਹ ਜ਼ਹਿਰੀਲਾ ਸੱਪ ਕਹਿੰਦਾ ਹੈ। ਫ਼ਰੈਂਚ ਈਸਟ ਇੰਡੀਆ ਕੰਪਨੀ ਦੇ ਜਰਨੈਲ ਲੈਲੀ ਟੋਲੈਂਡਲ ਦੀ ਅੰਗਰੇਜ਼ ਈਸਟ ਇੰਡੀਆ ਹੱਥੋਂ ਹਾਰ ਕਾਰਨ ਅਤੇ ਇੱਕ ਹੋਰ ਯਤੀਮ ਲੜਕੇ ਲਾ ਬੈਰੇ ਨੂੰ ਦਿੱਤੇ ਤਸੀਹੇ ਵੀ ਵੋਲਟੇਅਰ ਦੀ ਆਤਮਾ ਨੂੰ ਹਲੂਣਦੇ ਹਨ। ਵੋਲਟੇਅਰ ਦੀਆਂ ਲਿਖਤਾਂ ਦਾ ਏਨਾ ਅਸਰ ਹੋਇਆ ਕਿ ਲਾ ਬੈਰੇ ਤੋਂ ਪਿੱਛੋਂ ਕਿਸੇ ਨੂੰ ਵੀ ਕੁਫ਼ਰ ਲਈ ਮੌਤ ਦੇ ਘਾਟ ਨਾ ਉਤਾਰਿਆ ਗਿਆ।

ਜੀਵਨ ਦੇ ਅੰਤਮ ਦਿਨਾਂ ਵਿੱਚ ਉਹ ਸੋਨੇ ਦੀਆਂ ਘੜੀਆਂ ਬਣਾਉਣ ਲਈ ਜਨੇਵਾ ਤੋਂ ਕਾਰੀਗਰ ਮੰਗਵਾਉਂਦਾ ਹੈ। ਉਸਦੇ ਜਿਉਂਦੇ ਜੀਅ ਲੋਕਾਂ ਉਸਦਾ ਸ਼ਾਨਦਾਰ ਬੁੱਤ ਬਣਾਇਆ।

ਨਾਵਲ ਦੇ ਅੰਤ ਤੇ ਲੇਖਕ ਉਸਦੀਆਂ ਪ੍ਰਾਪਤੀਆਂ ਬਾਰੇ ਸੰਖੇਪ ਵਿੱਚ ਚਰਚਾ ਕਰਦਿਆਂ ਉਸਦੇ ਅਸਤਿਤਵ ਨੂੰ ਮਾਨਵਵਾਦੀ (Humanist) ਵਜੋਂ ਪੇਸ਼ ਕਰਦਾ ਹੈ :

ਇਕ : ਉਸਨੇ ਕੈਲਸ, ਸਿਰਵਨ, ਲਾ ਬੈਰੇ ਅਤੇ ਮੋਨਬੈਲੀ ਦਾ ਬਦਲਾ ਲਿਆ

ਦੂਜੀ : ਕਵੀ, ਫ਼ਿਲਾਸਫ਼ਰ, ਇਤਿਹਾਸਕਾਰ-ਉਸਨੇ ਮਨੁੱਖੀ ਆਤਮਾ ਨੂੰ ਮਹਾਨ ਸ਼ਕਤੀ ਦਿੱਤੀ ਅਤੇ ਸਾਨੂੰ ਆਜ਼ਾਦ ਹੋਣ ਲਈ ਤਿਆਰ ਕੀਤਾ।

ਤੀਜੀ : ਉਸਨੇ ਸਹਿਣਸ਼ੀਲਤਾ ਦੀ ਪ੍ਰੇਰਣਾ ਦਿੱਤੀ। ਉਸਨੇ ਦਾਸ ਪ੍ਰਥਾ ਅਤੇ ਰਜਵਾੜਾ ਸ਼ਾਹੀ ਵਿਰੁੱਧ ਮੁੜ ਅਧਿਕਾਰਾਂ ਦੀ ਪ੍ਰਾਪਤੀ ਕੀਤੀ।

ਇੰਜ ਵੋਲਟੇਅਰ ਦਾ ਅਸਤਿਤਵ ਪ੍ਰਮਾਣਿਕਤਾ ਅਤੇ ਅਪ੍ਰਮਾਣਿਕਤਾ ਦਾ ਰਲਵਾਂ-ਮਿਲਵਾਂ ਪ੍ਰਭਾਵ ਦਿੰਦਾ ਹੈ।

*ਅਧਿਆਇ ਸੋਲਵਾਂ*

# ਬਿਰਖ ਅਰਜ਼ ਕਰੇ

'ਬਿਰਖ ਅਰਜ਼ ਕਰੇ' ਕਾਵਿ-ਸੰਗ੍ਰਹਿ ਵਿੱਚ ਅਰਜ਼ ਕਰਨ ਵਾਲਾ ਬੁਲਾਰਾ ਬਿਰਖ ਨਾ ਰਹਿ ਕੇ ਪਾਤਰ ਵਜੋਂ ਸੁਰਜੀਤ ਹੋ ਜਾਂਦਾ ਹੈ। ਸੁਰਜੀਤ (Regenerate) ਹੋਏ ਇਸ ਪਾਤਰ ਦੇ ਅਸਤਿਤਵ ਰਾਹੀਂ ਕਵੀ ਸੁਰਜੀਤ ਪਾਤਰ ਆਪਣਾ ਕਾਵਿ ਸਿਰਜਦਾ ਹੈ। ਇਹੋ ਕਵੀ ਹੈ ਸਾਡਾ ਪਦਮ ਸ੍ਰੀ ਸੁਰਜੀਤ ਪਾਤਰ। ਵਿਚਾਰਾਧੀਨ ਕਾਵਿ-ਸੰਗ੍ਰਹਿ ਦੀਆਂ ਅਧਿਕਤਰ ਨਜ਼ਮਾਂ ਪੰਜਾਬ ਦੇ ਕਾਲੇ ਦਿਨਾਂ ਦੀ ਪ੍ਰਸਤੁਤੀ ਕਰਦੀਆਂ ਹਨ। ਇਸ ਕਾਵਿ-ਸੰਗ੍ਰਹਿ ਵਿੱਚ ਕਵੀ ਦੇ ਅਸਤਿਤਵ ਤੋਂ ਇਲਾਵਾ ਉਸਦੇ ਕਾਵਿ-ਨਾਇਕਾਂ ਦਾ ਅਸਤਿਤਵ ਅਤੇ ਸਮੁੱਚੇ ਪੰਜਾਬ ਪ੍ਰਾਂਤ ਦਾ ਅਸਤਿਤਵ ਵੀ ਆਪਣਾ ਪ੍ਰਗਟਾਵਾ ਕਰਦਾ ਹੈ। ਬਿਰਖ ਇਸ ਕਾਵਿ-ਸੰਗ੍ਰਹਿ ਦਾ ਕੇਂਦਰੀ ਕੋਡ ਵੀ ਹੈ ਅਤੇ ਰੂਪਕ (Allegory) ਵੀ। ਭਿਆਨਕ ਸਮਿਆਂ ਵਿੱਚ ਕਵੀ ਦੀ ਕਲਮ ਰੁਕਿਆ ਤਾਂ ਨਹੀਂ ਕਰਦੀ ਪਰ ਅਜਿਹੇ ਸਮਿਆਂ ਵਿੱਚ ਸਿੱਧੀਆਂ ਸਪਾਟ ਗੱਲਾਂ ਕਹਿਣ ਨਾਲ਼ੋਂ ਕਵੀ ਤਮਸੀਲਾਂ/ਦ੍ਰਿਸ਼ਟਾਂਤਾਂ/ਪ੍ਰਤੀਕਾਂ/ਦੂਹਰੇ ਅਰਥਾਂ/ਵਕ੍ਰੋਕਤੀਆਂ ਦੇ ਪ੍ਰਯੋਗ ਦੁਆਰਾ ਆਪਣਾ ਸੰਦੇਸ਼ ਦਿੰਦੇ ਹਨ। ਕਵੀ ਲੋਕਾਈ ਦਾ ਅੰਗ ਹੋਣ ਦੇ ਨਾਤੇ ਪੀੜ ਨੂੰ ਅਨੁਭਵ ਕਰਦਾ ਹੈ। ਕਾਵਿ-ਨਾਇਕ ਜਦੋਂ ਸੰਸਾਰ ਵਿੱਚ ਵਾਪਰਦੀਆਂ ਮਾੜੀਆਂ ਘਟਨਾਵਾਂ ਵਿਰੁੱਧ ਆਵਾਜ਼ ਉੱਠਦੀ ਨਹੀਂ ਵੇਖਦਾ ਤਾਂ ਫਿਰ ਉਸਨੂੰ ਤਾਂ ਬੋਲਣਾ ਹੀ ਪੈਂਦਾ ਹੈ :

ਖੜਕ ਹੋਵੇ ਜੇ ਡਿੱਗਾ ਪੱਤਾ ਵੀ
ਐਸੀ ਚੁੱਪ ਹੈ ਤਾਂ ਬਿਰਖ ਅਰਜ਼ ਕਰੇ।[1]

ਇਸ ਸੰਗ੍ਰਹਿ ਦੀਆਂ ਕਵਿਤਾਵਾਂ ਜਿਸ ਤਥਾਤਮਕਤਾ ਵਿੱਚੋਂ ਜਨਮ ਲੈਂਦੀਆਂ ਹਨ ਉਹ ਆਮ ਕਰਕੇ ਪੰਜਾਬ ਦੇ ਕਾਲੇ ਦਿਨਾਂ ਨਾਲ਼ ਸੰਬੰਧਤ ਹੈ। ਕੁੱਝ ਨਿਜ ਵੀ ਹੈ, ਕੁੱਝ ਪਰ ਵੀ ਹੈ। ਸੁਕਰਾਤ ਅਤੇ ਸੰਤ ਅਗਸਤੀਨ ਮਾਨਵਤਾ ਦੇ ਆਦਿ-ਕਾਲੀਨ ਅਸਤਿਤਵੀ ਚਿੰਤਨ ਵਾਲੇ ਮਹਾਂ ਪੁਰਖ ਹੋਏ ਹਨ। ਬਿਰਖ ਅਰਜ਼ ਕਰੇ ਦੀ ਭੂਮਿਕਾ ਵਿੱਚ ਕਵੀ ਸੰਕੇਤ ਕਰਦਾ ਹੈ ਕਿ ਉਸਨੇ ਸੰਤ ਅਗਸਤੀਨ ਦੇ

ਪ੍ਰਭਾਵ ਅਧੀਨ ਇੱਕ ਸ਼ੇਅਰ ਦੀ ਰਚਨਾ ਕੀਤੀ ਹੈ :

ਮੈਂ ਕਿਹਾ ਰੁੱਖ ਨੂੰ ਕੋਈ ਨਜ਼ਮ ਸੁਣਾ
ਡਾਲੀ ਡਾਲੀ 'ਚੋਂ ਪੁੰਗਰੇ ਹਰਫ਼ ਹਰੇ।

ਇਸ ਸੰਬੰਧ ਵਿੱਚ ਪਹਿਲਾ ਮਹੱਤਵਪੂਰਨ ਨੁਕਤਾ ਤਾਂ ਪ੍ਰਕਿਰਤੀ ਨਾਲ਼ ਮੈਂ+ਤੂੰ ਸੰਬੰਧਾਂ ਨਾਲ਼ ਵਿਚਰਕੇ ਸੰਵਾਦ (Dialogue) ਰਚਾਉਣਾ ਹੈ। ਦੂਸਰਾ ਹੈ 'ਹਰਫ਼ ਹਰੇ'। ਹਰਫ਼ ਹਰੇ ਪ੍ਰਮਾਣਿਕ ਅਸਤਿਤਵ ਦਾ ਪ੍ਰਤੀਕ ਹੈ। ਡਾਲੀ ਡਾਲੀ 'ਚੋਂ ਪੁੰਗਰਦਾ ਅਸਤਿਤਵ ਦਾ ਵਿਕਾਸ (Transcendence) ਹੈ। ਪਰ ਇਨ੍ਹਾਂ ਹਰੇ ਹਰਫ਼ਾਂ ਵਾਲੇ ਪੱਤਿਆਂ ਨੂੰ ਜਦ ਪਤਝੜ ਸੁਕਾਉਂਦੀ ਹੈ ਤਾਂ ਬਿਰਖ ਦੀ ਹਰ ਇੱਕ ਡਾਲ ਸੋਗੀ ਹੋ ਜਾਂਦੀ ਹੈ ਕਿਉਂਕਿ ਡਾਲ ਅਸਤਿਤਵਹੀਣ ਹੋ ਕੇ ਕਿਰਦੇ ਪੱਤਿਆਂ ਨੂੰ ਵੇਖ ਨਹੀਂ ਸਕਦੀ। ਇਸੇ ਲਈ ਸਮੇਂ ਦੀ ਮਾਰੂ ਪੌਣ ਜੋ ਵੀ ਕਵੀ ਪਾਸੋਂ ਲਿਖਾਉਂਦੀ ਰਹੀ, ਉਹ ਹੀ ਉਸ ਵੱਲੋਂ ਲਿਖਿਆ ਜਾਣਾ ਸੁਭਾਵਿਕ ਸੀ। ਜੰਗਲ ਦਾ ਸੜਨਾ ਅਤੇ ਬਿਰਖ ਦੇ ਹਰੇ ਨੈਣਾਂ 'ਚੋਂ ਸੁਰਮੇ ਦਾ ਝੜਨਾ ਨਿਰਹੋਂਦ ਦਾ ਪ੍ਰਤੀਕ ਹੈ। ਅਜਿਹੀ ਦਸ਼ਾ ਵਿੱਚ ਰੋਂਦੇ ਵੀ ਉਹੀ ਨੇ ਜਿਨ੍ਹਾਂ ਦੀ ਡਾਲ ਟੁੱਟਦੀ ਹੈ ਜਾਂ ਉਹ ਜਿਸ ਦੇ ਪੱਤੇ ਝੜਦੇ ਹਨ। ਇਸੇ ਲਈ ਕਵੀ ਜ਼ਰਦ ਪੰਨਿਆਂ ਉੱਤੇ ਹਰੇ ਹਰਫ਼ ਲਿਖਣ ਦੀ ਇੱਛਾ ਵਿਅਕਤ ਕਰਦਾ ਹੈ ਅਤੇ ਤੜਪ ਰਹੇ ਲੋਕਾਂ ਦੇ ਸਿਰ 'ਤੇ ਛਾਵਾਂ ਕਰਨੀਆਂ ਲੋੜਦਾ ਹੈ :

ਤਪਦੇ ਲੋਕਾਂ ਦੇ ਸਿਰ ਕਰੋ ਛਾਵਾਂ
ਬਿਰਖ ਹਾਂ ਏਹੀ ਗਿਆਨ ਦਿੰਦਾ ਹਾਂ।[3]

ਕਵੀ ਦਾ ਅਜਿਹਾ ਮਾਨਵਵਾਦੀ ਸੰਦੇਸ਼ ਸਾਰਤਰ ਦੇ Existentialism is humanism ਦਾ ਅਨੁਸਾਰੀ ਹੈ। ਸੁਰਜੀਤ ਪਾਤਰ ਦੇ ਕਾਵਿ ਨੂੰ ਪ੍ਰਭਾਵਿਤ ਕਰਨ ਵਾਲਾ ਦੂਸਰਾ ਵੱਡਾ ਚਿੰਤਕ ਸੁਕਰਾਤ ਹੈ। ਇਸ ਦ੍ਰਿਸ਼ਟੀ ਤੋਂ ਗ਼ਜ਼ਲ 'ਫ਼ਾਸਿਲਾ' ਦਾ ਅਧਿਐਨ ਕਰਨਾ ਬਣਦਾ ਹੈ। ਕਾਵਿ-ਨਾਇਕ ਦੀਆਂ 'ਰੀਝਾਂ' ਅਤੇ 'ਔਕਾਤ' ਵਿੱਚ ਦਿਨ ਰਾਤ ਵਰਗਾ ਅੰਤਰ ਹੈ। ਉਹ ਆਪਣੇ ਲਫ਼ਜ਼ਾਂ ਅਤੇ ਜਜ਼ਬਾਤ ਵਿੱਚ ਇੱਕ ਵਿੱਥ ਰੱਖਣ ਦੀ ਦੁਆ ਕਰਦਾ ਹੈ ਪਰ ਜਤਨ ਕਰਨ ਦੇ ਬਾਵਜੂਦ ਇਹ ਫ਼ਾਸਿਲਾ ਰਹਿੰਦਾ ਨਹੀਂ ਕਿਉਂਕਿ 'ਪਿਆਸ' ਤੇ 'ਬੋਲਾਂ' ਵਿੱਚ ਅੰਤਰ ਵਿਆਪ ਜਾਂਦਾ ਹੈ ਅਰਥਾਤ ਕਥਨੀ ਅਤੇ ਕਰਨੀ ਇੱਕ ਨਹੀਂ ਰਹਿੰਦੀ ਕਿਉਂਕਿ ਪਿਆਸ (Desire) ਕਹੀ ਹੋਈ ਗੱਲ 'ਤੇ ਹਾਵੀ ਹੋ ਜਾਂਦੀ ਹੈ। ਪਿਆਸ ਤਾਂ ਰਿਸ਼ਤਿਆਂ ਦਾ ਘਾਤ ਕਰਨ ਲਈ ਵੀ ਉਤਸੁਕਤਾ ਵਿੱਚ ਹੈ ਅਰਥਾਤ ਵਰਜਿਤ ਫਲ਼ ਖਾਣ ਲਈ ਵੀ ਉਤਾਵਲੀ ਹੈ। ਧਰਮ, ਇਖ਼ਲਾਕ ਅਤੇ ਕਾਨੂੰਨ ਵੀ ਪਿਆਸ ਬੁਝਾਉਣ ਵਾਲੀ ਬਰਸਾਤ ਨੂੰ ਪ੍ਰਵਾਨ ਨਹੀਂ ਕਰਦੇ। ਕਿਰਦਾਰ ਅਤੇ ਗੱਲਬਾਤ ਦਰਮਿਆਨ ਫ਼ਾਸਿਲਾ ਵੀ ਬਣਿਆ ਰਹਿੰਦਾ ਹੈ। ਸੁਕਰਾਤ ਨੇ ਜ਼ਹਿਰ

ਦਾ ਪਿਆਲਾ ਪੀ ਲਿਆ ਸੀ ਪਰ ਆਪਣੀ ਸਚਾਈ ਦੀ ਰੱਖਿਆ ਕੀਤੀ ਸੀ ਪਰ ਕਾਵਿ-ਨਾਇਕ ਦਾ ਜ਼ਹਿਰ ਦਾ ਪਿਆਲਾ ਹੋਠਾਂ ਤੋਂ ਆ ਕੇ ਵਾਪਸ ਪਰਤ ਗਿਆ। ਇਉਂ ਕਾਵਿ-ਨਾਇਕ ਦਾ ਅਸਤਿਤਵ ਅਪ੍ਰਮਾਣਿਕ ਹੀ ਰਹਿ ਜਾਂਦਾ ਹੈ:

ਜ਼ਹਿਰ ਦਾ ਪਿਆਲਾ ਮੇਰੇ ਹੋਠਾਂ ਤੇ ਆ ਕੇ ਰੁਕ ਗਿਆ
ਰਹਿ ਗਿਆ ਮੇਰੇ ਅਤੇ ਸੁਕਰਾਤ ਵਿਚਲਾ ਫ਼ਾਸਿਲਾ।[4]

ਫ਼ਿਕਰ ਅਤੇ ਚਿੰਤਾ ਅਸਤਿਤਵ ਦਾ ਅੰਗ ਬਣੇ ਰਹਿੰਦੇ ਹਨ। ਕਾਰਨ ਭਾਵੇਂ ਕੁੱਝ ਵੀ ਹੋਵੇ। ਕਾਵਿ-ਨਾਇਕ ਪਾਠਕਾਂ ਨੂੰ ਆਪਣੀ ਤਥਾਤਮਕਤਾ (Facticity) ਤੋਂ ਵੀ ਜਾਣੂ ਕਰਵਾਉਂਦਾ ਹੈ। ਇਸੇ ਫੈਕਟੀਸਿਟੀ ਵਿੱਚੋਂ ਪ੍ਰਾਪਤ ਹਾਲਾਤ ਵਿੱਚੋਂ ਉਸਦਾ ਅਸਤਿਤਵ ਵਿਕਾਸ ਕਰਦਾ ਹੈ। ਤਥਾਤਮਕਤਾ ਇਹ ਹੈ ਕਿ ਪਿੰਡ ਵਿੱਚ ਉਸਦਾ ਕੱਚੀਆਂ ਕੰਧਾਂ ਵਾਲਾ ਘਰ ਹੁੰਦਾ ਸੀ ਜਿਸਨੂੰ ਇੱਕ ਛੋਟਾ ਜੇਹਾ ਦਰ ਲੱਗਿਆ ਹੋਇਆ ਸੀ। ਮਾਤਾ ਪ੍ਰਤੀ ਉਹ ਫ਼ਿਕਰ (Anxiety) ਅਤੇ ਪਿਤਾ ਦਾ ਡਰ (Fear) ਮੰਨਦਾ ਸੀ। ਭੈਣਾਂ ਦਰੀਆਂ ਬੁਣਦੀਆਂ ਸਨ। ਉਸਨੂੰ ਯਾਦ ਆਉਂਦਾ ਹੈ ਕਿ ਧੀਆਂ ਦੇ ਵਿਆਹ ਲਈ ਧਨ ਕਮਾਉਣ ਲਈ ਜਦੋਂ ਉਸਦਾ ਪਿਤਾ ਪ੍ਰਦੇਸ਼ ਗਿਆ ਸੀ ਤਾਂ :

ਮੇਰੀ ਮਾਂ ਦੇ ਨੈਣਾਂ ਵਿੱਚ ਹੰਝੂ ਤੇ ਹਨ੍ਹੇਰ ਸੀ।[5]

ਅਜਿਹੀ ਸੰਵੇਦਨਸ਼ੀਲਤਾ ਹੈ ਇਸ ਕਾਵਿ-ਨਾਇਕ ਦੀ। ਅਜਿਹੇ ਪਿੰਡ ਨੂੰ ਛੱਡਕੇ ਆਉਣ ਪਿੱਛੇ 'ਅੱਜ ਫਿਰ ਬਹੁਤ ਉਦਾਸ ਹੈ ਆਤਮਾ ਰਾਮ' ਕਵਿਤਾ ਦੇ ਨਾਇਕ ਦੀ ਮਾਨਸਿਕਤਾ ਪ੍ਰਸਤੁਤ ਕਰਕੇ ਉਸਦੇ ਅੰਤਰੀਵ ਨਾਲ਼ ਪਾਠਕਾਂ ਦੀ ਸਾਂਝ ਪੁਆਈ ਗਈ ਹੈ। ਪਿੰਡ ਛੱਡਕੇ ਉਹ ਆਪਣੇ 'ਸਵੈ' ਤੋਂ ਨਿਖੜ ਜਾਂਦਾ ਹੈ। ਇਹੋ ਉਸ ਦੀ ਉਦਾਸੀ (Despair) ਦਾ ਕਾਰਨ ਹੈ। ਆਤਮਾ. ਰਾਮ ਤੋਂ ਬਦਲਕੇ ਆਪਣਾ ਅੰਗਰੇਜ਼ੀ ਨਾਮ ਰੱਖਦਾ ਹੈ- ਏ.ਆਰ.ਕਪੂਰ। ਬਚਪਨ ਦੀ ਤਥਾਤਮਕਤਾ ਵਿੱਚੋਂ ਉਸਨੂੰ ਪੰਜਾਬੀ ਮਿਲੀ ਸੀ ਪਰ ਅੰਗਰੇਜ਼ੀ ਬੋਲਕੇ ਆਪਣੇ ਆਪ ਨੂੰ ਵੱਡਾ ਸਿੱਧ ਕਰਦਾ ਪਰ 'ਢਕਿਆ' ਜਿਹਾ ਰਹਿੰਦਾ ਹੈ। ਉਦਾਸੀ ਵਿੱਚ ਉਸਦੀ ਯਾਦ ਪਿੰਡ ਵੱਲ ਝਾਤੀ ਮਾਰਦੀ ਹੈ ਤਾਂ ਸ਼ਹਿਰ ਦੀ ਉੱਚੀ ਇਮਾਰਤ ਤੋਂ, ਵਿਕ ਚੁੱਕੇ ਘਰ ਵਿੱਚ ਵੱਢੇ ਹੋਏ ਰੁੱਖ ਦੀ ਛਾਂ ਵਿੱਚ ਜਾ ਕੇ ਡਿੱਗਦਾ ਹੈ। ਉਹ ਆਪਣੀ ਯਾਦ ਵਿੱਚ ਉਸ ਘਰ, ਇਸ ਲਈ ਜਾਂਦਾ ਹੈ :

ਕਿ ਇਥੋਂ ਹੀ ਉਹ ਇਕ ਐਸਾ ਮੋੜ ਮੁੜਿਆ ਸੀ
ਕਿ ਮੁੜਕੇ ਆਪਣੇ ਆਪਨੂੰ ਨਹੀਂ ਮਿਲਿਆ ਸੀ।[6]

**ਇੰਜ ਆਪਣੇ ਆਪਨੂੰ ਨਾ ਮਿਲਣਾ ਹੀ ਤਾਂ ਅਸਤਿਤਵਹੀਣ ਹੋਣਾ ਹੈ।**

ਇਸ ਸੰਗ੍ਰਹਿ ਦੇ ਕਾਵਿ-ਨਾਇਕ ਨੂੰ ਮੌਤ ਦਾ ਭੈਅ ਹਮੇਸ਼ਾ ਹੀ ਚਿੰਬੜਿਆ ਰਹਿੰਦਾ ਹੈ। ਸੰਸਾਰ ਉਸਨੂੰ ਸਨਮਾਨ ਨਾਲ਼ ਰਹਿਣ ਵਾਲੀ ਥਾਂ ਨਹੀਂ ਜਾਪਦੀ।

ਇਹ ਸੰਸਾਰ 'ਵਸੇਬ' ਕਹਾਉਣ ਦਾ ਹੱਕਦਾਰ ਨਹੀਂ।

ਵਸਦਾ ਹੈ ਪਰ ਉਜੜਨ ਜੋਗਾ।[7]

ਇਸ ਕਾਵਿ-ਪੰਕਤੀ ਵਿੱਚ ਮਾਰਟਿਨ ਹਾਈਡਿਗਰ ਦੇ ਮੌਤ ਬਾਰੇ ਵਿਚਾਰ ਅੰਕਿਤ ਵਿਖਾਈ ਦਿੰਦੇ ਹਨ ਜਦੋਂ ਉਹ ਲਿਖਦਾ ਹੈ ਕਿ **ਬੰਦਾ ਸੰਸਾਰ ਵਿੱਚ ਤਾਂ ਹੈ ਪਰ ਸੰਸਾਰ ਦਾ ਨਹੀਂ ਹੈ ਅਰਥਾਤ ਉਜੜਨ ਜੋਗਾ ਹੈ।** ਇਸੇ ਲਈ ਕਵੀ ਜਿੰਦ ਨੂੰ ਸੰਬੋਧਨ ਕਰਦਿਆਂ 'ਅੱਜ ਤੇਰੇ ਮਹਿਮਾਨ' ਕਹਿੰਦਾ ਹੈ। 'ਕਵੀ ਸਾਹਿਬ' ਕਵਿਤਾ ਦਾ ਸਿਰਲੇਖ ਹੀ ਵਿਅੰਗਾਤਮਕ ਹੈ ਜਿਸਦੀ ਸ਼ਖ਼ਸੀਅਤ ਦੋਫਾੜ ਹੈ। ਕਦੇ ਸਰਕਾਰੀ ਪੱਖ ਬਾਰੇ ਲਿਖਦਾ ਹੈ, ਕੱਟ ਦਿੰਦਾ ਹੈ। ਫਿਰ ਬਾਗ਼ੀਆਂ ਬਾਰੇ ਲਿਖਦਾ ਹੈ, ਕੱਟ ਦਿੰਦਾ ਹੈ। ਉਸਨੂੰ ਦੋਨਾਂ ਪਾਸਿਆਂ ਤੋਂ ਆਪਣੀ ਜਾਨ ਨੂੰ ਖ਼ਤਰਾ ਹੈ। **ਇੰਜ ਉਸਦਾ ਅਸਤਿਤਵ ਅਪ੍ਰਮਾਣਿਕ ਹੋ ਜਾਂਦਾ ਹੈ। ਇਸ ਅਪ੍ਰਮਾਣਿਕਤਾ ਦੀ ਸਜ਼ਾ ਜੇ ਕਿਸੇ ਨੂੰ ਮਿਲਦੀ ਹੈ ਤਾਂ ਉਹ ਹੈ ਕਵੀ ਸਾਹਿਬ ਦੀ ਕਵਿਤਾ।** ਇੱਥੇ ਸਾਡਾ ਧਿਆਨ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਵੱਲ ਜਾਂਦਾ ਹੈ। ਜਿਨ੍ਹਾਂ ਨੇ ਸਮੇਂ ਦੀ ਸਰਕਾਰ ਨੂੰ ਜ਼ਫ਼ਰਨਾਮਾ ਲਿਖਕੇ ਨਿਡਰਤਾ ਦਾ ਸਬੂਤ ਦਿੱਤਾ ਅਤੇ ਇਉਂ ਪ੍ਰਮਾਣਿਕ ਅਸਤਿਤਵ ਦੇ ਸੁਆਮੀ ਬਣੇ। ਮੌਤ ਦੀ ਦ੍ਰਿਸ਼ਟੀ ਤੋਂ 'ਪਿਆਰਾ' ਕਵਿਤਾ ਵੀ ਵਿਲੱਖਣ ਹੈ। ਕਾਵਿ-ਨਾਇਕ ਦਾ ਉਹ ਵਿਦਿਆਰਥੀ ਸੀ ਜਿਸਨੂੰ ਉਸਨੇ ਕਾਲੇ ਅੱਖਰਾਂ 'ਚੋਂ ਅਰਥ ਕੱਢਣੇ ਸਿਖਾਏ ਸਨ ਤੇ ਜੋ ਗਾਉਣ ਲੱਗ ਪਿਆ ਸੀ ਅਤੇ 'ਕਾਲੀ ਪੌਣ ਵਿੱਚ ਦੀਵੇ' ਜਗਾਉਣ ਲੱਗ ਪਿਆ ਸੀ ਪਰ ਹਨੇਰੇ ਦੇ ਖ਼ੁਦਾਵਾਂ ਨੇ ਉਸਨੂੰ ਮਾਰ ਦਿੱਤਾ ਸੀ। ਪਰ ਕਾਵਿ-ਨਾਇਕ ਹਨ੍ਹੇਰੇ ਦੇ ਖ਼ੁਦਾਵਾਂ ਦੇ ਦਫ਼ਤਰਾਂ ਵਿੱਚ ਕਰਮਚਾਰੀ ਵਜੋਂ ਤਾਇਨਾਤ ਹੈ ਅਤੇ ਸੱਚ ਇਹ ਹੈ ਕਿ:

ਹਰ ਪਿਆਰੇ ਤੋਂ ਵੱਧ ਕੇ ਜਿਸਨੂੰ ਆਪਣੀ ਜਾਨ ਪਿਆਰੀ।[8]

ਪਰ ਇਸ ਪ੍ਰਕਾਰ ਜਿਉਣ ਤੇ ਰੋਣਾ ਅਤੇ ਅਜਿਹੀ ਮੌਤ 'ਤੇ ਹਾਸਾ ਵੀ ਆਉਂਦਾ ਹੈ। ਕਿਉਂਕਿ ਅਜਿਹੇ ਜੀਵਨ ਦੀ ਦਸ਼ਾ ਜੀਵਨ 'ਤੇ ਮੌਤ ਦਰਮਿਆਨ ਲਟਕਾਅ ਦੀ ਅਵਸਥਾ ਹੈ। **ਅਜਿਹਾ ਜੀਣਾ ਹੀ ਖੋਟਾ ਨਿਸ਼ਚਾ (Bad faith) ਹੈ।** ਕਾਵਿ-ਨਾਇਕ ਨੂੰ ਮੌਤ ਹਰ ਪਲ ਯਾਦ ਰਹਿੰਦੀ ਹੈ :

ਸ਼ਾਮ ਹੋ ਸਕਦੀ ਹੈ ਕਿਸੇ ਪਲ ਵੀ
ਮੈਨੂੰ ਹਰ ਪਲ ਇਹ ਯਾਦ ਰਹਿੰਦਾ ਹੈ।[9]

ਮੌਤ ਇੱਕ ਸੰਸਾਰ ਵਿਆਪਕ ਸਚਾਈ ਹੈ। ਬੰਦਾ ਜੰਮਿਆ ਹੀ ਮਰਨ ਲਈ ਹੈ। ਪਰ ਮੌਤ ਦਾ ਇਹ ਖ਼ਤਰਾ ਕਾਵਿ-ਨਾਇਕ ਨੂੰ, ਵਿਗਿਆਨ ਦੀ ਦੇਣ ਪ੍ਰਮਾਣੂ ਹਥਿਆਰਾਂ ਕਾਰਨ ਸ਼ਾਇਦ, ਪੂਰੀ ਦੁਨੀਆਂ ਲਈ ਵਿਖਾਈ ਦਿੰਦਾ ਹੈ :

ਜੋ ਸਹਿ ਲਿਆ ਸਦੀਆਂ, ਇੱਕ ਦਿਵਸ ਨਾ ਸਹੇਗਾ।
ਸਦੀਆਂ ਦੀ ਅਣਕਹੀ ਨੂੰ, ਇੱਕ ਹਾਦਸਾ ਕਹੇਗਾ।[10]

ਇੰਜ ਇਸ ਕਾਵਿ-ਸੰਗ੍ਰਹਿ ਵਿੱਚ 'ਕਾਵਿ-ਨਾਇਕ' ਮੌਤ ਨੂੰ Robert Frost ਦੇ ਕਾਵਿ-ਨਾਇਕ ਵਾਂਗ ਹੀ ਯਾਦ ਕਰਦਾ ਹੈ :

"I sang of death-but-had I known
The many deaths one must have died
Before he came to meet his own."[11]

ਫਰੈਡਰਿਕ ਨੀਤਸ਼ੇ ਆਪਣੀ ਪੁਸਤਕ Thus spake Zarthustra ਦੇ

Self-surpassing ਕਾਂਡ ਵਿੱਚ Will to power ਦੀ ਗੱਲ ਕਰਦਾ ਹੋਇਆ ਦੱਸਦਾ ਹੈ ਕਿ ਮਾਲਕ ਅਤੇ ਨੌਕਰ (ਕਾਬਜ਼ ਅਤੇ ਅਧੀਨ) ਦੋਵੇਂ ਆਪਣੀ ਹੋਂਦ ਨੂੰ ਮਹੱਤਵ ਦੇਣ ਦੇ ਇੱਛੁਕ ਹੁੰਦੇ ਹਨ। ਇਸੇ ਵਿਚਾਰ ਨੂੰ ਅਸੀਂ ਸੁਰਜੀਤ ਪਾਤਰ ਦੀ 'ਖ਼ੂਬ ਨੇ ਇਹ ਝਾਂਜਰਾਂ' ਵਿੱਚ ਵੇਖ ਸਕਦੇ ਹਾਂ :

ਪੌਣ ਟੋਲੇ ਹੋਂਦ ਆਪਣੀ ਦਾ ਸਬੂਤ,
ਬਣਿਆ ਰਹਿ ਪੱਤਿਆ ਜਿਹਾ ਕੰਬਣ ਲਈ।[12]

ਇਸ ਸ਼ੇਅਰ ਨੂੰ ਡੀ.ਕੋਡ ਕੀਤਿਆਂ ਸਮਝ ਪੈਂਦੀ ਹੈ ਕਿ ਸ਼ਕਤੀਸ਼ਾਲੀ ਬੰਦੇ ਆਪਣੀ ਸ਼ਕਤੀ ਦੀ ਪਰੀਖਿਆ ਕਮਜ਼ੋਰਾਂ ਤੇ ਦਬਾਅ ਪਾ ਕੇ ਕਰਦੇ ਹਨ। ਪਰ ਕਮਜ਼ੋਰ ਵਿਅਕਤੀ ਵੀ ਸ਼ਕਤੀਸ਼ਾਲੀ ਤਾਕਤ ਤੋਂ ਵਿਛੋੜਾ ਚਾਹੁੰਦਾ ਹੈ। ਤਾਂ ਕਿ ਉਸ ਨੂੰ ਵੀ ਆਪਣੀ ਹੋਂਦ (ਅਸਤਿਤਵ) ਦਾ ਪਤਾ ਲੱਗ ਸਕੇ। ਫਰੈਡਰਿਕ ਨੀਤਸ਼ੇ ਲਿਖਦਾ ਹੈ :

"Wherever I found a living thing, there
found I Will to Power; even in the will
of the servant found I the Will to be master."[13]

ਸੁਰਜੀਤ ਪਾਤਰ ਦੇ ਨਿਮਨਲਿਖਤ ਸ਼ੇਅਰ ਵਿੱਚ ਕਮਜ਼ੋਰ ਅਸਤਿਤਵ ਸ਼ਕਤੀਸ਼ਾਲੀ ਤੋਂ ਵਿਛੜਕੇ ਆਪਣੇ 'ਸਵੈ' ਨੂੰ ਸਮਝਣ ਦਾ ਇੱਛੁਕ ਹੈ :

ਵਿਛੜਨਾ ਚਾਹੁੰਦਾ ਹਾਂ ਮੈਂ ਤੇਰੇ ਤੋਂ ਹੁਣ
ਅਰਥ ਆਪਣੀ ਹੋਂਦ ਦੇ ਜਾਨਣ ਲਈ।[14]

ਅਸਤਿਤਵਵਾਦੀ ਜੀਵਨ ਦੀਆਂ ਵਿਭਿੰਨ ਸੰਭਾਵਨਾਵਾਂ ਨੂੰ ਕਦੇ ਵੀ ਨਜ਼ਰ-ਅੰਦਾਜ਼ ਨਹੀਂ ਕਰਦੇ। ਰੱਬ ਨੂੰ ਯਾਦ ਨਾ ਕਰਨ ਕਰਕੇ, ਦੂਜਿਆਂ ਦਾ ਹੱਕ ਖਾਣ ਬਦਲੇ ਅਤੇ ਕਿਸੇ ਦਾ ਦਰਦੀ ਨਾ ਬਣਨ ਕਰਕੇ ਕਾਵਿ-ਨਾਇਕ ਨੂੰ ਗੁਨਾਹਗਾਰ ਮੰਨੇ ਜਾਣ ਦੀ ਸੰਭਾਵਨਾ ਹੈ ਪਰ ਕਾਵਿ-ਨਾਇਕ ਇਨਕਲਾਬ ਦੀ ਸੰਭਾਵਨਾ ਵੀ ਵੇਖਦਾ ਹੈ :

ਮੈਂ ਤੇਰੇ ਦਰਦ ਨੂੰ ਤੇਰੀ ਕਿਤਾਬ ਤਕ ਦੇਖਾਂ
ਤੇ ਉਸ ਕਿਤਾਬ ਨੂੰ ਫਿਰ ਇਨਲਾਬ ਤਕ ਦੇਖਾਂ।[15]

ਇੰਜ 'ਫੈਸਲੇ' ਹੋਣਗੇ.....' ਕਵਿਤਾ ਵਿੱਚ ਕਾਵਿ-ਪਰਸੋਨੇ ਦੀ ਸੁਰ ਹੋਰ ਵੀ ਤਿੱਖੀ ਹੈ। ਭਵਿੱਖ ਵਿੱਚ ਅਜਿਹੀ ਸੰਭਾਵਨਾ (Possibility) ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ :

ਫ਼ੈਸਲੇ ਹੋਣਗੇ
ਪਰ ਇਉਂ ਹੋਣਗੇ
ਅੱਗ ਅਦਾਲਤ ਤੇ ਮੁਨਸਿਫ਼ ਵੀ ਅੱਗ ਹੋਏਗੀ
ਆਪਣੇ ਹੱਥਾਂ 'ਚ ਫ਼ਰਦਾਂ ਵੀ ਅੱਗ ਹੀ ਫੜੂ
ਤੇ ਵਕੀਲਾਂ ਦੇ ਵਾਂਗੂੰ ਵੀ ਅੱਗ ਹੀ ਲੜੂ
ਤੇ ਇਹ ਕਵਿਤਾ ਕਿਤਾਬਾਂ ਵੀ ਅੱਗ ਹੀ ਪੜ੍ਹੂ।[16]

ਇਨਕਲਾਬ ਨਾ ਵੀ ਆਵੇ ਪਰ ਮਨੁੱਖੀ ਸਮੱਸਿਆਵਾਂ ਪ੍ਰਤੀ ਸਵਾਲ ਨੇ ਤਾਂ ਹਮੇਸ਼ਾ ਹੀ ਖੜ੍ਹੇ ਰਹਿਣਾ ਹੈ, ਇਸ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਸੰਸਾਰ ਦੇ ਬਹੁਤੇ ਲੋਕ ਖੋਟੇ ਨਿਸ਼ਚੇ (Bad Faith) ਵਿੱਚ ਵਿਚਰਦੇ ਹਨ। ਸਾਰਤਰ ਨੇ ਇਹ ਟਰਮ ਸਵੈ-ਧੋਖੇ ਲਈ ਪ੍ਰਯੋਗ ਕੀਤੀ ਹੈ ਅਰਥਾਤ (The paradoxical state of lying to oneself) ਪੰਜਾਬੀ ਦੂਸਰੀਆਂ ਭਾਸ਼ਾਵਾਂ ਬੋਲਕੇ ਆਪਣੇ-ਆਪ ਨਾਲ਼ ਸਵੈ-ਧੋਖਾ ਕਰ ਰਹੇ ਹਨ।

ਸਾਡਾ ਰਿਸ਼ਤਾ ਅਸੀਂ ਤੇ ਆਪਾਂ ਦਾ
ਕਿੱਥੋਂ ਤੂੰ ਸਿਖ ਗਿਆ ਏਂ ਇਹ ਹਮ ਤੁਮ।[17]

ਇੰਜ ਸੁੱਖਾਂ ਦੀ ਪ੍ਰਾਪਤੀ ਹੋ ਜਾਵੇ-ਅਜਿਹਾ ਤਾਂ ਸਾਰੇ ਹੀ ਚਾਹੁੰਦੇ ਹਨ ਪਰ ਲੋਕੀ ਆਪਣੀ ਜ਼ਿੰਮੇਵਾਰੀ ਨਹੀਂ ਸਮਝਦੇ ਕਿ ਉਨ੍ਹਾਂ ਦੇ ਆਪਣੇ ਕੀ ਫ਼ਰਜ਼ ਹਨ। ਇੰਜ ਉਹ ਜ਼ਿੰਮੇਵਾਰੀ ਤੋਂ ਦੌੜਦੇ ਹਨ। ਅਜਿਹੇ ਵਿਅਕਤੀਆਂ 'ਤੇ ਵਿਅੰਗ ਇੰਜ ਕਸਿਆ ਗਿਆ ਹੈ :

ਸੁੱਖਾਂ ਦੇ ਹੱਕਦਾਰ ਨੇ ਸਾਰੇ
ਕੋਈ ਦੁੱਖਾਂ ਦਾ ਜ਼ਿੰਮੇਦਾਰ ਨਹੀਂ
ਕੋਈ ਖ਼ੁਦ ਜਗਕੇ ਨਾ ਬਣੇ ਸੂਰਜ
ਧੁੱਪਾਂ ਮਲਣ ਨੂੰ ਸਾਰੇ ਲੜਦੇ ਨੇ।[18]

ਦਹਿਸ਼ਤ ਦੇ ਮਾਹੌਲ ਵਿੱਚ ਕਾਵਿ-ਨਾਇਕ ਦੇ ਦਿਲ ਵਿੱਚ ਡਾਢਾ ਖ਼ੌਫ਼ (Fear) ਹੈ। "Within the existential possibility of anxiety we come to the concrete experience of religious awe in which man is set before God?"[19] ਅਜਿਹੇ ਭੈਅ ਕਾਰਨ ਕਾਵਿ-ਨਾਇਕ ਨੂੰ ਇਉਂ ਜਾਪਦਾ ਹੈ ਕਿ ਇੱਕ ਨਾ ਇੱਕ ਦਿਨ ਨਾਸਤਿਕ ਵੀ ਕਿਤੇ ਪੂਜਾ ਕਰਨ ਦੇ ਰਾਹ ਨਾ ਪੈ

ਜਾਣ :

ਖ਼ੌਫ ਦਿਲ ਵਿੱਚ ਹੈ ਛਾ ਰਿਹਾ ਏਦਾਂ
ਜਾਪਦਾ ਉਹ ਵੀ ਸ਼ਾਮ ਆਵੇਗੀ
ਜਦ ਅਸਾਂ ਮੁਨਕਰਾਂ ਦੀਆਂ ਤਲੀਆਂ
ਤੇ ਚਿਰਾਗਾਂ ਦਾ ਥਾਲ ਹੋਵੇਗਾ।[20]

ਮਾਰਟਿਨ ਹਾਈਡਿਗਰ ਅਨੁਸਾਰ ਸੰਸਾਰ ਸੰਦਾਂ ਅਤੇ ਰਿਸ਼ਤਿਆਂ ਦੇ ਸਿਸਟਮ ਵਿੱਚ ਬੱਝਾ ਹੋਇਆ ਹੈ। ਸੁਰਜੀਤ ਪਾਤਰ ਸਾਜ਼, ਕਿਤਾਬ, ਰਬਾਬ ਦੇ ਆਪਸੀ ਸੰਬੰਧਾਂ ਅਤੇ ਇੰਜ ਹੀ ਮੁਜਰਿਮ, ਕਿਤਾਬ ਕਾਜ਼ੀ, ਜਲਾਦ ਦੇ ਸੰਬੰਧਾਂ ਨੂੰ ਵੀ ਕਾਵਿ-ਆਇਨੇ ਰਾਹੀਂ ਵੇਖਦਾ ਹੈ। ਉਸਦਾ ਵਿਚਾਰ ਹੈ ਕਿ ਆਪਸੀ ਸੰਬੰਧਾਂ ਦੁਆਰਾ ਕੇਵਲ ਉਹ ਵਿਅਕਤੀ ਹੀ ਦੂਸਰੇ ਦੇ ਅਸਤਿਤਵ ਦੀ ਰਾਖੀ ਕਰ ਸਕਦਾ ਹੈ ਜਿਸਦਾ ਆਪਣਾ ਅਸਤਿਤਵ ਸੁਤੰਤਰ ਹੋਵੇ। ਆਪ ਹੀ ਦੂਸਰਿਆਂ ਦੇ ਪਰਛਾਵੇਂ ਹੇਠ ਰਹਿਣ ਵਾਲਾ ਆਪਣੇ ਸਾਥੀ ਦੇ ਅਸਤਿਤਵ ਨੂੰ ਕਿੰਜ ਸੰਭਾਲ ਸਕਦਾ ਹੈ :

ਤੂੰ ਵੀ ਜਦੋਂ ਭਾਲਦਾ ਏਂ ਕੰਧਾਂ ਦੀਆਂ ਛਾਵਾਂ
ਵੇ ਮੈਂ ਪਲਕਾਂ ਦੀ ਛਾਵੇਂ ਕਿਵੇਂ ਬੈਠ ਜਾਂ
ਸੀਨੇ 'ਚ ਲਕੋ ਕੇ ਮੈਨੂੰ ਰੱਖ ਲਏਂਗਾ ਕਿੱਦਾਂ
ਵੇ ਮੈਂ ਸੁਪਨਿਆਂ ਦੀ ਥਾਵੇਂ ਕਿਵੇਂ ਬੈਠ ਜਾਂ।[21]

ਅਸਤਿਤਵ ਨੇ ਤਾਂ ਵਿਕਾਸ ਕਰਨਾ ਹੁੰਦਾ ਹੈ। ਬੰਦੇ ਨੇ ਆਪਣੇ ਆਪ ਤੋਂ ਪਾਰ ਜਾਣਾ ਹੁੰਦਾ ਹੈ। ਨਿੱਕੀ ਉਡਾਰੀ ਲਾਉਣ ਵਾਲਿਆਂ ਦਾ ਵਿਅਕਤਿਤਵ ਸੁੰਗੜ ਜਾਂਦਾ ਹੈ। ਉਹ ਆਪੇ ਤੋਂ ਪਾਰ ਨਹੀਂ ਜਾ ਸਕਦੇ। ਇੰਜ ਤਾਂ ਵਿਅਕਤੀ ਦੀ ਉੱਡਣ-ਸਮਰੱਥਾ ਦੀ ਤੌਹੀਨ ਹੁੰਦੀ ਹੈ। ਪੰਜਾਬੀ ਨੌਜਵਾਨ ਨੂੰ ਨਸੀਹਤ ਵਰਗੀ ਸ਼ੈਲੀ ਵਿੱਚ ਕਵੀ ਕਹਿੰਦਾ ਹੈ ਕਿ ਉਸ ਨੂੰ ਹੱਕ ਦੀ ਲੜਾਈ ਲੜਦਿਆਂ ਆਪਣੇ ਹੀ ਅੰਗ ਨਹੀਂ ਕੱਟਣੇ ਚਾਹੀਦੇ। ਨੌਜਵਾਨ ਨੂੰ ਚੇਤਨ ਕਰਦਿਆਂ ਲਿਖਿਆ ਹੈ :

ਇਉਂ ਖੰਭਾ ਦੀ ਤੌਹੀਨ ਨਾ ਕਰ ਇਹ ਨਿੱਕੀ ਬਹੁਤ ਉਡਾਰੀ ਏ।[22]

ਅਸਤਿਤਵਵਾਦ ਦੇ ਬਾਨੀ ਕੀਰਕੇਗਾਰਦ ਦਾ ਵਿਚਾਰ ਹੈ ਕਿ ਜੀਵਨ ਵਿੱਚ ਸਫ਼ਲਤਾ ਲਈ ਕਈ ਵਾਰ ਹਨ੍ਹੇਰੇ ਵਿੱਚ ਛਾਲ ਮਾਰਨੀ ਪੈਂਦੀ ਹੈ। ਇਵੇਂ ਹੀ ਕਾਵਿ-ਨਾਇਕਾ ਆਪਣੇ ਪ੍ਰੇਮੀ ਨੂੰ ਸੰਬੋਧਤ ਹੈ :

ਵਿੱਚ ਗੁਫ਼ਾਵਾਂ ਲਹਿ ਵੇ ਮੇਰਿਆ ਮਹਿਰਮਾ
ਫੋਲ੍ਹ ਹਨ੍ਹੇਰੀ ਤਹਿ ਵੇ ਮੇਰਿਆ ਚਾਨਣਾ।[23]

ਸਾਰਤਰ ਦਾ ਇੱਕ ਸਿਧਾਂਤ ਹੈ ਭੋਇੰ ਬਨਾਮ ਆਕਾਰ (Ground vs

figure) ਇਸ ਅਨੁਸਾਰ ਕਈ ਵਾਰ ਜੀਵਨ ਵਿੱਚ ਇੰਜ ਹੁੰਦਾ ਹੈ ਕਿ ਜਿਸਨੂੰ ਅਸੀਂ ਮਿਲਣ ਦੇ ਮਨੋਰਥ ਨਾਲ਼ ਜਾਂਦੇ ਹਾਂ, ਉੱਥੇ ਹੋਰ ਸਭ ਕੁੱਝ ਹੁੰਦਾ ਹੈ ਪਰ ਉਹ ਨਹੀਂ ਹੁੰਦਾ ਜਿਸਨੂੰ ਮਿਲਣ ਗਏ ਸਾਂ।

ਓਥੇ ਉਹ ਨਾ ਮਿਲਿਆ ਜਿਹੜਾ ਤੂੰ ਦੱਸਿਆ ਸਰਨਾਵਾਂ
ਵਿੱਚ ਖਲਾਵਾਂ ਭਟਕਦੀਆਂ ਨੇ ਨਾ-ਮਨਜ਼ੂਰ ਦੁਆਵਾਂ।[24]

ਪ੍ਰਕਿਰਤੀ ਦੇ ਸੁਹਾਵਨੇਪਨ ਦਾ ਮਨੁੱਖੀ ਅਸਤਿਤਵ ਨਾਲ਼ ਬੜਾ ਗਹਿਰਾ ਸੰਬੰਧ ਹੈ ਪਰ ਇਸ ਸੁਹਾਵਨੇਪਨ ਦਾ ਮਨੁੱਖੀ ਅੰਤਰੀਵ ਨਾਲ਼ ਕੁੱਝ ਜ਼ਿਆਦਾ ਹੀ ਨੇੜਲਾ ਰਿਸ਼ਤਾ ਹੈ। ਵਿਲੀਅਮ ਵਰਡਜ਼ਵਰਥ ਤਾਂ ਮਨੁੱਖੀ ਉਦਾਸੀ ਨੂੰ ਦੂਰ ਕਰਨ ਲਈ ਪ੍ਰਕਿਰਤੀ ਨੂੰ ਪ੍ਰਭਾਵਸ਼ਾਲੀ ਮੰਨਦਾ ਹੈ। ਉਦਾਹਰਨ ਵਜੋਂ ਡੈਫੋਡਿਲਜ਼ ਕਵਿਤਾ ਵੇਖ ਸਕਦੇ ਹਾਂ ਪਰ ਉਸਦਾ ਸਮਕਾਲੀ ਕਵੀ ਐੱਸ.ਟੀ.ਕਾਲਰਿੱਜ ਉਸਦੇ ਉਲਟ ਵਿਚਾਰ ਰੱਖਦਾ ਹੋਇਆ ਆਪਣੀ ਭੈਣ ਡੋਰੋਥੀ ਨੂੰ ਇੰਜ ਸੰਬੋਧਨ ਕਰਦਾ ਹੈ :

O lady we receive what we give
And in our life alone doth Nature live:
Ours is her wedding garment, ours her shroud.[25]

ਕੁੱਝ ਅਜਿਹੇ ਵਿਚਾਰ ਹੀ ਸੁਰਜੀਤ ਪਾਤਰ ਦੇ ਇਸ ਸ਼ਿਅਰ ਵਿੱਚ ਬੰਦ ਹਨ:

ਚੰਦ ਚੜੇ ਦਾ ਚਾਅ ਨ ਚੜ੍ਹਦਾ ਸੋਹਣੀਏ
ਦਿਲ ਜੇ ਕਰ ਦਰਿਆ ਨ ਹੋਵੇ ਆਪਣਾ।[26]

ਚੰਦ ਦੀ ਸੁੰਦਰਤਾ ਦਾ ਤਦ ਹੀ ਕੋਈ ਅਰਥ ਬਣਦਾ ਜਦੋਂ ਅੰਦਰੋਂ ਦਿਲ ਪ੍ਰਸੰਨ ਹੈ ਅਤੇ ਬਾਹਰਲੀ ਖ਼ੁਸ਼ੀ ਨੂੰ ਸਵੀਕਾਰ ਕਰਨ ਲਈ ਤਿਆਰ ਹੈ।

ਸੁਰਜੀਤ ਪਾਤਰ ਦੀ 'ਬਿਰਖ਼ ਅਰਜ਼ ਕਰੇ' ਦੀ ਪਹਿਲੀ ਹੀ ਕਵਿਤਾ 'ਇੱਕ ਲਰਜ਼ਦਾ ਨੀਰ ਸੀ' ਅਸਤਿਤਵਹੀਣ ਹੋਏ ਵਿਅਕਤੀ ਦੀ ਹੀ ਬਾਤ ਪਾਉਂਦੀ ਹੈ। ਲਰਜ਼ਦਾ ਦਾ ਭਾਵ ਹੈ 'ਕੰਬ ਰਿਹਾ'। ਕੰਬ ਰਹੇ ਵਿਅਕਤੀ ਦੀ ਹੋਂਦ ਤਾਂ ਹੁੰਦੀ ਹੈ ਪਰ ਇਹ ਹੋਂਦ ਵੀ ਸ਼ੂਨਯ ਹੀ ਹੁੰਦੀ ਹੈ।

Frank lentricchia ਅਨੁਸਾਰ "The flux of existence is itself generative of nothingness."[27]

'ਲਰਜ਼ਦੇ ਨੀਰ' ਦਾ ਮਰਕੇ ਪੱਥਰ ਹੋਣ ਦਾ ਭਾਵ ਮੌਤ ਨਾਲ਼ ਅਸਤਿਤਵ ਦੀ ਸਮਾਪਤੀ ਦਾ ਹੋਣਾ ਹੈ। ਅਸਤਿਤਵੀ ਸ਼ਬਦਾਵਲੀ ਅਨੁਸਾਰ ਮਰਨ ਵਾਲਾ Being-in-itself ਹੋ ਗਿਆ।[28] ਸਾਰਤਰ ਅਨੁਸਾਰ 'Death is accidental in its occurence and therefore absurd.' ਇਹ ਬੰਦੇ ਦੀ ਜੀਵਨ ਪ੍ਰਕਿਰਿਆ

ਦਾ ਅੰਤ ਕਰ ਦਿੰਦੀ ਹੈ। ਮਰਨ ਵਾਲਾ ਆਪਣੀ ਮੌਤ ਬਾਰੇ ਕੁੱਝ ਨਹੀਂ ਦੱਸ ਸਕਦਾ। ਪਰ ਜਦੋਂ ਕੋਈ ਕਿਸੇ ਨੂੰ ਮਰਦਾ ਵੇਖਦਾ ਹੈ ਉਹ ਇਸ 'ਹਾਦਸੇ' ਨੂੰ ਵੇਖਕੇ ਡਰ ਨਾਲ਼ ਅਸਤਿਤਵਹੀਣ ਹੋ ਜਾਂਦਾ ਹੈ। ਸ਼ਾਇਦ ਇਹ ਸੋਚਕੇ ਕਿ ਉਸ ਨਾਲ਼ ਵੀ ਇੱਕ ਦਿਨ ਏਦਾਂ ਹੀ ਹੋਵੇਗੀ। ਤੀਜਾ ਉਦੋਂ ਅਸਤਿਤਵਹੀਣ ਹੁੰਦਾ ਹੈ, ਜਦੋਂ ਉਹ ਕਿਸੇ ਨੂੰ ਮੌਤ ਬਾਰੇ ਦੱਸਣ ਤਾਂ ਲਗਦਾ ਹੈ ਪਰ ਕਿਸੇ ਦੇ ਘੂਰਨ ਕਰਕੇ ਚੁੱਪ ਵੱਟ ਜਾਂਦਾ ਹੈ। ਇਹ ਚੁੱਪ ਵੀ ਪੱਥਰ ਵਰਗੀ ਸਥਿਤੀ ਹੀ ਹੈ। ਸ਼ਾਇਰ ਸੰਵੇਦਨਸ਼ੀਲ ਹੁੰਦੇ ਹਨ। ਕਾਵਿ-ਨਾਇਕ ਇਤਨੇ ਬੰਦਿਆਂ ਨੂੰ ਪੱਥਰ ਹੋਇਆ ਵੇਖਕੇ ਆਪਣੀ ਹੋਂਦ ਗੁਆਚੀ ਮਹਿਸੂਸ ਕਰਦਾ ਹੈ।

ਮੇਰੀ ਹਰ ਸ਼ਾਖ ਵਿੱਚ..... ਕਵਿਤਾ ਵੀ ਇਸ ਸੰਗ੍ਰਹਿ ਦੀ ਮਹੱਤਵ ਵਾਲ਼ੀ ਰਚਨਾ ਹੈ। ਇਸ ਵਿੱਚ ਬਿਰਖ਼, ਧਰਤੀ ਅਤੇ ਕਾਵਿ-ਮੈਂ ਦੇ ਮਾਧਿਅਮ ਰਾਹੀਂ ਇਸ ਧਰਤੀ ਤੇ ਹੁੰਦੇ ਜ਼ੁਲਮਾਂ ਦਾ ਡਰ ਬਿਆਨ ਕੀਤਾ ਗਿਆ ਹੈ। ਇਹ ਡਰ ਵਿਕਾਸ ਕਰਕੇ ਜ਼ੁਲਮ ਤੋਂ ਜ਼ਾਲਮ ਜਿਹਾ ਬਣ ਗਿਆ ਜੋ ਕਾਵਿ-ਸਿਰਜਕ ਨੂੰ 'ਪੱਥਰ' ਕਰ ਗਿਆ ਅਰਥਾਤ ਉਸਦੇ ਅਸਤਿਤਵ 'ਤੇ ਵਾਰ ਕਰ ਗਿਆ ਹੈ। ਕਾਵਿ-ਮੈਂ ਅਜਿਹੀ ਸਥਿਤੀ ਵਿੱਚ ਵੀ ਆਪਣੇ ਮਾਨਵੀ ਗੁਣ ਨੂੰ ਨਹੀਂ ਤਿਆਗਦੀ:

"ਮੈਂ ਤਾਂ ਧਰਤੀ ਦੇ ਦੁਖੜੇ ਨੂੰ ਸਹਿਣਾ ਵੀ ਹੈ
ਜਿਹੜਾ ਬਦੀਆਂ ਕਰੇ ਉਹਨੂੰ ਕਹਿਣਾ ਵੀ ਹੈ।
ਅੰਤ ਧਰਤੀ ਹੀ ਮੇਰੇ ਜਿਹਾਂ ਨੂੰ ਸਦਾ,
ਆਪਣੇ ਸੀਨੇ ਦੇ ਅੰਦਰ ਲੁਕਾਉਂਦੀ ਰਹੀ।"[29]

ਬਦੀਆਂ ਕਰਨ ਵਾਲੇ ਜਿਹੜੇ ਕੰਡੇ ਬੀਜਦੇ ਨੇ ਉਹ ਕਿਸੇ ਵੀ ਧਿਰ ਦੇ ਹੋ ਸਕਦੇ ਹਨ। **ਕੰਡੇ ਬੀਜਕੇ, ਅਸਤਿਤਵਵਾਦ ਅਨੁਸਾਰ, ਇਸ ਦੇ ਨਤੀਜਿਆਂ ਤੋਂ ਬਚਣ ਦਾ ਕੋਈ ਬਹਾਨਾ (No Excuse) ਨਹੀਂ ਘੜ ਸਕਦੇ :**

ਅਸਾਂ ਬੀਜੇ, ਤੁਸਾਂ ਬੀਜੇ, ਕਿਸੇ ਬੀਜੇ, ਚੱਲੋ ਛੱਡੋ,
ਕਰੋ ਝੋਲੀ, ਭਰੋ ਅੰਗਿਆਰ ਲਉ ਕਿ ਬਹਾਰ ਆਈ ਹੈ।[30]

'ਬੰਸਰੀ ਵਿਰਤਾਂਤ' ਇੱਕ ਪੈਰਾਡਿਗਮੈਟਿਕ ਕਵਿਤਾ ਹੈ। ਬੰਸਰੀ ਜੰਗਲ ਦੇ ਸੜਨ ਬਾਰੇ ਪਹਿਲਾਂ ਜੰਗਲ ਕੋਲ, ਫਿਰ ਉਸਦੀ ਘੱਲੀ ਹਵਾ ਕੋਲ, ਅੱਗੋਂ ਧਰਤੀ ਪਾਸ ਜਾਂਦੀ ਹੈ। ਸੂਰਜ ਕੋਲ ਉਸਦੀ ਤਪਸ਼ ਕਾਰਨ ਨਹੀਂ ਜਾਂਦੀ। ਰੱਬ ਕੋਲ ਇਸ ਲਈ ਨਹੀਂ ਜਾਂਦੀ :

ਕਿ ਉਹ ਤਾਂ ਆਪ ਹੈ ਇਕ ਸੁਆਲ,
ਪਤਾ ਨਹੀਂ ਆਦਮੀ ਉਸਦਾ ਕਿ ਉਹ ਹੈ ਆਦਮੀ ਦਾ ਖ਼ਿਆਲ।[31]

ਇਸੇ ਗੱਲ ਦਾ ਨਿਰਣਾ ਕਰਦਿਆਂ ਸਾਰਤਰ ਕਹਿੰਦਾ ਹੈ Existence precedes Essence. ਇਉਂ :

ਰੱਬ ਆਪਣੀ ਰੱਬਤਾ ਦੀ ਭਾਸ਼ਾ ਅੰਦਰ ਬੋਲਦਾ ਹੈ
ਸਿਰਫ਼ ਬੰਦਾ ਹੀ ਉਸਦੇ ਭੇਤ ਕੁਝ ਕੁਝ ਖੋਲਦਾ ਹੈ।[32]
ਅਖ਼ੀਰ ਬੰਸਰੀ ਬੰਦੇ ਪਾਸ ਆਉਂਦੀ ਹੈ :
ਤੇ ਆਈ ਬੰਸਰੀ/ ਬੰਦੇ ਦੇ ਹੋਠਾਂ ਨਾਲ਼ ਜੁੜਕੇ
ਹਵਾ ਵਿੱਚ ਗੂੰਜਿਆ/ਬੰਸੀ ਦਾ ਰਾਗ ਮਲ੍ਹਾਰ ਮੁੜਕੇ।[33]
ਇੰਜ ਸਥਿਤੀ ਆਸ਼ਾਵਾਦੀ ਮੋੜ ਕੱਟ ਜਾਂਦੀ ਹੈ।

'ਧੁਖਦਾ ਜੰਗਲ' ਵਿਚਲੀ 'ਮੈਂ' ਆਪਣੇ ਸਵੈ ਨੂੰ ਹੀ ਨਹੀਂ ਸਮਝਦੀ ਬਲਕਿ ਪੰਜਾਬ ਦੇ ਕਾਲੇ ਦਿਨਾਂ ਦੀ ਪੂਰੀ 'ਤੂੰ' ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੈ। ਜੰਗਲ (ਪੰਜਾਬ) ਵਿੱਚ ਲੱਗੀ ਪੂਰੀ ਅੱਗ ਦਾ ਜ਼ਿੰਮੇਵਾਰ ਕੌਣ ਹੈ ? ਅੱਗ ਦੀ ਵਾਛੜ ਪਾਣੀ ਕਿੰਜ ਬਣ ਸਕਦੀ ਹੈ? ਇਨਸਾਫ਼ ਦੀ ਕਸਵੱਟੀ ਤੋਂ ਕੌਣ ਡਰਿਆ ਸੀ? ਜੇ ਕਰ ਸਭ ਦਲੀਲਾਂ, ਅਪੀਲਾਂ ਖ਼ਤਮ ਨੇ ਅਤੇ ਨਿਆਂ ਪਾਲਿਕਾ ਦੇ ਦਰ 'ਤੇ ਜਾਣਾ ਵੀ ਪ੍ਰਵਾਨ ਨਹੀਂ ਤਾਂ ਫਿਰ ਕਿਹੜਾ ਬੂਹਾ ਖੜਕਾਇਆ ਜਾਵੇ ਜਿੱਥੋਂ ਇਨਸਾਫ਼ ਮਿਲ ਸਕੇ? ਤਾਣੀ ਉਲਝਾਉਣੀ ਵੀ ਅਤੇ ਸੁਲਝਾਉਣੀ ਵੀ 'ਤੂੰ ਦੇ ਅਧਿਕਾਰ ਹੇਠ ਸੀ? ਉਲਝੀ ਤਾਣੀ ਦਾ ਲਾਭ ਵੀ 'ਤੂੰ' ਨੇ ਪ੍ਰਾਪਤ ਕਰਨਾ ਸੀ ਪਰ 'ਤੂੰ' ਦੇ ਬਣਾਏ ਪੀਰ ਨੂੰ ਹੀ ਜਦੋਂ ਜੰਗਲ (ਪੰਜਾਬ) ਧਿਆਉਣ ਲੱਗ ਪਿਆ ਫਿਰ 'ਤੂੰ' ਨਾਰਾਜ਼ ਕਿਉਂ ਹੋਇਆ? ਨਿਰਭੈਤਾ ਦੀਆਂ ਨਸੀਹਤਾਂ ਨਾਲ਼ ਸੰਵਰਨ ਵਾਲਾ ਤਾਂ ਕੁੱਝ ਵੀ ਨਹੀਂ ਸੀ। ਮਨ-ਚਾਹੀ ਸਿਖ਼ਰ 'ਤੇ ਸਾਰੀ ਖੇਲ ਪੁਚਾਉਣਾ ਵੀ 'ਤੂੰ' ਦੇ ਹੀ ਵੱਸ ਵਿੱਚ ਸੀ? ਧੁਖਦੇ ਜੰਗਲ ਦੀ ਅੱਗ ਬੁਝਣ ਦੀ ਸੰਭਾਵਨਾ ਤਾਂ ਸੀ ਪਰ 'ਮੈਂ' ਪਾਸ ਬੱਦਲ ਦੀ ਅਣਹੋਂਦ ਸੀ। ਸਾਰਾ ਜੰਗਲ ਸ਼ੂਕ ਰਿਹਾ ਸੀ। ਕੱਲੇ ਕੱਲੇ ਬੰਦੇ ਨੂੰ ਸਮਝਾਉਣਾ ਕਾਵਿ-ਮੈਂ ਲਈ ਕਠਿਨ ਸੀ। ਇੰਜ 'ਮੈਂ' 'ਤੂੰ' ਸੰਬੰਧਾਂ ਨੂੰ ਰੂਪਮਾਨ ਕਰਦਿਆਂ ਪੰਜਾਬ ਦੀ ਪੀੜ ਨੂੰ ਉਜਾਗਰ ਕੀਤਾ ਗਿਆ ਹੈ। ਕੱਲਾ ਕੱਲਾ ਰੁੱਖ ਕਿਸੇ ਦਲੀਲ ਨਾਲ਼ ਹੀ ਸਮਝਾਇਆ ਜਾ ਸਕਦਾ ਸੀ। ਕੱਲਾ ਕੱਲਾ ਰੁੱਖ (ਬੰਦਾ) ਆਪਣੇ 'ਸਵੈ' ਕਾਰਨ ਮਜ਼ਬੂਤ ਬਣ ਸਕਦਾ ਹੈ। ਵਿੰਟਸਨ ਚਰਚਿਲ ਦਾ ਕਹਿਣਾ ਹੈ ""Solitary trees, if they grow at all, grow strong."[34]

**ਦਰਅਸਲ ਸੁਰਜੀਤ ਪਾਤਰ ਦੇ ਕਾਵਿ-ਸੰਗ੍ਰਹਿ ਦਾ ਡੂੰਘਾ ਅਧਿਐਨ ਕੀਤਿਆਂ ਅਨੇਕਾਂ ਅਸਤਿਤਵੀ ਸਰੋਕਾਰ ਹੱਥ ਆਉਣ ਦੀ ਸੰਭਾਵਨਾ ਹੈ, ਅਸਾਂ ਤਾਂ ਗੋਹੜੇ 'ਚੋਂ ਪੂਣੀ ਹੀ ਕੱਤੀ ਹੈ, ਕਿਉਂਕਿ ਉਹ ਬੰਦੇ ਦੇ ਮਨ ਦਾ ਪੱਤਰਕਾਰ ਹੈ :**

ਉਹ ਜੰਗ ਜਿਹੜੀ ਹਰ ਸਮੇਂ ਬੰਦੇ ਦੇ ਮਨ 'ਚ ਹੈ
ਯਾਰੋ ਮੈਂ ਓਸ ਜੰਗ ਦਾ ਨਾਮਾਨਿਗਾਰ ਹਾਂ।[35]

ਡਬਲਊ.ਬੀ.ਯੇਟਸ ਨੇ ਇੱਕ ਥਾਂ ਠੀਕ ਹੀ ਕਿਹਾ ਹੈ :

"We make out of the quarrel with others, rhetoric; but out

of the quarrel with ourselves, poetry."

ਅਸਤਿਤਵ ਨਾਲ਼ ਸੰਬੰਧਤ ਚਿੰਤਾ, ਖੌਫ਼, ਬੇਗਾਨਗੀ, ਨਿਰਰਥਕਤਾ, ਭਟਕਣ, ਆਸ਼ਾ-ਨਿਰਾਸ਼ਾ, ਦੁਚਿੱਤੀ, ਤਥਾਤਮਕਤਾ, ਜ਼ਿੰਮੇਵਾਰੀ, ਗਿਰਾਵਟ, ਮੌਤ, ਰੱਬ ਆਦਿ ਮਾਨਵੀ ਜੀਵਨ ਦੇ ਪਹਿਲੂ ਹਥਲੇ ਸੰਗ੍ਰਹਿ ਦੀ ਉਸਾਰੀ ਵਿੱਚ ਕਾਰਜਸ਼ੀਲ ਹਨ। ਅਨੇਕਾਂ ਨਕਾਰਾਤਮਕ ਪਹਿਲੂਆਂ ਤੋਂ ਮੁਕਤ ਹੋ ਕੇ ਕਵੀ ਸੁਤੰਤਰ ਬੂਹਾ ਲੱਭਣ ਦੇ ਜਤਨਾਂ ਵਿੱਚ ਹੈ :

ਹਉਮੈਂ, ਮਮਤਾ, ਖੌਫ਼, ਦੁਚਿੱਤੀ, ਚਾਰੇ ਪਾਸੇ ਕੰਧਾਂ ਨੇ
ਐ ਮਨ ਟੋਲ ਕੋਈ ਦਰਵਾਜ਼ਾ, ਹੋਣਾ ਬੰਦ-ਖਲਾਸ ਵੀ ਹੈ।[37]

*ਅਧਿਆਇ ਸਤਾਰਵਾਂ*

# ਕਮੰਡਲ

'ਕਮੰਡਲ' ਜਸਵੰਤ ਦੀਦ ਦਾ ਪੰਜਵਾਂ ਕਾਵਿ-ਸੰਗ੍ਰਹਿ ਹੈ। ਇਹ ਕਾਵਿ-ਸੰਗ੍ਰਹਿ ਭਾਰਤੀ ਸਾਹਿਤ ਅਕਾਦਮੀ ਦੁਆਰਾ ਪੁਰਸਕ੍ਰਿਤ ਹੈ। ਕਵੀ ਦੇ ਇਸ ਸੰਗ੍ਰਹਿ ਸੰਬੰਧੀ ਉਸ ਦੇ ਆਪਣੇ ਸ਼ਬਦ ਉੱਲੇਖਨੀਯ ਹਨ 'ਕਾਵਿ-ਸੰਗ੍ਰਹਿ 'ਕਮੰਡਲ' ਅੰਦਰ ਮੇਰੀ ਮੁਹੱਬਤ, ਰਿਸ਼ਤੇ, ਮੇਰੇ ਪੁਰਖੇ, ਸੰਸਕਾਰ, ਮੱਧ ਵਰਗੀ ਜੀਵਨ, ਔਰਤ-ਮਰਦ ਸੰਬੰਧ, ਪਰਿਵਾਰ ਅਤੇ ਮੈਂ, ਸਾਰੇ ਗੁੱਥਮ-ਗੁੱਥਾ ਹਾਂ। ਸਭ ਰਾਹ ਲੱਭਦੇ ਹੋਏ। ਇਸੇ ਲੱਭਤ ਅੰਦਰ ਮੈਂ ਪਿੰਡ ਤੋਂ ਸ਼ਹਿਰ, ਸ਼ਹਿਰ ਤੋਂ ਪ੍ਰਾਂਤ, ਪ੍ਰਾਂਤ ਤੋਂ ਦੇਸ ਤੇ ਫਿਰ ਅਨੇਕ ਮੁਲਕਾਂ ਦੇ ਸਫ਼ਰ 'ਤੇ ਨਿਕਲਦਾ ਹਾਂ। ਇਹ ਸਭ ਮੇਰੀ ਕਵਿਤਾ ਦਾ ਹਿੱਸਾ ਨੇ। ਮੁਕਤੀ ਦੇ ਸੰਕਲਪ ਨੂੰ ਸਮਝਣ ਦਾ ਯਤਨ।......'ਹਾਥ ਕਮੰਡਲ ਕਾਪੜੀਐ ਮਨ ਤ੍ਰਿਸਨਾ ਉਪਜੀ ਭਾਰੀ।' ਬਾਬੇ ਨਾਨਕ ਦਾ ਸਦੀਆਂ ਪਹਿਲਾਂ ਲਿਖਿਆ ਇਹ ਅੱਖਰ ਮੇਰੇ ਕਾਵਿ ਸੰਗ੍ਰਹਿ ਦੇ ਸਿਰਲੇਖ ਅੰਦਰ ਜਗਣ ਲੱਗ ਪਿਆ ਹੈ।'[1]

ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਉਦ੍ਰਿਤ ਪੰਕ੍ਰਤੀ ਮਾਰੂ ਅਸ-ਮ੧ (7-6-1) ਅੰਗ ੧੦੧੩ ਉੱਪਰ ਦਰਜ ਹੈ। ਮੁੱਖ ਤੌਰ 'ਤੇ ਇਹ ਬਾਣੀ ਇੱਕ ਐਸੇ ਮਨਮੁਖ ਦਾ ਦ੍ਰਿਸ਼ ਪੇਸ਼ ਕਰਦੀ ਹੈ ਜੋ ਘਰ-ਬਾਰ ਅਤੇ ਇਸਤਰੀ ਨੂੰ ਤਿਆਗਕੇ ਬਾਹਰੋਂ ਮੁਕਤੀ ਢੂੰਡਣ ਨਿਕਲਿਆ ਹੈ। ਅਸਲ ਵਿੱਚ ਉਹ ਮਨਮੁਖ ਮਾਇਆਧਾਰੀ ਹੀ ਹੈ ਜਿਸਨੇ 'ਕਾਪੜ ਫਾਰਿ ਬਨਾਈ ਖਿੰਥਾਂ ਝੋਲੀ ਮਾਇਆਧਾਰੀ' ਅਰਥਾਤ ਪਖੰਡ ਰਚਿਆ ਹੋਇਆ ਹੈ। ਉਸਦੇ ਹੱਥ ਵਿੱਚ ਚਿੱਪੀ ਜ਼ਰੂਰ ਹੈ, ਸਰੀਰ ਤੇ ਲੀਰਾਂ ਦਾ ਚੋਲਾ ਵੀ ਹੈ ਪਰ ਮਨ ਵਿੱਚ ਤ੍ਰਿਸ਼ਨਾ ਪ੍ਰਬਲ ਹੈ। ਇੰਜ ਜੋਗੀ ਦਾ ਭੇਸ ਧਾਰਕੇ ਮਨ ਵਿੱਚ ਖ਼ਾਹਸ਼ਾਂ ਰੱਖਣ ਵਾਲੇ ਖੋਟੇ ਨਿਸ਼ਚੇ (Bad Faith) ਵਿੱਚ ਹੁੰਦੇ ਹਨ, ਬਹੁਤੇ ਲੋਕ ਤੀਬਰ ਵੇਦਨਾ ਅਧੀਨ ਖੋਟੇ ਨਿਸ਼ਚੇ ਵਿੱਚ ਪੈਂਦੇ ਹਨ। ਜਾਂ ਪਾਲ ਸਾਰਤਰ ਨੇ Bad Faith ਨੂੰ ਇੰਜ ਪਰਿਭਾਸ਼ਤ ਕੀਤਾ ਹੈ, "Bad Faith is defined by Sartre as a Flight from anguish, from freedom and from responsibility. It involves a lie that one tells to someone. When I tell a lie to someone, I hide the truth from him (her), but

when I lie to myself, I hide the truth from me."[2]

ਇਸ ਪਰਿਭਾਸ਼ਾ ਅਨੁਸਾਰ ਕਾਵਿ-ਨਾਇਕ ਜੋਗੀ ਤਾਂ ਬਣ ਗਿਆ, ਗੇਰੂ ਕੱਪੜੇ ਵੀ ਪਹਿਨ ਲਏ ਪਰ ਜੋਗੀਆਂ ਵਾਲੀ ਜ਼ਿੰਮੇਵਾਰੀ ਤੋਂ ਭਾਂਜ ਹੈ, ਤ੍ਰਿਸ਼ਨਾਵਾਂ ਦੁਨਿਆਵੀ ਬੰਦਿਆਂ ਵਾਲੀਆਂ ਹਨ। ਜਿੱਥੋਂ ਤੱਕ ਜਨਮਾਂ ਦਾ ਸੰਬੰਧ ਹੈ। ਬੰਦਾ ਇਕੋ ਜਨਮ ਵਿੱਚ ਕਈ ਵਾਰ ਮਰਦਾ/ਜੰਮਦਾ ਰਹਿੰਦਾ ਹੈ। ਜੋਗੀ 'ਗਜਾਧਾਰੀ' ਪਹਿਲਾਂ ਗ੍ਰਹਿਸਥ ਵਿੱਚ ਹੀ ਸੀ, ਜੋਗੀ ਬਣਕੇ ਉਸਨੇ ਆਪਣੇ ਮੌਲਿਕ ਪਰਾਜੈਕਟ (Original project) ਵਿੱਚ ਤਬਦੀਲੀ ਕਰਕੇ ਨਵਾਂ ਜਨਮ ਧਾਰਨ ਕਰ ਲਿਆ ਪਰ ਖ਼ਾਹਸ਼ਾਂ ਤੋਂ ਤੋੜ ਵਿਛੋੜਾ ਨਹੀਂ ਕਰ ਸਕਿਆ। ਇਸੇ ਲਈ ਤਾਂ ਦੀਦ ਦਾ ਕਾਵਿ-ਪਰਸੋਨਾ (The poetic persona) ਕਾਵਿ ਨਾਇਕਾ ਨੂੰ ਕਹਿੰਦਾ ਹੈ :

ਮੇਰੇ ਤੇ ਸ਼ੱਕ ਨ ਕਰ ਬੀਬੀ !
......ਉਹੀ ਗਜਾਧਾਰੀ ਹਾਂ ਮੈਂ
ਜੋ ਤੇਰੇ ਸਾਹਾਂ ਅੰਦਰ
ਆਪਣਾ ਕਮੰਡਲ ਭੁੱਲ ਗਿਆ ਸੀ
ਜਨਮ ਪਿਛਲੇ
ਖ਼ੈਰ ਪਾ ਜੋਗੀ ਨੂੰ
ਮੁਕਤ ਕਰ।[3]

ਖ਼ਾਹਸ਼ਾਂ ਦਾ ਕਮੰਡਲ ਭੁੱਲ ਕੇ ਗਏ ਜੋਗੀ ਨੂੰ ਮੁੜ ਆਪਣੀ ਮੁਕਤੀ ਲਈ (ਮੁਕਤੀ ਨੂੰ ਇੱਥੇ ਪ੍ਰਮਾਣਿਕ ਅਸਤਿਤਵ ਸਮਝਿਆ ਜਾ ਸਕਦਾ ਹੈ) ਗ੍ਰਹਿਸਥ ਦੇ ਦੁਆਰ ਪੁੱਜਣਾ ਪੈਂਦਾ ਹੈ। ਹੁਣ ਉਹ ਕਾਲੇ ਜੰਗਲਾਂ 'ਚੋਂ 'ਆਪਣੇ ਅੰਦਰ ਉੜਦਾ ਡੰਗ ਕਢਾਉਣ ਖ਼ਾਤਰ ਨਫ਼ਰਤ ਅਤੇ ਗੁੱਸੇ ਦੀਆਂ ਪਿਆਰ ਭਰੀਆਂ ਛਮਕਾਂ ਖਾਣ ਲਈ ਤਿਆਰ ਹੈ। ਪਰ ਪਤਨੀ/ਮਹਿਬੂਬਾ ਵੀ ਹੁਣ ਉਸ ਨੂੰ ਸਬਕ ਸਿਖਾਉਣਾ ਲੋਚਦੀ ਹੈ- 'ਹੁਣੇ ਆਈ ਕਹਿਕੇ' ਲੁਕ ਛਿਪ ਜਾਂਦੀ ਹੈ ਤੇ ਉਹ ਉਡੀਕ ਵਿੱਚ ਜੜ੍ਹ (ਅਸਤਿਤਵਹੀਣ) ਹੋ ਜਾਂਦਾ ਹੈ। ਕਦੀ ਕਾਵਿ-ਪਰਸੋਨੇ ਦੀ ਗ਼ੈਰ ਹਾਜ਼ਰੀ ਵਿੱਚ ਇੱਕ ਮਾਲੀ ਵੀ ਉਸ ਵੱਲ 'ਬਿਲਕੁਲ' ਉਹਦੇ ਵਾਂਗ ਝਾਕਿਆ ਸੀ। ਖੋਟੇ ਨਿਸ਼ਚੇ ਦੀ ਇੱਕ ਹੋਰ ਉਦਾਹਰਨ 'ਚੋਰਨੀ' ਕਵਿਤਾ ਵਿੱਚ ਉਪਲਬਧ ਹੈ :

ਕਦੀ ਬਾਪ ਕਹਿੰਦੀ
ਕਦੀ ਵੀਰ
ਜੋ ਕਹਿਣਾ ਚਾਹੁੰਦੀ
ਕਹਿ ਨਾ ਹੁੰਦਾ।[4]

ਕਮੰਡਲ ਵਾਲੇ ਜੋਗੀ ਦੀ ਕਾਲੀ ਧੂਣੀ ਸੁਲਘ ਰਹੀ ਹੈ। ਉਹ ਇਸਨੂੰ ਪਾਣੀ ਪਾ ਕੇ ਬੁਝਾਉਣਾ ਚਾਹੁੰਦਾ ਹੈ। ਜੋਗ ਮੱਤ ਦੇ ਸਾਰੇ ਬੰਧਨ ਤੋੜਕੇ ਹੱਸਕੇ ਉੜਨਾ ਚਾਹੁੰਦਾ ਹੈ। ਹੁਣ ਉਸਦੀ ਯਾਦ ਵਿੱਚ ਸਾਰੇ ਰਸਤੇ ਗ੍ਰਹਿਸਥ ਵਾਲੀ ਪ੍ਰੇਮਿਕਾ ਤੇ ਆ ਕੇ ਰੁਕ ਜਾਂਦੇ ਹਨ ਭਾਵੇਂ ਉਹ ਅਣਗਾਹੀਆਂ ਥਾਵਾਂ, ਜੋ ਰੁਕੇ ਰਸਤੇ ਤੋਂ ਪਾਰ ਹਨ, ਵੀ ਵੇਖਣੀਆਂ ਚਾਹੁੰਦਾ ਹੈ। ਪਰ ਹਰ ਪਾਸੇ ਰੋਕਾਂ, ਟੋਕਾਂ ਹਨ ਅਤੇ ਉਸਦੇ ਧੁਰ ਅੰਦਰ ਇੱਕ ਖ਼ਾਲੀਪਣ, ਸ਼ੂਨਯ ਹੈ (Nothingness) ਹੈ ਇੱਕ ਖਾਈ (Abyss) ਹੈ :

ਧੁਰ ਅੰਦਰ ਇੱਕ ਖ਼ਾਲੀਪਣ ਹੈ
ਜਿਸ ਅੰਦਰ ਮੈਂ ਮੀਟਕੇ ਅੱਖਾਂ
ਸੁੰਨ ਸਮਾਧੀ ਬੈਠਾਂ
ਉਸ ਅੰਦਰ ਵੀ ਟਿਕ ਟਿਕ ਟਿਕ ਟਿਕ
ਚੱਤੋ ਪਹਿਰ ਜੋ ਰਹਿੰਦੀ
ਰੁਕ ਨਹੀਂ ਸਕਦੀ ?[5]

ਇਉਂ ਖ਼ਾਹਸ਼ਾਂ ਕਾਵਿ-ਪਰਸੋਨਾ ਦਾ ਖਹਿੜਾ ਹੀ ਨਹੀਂ ਛੱਡਦੀਆਂ। ਸਮਾਧੀ ਅੰਦਰ ਵੀ ਭਟਕਦੀਆਂ ਇੱਛਾਵਾਂ (Desires) ਦੀ ਟਿੱਕ ਟਿੱਕ ਹੁੰਦੀ ਰਹਿੰਦੀ ਹੈ। ਅਜਿਹੀ ਸਿਖ਼ਰ ਦੀ ਭਟਕਣਾ ਵਿੱਚ ਵੀ ਕਾਵਿ-ਨਾਇਕ ਨੂੰ ਅਸੀਮ ਸੰਭਾਵਨਾ (Possibility) ਨਜ਼ਰ ਆਉਂਦੀ ਹੈ :

ਅਸੀਮ ਸੰਭਾਵਨਾ ਹੈ ਅਜੇ ਵੀ
.......ਉਸੇ ਸ਼ਿੱਦਤ ਗੁੱਸੇ ਉਮਾਹ ਅੰਦਰ
ਜਿਸ ਅੰਦਰ ਤੂੰ ਇੱਕ ਵਲਗਣ 'ਚੋਂ
ਅਥਾਹ ਹਨ੍ਹੇਰੀ ਬਣਕੇ ਉੜੀ ਸੈਂ
ਮੁਰਦਾ ਆਸ਼ਕ ਲਈ ਸੰਜੀਵਨੀ ਬਣਕੇ
ਇਨ੍ਹਾਂ ਦੋਵਾਂ ਸਥਿਤੀਆਂ ਤੋਂ ਪਾਰ ਮਿਲਣਾ ਹੈ ਮੈਂ ਤੈਨੂੰ।[6]

ਦਰਅਸਲ ਕਾਵਿ-ਨਾਇਕ 'ਜਨਮਾਂ ਤੋਂ ਪਾਰ', 'ਸਮਿਆਂ ਦੀ ਵਲਗਣ ਤੋਂ ਪਾਰ', 'ਕਿਣਕੇ ਤੋਂ ਪਾਰ'-ਵਾਰ ਵਾਰ ਪਾਰ ਜਾਣ ਦੀ ਇੱਛਾ ਵਿਅਕਤ ਕਰਦਾ ਹੈ। H.J. Blackham ਲਿਖਦਾ ਹੈ :

Man is only what he does, yet is always beyond what he does.[7]

ਹੁਣ ਸਾਨੂੰ ਜਸਵੰਤ ਦੀਦ ਦੇ ਕੁਝ ਹੋਰ ਸ਼ਬਦਾਂ ਵੱਲ ਧਿਆਨ ਦੇਣਾ ਪਵੇਗਾ। ਉਹ ਲਿਖਦਾ ਹੈ ਕਿ "ਮੇਰੀ ਬਹੁਤੀ ਕਵਿਤਾ ਸਵੈ-ਜੀਵਨੀ ਮੂਲਕ ਕਵਿਤਾ ਹੈ। ਯਾਨਿ Autobiographical poetry ਹੈ। ਜੋ ਕੁੱਝ ਵੀ ਮੈਂ ਆਮ

ਜੀਵਨ ਵਿੱਚ ਲਕੋ ਲਕੋ ਚੋਰਾਂ ਵਾਂਗ ਕਰਦਾ ਹਾਂ ਉਹ ਸਭ ਕੁਝ ਮੇਰੀ ਕਵਿਤਾ ਅੰਦਰੋਂ ਰੰਗੇ ਹੱਥੀਂ ਫੜਿਆ ਜਾਂਦਾ ਹਾਂ।........ ਮੇਰੀ ਕਵਿਤਾ ਦਾ ਇੱਕ ਚੌਥਾਈ ਹਿੱਸਾ ਉਹ ਕਵਿਤਾਵਾਂ ਨੇ ਜੋ ਕਿਵੇਂ ਨਾ ਕਿਵੇਂ ਮੈਂ ਆਪਣੀ ਪਤਨੀ ਤੇ ਘਰ ਪਰਿਵਾਰ ਬਾਰੇ ਲਿਖੀਆਂ ਨੇ। ਤੇ ਚੌਥਾ ਹਿੱਸਾ ਉਹ ਕਵਿਤਾਵਾਂ ਨੇ ਜਿਨ੍ਹਾਂ ਨੂੰ ਲਿਖਣ ਦੀ ਇਜਾਜ਼ਤ ਮੇਰੀ ਪਤਨੀ ਨੇ ਪਤਾ ਨਹੀਂ ਕਿਵੇਂ ਦੇ ਦਿੱਤੀ। ਇਸਤੋਂ ਬਿਨਾਂ ਸ਼ਾਹਕੋਟ ਪਿੰਡ ਦੀਦ ਦੀਆਂ ਕਵਿਤਾਵਾਂ ਦਾ ਭਾਗ ਹੈ। ਦਰਅਸਲ ਇਹੋ ਤਥਾਤਮਕਤਾ ਜਾਂ ਫੈਕਟੀਸਿਟੀ ਹੈ ਜਿਸ ਵਿੱਚੋਂ ਉਹ ਆਪਣੇ ਕਾਵਿ-ਨਾਇਕ/ ਨਾਇਕਾਵਾਂ ਸਿਰਜਦਾ ਹੈ।

ਜਦੋਂ ਜਸਵੰਤ ਦੀਦ ਲਿਖਦਾ ਹੈ ਤਾਂ ਉਸਦੇ ਕੋਈ ਆਸ ਪਾਸ ਨਹੀਂ ਫਟਕ ਸਕਦਾ। ਉਹ ਲਿਖਦਾ ਹੈ, "ਮੇਰੇ ਇਸ ਜਨੂਨ ਨਾਲ਼ ਮੇਰਾ ਘਰ ਬਾਹਰ ਮੇਰੇ ਨਾਲ਼ ਔਖਾ ਹੋ ਜਾਂਦਾ ਹੈ। ਮੇਰੇ ਸੁਭਾਅ ਤੋਂ ਚਿੜ ਜਾਂਦਾ, ਪਰ ਮੈਂ ਆਪਣੇ ਇਸ ਅੜੀਅਲ ਸੁਭਾਅ ਦਾ ਕੀ ਕਰਾਂ ?" ਉਸਦਾ ਅਜਿਹਾ ਸੁਭਾਅ ਫਰੈਡਰਿਕ ਨੀਤਸ਼ੇ ਦੇ ਸੁਭਾਅ ਨਾਲ਼ ਮਿਲਦਾ ਪ੍ਰਤੀਤ ਹੁੰਦਾ ਹੈ :

"When I am deep in work, no books are to be seen near me; I carefully guard against allowing any one to speak or think in my presence."[8]

ਮਰਦ-ਔਰਤ ਸੰਬੰਧਾਂ 'ਚੋਂ ਪੈਦਾ ਹੋਈਆਂ ਕੁੱਝ ਨਜ਼ਮਾਂ ਅਸਤਿਤਵਵਾਦੀ ਦ੍ਰਿਸ਼ਟੀ ਤੋਂ ਅਧਿਐਨ ਦੀ ਮੰਗ ਕਰਦੀਆਂ ਹਨ। ਇੱਕ ਕਵਿਤਾ ਹੈ 'ਡਿਨਰ'। ਇਸ ਕਵਿਤਾ ਵਿੱਚ ਦੋਸਤ ਦੇ ਮਜਬੂਰ ਕਰਨ 'ਤੇ ਕਾਵਿ-ਪਰਸੋਨਾ ਉਸਦੇ ਘਰ 'ਡਿਨਰ' ਤੇ ਜਾਣ ਲਈ ਸਹਿਮਤ ਹੋ ਜਾਂਦਾ ਹੈ। ਦੋਸਤ ਦੀ ਪਤਨੀ ਨੂੰ ਉਸਦਾ ਘਰ ਆਉਣਾ ਚੰਗਾ ਨਹੀਂ ਲੱਗਦਾ। ਇਸ ਕਵਿਤਾ ਨੂੰ ਉਪਰਲੀ ਤੈਹ (Surface layer) ਦੀ ਥਾਂ ਡੂੰਘ ਸੰਰਚਨਾ (Deep structure) ਅਨੁਸਾਰ ਸਮਝਣਾ ਬਣਦਾ ਹੈ। ਦੋਸਤ ਦੀ ਪਤਨੀ ਨਾ ਚਾਹੁੰਦਿਆਂ ਵੀ ਉਸਨੂੰ ਬੈਠਣ ਲਈ ਕਹਿੰਦੀ ਹੈ :

ਦੋਸਤ ਦੀ ਪਤਨੀ ਬੈਠਣ ਲਈ ਕਹਿੰਦੀ ਹੈ
ਉਸਦੇ ਮੱਥੇ ਦੀ ਤਿਊੜੀ 'ਚੋਂ ਨਿਕਲ
ਮੈਂ ਸੋਫ਼ੇ ਵਿੱਚ ਫਸ ਜਾਂਦਾ ਹਾਂ।[9]

ਇਨ੍ਹਾਂ ਪੰਕਤੀਆਂ ਵਿੱਚ ਬੈਠਣ ਲਈ ਕਹਿਣਾ **Bad faith** ਹੈ। ਇੱਕ ਰਸਮੀ ਵਿਵਹਾਰ ਹੈ। ਇਸ ਤੋਂ ਪਹਿਲਾਂ ਦੋਸਤ ਅਤੇ ਦੋਸਤ ਦੀ ਪਤਨੀ ਦੀ ਆਵਾਜ਼ ਦਾ ਆਵਾਜ਼ ਵਿੱਚ ਫਸਣਾ ਵੀ ਸੰਕੇਤ ਹੈ ਕਿ ਪਤਨੀ ਨਹੀਂ ਚਾਹੁੰਦੀ ਕਿ 'ਉਹ' ਮਹਿਮਾਨ ਘਰ ਆਵੇ। ਕੜਛੀ ਡਿੱਗਣ ਦੀ ਆਵਾਜ਼ ਵੀ ਮਹਿਮਾਨ ਪ੍ਰਤੀ ਨਿਰਾਦਰੀ ਦਾ ਪ੍ਰਤੀਕ ਹੈ। ਇਉਂ ਪਤਨੀ ਘਰ ਵਿੱਚ ਸ਼ਰਾਬ ਦੀ ਮਹਿਫ਼ਲ

ਸਜਾਉਣ ਦੇ ਵਿਪਰੀਤ ਹੋਣ ਦਾ ਪ੍ਰਗਟਾਵਾ ਕਰਦੀ ਹੈ। ਪਤੀ ਪੈੱਗ ਲਾ ਕੇ ਜੋ ਗਾਉਣ ਲਗਦਾ ਹੈ, ਉਹ ਕੇਵਲ ਆਪਣੇ ਮਨ ਨੂੰ ਢਾਰਸ ਦੇਣ ਲਈ ਕਰ ਰਿਹਾ ਹੈ। ਆਪਣੀ ਪਤਨੀ ਦੇ ਡਰ (fear) ਤੋਂ ਪਰਾਹਣ ਕਰਨ ਲਈ। ਕੜਛੀ ਦਾ ਦੁਬਾਰਾ ਡਿੱਗਣਾ ਪਤਨੀ ਵੱਲੋਂ ਨਫ਼ਰਤ ਦੇ ਪ੍ਰਗਟਾਵੇ ਦਾ ਤਿੱਖਾ ਹੋਣਾ ਹੈ। ਆਪਣੇ ਭਾਰੇ ਪੰਜੇ ਨਾਲ਼ ਪਤਨੀ ਨੂੰ ਰੋਟੀ ਵਾਸਤੇ ਕੁੱਝ ਦੇਰ ਰੁਕਣ ਲਈ ਕਹਿੰਦਾ ਹੈ। ਪਤਨੀ ਦੇ ਬੋਲ ਪਹਾੜ ਵਾਂਗ ਡਿਗਦੇ ਹਨ ਪਰ ਫਿਰ ਵੀ ਲੁੜਕਦੇ ਬੁੜਕਦੇ ਰੁਕਦੇ ਹਨ ਜਿਵੇਂ ਪਤਨੀ ਦੇ ਬੋਲ ਵੀ ਕੰਧਾਰੀ ਦੇ ਹੋਣ ਜੋ ਪਤੀ-ਪੁਰਖ ਦੇ ਪੰਜੇ ਨਾਲ਼ ਰੁਕ ਗਏ ਹੋਣ। ਪਰ ਭਾਰੇ ਪੱਥਰ ਵਰਗੇ ਬੋਲ ਵਿਅਰਥ ਨਹੀਂ ਗਏ। ਸ਼ਰਾਬੀਆਂ ਨੂੰ ਬਾਹਰ ਠੰਢ ਵਿੱਚ ਧਕੇਲ ਦਿੱਤਾ ਹੈ। ਇੱਧਰਲੀਆਂ ਉੱਧਰਲੀਆਂ ਗੱਲਾਂ ਮਾਰਦੇ ਨੇ। ਬਾਪ ਦੇ ਸੁਪਨੇ ਪੂਰੇ ਕਰਨ ਵਾਲੇ ਨਸ਼ਿਆਂ ਵਿੱਚ ਡੁੱਬੇ ਪਏ ਹਨ। ਪਤਨੀ ਦੇ ਸਖ਼ਤ ਬੋਲਾਂ ਸਾਹਵੇਂ ਅਸਤਿਤਵਹੀਣ ਹਨ। ਦੋ ਅਫ਼ਸਰ ਦੋ ਕਵੀ ਕਹਿਕੇ ਮੇਜ਼ਬਾਨ ਹੋਂਦ ਦਾ ਪ੍ਰਗਟਾਵਾ ਕਰਦਾ ਹੈ। ਦਾੜ੍ਹੀ ਤੇ ਹੱਥ ਫੇਰ ਕੇ ਖੰਘੂਰਾ ਮਾਰਨ ਪਿੱਛੇ ਭੈਅ ਕਾਰਜਸ਼ੀਲ ਹੈ। ਫੌਜੀ ਬੂਟਾਂ ਵਾਂਗ ਜੰਗਲ ਨੂੰ ਮਿਧਣਾ ਔਰਤ ਨੂੰ ਦਬਾਉਣ ਦੀ ਇੱਛਾ ਦਾ ਪ੍ਰਤੀਕ ਹੈ। ਮਿੱਤਰ ਕੁੱਤੇ ਦੇ ਠੁੱਡਾ ਮਾਰਕੇ ਆਪਣਾ ਗੁੱਸਾ ਪ੍ਰਗਟ ਕਰਦਾ ਹੈ। ਖ਼ਾਲੀ ਬੋਤਲ ਵਿੱਚ ਮਾਰੀ ਫੂਕ ਵੀ ਸ਼ੂਨਯ (ਖਾਲੀਪਣ) (Nothingess) ਵਿੱਚ ਮਾਰੀ ਫੂਕ ਹੀ ਹੈ। ਕੜਛੀ ਦਾ ਤੀਜੀ ਵਾਰ ਡਿੱਗਣਾ ਪਤਨੀ ਵੱਲੋਂ ਨਫ਼ਰਤ ਦੇ ਪ੍ਰਗਟਾਵੇ ਦੀ ਸਿਖ਼ਰ ਹੈ। ਰੋਟੀ ਠੁਰਕਦੇ ਹੱਥਾਂ ਨਾਲ਼ ਖਾਣ ਪਿੱਛੇ ਵੀ ਤੀਬਰ ਵੇਦਨਾ (Anguish) ਹੈ। ਸਵੇਰੇ ਮਲਕੜੇ ਜੇਹੇ ਘਰੋਂ ਬਾਹਰ ਹੋਣਾ ਅਤੇ ਹੌਂਕਦੇ ਫੇਫੜਿਆਂ ਨਾਲ਼ ਕੁੱਤੇ ਦਾ ਤੱਕਣਾ ਵੀ, ਸ਼ਰਾਬੀ ਬੰਦਿਆਂ ਨਾਲ਼, ਜਾਨਵਰ ਵੱਲੋਂ ਵੀ ਨਫ਼ਰਤ ਦਾ ਪ੍ਰਗਟਾਵਾ ਹੈ ਕਿਉਂਕਿ ਇਸੇ ਮਹਿਮਾਨ ਦੇ ਘਰ ਆਉਣ ਕਾਰਨ ਮਾਲਕ ਨੇ ਉਸਦੇ ਠੁੱਡਾ ਮਾਰਿਆ ਸੀ। ਦੋਸਤ, ਭਾਬੀ ਅਤੇ ਬੱਚਾ ਇੱਕ ਦੂਜੇ ਨੂੰ ਗਲਵਕੜੀ ਪਾਈ ਸੌਂ ਰਹੇ ਹਨ ਜਿਵੇਂ ਰਾਤੀਂ ਕੁੱਝ ਵੀ ਨਾ ਹੋਇਆ ਹੋਵੇ। ਇਹੋ ਤਾਂ ਅਬਸਰਡ ਦੀ ਸਥਿਤੀ ਹੈ। ਹੋਈ ਬੀਤੀ ਨੂੰ ਭੁੱਲ ਜਾਣਾ ਹੀ ਤਾਂ ਮਨੁੱਖੀ ਹੋਣੀ ਹੈ। ਅਜਿਹੇ ਵਿਵਹਾਰ ਦੀ ਸੰਭਾਵਨਾ ਕਾਰਨ ਹੀ ਕਾਵਿ-ਨਾਇਕ ਦਾ ਮਿੱਤਰ ਉਸਦੇ ਘਰ ਜਾਣੋਂ ਇਨਕਾਰ ਕਰਦਾ ਹੈ। ਪਰ ਅੜੀਅਲ ਘੋੜੇ ਵਾਂਗ ਪੈਰ ਸੜਕ ਵਿੱਚ ਫਸਾਉਣਾ ਵੀ ਖੋਟੇ ਨਿਸ਼ਚੇ (Bad faith) ਵਾਲੇ ਬੋਲ ਹਨ ਕਿਉਂਕਿ ਚਲਿਆ ਉਸਨੇ ਵੀ ਜਾਣਾ ਹੈ। ਇਉਂ ਕਵਿਤਾ ਖੁੱਲ੍ਹਾ ਅੰਤ ਸਿਰਜਦੀ ਹੈ। ਕੜਛੀ ਦਾ ਵਾਰ ਵਾਰ ਡਿੱਗਣਾ ਅਸਤਿਤਵੀ ਚਿੰਨ੍ਹ (Existential symbol) ਹੈ।

ਇਸੇ ਦ੍ਰਿਸ਼ਟੀ ਤੋਂ ਪਤਨੀ ਕਵਿਤਾ ਵੀ ਵਿਲੱਖਣ ਹੈ। ਕਵੀ ਨੇ ਹੇਗਲ ਅਤੇ ਕਾਰਲ ਮਾਰਕਸ ਤੋਂ ਵਿਰੋਧ ਵਿਕਾਸ ਨੁਕਤਾ ਹਾਸਲ ਕੀਤਾ ਹੋਇਆ ਹੈ।

ਉਹ ਪਤਨੀ ਜਿਹੜੀ ਵਿਆਹ ਸਮੇਂ ਪਰਿਵਾਰ ਤੋਂ ਵਿਛੜਨ ਸਮੇਂ ਨਹੀਂ ਰੋਈ। ਆਪਣੇ ਨਾਂ ਪਿੱਛੇ ਪਤੀ ਦਾ ਨਾਂ ਨਹੀਂ ਵਰਤਦੀ। ਕਰੂਏ ਦਾ ਵਰਤ ਰੱਖਕੇ ਪਤੀ ਨੂੰ ਪੈਰੀਂ ਹੱਥ ਲਾਉਣ ਲਈ ਕਹਿੰਦੀ ਹੈ। ਨਾਂ ਲੈ ਕੇ ਬੁਲਾਉਂਦੀ ਹੈ। ਗਲਾਮੇ ਤੋਂ ਫੜਕੇ ਚੁੰਮ ਲੈਂਦੀ ਹੈ। ਪਰ ਬਾਬੇ ਦਾ ਤੀਵੀਂ ਨੂੰ ਜੁੱਤੀ ਕਹਿਣਾ, ਬਾਪੂ ਦਾ ਗੁੱਤ ਪਿੱਛੇ ਮੱਤ ਕਹਿਣਾ ਅਤੇ ਸਾਰੇ ਕਿੱਸਾਕਾਰਾਂ ਵੱਲੋਂ ਔਰਤ ਦੀ ਨਿੰਦਿਆਂ ਕਰਨਾ ਇਸ ਕਵਿਤਾ ਦੇ ਨਾਇਕ ਨੂੰ ਝੂਠੇ ਲਗਦੇ ਹਨ। ਦੁਖੀ ਹੋਇਆ ਕਾਵਿ-ਨਾਇਕ ਹੈ ਤਾਂ ਗਿੱਦੜ (ਅਸਤਿਤਵਹੀਣ) ਹੀ ਹੈ ਪਰ ਸ਼ੇਰ ਵਾਂਗ ਖ਼ਤਰਨਾਕ ਐਲਾਨ ਕਰਦਾ ਹੈ। ਇਹ ਖ਼ਤਰਨਾਕ ਐਲਾਨ (ਸ਼ਾਇਦ ਆਤਮ-ਹੱਤਿਆ) ਹੋਵੇ। ਇਹ ਸੁਣਕੇ ਪਤਨੀ ਰੋਂਦੀ ਹੈ :

ਸ਼ੀਸ਼ੇ 'ਚ ਮੂੰਹ ਦੇ ਕੇ
ਧਾਹ ਮਾਰਦੀ ਹੈ
ਸ਼ਾਇਦ ਕੁੱਝ ਮਰ ਗਿਆ ਹੈ।[10]

ਇਹ ਸੰਕੇਤ ਅੰਤਰੀਵੀਂ ਹੋਂਦ ਦੀ ਮੌਤ ਦਾ ਸੰਕੇਤ ਹੈ।

ਹੁਣ ਕਾਵਿ-ਨਾਇਕ ਆਪਣੀ ਖ਼ੂੰਖਾਰਤਾ ਤੋਂ ਸਹਿਮ ਜਾਂਦਾ ਹੈ। ਪਿਆਰ ਦਿੰਦਾ ਹੈ। ਇੱਕ ਦੂਜੇ ਨੂੰ ਉਲਟਦੇ ਪਲਟਦੇ ਸੌਂ ਜਾਂਦੇ ਹਨ। ਆਖ਼ਰੀ ਪੰਕਤੀ ਫਿਰ ਵਿਰੋਧ ਵਿਕਾਸ ਸਿਰਜਦੀ ਹੈ :

ਦਿਨ ਚੜ੍ਹੇ ਉਹ ਮੈਨੂੰ ਫੇਰ ਗਿੱਦੜ ਬਣਾਉਣ ਵਿੱਚ ਰੁੱਝ ਜਾਂਦੀ ਹੈ।[11]

ਇੱਥੇ ਸਾਨੂੰ 'ਕ੍ਰਿਸਟੋਫਰ ਫਿਸਕ' ਨਾਲ਼ ਸਹਿਮਤ ਹੋਣਾ ਪੈਂਦਾ ਹੈ ਕਿ "All poetry is encounter."

**ਇਸ ਕਵਿਤਾ ਦਾ ਨਾਇਕ ਅਤੇ ਨਾਇਕਾ ਦੋਵੇਂ ਅਪ੍ਰਮਾਣਿਕ ਅਸਤਿਤਵ (Inauthentic existence) ਰੱਖਦੇ ਹਨ।**

ਇਵੇਂ ਹਾਹਾਕਾਰ ਕਵਿਤਾ ਵਿੱਚ ਕਾਵਿ-ਨਾਇਕ 'ਪੈੱਨ' ਗੁਆਚ ਜਾਣ ਤੇ ਸਾਰੇ ਪਰਿਵਾਰ ਵਿੱਚ ਹਾਹਾਕਾਰ ਮਚਾ ਦਿੰਦਾ ਹੈ। ਮਾਰਟਿਨ ਹਾਈਡਿਗਰ ਸੰਸਾਰ ਨੂੰ ਸੰਦਾਂ ਦਾ ਸਿਸਟਮ (System of instruments) ਕਹਿੰਦਾ ਹੈ ਜੋ ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ। ਪਹਿਲਾਂ ਕਾਵਿ-ਨਾਇਕ ਸਾਰਿਆਂ ਨੂੰ ਅਸਤਿਤਵਹੀਣ ਕਰਦਾ ਹੈ। ਫਿਰ ਇਕੱਲੀ ਮਾਂ ਉਸ ਨੂੰ ਖੁੱਡੇ ਲਾਉਂਦੀ ਐ :

ਸਵੇਰੇ ਅੱਖ ਖੁਲ੍ਹਦਿਆਂ ਹੀ
ਰਾਮ ਨਹੀਂ ਨਾਮ ਨਹੀਂ
ਪੈੱਨ ! ਪੈੱਨ ! ਪੈੱਨ!
ਸਿਰ ਤੇ ਚੱਕ ਲੈਂਦਾ ਇਹ ਬੰਦਾ ਘਰ
ਜਿਵੇਂ ਪੈੱਨ ਤੇ ਚੱਕਣੀ ਹੋਵੇ ਦੁਨੀਆਂ।[12]

ਕਈ ਵਾਰ ਕਾਵਿ-ਪਰਸੋਨਾ ਸ਼ੀਜ਼ੋਫਰੇਨਿਆ ਦੀ ਅਵਸਥਾ ਵਿੱਚ ਆ ਜਾਂਦਾ ਹੈ। ਕੋਈ 'ਹੜਬੜਾਈ' ਆਵਾਜ਼ ਮੱਥੇ, ਕਦੇ ਤਾਲੂ 'ਚ ਵੱਜਦੀ ਮਹਿਸੂਸ ਹੁੰਦੀ ਹੈ। ਉਸਨੂੰ ਤਾਂ ਇਹ ਵੀ ਪਤਾ ਨਹੀਂ ਚੱਲਦਾ ਕਿ :

ਆਵਾਜ਼ ਮੇਰੇ ਅੰਦਰ ਫਸੀ ਹੋਈ ਜਾਂ ਮੈਂ ਆਵਾਜ਼ ਅੰਦਰ ? [13]

ਆਪਣੇ ਆਪ ਨੂੰ ਸਮਝਣ ਲਈ ਉਹ 'ਸਿਰ ਝਟਕਦਾ' ਹੈ। ਇਸਦਾ ਹੱਲ ਇਹੋ ਜਾਪਦਾ ਹੈ :

ਮੈਂ ਭੁੱਬਲ ਧੂੜ ਹੋ ਜਾਵਾਂ
ਤਾਂ
ਇਹ ਉੱਛਲਣਾ ਬੁੜ੍ਹਕਣਾ ਬੰਦ ਹੋਵੇ ਗੇਂਦ ਦਾ।
ਪਰ ਮੈਂ ਆਪਣੇ ਕੰਕਰੀਟ ਦਾ ਕੀ ਕਰਾਂ ?[14]

ਇਏ ਉਸਦਾ ਗਿਆਨ ਕੰਮ ਨਹੀਂ ਕਰਦਾ ਅਤੇ ਉਸਦੇ Concrete ਦੀ ਰੱਖਿਆ ਨਹੀਂ ਕਰਦਾ। H.J Blackham ਲਿਖਦੇ ਹਨ "Knowledge being immediately incomplete and uncertain throws the weight of responsibility upon personal decision; reason alone can limit reason, and its present duty is to restore the concrete."[15]

ਕਿਉਂਕਿ ਅਸਤਿਤਵ ਤਾਂ ਹਮੇਸ਼ਾ ਕੰਕਰੀਟ ਹੀ ਹੁੰਦਾ ਹੈ। ਕੰਕਰੀਟ ਤੋਂ ਭਾਵ ਅਨੁਭਵ ਦੀ ਪਕਿਆਈ ਹੈ, ਨਿਜੀ ਸਰੋਕਾਰ ਅਤੇ ਵਚਨਬੱਧਤਾ ਹੈ, ਵਿਅਕਤੀਗਤ ਵਿਲੱਖਣਤਾ ਹੈ ਇਸਦੇ ਨਾਲ਼ ਹੀ ਹੋਂਦ ਦੀ ਕਾਰਜਸ਼ੀਲਤਾ ਹੈ। ਕੀਰਕੇਗਾਰਦ ਇਸੇ ਨੁਕਤੇ ਨੂੰ ਸਪਸ਼ਟ ਕਰਦਿਆਂ ਲਿਖਦਾ ਹੈ :

"Its notes are experiential concreteness, personal concern and commitment, the uniqueness of the existing individual, the primacy of enacted being over the mere concept of being. Man is concrete being in totality of body and mind."[16]

ਆਪਣੀ ਸਥੂਲ ਕਲਪਨਾ ਦੁਆਰਾ (Through Concrete inagination) ਦੀਦ ਪਾਠਕ ਦੀ ਸੋਚ ਨੂੰ ਪ੍ਰਭਾਵਿਤ ਕਰਨ ਦੇ ਸਮਰੱਥ ਹੈ।

ਦੂਜੇ ਬੰਦੇ ਦੀ ਤੱਕਣੀ ਕਈ ਵਾਰ ਜਸਵੰਤ ਦੀਦ ਦੀਆਂ ਕਵਿਤਾਵਾਂ ਵਿੱਚ ਉਸਦੇ ਕਾਵਿ-ਪਰਸੋਨੇ ਦੇ ਅਸਤਿਤਵ ਤੇ ਭਾਰੂ ਹੋ ਜਾਂਦੀ ਹੈ। ਜਨਵਰੀ-ਫਰਵਰੀ ਕਵਿਤਾ ਵਿੱਚ ਇੱਕ ਅਜਿਹੀ ਸਥਿਤੀ ਪੇਸ਼ ਹੈ :

ਤੇ ਹੁਣ ਤੂੰ ਮੈਨੂੰ ਦੇਖੀ ਜਾ ਰਹੀ ਹੈਂ
ਲਗਾਤਾਰ
ਮੈਂ ਤੇਰੀਆਂ ਅੱਖਾਂ ਅੰਦਰ ਪੂਰਾ ਕਿਉਂ ਨਹੀਂ ਝਾਕ ਸਕਦਾ ?[17]

ਇਸ ਦਾ ਉੱਤਰ ਪਾਠਕ ਲੱਭ ਸਕਦਾ ਹੈ ਕਿਉਂਕਿ 'ਮੈਂ ਅਪੂਰਨ ਹਾਂ।' ਤੇ ਇਸੇ ਕਾਰਨ ਕਾਵਿ-ਨਾਇਕ ਦੇ ਬੋਲ ਹਨ :

ਤੇ ਤੂੰ ਹੱਸੀ ਜਾ ਰਹੀ ਹੈਂ
ਲਗਾਤਾਰ।[18]

ਇਵੇਂ ਕਾਵਿ-ਨਾਇਕ ਵਹਿਮ (Hallucination) ਵਿੱਚ ਵਿਚਰਦਾ ਮਹਿਸੂਸ ਕਰਦਾ ਹੈ (ਏਸ ਬੰਦੇ ਨੂੰ ਸਮਝਾਓ) ਕਿਵੇਂ ਕੋਈ ਉਸਦੀਆਂ ਕਵਿਤਾਵਾਂ ਅੰਦਰ ਘੁਸਪੈਠ ਕਰ ਰਿਹਾ ਹੈ। ਕਸੀਆਂ ਅੱਖਾਂ ਨਾਲ਼ ਉਸ ਵੱਲ ਆ ਰਿਹਾ ਹੈ। ਇੰਜ ਉਹ ਉਸ ਲਈ Hell is the other people ਸਾਬਤ ਹੋ ਰਿਹਾ ਹੈ :

ਇਹ ਕੌਣ ਹੈ ਇਨ੍ਹਾਂ ਕਵਿਤਾਵਾਂ ਅੰਦਰ
ਜੋ ਆਪਣੇ ਸਾਹਾਂ ਦੀਆਂ ਰੱਸੀਆਂ 'ਚ ਫਸਿਆ
ਹਨੇਰੀਆਂ ਖੁੱਡਾਂ ਪੱਟਦਾ
ਕੱਸੀਆਂ ਅੱਖਾਂ ਨਾਲ਼ ਮੇਰੇ ਵੱਲ ਆ ਰਿਹਾ ਹੈ।[19]

ਇਹ ਦੀਦ ਦੀ ਸਿਰਜਨਾ ਦੀ ਸਿਫ਼ਰ ਜੁਗਤ ਹੈ। (Cipher device) ਹੈ। ਇਸ ਜੁਗਤ ਨਾਲ਼ ਉਹ ਦਿਸਦੇ ਸੰਸਾਰ ਤੋਂ ਵੱਖਰਾ ਸੰਸਾਰ ਸਿਰਜ ਰਿਹਾ ਹੈ। ਉਸਦੀਆਂ ਅਨੇਕਾਂ ਕਵਿਤਾਵਾਂ ਵਿੱਚ ਇਤਿਹਾਸ, ਮਿਥਿਹਾਸ ਅਤੇ ਪ੍ਰਕਿਰਤੀ ਗੁੱਥਮ-ਗੁੱਥਾ ਹੁੰਦੇ ਰਹਿੰਦੇ ਹਨ। 'ਵਿਛੋੜਾ' ਕਵਿਤਾ ਕੇਵਲ ਦੋ ਸ਼ਬਦਾਂ 'ਸਾਹ ਆਇਆ.......' ਵਿੱਚ ਲਿਖੀ ਗਈ ਹੈ। ਬਾਕੀ ਸਾਰੇ ਪੰਨੇ ਵਿੱਚ ਇੱਕ ਲੰਬੀ ਚੁੱਪ ਹੈ। **John Fowler ਦਾ ਵਿਚਾਰ ਹੈ ਕਿ ਕਈ ਵਾਰ ਅਜਿਹਾ ਸਮਾਂ ਵੀ ਆਉਂਦਾ ਹੈ ਜਦੋਂ ਚੁੱਪ ਹੀ ਕਵਿਤਾ ਹੁੰਦੀ ਹੈ।**

ਜਸਵੰਤ ਦੀਦ ਦੀਆਂ ਕਈ ਕਵਿਤਾਵਾਂ ਉਸਦੀ ਪੇਂਡੂ ਤਥਾਤਮਕਤਾ (Facticity) ਵਿੱਚੋਂ ਆਕਾਰ ਗ੍ਰਹਿਣ ਕਰਦੀਆਂ ਹਨ ਜਿਵੇਂ ਪ੍ਰਦਨਾ, ਫਰਕਣ, ਪਿੰਡੋਂ ਸੁਨੇਹਾ, ਦੂਜੀ ਵਾਰ ਪਿੰਡ, ਟੱਬਰ ਆਦਿ।

ਇਨ੍ਹਾਂ ਵਿੱਚ ਡਰ ਦਾ ਵਹਾਅ (Flux and fear) ਨਿਰਾਸ਼ਾ/ਚਿੰਤਾ/ਤੌਖ਼ਲਾ/ ਤੀਬਰ ਵੇਦਨਾ ਇਕੋ ਗਲਵਕੜੀ ਵਿੱਚੋਂ ਵਿਖਾਈ ਦਿੰਦਾ ਹੈ :

ਚਟਨੀ ਨਹੀਂ ਬਣੀ
ਵਰ੍ਹਿਆਂ ਤੋਂ ਮੇਰੇ ਘਰ।[20]

ਬਾਪੂ ਠੀਕ ਹੋਵੇ,
ਪਿੰਡ ਠੀਕ ਹੋਵੇ ਸਭ
ਕੈਨੇਡਾ ਵਾਲਾ ਭਾਈ ਠੀਕ ਹੋਵੇ
ਪੁੱਤਰ ਠੀਕ ਹੋਵੇ ਕਾਲਜ ਗਿਆ

ਦਫ਼ਤਰ ਸਭ ਠੀਕ ਹੋਵੇ।[21]

(ਇਹ ਸਾਰੀ ਚਿੰਤਾ ਆਦਮੀ ਦੀ ਖੱਬੀ ਅੱਖ ਫਰਕਣ 'ਚੋਂ ਪੈਦਾ ਹੁੰਦੀ ਹੈ)

"ਬਾਪੂ ਨੇ ਫ਼ੋਨ ਫੜਿਆ ਹੈ
ਗਲੇ 'ਚ ਫਸੀ ਭੁੱਬ ਖੰਘੂਰੇ ਨਾਲ਼ ਸਾਫ਼ ਕੀਤੀ ਹੈ-
ਕਾਕਾ ਸਾਨੂੰ ਕੁੱਝ ਨਹੀਂ ਚਾਹੀਦਾ-
ਅਸੀਂ ਤਾਂ।"[22]

ਸਾਰਤਰ ਦਾ ਇੱਕ ਅਸਤਿਤਵੀ ਨੁਕਤਾ ਹੈ- ਭੋਂ ਬਨਾਮ ਆਕਾਰ (**Ground vs. figure**) ਕਾਵਿ-ਪਰਸੋਨਾ ਆਪਣੇ ਕਿਸੇ ਮਿੱਤਰ ਨੂੰ ਮਿਲਣ ਦਿੱਲੀ ਜਾਂਦਾ ਹੈ ਪਰ ਉਹ ਉਥੇ ਨਹੀਂ। ਉਸ ਬਾਰੇ ਚਿੰਤਕ ਪਤਾ ਨਹੀਂ ਕੀ ਕੁੱਝ ਆਖੀ ਜਾ ਰਹੇ ਹਨ। ਕਾਵਿ ਪਰਸੋਨਾ ਦਿੱਲੀ ਤਾਂ ਹੈ ਪਰ ਆਪਣੇ ਤੋਂ ਬਿਨਾਂ :

ਕਿ ਤੇਰੇ ਬਿਨਾ ਦਿੱਲੀ
ਸੁੰਨ ਹੈ, ਭੀੜ ਹੈ, ਕੁਰਪਟ ਹੈ।[23]

ਸਾਹ ਕੋਈ ਜਿਉਂਦਾ ਜਾਗਦਾ ਬੰਦਾ ਹੀ ਲੈ ਸਕਦਾ ਹੈ। ਸਾਹ ਨਾਲ਼ ਹੀ ਅਸਤਿਤਵ ਹੈ। ਸਾਹ ਬੰਦ ਤਾਂ ਸਮਝੋ ਮਨੁੱਖੀ ਅਸਤਿਤਵ ਦਾ ਖ਼ਾਤਮਾ। ਇੰਜ ਸਾਹ ਸ਼ਬਦ ਦਾ ਪ੍ਰਯੋਗ ਵਿਭਿੰਨ ਪ੍ਰਸੰਗਾਂ ਵਿੱਚ ਵਰਤਿਆ ਉੱਪਲਬਧ ਹੈ ਜਿਵੇਂ ਸਾਹਾਂ ਅੰਦਰ ਪਾਣੀ, ਸਾਹਾਂ ਅੰਦਰ ਗੇਂਦ, ਠੰਢਾ ਸਾਹ, ਬਾਪੂ ਸਾਹਾਂ ਅੰਦਰ, ਸਾਹਾਂ ਵਿੱਚ ਫਸਾ ਲਏ, ਸਾਹਾਂ ਦੀਆਂ ਰਸੀਆਂ, ਉੱਖੜੇ ਸਾਹਾਂ ਦੀ ਆਵਾਜ਼, ਨਾੜਾਂ 'ਚ ਸਾਹ, ਸਾਹਾਂ ਅੰਦਰ ਵਰਾਟ ਸਮੁੰਦਰ, ਸਾਹਾਂ 'ਚ ਕੁੰਡਲੀ, ਸਾਹਾਂ ਕਦਮਾਂ ਆਵਾਜ਼, ਵਗਦੇ ਸਾਹਾਂ ਅੰਦਰ, ਗਲੇ 'ਚ ਫਸੀ ਭੁੱਬ, ਸਾਹਾਂ ਦਿਮਾਗਾਂ ਨੂੰ ਚੀਰਦੀ ਆਦਿ। ਇਵੇਂ ਉੜ, ਉੜਦਾ, ਉਡਣਾ, ਉੜੀ ਆਦਿ ਸ਼ਬਦ ਵਿਭਿੰਨ ਪ੍ਰਸੰਗਾਂ ਵਿੱਚ ਕਾਵਿ-ਨਾਇਕ ਦੇ ਅਸਤਿਤਵ ਨੂੰ ਰੂਪਮਾਨ ਕਰਦੇ ਹਨ।

ਕਮੰਡਲ ਕਾਵਿ-ਸੰਗ੍ਰਹਿ ਵਿੱਚ ਕਵੀ ਨੇ ਅਧਿਆਤਮ ਦੇ 'ਧੁੰਦਲੇ ਦਵਾਰਾਂ' ਨੂੰ ਵੀ ਛੋਹਿਆ ਹੈ। ਜਿਵੇਂ ਕਿ ਅਸੀਂ ਇਸ ਅਧਿਐਨ ਦੇ ਆਰੰਭ ਵਿੱਚ ਹੀ ਵੇਖਿਆ ਹੈ ਕਿ ਕਵੀ ਨੇ ਇਸ ਸੰਗ੍ਰਹਿ ਦਾ ਨਾਮਕਰਨ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਚੋਂ ਲਿਆ ਹੈ। ਕਵੀ ਨੂੰ ਗਿਲਾ ਹੈ ਕਿ

ਰੌਸ਼ਨੀਆਂ ਦੇ ਹੜ੍ਹ ਅੰਦਰ
ਮੱਥੇ ਦੀ ਤਿਊੜੀ ਨਾ ਟੁੱਟੀ।[24]

ਕਿਹਾ ਜਾ ਸਕਦਾ ਹੈ ਕਿ ਗਿਆਨ ਦੇ ਵਿਸਫੋਟ ਨਾਲ਼ ਵੀ ਬੰਦੇ ਨੂੰ ਆਪਣੇ 'ਸਵੈ' ਦੀ ਸਮਝ ਨਹੀਂ ਆਈ।

ਇਹ ਕੀ ਛਾਲਾਂ

ਕੀ 'ਮੈਂ' 'ਤੂੰ' ਕੀ ਹੈ ?[25]

ਬੰਦਾ ਸੰਸਾਰਿਕ ਮਾਇਆ ਵਿੱਚ (Being in the midst of the world) ਉਲਝਿਆ ਰਹਿੰਦਾ ਹੈ। ਪੱਛਮ ਵੱਲ ਮਾਇਆ ਲਈ ਦੌੜੇ ਪੰਜਾਬੀ ਭਾਰਤ ਨੂੰ ਨਰਕ ਦੱਸਦੇ ਹਨ। ਦੁਨੀਆਂ ਦੀ ਭੀੜ ਵਿੱਚ ਬੰਦਾ ਇਕੱਲਤਾ (Loneliness) ਮਹਿਸੂਸ ਕਰਦਾ ਹੈ। ਉਸਨੂੰ 'ਭਰੀ ਦੁਨੀਆਂ ਨਹੀਂ ਪੌਂਹਦੀ'।

ਇਸ ਲਈ ਕਾਵਿ-ਨਾਇਕ ਅਧਿਆਤਮਵਾਦ ਵੱਲ ਮੁੜਦਾ ਹੈ। ਉਹਦੇ ਦਰ ਤੇ ਜਾ ਕੇ ਉਹ, ਉਹ ਨਹੀਂ ਰਹਿੰਦਾ ਜੋ ਬਾਹਰ ਹੁੰਦਾ ਹੈ। ਉਸਦੇ ਦਰ ਜਾ ਕੇ ਸਭ ਟੋਏ ਟਿੱਬੇ ਪੱਧਰ ਹੋ ਜਾਂਦੇ ਹਨ। ਉਹ ਨਿਰਹੋਂਦ **(Being in itself)** ਹੋ ਕੇ **ਆਪਣੇ ਗੁਰੂ ਦੀ ਭਾਲ ਵਿੱਚ ਹੈ।** ਇਸੇ ਭਾਲ ਵਿੱਚ ਉਹ ਆਪਣੇ ਆਪ ਨੂੰ ਉਸਦਾ ਕਿਣਕਾ ਮੰਨਕੇ ਪੁੱਛਦਾ ਹੈ- 'ਕਿਸ ਪਾਸੇ ਹੈਂ ਤੂੰ ?' ਉਹ ਨਾਨਕ, ਹਾਮਦ, ਬਾਹੂ, ਬੁਲ੍ਹਾ ਬਣਨਾ ਲੋਚਦਾ ਹੈ। ਇਸ ਸੰਸਾਰ ਨੂੰ ਕਵੀ ਰੱਬ ਦਾ ਝੱਗਾ ਮੰਨਦਾ ਹੈ :

ਇਹ ਦੁਨੀਆ ਰੱਬ ਦਾ ਝੱਗਾ ਹੈ
ਤੇ ਉਸਦੇ ਅਰਬਾਂ ਖ਼ਰਬਾਂ
ਰਖਣਿਆਂ ਵਾਲੇ ਬੋਝੇ 'ਚ
ਘੁੰਮ ਰਿਹਾ ਮੈਂ
ਉਸਨੂੰ ਮਿਲਣ ਲਈ
ਤੇ ਮੇਰੇ ਬੋਝੇ 'ਚ ਕਵਿਤਾ ਹੈ।[26]

ਅਖੀਰ ਵਿੱਚ ਕਾਵਿ-ਨਾਇਕ ਆਪਣੇ ਪਾਠਕ ਨੂੰ ਸੰਬੋਧਨ ਕਰਦਿਆਂ ਕਹਿੰਦਾ ਹੈ:

ਆਪਾਂ ਦੋਵੇਂ ਪੜ੍ਹ ਰਹੇ
ਰੱਬ ਦੀ ਲਿਖੀ ਕਵਿਤਾ।[27]

ਜਦੋਂ ਕਾਵਿ-ਨਾਇਕ ਅਤੇ ਪਾਠਕ ਇਸ ਸੰਸਾਰ ਨੂੰ ਰੱਬ ਦੀ ਲਿਖੀ ਕਵਿਤਾ ਵਾਂਗ ਪੜ੍ਹਦੇ ਹਨ ਤਾਂ ਮੈਂ+ਤੂੰ ਦੀ ਸਥਿਤੀ ਵਿੱਚ ਹੁੰਦੇ ਹਨ। ਅਸਤਿਤਵਵਾਦ 'ਮੈਂ-ਵਾਦ' (Solipsism) ਨਹੀਂ ਹੁੰਦਾ, ਇਹ ਮੈਂ/ਤੂੰ/ਉਹ ਸੰਬੰਧਾਂ ਵਿੱਚ ਹੀ ਨਿਹਿਤ ਹੁੰਦਾ ਹੈ। ਖਲਾਅ ਵਿੱਚ ਕੋਈ ਅਸਤਿਤਵ ਨਹੀਂ ਹੁੰਦਾ। ਮਾਰਟਿਨ ਬੂਬਰ (Martin Buber) ਲਿਖਦਾ ਹੈ :

When we really understand a poem, all we know of the poet is what we learn of him in the poem-no biographical wisdom of value for the pure under- standing of what is to be understood:

The 'I' which approaches us is the subject of the single poem. but when we read other poems by the poet in the same true way their subjects combine in all their multiplicity, completing and confirming one another to form the one polyphony of the person's existence.[28]

ਇੱਕ ਕਵਿਤਾ ਦੇ ਅਧਿਐਨ ਦੀ ਥਾਂ ਸਮੁੱਚੀਆਂ ਕਵਿਤਾਵਾਂ ਦੇ ਅਧਿਐਨ ਉਪਰੰਤ ਵੱਖ ਵੱਖ ਸੁਰਾਂ ਦਾ ਸੰਯੋਗ ਕਵੀ ਦੇ ਅਸਤਿਤਵ ਨੂੰ ਨਿਰਧਾਰਿਤ ਕਰਦਾ ਹੈ। ਜਿਮ ਮੋਰੀਸਨ **Jim Morrison** ਦਾ ਕਹਿਣਾ ਹੈ ਕਿ ਅਸਲੀ ਕਵਿਤਾ ਕੁੱਝ ਕਹਿੰਦੀ ਨਹੀਂ ਹੁੰਦੀ, ਇਹ ਤਾਂ ਅਨੇਕ ਸੰਭਾਵਨਾਵਾਂ (**Possibilities**) ਦੇ ਬੂਹੇ ਖੋਲ੍ਹਿਆ ਕਰਦੀ ਹੈ, ਤੁਸੀਂ ਜਿਸ ਬੂਹੇ ਚਾਹੋਂ, ਤੁਰ-ਫਿਰ ਸਕਦੇ ਹੋ।

ਅਸਤਿਤਵ ਕਦੇ ਸੰਪੂਰਨ ਨਹੀਂ ਹੁੰਦਾ। ਇਹ ਸਾਰੀ ਆਯੂ ਗਤੀਸ਼ੀਲ ਰਹਿੰਦਾ ਹੈ। ਇਹ ਕਦੇ Being in itself ਨਹੀਂ ਹੁੰਦਾ। ਹਮੇਸ਼ਾ Being for itself ਰਹਿੰਦਾ ਹੈ। ਅਚਿੰਤ ਜਾਂ ਟੇਕ ਵਿੱਚ ਕੋਈ ਮਹਾਂ ਗਿਆਨੀ ਹੀ ਹੋ ਸਕਦਾ ਹੈ। ਬੰਦੇ ਨੂੰ ਟੇਕ ਕਿੱਥੇ ਐ :

ਮੈਨੂੰ ਕਿਧਰੇ ਟੇਕ ਨਹੀਂ.......
ਸੋਚਾਂ
ਕੋਈ ਵੀ ਗੱਲ ਨਹੀਂ
ਪਰ ਟੇਕ ਨਹੀਂ.......
ਉਹ ਮੈਂ ਹੀ ਹਾਂ
ਇੱਕ ਐਸੀ ਥਾਂ ਟਿਕਿਆ
ਜਿੱਥੇ ਟੇਕ ਨਹੀਂ।[29]

**ਬੰਦੇ ਦਾ ਟੇਕ-ਰਹਿਤ ਹੋਣਾ ਹੀ ਅਸਤਿਤਵੀ-ਸੱਚ ਹੈ।**

*ਅਧਿਆਇ ਅਠਾਰਵਾਂ*

# ਖੂਹ ਖਾਤੇ

ਡਾ. ਜਸਵਿੰਦਰ ਸਿੰਘ ਇਕ ਆਲੋਚਕ ਅਤੇ ਸਭਿਆਚਾਰਕ ਚਿੰਤਕ ਵਜੋਂ ਪੰਜਾਬੀ ਸਾਹਿਤ ਵਿਚ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ। ਇਸ ਦੇ ਨਾਲ਼ ਹੀ ਉਹ ਪੰਜਾਬੀ ਕਹਾਣੀ ਦੇ ਖੇਤਰ ਆਪਣੇ ਇੱਕੋ-ਇੱਕ ਕਹਾਣੀ ਸੰਗ੍ਰਹਿ 'ਖੂਹ ਖਾਤੇ' ਨਾਲ਼ ਨਵੇਂ ਪੰਜਾਬੀ ਕਹਾਣੀਕਾਰਾਂ ਵਿੱਚ ਆਪਣਾ ਜ਼ਿਕਰਯੋਗ ਨਾਂ ਬਣਾ ਗਏ ਹਨ। ਜਸਵਿੰਦਰ ਸਿੰਘ 'ਇਸ ਗੱਲ ਵੱਲੋਂ ਸੁਚੇਤ ਹੈ ਕਿ ਅੱਜ ਦੇ ਸਮੇਂ ਵਿਚ ਕਹਾਣੀ ਲਿਖਣਾ ਇਕ ਜ਼ਿੰਮੇਵਾਰ ਕਲਾ ਹੈ ਤੇ ਇਹ ਪਹਿਚਾਣ ਹੋਣੀ ਬਹੁਤ ਜ਼ਰੂਰੀ ਹੈ ਕਿ ਕਹਾਣੀ ਦੀ ਵਿਧਾ ਕਿਥੇ ਕੁ ਤੱਕ ਪਹੁੰਚੀ ਹੈ। ਪੰਜਾਬੀ ਵਿਚ ਕਹਾਣੀ ਦੀ ਵਿਧਾ ਕਾਫ਼ੀ ਵਿਕਸਤ ਹੈ, ਇਸ ਲਈ ਇਸ ਜ਼ਿੰਮੇਵਾਰੀ ਨੂੰ ਸਮਝਣਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ।'[1]

ਇੰਜ ਜ਼ਿੰਮੇਵਾਰ ਕਲਾ ਸਮਝਕੇ ਲਿਖੀਆਂ ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿੱਚੋਂ ਅਸੀਂ ਇਸ ਸੰਗ੍ਰਹਿ ਦੀ ਪਹਿਲੀ ਹੀ ਕਹਾਣੀ 'ਖੂਹ ਖਾਤੇ' ਨੂੰ ਅਸਤਿਤਵਵਾਦੀ ਆਲੋਚਨਾ ਦ੍ਰਿਸ਼ਟੀ ਅਨੁਸਾਰ ਸਮਝਣ ਦਾ ਯਤਨ ਕਰਾਂਗੇ। ਅਜਿਹੇ ਅਧਿਐਨ ਦਾ ਆਰੰਭ ਕਰਦਿਆਂ ਸਾਡੇ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਇਸ ਕਹਾਣੀ ਦੇ ਪ੍ਰਮੁੱਖ ਪਾਤਰਾਂ ਦੀ ਤਥਾਤਮਕਤਾ (Facticity) ਬਾਰੇ ਜਾਣਕਾਰੀ ਪ੍ਰਾਪਤ ਕਰੀਏ। ਫੈਕਟੀਸਿਟੀ ਕੀ ਹੈ? ਬਾਰੇ ਮਾਰਟਿਨ ਹਾਈਡਿਗਰ ਲਿਖਦਾ ਹੈ...'Facticity of ourselves in the world that is such facts as where we were born, who were our parents, where we were educated...etc'[2]

ਕਹਾਣੀਕਾਰ ਨੇ ਇਨ੍ਹਾਂ ਪਾਤਰਾਂ ਦੀ ਤਥਾਤਮਕਤਾ ਬਾਰੇ ਜੋ ਜਾਣਕਾਰੀ ਦਿੱਤੀ ਹੈ, ਉਸ ਅਨੁਸਾਰ ਭੁਪਿੰਦਰ ਸਿੰਘ ਗਰੇਵਾਲ ਪਿੰਡ ਬਿਲੇ ਦੇ ਨਾਜ਼ਰ ਸਿੰਘ ਦਾ ਸਪੁੱਤਰ ਹੈ। ਉਸਦੇ ਨਾਨਕੇ ਪਿੰਡ ਤੰਦਾਉਰੇ ਹਨ। ਉਸਦੇ ਮਾਮੇ ਦਾ ਨਾ ਬਚਨ ਸਿੰਘ ਹੈ। ਸੁਰਜੀਤ ਸਿੰਘ ਉਸਦੇ ਮਾਮੇ ਦਾ ਪੁੱਤਰ ਹੈ। ਸੁਰਜੀਤ ਸਿੰਘ ਦੇ ਮੁੰਡੇ ਦਾ ਨਾ ਲਾਡੀ ਹੈ। ਜਦੋਂ ਭੁਪਿੰਦਰ ਸਿੰਘ ਨੇ ਦਸਵੀਂ ਪਾਸ ਕਰ ਲਈ ਤਾਂ ਉਸਦਾ ਬਾਪੂ ਨਾਜ਼ਰ ਸਿੰਘ ਉਸਨੂੰ ਅੱਗੇ ਪੜ੍ਹਾਉਣ ਤੋਂ ਇਨਕਾਰ ਕਰ ਗਿਆ।

ਭੂਪਿੰਦਰ ਆਪਣੇ ਮਾਮੇ ਨੂੰ ਬੁਲਾ ਲਿਆਇਆ। ਬਚਨ ਸਿੰਘ ਨੇ ਨਾਜ਼ਰ ਸਿੰਘ ਦੀ ਜ਼ਮੀਰ ਨੂੰ ਹਲੂਣਕੇ ਭੂਪਿੰਦਰ ਸਿੰਘ ਦੀ ਉਚੇਰੀ ਪੜ੍ਹਾਈ ਲਈ ਉਸਨੂੰ ਸਹਿਮਤ ਕਰ ਲਿਆ। ਮਾਮਾ ਹੀ ਨਹੀਂ ਭੂਪਿੰਦਰ ਦੀ ਮਾਮੀ ਵੀ ਉਸ ਨੂੰ ਬਹੁਤ ਪਿਆਰ ਕਰਦੀ ਸੀ। ਭਾਣਜੇ ਨੂੰ ਪੜ੍ਹਦੇ ਸਮੇਂ ਕਿਤੇ ਛੇਤੀ ਨੀਂਦ ਨਾ ਘੇਰ ਲਵੇ, ਇਸ ਲਈ ਉਹ ਉਸ ਕੋਲ ਬੈਠੀ ਚਰਖਾ ਕੱਤਦੀ, ਅਟੇਰਦੀ ਜਾਂ ਕੁੱਝ ਬੁਣਦੀ ਰਹਿੰਦੀ ਸੀ। ਇੰਜਨੀਅਰ ਕਾਲਜ ਵਿੱਚ ਪੜ੍ਹਦੇ ਸਮੇਂ ਉਸਨੂੰ ਖੋਏ ਦੀਆਂ ਪਿੰਨੀਆਂ ਬਣਾ ਕੇ ਦਿੰਦੀ। ਇਸੇ ਕਰਕੇ ਉਹ ਸਾਰੇ ਹੋਸਟਲ ਵਿੱਚ ਮਾਮੀ ਦੀਆਂ ਪਿੰਨੀਆਂ, ਵਾਲੇ ਵਜੋਂ ਪ੍ਰਸਿੱਧ ਹੋ ਗਿਆ। ਉਹ ਮਾਮੇ ਅਤੇ ਮਾਮੀ ਵੱਲੋਂ ਵਿਖਾਏ ਇਤਨੇ ਪਿਆਰ ਕਾਰਨ ਉਨ੍ਹਾਂ ਦੀ ਰਿਣੀ ਸੀ। ਅੱਠਾਂ ਕੁ ਵਰ੍ਹਿਆਂ ਦਾ 'ਲਾਡੀ' ਮਾਮੀ ਦਾ ਪੋਤਾ ਅਰਥਾਤ ਭੂਪਿੰਦਰ ਸਿੰਘ ਦਾ ਭਤੀਜਾ ਆਪਣੇ ਜੂੜੇ ਤੇ ਰੁਮਾਲ ਬੰਨ੍ਹਕੇ ਕੁੱਕੜਾਂ ਪਿੱਛੇ ਦੌੜਕੇ ਖੇਡਦਾ ਰਹਿੰਦਾ ਸੀ। ਇੱਕ ਦਿਨ ਮਾਮੇ ਨੇ ਭੂਪਿੰਦਰ ਸਿੰਘ ਦੀ ਸੇਵਾ ਕਰਨ ਲਈ ਲਾਡੀ ਤੋਂ ਉਸਦਾ ਕੁੱਕੜ ਖੋਹ ਕੇ ਉਸਦਾ ਗਲਾ ਮਰੋੜ ਦਿੱਤਾ ਤਾਂ ਉਸ ਦਿਨ ਲਾਡੀ ਬਹੁਤ ਰੋਇਆ ਸੀ ਅਤੇ ਰੁੱਸ ਕੇ ਬਿਨਾ ਕੁੱਝ ਖਾਧੇ ਪੀਤੇ ਰੋਂਦਾ ਰੋਂਦਾ ਸੌਂ ਗਿਆ ਸੀ। ਇਉਂ ਲਾਡੀ ਭੂਪਿੰਦਰ ਨੂੰ ਬੜਾ ਪਿਆਰਾ ਸੀ। ਉਹ ਤਾਂ ਸਗੋਂ ਇਉਂ ਕਹਿੰਦਾ ਸੀ :

"ਮਾਮੀ ਜੀ! ਲਾਡੀ ਨੂੰ ਮੈਂ ਲੈ ਜਾਣੈਂ... ਆਪ ਪੜ੍ਹਾਉਂ... ਤੁਸੀਂ ਬੱਸ ਨਾਂਹ ਨਾ ਕਰਨੀ"[3]

ਤੇ ਇਸੇ ਲਾਡੀ ਲਈ ਅੱਜ ਅਣਸੁਖਾਵੇਂ ਹਾਲਾਤ ਪੈਦਾ ਹੋ ਗਏ ਹਨ। ਇਸੇ ਤਥਾਤਮਕਤਾ ਦੇ ਪਿਛੋਕੜ ਵਿੱਚ 'ਲਾਡੀ' ਲਈ ਸਹਾਇਤਾ ਦੀ 'ਚੋਣ' ਸ. ਭੂਪਿੰਦਰ ਸਿੰਘ ਐਕਸੀਅਨ ਸਿੰਚਾਈ ਵਿਭਾਗ ਦੇ ਸਨਮੁੱਖ ਹੈ। ਇਹੋ ਇਸ ਕਹਾਣੀ ਦੀ ਕੇਂਦਰੀ ਚੂਲ ਹੈ।

ਇਸ ਕਹਾਣੀ ਦੀ ਨਾਇਕਾ ਜਾਂ ਕਹੋ ਖਲਨਾਇਕਾ ਦੀ ਤਥਾਤਮਕਤਾ ਇਹ ਹੈ ਕਿ ਉਹ ਸਾਬਕਾ ਮੰਤਰੀ ਸ. ਹਰਬੰਸ ਸਿੰਘ ਗਿੱਲ ਦੀ ਭਤੀਜੀ ਹੈ ਅਤੇ ਸ. ਨਸੀਬ ਸਿੰਘ ਗਿੱਲ ਰਿਟਾਇਰਡ ਨਾਇਬ ਤਹਿਸੀਲਦਾਰ ਦੀ ਸਪੁੱਤਰੀ ਹੈ। ਉਸਦਾ ਨਾਂ ਰਾਜਵਿੰਦਰ ਕੌਰ ਰੋਜ਼ੀ ਹੈ। ਅੱਜ ਕੱਲ ਉਹ ਮਿਸਿਜ਼ ਭੂਪਿੰਦਰ ਸਿੰਘ ਗਰੇਵਾਲ ਵਜੋਂ ਜਾਣੀਂ ਜਾਂਦੀ ਹੈ। ਇਸ ਵੱਡੇ ਘਰ ਦੀ ਧੀ ਨੇ ਭੂਪਿੰਦਰ ਸਿੰਘ ਗਰੇਵਾਲ ਦੇ ਨਾਨਕਿਆਂ, ਦਾਦਕਿਆਂ ਨਾਲੋਂ ਉੱਕਾ ਹੀ ਸੰਬੰਧ ਤੋੜ ਦਿੱਤੇ। ਇਸੇ ਲਈ ਭੂਪਿੰਦਰ ਦੇ ਵਿਆਹ ਤੋਂ ਬਾਅਦ ਉਸਦਾ ਬਾਪ ਨਾਜ਼ਰ ਸਿੰਘ ਵੀ ਝੂਰਦਾ ਰਹਿੰਦਾ ਹੈ :

"ਅਖੇ ਇਹ ਮੰਤਰੀ ਦੀ ਭਤੀਜੀ ਲੈ ਡੁੱਬੀ ਮੇਰੇ ਪੁੱਤ ਨੂੰ..."[4]

ਰਾਜਵਿੰਦਰ ਕੌਰ ਰੋਜ਼ੀ ਨੂੰ ਭੂਪਿੰਦਰ ਦੇ ਪਰਿਵਾਰ ਦੇ ਦੁਖ-ਸੁਖ ਦੀ ਕੋਈ

ਪਰਵਾਹ ਨਹੀਂ ਪਰ ਆਪਣੇ ਪੇਕਿਆਂ ਦੇ, ਜੇ ਕਿਸੇ ਦੇ ਕੰਡਾ ਵੀ ਚੁਭ ਜਾਵੇ ਤਾਂ ਖਬਰ ਲੈਣ ਭੱਜ ਕੇ ਪਹੁੰਚਦੀ ਹੈ।

ਅਜਿਹੀ ਤਥਾਤਮਕਤਾ ਵਿੱਚੋਂ ਹੀ ਕਥਾ-ਬਿਰਤਾਂਤ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਭੂਪਿੰਦਰ ਸਿੰਘ ਦੇ ਪਿਆਰੇ ਭਤੀਜੇ ਲਾਡੀ ਨੂੰ 'ਉਹ' ਲੈ ਗਏ ਹਨ। ਲਿਜਾਣ ਵਾਲੀਆਂ ਉਹ ਧਿਰਾਂ ਦੋ ਸਕਦੀਆਂ ਹਨ। ਇੱਕ ਤਾਂ ਉਹ ਸਮੇਂ ਦੀ ਪੁਲੀਸ ਹੋ ਸਕਦੀ ਹੈ। ਦੂਸਰੇ 'ਉਹ' ਸਮੇਂ ਦੇ ਗਰਮ ਖਿਆਲੀਏ ਨੌਜਵਾਨ ਹੋ ਸਕਦੇ ਹਨ। ਦੋਨਾ ਵਿੱਚੋਂ ਕੋਈ ਵੀ ਹੋਵੇ। ਪੋਤਾ ਤਾਂ ਦਾਦੇ-ਦਾਦੀ ਲਈ ਵਿਆਜ ਹੁੰਦਾ ਹੈ। ਦਾਦੀ ਦਾ ਰੋ-ਰੋ ਕੇ ਬੁਰਾ ਹਾਲ ਹੁੰਦਾ ਹੈ। ਇਸ ਸਮੇਂ ਪਰਿਵਾਰ ਭੂਪਿੰਦਰ ਸਿੰਘ ਦੀ ਸਹਾਇਤਾ ਬਾਰੇ ਵਿਚਾਰਦਾ ਹੈ ਤਾਂ ਲਾਡੀ ਦਾ ਬਾਪੂ ਸੁਰਜੀਤ ਸਿੰਘ ਇਸ ਗੱਲ ਦੇ ਹੱਕ ਵਿਚ ਨਹੀਂ ਕਿ ਉਸਦਾ ਬਾਪੂ ਕਿਸੇ ਸਿਫ਼ਾਰਸ਼ ਲਈ ਭੂਪਿੰਦਰ ਸਿੰਘ ਪਾਸ ਜਾਵੇ ਕਿਉਂਕਿ ਉਹ ਉਸਦੇ ਵਿਵਹਾਰ ਨੂੰ ਆਪਣੀ ਭੈਣ ਦੇ ਵਿਆਹ ਸਮੇਂ ਅਤੇ ਰਜਿਸਟਰੀ ਲਈ ਪੈਸੇ ਮੰਗਣ ਸਮੇਂ ਵੇਖ ਚੁੱਕਾ ਸੀ। ਫਿਰ ਵੀ ਸੁਰਜੀਤ ਨੂੰ ਉਸਦੀ ਮਾਂ ਨੇ ਝਿੜਕਿਆ ਅਤੇ ਬਚਨ ਸਿੰਘ ਨੂੰ ਭੂਪਿੰਦਰ ਸਿੰਘ ਪਾਸੋਂ ਅਜਿਹੇ ਔਖੇ ਸਮੇਂ ਸਹਾਇਤਾ ਲੈਣ ਲਈ ਭੇਜ ਦਿੱਤਾ। ਭੂਪਿੰਦਰ ਸਿੰਘ ਨੂੰ ਮਾਮੀ ਦਾ ਮੋਹ-ਪਿਆਰ ਯਾਦ ਸੀ। ਮਾਮੇ ਵੱਲੋਂ ਕੀਤੀ ਗਈ ਹਮਦਰਦੀ ਵੀ ਯਾਦ ਸੀ। ਉਂਜ ਵੀ ਪੰਜਾਬੀ ਰਿਸ਼ਤੇ-ਨਾਤਿਆਂ ਵਿੱਚ ਮਾਪਿਆਂ ਦਾ ਸਥਾਨ ਵਿਸ਼ੇਸ਼ ਹੈ। ਐਵੇਂ ਤਾਂ ਨਹੀਂ ਡਾ. ਮੁਹੰਮਦ ਰਫ਼ੀ ਨੇ ਇਹ ਸ਼ਿਅਰ ਲਿਖਿਆ :

> ਮਾਸੜ-ਫੁਫੜ, ਚਾਚੇ-ਤਾਏ ਆਪਣੀ ਥਾਂ
> ਰਫ਼ੀ ਮੁਹੰਮਦਾ ਮਾਮੇ, ਮਾਮੇ ਹੁੰਦੇ ਨੇ।[5]

ਕਹਾਣੀ ਦਾ ਆਰੰਭ ਜਿਸ ਵਾਤਾਵਰਨ ਵਿੱਚੋਂ ਉਘਾੜਿਆ ਗਿਆ ਹੈ ਉਸ ਦਾ ਦ੍ਰਿਸ਼ ਕਥਾਕਾਰ ਨੇ ਬੜਾ ਸੰਖੇਪ ਤਿੰਨ ਕੁ ਪੰਕਤੀਆਂ ਵਿੱਚ ਪੇਸ਼ ਕੀਤਾ ਹੈ :

> ਸ਼ਹਿਰ ਦਾ ਸਾਫ਼-ਸੁਥਰਾ ਖੁਲ੍ਹਾ ਏਰੀਆ, ਚੌੜੀਆਂ ਤੇ ਪੱਕੀਆਂ ਸੜਕਾਂ... ਵੱਡੇ ਅਫ਼ਸਰਾਂ ਦੇ ਬੰਗਲਿਆਂ ਦੀ ਲੰਮੀ ਕਤਾਰ... ਸਰਦਾਰ ਭੂਪਿੰਦਰ ਸਿੰਘ ਗਰੇਵਾਲ, ਐਕਸੀਅਨ ਸਿੰਚਾਈ ਵਿਭਾਗ ਦਾ ਸਜਿਆ ਸੰਵਾਰਿਆ ਘਰ![6]

ਇਸ ਬੰਗਲੇ ਦੇ ਪਿਛਲੇ ਗੱਦੇਦਾਰ ਘਾਹ ਤੇ ਬਾਂਸ ਵਾਲੀ ਵੱਡੀ ਕੁਰਸੀ 'ਤੇ ਬੈਠਾ ਬਜ਼ੁਰਗ ਬਚਨ ਸਿੰਘ ਵਕਤ ਨੂੰ ਧੱਕਾ ਦੇ ਰਿਹਾ ਹੈ। **ਅਸਤਿਤਵਵਾਦੀ ਦ੍ਰਿਸ਼ਟੀ ਤੋਂ ਕਿਸੇ ਦੀ ਉਡੀਕ ਵਿੱਚ ਸਮਾਂ ਗੁਜ਼ਰਦਾ ਹੀ ਪ੍ਰਤੀਤ ਨਹੀਂ ਹੁੰਦਾ। ਅਜਿਹਾ ਜਾਪਣ ਲੱਗ ਪੈਂਦਾ ਹੈ ਜਿਵੇਂ ਘੜੀਆਂ ਖੜੋ ਗਈਆਂ ਹੋਣ। ਇਹੋ ਅਸਤਿਤਵੀ ਕਾਲਿਕਤਾ (Temporality of existence) ਹੁੰਦੀ ਹੈ।** ਇਸੇ

ਕਾਰਨ 'ਵਕਤ ਨੂੰ ਧੱਕਾ' ਦੇਣਾ ਸਹੀ ਜਾਪਦਾ ਹੈ। ਮਾਲੀ ਤਾਂ ਨੌਕਰ ਹੈ। ਉਸਨੇ ਤਾਂ ਮਾਲਕ ਦਾ ਦਿੱਤਾ ਕੰਮ ਕਰਨਾ ਹੀ ਕਰਨਾ ਹੈ। ਬਜ਼ੁਰਗ ਨੂੰ ਕਿਸੇ ਦੀ ਉਡੀਕ ਕਰਨੀ ਪੈ ਰਹੀ ਹੈ। ਗੇਟ ਤੇ ਹਾਰਨ ਵੱਜਣ ਨਾਲ਼ ਉਡੀਕ ਮੁੱਕਦੀ ਹੈ।

ਅਣਮੰਨਿਆ ਜਿਹਾ ਬਜ਼ੁਰਗ ਖੁਸਦੇ ਅੰਗਾਂ ਨੂੰ ਸਮੇਟਦਾ ਉੱਠ ਤੁਰਿਆ।7

'ਅਣਮੰਨਿਆ' ਅਤੇ 'ਖੁਸਦੇ ਅੰਗਾਂ ਨੂੰ ਸਮੇਟਣਾ' ਵਿਸ਼ੇਸ਼ ਅਸਤਿਤਵੀ ਚਿੰਨ੍ਹ ਹਨ। ਸ਼ਾਇਦ ਉਸਨੂੰ ਜਿਸ ਕੰਮ ਲਈ ਘਰੋਂ 'ਧੱਕੇ ਨਾਲ਼' ਭੇਜਿਆ ਗਿਆ ਹੈ, ਉਹ ਕੰਮ ਇਸ ਘਰੋਂ ਹੋ ਵੀ ਜਾਵੇਗਾ, ਇਸ ਬਾਰੇ ਉਹ ਬਹੁਤਾ ਆਸ਼ਾਵਾਦੀ ਨਹੀਂ ਅਰਥਾਤ 'ਅਣਮੰਨਿਆ' ਹੈ। ਉਸਦੇ ਅੰਗ ਕਿਸੇ ਅਸਹਿ ਪੀੜ ਵਿੱਚ ਹਨ ਜਿਨ੍ਹਾਂ ਨੂੰ ਉਹ ਸੰਭਾਲਕੇ (ਸਮੇਟਕੇ) ਉੱਠਦਾ ਹੈ। ਪੈਸੇਜ 'ਤੇ ਕਾਰ ਨੇ ਬਜ਼ੁਰਗ ਤੇ ਚੜ੍ਹ ਹੀ ਜਾਣਾ ਸੀ, ਮਸਾਂ ਹੀ ਰੁਕੀ। ਨੌਕਰ ਦੇ ਟਾਕੀ ਖੋਲ੍ਹਣ ਤੇ ਭੁਪਿੰਦਰ ਸਿੰਘ ਦੀ ਪਤਨੀ ਰਾਜਵਿੰਦਰ ਕੌਰ ਰੋਜ਼ੀ ਛੜੱਪਾ ਮਾਰ ਕੇ ਉੱਤਰਦੀ ਹੈ। ਬਜ਼ੁਰਗ ਨੂੰ ਵੇਖ ਕੇ ਪਰੇਸ਼ਾਨ ਹੁੰਦੀ ਹੈ। ਇੰਜ ਜਿਵੇਂ ਕੋਈ ਉਸਦੇ ਅਸਤਿਤਵ ਨੂੰ ਹੀਣਾ ਕਰਨ ਆਇਆ ਹੋਵੇ। ਪੰਜਾਬੀ ਬਜ਼ੁਰਗ ਤਾਂ ਨੂੰਹਾਂ ਪਾਸੋਂ ਪੈਰੀਂ ਹੱਥ ਲਵਾ ਕੇ ਸਤਿਕਾਰ ਦੀ ਉਮੀਦ ਰੱਖਦੇ ਹਨ ਅਤੇ ਅਸ਼ੀਰਵਾਦ ਦਿੰਦੇ ਹਨ, ਸਿਰ ਪਲੋਸਦੇ ਹਨ। ਪਰ ਮਿਸਿਜ਼ ਭੁਪਿੰਦਰ ਤਾਂ ਬਿਨਾਂ ਫ਼ਤਹਿ ਬੁਲਾਏ ਹੀ ਫੁੰਕਾਰਦੀ ਅੰਦਰ ਚਲੀ ਜਾਂਦੀ ਹੈ। ਸ਼ਾਇਦ ਉਹ ਕਿੱਟੀ ਤੋਂ ਆਈ ਹੈ। ਇਸ ਘਰ ਵਿੱਚ ਆ ਕੇ ਬਜ਼ੁਰਗ ਦੇ ਪੱਲੇ ਨਮੋਸ਼ੀ ਹੀ ਪਈ। ਕੋਠੀ ਦੇ ਸਮੁੱਚੇ ਮਾਹੌਲ ਨੂੰ ਨਿਹਾਰਦਾ ਬਜ਼ੁਰਗ ਅਸਤਿਤਵੀ **ਚੱਕਰ (Existential Vertigo)** ਜਿਹਾ ਖਾ ਗਿਆ। ਇਸ ਚੱਕਰ ਵਿੱਚ ਹੀ ਆਪਣੇ ਆਪਨੂੰ ਪ੍ਰਸ਼ਨ ਕਰਦਾ ਹੈ :

ਕੀ ਇਹ ਭੁਪਿੰਦਰ ਦਾ ਹੀ ਘਰ ਹੈ?
ਕੀ ਕਾਰ 'ਚੋਂ ਨਿਕਲੀ ਭੁਪਿੰਦਰ ਦੀ ਹੀ ਬਹੂ ਹੈ?[8]

ਪੰਜਾਬੀ ਜਨ-ਜੀਵਨ ਵਿੱਚ ਘਰ ਅਤੇ ਪ੍ਰਾਹੁਣਚਾਰੀ ਸਮਾਨਾਰਥੀ ਹਨ। ਉਸਨੂੰ ਤਾਂ ਇਹ ਘਰ ਝੂਠਾ ਜੇਹਾ ਪ੍ਰਤੀਤ ਹੋਇਆ। ਵੱਡੀਆਂ ਜਾਇਦਾਦਾਂ (ਕੋਠੀਆਂ, ਜ਼ਮੀਨਾਂ, ਪੈਸਾ) ਆਦਿ। ਬੰਦੇ ਤੋਂ ਉਸਦੀ ਬੰਦੇ ਵਾਲੀ ਹੋਂਦ ਦੀ ਉਚਿਆਈ ਖੋਹ ਲੈਂਦੀਆਂ ਹਨ ਅਤੇ ਉਸਨੂੰ ਵਸਤੂ ਦੀ ਪੱਧਰ ਤੱਕ ਨੀਵਾਂ ਕਰ ਸਕਦੀਆਂ ਹਨ। ਅਜਿਹੀ ਸਥਿਤੀ ਬਾਰੇ Gabriel Marcel ਦਾ ਵਿਚਾਰ ਉੱਲੇਖਨੀਯ ਹੈ, "To live at the level of having is to lose the height proper to the position of the I, to abandon what I am and become what I have, to be reduced to a thing."[9] ਇੰਜ ਰਾਜਵਿੰਦਰ ਕੌਰ ਰੋਜ਼ੀ ਅਮੀਰ ਘਰ ਦੀ ਹੋਣ ਕਾਰਨ ਆਪਣੀ ਹੋਂਦ ਦੀ 'ਮੈਂ' ਨੂੰ ਭੁੱਲੀਂ ਬੈਠੀ ਹੈ। ਸ਼ਾਇਦ ਬਹੂ ਦੇ ਹੰਕਾਰ ਬਾਰੇ ਸੋਚਦਾ ਬਚਨ ਸਿੰਘ ਮੁੜ ਉਸੇ ਕੁਰਸੀ 'ਤੇ ਜਾ ਬੈਠਾ। ਸ਼ਾਇਦ

ਮਾਲੀ ਉਸਨੂੰ ਇਸ ਘਰ ਦੇ ਵਿਵਹਾਰ ਤੋਂ ਜਾਣੂ ਕਰਵਾਉਣਾ ਚਾਹੁੰਦਾ ਸੀ ਇਸੇ ਲਈ ਉਹ ਕਹਿੰਦਾ ਹੈ :

"ਮੈਂ ਪੁਕਾਰਤਾ ਰਹਾ... ਲੇਕਿਨ ਆਪ...।[10]

ਸਵੈ ਸਿੱਧ ਹੈ ਕਿ ਮਾਲੀ ਇਹ ਵੀ ਕਹਿਣਾ ਚਾਹੁੰਦਾ ਹੋਵੇਗਾ ਪਈ ਇਹ ਕਾਰ ਸਾਹਿਬ ਦੀ ਨਹੀਂ ਆਈ। ਇਹ ਤਾਂ ਮਿਸਿਜ਼ ਗਰੇਵਾਲ ਦੀ ਕਾਰ ਹੈ ਪਰ ਮਾਲੀ ਦੀ ਗੱਲ ਵੱਲ ਬਜ਼ੁਰਗ ਨੇ ਕੋਈ ਧਿਆਨ ਨਾ ਦਿੱਤਾ। ਕੋਠੀ ਅੰਦਰ ਟੀ.ਵੀ. ਵੱਜਦਾ ਰਿਹਾ ਪਰ ਅੰਦਰੋਂ ਕੋਈ ਵੀ ਬਜ਼ੁਰਗ ਨੂੰ ਨਾ ਤਾਂ ਚਾਹ ਪਾਣੀ ਹੀ ਲੈ ਕੇ ਆਇਆ, ਨਾ ਹੀ ਕੋਈ ਰਾਜ਼ੀ ਖੁਸ਼ੀ ਪੁੱਛਣ ਬਹੁੜਿਆ। ਮਾਲੀ ਬਜ਼ੁਰਗ ਦਾ ਮਨ ਲਵਾਉਣ ਲਈ ਗੱਲਾਂ ਕਰਦਾ ਰਿਹਾ ਪਰ ਬਜ਼ੁਰਗ ਸ਼ੂਨਯ (**Nothing-ness**) ਦੀ ਸਥਿਤੀ ਵਿਚ ਬੇਧਿਆਨਾ ਹੀ ਬੈਠਾ ਰਿਹਾ। ਜਦੋਂ ਸਥਿਤੀ ਬੰਦੇ ਤੇ ਹਾਵੀ ਹੋ ਜਾਵੇ ਤਾਂ ਡਰ (Fear) ਬੰਦੇ ਨੂੰ ਆਪਣੀ ਪਕੜ ਵਿੱਚ ਲੈ ਲੈਂਦਾ ਹੈ। ਆਸੇ-ਪਾਸੇ ਗੱਲਾਂ ਕਰਨ ਵਾਲ਼ੇ ਨਾਲ਼ੋਂ ਉਸਦਾ ਸੰਬੰਧ ਟੁੱਟ ਜਾਂਦਾ ਹੈ ਤੇ ਉਹ ਆਪਣੇ ਸਵੈ ਵਿਚ ਗੁੰਮ (**Being in itself**) ਹੋ ਜਾਂਦਾ ਹੈ। ਡਰ ਹੈ ਕਿ ਲਾਡੀ ਦੀ ਭਾਲ ਲਈ ਕੋਈ ਹੀਲਾ ਬਣ ਵੀ ਸਕੇਗਾ ਜਾਂ ਨਹੀਂ।

ਇਤਨੇ ਨੂੰ ਨੌਕਰ ਇੱਕ ਹੋਰ ਕੁਰਸੀ ਲੈ ਆਉਂਦਾ ਹੈ। ਸਾਹਿਬ ਦੇ ਪਹੁੰਚਣ ਦੀ ਸੂਚਨਾ ਮਿਲਦੀ ਹੈ। ਭੂਪਿੰਦਰ ਸਿੰਘ ਨੇ ਆ ਕੇ ਮਾਮੇ ਨੂੰ ਫ਼ਤਹਿ ਬੁਲਾਈ। ਬਚਨ ਸਿੰਘ ਥੋੜ੍ਹਾ ਜਿਹਾ ਉੱਠਕੇ ਉਸਦਾ ਮੋਢਾ ਪਲੋਸਦਾ ਹੈ। ਭੂਪਿੰਦਰ ਪੁੱਛਦਾ ਹੈ-ਮਾਮਾ ਜੀ ਕਦੋਂ ਆਏ ? ਮੈਨੂੰ ਬੁਲਾ ਲੈਣਾ ਸੀ। ਮਾਮਾ ਮੂੰਹ ਰੱਖਣ ਲਈ ਕਹਿ ਗਿਆ- ਥੋੜ੍ਹਾ ਹੀ ਚਿਰ ਹੋਇਆ। ਭੂਪਿੰਦਰ ਦੇ ਹਾਲ-ਚਾਲ ਪੁੱਛਣ ਤੇ ਮਾਮਾ ਆਪਣਾ ਦੁੱਖ ਦੱਸਦਾ ਹੈ :

'ਤੇਰੀ ਮਾਮੀ ਰੋਈਂ ਜਾਂਦੀ ਹੈ... ਜਿੱਦਣ ਦੇ ਭਿੰਦਰ ਸਿੰਆਂ ਉਹ ਲਾਡੀ ਨੂੰ ਲੈ ਗਏ।"[11]

ਭਿੰਦਰ ਸਿੰਘ ਨੂੰ ਇਹ ਬਿੜਕ ਆਈ ਜਿਵੇਂ ਮਾਲੀ ਨੇ ਉਨ੍ਹਾਂ ਦੀ ਸਾਰੀ ਗੱਲ-ਬਾਤ ਸੁਣ ਲਈ ਹੋਵੇ। ਇਸੇ ਲਈ ਉਹ ਮਾਲੀ ਨੂੰ ਕਹਿੰਦਾ ਹੈ :

"ਚਲ ਛੱਡ ਰਿਜ਼ਕ ਰਾਮਾ, ਕਿ ਅੱਜੇ ਫਲੀਆਂ ਲਾ ਕੇ ਜਾਏਂਗਾ।[12]

**ਅਸਤਿਤਵਵਾਦ ਅਨੁਸਾਰ ਅਜਿਹੀ ਸਥਿਤੀ ਹੀ Hell is the other people ਹੁੰਦੀ ਹੈ। ਅਜਿਹੀ ਸਥਿਤੀ ਵਿੱਚ ਬੰਦੇ ਦਾ ਅਸਤਿਤਵ ਹੋਰਨਾਂ ਹੱਥਾਂ ਵਿੱਚ ਚਲਿਆ ਜਾਂਦਾ ਹੈ।** ਪਰ ਮਾਲੀ ਤਾਂ ਤਾੜ ਹੀ ਗਿਆ ਸੀ ਕਿ ਮਾਜਰਾ ਹੋਰ ਹੀ ਹੈ, ਭਾਵ ਇਹ ਹੈ ਕਿ ਮਾਲੀ ਵੱਲੋਂ ਬਚਨ ਸਿੰਘ ਅਤੇ ਗਰੇਵਾਲ ਦੀਆਂ ਗੱਲਾਂ ਸੁਣਨਾ ਗਰੇਵਾਲ ਨੂੰ ਉਸਦੀ ਹੋਂਦ ਤੋਂ ਬੇਗਾਨਗੀ ਤੇ ਖੜ੍ਹਾ ਕਰ ਦਿੰਦਾ ਹੈ। ਉਹ ਕਹਿੰਦਾ ਹੈ :

ਕੋਈ ਨਾ ਮਾਮਾ ਜੀ! ਤੁਸੀਂ ਹੌਂਸਲਾ ਰੱਖੋ, ਆਈ ਵਿਲ ਸੀ (ਤ੍ਰਭਕ ਕੇ) ਮੈਂ ਕਰਦਾਂ ਕੋਈ ਹੀਲਾ... ਚਲੋ ਅੰਦਰ ਚਲੋ... ਨੇਰ੍ਹਾ ਹੋ ਗਿਆ ਨਾਲੇ ਠੰਢ ਆ ਬਾਹਰ।[13]

ਗਰੇਵਾਲ ਇਤਨੀ ਗੱਲ ਕਹਿ ਤਾਂ ਗਿਆ ਪਰ ਅੰਦਰੋਂ ਫ਼ਿਕਰਮੰਦ ਸੀ। ਮਾਮੇ ਦਾ ਉੱਠਣ ਨੂੰ ਦਿਲ ਨਾ ਕੀਤਾ। ਗਰੇਵਾਲ ਦਾ **'ਉਲਝਿਆ ਜੇਹਾ' ਉੱਠਣਾ, 'ਪੱਗ ਸੂਤ' ਕਰਦਿਆਂ ਅੰਦਰ ਜਾਣਾ ਅਜਿਹੇ ਅਸਤਿਤਵੀ ਚਿੰਨ੍ਹ (Existential Symbols) ਹਨ ਜੋ ਉਸਦੀ ਚਿੰਤਾ (Anxiety) ਦਾ ਪ੍ਰਗਟਾਵਾ ਕਰਦੇ ਹਨ।**

ਗਰੇਵਾਲ ਅੰਦਰ ਜਾਂਦਾ ਹੈ। ਰੋਜ਼ੀ ਦੇ ਕੰਨ ਬਾਹਰ ਵੱਲ ਹੀ ਸਨ। ਸਭ ਕੁੱਝ ਸਮਝਦੀ ਹੋਈ ਪੁੱਛਦੀ ਹੈ- 'ਕੀ ਮਾਮਲਾ ਹੈ।' ਗਰੇਵਾਲ ਸੰਕੇਤਕ ਰੂਪ ਵਿੱਚ ਸਾਰੀ ਗੱਲ ਸਮਝਾ ਦਿੰਦਾ ਹੈ। ਬੱਚਿਆਂ ਦਾ ਟੀ.ਵੀ. ਉੱਚੀ ਆਵਾਜ਼ ਵਿੱਚ ਚੱਲ ਰਿਹਾ ਹੈ ਪਰ ਅੰਦਰੋਂ ਉੱਚੀ-ਉੱਚੀ ਖਹਿਬੜਣ ਦੀ ਆਵਾਜ਼ ਸੁਣਕੇ ਬਜ਼ੁਰਗ ਉਦਾਸੀ ਵਿੱਚ ਡੁੱਬ ਜਾਂਦਾ ਹੈ। ਅਸਤਿਤਵੀ ਚੇਤਨਾ ਗੈਰਯਕੀਨਤਾ ਵਿੱਚ ਉਦਾਸੀ ਦਾ ਕਾਰਨ ਬਣਦੀ ਹੈ, ਕੀਰਕੇਗਾਰਦ ਅਨੁਸਾਰ, 'To come into reflective existence as a self-conscious being is to despair, for it is a break with the finite, a withdrawal into uncertainity.'[14] ਉਸਨੂੰ ਮਸਲੇ ਦੇ ਹੱਲ ਦਾ ਕੁੱਝ ਵੀ ਯਕੀਨ ਨਹੀਂ। ਬਚਨ ਸਿੰਘ ਇੱਥੇ ਆ ਕੇ ਪਛਤਾਉਂਦਾ ਹੈ। ਬੱਚਿਆਂ ਨੂੰ ਮੰਮੀ-ਡੈਡੀ ਦਾ ਝਗੜਾ ਚੰਗਾ ਨਹੀਂ ਲਗਦਾ। ਉਨ੍ਹਾਂ ਦੋਵਾਂ ਦਾ ਝਗੜਾ ਬੱਚਿਆਂ ਦੇ ਟੀ.ਵੀ. ਅਨੰਦ ਵਿੱਚ ਵਿਘਨ ਪਾਉਂਦਾ ਹੈ। ਇਸੇ ਲਈ ਉਹ ਕਹਿੰਦੇ ਹਨ ਕਿ ਮੰਮਾ ਜੇ ਲੜਨਾ ਹੈ ਤਾਂ ਆਪਣੇ ਬੈੱਡ-ਰੂਮ ਵਿੱਚ ਜਾਓ, ਸਾਰਾ ਮਜ਼ਾ ਖ਼ਰਾਬ ਕਰ ਤਾ। ਬੱਚਿਆਂ ਨੂੰ ਘੂਰ ਕੇ ਟੀ.ਵੀ. ਬੰਦ ਕਰਵਾ ਦਿੱਤਾ ਜਾਂਦਾ ਹੈ। ਉਹ ਦੋਵੇਂ ਬੱਚੇ (ਡਾਲਰ ਤੇ ਪੌਂਡ) ਉਪਰਲੇ ਕਮਰੇ ਵਿੱਚ ਜਾ ਕੇ ਕਾਮਿਕਸ ਵਿੱਚ ਮਸਤ ਹੋ ਜਾਂਦੇ ਹਨ।

ਗਰੇਵਾਲ ਡੀ.ਐੱਸ.ਪੀ. ਨੂੰ ਫ਼ੋਨ ਕਰਦਾ ਹੈ ਪਰ ਉਹ ਤਾਂ ਅਜੇ ਦਫ਼ਤਰੋਂ ਹੀ ਨਹੀਂ ਪਰਤਿਆ। ਤਦ ਗਰੇਵਾਲ ਮਿਸਿਜ਼ ਮਹਿਤਾ ਨੂੰ ਫ਼ੋਨ ਕਰਦਾ ਹੈ ਕਿ ਅੱਜ ਉਹ ਡਿਨਰ ਤੇ ਨਹੀਂ ਆ ਸਕਣਗੇ ਕਿਉਂਕਿ ਉਨ੍ਹਾਂ ਦੇ ਮਾਮਾ ਜੀ ਆਏ ਹੋਏ ਹਨ। ਰੋਜ਼ੀ ਝਪਟ ਮਾਰਕੇ ਚੋਂਗਾ ਖੋਹ ਲੈਂਦੀ ਹੈ ਅਤੇ ਮਿਸਿਜ਼ ਮਹਿਤਾ ਨੂੰ ਕਹਿੰਦੀ ਹੈ ਕਿ ਉਹ ਜ਼ਰੂਰ ਆਉਣਗੇ ਅਤੇ ਮਾਮਾ ਜੀ ਦੀ ਸਮੱਸਿਆ ਬਾਰੇ ਵੀ ਗੱਲ ਕਰਨਗੇ। **ਗਰੇਵਾਲ ਵਿਅਕਤਿਤਵਹੀਣ (Depersonalize) ਹੋ ਜਾਂਦਾ ਹੈ ਅਰਥਾਤ ਕੱਖੋਂ ਹੌਲਾ ਹੋ ਜਾਂਦਾ ਹੈ।** ਰੋਜ਼ੀ ਉਸ ਤੇ ਇਤਨੀ ਹਾਵੀ ਹੈ, ਘੱਟੋ-ਘੱਟ ਉਸਦਾ ਸਤਿਕਾਰ ਤਾਂ ਕਰੇ, ਉਸਦੇ ਸੰਬੰਧੀ ਦਾ ਨਾ ਸਹੀ। ਹੁਣ ਉਹ ਨਖਰਿਆਂ

ਜੇਹਾਂ ਨਾਲ ਗਰੇਵਾਲ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਦੀ ਹੈ। ਲਾਡੀ ਦੇ ਚੁੱਕੇ ਜਾਣ ਨੂੰ ਉਹ ਨਿੱਕੀ ਜੇਹੀ ਗੱਲ ਹੀ ਸਮਝਦੀ ਹੈ :

> ਐਵੇਂ ਨਾ ਨਿੱਕੀ ਨਿੱਕੀ ਗੱਲ 'ਤੇ ਢੇਰੀ ਢਾਇਆ ਕਰੋ... ਮੈਂ ਤਿਆਰ ਹੋ ਕੇ ਆਈ... ਮਹਿਤਾ ਜੀ ਏਨੇ ਵਾਈਜ਼ ਨੇ... ਵਿਲ ਡੂ ਸਮਥਿੰਗ... ਤੁਸਾਂ ਤਾਂ ਬਸ ਜੁਆਕਾਂ... ਚਲੋ ਮੂਡ ਖ਼ਰਾਬ ਨਾ ਕਰੋ ਹੋਰ... ਨਾਲੇ ਵਿਚਾਰੇ ਡਿਨਰ ਤਿਆਰ... ਲੁਕਸ ਔਡ... ਕਮ ਔਨ...।[15]

ਇੰਜ ਰੋਜ਼ੀ ਦਾ 'ਮੱਲਮ ਪੱਟੀ' ਕਰਨਾ ਅਤੇ ਗਰੇਵਾਲ ਦਾ 'ਧੌਣ, ਖੁਰਕਦੇ' ਮਾਮਾ ਜੀ ਵੱਲ ਜਾਣਾ ਵੀ ਅਸਤਿਤਵੀ ਚਿੰਨ੍ਹ ਹਨ। 'ਮੱਲਮ ਪੱਟੀ' ਚਾਪਲੂਸੀ ਦਾ 'ਧੌਣ ਖੁਰਕਣਾ' ਗਰੇਵਾਲ ਦੀ ਬੇਵਸੀ ਦਾ ਚਿੰਨ੍ਹ ਹਨ। ਗਰੇਵਾਲ ਦੇ ਮਾਮੇ ਨੂੰ ਆਖੇ ਬੋਲ ਸੁਣੋਂ :

> "ਮਾਮਾ ਜੀ! ਏਨੀ ਠੰਢ 'ਚ ਈ ਬੈਠੇ ਰਹੇ, ਅੰਦਰ ਆ ਜਾਣਾ ਸੀ" ਲਿਫਵੀਂ ਕੰਬਣੀ ਜੇਹੀ ਨੀਵੀਂ ਸੁਰ ਵਿਚ ਗਰੇਵਾਲ ਨੇ ਅੰਦਰਲੇ ਪਾਲੇ ਨੂੰ ਪੀੜ ਤੇ ਸ਼ਰਮਿੰਦਗੀ ਵਿਚ ਲਪੇਟਦਿਆਂ ਕਿਹਾ।[16]

ਅਜਿਹੀ ਸ਼ਰਮਿੰਦਗੀ ਬਾਰੇ ਸਾਰਤਰ ਦੇ ਸ਼ਬਦ ਧਿਆਨ ਮੰਗਦੇ ਹਨ :

> 'In shame we discover an aspect of our being which we would not have known otherwise.'[17]

ਨੋਟ ਕਰਨਯੋਗ ਹੈ ਗਰੇਵਾਲ ਨੇ ਹੁਣ ਮਾਮੇ ਨੂੰ 'ਅੰਦਰ ਆ ਜਾਓ' ਨਹੀਂ ਕਿਹਾ 'ਅੰਦਰ ਆ ਜਾਣਾ ਸੀ' ਕਿਹਾ ਹੈ। ਦੋਨਾਂ ਸੰਬੋਧਨਾਂ ਵਿਚ ਅਪਣੱਤ ਅਤੇ ਓਪਰੇਪਨ ਜਿਤਨਾ ਅੰਤਰ ਹੈ। ਗਰੇਵਾਲ ਆਪਣੇ ਵਿਵਹਾਰ ਤੇ ਸ਼ਰਮਿੰਦਾ ਵੀ ਹੈ ਅਤੇ ਅਸਤਿਤਵੀ ਦੁਚਿੱਤੀ (Existential Dilemma) ਵਿੱਚ ਵੀ।

ਬਚਨ ਸਿੰਘ ਤਾਂ ਬੋਲਣ-ਜੋਗਾ ਹੀ ਕਿੱਥੇ ਰਿਹਾ ਸੀ। ਇਹ ਸਥਿਤੀ ਤਾਂ ਉਸ ਲਈ ਜਿਉਂਦਿਆਂ ਮਰਨ (Existential Death) ਵਾਲੀ ਸੀ। ਗਰੇਵਾਲ ਮਾਮੇ ਨੂੰ ਇਹ ਨਹੀਂ ਦੱਸਦਾ ਪਈ ਰੋਜ਼ੀ ਉਸਨੂੰ ਧੱਕੇ ਨਾਲ਼ ਮਹਿਤਾ ਸਾਹਿਬ ਦੇ ਡਿਨਰ ਤੇ ਲਿਜਾ ਰਹੀ ਹੈ ਸਗੋਂ ਇਉਂ ਕਹਿੰਦਾ ਹੈ ਕਿ ਉਹ ਮਹਿਤਾ ਸਾਹਿਬ ਨਾਲ਼ ਇਸ ਮਸਲੇ ਤੇ ਸਲਾਹ ਕਰਨ ਚੱਲਿਆ ਹੈ ਕਿਉਂਕਿ ਉਹ ਬੜੀ ਪਹੁੰਚ ਵਾਲਾ ਬੰਦਾ ਹੈ। ਇਥੇ ਗਰੇਵਾਲ ਆਪਣੇ ਆਪ ਨਾਲ਼ ਵੀ ਝੂਠ ਬੋਲ ਰਿਹਾ ਹੈ ਅਤੇ ਮਾਮੇ ਨਾਲ਼ ਵੀ। ਇਹੋ ਜਿਹੀ ਸਥਿਤੀ ਹੀ, ਜਾਂ ਪਾਲ ਸਾਰਤਰ ਅਨੁਸਾਰ, ਖੋਟੀ ਨੀਤ (Bad Faith) ਵਾਲ਼ੀ ਹੁੰਦੀ ਹੈ :

> 'Bad faith in defined by Sartre as a flight from anguish, from freedom and from responsibility. It involves a lie that one tells to oneself. when I lie to some one I hide

the truth from her/him, but when I lie to myself, I hide the truth from me.'[18]

ਅਸਤਿਤਵਵਾਦੀ ਦ੍ਰਿਸ਼ਟੀ ਤੋਂ ਗਰੇਵਾਲ ਸਿਫ਼ਰ (Cipher) ਸਥਿਤੀ ਵਿੱਚ ਵਿਚਰ ਰਿਹਾ ਹੈ। ਉਸ ਲਈ ਮਾਨਵੀ ਰਿਸ਼ਤੇ ਪੇਚੀਦਾ ਹੋ ਗਏ ਹਨ। ਇੱਕ ਬੰਨੇ ਵੱਡੇ ਘਰ ਦੀ ਧੀ (ਉਹਦੀ ਪਤਨੀ) ਹੈ; ਦੂਜੇ ਬੰਨੇ ਸਾਧਾਰਨ ਨਾਨਕਾ ਪਰਿਵਾਰ। ਇੱਕ ਧਿਰ ਨੂੰ ਸਹਾਇਤਾ ਦੀ ਲੋੜ ਹੈ, ਦੂਜੀ ਧਿਰ ਕੁੱਝ ਵੀ ਕਰਨ ਤੋਂ ਇਨਕਾਰੀ ਹੈ। ਉਸਦੀ ਸਿਫ਼ਰ ਦੀ ਸਥਿਤੀ ਦੁਨਿਆਵੀ ਸੱਚ ਨਾਲ ਟੱਕਰ ਲੈਣ ਦੀ ਥਾਂ ਕੇਵਲ ਓਪਰੇ ਜਿਹੇ ਵਰਤ-ਵਿਉਹਾਰ ਤੱਕ ਸੀਮਤ ਹੋ ਗਈ ਹੈ। ਇੱਕੋ ਗੱਲ ਜੋ ਉਸਨੂੰ ਵਾਰ-ਵਾਰ ਤੰਗ ਕਰ ਰਹੀ ਹੈ, ਉਹ ਹੈ ਨਾਨਕਿਆਂ ਦਾ ਮੋਹ। ਇਉਂ ਉਸਦੀ ਅੰਤਹਕਰਨ ਪਿਆਰ ਸੰਘਰਸ਼ (Loving Struggle) ਵਿੱਚ ਨਪੀੜੀ ਜਾ ਰਹੀ ਹੈ।

ਦ੍ਰਿਸ਼ ਬਦਲਦਾ ਹੈ। ਮਹਿਤੇ ਦੇ ਘਰ ਮਹਿਫ਼ਲ ਹੈ। ਮਹਿਤਾ ਉਸਨੂੰ ਕਾਫ਼ੀ ਸਮਝਾ ਰਿਹਾ ਹੈ। ਦਾਰੂ-ਮੀਟ ਚੱਲ ਰਿਹਾ ਹੈ ਪਰ ਗਰੇਵਾਲ ਦੀ ਜ਼ਮੀਰ (Conscience) ਉਸਦੇ ਮੁਖੋਂ ਸੱਚ ਅਖਵਾ ਰਹੀ ਹੈ। ਇਹ ਸੱਚ ਗਰੇਵਾਲ ਦੀ ਫੈਕਟੀਸਿਟੀ ਵਿੱਚੋਂ ਹੀ ਹੋਂਦ ਗ੍ਰਹਿਣ ਕਰਦਾ ਹੈ :

> 'ਤੂੰ ਨਹੀਂ ਜਾਣਦਾ ਮਹਿਤਾ, ਮੇਰੀ ਮਾਮੇ ਨਾਲ਼ ਕਿੰਨੀ ਅਟੈਚਮੈਂਟ ਹੈ। ਮੇਰੇ ਲਈ ਉਹਨਾਂ... ਮੇਰੇ ਪਿਉ ਤੋਂ ਵੱਧ... ਯੂ ਡੋਂਟ ਨੋ... ਲਾਡੀ ਮੇਰੇ ਪੁੱਤਾਂ ਅਰਗਾ... ਮੈਥੋਂ ਹੁਣ ਮਾਮਾ ਜੀ ਦੇ ਮੱਥੇ ਨਹੀਂ ਲੱਗਿਆ ਜਾਂਦਾ... ਮਾਮੀ ਨੂੰ...।[19]

ਇਹ ਬੋਲ ਗਰੇਵਾਲ ਦੀ ਜ਼ਮੀਰ ਦੇ ਬੋਲ ਹਨ। ਜ਼ਮੀਰ ਸਵੈ ਨੂੰ ਸਵੈ ਦਾ ਸੰਬੋਧਨ ਹੁੰਦਾ ਹੈ। ਇਹ ਸਵੈ ਨੂੰ ਦੋਸ਼ੀ ਵੀ ਠਹਿਰਾ ਸਕਦੀ ਹੈ, ਸਵੈ ਪ੍ਰਤੀ ਨਿਰਣਾ ਵੀ ਦੇ ਸਕਦੀ ਹੈ। ਸੱਚ ਤਾਂ ਇਹ ਹੈ ਕਿ ਇਹ ਚਿੰਤਾ/ਫ਼ਿਕਰ ਦੀ ਬਣਤਰ ਦਾ ਭਾਗ ਹੁੰਦੀ ਹੈ। ਮਾਰਟਿਨ ਹਾਈਡਿਗਰ ਜ਼ਮੀਰ ਸੰਬੰਧੀ ਇਉਂ ਕਹਿੰਦਾ ਹੈ :

> The Conscience that calls, accuses and judges is already with in structure of care.[20]

ਮਹਿਤਾ ਆਮ ਮੁੰਡੀਰ ਦੀ ਗੱਲ ਕਰਦਾ ਹੈ ਪਰ ਗਰੇਵਾਲ ਲਾਡੀ ਨੂੰ ਆਮ ਮੁੰਡੀਰ ਵਰਗਾ ਨਹੀਂ ਸਮਝਦਾ। ਦੋਵੇਂ ਔਰਤਾਂ ਅਤੇ ਮਹਿਤਾ ਉਸ ਨਾਲ਼ ਔਖੇ ਭਾਰੇ ਹੁੰਦੇ ਹਨ। ਉਹ ਤਿੰਨੇ ਅੱਜ, ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿਣ ਵਾਲੇ ਗਰੇਵਾਲ ਨੂੰ, ਗੁਆਚਿਆ ਜੇਹਾ ਮਹਿਸੂਸ ਕਰਦੇ ਹਨ। ਮਹਿਤਾ ਸਮਝਾਉਂਦਾ ਹੈ ਕਿ ਮੰਨ ਲਓ ਕਿ ਲਾਡੀ ਨੂੰ ਅਗਲਿਆਂ ਨੇ ਸੋਧਤਾ। ਇਹ ਬੋਲ ਸੁਣਕੇ ਗਰੇਵਾਲ ਭੈ-ਭੀਤ ਹੁੰਦਾ ਹੈ। ਮਹਿਤਾ ਕਹਿੰਦਾ ਹੈ ਕਿ ਉਹ ਸੋਧੇ, ਜਾਂ ਚੁੱਕੇ ਹੋਏ ਦਾ ਪਿੱਛਾ

ਕਰਨ ਵਾਲ਼ੇ ਨੂੰ ਵੀ ਨਹੀਂ ਬਖ਼ਸ਼ਦੇ। ਇਸ ਦੇ ਨਾਲ਼ ਹੀ ਉਹ ਉਸਨੂੰ ਸਰਕਾਰੀ ਮੁਲਾਜ਼ਮ ਹੋਣ ਬਾਰੇ ਵੀ ਚੇਤਨ ਕਰਦਾ ਹੈ।

ਪਰ ਇਸ ਪ੍ਰਕਾਰ ਦੀ ਮਹਾਜਨੀ ਸੋਚ ਅਜੇ ਤੱਕ ਗਰੇਵਾਲ ਦੀ ਸੋਚ ਦਾ ਅੰਗ ਨਹੀਂ ਸੀ ਬਣ ਸਕੀ। ਉਸਦੀ ਫੈਕਟੀਸਿਟੀ ਵਿੱਚ ਅਜੇ ਵੀ ਨਾਨਕਿਆਂ, ਦਾਦਕਿਆਂ ਦੇ ਮੋਹ ਦੀ 'ਰਹਿੰਦ-ਖੂੰਦ' ਬਾਕੀ ਸੀ। ਇੰਜ ਬਚੇ ਖੁਚੇ ਨੂੰ **ਅਸਤਿਤਵੀ-ਚਿੰਤਕ ਕਾਰਲ ਜੈਸਪਰਸ ਇਗਜ਼ਿਸਟੈਂਜ਼ (Existenz) ਕਹਿੰਦਾ ਹੈ। ਅਜਿਹੀ ਸਥਿਤੀ ਵਿੱਚ ਗਰੇਵਾਲ ਨੇ ਆਪਣੇ ਆਪ ਨੂੰ ਘਿਰੇ ਹੋਏ ਗੁਨਾਹਗਾਰ ਵਾਂਗ ਡਾਢਾ ਕਮਜ਼ੋਰ ਮਹਿਸੂਸ ਕੀਤਾ।** ਉਹ ਰੋਜ਼ੀ ਅਤੇ ਮਾਮੇ ਦੇ ਦਿਸਹੱਦਿਆਂ ਵਿਚ ਆਪਣੇ ਆਪ ਨੂੰ ਘਿਰਿਆ ਹੋਇਆ (Encompassed) ਮਹਿਸੂਸ ਕਰਦਾ ਹੈ। ਉਸਦੀ ਸੋਚ ਚੱਕੀ ਦੇ ਦੋ ਪੁੜਾਂ ਵਿਚਾਲੇ ਪਿੜ ਰਹੀ ਹੈ।

ਗਰੇਵਾਲ ਅਤੇ ਮਿਸਜ਼ ਗਰੇਵਾਲ ਮਹਿਤਾ ਦੇ ਘਰੋਂ ਵਿਦਾਈ ਲੈਂਦੇ ਹਨ। ਗਰੇਵਾਲ ਕਾਰ ਨੂੰ ਪੂਰੀ ਸਪੀਡ ਤੇ ਕਰ ਦਿੰਦਾ ਹੈ। ਤਦ ਕਾਰ ਨੂੰ ਕੱਚੇ ਰਸਤੇ ਪਾ ਲੈਂਦਾ ਹੈ। ਰੋਜ਼ੀ ਬੁੜਕਦੀ ਹੈ, ਝਟਕੇ ਵਜਦੇ ਹਨ।

ਉਹ ਪੂਰੇ ਰੋਬ੍ਹ ਨਾਲ਼ ਗੱਡੀ ਰੋਕਣ ਲਈ ਕਹਿੰਦੀ ਹੈ :

'ਆਈ ਸੇ... ਸਟਾਪ ਇਟ... ਵਰਨਾ।'[21]

ਪਰ ਗਰੇਵਾਲ ਵੀ ਕ੍ਰੋਧ ਵਿਚ ਪਲਟਵਾਰ ਕਰਦਾ ਹੈ :

'ਗੈਟ ਆਊਟ... ਆਈ ਸੇ... ਗੈਟ ਆਊਟ।'[22]

ਰੋਜ਼ੀ ਮਨ ਹੀ ਮਨ ਵਿਚ ਸੋਚਦੀ ਹੈ :

'ਏਹਨੂੰ ਕੀ ਸੁੰਘ ਜਾਂਦਾ ਕਦੇ-ਕਦੇ... ਭਿਆਨਕ ਦੌਰਾ ਪੈਂਦਾ ਜਿਵੇਂ, ਅੱਗੇ ਪਿਛੇ ਕੰਨੀਂ ਪਾਇਆ ਨੀਂ ਰੜਕਦਾ।'[23]

ਫਿਰ ਵੀ ਰੋਜ਼ੀ ਆਪਣੀ ਸੁਪਰ ਈਗੋ ਦਾ ਤਿਆਗ ਨਹੀਂ ਕਰਦੀ ਕਹਿੰਦੀ ਹੈ:

'ਆਈ ਵਿਲ ਸੀ ਯੂ, ਡਾਂਟ ਬਾਦਰ।'[24]

ਘਰ ਪੁੱਜੇ ਗਰੇਵਾਲ ਨੂੰ ਰਾਮੂ ਨੇ ਦੱਸਿਆ ਕਿ ਮਾਮੇ ਨੇ ਬਿਨਾਂ ਦਾਰੂ ਪੀਤੇ ਹੀ ਰੋਟੀ ਖਾਧੀ ਸੀ। ਮਾਮਾ ਸੁੱਤਾ ਨਹੀਂ, ਸੁੱਤਿਆਂ ਵਾਂਗ ਪਿਆ ਸੀ। ਗਰੇਵਾਲ ਉਸ ਦੇ ਕਮਰੇ ਵਿਚੋਂ ਉਸਨੂੰ ਬਿਨਾਂ ਜਗਾਏ ਹੀ ਪਰਤ ਆਇਆ। ਆਪੇ ਹੀ ਪੈੱਗ ਬਣਾ ਕੇ, ਤਿੰਨ ਪੈੱਗ ਨੀਟ ਗਟ-ਗਟ ਪੀ ਗਿਆ। ਨਸ਼ੇ ਵਿੱਚ ਪੂਰਾ ਗੁੱਟ ਹੋ ਕੇ ਆਪਣੇ ਅਸਤਿਤਵ ਨੂੰ ਪਛਾਣਨ ਦੀ ਕੋਸ਼ਿਸ਼ ਕਰਦਾ ਹੈ :

**ਆਖ਼ਰ ਇਹ ਕੀ ਹੈ? ਕਾਹਦੀ ਅਫ਼ਸਰੀ ਏ? ਕੀਹਦੀ ਅਫ਼ਸਰੀ ਏਹ?**

**ਏਹ ਮੇਰਾ ਘਰ ਏ ਜਾਂ? ਏਸ ਰਾਈਸਜ਼ਾਦੀ...?**

**ਮੇਰਾ ਪਿਉ... ਮੇਰਾ ਭਰਾ ਹੈ ਹੈਨ ਕਿਥੇ?... ਮੈਂ...ਮੈਂ... ਗਰੇਵਾਲ?**

ਏਹ ਮੇਰਾ ਮਾਮਾ... ਮੇਰਾ ਮਾਮਾ ਬਚਨ ਸੂੰ... ਮੇਰਾ... ?[25]

ਇਸ ਕਹਾਣੀ ਵਿੱਚ ਇਹ ਸਥਿਤੀ ਅਸਤਿਤਵੀ ਸੰਕਟ (**Existential Crisis**) ਦੀ ਸਿਖ਼ਰ ਹੈ।

ਉਹ ਮਾਮੇ ਦੇ ਕਮਰੇ ਵਿੱਚ ਜਾਂਦਾ ਹੈ ਪਰ ਅਪਣੱਤ ਨਾਲ਼ ਉਸਨੂੰ ਉਠਾ ਨਹੀਂ ਸਕਦਾ। ਪਰਿਵਾਰ 'ਤੇ ਟੁੱਟੇ ਬਿਪਤਾ ਦੇ ਪਹਾੜ ਬਾਰੇ ਉਹਦੇ ਕੋਲ਼ ਬੈਠ ਕੇ ਚੰਗੀ ਤਰ੍ਹਾਂ ਦੁੱਖ ਵੀ ਨਹੀਂ ਵੰਡਾ ਸਕਿਆ। ਮਾਰਟਿਨ ਹਾਈਡਿਗਰ ਅਨੁਸਾਰ ਅਸਤਿਤਵਹੀਣ ਹੋਇਆ ਬੰਦਾ ਆਪਣੀਆਂ ਸਾਰੀਆਂ ਪ੍ਰਮਾਣਿਕ ਸੰਭਾਵਨਾਵਾਂ ਗੁਆ ਬਹਿੰਦਾ ਹੈ। ਸੰਕਟ ਦਾ ਅਜਿਹਾ ਪੜਾਅ ਭੌਤਿਕ (**Ontical**) ਨਹੀਂ ਪਰਾਭੌਤਿਕ/ਅਸਤਿਤਵੀ (**Ontological**) ਹੁੰਦਾ ਹੈ।

ਪਤੀ ਸਾਧਾਰਨ ਪਰਿਵਾਰ 'ਚੋਂ ਉੱਠਕੇ ਅਫ਼ਸਰ ਬਣਿਆ ਹੈ। ਪਤਨੀ 'ਚ ਆਪਣੇ ਅਮੀਰ ਖ਼ਾਨਦਾਨੀ ਪਿਛੋਕੜ ਦਾ ਹੰਕਾਰ ਹੈ। ਉਹ ਨਾਇਕਾ ਨਹੀਂ ਖਲਨਾਇਕਾ ਹੈ। ਕਥਾਕਾਰ ਉਸਦੇ ਗੈਰ-ਮਾਨਵੀ ਵਤੀਰੇ ਨੂੰ ਪੇਸ਼ ਕਰਦਾ ਹੈ :

ਉਸਦੀ ਪਤਨੀ ਖ਼ੂੰਖਾਰ ਤੱਕਣੀ ਨਾਲ਼ ਸਭ ਕੁੱਝ ਨਿਹਾਰਦੀ ਖਾਮੋਸ਼ ਰਹੀ। ਡਰੀ ਡਰੀ... ਤੇ ਫੇਰ ਖਾਣੇ ਦੀ ਮੇਜ਼ ਤੇ ਉਹ ਤੇ ਉਹਦੀ ਪਤਨੀ ਆਪੋ ਆਪਣੇ ਮੋਰਚੇ ਮੱਲੀ ਬੈਠੇ ਰਹੇ... ਦੁਸ਼ਮਣ ਫੌਜ ਦੇ ਅਗਲੇ ਹਮਲੇ ਦੀ ਸੂਹ ਕੱਢਦੇ... ਦੜੇ ਹੋਏ।[26]

ਪਤੀ-ਪਤਨੀ ਦੋਵਾਂ ਦੀ ਮਾਨਸਿਕ ਧਰਾਤਲ ਤੇ ਹੋ ਰਿਹਾ ਅੰਦਰੋ-ਅੰਦਰੀ ਯੁੱਧ ਇਸ ਹਾਲਤ ਵਿੱਚ ਮੈਦਾਨਿ-ਜੰਗ ਤੋਂ ਘੱਟ ਨਹੀਂ। ਦੋਵੇਂ ਇੱਕ ਦੂਜੇ ਦੀਆਂ ਭਾਵਨਾਵਾਂ ਦਾ ਕਤਲ ਕਰਨ ਲਈ ਤਿਆਰ ਬੈਠੇ ਨੇ। ਪਤਨੀ ਅਜਿਹੇ ਸਮੇਂ ਗਰੇਵਾਲ ਦੇ ਨਾਨਕੇ ਪਰਿਵਾਰ ਦੇ ਸੰਕਟ ਵਿੱਚ ਦਖ਼ਲ ਦੇਣ ਨੂੰ ਆਪਣੇ ਪਰਿਵਾਰ ਲਈ ਨੁਕਸਾਨ-ਦੇਹ ਸਮਝਦੀ ਹੋਣੀਂ ਐ। ਉਂਜ ਵੀ ਉਸਦਾ ਨਾਨਕੇ ਪਰਿਵਾਰ ਅਤੇ ਗਰੇਵਾਲ ਦੇ ਹੋਰ ਸੰਬੰਧੀਆਂ ਨਾਲ ਕੋਈ ਸਨੇਹ ਨਹੀਂ। ਉਸਦਾ ਸਨੇਹ ਤਾਂ ਕੇਵਲ ਆਪਣੇ ਪੇਕੇ ਪਰਿਵਾਰ ਨਾਲ਼ ਹੀ ਹੈ। ਗਰੇਵਾਲ ਦਾ ਪਰਿਵਾਰ ਕਿਸੇ ਖ਼ੂਹ ਖਾਤੇ ਡਿੱਗੇ, ਉਸਨੇ ਕੀ ਲੈਣਾ ਹੈ। ਪਰ ਗਰੇਵਾਲ ਦਾ ਆਪਣੇ ਨਾਨਕੇ ਪਰਿਵਾਰ ਨਾਲ਼ ਦਿੱਲੀ ਸਨੇਹ ਹੈ। ਸਹਾਇਤਾ ਦਾ ਫ਼ੈਸਲਾ ਵੀ ਲੈਂਦਾ ਹੈ ਪਰ ਪਤਨੀ ਉਸਦੇ ਰਾਹ ਵਿੱਚ ਰੋੜਾ ਹੈ।

ਮਾਮੇ ਨਾਲ਼ ਬੈਠਕੇ ਦੁਖ-ਸੁਖ ਕਰਨ ਦਾ ਜੋ ਵੇਲਾ ਸੀ ਉਹ ਗਰੇਵਾਲ ਨੇ ਪਤਨੀ ਦੀ ਧੌਂਸ ਵਿੱਚ ਆ ਕੇ ਮਹਿਤਾ ਪਰਿਵਾਰ ਦੇ ਡਿਨਰ ਤੇ ਜਾ ਕੇ ਗੁਆ ਲਿਆ।

ਅੱਜ ਰਾਤੀਂ ਸੁਪਨੇ ਵਿੱਚ ਉਹ ਆਪਣੇ ਭਤੀਜੇ ਲਾਡੀ ਨੂੰ ਆਪਣੇ ਕੁੱਕੜ ਦੀ ਮੌਤ 'ਤੇ ਰੋਂਦੇ ਵੇਖਦਾ ਹੈ ਜੋ 'ਮੇਰਾ ਕਾਲੂ... ਬਾਪੂ ਮੇਰਾ ਕਾਲੂ' ਕਹਿੰਦਾ

ਹਾਲੋਂ ਬੇਹਾਲ ਹੋਇਆ ਸਿਸਕੀਆਂ ਲੈਂਦਾ ਭੁੱਖਾ ਹੀ ਸੌਂ ਗਿਆ ਸੀ। ਅਜਿਹੇ ਸੰਵੇਦਨਸ਼ੀਲ ਲਾਡੀ ਨਾਲ਼ ਹੁਣ ਪਤਾ ਨਹੀਂ ਕੀ ਵਾਪਰ ਰਿਹਾ ਹੋਣੈਂ। ਗਰੇਵਾਲ ਅਧ ਸੁੱਤਾ ਜਿਹਾ ਨੀਂਦ 'ਚੋਂ ਬਰੜਾਇਆ... ਲਾਡੀ...। ਜਕੋ-ਤੱਕੀ ਵਿੱਚ ਖੜ੍ਹਾ ਸੁੱਤੇ ਪਏ ਮਾਮੇ ਨੂੰ ਨਿਹਾਰਦਾ ਰਿਹਾ ਪਰ ਉਠਾਉਣ ਲਈ ਪਤਾ ਨਹੀਂ ਕਿਸ ਨਮੋਸ਼ੀ ਖੁਣੋਂ ਹੀਆ ਨਾ ਕਰ ਸਕਿਆ।

> "ਤੂੰ ਨਿਸ਼ਚਿੰਤ ਸੌਂ ਮਾਮਾ। ਮੈਂ ਮਰਿਆ ਨਹੀਂ ਅਜੇ...।' ਪਤਾ ਨਹੀਂ ਉਸਨੇ ਮਾਮੇ ਨੂੰ ਕਿਹਾ... ਜਾਂ ਖੌਰੇ ਆਪਣੇ ਆਪ ਨੂੰ... ਜਾਂ ਸ਼ਾਇਦ ਘਰ ਵਾਲੀ ਨੂੰ...।'[27]

ਵੱਡੇ ਤੜਕਿਉਂ ਹੀ ਮਾਮਾ ਜਾਣ ਲਈ ਤਿਆਰ ਹੋ ਗਿਆ। ਰਾਮੂ ਨੂੰ ਬਿੜਕ ਆ ਗਈ। ਮਾਮਾ ਗੇਟ ਨੂੰ ਤਾਲਾ ਵੇਖ ਕੇ ਕੰਧ ਹੀ ਟੱਪਣ ਲੱਗਾ ਸੀ। ਚਾਬੀ ਦੇ ਬਹਾਨੇ ਰਾਮੂ ਨੇ ਗਰੇਵਾਲ ਨੂੰ ਜਗਾ ਦਿੱਤਾ। ਗਰੇਵਾਲ ਬੀਵੀ ਦੇ ਸ਼ਾਲ ਦੀ ਬੁੱਕਲ ਮਾਰਦਾ ਕਮਰਿਉਂ ਬਾਹਰ ਆਇਆ। ਇਥੇ 'ਬੀਵੀ ਦੇ ਸ਼ਾਲ ਦੀ ਬੁੱਕਲ' ਵੀ ਬੀਵੀ ਦੇ ਕਾਬੂ ਵਿੱਚ ਹੋਣ ਦਾ ਅਸਤਿਤਵੀ ਚਿੰਨ੍ਹ (Existential Symbol) ਹੈ। ਗਰੇਵਾਲ ਮਾਮੇ ਨੂੰ ਨੇਰ੍ਹੇ ਹੀ ਠੰਢ ਵਿੱਚ ਜਾਣ ਤੋਂ ਰੋਕਣ ਦੀ ਕੋਸ਼ਿਸ਼ ਕਰਦਾ ਹੈ।

> ਮਾਮਾ ਰੁੱਖੇ ਲਹਿਜੇ ਵਿਚ ਕਰੜੀ ਵਾਜੇ ਬੋਲਿਆ 'ਨਈਂ ਸਰਦਾਰ ਸਾਹਿਬ ਤੁਸੀਂ ਰਾਮ ਕਰੋ। ਪਿੰਡ ਫ਼ਿਕਰ ਕਰਦੇ ਹੋਣਗੇ-ਰੁਕ ਕੇ ਮੈਂ ਕੀ ਕਰਨੈਂ? ਤੂੰ ਆਪਣੀ ਗੱਡੀ ਰੇੜ੍ਹ... ਮੈਂ ਚੱਲਦਾਂ...।'[28]

ਮਾਮਾ ਕਿਸੇ ਪ੍ਰਕਾਰ ਦੀ ਗੱਲ ਕਰਨ ਦੇ ਮੂਡ ਵਿੱਚ ਨਹੀਂ ਸੀ। ਉਸਦੇ ਚਿਹਰੇ 'ਤੇ ਗ਼ਮ ਦੀ ਡੂੰਘੀ ਭਾਹ ਸੀ। ਉਸਦੀਆਂ ਅੱਖਾਂ ਵਿੱਚ 'ਅਸਹਿ ਹਤਕ' ਦਾ ਪਰਛਾਵਾਂ ਸੀ। 'ਕੰਬਲੀ ਦੀ ਬੁੱਕਲ ਨੂੰ ਹੋਰ ਘੁੱਟਦਾ ਸੰਵਾਰਦਾ ਛਿਪਣ ਹੋ ਗਿਆ।' ਇਹ ਵਾਕ ਵੀ ਆਪਣੇ ਗੁਆਚੇ ਅਸਤਿਤਵ ਨੂੰ ਮੁੜ ਸੰਭਾਲਣ ਦੇ ਯਤਨ ਦਾ ਚਿੰਨ੍ਹ ਹੈ।

ਇਨ੍ਹਾਂ ਸਾਰੀਆਂ ਘਟਨਾਵਾਂ ਦੇ, ਤ੍ਰਿਕਾਲਾਂ ਤੋਂ ਵੱਡੇ ਤੜਕੇ ਤੱਕ, ਵਾਪਰਨ ਦਾ ਅਸਤਿਤਵੀ ਵਿਸ਼ਲੇਸ਼ਣ (Existential Analysis) ਕਰਨਾ ਬਣਦਾ ਹੈ :

'ਪਿੱਛੇ-ਪਿੱਛੇ ਆਉਂਦਾ ਗਰੇਵਾਲ ਪਤਾ ਨਹੀਂ ਕਿਉਂ ਨਾ ਆਵਾਜ਼ ਮਾਰ ਸਕਿਆ, ਤੇ ਨਾ ਅੱਗੋਂ ਹੋ ਕੇ ਬਾਹੋਂ ਪਕੜ ਰੁੱਸੇ ਜਾਂਦੇ ਮਾਮੇ ਨੂੰ ਰੋਕ ਮਨਾ ਸਕਿਆ। ਉਸਦਾ ਉੱਠਿਆ ਹੱਥ ਬਿਨ ਸੈਨਤ ਮੁੜ ਆਇਆ... ਖੁਲ੍ਹਿਆ ਮੂੰਹ ਬੇਸ਼ਬਦ ਰਿਹਾ ਤੇ ਮਾਮਾ ਤੁਰ ਗਿਆ।'

ਇਹ 'ਪਤਾ ਨਹੀਂ ਕਿਉਂ' ਦਾ ਅਸਤਿਤਵਵਾਦੀ ਵਿਸ਼ਲੇਸ਼ਣ ਇੰਜ ਹੋ

ਸਕਦਾ ਹੈ। ਇਸ ਵਾਕੰਸ਼ ਨੂੰ ਡੀ.ਕੋਡ ਕੀਤਿਆਂ ਹੇਠ ਲਿਖੇ ਕਾਰਨ ਸਮਝ ਵਿਚ ਪੈਂਦੇ ਹਨ :

(ੳ) ਮਹਿਤਾ ਦਾ ਕਹਿਣਾ : ਮੰਨ ਲੈ ਸੋਧਤਾ ਅਗਲਿਆਂ... ਤੂੰ ਕਰੇਂ ਪਿੱਛਾ ਬਖ਼ਸ਼ਣਗੇ... ਤੂੰ ਸਰਕਾਰੀ ਬੰਦਾ ਏਂ।

(ਅ) ਪਤਨੀ ਦੀ ਪੈਸਿਵ ਵਾਇਲੈਂਸ (Passive Violence) (ਚੁਭਵਾਂ ਅਪਮਾਨ)

'ਆਏ ਵਿਲ ਸੀ ਯੂ, ਡਾਂਟ ਬਾਦਰ?

ਇਉਂ ਮਨ ਹੀ ਮਨ ਵਿਚ ਗਰੇਵਾਲ ਨੂੰ ਜਾਨ ਦਾ ਖ਼ਤਰਾ, ਸਰਕਾਰੀ ਨੌਕਰੀ ਨੂੰ ਖ਼ਤਰਾ ਅਤੇ ਪਤਨੀ ਦੀ ਘਰੇਲੂ ਹਿੰਸਾ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਕਥਾਕਾਰ ਦੀ ਖ਼ੂਬੀ ਇਹ ਹੈ ਕਿ ਉਹ ਇਨ੍ਹਾਂ ਕਾਰਨਾਂ ਨੂੰ ਕਹਿੰਦਾ ਨਹੀਂ, ਵਿਖਾਉਂਦਾ ਹੈ। ਪਾਠਕ ਦੇ ਚਿੰਤਨ ਲਈ ਅਣ ਕਿਹਾ (Unsaid) ਛੱਡਦਾ ਹੈ। ਫ਼ਰਾਂਸਿਸੀ ਚਿੰਤਕ ਜਕ ਦੈਰਿਦਾ (Jacques Derrida) 'ਅਣਕਹੇ' ਨੂੰ 'ਕਹੇ' ਦਾ ਭਾਗ ਮੰਨਦਾ ਹੈ। **ਇਨ੍ਹਾਂ ਪਰਿਸਥਿਤੀਆਂ ਨੇ ਗਰੇਵਾਲ ਦੀ ਹੋਂਦ ਹੈ ਹੈਮਲਟਨੁਮਾ ਕਰਾਂ ਜਾਂ ਨਾ ਕਰਾਂ (To be or not to be) ਕਰ ਦਿੱਤੀ ਹੈ।** ਇਹੋ ਇਸ ਕਥਾ ਦਾ ਦੁਖਾਂਤ ਹੈ। ਪਾਤਰ ਨੂੰ ਖ਼ੁਦ ਇਸ ਦਾ ਜ਼ਿੰਮੇਵਾਰ (Character is destiny) ਬਣਾ ਦਿੱਤਾ ਹੈ।

ਅਸਤਿਤਵਵਾਦੀ ਚਿੰਤਕ ਪੌਲ ਟਿਲਿੱਕ (Paul Tillich) ਅਨੁਸਾਰ ਹਰ ਬੰਦੇ ਦੇ ਜੀਵਨ ਵਿੱਚ ਨਜਿੱਠਣ ਲਈ ਅਨੇਕਾਂ ਸਰੋਕਾਰ ਹੁੰਦੇ ਹਨ ਪਰ ਕਈ ਵਾਰ ਕੋਈ ਇੱਕ ਸਰੋਕਾਰ ਜ਼ਿਆਦਾ ਮਹੱਤਵ ਵਾਲਾ (Ultimate Concern) ਹੁੰਦਾ ਹੈ। ਅਜਿਹੇ ਮਹੱਤਵ ਵਾਲੇ ਸਰੋਕਾਰ ਨਾਲ਼ ਪਹਿਲ ਦੇ ਆਧਾਰ ਤੇ ਨਜਿੱਠਣਾ ਪੈਂਦਾ ਹੈ ਭਾਵੇਂ ਹੋਰ ਕਿੰਨੇ ਹੀ ਗੌਣ ਸਰੋਕਾਰ ਕਿਉਂ ਨਾ ਤਿਆਗਣੇ ਪੈਣ। ਪਰ ਗਰੇਵਾਲ ਸਾਹਿਬ ਤਾਂ ਪਤਨੀ ਦੀ ਧੌਂਸ ਹੇਠ ਮਹਿਤਾ ਦਾ ਡਿਨਰ ਠੁਕਰਾਉਣ ਦੀ ਹਿੰਮਤ ਵੀ ਨਹੀਂ ਕਰ ਸਕਿਆ। ਜੀਵਨ ਵਿੱਚ ਅਜਿਹੇ ਸਮੇਂ ਹੌਸਲੇ (Courage to be) ਦੀ ਲੋੜ ਹੁੰਦੀ ਹੈ। ਸੰਕਟ ਸਮੇਂ ਜੋ ਬੰਦਾ ਹੌਸਲਾ ਵਿਖਾਕੇ ਰਿਸਕ ਲੈਂਦਾ ਹੈ, ਭਾਵੇਂ ਉਹ ਸੰਘਰਸ਼ ਵਿਚ ਅਸਫ਼ਲ ਹੋ ਜਾਵੇ, ਉਸਨੂੰ ਮੁਆਫ਼ ਕੀਤਾ ਜਾ ਸਕਦਾ ਹੈ, ਸੰਘਰਸ਼ਹੀਣ ਨੂੰ ਨਹੀਂ, ਕਿਉਂਕਿ ਯਤਨ ਨਾ ਕਰਨ ਵਾਲ਼ੇ ਦੀ ਤਾਂ ਹੋਂਦ ਹੀ ਬੇਮਾਅਨਾ ਹੁੰਦੀ ਹੈ। ਪਰ ਹੌਸਲੇ ਜਾਂ ਰਿਸਕ ਲੈਣ ਦਾ ਗੁਣ ਕਥਾ-ਨਾਇਕ ਨਹੀਂ ਵਿਖਾ ਸਕਿਆ।

ਮੰਨਿਆ ਕਿ ਗਰੇਵਾਲ ਅਫ਼ਸਰ ਹੈ। ਆਪਣੀ ਫੈਕਟੀਸਿਟੀ ਨਾਲ਼ ਭਾਵੁਕ ਲਗਾਉ ਵੀ ਰੱਖਦਾ ਹੈ। ਸਹਾਇਤਾ ਕਰਨ ਦਾ ਫ਼ੈਸਲਾ ਵੀ ਕਰਦਾ ਹੈ। ਉਹ ਇਸ ਸੰਕਟ ਨੂੰ ਸਮਝਕੇ ਅਤੀ ਅਧਿਕ ਤਰਲੋਮੱਛੀ ਵੀ ਹੁੰਦਾ ਹੈ। ਅੰਤਾਂ ਦਾ

ਬੇਚੈਨ ਹੈ। ਇੱਥੋਂ ਤੱਕ ਕਿ ਨੀਂਦਰ ਵਿਚ ਵੀ ਬੇਚੈਨੀ ਮਹਿਸੂਸਦਾ ਹੈ ਪਰ ਕੀ ਛਟਪਟਾਉਣ ਨਾਲ਼ ਹੀ ਨਾਨਕਾ ਪਰਿਵਾਰ ਦੀ ਮਦਦ ਹੋ ਸਕਦੀ ਹੈ?

ਦਰਅਸਲ ਉਸ ਬੰਦੇ ਪਾਸ ਗਤੀਸ਼ੀਲ (Man in action) ਹੋਣ ਦੀ ਘਾਟ ਹੈ। ਰੰਨ-ਮੁਰੀਦ ਹੋਣਾ ਉਸਦੀ ਕਮਜ਼ੋਰੀ ਹੈ। ਉਸ ਨੂੰ ਮਹਿਤਾ ਦੇ ਡਿਨਰ ਤੇ ਜਾਣ ਦੀ ਲੋੜ ਨਹੀਂ ਸੀ। ਘਰੇ ਹੁੰਦਾ ਤਾਂ ਮਾਮੇ ਨਾਲ਼ ਹੋਰ ਦੁਖ-ਸੁਖ ਵੰਡਾਉਂਦਾ। ਘਰੇ ਹੁੰਦਾ ਤਾਂ ਡੀ.ਐਸ.ਪੀ. ਨਾਲ਼ ਦੁਬਾਰਾ ਗੱਲ ਕਰ ਸਕਦਾ ਸੀ। ਉਸ ਦੇ ਗੁਆਂਢ 'ਚ ਤਾਂ ਵੱਡੇ ਅਫ਼ਸਰਾਂ ਦੇ ਬੰਗਲਿਆਂ ਦੀ ਲੰਮੀ ਕਤਾਰ ਸੀ। ਘਰੇ ਹੁੰਦਾ ਤਾਂ ਕਿਸੇ ਹੋਰ ਵੱਡੇ ਅਫ਼ਸਰ ਨਾਲ਼ ਵੀ ਗੱਲ ਕਰ ਸਕਦਾ ਸੀ। ਕਿਸੇ ਹੋਰ ਨਾਲ਼ ਸੰਪਰਕ ਕਰਨ ਦੇ ਅਵਸਰ ਨੂੰ ਉਹ ਡਿਨਰ ਦੀ ਭੇਟ ਚੜ੍ਹਾ ਗਿਆ। ਇਹੋ ਕਥਾ-ਨਾਇਕ ਦੀ ਕਾਰਜੀ ਭੁੱਲ (act of omission) ਹੈ।

ਵੱਡਾ ਅਫ਼ਸਰ ਹੋਣਾ ਅਸਤਿਤਵ ਨਹੀਂ ਹੁੰਦਾ। ਡਾਲਰ ਜਾਂ ਪੌਂਡ ਅਸਤਿਤਵ ਨਹੀਂ ਬਣਾਉਂਦੇ। ਵੱਡੇ ਘਰ ਸ਼ਾਦੀ ਹੋਣਾ ਅਸਤਿਤਵ ਨਹੀਂ ਹੁੰਦਾ। ਅਸਤਿਤਵ ਤਾਂ ਬੰਦੇ ਦਾ 'ਬੰਦਾ' ਹੋਣਾ ਹੈ। ਮਾਮਾ ਬਿਨਾਂ ਅਫ਼ਸਰੀ ਦੇ ਪ੍ਰਮਾਣਿਕ ਅਸਤਿਤਵ ਦਾ ਪ੍ਰਗਟਾਵਾ ਕਰ ਗਿਆ ਹੈ। ਮਾਮੇ ਦਾ ਉਸਨੂੰ 'ਸਰਦਾਰ ਸਾਹਿਬ' ਕਹਿਕੇ ਉਸਦੇ ਘਰੋਂ ਬਾਹਰ ਹੋਣਾ ਉਸ ਦੀ ਅਫ਼ਸਰੀ ਦੇ ਮੂੰਹ 'ਤੇ ਚਪੇੜ ਨਹੀਂ ਤਾਂ ਹੋਰ ਕੀ ਹੈ? ਪਰ ਕਥਾਕਾਰ ਨੇ ਤਾਂ ਜੀਵਨ ਦੀ ਇੱਕ ਯਥਾਰਥਕ ਝਲਕ ਪੇਸ਼ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ।

ਕਹਾਣੀ ਦੇ ਅੰਤ ਤੇ ਨਾਇਕ ਸ਼ੀਜ਼ੋਫ਼ਰੇਨਿਆ (Schizophrenia) ਦੀ ਅਵਸਥਾ ਵਿੱਚ ਹੈ ਅਤੇ ਮਹਿਸੂਸ ਕਰਦਾ ਹੈ ਜਿਵੇਂ ਉਸਦਾ ਵੀ ਉਧਾਲਾ ਹੋ ਗਿਆ ਹੈ। ਇੰਜ ਉਹ ਵਿਅਕਤਿਤਵ-ਵੰਚਿਤ (depersonalize) ਹੋ ਜਾਂਦਾ ਹੈ। ਇਸ ਦਸ਼ਾ ਵਿੱਚ ਹੀ ਉਸ ਦੇ ਬੋਲ ਹਨ :

'ਮੈਂ... ਮੈਂ... ਲਾਡੀ ਨੂੰ ਕਿਵੇਂ ਲੱਭ ਸਕਨਾਂ ਵਾਂ ਮਾਮਾ! ਮੈਂ ਤਾਂ ਆਪ... ਮੈਂ ਤਾਂ ...ਜੇ ਹੋ ਸਕਿਆ ਤਾਂ ਮੈਨੂੰ ਵੀ ਲੱਭੀਂ... ਮਾਮਾ!"[29]

ਨਤੀਜੇ ਵਜੋਂ ਕਿਹਾ ਜਾ ਸਕਦਾ ਹੈ ਕਿ ਭੂਪਿੰਦਰ ਸਿੰਘ ਗਰੇਵਾਲ ਦੇ ਮੁਕਾਬਲੇ ਮਾਮੇ ਬਚਨ ਸਿੰਘ ਦਾ ਅਸਤਿਤਵ ਪ੍ਰਮਾਣਿਕ ਹੈ। ਅਸਤਿਤਵਵਾਦ ਮਾਨਵਵਾਦ ਹੈ (Existentialism is humanism) ਇਸ ਦ੍ਰਿਸ਼ਟੀ ਤੋਂ ਰਾਜਵਿੰਦਰ ਕੌਰ ਰੋਜ਼ੀ ਦਾ ਵਿਵਹਾਰ ਅਮਾਨਵੀ ਹੋਣ ਕਾਰਨ ਉਸਦਾ ਅਸਤਿਤਵ ਅਪ੍ਰਮਾਣਿਕ (Inauthentic) ਹੈ।

ਹਵਾਲੇ ਅਤੇ ਟਿੱਪਣੀਆਂ

### ਅਧਿਆਇ ਪਹਿਲਾ

## ਅਸਤਿਤਵਵਾਦ ਦੀ ਸਮਝ

1. Macquarrie John, 'Existentialism', New York, Pelicon Books, 1978, P- 14
2. Sartre Jean Paul, Existentialism and Human Emotions (Trans. By Bernard Frechman and Hazel Barnes, New York, Citedel Press, 1977, P-14)
3. Op. Cit
4. Op. Cit, P-15
5. Allen E.L., Existentialism From within, Routledge & Kegan Paul Ltd, 1953, P-290
6. La Capra Dominick, A Preface to Sartre, Methuen & Co.Ltd, 1979, P-24
7. ਸ਼ੇਖ ਫ਼ਰੀਦ, ਜੀਵਨੀ ਤੇ ਰਚਨਾ, ਤਾਰਨ ਸਿੰਘ, ਬਲਬੀਰ ਕੌਰ, ਪੰਜਾਬੀ ਯੂਨੀਵਰਸਿਟੀ ਪਟਿਆਲਾ 1973, ਮੂਲਪਾਠ, ਸ਼ਲੋਕ 99.
8. ਉਹੀ, ਸ਼ਲੋਕ 48
9. ਉਹੀ, ਸ਼ਲੋਕ, 61
10. The Tribune, 16-04-2014

### ਅਧਿਆਇ ਦੂਜਾ

## ਅਸਤਿਤਵਵਾਦੀ ਚਿੰਤਕਾਂ ਦੇ ਮੁੱਖ ਸੰਕਲਪ

## (ੳ) ਆਸਤਿਕ ਅਸਤਿਤਵਵਾਦੀ

## (Thiest Existentialists)

1. Soren Kierkegaard by Peter Rohde (Tr. By Alan Moray Williams- Life and his Philosophy) George Allen & Unwin Ltd. London, 1963 Concluding Unscientific Postscript (Tr)

David Swenson, Princeton University Press, 1941. (Concepts Given on the basis of these books.)

2. Martin Buber, Will Herberg 'Four Existential Theologians' Double Day Anchor Books, New York, 1958 (Concepts Based on the Study of pages from 154 to 229)
3. JACQUES MARITAIN Op. Cit, Pages 27 to 96
4. Gabriel Marcel

   Concepts Based on H.J. Blackham's Book Six Existential Thinkers, P 66-85.
5. NICOLAS BERDYAEV Op. Cit Pages 99-152
6. PAUL TILLICH Op. Cit Pages 233-312
7. Rudolf Karl Bultmann John Macquarrie, An Existential Theology, Pelican Books, 1977 Pages 29-123, 127-237

(A Comparison of Heidegger and Bultmann)

## (ਅ) ਨਾਸਤਿਕ ਅਸਤਿਤਵਵਾਦੀ

## (Athiest Existentialists)

1. **Edmond Husserl**

   Concepts Based on Mary Warnock's Book 'Existentialism', Oxford University III 1979 Pages 23-45 and Systematic Theology by Paul Tillich P-118, Six Existential Thinkers by H.J. Blackham P-87 and Literary Theory From Plato to Barthes by Richard Harland P-201
2. **Friedrich Nietzsche**

   Concepts Based on W.H. Wright (Ed)'s Book The Philosophy of Nietzsche, the Modern Library, New York, 1954 and H.J. Blackham's Book Six Existential Thinkers From P 23-42
3. **Karl Jaspers**

   Concepts based on H.J. Blackham's Book Six Existential Thinkers- P 43-65 and Dr. Sonal K.Amin's book Karl Jaspers and Existentialsm, P 32-55, 236-251

**4. Martin Heidegger**

Concepts based on John Macquarrie's Book. An Existential Theology P 29—123, 127-234; H.J. Blackham's Book Six Existential Thinkers, P 86-109, Mary Warnock's Book Existentialsm P 46-70

**5. Maurice Merleau-Ponty**

Concepts Based on Mary Warnock's Book Existentialism P 71-91

**6. Jean Paul Sartre**

Concepts Based on Dominick La-Capra's A Preface to Sartre; H.J. Blackham's op. cit. Book P 110-148; Donald Palmer's Book, Sartre, Orient Longman, 2003; Being and Nothing (Tr.By Hazel E. Barnes) P 799-807; Existentialism and Human Emotions (Trans. Bernard Freshman and Hazel Barnes.)

## ਅਧਿਆਇ ਤੀਜਾ

## ਅਸਤਿਤਵਵਾਦੀ ਅਧਿਐਨ ਦਾ ਆਧਾਰ ਤੇ ਮਾਡਲ

1. Richard Harland, Literary Theory From Plato to Barthes, P 201
2. Ibid, P 203
3. Dominic La Capra, A Preface to Sartre, P 197
4. W.H. Wright, Philosophy of Nietzsche, Thus Spake Zarthustra, Ch. 25
5. The Tribune, Dated Nov 21, 2013
6. S.K. Sachdeva, Editorial, Competition Success Review, Dec, 2013
7. The Tribune, Dated, June 11, 2013
8. Encyclopaedia Britannica, Vol 15, P 257

9. The Tribune, September 28, 2013
10. Quoted by : Roger A Johnson, Introduction To Rudolf Bultmann, P-133

## ਅਧਿਆਇ ਚੌਥਾ

## ਬਾਣੀ ਸ਼ੇਖ਼ ਫ਼ਰੀਦ

1. ਸ਼ੇਖ਼ ਫ਼ਰੀਦ-ਜੀਵਨੀ ਤੇ ਰਚਨਾ, ਤਾਰਨ ਸਿੰਘ, ਬਲਬੀਰ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1973, ਸ਼ਲੋਕ 6
2. ਉਹੀ, ਸ਼ਲੋਕ 123
3. ਉਹੀ, 1
4. John Macquarrie, An Existential Theology, P 112
5. Op. Cit
6. Op. Cit
7. ਸ਼ੇਖ਼ ਫ਼ਰੀਦ, ਉਹੀ, ਸ਼ਲੋਕ 93
8. ਸ਼ੇਖ਼ ਫ਼ਰੀਦ, ਉਹੀ, ਸ਼ਲੋਕ 36
9. John Macquarrie, Op. Cit, P 84
10. ਸ਼ੇਖ਼ ਫ਼ਰੀਦ, ਉਹੀ, ਸ਼ਲੋਕ 95
11. ਉਹੀ, ਰਾਗ ਆਸਾ
12. ਉਹੀ ਰਾਗ ਸੂਹੀ
13. ਉਹੀ, ਸ਼ਲੋਕ, 124
14. ਸ਼ੇਖ਼ ਫ਼ਰੀਦ, ਉਹੀ, ਰਾਗ ਸੂਹੀ
15. ਉਹੀ, ਸ਼ਲੋਕ 35
16. ਉਹੀ, ਸ਼ਲੋਕ 24
17. ਉਹੀ, ਸ਼ਲੋਕ, 25

## ਅਧਿਆਇ ਪੰਜਵਾਂ

## ਜਪੁਜੀ ਸਾਹਿਬ

1. John Macquarrie, An Existential Theology, P. 211
2. Ibid

3. ਜਪੁਜੀ, ਪਉੜੀ 20
4. Nietzsche, Thus spake Zarthustra, ch.14
5. ਉਹੀ, ਪਉੜੀ 24
6. ਉਹੀ
7. ਉਹੀ, ਪਉੜੀ, 32
8. ਉਹੀ, ਪਉੜੀ, 34
9. ਉਹੀ, ਪਉੜੀ, 37
10. ਉਹੀ, ਪਉੜੀ, 38
11. John Macquarrie, OP. cit, P.55
12. OP. cit, P.97
13. OP. cit, P.122

## ਅਧਿਆਇ ਛੇਵਾਂ

# ਹੀਰ ਵਾਰਿਸ

1. ਸ਼ਾਹ ਚਮਨ (ਸੰ.), ਹੀਰ ਵਾਰਿਸ, ਚੇਤਨਾ ਪ੍ਰਕਾਸ਼ਨ, 2007, ਪੰਨਾ.32
2. ਉਹੀ, ਪੰ. 33
3. ਉਹੀ, ਪੰ. 46
4. John Macquarrie, An Existential Theology, P. 135
5. ਸ਼ਾਹ ਚਮਨ (ਸੰ.), ਉਹੀ, ਪੰ. 54
6. ਉਹੀ, ਪੰ. 61
7. ਉਹੀ, ਪੰ. 63
8. ਉਹੀ
9. ਉਹੀ, ਪੰ. 69
10. ਉਹੀ, ਪੰ. 71
11. John Macquarrie, Op. cit, P.182
12. ਸ਼ਾਹ ਚਮਨ (ਸੰ.), ਉਹੀ, ਪੰ. 78
13. ਉਹੀ, ਪੰ. 82
14. John Macquarrie, Op. cit, P.150
15. ਸ਼ਾਹ ਚਮਨ (ਸੰ.), ਉਹੀ, ਪੰ. 88
16. ਉਹੀ, ਪੰ. 98

17. ਉਹੀ
18. ਉਹੀ, ਪੰ.99
19. ਉਹੀ, ਪੰ. 103
20. ਉਹੀ, ਪੰ. 110
21. ਉਹੀ, ਪੰ. 111
22. ਉਹੀ, ਪੰ. 174
23. ਉਹੀ, ਪੰ. 198
24. ਉਹੀ
25. John Mazquarrie, An Existential Theology, P. 157
26. ਸ਼ਾਹ ਚਮਨ (ਸੰ.), ਉਹੀ, ਪੰ. 215

## ਅਧਿਆਇ ਸੱਤਵਾਂ

## ਸੱਸੀ ਹਾਸ਼ਮ

1. ਹਰਨਾਮ ਸਿੰਘ ਸ਼ਾਨ (ਸੰ.) ਸੱਸੀ ਹਾਸ਼ਮ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, ਸੰਸਕਰਨ ਪਹਿਲਾ, 1956, ਪੰ. 31
2. John Macquarrie, An Existential Theology, P. 133
3. ਹਰਨਾਮ ਸਿੰਘ ਸ਼ਾਨ (ਸੰ.) ਉਹੀ, ਮੂਲਪਾਠ, ਪੰ. 105
4. Martin Heidegger, quoted by J.M, Op. cit, P.48
5. ਹਰਨਾਮ ਸਿੰਘ ਸ਼ਾਨ (ਸੰ.) ਉਹੀ, ਮੂਲਪਾਠ, ਪੰ. 151
6. ਉਹੀ, ਪੰ. 156
7. ਉਹੀ, ਪੰ. 162
8. ਉਹੀ, ਪੰ. 166
9. ਉਹੀ, ਪੰ. 170
10. ਉਹੀ, ਪੰ. 173
11. ਉਹੀ, ਪੰ. 177
12. Friedrich Nietzsche, Thus Spake Zarthustra Ch. 39

## ਅਧਿਆਇ ਅੱਠਵਾਂ

## ਜੰਗਨਾਮਾ ਸ਼ਾਹ ਮੁਹੰਮਦ

1. W.H. Wright- (Ed), The Philosophy of Nietzsche,

Mrs. Forster Nietzsche, Introduction to Thus Spake Zarthustra.
2. OP. cit, P.6
3. ਸੀਤਾ ਰਾਮ ਕੋਹਲੀ (ਪ੍ਰੋ:), ਸੇਵਾ ਸਿੰਘ ਗਿਆਨੀ (ਪ੍ਰੋ:), ਵਾਰ ਸ਼ਾਹਮੁਹੰਮਦ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, IV, 1972, ਪੰ. 20
4. ਉਹੀ, ਮੂਲਪਾਠ, ਬੰਦ ਨੰ: 5
5. ਉਹੀ, ਬੰਦ ਨੰ: 7
6. ਉਹੀ
7. ਉਹੀ, ਬੰਦ ਨੰ: 15
8. ਉਹੀ, ਬੰਦ ਨੰ: 41
9. ਉਹੀ, ਬੰਦ ਨੰ: 46
10. ਉਹੀ, ਬੰਦ ਨੰ: 91
11. ਉਹੀ, ਬੰਦ ਨੰ: 75
12. ਉਹੀ, ਬੰਦ ਨੰ: 54
13. ਉਹੀ, ਬੰਦ ਨੰ: 93
14. ਉਹੀ, ਬੰਦ ਨੰ: 95
15. ਉਹੀ, ਬੰਦ ਨੰ: 100
16. ਉਹੀ, ਬੰਦ ਨੰ: 102

### ਅਧਿਆਇ ਨੌਵਾਂ

## ਲੂਣਾ

1. ਸ਼ਿਵ ਕੁਮਾਰ, ਲੂਣਾ, ਲਾਹੌਰ ਬੁੱਕ ਸ਼ਾਪ ਲੁਧਿਆਣਾ, 1994, ਪੰ. 22
2. ਉਹੀ, ਪੰ. 24
3. ਉਹੀ, ਪੰ. 36
4. ਉਹੀ, ਪੰ. 61
5. Simone de Beauvoir, The Second sex, Wikipedia, the free encyclopedia P. 466
6. H.J Blackham, Six Existential Thinkers, Op. cit, P.76
7. ਸ਼ਿਵ ਕੁਮਾਰ, ਉਹੀ, ਪੰ. 98
8. Simone de Beauvoir, , Op. cit, P.151

9. W.H. Wright, The Philosophy of Nietzsche, (Thus Spake Zarathustra) Ch. 40
10. Ibid. P. 95
11. ਸ਼ਿਵ ਕੁਮਾਰ, ਉਹੀ, ਪੰ. 127
12. ਉਹੀ, ਪੰ. 128
13. Donald Palmer, Sartre, P. 97
14. ਸ਼ਿਵ ਕੁਮਾਰ, ਉਹੀ, ਪੰ. 146
15. ਉਹੀ, ਪੰ. 147
16. ਉਹੀ, ਪੰ. 153
17. ਉਹੀ, ਪੰ. 154
18. ਉਹੀ, ਪੰ. 156
19. Simone de Beauvoir, Op. cit, P. 485
20. ਸ਼ਿਵ ਕੁਮਾਰ, ਉਹੀ ਪੰ. 186
21. ਉਹੀ, ਪੰ. 187
22. ਉਹੀ, ਪੰ. 210
23. ਉਹੀ, ਪੰ. 214
24. ਉਹੀ

## ਅਧਿਆਇ ਦਸਵਾਂ

## ਖ਼ਾਨਾਬਦੋਸ਼

1. ਅਜੀਤ ਕੌਰ, ਖ਼ਾਨਾਬਦੋਸ਼, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1999, ਪੰ. 71
2. ਉਹੀ, ਪੰ. 75
3. ਉਹੀ, ਪੰ. 76
4. ਉਹੀ, ਪੰ. 82
5. ਉਹੀ, ਪੰ. 85
6. ਉਹੀ, ਪੰ. 86
7. ਉਹੀ, ਪੰ. 94
8. ਉਹੀ, ਪੰ. 95
9. ਉਹੀ

10. ਉਹੀ, ਪੰ. 105
11. ਉਹੀ
12. ਉਹੀ, ਪੰ. 88
13. ਉਹੀ, ਪੰ. 109
14. ਉਹੀ, ਪੰ. 131
15. Four Existential Theologians (Nicolas Berdyaev) P. 119
16. ਅਜੀਤ ਕੌਰ, ਖ਼ਾਨਾਬਦੋਸ਼, ਪੰ. 135
17. ਉਹੀ, ਪੰ. 67
18. ਉਹੀ, ਪੰ. 108
19. ਉਹੀ, ਪੰ. 162
20. ਉਹੀ, ਪੰ. 166
21. Donald Palmer, Sartre, P. 82
22. ਅਜੀਤ ਕੌਰ, ਉਹੀ, ਪੰ. 174
23. ਉਹੀ, ਪੰ. 182
24. ਉਹੀ
25. ਉਹੀ
26. ਉਹੀ, ਪੰ. 188
27. ਉਹੀ, ਪੰ. 200
28. ਉਹੀ, ਪੰ. 209
29. ਉਹੀ, ਪੰ. 210
30. ਉਹੀ, ਪੰ. 217
31. ਉਹੀ, ਪੰ. 219
32. ਉਹੀ, ਪੰ. 222
33. ਉਹੀ, ਪੰ. 223
34. The Tribune, dated 9.11.2013
35. Www. Spark notes.Com/Lit/Second Sex/themes.htm/3/4
36. En Wikipedia org/wiki/The Second Sex 4/11
37. ਅਜੀਤ ਕੌਰ, ਉਹੀ, ਪੰ. 13
38. ਉਹੀ, ਪੰ. 18
39. ਉਹੀ, ਪੰ. 21
40. ਉਹੀ, ਪੰ. 46

41. ਉਹੀ, ਪੰ. 49
42. ਉਹੀ
43. ਉਹੀ, 204
44. ਉਹੀ, ਪੰ. 57
45. ਉਹੀ, ਪੰ. 60
46. ਉਹੀ
47. John Macquarrie, An Existential Theology, P. 135

ਅਧਿਆਇ ਗਿਆਰਵਾਂ

## ਅਮਲ ਜਿ ਕੀਤੇ ਦੁਨੀ ਵਿਚਿ

1. ਰਤਨ ਸਿੰਘ ਜੱਗੀ (ਡਾ.), ਅਮਲ ਜਿ ਕੀਤੇ ਦੁਨੀ ਵਿਚਿ, ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰ. 87.
2. H.J Blackham, Six Existential Thinkers, (Sartre) P. 129
3. ਰਤਨ ਸਿੰਘ ਜੱਗੀ (ਡਾ.), ਉਹੀ ਪੰ. 92
4. ਉਹੀ, ਪੰ. 93
5. ਉਹੀ, ਪੰ. 80
6. Donald Palmer, Sartre, P. 89
7. ਰਤਨ ਸਿੰਘ ਜੱਗੀ (ਡਾ.), ਉਹੀ ਪੰ. 190
8. Dominick la Capra, A Preface to Sartre; Methuen & Co. Ltd, London, 1979, P. 187
9. ਰਤਨ ਸਿੰਘ ਜੱਗੀ (ਡਾ.), ਉਹੀ ਪੰ. 157
10. Dominick La Capra, Op. cit.
11. ਡਾ. ਰਤਨ ਸਿੰਘ ਜੱਗੀ (ਡਾ.), ਉਹੀ ਪੰ. 217
12. ਉਹੀ, ਪੰ. 194
13. ਉਹੀ, ਪੰ. 190
14. ਉਹੀ, ਪੰ. 54
15. ਉਹੀ, ਪੰ. 62
16. ਉਹੀ, ਪੰ. 70
17. ਉਹੀ, ਪੰ. 77
18. ਉਹੀ, ਪੰ. 177

19. ਉਹੀ, ਪੰ. 182
20. ਉਹੀ, ਪੰ. 91
21. ਉਹੀ, ਪੰ. 70

### ਅਧਿਆਇ ਬਾਰਵਾਂ

## ਯੁੱਧ ਨਾਦ

1. ਮਨਮੋਹਨ ਬਾਵਾ, ਯੁੱਧ ਨਾਦ (ਨਾਵਲ) ਲੋਕਗੀਤ ਪ੍ਰਕਾਸ਼ਨ, 2013, ਪੰ. 86
2. W.H. Wright, The Philosophy of Nietzsche, The Modern Library, Newyork, 1954 (Mrs. Forster Nietzsche's In troduction to Thus Spake Zarthustra) X X
3. Ibid
4. ਮਨਮੋਹਨ ਬਾਵਾ, ਯੁੱਧ ਨਾਦ, ਪੰ. 35
5. ਉਹੀ, ਪੰ. 184
6. ਉਹੀ, ਪੰ. 185
7. ਉਹੀ
8. ਉਹੀ, 186
9. ਉਹੀ, ਪੰ. 189
10. Thus Spake Zarthustra, Ch. 56
11. ਮਨਮੋਹਨ ਬਾਵਾ, ਉਹੀ, 189
12. ਉਹੀ
13. ਉਹੀ, 190
14. ਉਹੀ, 191
15. John Macquarrie, An Existential Theology, P. 55
16. ਮਨਮੋਹਨ ਬਾਵਾ, ਉਹੀ, ਪੰ. 74
17. ਉਹੀ, ਪੰ. 100-101
18. ਉਹੀ, ਪੰ. 102
19. ਉਹੀ, ਪੰ. 103
20. ਉਹੀ, ਪੰ. 109
21. Thus Spake Zarthustra, Ch. 12

22. ਮਨਮੋਹਨ ਬਾਵਾ, ਉਹੀ, ਪੰ. 124
23. ਉਹੀ, ਪੰ. 129
24. ਉਹੀ, ਪੰਨਾ 174
25. Thus Spake Zarthustra, Ch. 4

### ਅਧਿਆਇ ਤੇਰਵਾਂ

## ਟਾਵਾਂ ਟਾਵਾਂ ਤਾਰਾ

1. ਮੁਹੰਮਦ ਮਨਸ਼ਾ ਯਾਦ, ਟਾਵਾਂ ਟਾਵਾਂ ਤਾਰਾ (ਨਾਵਲ), (ਲਿਪੀਆਂਤਰ ਤੇ ਸੰਪਾਦਨ), ਜਤਿੰਦਰਪਾਲ ਸਿੰਘ ਜੌਲੀ- ਜਗਜੀਤ ਕੌਰ ਜੌਲੀ; ਲੋਕਗੀਤ ਪ੍ਰਕਾਸ਼ਨ 2007, ਪੰਨਾ 242
2. ਉਹੀ, ਪੰ. 174
3. ਉਹੀ, ਪੰ. 68
4. ਉਹੀ, ਪੰ. 172
5. ਉਹੀ, ਪੰ. 193
6. ਉਹੀ, ਪੰ. 454
7. ਉਹੀ
8. ਉਹੀ, ਪੰ. 452
9. ਉਹੀ, ਪੰ. 453
10. Sartre Jean Paul, Being and Nothing (Tr.) Hazel Barnes, Washington Square Press, Newyork, 1992, P. 784
11. ਮੁਹੰਮਦ ਮਨਸ਼ਾ ਯਾਦ, ਉਹੀ, ਪੰਨਾ 52
12. ਉਹੀ
13. ਉਹੀ
14. ਉਹੀ
15. ਉਹੀ, ਪੰ. 61
16. ਉਹੀ
17. ਉਹੀ, ਪੰ. 67
18. ਉਹੀ, ਪੰ. 68
19. ਉਹੀ, ਪੰ. 81
20. ਉਹੀ, ਪੰ. 438

21. ਉਹੀ, ਪੰ. 441
22. ਉਹੀ, ਪੰ. 81
23. ਉਹੀ, ਪੰ. 82
24. ਉਹੀ
25. ਉਹੀ, ਪੰ. 207
26. ਉਹੀ, ਪੰ. 408
27. ਉਹੀ, ਪੰ. 402
28. ਉਹੀ, ਪੰ. 385
29. ਉਹੀ, ਪੰ. 349
30. Www. good reads. Computer/Quotes/5548/Simone de Beauvoir
31. ਉਹੀ, ਪੰ. 222
32. The Tribune Dated 21-9-2013
33. ਮੁਹੰਮਦ ਮਨਸ਼ਾ ਯਾਦ, ਉਹੀ, ਪੰਨਾ 294
34. The Tribune Dated 11-6-2013
35. ਮੁਹੰਮਦ ਮਨਸ਼ਾ ਯਾਦ, ਉਹੀ, ਪੰਨਾ 148
36. ਉਹੀ, ਪੰ. 129
37. ਉਹੀ, ਪੰ. 155
38. ਉਹੀ, ਪੰ. 156
39. ਉਹੀ, ਪੰ. 157
40. ਉਹੀ, ਪੰ. 159
41. ਉਹੀ, ਪੰ. 194
42. ਉਹੀ
43. ਉਹੀ। 194
44. ਉਹੀ
45. ਉਹੀ, ਪੰ. 200
46. ਉਹੀ, ਪੰ. 324
47. ਉਹੀ, ਪੰ. 425
48. John Macquarrie, An Existential Theology, P. 134
49. ਮੁਹੰਮਦ ਮਨਸ਼ਾ ਯਾਦ, ਉਹੀ, ਪੰਨਾ 372
50. John Macquarrie, Op. Cit, P.72

ਅਧਿਆਇ ਚੌਦਵਾਂ

## ਮੁਸੱਲੀ


1. ਮੇਜਰ ਇਸਹਾਕ ਮੁਹੰਮਦ, ਮੁਸੱਲੀ (ਡਰਾਮਾ), ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, II, 2012, ਪੰ. 49
2. ਉਹੀ, ਪੰ. 50
3. ਉਹੀ, ਪੰ. 55
4. ਉਹੀ, ਪੰ. 56
5. ਉਹੀ
6. ਉਹੀ, ਪੰ. 60
7. ਉਹੀ, ਪੰ. 61
8. W.H. Wright, (Ed) Philosophy of Nietzsche, (Thus Spake Zarathustra) The Modern Library, Newyork, 1954 Ch. 34
9. ਮੇਜਰ ਇਸਹਾਕ ਮੁਹੰਮਦ, ਉਹੀ, ਪੰਨਾ 63
10. Simon de Beauvoir Quotes (Author of the Second Sex) Www. goodreads.com/Author/quotes /5548 Simon de Beauvoir 4/4
11. ਮੇਜਰ ਇਸਹਾਕ ਮੁਹੰਮਦ, ਉਹੀ, ਪੰਨਾ 75
12. ਉਹੀ, ਪੰ. 81
13. John Macquarrie, An Existential Theology, P. 66
14. Ibid. P. 136
15. Ibid. P. 137
16. Encyclopaedia Brittanica; Vol. 19, 1969
17. Simon de Beauvoir, Op. cit, P. 3/4
18. ਮੇਜਰ ਇਸਹਾਕ ਮੁਹੰਮਦ, ਉਹੀ, ਪੰਨਾ 101
19. ਉਹੀ, ਪੰ. 102
20. ਉਹੀ, ਪੰ. 103
21. Sartre, Existentialism and Human Emotions (Tr.) Bernard Frechman et.al, N.Y.1977, P 18.

ਅਧਿਆਇ ਪੰਦਰਵਾਂ

## ਬੁੱਤ ਸ਼ਿਕਨ


1. ਇੰਦਰ ਸਿੰਘ ਖਾਮੋਸ਼, ਬੁੱਤ ਸ਼ਿਕਨ (ਨਾਵਲ), ਸੰਗਮ ਪਬਲੀਕੇਸ਼ਨਜ਼ ਸਮਾਣਾ 2013, ਪੰ. 186
2. ਉਹੀ, ਪੰ. 185
3. ਉਹੀ, ਪੰ. 94
4. ਉਹੀ, ਪੰ. 224
5. ਉਹੀ ਭੂਮਿਕਾ
6. ਉਹੀ, ਪੰ. 49
7. ਉਹੀ
8. ਉਹੀ, ਪੰ. 162
9. ਉਹੀ, ਪੰ. 153
10. ਉਹੀ, ਪੰ. 156
11. ਬਾਣੀ ਸ਼ੇਖ਼ ਫ਼ਰੀਦ, ਸ਼ਲੋਕ, 42
12. ਇੰਦਰ ਸਿੰਘ ਖ਼ਾਮੋਸ਼, ਉਹੀ, 129
13. ਉਹੀ, ਪੰ. 136
14. Donald Palmer, Sartre, P. 97
15. ਉਹੀ, ਪੰ. 133
16. ਉਹੀ
17. ਉਹੀ, ਪੰ. 86
18. ਉਹੀ, ਪੰ. 43
19. John Macquarrie, An Existential Theology, P. 128


ਅਧਿਆਇ ਸੋਲਵਾਂ

## ਬਿਰਖ਼ ਅਰਜ਼ ਕਰੇ


1. ਸੁਰਜੀਤ ਪਾਤਰ, ਬਿਰਖ ਅਰਜ਼ ਕਰੇ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1996, ਪੰ. 15
2. ਉਹੀ, ਭੂਮਿਕਾ
3. ਉਹੀ, ਪੰ. 59
4. ਉਹੀ, ਪੰ. 23

5. ਉਹੀ, ਪੰ. 27
6. ਉਹੀ, ਪੰ. 54
7. ਉਹੀ, ਪੰ. 63
8. ਉਹੀ, ਪੰ. 44
9. ਉਹੀ, ਪੰ. 51
10. ਉਹੀ, ਪੰ. 71
11. N.K. Sharma, Existential Concerns of Robert Frost, Ess Ess Publishers, Chandigarh, 1995, P. 97
12. ਸੁਰਜੀਤ ਪਾਤਰ, ਉਹੀ, ਪੰ. 67
13. Friedrich Nietzsche, Thus Spake Zarthustra Ch. 34
14. ਸੁਰਜੀਤ ਪਾਤਰ, ਉਹੀ, ਪੰ. 67
15. ਉਹੀ, ਪੰ. 49
16. ਉਹੀ, ਪੰ. 41
17. ਉਹੀ, ਪੰ. 68
18. ਉਹੀ, ਪੰ. 58
19. John Macquarrie, An Existential Theology, P. 112
20. ਸੁਰਜੀਤ ਪਾਤਰ, ਉਹੀ, ਪੰ. 50
21. ਉਹੀ, ਪੰ. 47
22. ਉਹੀ, ਪੰ. 90
23. ਉਹੀ, ਪੰ. 79
24. ਉਹੀ, ਪੰ. 93
25. J.N. Mundra, A History of English literature, Prakash Book Depot, Bareilly, Ed-III, vol-II, P.75
26. ਸੁਰਜੀਤ ਪਾਤਰ, ਉਹੀ, ਪੰ. 79
27. N.K. Sharma, Ibid, P.82
28. H.J. Blackham, Six Existentialism Thinkers, P. 135
29. ਸੁਰਜੀਤ ਪਾਤਰ, ਉਹੀ, ਪੰ. 13
30. ਉਹੀ, ਪੰ. 14
31. ਉਹੀ, ਪੰ. 18
32. ਉਹੀ
33. ਉਹੀ

34. The Tribune Nov. 11.2013
35. ਸੁਰਜੀਤ ਪਾਤਰ, ਉਹੀ, ਪੰ. 69
36. Anima Hominis, 1917
37. ਸੁਰਜੀਤ ਪਾਤਰ, ਉਹੀ, ਪੰ. 34

## ਅਧਿਆਇ ਸਤਾਰਵਾਂ

# ਕਮੰਡਲ

1. ਜਸਵੰਤ ਦੀਦ, ਕਮੰਡਲ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2009 ਪੰਨਾ-24
2. Donald Palmer, Sartre, p. 78
3. ਜਸਵੰਤ ਦੀਦ, ਉਹੀ, ਪੰਨਾ-45
4. ਉਹੀ, ਪੰਨਾ-70
5. ਉਹੀ, ਪੰਨਾ-105
6. ਉਹੀ, ਪੰਨਾ-49
7. H.J. Blackham, Six Existentionalist Thinkers, P 151
8. W.H. Wright, Philosophy of Nietzsche (ECCE HOMO), P. 839
9. ਜਸਵੰਤ ਦੀਦ, ਉਹੀ, ਪੰਨਾ-31
10. ਜਸਵੰਤ ਦੀਦ, ਉਹੀ, ਪੰਨਾ-36
11. ਉਹੀ
12. ਜਸਵੰਤ ਦੀਦ, ਉਹੀ, ਪੰਨਾ-37
13. ਉਹੀ, ਪੰਨਾ-42
14. ਉਹੀ
15. H.J. Blackham, Op cit, P. 150
16. S. Kierkgaard, Concluding unscientific Postscript, P. 79
17. ਜਸਵੰਤ ਦੀਦ, ਉਹੀ ਪੰਨਾ-65
18. ਉਹੀ
19. ਉਹੀ, ਪੰਨਾ-73
20. ਉਹੀ, ਪੰਨਾ-52
21. ਉਹੀ, ਪੰਨਾ-56
22. ਉਹੀ, ਪੰਨਾ-57

23. ਉਹੀ, ਪੰਨਾ-79
24. ਉਹੀ, ਪੰਨਾ-121
25. ਉਹੀ, ਪੰਨਾ-122
26. ਉਹੀ, ਪੰਨਾ-118
27. ਉਹੀ, ਪੰਨਾ-142
28. Will Herberg, Four Existential Theologians, P-168
29. ਜਸਵੰਤ ਦੀਦ, ਉਹੀ, ਪੰਨਾ. 25-26

## ਅਧਿਆਇ ਅਠਾਰਵਾਂ

# ਖ਼ੂਹ ਖਾਤੇ

1. ਸਤਿੰਦਰ ਸਿੰਘ ਨੂਰ (ਡਾ.) ਆਦਿਕਾ (ਖ਼ੂਹ ਖਾਤੇ), ਅਸਥੈਟਿਕ ਪਬਲੀਕੇਸ਼ਨਜ਼, ਲੁਧਿਆਣਾ, 1996, ਪੰਨਾ-12
2. Mary Warnock, Existentialism, P-62
3. ਜਸਵਿੰਦਰ ਸਿੰਘ (ਡਾ.), ਖ਼ੂਹ ਖਾਤੇ, ਪੰਨਾ-24
4. ਉਹੀ, ਪੰਨਾ-25
5. ਮੁਹੰਮਦ ਰਫ਼ੀ (ਡਾ.) ਸੱਤ ਰੰਗੀਆਂ ਡੋਰਾਂ, ਅਸਥੈਟਿਕ ਪਬਲੀਕੇਸ਼ਨਜ਼, ਲੁਧਿਆਣਾ, 2009, ਪੰਨਾ-46
6. ਜਸਵਿੰਦਰ ਸਿੰਘ (ਡਾ.), ਉਹੀ, ਪੰਨਾ-15
7. ਉਹੀ
8. ਉਹੀ, ਪੰਨਾ-16
9. Gabriel Marcel, Six Existential Thinkers (H.J. Blackham), P-72
10. ਜਸਵਿੰਦਰ ਸਿੰਘ (ਡਾ.), ਉਹੀ, ਪੰਨਾ-16
11. ਉਹੀ, ਪੰਨਾ-17
12. ਉਹੀ
13. ਉਹੀ
14. Kierkegaard, Six Existential Thinkers, Ibid, P. 16-17
15. ਜਸਵਿੰਦਰ ਸਿੰਘ (ਡਾ.), ਉਹੀ, ਪੰਨਾ-19
16. ਉਹੀ
17. Donald Palmer, Sartre, P-97
18. Ibid, P-78

19. ਜਸਵਿੰਦਰ ਸਿੰਘ (ਡਾ.), ਉਹੀ, ਪੰਨਾ-20
20. Martin Heidegger, Six Existential Thinkers, Ibid, P-97
21. ਜਸਵਿੰਦਰ ਸਿੰਘ (ਡਾ.), ਉਹੀ, ਪੰਨਾ-22
22. ਉਹੀ
23. ਉਹੀ
24. ਉਹੀ
25. ਉਹੀ
26. ਉਹੀ, ਪੰਨਾ.22-23
27. ਉਹੀ, ਪੰਨਾ-25
28. ਉਹੀ, ਪੰਨਾ-26
29. ਉਹੀ

## Evaluated Books

### ਮੁਲਾਂਕਣ ਅਧੀਨ ਪੁਸਤਕਾਂ


- ਅਜੀਤ ਕੌਰ, ਖ਼ਾਨਾਬਦੋਸ਼, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1999
- ਸ਼ਾਹ ਚਮਨ (ਸੰ.), ਹੀਰ ਵਾਰਿਸ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007
- ਸ਼ਾਨ ਹਰਨਾਮ ਸਿੰਘ (ਸੰ.) ਸੱਸੀ ਹਾਸ਼ਮ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, I, 1956
- ਸ਼ਿਵ ਕੁਮਾਰ, ਲੂਣਾ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1994
- ਸੀਤਾ ਰਾਮ ਕੋਹਲੀ ਤੇ ਹੋਰ, ਵਾਰ ਸ਼ਾਹ ਮੁਹੰਮਦ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ IV, 1972
- ਖ਼ਾਮੋਸ਼ ਇੰਦਰ ਸਿੰਘ, ਬੁੱਤ ਸ਼ਿਕਨ (ਨਾਵਲ), ਸੰਗਮ ਪਬਲੀਕੇਸ਼ਨਜ਼, ਸਮਾਣਾ, 2013
- ਗੁਰੂ ਨਾਨਕ ਦੇਵ ਜੀ, ਜਪੁਜੀ ਸਾਹਿਬ
- ਜਸਵਿੰਦਰ ਸਿੰਘ (ਡਾ.), ਖ਼ੂਹ ਖਾਤੇ, ਅਸਥੈਟਿਕ ਪਬਲੀਕੇਸ਼ਨਜ਼, ਲੁਧਿਆਣਾ, 1996
- ਜੱਗੀ ਰਤਨ ਸਿੰਘ (ਡਾ.) ਅਮਲ ਜਿ ਕੀਤੇ ਦੁਨੀ ਵਿਚਿ, ਗੁਰ ਰਤਨ ਪਬਲਿਸ਼ਰਜ਼, 2005
- ਤਾਰਨ ਸਿੰਘ ਤੇ ਹੋਰ, ਸ਼ੇਖ਼ ਫ਼ਰੀਦ ਜੀਵਨੀ ਤੇ ਰਚਨਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1973
- ਦੀਦ ਜਸਵੰਤ, ਕਮੰਡਲ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2009
- ਪਾਤਰ ਸੁਰਜੀਤ, ਬਿਰਖ ਅਰਜ਼ ਕਰੇ, ਲੋਕ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, 1996
- ਮਨਮੋਹਨ ਬਾਵਾ, ਯੁੱਧ ਨਾਦ, ਲੋਕ ਗੀਤ ਪ੍ਰਕਾਸ਼ਨ, 2013
- ਮੁਹੰਮਦ ਮਨਸ਼ਾ ਯਾਦ, ਟਾਵਾਂ ਟਾਵਾਂ ਤਾਰਾ (ਲਿਪੀਅੰਤਰ ਤੇ ਸੰਪਾਦਨ) ਜਤਿੰਦਰ ਪਾਲ ਸਿੰਘ ਜੌਲੀ ਤੇ ਹੋਰ, ਲੋਕ ਗੀਤ ਪ੍ਰਕਾਸ਼ਨ, 2007
- ਮੇਜਰ ਇਸਹਾਕ ਮੁਹੰਮਦ, ਮੁਸੱਲੀ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, II, 2012

## Works Cited and Assimilated

Abrahm, M.H., A Glossary of literary Terms, Prism Books Ltd, Banglore, 1993

- Allen, E.L, Existentialism From with in, **Route ledge** & Kegan Paul, London, 1969
- Amin Sonal K, Karl Jaspers and Existentialism, Anmol Publication, New Delhi, 1992
- Beauvoir, Simone de, The Second Sex, New York, Vintage books, 1989
- Berdyaev, Nicolas, Christian Existentialism, George Allen & Unwin Ltd, London 1965
- Bernes, Hazel, An Exstential Ethics, Knof. F, New York, 1968
- Blackham, H.J, Six Existential Thinkers, Rouleledge & Kegan Paul, London, 1951
- (Note: This Book Contains The Following Thinkers) :

(a) Soren Kierkegaard
(b) Friedrich Nietzsche
(c) Karl Jaspers
(d) Gabrial Marcel
(e) Martin Heidegger
(f) Jean Paul Sartre

- Buber, Martin, I and Thou (Tr. R.G. Smith) Charles Scribner's Sons, New York, 1958
- Bultmann Rudolf, New Testament & Mythology and

other basic Writings, Fortess Press Philadelphia, 1984
- Camus Albert, The Rebel, Penguin Book, 1971
- Cumming Robert Denoon, The Philosophy of Jean Paul Sartre, Methuen & Co. Ltd., London, 1968
- Frecher, Charles A, The Philosophy of Jacques Maritain, Newman Press, 1953
- Friedman, Maurice's, Martin Buber, The Life of Dialogue, Uni. Of Chicago, 1955
- Harland Richard, Literary Theory From Plato to Barthes, Macmillan Press Ltd, London, 1999
- Heidegger Martin, Being and Time (Tr. By John Macquarrie et. al), Harper and Row, New York, 1962
- Jaspers Karl, Man in The Modern Age (Tr. By Edan and Cedar paul), Kegan Paul, 1952
- Ibid, The Philosophy of Existence (Tr. Grabau), Uni. Of Pennsylvania Press, Philadelphia, 1971
- J.N. Mundra, A History of English Literature, Breilly, III, Vol-II, N.G.
- Johnson, Roger A, Introduction To Rodolf Bultmann, Fortress Press, Minneapolis, 1991.
- Kegley, Charles w, Et. Al (Eds), The Philosophy of Paul Tillich, Macmillan, 1952
- Kierkegaard S., Concluding unscientific Postscript (Tr.) D.Swenson, Princeton university Press, 1941.
- Longman and Andrew's, An Introduction to Literary Criticism, Doaba Book House, N.G.
- La Capra Dominick, A Preface to Sartre, Methuen & Co. Ltd, London, 1958
- Macquarrie, John; An Existential Theology, Penguin Books, London, 1973
- Ibid, Existentialism, Pelicon Books, New York, 1978

- Nicolas Berdyaev, The Divine and the Human, London, Bles, 1949
- Paul Donaled, Sartre, Orient Longman, Pvt Ltd, Chennai, 2003
- Prabhakar Machwe (Tr. Hindi), Astitav-vad Pakash Aur Vipakash, Paul Roobichek), Madhya Pardesh- Hindi Granth Academy, 1973
- Palmer Tillich, The Courage to be, Yale Uni Chicago, Vol-I 1951 II, 1957
- Rohde Peter, Soren Kierkegaard (Tr. Allan Moray Williams) Geloge Allen and Unwin Ltd, London, 1968
- Sartre Jean Paul, Existentialism and Humanism (Tr. By Philip) Mairet, Methuen, London, 1950
- Ibid, Being and Nothing (Tr. Hazel Barnes) Washington Square Press, New York, 1972
- Ibid, Existentialism And Human Emotions (Tr. Hazel Barnes) Citadel Press, New York, 1977
- Seaver, George ; Nicolas Berdyaev, Intoduction to the thought, Clarke, 1950
- Sharma Neelam (Dr.) Balwant Gargi, Surjit Singh Sethi Ate Ajmer Singh Aulakh De Natkan Da Astitav-vadi Adhien (Thesis in Panjabi Unpublished) P.U. Chandigarh, 2006
- Sharma N.K. (Dr.), Existential Concerns of Robert Frost, ESS ESS Publications, Chandigarh, 1995
- Shiam Sunder Misher, Astitav-Vad aur Bhartiya Samotar Hindi Sahit, Anupam Parkashan Mandir, Patiala, 1977
- Sinha Ajit Kumar, Samkalin Darshan, Hindi Granth Akademy, Haryana, 1973
- Warnock Mary, Existentalism, Oxford University Press, III, 1979

(Note : This Book Contains The Following Existentialists)

(a) Soren Kierkegaard (b) Edmond Husserl (c) Martin Heidegger (d) Maurice Merleau- Ponty (e) Jean Paul Sartre Etc.

William Hunting Wright (ed), The Philosophy of Nietzsche, Modern library, New York, 1954

(Note: This anthology includes the Following Books)

(a) Thus Spake Zarthustra

(b) Beyond Good and Evil

(c) The Genealogy of Morals

(d) Ecce Homo

(e) Thi Birth of Tragedy.

**Encyclopaedias**

Encyclopaedia Americana

Eneycleopeadia Britainica

Boston Collaborative Enyclopedia of Western Theology.

**News Papers and Magazine**

- The Tribune, Chandigarh.

June 11, 2013, September, 28, 2013

Nov. 11, 2013, Nov 21, 2013, April 16, 2014.

Campetition Success Review, Dec, 2013